ਪੰਜਾਬੀ ਕਹਾਵਤਾਂ

77

135

811

ਪੰਜਾਬੀ ਹੱਥਲਿਖਤਾਂ ਦੀ ਸੂਚੀ

(ਭਾਗ ਦੂਜਾ)

ਸਾਨ-ਅਰਥ

ਭਾਸ਼ਾ ਵਿਭਾਗ ਪੰਜਾਬ, ਪਟਿਆਲਾ

ਸੂਚੀ-ਲੇਖਕ :
ਸ਼ਮਸ਼ੇਰ ਸਿੰਘ, ਅਸ਼ੋਕ
ਪ੍ਰਕਾਸ਼ਕ :
ਡਾਇਰੈਕਟਰ ਜਨਰਲ, ਭਾਸ਼ਾ ਵਿਭਾਗ ਪੰਜਾਬ,
ਪਟਿਆਲਾ ।

ਮਿਲਣ ਦਾ ਪਤਾ :
ਕੰਟ੍ਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ ਵਿਭਾਗ,
ਚੰਡੀਗੜ੍ਹ ।
ਪਹਿਲੀ ਵੇਰ : ੧੯੬੩ — ੧੦੦੦

ਛਾਪਕ :
ਮਨਜੀਤ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਕੰਪਨੀ,
੧੭੧, ਇੰਡਸਟ੍ਰੀਅਲ ਏਰੀਆ,
ਚੰਡੀਗੜ੍ਹ ।

ਵਿਸ਼ਸ਼-ਸੂਚੀ

ਸੰਕੇਤ ਤੇ ਪਤੇ

(ਜਿੱਥੋਂ ਜਿੱਥੋਂ ਇਸ ਸੂਚੀ ਦੀਆਂ ਹੱਥ-ਲਿਖਤਾਂ ਦੇ ਵੇਰਵੇ ਲਏ ਗਏ)

ਮ. ਕਾ. ਪ.	ਮਹੇਂਦ੍ਰ ਕਾਲਜ ਲਾਇਬ੍ਰੇਰੀ, ਪਟਿਆਲਾ।
ਖ਼ਾ. ਕਾ. ਪ.	ਖ਼ਾਲਸਾ ਕਾਲਜ ਲਾਇਬ੍ਰੇਰੀ, ਪਟਿਆਲਾ।
ਡਾ. ਗੰ. ਸਿੰ.	ਡਾਕਟਰ ਗੰਡਾ ਸਿੰਘ ਐਮ. ਏ., ਪੀ. ਐਚ. ਡੀ., ਲੋਇਰ ਮਾਲ, ਪਟਿਆਲਾ
ਪ੍ਰੋ. ਪ੍ਰੀ. ਸਿੰ.	ਪ੍ਰੋਫ਼ੈਸਰ ਪ੍ਰੀਤਮ ਸਿੰਘ ਐਮ. ਏ., ਮਹੇਂਦ੍ਰ ਕਾਲਜ, ਪਟਿਆਲਾ।
ਖ਼ਾ. ਕਾ. ਅ.	ਖ਼ਾਲਸਾ ਕਾਲਜ ਲਾਇਬ੍ਰੇਰੀ, ਅਮ੍ਰਿਤਸਰ।
ਸਿ. ਰੈ. ਲਾ.	ਸਿਖ ਰੈਫ਼ਰੈਂਸ ਲਾਇਬ੍ਰੇਰੀ, ਅਮ੍ਰਿਤਸਰ।
ਸ੍ਰੀ ਗੁ. ਰਾ. ਦਾ. ਲਾ. ਅ.	ਸ੍ਰੀ ਗੁਰੂ ਰਾਮ ਦਾਸ ਲਾਇਬ੍ਰੇਰੀ, ਅਮ੍ਰਿਤਸਰ।
ਸੈਂ. ਸਿ. ਮਜ਼ੁ. ਅ.	ਸੈਂਟ੍ਰਲ ਸਿਖ ਮਜ਼ੂਜ਼ੀਅਮ, ਅਮ੍ਰਿਤਸਰ।
ਮੋ. ਲਾ. ਨ. ਮਜ਼ੁ. ਲਾ. ਅ.	ਮੋਤੀ ਲਾਲ ਨਹਿਰੂ ਮਜ਼ੁਨਿਸਿਪਲ ਲਾਇਬ੍ਰੇਰੀ, ਅਮ੍ਰਿਤਸਰ।
ਬਾ. ਹ. ਸਿੰ. ਵ.	ਬਾਵਾ ਹਰੀ ਸਿੰਘ ਵਕੀਲ, ਜਲ੍ਹਿਆਂ ਵਾਲਾ ਬਾਗ਼, ਅਮ੍ਰਿਤਸਰ।
ਭਾ. ਮ. ਸਿੰ. ਐ. ਖ਼ਾ. ਸ.	ਭਾਈ ਮਹਾਂ ਸਿੰਘ, ਐਡੀਟਰ, ਖ਼ਾਲਸਾ ਸਮਾਚਾਰ, ਅਮ੍ਰਿਤਸਰ।
ਡੇ. ਸੰ. ਅ.	ਡੇਰਾ ਸੰਗਲਾਂ ਵਾਲਾ, ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ।
ਡੇ. ਬਾ. ਸ਼ਾ. ਸਿੰ. ਅ.	ਡੇਰਾ ਬਾਬਾ ਸ਼ਾਮ ਸਿੰਘ, ਅਮ੍ਰਿਤਸਰ।
ਗਿ. ਕ. ਸਿੰ. ਗੁੰ.	ਗਿਆਨੀ ਕਰਮ ਸਿੰਘ ਗੁੰਥੀ, ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ।
ਸੇ. ਸਿੰ. ਗਿ. ਤ.	ਸ. ਸੇਵਾ ਸਿੰਘ ਗਿਆਨੀ, ਤਰਨ ਤਾਰਨ (ਅਮ੍ਰਿਤਸਰ)।
ਪੰ. ਯੂ. ਚੰ.	ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਚੰਡੀਗੜ੍ਹ।
ਡਾ. ਸੁ. ਸਿੰ. ਕੋ.	ਡਾਕਟਰ ਸੁਰਿੰਦ੍ਰ ਸਿੰਘ ਕੋਹਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
ਪ੍ਰੋ. ਕ. ਸਿੰ. ਸੂ.	ਪ੍ਰੋਫ਼ੈਸਰ ਕਰਤਾਰ ਸਿੰਘ ਸੂਰੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
ਸਿ. ਕੰ. ਮ. ਵਿ. ਫ਼ੀ.	ਸਿਖ ਕੰਨਿਆ ਮਹਾ ਵਿਦ੍ਯਾਲਯ, ਫ਼ੀਰੋਜ਼ ਪੁਰ।
ਡਾ. ਸ਼ੇ. ਸਿੰ.	ਡਾਕਟਰ ਸ਼ੇਰ ਸਿੰਘ ਐਮ. ਏ., ਪੀ. ਐਚ. ਡੀ., ਮਾਡਲ ਟਾਊਨ, ਲੁਦਿਹਾਣਾ।
ਅ. ਸਿੰ. ਆ.	ਸ. ਅਵਤਾਰ ਸਿੰਘ, ਆਜ਼ਾਦ, ਜਾਲੰਧਰ ਸ਼ਹਿਰ।
ਵਿ. ਵੈ. ਰੀ. ਇ. ਹੁ.	ਸ੍ਰੀ ਵਿਸ਼੍ਵੇਸ਼੍ਵਰਾਨੰਦ ਵੈਦਜਕ ਰੀਸਰਚ ਇਨਸਟੀਚਯੂਟ, ਹੁਸ਼ਿਆਰ ਪੁਰ।
ਨਾ. ਪ੍ਰ. ਸ. ਬ.	ਨਾਗਰੀ ਪ੍ਰਚਾਰਿਣੀ ਸਭਾ, ਬਨਾਰਸ (ਉੱਤਰ ਪ੍ਰਦੇਸ਼)।
ਸ੍ਰੀ ਹ. ਮੰ. ਪ.	ਸ੍ਰੀ ਦਰਬਾਰ ਹਰਿ ਮੰਦਿਰ ਸਾਹਿਬ, ਪਟਨਾ (ਬਿਹਾਰ)।
ਖ਼ੁ. ਬ. ਲਾ. ਬਾਂ. ਪ.	ਖ਼ੁਦਾ ਬਖ਼ਸ਼ ਲਾਇਬ੍ਰੇਰੀ, ਬਾਂਕੀ ਪੁਰ (ਪਟਨਾ—ਬਿਹਾਰ)।

ਸੂਚਨਾ—ਬਾਕੀ ਸੰਕੇਤ ਤੇ ਪਤੇ ਇਸ ਪੁਸਤਕ ਦੇ ਪਹਿਲੇ ਭਾਗ ਵਿਚ ਦਿੱਤੇ ਗਏ ਹਨ।

ਇਸ ਤੋਂ ਬਿਨਾ ਦੂਜੀ ਗੱਲ ਇਹ ਵੀ ਜਾਣਨ ਜੋਗ ਹੈ ਕਿ ਅੰਤਿਕਾ ੨ (ਲੇਖਕ-ਸੂਚੀ) ਵਿਚ ਹਰੇਕ ਲੇਖਕ ਦੇ ਨਾਂ ਨਾਲ (੧) ਤੇ (੨) ਤੋਂ ਭਾਵ ਇਸ ਸੂਚੀ ਦਾ ਪਹਿਲਾ-ਦੂਜਾ ਭਾਗ ਹੈ ਤੇ ਫੇਰ ਇਸ ਤੋਂ ਅੱਗੇ ਕ੍ਰਮਵਾਰ ਹਰ ਲਿਖਤ ਦੇ ਨਾਲ ਉਸ ਦੇ ਵਿਵਰਣ ਦੇ ਸਫ਼ੇ ਦਿੱਤੇ ਹੋਏ ਹਨ।

ਦਾਰਸ਼ਨਿਕ ਸਾਹਿੱਤ

(ੳ) ਉਪਨਿਖਦਾਂ

(ਨੰ. ੪੨੩, ਪੰ. ਯੂ. ਚੰ.)

੧. **(ੳ) ਉਪਨਿਖਦ-ਸੰਗ੍ਰਹ** (ਕਥਾ ਗੁਜਰੀ ਕੀ ਸਮੇਤ)

ਲੇਖਕ–ਸ਼ਾਹਜ਼ਾਦਾ ਦਾਰਾ ਸ਼ਿਕੋਹ। ਅਨੁਵਾਦਕ–ਕਵੀ ਪ੍ਰਹਿਲਾਦ। ਆਕਾਰ–$6\frac{3}{4}'' \times 5''$, ਲਿਖਤ $4\frac{3}{4}'' \times 3\frac{1}{4}''$।

ਵੇਰਵਾ– ਪੱਤਰੇ ੨੭੬; ਕਾਨ੍ਹ ਗੂਜਰੀ ਕੀ ਕਥਾ ੨੭੭–੨੮੪; ਪ੍ਰਤੀ ਸਫ਼ਾ ਉਪਨਿਖਦਾਂ ਦੀਆਂ ੯ ਸਤਰਾਂ ਤੇ ਕਥਾ ਕਾਨ੍ਹ ਗੂਜਰੀ ਦੀਆਂ ੧੩ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਕਾਗ਼ਜ਼ ਕੁਝ ਕਿਰਮ ਖ਼ੁਰਦਾ ਜਿਸ ਕਰ ਕੇ ਪੱਤਰਿਆਂ ਉਤੇ ਛੇਕ ਪਏ ਹੋਏ; ਸਿਰਲੇਖ ਲਾਲ ਸਿਆਹੀ ਨਾਲ ਅੰਕਿਤ; ਜਿਲਦ ਟੁੱਟੀ ਹੋਈ, ਜਿਸ ਕਰ ਕੇ ਪੁਸਤਕ ਕੁਝ ਖ਼ਸਤਾ ਹਾਲਤ ਵਿਚ ਹੈ।

ਸਮਾਂ–ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ–੧ਓ ਸਤਿਗੁਰ ਪ੍ਰਸਾਦਿ। ਸ੍ਰੀ ਨਮ:। ਸ੍ਰੀ ਪਰਮਾਤਮਨੇ ਨਮ:। ਤੈਤ੍ਰੇ ਉਪਨਿਖਦ ਰਿਗਵੇਦ ਲਿਖਤੇ। ਆਤਮਾ ਕੋ ਕੇਵਲ ਗਿਆਨ ਹੀ ਕੇ ਮਾਰਗ ਸੋ ਪ੍ਰਾਪਤ ਹੁਜੀਅਤ ਹੈ। (ਪੱਤਰਾ ੧)

ਅੰਤ– ਜੋ ਅਤ ਪ੍ਰੇ ਆਤਮਾ ਪਰਕਾਸ ਰੂਪ ਮੋ ਰਾਖਤਾ ਹੋ ਅਰੁ ਗੁਰ ਪਰ ਅਤ ਪਰਤੀਤ ਹੋ ਵਾ ਕੋ ਯਹਿ ਬ੍ਰਹਮ ਗਿਆਨ ਉਪਦੇਸ ਕਰੇ। ਇਤਿ ਭਾਖਾ ਖਸਟਮ ਅਧਿਆਇ ਸ੍ਵੇਤਸ੍ਵਤ੍ਰ ਉਪਨਿਖਦ ਜੁਜੁਰਵੇਦ ਭਾਖਾ ਸਹਤ ਸਮਾਪਤੰ ਸੁਭਮਸਤ। ਸ੍ਰੀ। ਗਿਆਨੀਓ ਕੋ ਪੁਨਹ ਪੁਨਹ ਨਮਸਕਾਰ ਨਮਸਕਾਰ ਅਰੁ ਸ੍ਵੇਤਸ੍ਵਤ੍ਰ ਰਿਖ ਕੋ ਪੁਨਹ ਪੁਨਹ ਨਮਸਕਾਰ ਹੈ। ਅਥ ਫਲ ਬਰਨਨੰ। ਅਵਸ ਸ੍ਰੋਤਾ ਉਪਨਿਖਦ ਕਾ ਅੰਤਹਕਰਨ ਕੀ ਸੁਧਤਾ ਕੋ ਪ੍ਰਾਪਤ ਹੋਤ ਹੈ ਅਰੁ ਨਿਤ ਕਾ ਪਾਠ ਕਰਨਹਾਰ੍ਰਾ ਜਨਮ ਬੰਧਨ ਤੇ ਮੁਕਤ ਹੋਤ ਹੈ। ਸ੍ਰੀ। . . . (ਪੱਤਰਾ ੨੭੬)

ਇਸ ਉਪਨਿਖਦ-ਸੰਗ੍ਰਹ ਵਿਚ ਨਿਮਨ ਲਿਖਿਤ ੧੧ ਉਪਨਿਖਦਾਂ ਇਸ ਕ੍ਰਮ-ਅਨੁਸਾਰ ਦਰਜ ਹਨ :—

(ੳ)	ਤੈਤ੍ਰੇ ਉਪਨਿਖਦ,	ਪੱਤਰੇ	ਪ੩,
(ਅ)	ਕੌਖੰਗ ਉਪਨਿਖਦ,	,,	ਪ੩—੧੦੮,
(ੲ)	ਮੈਤ੍ਰਾਣੀ ਉਪਨਿਖਦ,	,,	੧੦੮—੧੪੪,
(ਸ)	ਤਦੇਵ ਉਪਨਿਖਦ,	,,	੧੪੫—੧੫੫,
(ਹ)	ਝਾਗਲੀ ਉਪਨਿਖਦ	,,	੧੫੫—੧੬੪,
(ਕ)	ਈਸਾ ਵਾਸ ਉਪਨਿਖਦ,	,,	੧੬੪—੧੭੧,
(ਖ)	ਪੁਰਖ ਸੂਕਤ ਉਪਨਿਖਦ	,,	੧੭੧—੧੭੮,
(ਗ)	ਭ੍ਰਿਗਵਲੀ ਉਪਨਿਖਦ,	,,	੧੭੮—੧੮੯,
(ਘ)	ਅਨੰਦਵਲੀ ਉਪਨਿਖਦ	,,	੧੮੯—੨੦੨,
(ਙ)	ਮਹਾ ਨਾਰਾਇਣ ਉਪਨਿਖਦ	,,	੨੦੩—੨੩੦,
(ਚ)	ਸ੍ਵੇਤਸ੍ਵਤ੍ਰ ਉਪਨਿਖਦ,	,,	੨੩੦—੨੭੬।

(ਅ) ਕਥਾ ਗੁਜਰੀ ਕੀ

ਅਰੰਭ–੧ਓ ਸਤਿਗੁਰ ਪ੍ਰਸਾਦਿ। ਕਥਾ ਗੁਜਰੀ ਕੀ ਲਿਖ੍ਯਤੇ ॥ ਦੋਹਰਾ ॥
ਦੁਇ ਕਰ ਜੋੜ ਠਾਢਾ ਭਯੋ, ਸ੍ਰੀ ਰਾਮ ਚੰਦ੍ਰ ਗੁਰ ਪਾਹਿ।
ਲਘੁ ਦੀਰਘ ਕੀ ਸਗਲ ਗਤਿ, ਮੋਕਉ ਦੇਹਿ ਬਤਾਇ ॥੧॥ (ਪੱਤਰਾ ੨੭੭)

ਅੰਤ– ਧੰਨ ਹਮਾਰੇ ਭਾਗ, ਦਰਸ ਜੁ ਪਰਸਿਓ ਭੂਪ ਕੋ।
ਰਹਿਓ ਚਰਨ ਸਿਉ ਲਾਗ, ਕਿਰਪਾ ਦ੍ਰਿਸਟਿ ਮੋਹਿ ਕੀਜੀਐ ॥੩੪॥
ਕਥਾ ਗੂਜਰੀ ਕੀ ਅਰ ਰਾਜੇ ਨਿਰਮੋਹਿ ਕੀ ਤਥਾ ਤਪਸੀ ਕੀ ਸੰਪੂਰਨੰ। ਬੋਲੋ ਵਾਹਗੁਰੂ ਜੀ। (ਪੱਤਰਾ ੨੮੪)

२. ਉਪਨਿਖਦ-ਸੰਗ੍ਰਹ (ਨੰ. ×, ਸੇ. ਸਿੰ. ਗਿ. ਤ.)

ਲਖਕ–ਸ਼ਾਹਜ਼ਾਦਾ ਦਾਰਾ ਸ਼ਿਕੋਹ । ਅਨੁਵਾਦਕ–ਕਵੀ ਪ੍ਰਹਿਲਾਦ । ਆਕਾਰ–6½"×5", ਲਿਖਤ 5"×4" ।

ਵੇਰਵਾ–ਪੱਤਰੇ ੬੬੫ ਪ੍ਰਤੀ ਸਫ਼ਾ ੮, ੯ ਜਾਂ ੧੦ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾਂ; ਲਿਖਤ ਵਿਚ ਕਿਤੇ ਕਿਤੇ ਕੁਝ ਉਕਾਈਆਂ, ਜੋ ਹਾਸ਼ੀਏ ਉਤੇ ਸੋਧੀਆਂ ਹੋਈਆਂ; ਪੁਸਤਕ ਪੂਰਣ ਤੇ ਸਜਿਲਦ, ਜੋ ਹਰ ਤਰ੍ਹਾਂ ਅੱਛੀ ਹਾਲਤ ਵਿਚ ਹੈ ।

ਸਮਾਂ–ਸੰਮਤ ੧੭੭੬ ਬਿ., ਨਕਲ: ਸੰਮਤ ੧੮੮੬ ਬਿ. । ਲਿਖਾਰੀ–ਨਾਮਾਲੂਮ ।

ਆਰੰਭ—੧ ਓ ਸਤਿਗੁਰ ਪ੍ਰਸਾਦਿ । ਸ੍ਰੀ ਪ੍ਰਮਾਤਮਏ ਨਮਾ । ਅਥ ਉਪਨਿਖਦ ਛਾਂਦੁਕ ਸਾਮਬੇਦ ਭਾਖਾ ਲਿਖਅਤੇ । ਓਅੰ ਅਰਥ ਯਹਿ ਜੋ ਲੀਨ ਕਰਤਾ ਭੇਦੋਂ ਬ੍ਰਹਮ ਕਿਆਂ ਕਾ ਹੈ ਤਾ ਕੋ ਉਦਗੀਥ ਜਾਨ ਕਰ ਐਸੀ ਉਪਾਸਨਾ ਕਰ ਜੁ ਯਿਹੀ ਨਾਮ ਉਦਗੀਥ ਹੈ । (ਪੱਤਰਾ ੧)

ਅੰਤ— ਸੰਮਤ ਸਤ੍ਰਾ ਸੈ ਦੁਆਦਸ । ਪ੍ਰਿਥਮ ਦਾਰਾ ਸਕੋਹ ਨੇ, ਜੋ ਸੁਤ ਸਾਹਜਹਾਂ ਕਾ ਥਾ, ਦਿਲੀ ਨਗਰ ਮੇਂ ਸੰਸਕ੍ਰਿਤ ਸੈਂ ਯਾ ਉਪਨਿਖਦੋਂ ਕੋ ਯਾਮਨੀ ਭਾਖਾ ਮੈਂ ਲਿਆਵਤ ਭਯਾ । ਅਬ ਸੰਮਤ ਸਤ੍ਰਾ ਸੈ ਛਿਹਤ੍ਰ ਹੈ । ਸ੍ਰੀ ਗੁਰ ਨੇ ਆਗਯਾ ਕਰੀ ਜੋ ਪਾਠ ਉਪਨਿਖਦੋਂ ਕਾ ਯਾਮਨੀ ਭਾਖਾ ਮੇਂ ਨਿਖਧ ਹੈ । ਵਾਂ ਕੀ ਆਗਿਆ ਸੈਂ ਜਨ ਪ੍ਰਹਿਲਾਦ ਨੇ ਜਾਮਨੀ ਭਾਖਾ ਸੈਂ ਪੁਨਹ ਹਿੰਦਵੀ ਭਾਖਾ ਮੇਂ ਲਿਖਾ, ਜੋ ਪਾਠ ਕਰਨੇ ਹਾਰੇ ਕੋ ਪ੍ਰਾਸਚਿਤ ਨਾ ਹੋ ਅਰ ਸ੍ਰੋਤਾ ਬਕਤਾ ਕੋ ਗਿਆਨ ਕੀ ਪ੍ਰਾਪਤ ਹੋ ਅਰ ਸਰਬ ਕੋ ਆਨੰਦ ਹੋ । ਅਰ ਸਰਬ ਵੇਦਹੁ ਕੇ ਪਾਠਿ ਕਾ ਜੋ ਫਲ ਹੈ ਸੋ ਯਾ ਏਕ ਉਪਨਿਖਦ ਕੇ ਪਾਠ ਕੀਏ ਸੇ ਹੋਤ ਹੈ । ਇਤ ਨਵਮ ਖੰਡ ਨਰ ਸਿੰਘ ਤਾਪਨੀ ਉਪਨਿਖਦ ਅਥਰਬਣ ਵੇਦ ਸਮਾਪਤੰ ।...ਰਿਗਵੇਦ ॥੩॥ ਜੁਜਰਵੇਦ ॥੧੧॥ ਸਾਮਵੇਦ ॥੧॥... ਅਥਰਬਣਵੇਦ ॥੩੪॥ ਜੁਮਲਾ ॥੫੦॥...ਸੋਹੰ, ਸੰਮਤ ੧੮੮੬ । ਗੁਰੂ ਸੰਗਤ ਕਾ ਸਦਕਾ ਵਧ ਘਟਿ ਬਖਸਨਾ ਸੁਾਮੀ । ਗੁਰ ਵਾਰਿ ਪੋਥੀ ਪੂਰੀ ਹੋਈ । ਮਹੀਨਾ ਮਾਘ ਦਿਨ ਅਠਾਰਾਂ ਗਏ । ਸ੍ਰੀ ਵਾਹਿਗੁਰੂ । ਸ੍ਰੀ ਵਾਹਿਗੁਰੂ ।... (ਪੱਤਰਾ ੬੪੫)

ਇਸ ਸੰਗ੍ਰਹ ਵਿਚ ਕ੍ਰਮ ਅਨੁਸਾਰ ਇਹ ਉਪਨਿਖਦਾਂ ਸ਼ਾਮਲ ਹਨ:—

(੧)	ਛਾਂਦੋਗਯ (ਛਾਂਦੁਕ) ਉਪਨਿਖਦ	(ਸਾਮ ਵੇਦ)	ਪੱਤਰੇ	੧—੧੪੭,
(੨)	ਨਾਰਾਇਣ ਉਪਨਿਖਦ	(ਅਥਰਵ ਵੇਦ)	,,	੧੪੭—੬੩,
(੩)	ਗਰਭ ਉਪਨਿਖਦ	(,, ,,)	,,	੧੬੩—੮੧,
(੪)	ਖਟਵੱਲੀ ਉਪਨਿਖਦ	(,, ,,)	,,	੧੮੧—੨੩੯,
(੫)	ਮੰਡੂਕ ਉਪਨਿਖਦ	(,, ,,)	,,	੨੩੯—੭੮,
(੬)	ਕਠਨੋਪਨਿਖਦ	(,, ,,)	,,	੨੭੮—੯੩,
(੭)	ਕੈਵਲਯ ਉਪਨਿਖਦ	(,, ,,)	,,	੨੯੩—੩੦੨,
(੮)	ਅੰਮ੍ਰਿਤ ਬਿੰਦ ਉਪਨਿਖਦ	(,, ,,)	,,	੩੦੨—੧੭,
(੯)	ਅਰਘ ਉਪਨਿਖਦ	(,, ,,)	,,	੩੧੭—੩੦,
(੧੦)	ਪ੍ਰਸ਼ਨ ਉਪਨਿਖਦ	(,, ,,)	,,	੩੩੦—੮੩,
(੧੧)	ਅਥਰਵ ਸ਼ਿਰ ਉਪਨਿਖਦ	(,, ,,)	,,	੩੮੩—੪੧੩,
(੧੨)	ਆਤਮ ਪ੍ਰਬੋਧ ਉਪਨਿਖਦ	(,, ,,)	,,	੪੧੩—੧੭,
(੧੩)	ਸਰਬ ਉਪਨਿਖਦ	(,, ,,)	,,	੪੧੮—੨੨,
(੧੪)	ਆਤਮ ਉਪਨਿਖਦ	(,, ,,)	,,	੪੨੨—੨੯,
(੧੫)	ਨੰਗਲ ਉਪਨਿਖਦ	(,, ,,)	,,	੪੨੯—੩੨,
(੧੬)	ਮ੍ਰਿਤਾਂਗਲ ਉਪਨਿਖਦ	(,, ,,)	,,	੪੩੨—੩੪,
(੧੭)	ਤੇਜ ਬਿੰਦ ਉਪਨਿਖਦ	(,, ,,)	,,	੪੩੪—੩੮,
(੧੮)	ਧਿਆਨ ਬਿੰਦ	(,, ,,)	,,	੪੩੮—੪੩,
(੧੯)	ਉਪਨਿਖਦ ਜਪ ਲ		,,	੪੪੩—੫੭,
(੨੦)	ਜੋਗ ਤਤ ਉਪਨਿਖਦ		,,	੪੫੭—੬੨,
(੨੧)	ਛੁਰਕਾ ਉਪਨਿਖਦ		,,	੪੬੨—੬੮,

(੨੨)	ਜੋਗ ਸ਼ਿਖਾ ਉਪਨਿਖਦ	,,	੪੬੮—੭੦,
(੨੩)	ਹੰਸ ਨਾਦ ਉਪਨਿਖਦ	,,	੪੭੧—੮੦,
(੨੪)	ਅਮ੍ਰਿਤ ਨਾਦ ਉਪਨਿਖਦ	,,	੪੮੦—੯੨,
(੨੫)	ਪਰਮ ਹੰਸ ਉਪਨਿਖਦ	,,	੪੯੨—੫੦੨,
(੨੬)	ਉਪਨਿਖਦ ਅਰੰਗ	,,	੫੦੩—੧੦,
(੨੭)	ਚੋਟਕਾ ਉਪਨਿਖਦ	,,	੫੧੦—੧੬,
(੨੮)	ਸੌਨਿਕ ਉਪਨਿਖਦ	,,	੫੧੬—੨੭,
(੨੯)	ਬ੍ਰਹਮ ਵਿਦਿਆ ਉਪਨਿਖਦ	,,	੫੨੭—੩੨,
(੩੦)	ਅਥਰਵਣ ਸ਼ਿਖਾ ਉਪਨਿਖਦ	,,	੫੩੨—੩੯,
(੩੧)	ਮੁੰਡਕ ਉਪਨਿਖਦ	,,	੫੩੯—੪੩,
(੩੨)	ਤਾਰਕ ਉਪਨਿਖਦ	,,	੫੪੩—੪੫,
(੩੩)	ਉਪਨਿਖਦ ਪ੍ਰਣਵ	,,	੫੪੫—੬੨,
(੩੪)	ਨਰ ਸਿੰਘ ਤਾਪਨੀ ਉਪਨਿਖਦ	,,	੫੬੨—੬੬੫ ।

(ਨੰ. ×, ਸਿ. ਰੰ. ਮ. ਵਿ. ਡੀ.)

੩. ਉਪਨਿਖਦ-ਸੰਗ੍ਰਹ ਭਾਖਾ

ਲੇਖਕ–ਸ਼ਾਹਜ਼ਾਦਾ ਦਾਰਾ ਸ਼ਿਕੋਹ । ਅਨੁਵਾਦਕ–ਕਵੀ ਪ੍ਰਹਿਲਾਦ । ਆਕਾਰ–12¼"×7", ਲਿਖਤ 8½"×5" ।

ਵੇਰਵਾ–ਪੱਤਰੇ ੩੨੬; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਸਿਆਲਕੋਟੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ; ਖੁਲ੍ਹੇ ਪੱਤਰੇ; ਪੱਤਰਾ ੨੪੭ ਤੋਂ ੩੨੬ ਤਕ ਕੁਝ ਕਿਰਮ ਖ਼ੁਰਦਾ ਹੋਣ ਕਰ ਕੇ ਸੱਜੇ ਪਾਸਿਓਂ ਸਿਰੇ ਤੋਂ ਕਟੇ ਹੋਏ; ਪੁਸਤਕ ਵੈਸੇ ਅੱਛੀ ਹਾਲਤ ਵਿਚ ਹੈ ।

ਸਮਾਂ–ਸੰਮਤ ੧੭੭੬ ਬਿ. । ਲਿਖਾਰੀ–ਨਾਮਾਲੂਮ ।

ਆਰੰਭ—(ਮੁੱਢ ਵਿਚ ਤੱਤਕਰੇ ਦੇ ਦੋ ਪੱਤਰੇ ਛੱਡ ਕੇ) ੧ ਓ ਸਤਿਗੁਰ ਪ੍ਰਸਾਦਿ । ਸ੍ਰੀ ਪਰਮਾਤਮਨੇ ਨਮ: । ਅਥ ਤੈਤ੍ਰੇ ਉਪਨਿਖਦ ਰਿਗਬੇਦ ਲਿਖਜਤੇ । ਆਤਮਾ ਕੋ ਕੇਵਲ ਗਿਆਨ ਹੀ ਕੇ ਮਾਰਗ ਸੋ ਪ੍ਰਾਪਤ ਹੂਜੀਅਤ ਹੈ ਅਰੁ ਕਾਮ ਜੋ ਕਰਨੇ ਕਉ ਜੋਗ ਹੈ ਸੋ ਯਹੀ ਹੈ ਅਰੁ ਯਹਿ ਮਾਰਗ ਹੀ ਬ੍ਰਹਮ ਹੈ ਅਰੁ ਯਹੀ ਸਤੁ ਹੈ ।... (ਪੱਤਰਾ ੧)

ਅੰਤ– ਸੰਮਤ ਸਤ੍ਰਾ ਸਉ ਦੁਆਦਸ ਪ੍ਰਥਮ ਦਾਰਾ ਸਿਕੋਹ ਨੇ, ਜੋ ਸੁਤ ਸਾਹਜਹਾਂ ਕਾ ਥਾ, ਦਿਲੀ ਨਗਰ ਮੋ ਸੰਸਕ੍ਰਿਤ ਸੋ ਯਾ ਉਪਨਿਖਦੋਂ ਕਉ ਯਾਮਨੀ (ਫ਼ਾਰਸੀ) ਭਾਖਾ ਮੋ ਲਿਆਵਤ ਭਯਾ । ਅਬ ਸੰਮਤ ਸਤ੍ਰਾ ਸਉ ਛਿਹੱਤ੍ਰ ਹੈ । ਸ੍ਰੀ ਗੁਰ ਨੇ ਆਗਿਆ ਕਰੀ ਜੋ ਪਾਠ ਯਾ ਉਪਨਿਖਦੋਂ ਕਾ ਯਾਮਨੀ ਭਾਖਾ ਮੋ ਨਖਿਧ ਹੈ, ਵਾ ਕੀ ਆਗਿਆ ਸੋਂ ਜਨ ਪ੍ਰਹਿਲਾਦ ਨੇ ਜਾਮਨੀ ਭਾਖਾ ਸੋਂ ਪੁਨਹ ਹਿੰਦਵੀ ਭਾਖਾ ਮੋਂ ਲਿਖਾ, ਜਾ ਪਾਠ ਕਰਨ ਹਾਰੇ ਕਉ ਪ੍ਰਾਸਚਿਤ ਨਾ ਹੋ ਅਰ ਸ੍ਰੋਤਾ ਬਕਤਾ ਕਉ ਗਿਆਨ ਕੀ ਪ੍ਰਾਪਤ ਹੋ ਅਰੁ ਸਰਬ ਕਉ ਆਨੰਦ ਹੋ ਅਰ ਸਰਬ ਵੇਦਹੁ ਕੇ ਪਾਠ ਕਾ ਜੋ ਫਲ ਹੈ ਸੋ ਯਾ ਏਕ ਉਪਨਿਖਦ ਕੇ ਪਾਠ ਕੀਏ ਸੋਂ ਹੋਤ ਹੈਂ । ਇਤ ਨਵ ਖੰਡ ਨਰ ਸਿੰਘ ਤਾਪਨੀ ਉਪਨਿਖਦ ਅਥਰਬਣ ਵੇਦ ਭਾਖਾ ਸਮਾਪਤੰ ਸੰਪੂਰਨੰ । ਇਤ ਅਥਰਬਣ ਬੇਦ ਸਮਾਪਤੰ । ਇਤ ਗ੍ਰਿੰਥ ਉਪਨਿਖਦ ਸੰਪੂਰਨੰ । ਸਮਾਪਤੰ ਸੁਭਮਸਤੰ । ਜੁਮਲਾ ॥੫੦॥ (ਪੱਤਰਾ ੩੨੮)

ਇਸ ਸੰਗ੍ਰਹ ਵਿਚ ੫੦ ਉਪਨਿਖਦਾਂ ਹਨ: (੧) ਤੈਤ੍ਰੇ ੧, ਕੋਖ ੧੪, ਮਾਕੁਸਲ ੨੮, ਸ਼ਿਵ ਸੰਕਲਪ ੩੦, ਸ਼ਤਰੁਦ੍ਰੀ ੩੧, ਮੈਤ੍ਰਾਨੀ ੪੦, ਦੈਵ ੬੯, ਝਾਗਲੀ ੭੧, ਈਸਾਵਾਸ ੭੪, ਪੁਰਖ ਸੂਕਤ ੭੫, ਭ੍ਰਿਗਵਲੀ ੭੭, ਆਨੰਦ ਵੱਲੀ ੮੦, ਮਹਾ ਨਾਰਾਇਣ ੮੩, ਸ੍ਵੇਤਸਤ੍ਰ ੯੦, ਬ੍ਰਿਹਦਾਰੰਨਕ ੧੦੧, ਛਾਂਦੂਕ ੧੭੬, ਮਹੋਪਨਿਖਦ ੨੦੯, ਨਾਰਾਇਣ ੨੧੧, ਗਰਭ ੨੧੨, ਖਟਵੱਲੀ ੨੧੬, ਮੁੰਡਕ ੨੨੮, ਕਠਨ ੨੩੬, ਕੇਵਲ ੨੩੯, ਅੰਬ੍ਰਿਤ ੨੪੧, ਅਰਘ ੨੪੪, ਪ੍ਰਸ਼ਨ ੨੪੭, ਅਥਰਵ ਸ਼ਿਰ ੨੫੭, ਆਤਮ ਪ੍ਰਬੋਧ ੨੬੩, ਸਰਬ ੨੬੪, ਆਤਮਾ ੨੬੭, ਨੰਗਲ ੨੬੮, ਮ੍ਰਿਤਾਂਗਲ ੨੬੯, ਤੇਜ ਤਿੰਦ ੨੬੯, ਧਿਆਨ ਬਿੰਦ ੨੭੧, ਜੋਗ ਤਤ ੨੭੨, ਛੁਰਕਾ ੨੭੪, ਜੋਗ ਸਿਖਾ ੨੭੫, ਹੰਸ ਨਾਦ ੨੭੬, ਅੰਮ੍ਰਿਤ ਨਾਦ ੨੭੯, ਜਾਪਾਲ ੨੮੨, ਪਰਮ ਹੰਸ ੨੮੬, ਆਰੰਗ ੨੮੯, ਚੋਟਕਾ ੨੯੧, ਸੌਨਕ ੨੯੩, ਬ੍ਰਹਮ ਵਿਦਯਾ ੨੯੭, ਅਥਰਵ ਸ਼ਿਖਾ ੨੯੮, ਮਾਂਡੂਕ ੩੦੦, ਤਾਰਕ ੩੦੨, ਪ੍ਰਣਵ ੩੦੩ ਤੇ ਨਰ ਸਿੰਘ ਤਾਪਨੀ ਉਪਨਿਖਦ ੩੦੯ । ਸ੍ਵਾਮੀ ਪ੍ਰੀਤਮ ਦਾਸ ਨਿਰਬਾਣ ਨੇ, ਜੋ ਸਿੱਖ ਰਾਜ ਦੇ ਸਮਕਾਲੀ ਉਦਾਸੀ ਮਹਾਤਮਾ ਹੋਏ ਹਨ, ਇਹੋ ਉਪਨਿਖਦਾਂ ਆਪਣੇ ਮਹਾਨ ਗ੍ਰੰਥ 'ਸ੍ਰੀ ਸਤਿਗੁਰ ਨਿਰਬਾਣ ਗੰਜ' ਵਿਚ ਪੂਰਬਾਰਧ ਵਜੋਂ ਦਰਜ ਕੀਤੀਆਂ ਹਨ । ਦੇਖੋ, ਸ੍ਰੀ ਸਤਿਗੁਰੂ ਨਿਰਬਾਣ ਗੰਜ ।

੪. ਉਪਨਿਖਦ-ਸੰਗ੍ਰਹ ਭਾਖਾ (ਨੰ. ੧੬੯, ਪ੍ਰੋ. ਪ੍ਰੀ. ਸਿੰ.)

ਲੇਖਕ–ਸ਼ਾਹਜ਼ਾਦਾ ਦ ਰਾ ਸ਼ਿਕੋਹ । ਅਨੁਵਾਦਕ–ਕਵਿ ਪ੍ਰਹਿਲਾਦ । ਆਕਾਰ–7″ × 6¾″, ਲਿਖਤ 5″ × 5½″ ।

ਵੇਰਵਾ ਪੱਤਰੇ ੪੧੦, ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਚੌਥਾ ਪੱਤਰਾ ਤੇ ੨੪ਵਾਂ ਪੱਤਰਾ ਲਿਖ ਕੇ ਕੱਟਿਆ ਹੋਇਆ; ਇਸ ਤੋਂ ਬਿਨਾਂ ਕਈ ਥਾਵੀਂ ਹੋਰ ਵੀ ਉਕਾਈਆਂ ਦੀ ਸੋਧ ਹਾਸ਼ੀਏ ਉਤੇ ਹੋਰ ਕਲਮ ਨਾਲ ਕੀਤੀ ਹੋਈ; ਪੱਤਰਾ ੧੮੧ ਤੋਂ ਅੰਤ ਤਕ ਸਿਰਲੇਖ ਤੇ ਵਿਸ਼੍ਰਾਮ–ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ ਤੇ ਬਾਕੀ ਇਸ ਤੋਂ ਪਹਿਲੇ ਸਿਰਲੇਖ ਪਟਗੇਰੂ ਨਾਲ ਰੰਗੇ ਹੋਏ; ਪੁਸਤਕ ਕਈ ਲਿਖਾਰੀਆਂ ਦੀ ਲਿਖੀ ਹੋਈ ਜਿਸ ਕਰ ਕੇ ਅਨੇਕ ਥਾਵੀਂ ਹਸਤਾਖਰ, ਕਲਮ, ਸਿਆਹੀ ਆਦਿ ਕੁਝ ਕੁਝ ਬਦਲੇ ਹੋਏ ਹਨ । ਪੁਸਤਕ ਵੈਸੇ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ–ਸੰਮਤ ੧੭੭੬ ਬਿ., ਨਕਲ : ੧੮੯੭ ਬਿ. । ਲਿਖਾਰੀ–ਭਾਈ ਗੁਰਦਿੱਤ ਸਿੰਘ ।

ਆਰੰਭ–ੴ. ਸ੍ਰੀ ੧ ੴ ਸਤਿਗੁਰ ਪ੍ਰਸਾਦਿ । ਸ੍ਰੀ ਸ੍ਰੀ ਪਰਮਾਤਮਨੇ ਨਮਹ । ਅਥ ਉਪਨਿਖਦ ਛਾਂਦੂਕ* ਸਾਮਬੇਦ ਭਾਖਾ ਲਿਖਤੇ । ਓਅੰ ਅਰਥ ਯਹਿ ਜੋ ਲੀਨ ਕਰਤਾ ਭੇਦੋਂ ਬ੍ਰਹਮ ਕਿਆਂ ਕਾ ਹੈ ਤਾ ਕੋ ਉਦਗੀਥ ਜਾਨ ਕਰਿ ਐਸੀ ਉਪਾਸਨਾ ਕਰਿ ਜੁ ਯਹੀ ਨਾਮ ਉਦਗੀਥ ਹੈ ।... (ਪੱਤਰਾ ੧)

ਅੰਤ–...ਬ੍ਰਹਮ ਕੋ ਜੋ ਨਿਕਟ ਅਰ ਸਾਛੀ ਹੈ ਗਿਆਤਵ ਹੈ, ਵਾ ਕੋ ਚਾਹੀਏ ਪ੍ਰਾਪਤਿ ਭਯਾ । ਯਹ ਉਪਨਿਖਦ ਨਰ ਸਿੰਘ ਤਾਪਨੀ ਜੋ ਸਿਧਾਂਤ ਕੀ ਅਵਧ ਹੈ ਅਰ ਸਰਬ ਜੁਗਤਾ ਗਿਆਨ ਅਰ ਜਗਿਆਸੀਆ ਯਾ ਮੇ ਖਚਤ ਹੈ ਅਰ ਪੂਰਨ ਉਪਨਿਖਦੋਂ ਕਾ ਰਹਸ ਹੈ ਯਾ ਮੇ ਅਰ ਅਥਰਬਣ ਵੇਦ ਹੂੰ ਰਹਸ ਹੈ ਤੀਨ ਹੂੰ ਵੇਦੋਂ ਕਾ ਅਰ ਗੁਹਜ ਭੇਦ ਆਤਮਾ ਕਾ ਹੈ । ਸੰਮਤ ਸਤ੍ਰਾਂ ਸੈ ਦੁਆਦਸ ਪ੍ਰਥਮ ਦਾਰਾ ਸ਼ਕੋਹ ਨੇ ਜੋ ਸੁਤ ਸਾਹ ਜਹਾ ਕਾ ਥਾ ਦਿਲੀ ਨਗਰ ਮੇ ਸੰਸਕ੍ਰਿਤ ਸੇਂ ਯਾ ਉਪਨਿਖਦੋਂ ਕਾ ਯਾਮਨੀ ਭਾਖਾ ਮੇ ਲਿਆਵਤ ਭਯਾ। ਅਬ ਸੰਮਤ ਸਤ੍ਰਾ ਸੈ ਛਿਹਤ੍ਰ ਹੈ । ਸ੍ਰੀ ਗੁਰੂ ਨੇ ਆਗਿਆ ਕਰੀ ਜੋ ਪਾਠ ਉਪਨਿਖਦੋਂ ਦਾ ਯਾਮਨੀ ਭਾਖਾ ਮੇ ਨਿਖਦ ਹੈ, ਵਾ ਕੀ ਆਗਿਆ ਸੋ ਜਨ ਪ੍ਰਹਿਲਾਦ ਨੇ ਜਾਮਨੀ ਭਾਖਾ ਸੇ ਪੁਨਹ ਹਿੰਦਵੀ ਭਾਖਾ ਮੇ ਲਿਖਾ, ਜੋ ਪਾਠ ਕਰਨਹਾਰੇ ਕੋ ਪ੍ਰਾਸਚਿਤ ਨ ਹੋ ਅਰ ਸ੍ਰੋਤਾ ਅਰ ਬਕਤਾ ਕੋ ਗਿਆਨ ਕੀ ਪ੍ਰਾਪਤ ਹੋ, ਅਰ ਸਰਬ ਕੋ ਆਨੰਦ ਹੋ । ਅਰ ਸਰਬ ਵੇਦਹੁ ਕੇ ਪਾਠ ਕਾ ਜੋ ਫਲੁ ਹੈ ਸੋ ਯਾ ਏਕ ਉਪਨਿਖਦ ਕੇ ਪਾਠ ਕੀਏ ਸੋ ਹੋਤ ਹੈ । ਇਤ ਨਵਮ ਖੰਡ ਨਰ ਸਿੰਘ ਤਾਪਨੀ ਉਪਨਿਖਦ ਅਥਰਬਣ ਵੇਦ ਭਾਖਾ ਸਮਾਪਤੰ ॥੫੦॥ ਸ੍ਰੀ । ਇਤ ਅਥਰਬਣ ਵੇਦ ਸਮਾਪਤੰ ।. .ਰਿਗ ਵੇਦ ੩; ਜੁਜੁਰ ਵੇਦ ੧੧, ਸਾਮ ਵੇਦ ੧, ਅਥਰਬਣ ਵੇਦ ੩੪ ਜੁਮਲਾ ॥੫੦॥... (ਪੱਤਰਾ ੪੧੦)

ਇਸ ਤੋਂ ਅੱਗੇ ਲਿਖਾਰੀ ਗੁਰਦਿੱਤ ਸਿੰਘ ਨੇ ਇਸ ਪੁਸਤਕ ਦੇ ਨਕਲ ਕਰਨ ਦਾ ਸੰਮਤ ਕਵਿਤਾ ਵਿਚ ੧੮੯੭ ਬਿ: ਦਿੱਤਾ ਹੈ ਤੇ ਲਿਖਿਆ ਹੈ ਕਿ ਇਹ ਪੁਸਤਕ ਉਸ ਨੇ ਸਰਦਾਰ ਗੁਲਾਬ ਸਿੰਘ ਕੁਮੇਦਾਨ ਰਜਮਟ (ਖ਼ਾਲਸਾ ਦਰਬਾਰ ਲਾਹੌਰ ?) ਵਾਸਤੇ ਤਿਆਰ ਕੀਤੀ ਸੀ । ਇਸ ਪੁਸਤਕ ਵਿਚ ਛਾਂਦੋਗਜ, ਮਹੋਪਨਿਖਦ, ਨਾਰਾਇਣ, ਗਰਭ, ਖਟਵੱਲੀ, ਮੁੰਡਕ, ਕਠ, ਕੈਵਲਜ, ਅਮ੍ਰਿਤ ਬਿੰਦ, ਅਰਘ, ਪ੍ਰਸ਼ਨ, ਅਥਰਵ ਸ਼ਿਰਾ, ਆਤਮ ਪ੍ਰਬੋਧ, ਸਰਬ, ਆਤਮ, ਨੰਗਲ, ਮ੍ਰਿਤਾਂਗਲ, ਤੇਜ ਬਿੰਦ, ਧਿਆਨ ਬਿੰਦ, ਜਾਪਾਲ, ਜੋਗ ਤਤ, ਛੁਰਕਾ, ਯੋਗ ਸ਼ਿਖਾ, ਹੰਸ ਨਾਦ, ਅਮ੍ਰਿਤ ਨਾਦ, ਪਰਮ ਹੰਸ, ਅਰੰਗ, ਚੋਂਟਕਾ, ਸੌਨਕ, ਬ੍ਰਹਮ ਵਿਦਜਾ, ਅਥਰਵ ਸ਼ਿਖਾ; ਮਾਂਡੂਕਜ, ਤਾਰਕ, ਪ੍ਰਣਵ ਤੇ ਨਰ ਸਿੰਘ ਤਾਪਨੀ ਨਾਮੀ ੩੫ ਉਪਨਿਖਦਾਂ (ਭਾਖਾ) ਅਨੁਵਾਦ ਕੀਤੀਆਂ ਹੋਈਆਂ ਹਨ ਜਿਨ੍ਹਾਂ ਦਾ ਜ਼ਿਕਰ ਇਸ ਸੂਚੀ ਦੇ ਪਹਿਲੇ ਭਾਗ ਵਿਚ ਆ ਚੁੱਕਾ ਹੈ ।

(ਅ) ਵੇਦਾਂਤ ਗ੍ਰੰਥ

੫. ਅਸ਼ਟਾਵਕ੍ਰ ਭਾਖਾ (ਨੰ: ੩੪੭, ਭਾ. ਵਿ.)

ਲੇਖਕ–ਸ਼ੰਕ੍ਰਾਚਾਰਜ । ਅਨੁਵਾਦਕ–ਨਾਮਾਲੂਮ । ਆਕਾਰ–6½″×4¾″, ਲਿਖਤ 4½″×3″ ।

ਵੇਰਵਾ–ਪੱਤਰੇ ੧੬੧; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ ਸਿਆਲ ਕੋਟੀ; ਲਿਖਤ ਸਾਫ਼ ਤੇ ਸ਼ੁੱਧ, ਪਰ ਸਿੱਧੀ ਸਾਦੀ; ਹਾਸ਼ੀਆ ਰੰਗੀਨ ਲਕੀਰਾਂ ਵਾਲਾ ।

ਸਮਾਂ–ਸੌ ਕੁ ਸਾਲ ਪੁਰਾਣੀ ਲਿਖਤ ਹੈ । ਲਿਖਾਰੀ—ਨਾਮਾਲੂਮ ।

ਆਰੰਭ—੧ੴ ਸਤਿਗੁਰ ਪ੍ਰਸਾਦਿ । ਸੁਸਤਿ ਸ੍ਰੀ ਗਣੇਸਾਯ ਨਮ: । ਅਥ ਅਸਟਾਵਕ੍ਰ ਭਾਖਾ ਬਰਨਤੇ । ਅਸਟਾਵਕ੍ਰੋਵਾਚ । ਜਿਸ ਕੇ ਅਣਜਾਣੇ ਤੇ ਜਗਤ ਦ੍ਰਿਸਟ ਆਵਤਾ ਹੈ ਅਰੁ ਜਿਸ ਕੇ ਜਾਨਣੇ ਤੇ ਜਗਤ ਦੂਰ ਹੋਇ ਜਾਤਾ ਹੈ ਸੋ ਐਸੀ ਸਤ ਚਿਤ ਆਨੰਦ

* ਛਾਂਦੋਗਜ ਉਪਨਿਖਦ ।

ਮੂਰਤਿ ਕਉ ਨਮਸਕਾਰ ਹੈ । ਗ੍ਰਿੰਥ ਕਾਰ ਜੁ ਹੈ ਸੰਕਰਾਚਾਰਜ ਤਿਸ ਨੇ ਏਹ ਮੰਗਲਾ ਚਰਨ ਕੀਆ ਹੈ, ਅਥ ਸਿਖ ਜੋ ਹੈ ਰਾਜਾ ਜਨਕ ਅਰੁ ਗੁਰੂ ਜੋ ਹੈ ਅਸਟਾਵਕ੍ਰ ਮੁਨਿ ਤਿਨੋਂ ਪ੍ਰਤਿ ਹਾਥ ਜੋਰ ਬੇਨਤੀ ਕਰਿ ਪੂਛਤ ਭਇਆ । (ਪੱਤਰੇ ੧-੨)

ਅੰਤ-ਅਰ ਗੁਰ ਕਹਾ, ਅਰੁ ਸਿਖ ਕਹਾ ਅਰ ਪੁਰਖਾਰਥ ਕਹਾ । ਅਰੁ ਹੇ ਮਹਾਰਾਜ ! ਮੇਰੇ ਆਸਤਕ ਕਹਾ ਅਰੁ ਨਾਸਤਕ ਕਹਾ ਅਰੁ ਏਕ ਕਹਾ ਅਰੁ ਦ੍ਵੈ ਕਹਾ । ਬਹੁੜ ਕਰਿ ਹਉ ਜੋ ਮੇਰੇ ਰਾਈ ਸਮਾਨ ਭੀ ਅਵਰ ਕਛੁ ਨਾਹੀ ਸਰਬ ਪ੍ਰਕਾਰ ਅਰੁ ਸਰਬ ਰੂਪ ਹੀ ਮੈ ਆਪ ਹਉ ॥ ੧੫੮੧ (?) ॥ ਅਥ ਅਸਟਾ ਵਕ੍ਰ ਬੀਸਵਾ ਪ੍ਰਕਰਨ ਸਮਾਪਤੰ । (ਪੱਤਰਾ ੧੬੧)

੬. (ੳ) ਅਧਿਆਤਮ ਪ੍ਰਕਾਸ਼ (ਅਦ੍ਵੈਤ ਪ੍ਰਕਾਸ਼ ਆਦਿ ਸਮੇਤ) (ਨੰ. ੭੮੧, ਸਿ. ਰੈ. ਲਾ.)

ਲੇਖਕ-ਕਵੀ ਸੁਖਦੇਵ। ਆਕਾਰ—$7\frac{1}{4}'' \times 5\frac{1}{4}''$, ਲਿਖਤ $5\frac{1}{2}'' \times 4''$ ।

ਵੇਰਵਾ-ਪੱਤਰੇ ਅਧਿਆਤਮ ਪ੍ਰਕਾਸ਼ (ਸੁਖਦੇਵ) ੩੦, ਅਦ੍ਵੈਤ ਪ੍ਰਕਾਸ਼ (ਵਲੀ ਰਾਮ) ੪੧-੫੪ (੧੪), ਭਗਤ ਸਾਰ (ਅਲਖ ਸਨੇਹੀ ਨਵਨ ਦਾਸ), ੫੪-੭੧, ਸੰਗ੍ਰਹ ਸਾਰ ੫੦, ਕੁੱਲ ਜੋੜ ੧੧੧; ਪ੍ਰਤੀ ਸਫ਼ਾ ੧੧ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ—੧੯ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ—੧ ਓ ਸ੍ਰੀ ਸਤਿਗੁਰ ਪ੍ਰਸਾਦਿ । ਸ੍ਰੀ ਪਰਮਾਤਮਨੇ ਨਮਹ । ਅਥ ਅਧਜਾਤਮ ਪ੍ਰਕਾਸ਼ ਲਿਖ੍ਯਤੇ । ਸਵੈਯਾ ।
ਸਥਾਵਰ ਜੰਗਮ ਜੀਵ ਜਿਤੇ, ਜਗ ਭਾਤਨ ਭਾਤਿਨ ਵੇਖ ਧਰੇ ਹੈ । (ਪੱਤਰਾ ੧)

ਅੰਤ—੨੦੨॥ ਜੈਸੇ ਨਰ ਅਗਜਾਨ ਤੇ ਕਹਿਤ ਸੈ ਆਪ ।... (ਪੱਤਰਾ ੩੦)

(ਅ) ਅਦ੍ਵੈਤ ਪ੍ਰਕਾਸ਼ (ਵਲੀ ਰਾਮ)

ਆਰੰਭ—੧ ਓ । ਅਥ ਅਦ੍ਵੈਤ ਪ੍ਰਕਾਸ਼ ਲਿਖ੍ਯਤੇ ॥ ਦੋਹਰਾ ॥
ਨਮਸਕਾਰ ਗੁਰ ਆਤਮਾ, ਤੁਮ ਗਇਪਤ ਗਣ ਈਸ ।
ਕਹਣ ਮਾਤ੍ਰ ਗੁਣ ਗਣ ਗਣੇ, ਤੁਮ ਜਗ ਤੁਮ ਜਗਦੀਸ ॥ ੧ ॥ (ਪੱਤਰਾ ੪੧)

ਅੰਤ—ਸੋਹੰ ਵਲੀ ਆਪ ਪ੍ਰਕਾਸੀ । ਕੇਵਲ ਅਜ ਅਕ੍ਰੈ ਅਬਨਾਸੀ ॥ ੨੦੦ ॥
ਦੋ ਸੈ ਏਕ ਚਉਪਈ ਕਹੀ । ਅਰਥ ਬਿਬੇਕ ਜਾਨੀਓ ਯਹੀ ॥ ੨੦੧ ॥
ਅਦ੍ਵੈਤ ਪ੍ਰਕਾਸ਼ ਸੰਪੂਰਨੰ । (ਪੱਤਰਾ ੫੪)

(ੲ) ਭਗਤ ਸਾਰ (ਅਲਖ ਸਨੇਹੀ ਨਵਨ ਦਾਸ)

ਆਰੰਭ—੧ ਓ ਸਤਿਗੁਰ ਪ੍ਰਸਾਦਿ ॥ ਦੋਹਰਾ ॥
ਏਕ ਸਮੇ ਰਮਤੇ ਹੁਏ, ਬਿਸਨ ਕੈ ਪਾਸ ।
ਹਰ ਸਿਮਰਨ ਕਰ ਮਾਲ ਗਹਿ; ਮਨ ਮੈਂ ਮਹਾ ਹੁਲਾਸ ॥ ੧ ॥ (ਪੱਤਰਾ ੫੪)

ਅੰਤ—ਭਗਤ ਸਾਰ ਪੋਥੀ ਕਹੀ; ਮੋਹ ਜੀਤ ਪ੍ਰਸੰਗ ।
ਨਵਨ ਦਾਸ ਤਾਕੈ ਸੁਨੇ, ਉਪਜੈ ਭਗਤ ਉਮੰਗ ॥ ੧੮੮ ॥
ਇਕ ਸੌ ਅਠਾਸੀ ਸਲੋਕ । ਇਤ ਸ੍ਰੀ ਅਲਖ ਸਨੇਹੀ ਨਵਨ ਦਾਸ ਕ੍ਰਿਤ ਭਗਤ ਸਾਰ ਪੋਥੀ ਸੰਪੂਰਨੰ ਸਮਾਪਤੰ । (ਪੱਤਰਾ ੭੧)

(ਸ) ਸੰਗ੍ਰਹ ਸਾਰ ਗ੍ਰੰਥ (ਲੇਖਕ-ਨਾਮਾਲੂਮ)

ਆਰੰਭ—੧ ਓ ਸਤਿਗੁਰ ਪ੍ਰਸਾਦਿ । ਸ੍ਰੀ ਪ੍ਰਮਾਤਮਾਏ ਨਮ: । ਅਥ ਸੰਗ੍ਰਹ ਸਾਰ ਲਿਖ੍ਯਤੇ ॥ ਦੋਹਰਾ ॥
ਸਤਿ ਚਿਤ ਆਨੰਦ ਰੂਪ ਨਿਤ, ਅਲਖ ਅਖੰਡ ਅਪਾਰ ।
ਬੁਧ ਸਾਖੀ ਵਿਆਪਕ ਅਮਲ, ਸਕਲ ਵਸਤ ਕੋ ਸਾਰ ॥ ੧ ॥ (ਪੱਤਰਾ ੧)

ਅੰਤ— ਆਤਮ ਜਿਨ ਧਜਾਯੋ ਤਿਨ ਪਾਯੋ ਵਿਸ੍ਰਾਮ ਪਰਮ,
ਕਾਟ ਕੇ ਕੁਕਰਮ ਪਰਮਾਤਮ ਸੰਗ ਏਕ ਹੈ ।

ਅਖੈ ਆਨੰਦ ਗਾਵਤ ਜਾ ਕੋ ਸਭ ਛੰਦ ਧਜਾਵਤ,
ਐਸੇ ਸੁਛੰਦ ਹੈ ਰਖਤ ਨ ਟੇਕ ਹੈ ।
ਭੂਲਜੋ ਸਭੁ ਆਪੁ ਔਰ ਮਨ ਹੂੰ ਕੀ ਮਿਟੀ ਦਉੜ,
ਕਹੈ ਕਉਨ ਕਾ ਸਜੋ ਕਛੁ ਕਰ ਕੇ ਵਿਵੇਕ ਹੈ ।
ਬ੍ਰਹਮਾ ਅਰੁ ਤ੍ਰਿਣ ਪਰਜੰਤ ਸ਼ਾਸਤ੍ਰ ਅਰ ਗੁਰੂ ਸੰਤ,
ਜੈਸੇ ਜਲ ਭੀਤਰ ਲੌਂ ਨਗਰ ਕੇ ਭਯੋ ਏਕ ਹੈ ॥੧॥ ਦੋਹਰਾ ॥
ਸਜਾਹੀ ਕਾਨੀ ਬ੍ਰਹਮ ਹੈ, ਕਾਗਦ ਲਿਖਣਹਾਰ ।
ਕਵਤਾ ਸ੍ਰੋਤਾ ਆਦਿ ਦੈ, ਸਰਬ ਬ੍ਰਹਮ ਨਿਰਧਾਰ ॥੧॥ (ਪੱਤਰਾ ੫੧)

੭. ਅਮ੍ਰਿਤਧਾਰਾ (ਨੰ. ੩੬, ਪ੍ਰੋ. ਪ੍ਰੀ. ਸਿੰ.)

ਲੇਖਕ—ਭਗਵਾਨ ਦਾਸ, ਨਿਰੰਜਨੀ । ਆਕਾਰ—$6\frac{1}{4}'' \times 6\frac{1}{2}''$, ਲਿਖਤ $4\frac{3}{4}'' \times 5\frac{1}{2}''$ ।

ਵੇਰਵਾ—ਪੱਤਰੇ ੪੯; ਪ੍ਰਤੀ ਸਫ਼ਾ ੧੩ ਸੱਤਰਾਂ; ਕਾਗਜ਼ ਦੇਸੀ; ਲਿਖਤ ਸਾਧਾਰਣ, ਜੋ ਕਈ ਥਾਵੀਂ ਕਾਫ਼ੀ ਅਸ਼ੁੱਧ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਬਿਨਾ ਜਿਲਦ ਹੋਣ ਕਰਕੇ ਪੱਤਰੇ ਕਈ ਥਾਵਾਂ ਤੋਂ ਕੁਝ ਫਟੇ ਤੇ ਨੁਕਰਾਂ ਤੋਂ ਭੁਰੇ ਹੋਏ; ਅੰਤਲੇ ਪੱਤਰੇ ਉਤੇ ਕਿਸੇ ਹੋਰ ਕਲਮ ਦੀ ਕੁਝ ਛੰਦਾ ਬੰਦੀ, ਜੋ ਇਸ ਪੁਸਤਕ ਨਾਲ ਕੋਈ ਸਬੰਧ ਨਹੀਂ ਰਖਦੀ ।

ਸਮਾਂ—ਰਚਨਾ ਕਾਲ: ਸੰਮਤ ੧੭੨੮ ਬਿ. ਨਕਲ: ਸੰਮਤ ੧੭੯੫ ਬਿ. । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਸ੍ਰੀ ਪਰਮਾਤਮਨੇ ਨਮ: । ਸ੍ਰੀ ਗੁਰ ਸੰਤਾਇ ਨਮ : ਅਥ ਗ੍ਰੰਥ ਅੰਮ੍ਰਿਤਧਾਰਾ ਲਿਖਿਤੰ ॥ ਦੋਹਰਾ ॥
ਮੰਗਲ ਰੂਪ ਅਨੂਪ ਮਮ, ਨਿਜਾਨੰਦ ਪਦ ਜਾਸ ।
ਲਹਜੋ ਮੰਗਲਾਚਰਣ ਯਹੁ, ਸੋਹੰ ਹੰਸ ਪ੍ਰਕਾਸ ॥੧॥ (ਪੱਤਰਾ ੧)

ਅੰਤ— ਸਤ੍ਰ ਸੈ ਅਠਾਈ ਸੰਬਤ ਸੰਖਿਆ ਜਾਨ ॥
ਕਾਰਤਿਕ ਤ੍ਰਿਤੀਯ ਪ੍ਰਿਥਮ ਹੀ, ਪੂਰਣ ਗ੍ਰੰਥ ਪ੍ਰਮਾਨ ॥੪੯॥
ਥਾਨ ਮੁਕਾਮ ਪ੍ਰਮਾਨ ਯਹੁ, ਖੇਤ੍ਰ ਬਾਸ ਸੁ ਨਾਮ ।
ਤਹਾਂ ਗ੍ਰੰਥ ਪੂਰਣ ਪ੍ਰਗਟ ਜੋ ਭਾਖੈ ਭਗਵਾਨ ॥੫੦॥
ਅਰਥ ਮਾਹਿ ਭ੍ਰਮ ਕਛੁ ਨਹੀਂ, ਭ੍ਰਮ ਮਾਨੈ ਭ੍ਰਮ ਸੋਇ ।
ਸੁਧ ਮੋਖ ਸੋ ਪਾ(ਇ)ਯੈ ਸਾਧ ਸਿਖ ਯੌ ਹੋਇ ॥੫੧॥
ਛੰਦ ਭੰਗ ਅਛਰ ਕਟਿਤ, ਅਰਥ ਬਿਪ੍ਰਜੈ ਹੋਇ ।
ਦੂਖਨ ਕੋ ਭੂਖਨ ਕਰੈ ਕੋਬਿਦ ਕਹੀਯੈ ਸੋਇ ॥੫੨॥
ਅਹੰ ਮਮਤਾ ਕੋ ਖੰਡ ਕੈ ਦੇਹ ਬੁਧ ਕਰਿ ਨਾਸ ।
ਹੰਸ ਭਾਵ ਪ੍ਰਭਾਵ ਲਹਿ ਤਿਨ ਕੋ ਗਯਾਨ ਪ੍ਰਕਾਸ ॥੫੩॥
ਅੰਕ ਸਮੂਚੈ ਜਾਨਿ ਯਹ ਸਭ ਗ੍ਰੰਥਨ ਕੋ ਨਾਮ ।
ਬਾਈਸ ਅੰਕ ਤੇ ਅੰਕ ਹੈ, ਪਾਂਚੋਂ ਸਤ ਪ੍ਰਮਾਨ ॥੫੪॥

ਇਤਿ ਸ੍ਰੀ ਅੰਮ੍ਰਿਤਧਾਰਾ ਗ੍ਰੰਥ ਸਕਲ ਬਬੇਕ ਪ੍ਰਕਾਸ ਬਬੇਕ ਦੀਪ ਗਯਾਨ ਕੋ ਸਰੂਪ ਬਰਨਨੋ ਨਾਮ ਭਗਵਾਨ ਦਾਸ ਨਿਰੰਜਨੀ ਕਥਿਤੇ ਚਤੁਰਦਸੋ ਪ੍ਰਭਾਵ ॥੧੪॥ ਸੰਬਤ ੧੭੯੫
ਡਿੰਭ ਸਹਤ ਕਲ ਧਰਮ ਸਭ, ਛਲ ਸੈਹਤ ਬਿਵਹਾਰ ।
ਸ੍ਵਾਰਥ ਸਹਤ ਸਨੇਹ ਸਭ ਰੁਚਿ ਅਨੁਰੁਚਿ ਆਚਾਰ ॥... (ਪੱਤਰੇ ੪੭-੪੮)

ਇਸ ਤੋਂ ਅੱਗੇ ਅਠਾਰਾਂ ਪੁਰਾਣਾਂ ਦੇ ਨਾਮ ਤੇ ਕਿਸੇ ਹੋਰ ਕਲਮ ਤੋਂ ਕੁਝ ਛੰਦ ਦਰਜ ਹਨ ਜੋ ਇਸ ਹੱਥ ਲਿਖਤ ਨਾਲ ਕੋਈ ਸੰਬੰਧ ਨਹੀਂ ਰਖਦੇ । ਇਹ ਪੁਸਤਕ ਸ੍ਰੀ ਵੇਂਕਟੇਸ੍ਵਰ ਸਟੀਮ ਪ੍ਰੈਸ, ਬੰਬਈ ਵਲੋਂ ਦੇਵ ਨਾਗਰੀ ਅੱਖਰਾਂ ਵਿਚ ਛਪ ਚੁਕੀ ਹੈ ।

੮. ਆਤਮ ਦਰਪਨ ਪੋਥੀ (ਗੱਦ ਵਿਚ) (ਨੰ. x, ਡਾ. ਗੰ. ਸਿੰ.)

ਲੇਖਕ—ਭਾਈ ਪੰਜਾਬ ਸਿੰਘ, ਬਹਿਲੋਕਾ । ਆਕਾਰ—$6'' \times 9\frac{1}{4}''$, ਲਿਖਤ $5'' \times 8\frac{1}{4}''$ ।

ਵੇਰਵਾ—ਪੱਤਰੇ ੬; ਪ੍ਰਤੀ ਸਫ਼ਾ ੨੦-੨੩ ਸਤਰਾਂ; ਕਾਗਜ਼ ਦੇਸੀ (ਮੋਟਾ) ਧਾਰੀਆਂ ਵਾਲਾ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ; ਹਾਸ਼ੀਆ ਸਾਦਾ, ਕਈ ਥਾਵੀਂ ਬਿਨਾ ਲਕੀਰਾਂ ਤੇ ਕਈ ਥਾਵੀਂ ਮੁੱਢ ਵਿਚ ਹਰੇਕ ਪੱਤਰੇ ਤੇ ਲਕੀਰਾਂ ਵਾਲਾ;

ਪੱਤਰੇ ਖੁਲ੍ਹੇ (ਬਗੈਰ ਜਿਲਦ)।

ਸਮਾਂ—੧੯ਵੀਂ ਸਦੀ ਬਿ.। ਲਿਖਾਰੀ—ਲੇਖਕ ਖ਼ੁਦ।

ਆਰੰਭ—ਓ ਨ੍ਰਿਵਿਰਤ ਕੋ ਪ੍ਰਵਾਰ ਜਾ ਕੇ ਸੁਨਨ ਤੇ ਹੀ ਕੁਮਤ ਸੰਸਾਰ ਮਿਟ ਹੈ। ਬਿਬੇਕ ਕੀ ਰਾਨੀ ਬ੍ਰਹਮ ਵਿਦਯਾ ਪੁਤ੍ਰ ਗਜਾਨਾਨੰਦ.. (ਪਤਰਾ ੧)

ਅੰਤ—ਕਾਮ ਕਾ ਆਯੁਧੁ ਇਸਤ੍ਰੀ ਹੈ। ਕਾਮ ਕੀ ਕ੍ਰਿਪਾਨ ਕਾਮਨੀ ਹੈ, ਦੇਖੇ ਤੇ ਗਿਰਤ ਧਰ ਲਾਗੇ ਤੇ ਜਾਵੰਤ ਨਰ ਜਮ ਲੋਕ ਹੈ। ਆਤਮ ਦਰਪਨ ਪੋਥੀ ਸਮਾਪਤੰ। (ਪੱਤਰਾ ੬)

੯. ਆਤਮ ਵਿਚਾਰ ਗ੍ਰੰਥ (ਨੰ. ×, ਸ਼. ਸਿੰ. ਅ.)

ਲੇਖਕ—ਕਵੀ ਮਾਣਕ ਦਾਸ। ਆਕਾਰ—5″×8″, ਲਿਖਤ $3\frac{3}{4}$″$6\frac{1}{2}$″।

ਵੇਰਵਾ—ਪੱਤਰੇ ੮੦; ਪ੍ਰਤੀ ਸਫ਼ਾ ੧੯ ਸਤਰਾਂ; ਕਾਗ਼ਜ਼ ਪਤਲਾ ਕਸ਼ਮੀਰੀ (ਹਰੇ, ਪੀਲੇ, ਸਫ਼ੈਦ ਮੋਤੀਆ ਤੇ ਬਦਾਮੀ ਰੰਗ ਦਾ); ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗੈਰ ਲਕੀਰਾਂ ਦੇ; ਪੁਸਤਕ ਸਜਿਲਦ, ਜੋ ਪੰਜ ਹੋਰ ਪੁਸਤਕਾਂ—ਭਾਖਾ ਤਰਕ ਸੰਗ੍ਰਹਿ, ਤਤ੍ਵਾਨੁਸੰਧਾਨ, ਸੰਤ ਪ੍ਰਭਾਵ, ਸੰਤੋਖ ਸੁਰਤਰੁ ਤੇ 'ਬਚਨ ਗੋਬਿੰਦ ਲੋਕਾਂ ਕੇ' ਦੇ ਨਾਲ ਇਕ ਜਿਲਦ ਵਿਚ ਜੜੀ ਹੋਈ ਹੈ।

ਸਮਾਂ—ਸੰਮਤ ੧੯੦੦ ਬਿ.। ਲਿਖਾਰੀ—ਸਾਧੂ ਰਾਮ। ਸਥਾਨ—ਅੰਮ੍ਰਿਤਸਰ।

ਆਰੰਭ—੧ਓ ਸਤਿਗੁਰ ਪ੍ਰਸਾਦਿ। ਆਤਮ ਵਿਚਾਰ ਗ੍ਰੰਥ। ਓ ਸ੍ਰੀ ਪਰਮਾਤਮਨੇ ਨਮ:। ਸ੍ਰੀ ਕ੍ਰਿਸਨਾਯ ਨਮ:। ਸ੍ਰੀ ਰਾਮਚੰਦ੍ਰਾਯ ਨਮ:

॥ ਦੋਹਰਾ ॥

ਮੰਗਲਾਯਨ ਕਰਣਾਯਤਨੁ, ਸਰਬ ਕਲਿਯਾਣ ਗੁਣ ਧਾਮ।
ਮਮ ਮਾਨਸ ਸਰ ਹੰਸ ਵਤ, ਰਮਣ ਕਰਹੁ ਸੀਆ ਰਾਮ ॥੧॥
ਧਿਆਨ ਪੂਰਬਕ ਇਸਟ ਦੇਵਤਾ ਕੀ ਪ੍ਰਾਰਥਨਾ ਕਰੇ ਹੈਂ। ਸਵਯਾ।
ਸਜਾਮ ਸਰੀਰ ਪੀਤਾਂਬਰ ਸੋਹਤ, ਦਾਮਨੀ ਜਜੋਂ ਘਨ ਮਾਹਿ ਸੁਹਾਈ।
ਸੀਸ ਮੁਕਟ ਅਤਿ ਸੋਹਤ ਹੈ, ਘਨ ਊਪਰਿ ਜਜੋਂ ਰਵਿ ਦੇਤ ਦਿਖਾਈ।
ਕੰਠ ਵਿਖੈ ਮਣਿ ਮਾਲ ਬਨੀ, ਮਾਨੋ ਨੀਲ ਗਿਰੀ ਮਹਿ ਗੰਗੁ ਜੁ ਆਈ।
'ਮਾਣਕ' ਕੇ ਮਨ ਮਾਹਿ ਵਸੋ, ਐਸੋ ਨੰਦ ਕੋ ਨੰਦਨ ਬਾਲ ਕਨ੍ਹਾਈ ॥੨॥

ਟੀਕਾ। ਸਜਾਮ ਸਰੀਰ ਕੂੰ ਘਨ ਕੀ ਉਪਮਾ। ਫਰਕਤ ਪੀਤਾਂਬਰ ਕੂੰ ਦਾਮਨੀ ਕੀ ਉਪਮਾ। ਸੀਸ ਕੂੰ ਘਨ ਕੀ ਉਪਮਾ। ਮਣ ਜਟਤ ਮੁਕਟ ਕੂੰ ਰਵਿ ਕੀ ਉਪਮਾ। ਕੰਠ ਰੂਪ ਸਿਖਰ ਸੂੰ ਲੇ ਕਰ ਵਖਸਥਲ ਉਪਰ ਪ੍ਰਾਪਤ ਭਈ ਜੋ ਮੋਤਿਯਨ ਕੀ ਮਾਲਾ ਤਾ ਕੂੰ ਗੰਗਾ ਕੀ ਉਪਮਾ। ਵਖਸਥਲ ਕੂੰ ਨੀਲ ਗਿਰ ਕੀ ਉਪਮਾ।... (ਪੱਤਰਾ ੧)

ਅੰਤ—ਅਥ ਨਾਰਾਯਣ ਕੋ ਸਮਰਣਾਤਮਕ ਮੰਗਲਾਚਰਣਿ ਸਮਾਪਤਿ ਕੋ ਕਰੇ ਹੈਂ। ਸਵੈਯਾ।
ਯਮਨਾ ਤਟ ਕੇ ਲਕਰੇ ਵਿਹਰੇ, ਸੰਗ ਬਾਲ ਗੋਪਾਲ ਬਨੇ ਬਲ ਭਈਆ।
ਗਾਵਤ ਹੈ ਕਬੀ ਬੰਸੀ ਬਜਾਵਤ, ਧਾਵਤ ਹੈ ਕਬਹੂੰ ਸੰਗ ਗਈਆ।
ਕੋਕਲ ਮੋਰ ਕੀ ਨਾਈਂ ਵੇ ਬੋਲਤ, ਕੂਦਤ ਹੈ ਕਪਿ ਮ੍ਰਿਗ ਕੀ ਨਈਆ।
'ਮਾਣਕ' ਕੇ ਮਨ ਮਾਹਿ ਬਸੋ, ਐਸੋ ਨੰਦ ਕੋ ਨੰਦ ਯਸੋਧਾ ਕੋ ਛਈਆ। ੪॥
ਇਤਿ ਸ੍ਰੀ ਆਤਮਾ ਵਿਚਾਰ ਗ੍ਰੰਥਿ ਮਹਾ ਮੋਖ ਹੇਤੁ ਸੰਪਰਣੰ। ਸਮਾਪਤੰ।
ਜੀਵਣ ਮੁਕਤਿ ਨਿਰੂਪਣੰ ਚਤਰਥੋ ਧਯਾਯ ॥੪॥ ਸ੍ਰੀ ਪਰਮਾਤਨੇ ਨਮ:। (ਪੱਤਰਾ ੮੦)

੧੦. (ੳ) ਅਮ੍ਰਿਤਧਾਰਾ (ਭਾਵ ਰਸਾਮ੍ਰਿਤ ਆਦਿ) (ਨੰ. ੧੧੫੦੯, ਮ. ਕਾ. ਪ.)

ਲੇਖਕ—ਭਗਵਾਨ ਦਾਸ, ਨਿਰੰਜਨੀ। ਆਕਾਰ—$6\frac{1}{2}$″×$4\frac{3}{4}$″; ਲਿਖਤ 5″×$3\frac{1}{4}$″।

ਵੇਰਵਾ—ਪੱਤਰੇ ਅਮ੍ਰਿਤਧਾਰਾ (ਭਗਵਾਨ ਦਾਸ, ਨਿਰੰਜਨੀ) ੭੦, ਭਾਵ ਰਸਾਮ੍ਰਿਤ (ਗੁਲਾਬ ਸਿੰਘ) ੭੧–੯੪ (੨੪), ਸ਼ਲੋਕ ਸਿੰਘੇ ਭਗਤ ਜੀ ਕੇ ੪੩, ਵਿਚਾਰ ਮਾਲਾ (ਅਨਾਥ ਪੁਰੀ) ੧੭, ਛਪੈ ਰਜਬ ਜੀ ਕੇ ੧੮–੩੭ (੨੦), ਚਣਾਕਾ ਸ਼ਾਸਤ੍ਰ (ਸੈਨਾਪਤਿ) ੩੭–੫੧ (੧੫), ਸਰਬੰਗੀ ਗ੍ਰੰਥ (ਗੁਰਬਦਨ ਸਿੰਘ) ੭੩, ਪ੍ਰਮਾਣਾਂ ਕੇ ਨਾਮ ੨, ਕੁਲ ਜੋੜ: ੨੬੩; ਪ੍ਰਤੀ ਸਫ਼ਾ ੧੦ ਸੱਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਕਈ ਥਾਵੀਂ ਸਾਦਾ ਲਕੀਰਾਂ ਵਾਲਾ, ਕਈ ਥਾਵੇਂ ਬਿਨਾਂ ਲਕੀਰਾਂ ਦੇ ਤੇ ਮੁੱਢ ਵਿਚ ਅੱਧ ਤੋਂ ਅੱਧ ਵਧੀਕ ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਤਮ ਲੇਖ ਅਮ੍ਰਿਤਧਾਰਾ ਵਿਚ ਲਾਲ ਸਿਆਹੀ ਨਾਲ ਲਿਖੇ ਹੋਏ; ਅਸ਼ੁੱਧੀਆਂ ਕਈ ਥਾਵੇਂ ਹਾਸ਼ੀਏ ਉਤੇ ਸੋਧੀਆਂ ਹੋਈਆਂ।

ਸਮਾਂ—ਸੰਮਤ ੧੭੨੮ ਬਿ.; ਲਿਖਤ ਸੰਮਤ ੧੯੦੩ ਬਿ.। ਲਿਖਾਰੀ—ਮਾਲੂਮ ਨਹੀਂ।

ਆਰੰਭ–੧ੴ ਸਤਿਗੁਰ ਪ੍ਰਸਾਦਿ । ਸ੍ਰੀ ਪਰਮਾਤਮਨੇ ਨਮ: । ਸ੍ਰੀ ਗੁਰੂ ਸੰਤਾਯ ਨਮ: । ਅਥ ਗ੍ਰਿੰਥ ਅੰਮ੍ਰਿਤਧਾਰਾ ਲਿਖਯਤੇ ॥ ਦੋਹਰਾ॥
ਮੰਗਲ ਰੂਪ ਸਰੂਪ ਮਮ, ਨਿਜਾਨੰਦ ਪਦ ਜਾਸ ।... (ਪੱਤਰਾ ੧)

ਅੰਤ– ਸਤ੍ਰਹ ਸੈ ਅਠਾਈਸ, ਸੰਬਤ ਸੰਖਯਾ ਜਾਨ ।
ਕਾਰਤਕ ਤ੍ਰਿਤੀਆ ਪ੍ਰਿਥਮ ਹੀ, ਪੂਰਨ ਗ੍ਰਿੰਥ ਪਰਮਾਨ ॥੪੯॥
ਥਾਨ ਮੁਕਾਮ ਪ੍ਰਮਾਣ ਯਹਿ, ਖੇਤ੍ਰ ਵਾਸ ਸੁ ਨਾਮ ।
ਤਹਾਂ ਗ੍ਰੰਥਿ ਪੂਰਨ ਪ੍ਰਗਟ, ਯੌ ਭਾਖੈ ਭਗਵਾਨ ॥੫੦॥...
ਅੰਕ ਸਮੂਚੇ ਜਾਨ ਯਹਿ, ਸਭ ਗ੍ਰਿਥਿਨ ਕੋ ਨਾਮ ।
ਬਾਇਸ ਅੰਕ ਤੇ ਅੰਕ ਹੈ; ਪਾਂਚੌ ਸਤ ਪ੍ਰਮਾਨ ॥੫੪॥
ਇਤਿ ਸ੍ਰੀ ਅੰਮ੍ਰਿਤਧਾਰਾ ਗ੍ਰਿੰਥ...ਨਾਮ ਭਗਵਾਨ ਦਾਸ ਨਿਰੰਜਨੀ ਕਥਤੇ ਚਤਰਦਸੋ ਪ੍ਰਭਾਵ ॥੧੪॥ ਅੰਮ੍ਰਿਤਧਾਰਾ ਕੇ ਸਲੋਕ ਸੈਂਕੜੇ ੬੨੩ ਸੰਮਤ ੧੯੦੩ (ਪੱਤਰੇ ੬੯-੭੦)

(ਅ) ਭਾਵ ਰਸਾਮ੍ਰਿਤ (ਗੁਲਾਬ ਸਿੰਘ) ਸੰਮਤ ੧੮੩੪ ਬਿ. ।

ਆਰੰਭ–੧ ੴ ਸਤਿਗੁਰ ਪ੍ਰਸਾਦਿ ॥ ਸਵੈਯਾ ॥ ਸੇਤ ਕਰੇ ਜਿਨ ਸਾਗਰ ਪੈ......। (ਪੱਤਰਾ ੭੧)

ਅੰਤ–...ਹਰਿ ਕੇ ਪਦ ਪੰਕਜ ਭੇਟ ਚੜ੍ਹਾਈ ॥੧੩੧॥
ਇਤਿ ਸ੍ਰੀ ਮਤ ਮਾਨ ਸਿੰਘ ਚਰਣ ਸਿਖਯਤ ਗੁਲਾਬ ਸਿੰਘ ਤਨ ਗੌਰੀ ਰਾਇ ਆਤਮਜੇਨ ਵਿਰਚਤੰ ਭਾਵ ਰਸਾਮ੍ਰਿਤ ਸਮਾਪਤੰ ॥੧॥ (ਪੱਤਰਾ ੯੪)

(ੲ) ਸ਼ਲੋਕ ਸਿੰਘੇ ਭਗਤਿ ਜੀ ਕੇ

ਆਰੰਭ–੧ ੴ ਸਤਿਗੁਰ ਪ੍ਰਸਾਦਿ । ਸਲੋਕ ਸਿੰਘੇ ਭਗਤਿ ਜੀ ਕੇ ।
ਪੁੰਨ ਦਾਨ ਸੇਵਾ ਸਿਮਰਨ ਬਿਨ, ਕਿਆ ਜੀਵਣ ਕਾ ਫਲ ਹੈ,
ਏ ਤਾਂ ਏਵੈ ਬਿਰਥੀ ਗਲ ਹੈ ।... (ਪੱਤਰਾ ੧)

ਅੰਤ– ਮਾਨਸ ਜਨਮ ਅਮੋਲਕ ਤੇਰਾ, ਰਾਮ ਨਾਮ ਕਉ ਸਿਮਰਉ ਰੇ !
ਚੌਰਾਸੀ ਫਿਰ ਭੋਗੇ ਨਾਹੀ, ਗੁਰ ਕੀ ਸਰਨੀ ਪਈਐ ਰੇ !
ਅਸਥਿਰ ਈਹਾਂ ਰਹਿਣਾ ਨਾਹੀ, ਅੰਤ ਊਹਾ ਹੀ ਜਈਐ ਰੇ !
ਸਿੰਘਾ ਜਿਨ੍ਹਾਂ ਨਾਮ ਜਪਿਆ ਸੇ ਬਹੁੜ ਨ ਭਉਜਲ ਪਈਐ ਰੇ ॥

। ਦੋਹਰਾ ।
ਰਾਮ ਨਾਮ ਹਿਰਦੇ ਧਰੋ, ਰਾਮ ਰਾਮ ਗੁਨ ਗਾਉ ।
ਸਿਘਾ ਤੇਰਾ ਨਾਮ ਹੀ, ਇਥੇ ਉਥੇ ਸਹਾਇ ॥ਸਮਾਪਤੰ॥ (ਪੱਤਰਾ ੪੩)

(ਸ) ਵਿਚਾਰ ਮਾਲਾ (ਅਨਾਥਪੁਰੀ) ਸੰਮਤ ੧੭੨੬ ਬਿ. ।

ਆਰੰਭ–੧ੴ ਸਤਿਗੁਰ ਪ੍ਰਸਾਦਿ। ਸੁਅਸਤ ਸ੍ਰੀ ਗਣੇਸਾਯ ਨਮ: । ਪਰਮਾਤਮਨੇ ਨਮ: । ਅਥ ਵਿਚਾਰ ਮਾਲਾ ਗੁਰ ਸਿਖ ਸੰਬਾਦੇ ਲਿਖਯਤੇ ॥ਦੋਹਰਾ॥ ਨਮੋ ਨਮੋ ਸ੍ਰੀ ਰਾਮ ਜੂ, ਸਤਿ ਚਿਤ ਆਨੰਦ ਰੂਪ ।... (ਪੱਤਰਾ ੧)

ਅੰਤ– ਅਸਟਾ ਵਕ੍ਰ ਬਸਿਸਟ ਪੁਨਿ, ਕਛੁਕ ਆਪਣੀ ਉਕਤ ॥੪੩॥
ਇਤਿ ਸ੍ਰੀ ਵਿਚਾਰ ਮਾਲ ਆਤਮਵਾਨ ਕੀ ਥਿਤਿ ਅਸਟਮੋ ਬਿਸ੍ਰਾਮ । ਸ੍ਰੀ ਵਿਚਾਰ ਮਾਲ ਸੰਪੂਰਣੰ ॥ (ਪੱਤਰਾ ੧੭)

(ਹ) ਛਪੈ ਰਜਬ ਜੀ ਕੇ

ਆਰੰਭ--੧ੴ ਸਤਿਗੁਰ ਪ੍ਰਸਾਦਿ । ਛਪੇ ਰਜਬ ਜੀ ਕੇ ਲਿਖਯਤੇ । ਛਪੈ । ਬੈਰਾਗਰ ਮੈ ਬਿਭੌ ਅਸਟ ਕੁਲ ਪਾਰਸ ਧਰੀਅਹਿ ।... (ਪੱਤਰਾ ੧੮)

ਅੰਤ--ਦਾਦੂ ਤੁਮ ਜੀਅ ਕੇ ਅਉਗਨ ਤਜੇ, ਸੁ ਕਾਰਨ ਕਉਨ ਅਗਾਧ ।
ਮੇਰੀ ਜਰਨਾ ਦੇਖ ਕੈ, ਮਤ ਕੋ ਸੀਖੇ ਸਾਧ ॥੧॥ ਸੰਪੂਰਣੰ ॥ ਸਮਾਪਤੰ ॥੯੦॥ ਛਪੈ ਸੰਪੂਰਨ ਹੋਏ। (ਪਤਰਾ ੩੭)

(ਕ) **ਚਣਾਕਾ ਸ਼ਾਸਤ੍ਰ** (ਸੈਨਾਪਤਿ)

ਆਰੰਭ–੧ੴ ਸਤਿਗੁਰ ਪ੍ਰਸਾਦਿ । ਅਥ ਚਣਾਕਾ ਸਾਸਤ੍ਰ ਲਿਖਤੇ ॥ ਦੋਹਰਾ ॥
ਪ੍ਰਣਵਤ ਹੋ ਸ੍ਰੀ ਬਿਸਨ ਕੋ, ਜੋ ਤ੍ਰਿਲੋਕ ਕੋ ਰਾਇ ।.. (ਪੱਤਰਾ ੩੭)

ਅੰਤ– ਗੁਰ ਗੋਬਿੰਦ ਕੀ ਸਭਾ ਮੈ, ਲੇਖਕ ਪਰਮ ਸੁਜਾਨ ।
ਚਾਣਾਕੇ ਭਾਖਾ ਕਰੀ, ਕਵਿ ਸੈਨਾਪਤਿ ਮਾਨ ॥੧੧॥
ਇਤ ਬ੍ਰਿਧ ਚਾਣਾਕੇ ਭਾਖਾ ਖੋੜਸ ਧਿਆਇ ॥ ੧੬ ॥ (ਪੱਤਰਾ ਪ੧)

(ਖ) **ਸਰਬੰਗੀ ਗ੍ਰੰਥ** (ਗਰਬਦਨ ਸਿੰਘ)

ਆਰੰਭ–੧ੴ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਯ ਨਮ: ।
ਸ੍ਰੀ ਗੁਰ ਨਾਨਕ ਕੌ ਨਮੋ, ਚਿਦ ਬਪੁ ਰੂਪ ਮੁਰਾਰਿ ।
ਕਲਿ ਕੇ ਜੀਵ ਉਧਾਰ ਹਿਤ, ਜਾਹਿ ਲੀਨ ਅਵਤਾਰ ॥੧॥
ਸ੍ਰੀ ਗੁਰ ਗੋਬਿੰਦ ਸਿੰਘ ਜੀ, ਦਸਮ ਰੂਪ ਅਵਤਾਰ ।
ਮਾਰ ਮਲੇਛਨ ਕੋ ਥਪਿਓ, ਖਾਲਸ ਪੰਥ ਉਦਾਰ ॥ ੨ ॥
ਸਭ ਸੰਤਨ ਕੇ ਵਾਕ ਸੁਭ, ਕਰੋ ਇਕਤ੍ਰ ਬਨਾਇ ।
ਗ੍ਰੰਥ ਸਰਬੰਗੀ ਨਾਮ ਯਹਿ, ਸੁਨੋ ਸੰਤ ਚਿਤ ਲਾਇ ॥ ੩ ॥ (ਪੱਤਰਾ ੧)

ਅੰਤ– ਸਭ ਸੰਤਨ ਕੇ ਵਾਕ ਯਹਿ, ਸਿਲਾ ਚੀਨ ਕਰ ਲੀਨ ।
ਜੋ ਯਾ ਕਉ ਪੜਹੈ ਸੁਨੈ, ਹੋਵੈ ਬਹੁ ਪ੍ਰਬੀਨ ॥੭੬੨॥
ਸ੍ਰੀ ਹਰਿ ਜੀ ਕੋ ਦਾਸ ਜੋ, ਤਿਹ ਦਾਸਨ ਕੋ ਦਾਸ ।
ਗੁਰ ਬਦਨ ਹਰੀ ਹੈ ਨਾਮ ਤਿਹ, ਕੀਨੋ ਯਹਿ ਅਭਿਆਸ ॥੭੬੩॥
ਸਭ ਭਗਤਨ ਕੇ ਵਾਕ ਯਹਿ, ਭਗਤਿ ਪ੍ਰਾਪਤ ਹੋਇ ।
ਜੋ ਮਨਸਾ ਮਨ ਮੇਂ ਧਰੈ, ਯਾ ਤੇ ਪਾਵੇ ਸੋਇ ॥੭੬੪॥ (ਪੱਤਰਾ ੭੩)

(ਗ) **ਪ੍ਰਮਾਣਾਂ ਕੇ ਨਾਮ** (ਨਾਮਾਲੂਮ ਲੇਖਕ)

ਆਰੰਭ–ਅਬ ਪ੍ਰਮਾਣਾਂ ਕੇ ਨਾਮ ਲਿਖਯਤੇ। ਪ੍ਰਤਖਯ ਪ੍ਰਮਾਣ ॥੧॥
ਅਨੁਮਾਨ ਪ੍ਰਮਾਣ ॥੨॥ ਉਪਮਾਨ ਪ੍ਰਮਾਣ ॥੩॥... (ਪੱਤਰਾ ੧)

ਅੰਤ– ਅੰਤਹ ਯਕ ਪੁਨ ਸਾਂਭਵਕ, ਆਢਿਕ ਦੂਜੋ ਨਾਮ ।
ਅਸਟਮਾਨ ਇਨ ਕੇ ਸਹਿਤ, ਪੌਰਾਣਕ ਕੇ ਨਾਮ ॥ (ਪੱਤਰਾ ੨)

੧੧. ਸਦ ਸੁਖ ਪ੍ਰਕਾਸ਼ (ਨੰ. ੪੯੮, ਪੰ. ਯੂ. ਚੰ.)

ਲੇਖਕ–ਕਰਮ ਸਿੰਘ, ਨਿਰਮਲਾ। ਆਕਾਰ–7¾" × 9¾", ਲਿਖਤ 5" × 6¼" ।

ਵੇਰਵਾ–ਪੱਤਰੇ ੭੧; ਪ੍ਰਤੀ ਸਫ਼ਾ ੧੬ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੱਤਰੇ ੩੮–੩੯ ਗੁੰਮ, ਜਿਸ ਕਰਕੇ ਪੁਸਤਕ ਅਧੂਰੀ ਹੈ ।

ਸਮਾਂ–ਸੰਮਤ ੧੯੨੧ ਬਿ.। ਲਿਖਾਰੀ–ਨਾਮਾਲੂਮ ।

ਆਰੰਭ–੧ ੴ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਯ ਨਮ:
੧ ਓਅੰ ਆਦੀ ਸਰਬ ਕੇ, ਸ੍ਰੀਂ ਰਾਮ ਲਖ ਸੋਹ ।
ਤਤੂੰ ਸੋਈ ਬਨਤ ਹੈ, ਨਮੋ ਨਮੋ ਤਿਹ ਮੋਹ ॥੧॥ (ਪੱਤਰਾ ੧)

ਅੰਤ– ਸੰਗਤ ਸੁਤ ਜੋ ਹੁਕਮ ਹਰਿ, ਤਿਹ ਸੁਤ ਕਰਮ ਹਰਿ ਜਾਨ ।
ਸਦ ਸੁਖ ਪ੍ਰਕਾਸ ਗ੍ਰੰਥਿ ਜੋ, ਕੀਨੋ ਤਾਹਿ ਬਖਾਨ ॥੯੦॥

ਜੋ ਜੋ ਯਾ ਕੋ ਪੜ੍ਹੈਗੋ, ਬ੍ਰਹਮ ਬ੍ਰਹਮ ਹੀ ਹੋਇ ।
ਯਾ ਤੇ ਪਰ ਸੁਖ ਕੋਇ ਨਹਿ, ਭਨੇ ਬੇਦ ਇਮ ਜੋਇ ॥੯੧॥
ਸੁਧਾ ਸਰ ਤਟ ਥਿੱਤ ਹੋਇ, ਰਚੀ ਰਚਨ ਇਹ ਚਾਹ ।
ਆਤਮ ਦ੍ਰਿੜ ਕੇ ਹੇਤ ਗੁਨ, ਔਰ ਹੇਤੁ ਕੋ ਨਾਹ ॥੯੨॥
ਸੁਰਤ ਮੂਰਖ ਹਠੀ ਜੋ, ਪੁਨਾ ਨਿਸਰਧਕ ਜੋਇ ।
ਤਾਕੋ ਨਾਹ ਬਖਾਨ ਇਹ, ਇਹ ਸੁਖ ਜੋਗ ਨ ਸੋਇ ॥੯੩॥
ਆਤਮ ਚਖ ਗ੍ਰਹ ਜਾਣ ਕੈ, ਗਣਪਤ ਤਦਨ ਪ੍ਰਕਾਸ ।
ਉਲਟ ਗਨਨ ਸੰਮਤ ਸੁਦੀ, ਤ੍ਰੌਦਸ ਫਗਨ ਮਾਸ ॥੯੪॥

ਇਤਿ ਸ੍ਰੀ ਮਤ ਭਾਗ ਸਿੰਘ ਚਰਣ ਸਿਖਜਤ ਕਰਮ ਸਿੰਘੇਨ ਦਯਾ ਹੁਕਮ ਸਿੰਘ ਆਤਮਜੇਨ ਬਿਰਚਿਤੇ ਸਦ ਸੁਖ ਪ੍ਰਕਾਸੇ ਅਪਰਮਾ ਜੀਵਨ ਮੁਕਤ ਅਵਸਥਾ ਵਿਦੇਹ ਮੁਕਤ ਨਿਰੂਪਨੰ ਖਸਟਮੋ ਹੁਲਾਸ ਸੁਭੰ ਭਵੇਤਿ ॥੬॥

(ਪੱਤਰਾ ੭੦–੭੧)

(ਨੰ. ੧੨੫, ਪੰ. ਪ੍ਰੀ. ਸਿੰ.)

੧੨. ਸਮਾਧਾਨ ਸੰਗ੍ਰਹ

ਲੇਖਕ–ਸੁਆਮੀ ਸੂਰਜ ਪ੍ਰਕਾਸ਼ । ਆਕਾਰ–10″ × 5½″, ਲਿਖਤ 8¾″ × 4½″ ।

ਵੇਰਵਾ– ਪੱਤਰੇ ੪੨, ਪੱਤਰਾ ਨੰ. ੪੦, ੪੧ ਗੁੰਮ; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਵਿਲਾਇਤੀ ਭੁਰਭੁਰਾ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਅਸ਼ੁੱਧ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਖੁਲ੍ਹੇ ਪੱਤਰੇ ।

ਸਮਾਂ–ਪੁਸਤਕ ੬੦ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ–ਨਾਮਾਲੂਮ ।

ਆਰੰਭ–੧ ਓ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਯ ਨਮ: । ਅਥ ਸਮਾਧਾਨ ਸੰਗ੍ਰਹ ਲਿਖਯਤੇ । ਅਥ ਬਸਤੂ ਨਿਰਦੇਸ਼ ਰੂਪ ਮੰਗਲ ।
ਦੋਹਰਾ । ਕਾਰਨ ਕਾਰਜ ਗਨ ਅਹੈ, ਤਾਹਿ ਅਧਾਰ ਗਣੇਸ ।
ਸੂੰ ਪ੍ਰਕਾਸ਼ ਕਰ ਰਾਜ ਹੀ, ਸੋਹੇ ਬਿਘਨ ਹਨੇਸ਼ ॥ (ਪੱਤਰਾ ੧)

ਅੰਤ–ਬੋਧ ਰੂਪ ਆਤਮ ਵਿਖੈ, ਬੰਧ ਮੋਖ ਕਬਿ ਨਾਹਿ ।
ਸੁਪ੍ਰਕਾਸ ਸੂਰਜ ਵਿਖੈ, ਨਿਸ ਵਾਸਰ ਨਹਿ ਆਹਿ ॥
ਇਤਿ ਸ੍ਰੀ ਸਮਾਧਾਨ ਸੰਗ੍ਰਹ ਸਮਾਪਤੰ । (ਪੱਤਰਾ ੪੨)

(ਨੰ. ੭੨੨, ਪੰ. ਯੂ. ਚੰ.)

੧੩. ਸੁਪ੍ਰਕਾਸ਼ ਗ੍ਰੰਥ ਭਾਖਾ (ਅਗਯਾਨ ਬੋਧਨੀ ਆਦਿ ਸਮੇਤ)

ਲੇਖਕ–ਰਾਮ ਗੁਮਾਨ, ਪਰਮ ਹੰਸ । ਆਕਾਰ–9½″ × 6¾″, ਲਿਖਤ 6½″ × 4½″ ।

ਵੇਰਵਾ– ਪੱਤਰੇ ਸ੍ਰੀ ਸੁਪ੍ਰਕਾਸ਼ ਗ੍ਰੰਥ ਭਾਖਾ ੧੩੦, ਅਗਿਆਨ ਬੋਧਨੀ (ਦਿਆਲ ਅਨੋਮੀ) ੧੩੦–੭੩, ਵਿਚਾਰਾ ਮਾਲਾ (ਅਨਾਥਪੁਰੀ) ੧੭੪–੯੦ ਤੇ ਅਪੋਖ ਅਨੁਭਵ ੧੯੧–੨੦੦; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਆਦਿ ਲਾਲ ਸਿਆਹੀ ਨਾਲ ਅੰਕਿਤ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ– ਇਕ ਸੌ ਸਾਲ ਤੋਂ ਵੱਧ ਪੁਰਾਣੀ ਲਿਖਤ ਹੈ । ਲਿਖਾਰੀ–ਨਾਮਾਲੂਮ ।

ਆਰੰਭ–੧ ਓ ਸ੍ਰੀ ਪਰਮਾਤਮਨੇ ਨਮ: ॥ਦੋਹਰਾ॥
ਬੰਦੋ ਮੰਗਲ ਰੂਪ ਪ੍ਰਭ, ਚਿਦਾਨੰਦ ਨਹ ਵੇਵ ।
ਸਿਵ ਸੁਤ ਦੇਵੀ ਦੇਵ ਮੁਨਿ, ਜਾ ਮੋ ਸਭ ਸਾਵੇਵ ॥੧॥ (ਪੱਤਰਾ ੧)

ਅੰਤ– ਜੋ ਯਾ ਕੋ ਪਢ ਕਰ ਕਰੈ, ਦਿਨ ਦਿਨ ਸਰਸ ਸੁਹਿਤ ।
ਸਰਬਦਾ ਕਰੈ ਵਿਚਾਰੁ ਪੁਨੁ, ਪਾਵੈ ਗਿਯਾਨੁ ਅਮਿਤ ॥੪੯੭॥
ਇਤਿ ਸ੍ਰੀ ਸੁਪ੍ਰਕਾਸ਼ ਗ੍ਰਿੰਥ ਭਾਸਾ ਰਾਮੁ ਗੁਮਾਨੁ ਪਰਮੁ ਹੰਸ (ਪਰਿ) ਵਿਰਾਜਕਾ(ਚਾਰਜ) ਨਾਮੁ ਸੁਭਮਸਤ ॥੨॥੧॥੫॥੨॥ (ਪੱਤਰਾ ੧੩੦)

ਇਸ ਤੋਂ ਅੱਗੇ ਇਸ ਹੱਥ ਲਿਖਤ ਵਿਚ ਕ੍ਰਮ-ਅਨੁਸਾਰ ਅਗਿਆਨ ਬੋਧਨੀ (ਦਿਆਲ ਅਨੋਮੀ), ਵਿਚਾਰ ਮਾਲਾ (ਅਨਾਥ ਪਰੀ) ਤੇ ਅਪ੍ਰੋਖ ਅਨੁਭਵ (ਸ਼ੰਕਰਾਚਾਰਜ) ਸਮਿੱਲਿਤ ਹਨ ।

(ਨੰ. ੧੧੧, ਪੰ. ਯੂ. ਚੰ.)

੧੪. ਸੂਰਜਨ ਬੋਧ

ਲੇਖਕ– ਸੁਰਜਨ ਦਾਸ, ਅਜਾਤ । ਆਕਾਰ– 7¾″×6″, ਲਿਖਤ 5¾″×4″ ।

ਵੇਰਵਾ– ਪੱਤਰੇ ੮੦; ਪ੍ਰਤੀ ਸਫ਼ਾ ੧੧ ਸਤਰਾਂ; ਕਾਗ਼ਜ਼ ਵਿਲਾਇਤੀ, ਹਰਾ (ਧਾਰੀਦਾਰ); ਲਿਖਤ ਸਾਫ਼, ਪਰ ਬੇਪਰਵਾਹੀ ਨਾਲ ਲਿਖੀ ਹੋਣ ਕਰਕੇ ਕਈ ਥਾਵੀਂ ਅਸ਼ੁੱਧ ਵੀ ਹੈ, ਜੋ ਹਰਤਾਲ ਫ਼ੇਰ ਕੇ ਜਾਂ ਹੋਰ ਕ਼ਲਮ ਨਾਲ ਸੋਧੀ ਹੋਈ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਜਿਲਦ ਸਿੱਧੀ ਸਾਦੀ; ਪੁਸਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ– ਰਚਨਾ ਕਾਲ: ਸੰਮਤ ੧੯੦੮ ਬਿ. ਤੇ ਨਕਲ: ਸੰਮਤ ੧੯੨੮ ਬਿ. । ਲਿਖਾਰੀ–ਭਾਈ ਹਰੀ ਸਿੰਘ ਚੇਲਾ ਬਾਵਾ ਚੇਤਨ ਦਾਸ ਦਾ ।

ਆਰੰਭ–੧ ਓ ਸ੍ਰੀ ਸਤਿਗੁਰ ਨਿਜਾਨੰਦ ਨਮ: । ਸ੍ਰੀ ਸ੍ਰੀ ਨਮ: । ਅਥਿ ਸੁਰਜਣ ਬੋਧ ਸਾਖਜਾਤ ਲਿਖਜਤੇ ॥ਦੋਹਰਾ॥
ਤ੍ਰਿਧਾ ਨਮੋ ਪਰਮਾਤਮਾ... ... । (ਪੱਤਰਾ ੧)

ਅੰਤ– ਉਤਮ ਗ੍ਰੰਥ ਵਖਾਨਿਯੋ, ਪਠ ਸੁਨ ਸ਼ੋਕ ਵਿਲਾਇ ।
ਆਤਮ ਵਸਤੂ ਅਨੁਭਵੈ, ਬੁਧ ਵਿਪ੍ਰਯ ਜਾਇ ॥੯੦॥
ਸੁਰਜਣ ਬੋਧ ਸਾਖਜਾਤ ਯਹ, ਨਾਮ ਸੁ ਧਰਿਯੋ ਵਿਚਾਰੁ ।
ਉਰ ਧਰ ਜਵ ਹਰ ਭੋਮ ਲਹ, ਜੋਇ ਸਰਬ ਤੇ ਸਾਰ ॥੯੧॥
ਸ਼ਾਸਤ੍ਰਨ ਕੋ ਮਤ ਪਾਇ ਕੇ, ਕਹਿਯੋ ਗ੍ਰੰਥ ਸਮੁਦਾਯ ।
ਸੁਰਜਣ ਦਾਸ ਅਜਾਤ ਕਛੁ ਅਨੁਭਵ ਉਕਤ ਸੁ ਪਾਯ ॥੯੨॥
ਅਜਨਿਆ ਵਾਲੇ ਨਗਰ ਮੈ, ਕਹਿਯੋ ਸੰਪੂਰਣ ਗ੍ਰਿੰਥ ।
ਸੁਰਜਣ ਦਾਸ ਅਜਾਤ ਥਿਤ, ਤਹਿ ਪਦ ਪੂਰਨ ਪੰਥ ॥੯੩॥

ਇਤ ਸ੍ਰੀ ਸਾਰ ਪ੍ਰੀਖਿਯਾ ਸੁਰਜਣ ਦਾਸ ਅਜਾਤ ਸੁਰਜਣ ਬੋਧ ਸਖਜਾਤ ਗ੍ਰਿੰਥ, ਜੀਵਨ ਮੁਕਤ ਸਰੂਪ ਬਰਨਨੰ ਇਤ ਪੰਚਮ ਪ੍ਰਕਰਣ: ॥੫॥ ਸਮਾਪਤੰ ॥ ਸੁਭੰ ॥ਦੋਹਰਾ॥
ਸ੍ਰੀ ਗੁਰ ਚੇਤਨ ਦੇਵ ਕੇ, ਪਾਦ ਪਦਮ ਸੋਹਾਇ ।
ਤਿਨ ਕੋ ਹਮਰੀ ਬੰਧਨਾ, ਮਿਹਰ ਸਰਵਰੀ ਆਇ ॥੧॥...
ਗੁਰ ਚੇਤਨ ਜਸ ਅਧਕ ਹੈ, ਮੋ ਮਤ ਤੁਛ ਭਵ ਪਾਇ ।
ਸੇਸ ਸਾਰਦਾ ਅੰਤ ਨਾ, ਜੇ ਜੁਗ ਅਨਕ ਬਿਹਾਇ ॥੨॥
ਸੰਮਤ ਬਸ ਕਰ ਨਾਥ ਧਰ, ਭਾਦ੍ਰ ਵਿੰਸ ਦਿਨ ਜਾਇ ।
ਸਾਮ ਪਖੰ ਤਿਥ ਬੇਦ ਹੈ, ਲਿਖਯੋ ਗ੍ਰਿੰਥ ਸਮੁਦਾਇ ॥੩॥...
ਸ੍ਰੀ ਗੁਰ ਚੇਤਨ ਦੇਵ ਸਿਸ, ਹਰ ਮ੍ਰਿਗਿੰਦ ਅਜਾਤ ।
ਸੁਰਜਣ ਬੋਧ ਗ੍ਰੰਥ ਜੋ, ਲਿਖਿਯੋ ਤਿਹ ਵਿਖਜਾਤ ॥੪॥
ਕਵਿ ਨਾਤੀ ਹਜਰੋ ਥਿਤੀ, ਤਿਹ ਲਿਖਾਇ ਸਹਿ ਪ੍ਰੇਮ ।
ਦਾਸ ਗਣੇਸ ਅਜਾਤ ਜੀ, ਰਾਮ ਸਿਘ ਹਿਤ ਖੇਮ ॥੫॥ (ਪੱਤਰਾ ੮੦)

੧੫. (ੳ) ਖਟ ਪ੍ਰਸ਼ਨੀ (ਸ਼ਤ ਪ੍ਰਸ਼ਨੋੱਤਰੀ ਆਦਿ ਸਮੇਤ) (ਨੰ. ੧੫੪ ਖ਼ਾ. ਕਾ. ਪ.)

ਲੇਖਕ– ਸਾਧੂ ਮਨੋਹਰ ਦਾਸ, ਨਿਰੰਜਨੀ । ਆਕਾਰ–7″×5″, ਲਿਖਤ 4¾″×3½″ ।

ਵੇਰਵਾ– ਪੱਤਰੇ ਖਟ ਪ੍ਰਸ਼ਨੀ ੧੪੦, ਸ਼ਤ ਪ੍ਰਸ਼ਨੋੱਤਰੀ ੪੮, ਗਯਾਨ ਮੰਜਰੀ ੫੦, ਗਯਾਨ ਚੂਰਣ ਵਚਨਿਕਾ ੪੭, ਬੇਦਾਂਤ ਪਰਿਭਾਖਾ ੪੭; ਕੁਲ ਜੋੜ : ੩੩੨, ਪ੍ਰਤੀ ਸਫ਼ਾ ੯ ਸਤਰਾਂ, ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ; ਕਈ ਥਾਵੀਂ ਕਾਗ਼ਜ਼ ਕੁਝ ਕਿਰਮ ਖ਼ੁਰਦਾ, ਜਿਸ ਕਰਕੇ ਪੱਤਰਿਆਂ ਉਤੇ ਛੇਕ ਪਏ ਹੋਏ; ਵੈਸੇ ਇਹ ਪੁਸਤਕ-ਸੰਗ੍ਰਹ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ– ਨਿਸ਼ਚਿਤ ਨਹੀਂ । ਲਿਖਾਰੀ—ਨਾਮਾਲੂਮ ।

ਆਰੰਭ–੧ ਓ ਸਤਿਗੁਰ ਪ੍ਰਸਾਦਿ ।..ਅਥ ਖਟ ਪ੍ਰਸਨੀ ਆਰੰਭਤੇ । ਪ੍ਰਥਮ ਗ੍ਰੰਥ ਕੋ ਕਰਤਾ ਗ੍ਰੰਥ ਕੀ ਆਦਿ ਇਸਟ ਦੇਵਤਾ ਕੋ ਸ੍ਰੂਪ

ਦਿਖਾਵਤ ਹੈ ਅਰੁ ਤਾ ਗ੍ਰੰਥ ਕੀ ਨਿਰਬਿਘਨਤਾ ਸਿਧ ਕਰਬੇ ਕੋ ਰਿਦੇ ਮਾਝ ਤਾ ਕੋ ਸ੍ਵਰੂਪ ਚਿਤਵਨ ਕਰ ਕੈ ਨਮਸਕਾਰ ਕਰੈ ਹੈਂ ॥ਦੋਹਰਾ॥
ਦ੍ਰਿਸਟਾ ਏਕ ਸ੍ਵਰੂਪ ਹੈ, ਜੀਵੇਸ੍ਵਰ ਨਹੀਂ ਭੇਤ ।
ਸੋ ਸ੍ਵਰੂਪ ਉਰ ਬੰਦ ਕੈ, ਬਿਘਨ ਸਭੈ ਤਜ ਦੇਤ ॥੧॥ (ਪੱਤਰਾ ੧)

ਅੰਤ– ਅਹੰ ਬ੍ਰਹਮ ਬਿਸਰਾਮਤਾ, ਸੋ ਅਸੰਗਤਾ ਦੇਖ ।
ਮਨ ਬਚਨਨ ਕੇ ਸੋ ਪਰੈ; ਰਹਜੋ ਏਕ ਅਬਿਸੇਖ ॥੨੯੨॥
ਇਤਿ ਸ੍ਰੀ ਖਟ ਪ੍ਰਸਨੀ ਨਿਰਨੈ ਨਾਮ ਭਾਖਾ ਗ੍ਰੰਥ ਮਨੋਹਰ ਦਾਸ ਨਿਰੰਜਨੀ ਕਥਤੇ ਸੰਪੂਰਨੰ।... (ਪੱਤਰਾ ੧੪੦)

(ਅ) ਸਤ ਪ੍ਰਸ਼ਨੋੱਤਰੀ (ਮਨੋਹਰ ਦਾਸ, ਨਿਰੰਜਨੀ)

ਆਰੰਭ–੧ ਓਂ ਸਤਿਗੁਰ ਪ੍ਰਸਾਦਿ । ਅਥ ਗ੍ਰੰਥ ਸਤ ਪ੍ਰਸਨੋਤਰੀ ਲਿਖਜਤੇ । ਸੋਰਠਾ । ਬਾਚਜ ਲਖ ਕਰ ਜਾਨ ।... (ਪੱਤਰਾ ੧)

ਅੰਤ– ਹੌਂ ਮੈਂ ਹੌਂ ਤੂੰ ਨਾਹਿ; ਹੌਂ ਮੈਂ ਹੌਂ ਤੂੰ ਹੈ ਕਹੀ ।
ਸਭ ਹੈ ਹੌਂ ਤੂੰ ਮਾਹਿ, ਹੌਂ ਤੂੰ ਹੌਂ ਤੂੰ ਏਕ ਹੀ ॥੧੩॥
ਇਤਿ ਸ੍ਰੀ ਸਤ ਪ੍ਰਸਨੋਤਰੀ ਭਾਖਾ ਗ੍ਰੰਥ ਮਨੋਹਰ ਦਾਸ ਨਿਰੰਜਨੀ ਕ੍ਰਿਤ ਨਵਮੋ ਖੰਡ ॥੯॥ ਸੰਪੂਰਨੰ ।... (ਪੱਤਰਾ ੪੭)

(ੲ) ਗਜਾਨ ਮੰਜਰੀ (ਮਨੋਹਰ ਦਾਸ, ਨਿਰੰਜਨੀ) ਸੰਮਤ ੧੭੧੬ ਬਿ. ।

ਆਰੰਭ–੧ ਓਂ ਸਤਿਗੁਰ ਪ੍ਰਸਾਦਿ ।...ਅਥ ਗਜਾਨ ਮੰਜਰੀ ਲਿਖਜਤੇ ॥ਦੋਹਰਾ॥
ਆਤਮ ਕੇ ਅਗਜਾਨ ਤੇ, ਸਭੇ ਉਪਜੇ ਜਾਨ ।
ਗਜਾਨ ਭਏ ਤੇ ਲੀਨ ਸਭ, ਨਮਸਕਾਰ ਤਿਹ ਮਾਨ ॥੧॥ (ਪੱਤਰਾ ੧)

ਅੰਤ– ਮਨੋਹਰ ਦਾਸ ਨਿਰੰਜਨੀ. ਸੋ ਸ੍ਵਾਮੀ ਸੋ ਦਾਸ ।
ਸ੍ਵਾਮਿ ਦਾਸ ਭਯੋ ਏਕ ਸੋ, ਮਹਾਕਾਸ ਘਟਾਕਾਸ ॥੩੮੯॥
ਇਤਿ ਸ੍ਰੀ ਗਜਾਨ ਮੰਜਰੀ ਨਾਮ ਭਾਖਾ ਗ੍ਰੰਥ ਕਥਤੇ ਮਨੋਹਰ ਦਾਸ ਨਿਰੰਜਨੀ, ਸੰਪੂਰਨੰ ਸੁਭਮਸਤੁ . .। (ਪੱਤਰਾ ੫੦)

(ਸ) ਗਜਾਨ ਚੂਰਣ ਵਚਨਿਕਾ (ਮਨੋਹਰ ਦਾਸ, ਨਿਰੰਜਨੀ)

ਆਰੰਭ–੧ ਓਂ ਸ੍ਰੀ ਗਣੇਸਾਯ ਨਮ: । ਅਥ ਗਜਾਨ ਚੂਰਨ ਬਚਨਕਾ ਲਿਖਤੇ ॥ਦੋਹਰਾ॥ ਰਬਿ ਗੁਰ ਦ੍ਵੈ ਸਮ ਤੁਲਜ ਹੈ. .। (ਪੱਤਰਾ ੧)

ਅੰਤ– ਨਿਰਗਤ ਅੰਜਨ ਰੂਪ ਜੋ, ਸੋਈ ਨਿਰੰਜਨ ਜਾਨ ।
ਸੋਈ ਅਪਨਪੌ ਆਪ ਹੈ, ਅਹੰ ਰੋਗ ਬਿਲੈ ਮਾਨ ॥੪॥
ਇਤਿ ਸ੍ਰੀ ਗਜਾਨ ਚੂਰਨ ਬਚਨਕਾ ਸੰਪੂਰਨ ॥ਸੁਭੰ ਭੂਜਾਤ॥ (ਪੱਤਰਾ ੪੭)

(ਹ) ਬੇਦਾਂਤ ਪਰਿਭਾਖਾ (ਮਨੋਹਰ ਦਾਸ, ਨਿਰੰਜਨੀ) ਸੰਮਤ ੧੭੧੬ ਬਿ ।

ਆਰੰਭ–੧ ਓਂ ਸਤਿਗੁਰ ਪ੍ਰਸਾਦਿ ।...ਅਥ ਬੇਦਾਂਤ ਪਰਿਭਾਖਾ ਲਿਖਜਤੇ ।
ਕਰਤਾ ਗ੍ਰੰਥ ਕਰਬੇ ਮੈਂ ਨਿਰਬਿਘਨਤਾ ਸੁਖ ਚਾਹੇ ਹੈ...। (ਪੱਤਰਾ ੧)

ਅੰਤ– ਅਸੁਜ ਬਦੀ ਹੈ ਚਤੁਰਦਸੀ, ਕ੍ਰਿਸਨ ਪੱਖ ਸਨਿਵਾਰ ।
ਭਾਖਾ ਪੂਰਨ ਸਬ ਭਈ, ਮਾਸ ਏਕ ਕ੍ਰਿਤ ਕਾਰ ॥
ਇਤਿ ਸ੍ਰੀ ਬੇਦਾਂਤ ਪ੍ਰਭਾਖਾ ਮਹਾ ਬਾਕ ਨਾਮ ਸੰਪੂਰਨੰ ।... (ਪੱਤਰਾ ੪੭)

੧੬. (ੳ) ਸਿੱਧਾਂਤ ਰਹਸਜ (ਨੰ. ੪੬੫, ਪੰ. ਯੂ. ਚੰ.)

ਲੇਖਕ– ਸ੍ਵਾਮੀ ਸਦਾਨੰਦ । ਆਕਾਰ—$6\frac{1}{2}'' \times 4\frac{3}{4}''$, ਲਿਖਤ $4\frac{1}{4}'' \times 3\frac{1}{4}''$ ।

ਵੇਰਵਾ– ਪੱਤਰੇ ਸਿੱਧਾਂਤ ਰਹਸਜ ੧੧੧, ਆਤਮ ਵਿਚਾਰ ਗ੍ਰੰਥ ੧੧੬, ਜੋੜ: ੨੨੭; ਪ੍ਰਤੀ ਸਫ਼ਾ ੧੦ ਸਤਰਾਂ, ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸੁੰਦਰ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ, ਵਿਸ਼੍ਰਾਮ-ਚਿੰਨ੍ਹ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ; ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ– ਹੱਥ ਲਿਖਤ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ--ਨਾਮਾਲੂਮ ।

ਆਰੰਭ–੧ ਓ ਸਤਿਗੁਰ ਪ੍ਰਸਾਦਿ। ਸ੍ਰੀ ਗਣੇਸਾਯ ਨਮ: । ਅਥ ਸਿਧਾਂਤ ਰਹਸਯ ਸਦਾਨੰਦ ਕ੍ਰਿਤ ਲਿਖਯਤੇ ॥ਦੋ॥
ਚਿਦਾਨੰਦ ਮੈ ਬ੍ਰਹਮ ਜੋ, ਪਰਮ ਪ੍ਰਕਾਸ ਸਰੂਪ ।... (ਪੱਤਰਾ ੧)

ਅੰਤ– ਰਾਮ ਦਿਆਲ ਪ੍ਰਸਾਦ, ਕਹਿਓ ਸਿਧਾਂਤ ਰਹਸ ਮੁਹ ।
ਯਥਾ ਵੇਦ ਪ੍ਰਤਿਪਾਦ, ਸਦਾਨੰਦ ਤਿਵ ਉਚਰਯੋ ॥੧੨੯॥
ਇਤਿ ਸ੍ਰੀ ਮਤ ਪਰਮਹੰਸ ਪ੍ਰਬਿਰਾਜਕਾਚਾਰਜ ਰਾਮ ਦਿਆਲ ਪਰਮ ਸਿਖ ਸਦਾਨੰਦ ਵਿਦੁਖਾ ਵਿਰਚਿਤੇ ਵੇਦਾਂਤ ਪ੍ਰਕਰਣੇ ਸਿਧਾਂਤ ਰਹਸੇ ਵਿਦਾਂਤ ਸਾਰ ਵਰਨਨੰ ਨਾਮ ਅਸਟਮੋ ਸਥਲ ਸਮਾਪਤੰ ॥੮॥ ਅਖੰਡ ਸਦਾਨੰਦ ਕ੍ਰਿਤ ਸਿਧਾਂਤ ਰਹਸ ਨਾਮ ਗ੍ਰਿੰਥ ॥੧॥ ਸੰਖ੍ਯਾਸਥਲ । ਪ੍ਰਿਥਮਸਥਲ ॥੭੯॥ ਦੁਤੀਯ ਸਥਲ ॥੮੬॥ ਤ੍ਰਿਤੀਯ ਸਥਲ ॥ ੬੭ ॥ ਚਤ੍ਰਥਸਥਲ ॥੧੩੩॥ ਪੰਚਮ ਸਥਲ ॥੧੦੮॥ ਖਸਟਮ ਸਥਲ ॥੧੨੨॥ (ਪੱਤਰਾ ੧੧੧)

(ਅ) ਆਤਮ ਵਿਚਾਰ ਗ੍ਰੰਥ (ਲੇਖਕ--ਕਵਿ ਮਾਣਕ)

ਆਰੰਭ–੧ ਓ ਸ੍ਰੀ ਪਰਮਾਤਮਨੇ ਨਮ: । ਸ੍ਰੀ ਕ੍ਰਿਸਨਾਯ ਨਮ: । ਸ੍ਰੀ ਰਾਮ ਚੰਦ੍ਰਾਯ ਨਮ: ॥ਦੋ॥
ਮੰਗਲਾਯਨ ਕਰਣਾਯਤਨ, ਸਰਬ ਕਲਯਾਣ ਗੁਣ ਧਾਮ ।
ਮਨ ਮਾਨਸ ਸਰ ਹੰਸ ਵਤ, ਰਮਣ ਕਰਹੁ ਸਿਯ ਰਾਮ ॥੧॥
ਧਯਾਨ ਪੂਰਬਕ ਇਸਟ ਦੇਵਤਾ ਕੀ ਪ੍ਰਾਰਥਨਾ ਕਰੇ ਹੈ। (ਪੱਤਰਾ ੧)

ਅੰਤ– ਮਾਣਕ ਕੇ ਮਨ ਮਾਹਿ ਬਸੋ, ਐਸੋ ਨੰਦ ਕੋ ਨੰਦ ਯਸੋਧਾ ਕੋ ਛਯਾ ॥੪॥
ਇਤਿ ਸ੍ਰੀ ਆਤਮ ਵਿਚਾਰ ਗ੍ਰੰਥਿ ਮਹਾਂ ਮੋਖ ਹੇਤੁ ਸੰਪੂਰਣੰ ਸਮਾਪਤੰ । ਜੀਵਨ ਮੁਕਤ ਨਿਰੂਪਣੰ ਚਤ੍ਰਥ ਪਯਾਇ ॥੪॥
ਸ੍ਰੀ ਪਰਮਾਤਮਨੇ ਨਮਹ । (ਪੱਤਰਾ ੧੧੬)

੧੭. (ੳ) ਸੋਹੰ ਚਿੰਤਾਮਣੀ (ਬਾਰਾਂ ਮਾਸਾ ਸਮੇਤ) (ਨੰ. ੭੮੬, ਪੰ. ਯੂ. ਚੰ.)

ਲੇਖਕ–ਭਾਈ ਦਲ ਸਿੰਘ । ਆਕਾਰ–$6\frac{3}{4}''\times5''$, ਲਿਖਤ $4\frac{1}{4}''\times3''$ ।

ਵੇਰਵਾ–ਪੱਤਰੇ ਸੋਹੰ ਚਿੰਤਾਮਣੀ ੧੬, ਬਾਰਾਂ ਮਾਸਾ ੧੬--੪੭; ਹੋਰ ਵਾਧੂ ਪੱਤਰੇ ੮, ਕੁੱਲ ਜੋੜ ੫੫; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੱਤਰੇ ਖੁਲ੍ਹੇ; ਬਗ਼ੈਰ ਜਿਲਦ ।

ਸਮਾਂ– ਪੁਸਤਕ ੮੦ ਕੁ ਵਰ੍ਹੇ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ ।

ਆਰੰਭ–੧ ਓ ਸਤਿਗੁਰ ਪ੍ਰਸਾਦਿ। ਸੋਹੰ ਸਰਬਾਤਮਨੇ ਨਮ: ॥ਦੋਹਰਾ॥
ਸਿੰਘ ਰਾਮ ਗੁਰ ਬੰਦਨਾ, ਪੂਰਨ ਸਤਿਗੁਰ ਜਾਨ ।
ਸਭ ਘਟ ਬਾਸੀ ਏਕ ਜੋ, ਸੋ ਹੈ ਆਤਮ ਮਾਨ ॥੧॥
ਸੋਹੰ ਦੀਪਕ ਗ੍ਰਿੰਥ ਯਹਿ, ਚਿਤਾਮਣੀ ਸਰੂਪ।
ਯਾ ਕੇ ਗਯਾਨ ਪ੍ਰਕਾਸ ਤੇ, ਹੋਵੈ ਨਿਰਮਲ ਰੂਪ ॥੨॥ (ਪੱਤਰਾ ੧)

ਅੰਤ– ਜੋ ਸੋਹੰ ਮੰਤ੍ਰ ਕੇ ਅਭਯਾਸ ਮੈ ਜੁੜਨਾ ਹੈ ਅਰ ਸੋਹੰ ਰੂਪ ਹੋਣਾ ਹੈ ਤਾਂ ਤੇ ਸੋਹੰ ਸੋਹੰ ਮੈ ਮਗਨ ਹੋਵੋ । ਮੈਂ ਅਬ ਸੋਹੰ ਸੋਹੰ ਸਰਬਾਤਮਾ ਨੂ ਚਿੰਤਨ ਧਿਆਨ ਸੇ ਬੰਦਨਾ ਕਰਤਾ ਹੂ। ਇਤਿ ਸ੍ਰੀ ਮਤਿ ਰਾਮ ਸਿੰਘ ਚਰਣ ਸਿਖਯਤ ਮਯਾ ਦਲ ਸਿੰਘੇਨ ਸੋਹੰ ਚਿੰਤਾਮਣੀ ਸਿਵ ਮੁਖ ਨਿਸ੍ਰਿਤ ਪ੍ਰਕਟੀ ਕ੍ਰਿਤਾ ਹਰੀ ਓਅੰ ਤਤ ਸਤ ਬ੍ਰਹਮ ॥੧॥ (ਪੱਤਰਾ ੧੬)

(ਅ) ਬਾਰਾਂ ਮਾਸਾ (ਭਾਈ ਦਲ ਸਿੰਘ)

ਆਰੰਭ–੧ ਓ ਸਤਿਗੁਰ ਪ੍ਰਸਾਦਿ ॥ਦੋਹਰਾ॥
ਅਜ ਅਬਿਨਾਸੀ ਆਤਮਾ, ਚਿਦਘਨ ਅਦ੍ਵੈ ਦੇਵ ।
ਸੁਤੇ ਸਿਧ ਅਨੁਭਵ ਸਦਾ, ਜਯ ਜਯ ਅਲਖ ਅਭੇਵ ॥੧॥ (ਪੱਤਰਾ ੧੬–੧੭)

ਅੰਤ– ਫਾਗਨ ਫੁਰਨਾ ਹੂਆ ਦੂਰ। ਰਹੋ ਆਪ ਮੈ ਆਪੇ ਪੂਰ।
ਦਲ ਸਿੰਘ ਗੂੰਗੇ ਗੁੜ ਖਾਇਆ, ਤਾ ਕੋ ਸਾਦ ਕਹੈ ਕਿਆ ਪਾਇਆ ॥੧੩॥੨॥

ਫੂਲ ਹਰੀ ਕੇ ਹਰਿ ਜੀ ਹਾਂ, ਦਰਸਨ ਸਤਿਗੁਰ ਦੇ ਬਲਿ ਜਾਉ,
ਦਲ ਸਿਘ ਸਦਾ ਬਲਿਹਾਰਨੇ ॥੧੨॥

ਇਤਿ ਸ੍ਰੀ ਮਤ ਰਾਮ ਸਿੰਘ ਚਰਣ ਸਿਖ੍ਯਤ ਮਯਾ ਦਲ ਸਿੰਘੇਨ ਬਾਰਾ ਮਾਸੇਨ ਬ੍ਰਹਮ ਬਿਲਾਸ ਗ੍ਯਾਨ ਪ੍ਰਾਪਤੀ ਸਿਧ ਅਵਸਥਾ ਨਿਰੂਪਣੰ ਕ੍ਰਿਤ ਮੁਮੁਖ੍ਯੁ ਅਰਥ ਸਮਾਪਤੰ ਸੁਭੰ ਭਵੇਤ । ਹਰੀ ਓਅੰ ਤਤ ਸਤ ਬ੍ਰਹਮ । (ਪੱਤਰਾ ੪੬—੪੭)

ਇਸ ਤੋਂ ਅੱਗੇ ੪ ਪੱਤਰੇ ਖਾਲੀ ਛੱਡ ਕੇ ੮ ਪੱਤਰਿਆਂ ਉਤੇ ਕਿਸੇ ਕਵੀ ਦੇ ਕੁਝ ਫੁਟਕਲ ਛੰਦ ਦਰਜ ਹਨ ।

੧੮. ਗੁਰੂ ਸਿੱਖ ਬਿਲਾਸ (ਸਾਰਾਸਾਰ ਬਿਬੇਕ) (ਨਾ-ਮੁਕੰਮਲ) (ਨੰ. ੨੯੭, ਭਾ. ਵਿ.)

ਲੇਖਕ– ਸੰਤ (ਪ੍ਰੀਤਮ ਦਾਸ ?)ਨਿਰਬਾਣ, ਅੰਮ੍ਰਿਤਸਰੀ । ਆਕਾਰ–$9\frac{1}{2}'' \times 4\frac{3}{4}''$, ਲਿਖਤ $7\frac{1}{4}'' \times 3\frac{1}{4}''$ ।

ਵੇਰਵਾ– ਪੱਤਰੇ ੩੯; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ, ਪਰ ਕਿਤੇ ਕਿਤੇ ਕੁਝ ਉਕਾਈਆਂ ਹਾਸ਼ੀਏ ਤੇ ਸੋਧੀਆਂ ਹੋਈਆਂ ਹਨ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਖੁਲ੍ਹੇ ਪੱਤਰੇ ।

ਸਮਾਂ– ੧੯ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ–੧ ਓ ਸਤਿਗੁਰ ਪ੍ਰਸਾਦਿ । ਓਂ ਤਤ ਸਤ ਸ੍ਰੀ ਪ੍ਰਮਾਤਮਨੇ ਨਮ: । ਅਥ ਗੁਰੂ ਸਿਖ੍ਯ ਬਿਲਾਸ ਸਾਰਾਸਾਰ ਬਿਬੇਕ ਪ੍ਰਕਰਨ ਲਿਖ੍ਯਤੇ । ਕੰਡਲੀਆ ।
ਗੁਰ ਗੋਬਿੰਦ ਗਣੇਸ ਪਦ ਪੰਕਜ ਕੋ ਉਰਧਾਰ ।
ਬਿਘਨ ਹਰਨ ਮੰਗਲ ਕਰਨ, ਬੰਦੋ ਪਾਦ ਉਦਾਰ ।
ਬੰਦੋ ਪਾਦ ਉਦਾਰ ਸਰਸ੍ਵਤੀ ਸਹ ਵਰ ਚਰਨਾ ।
ਆਸੁਰੀ ਸੰਪਤਿ ਹਰਹਿ ਕਰਹਿ ਦੇਵੀ ਕਰ ਕਰਨਾ ।
ਭਨਤਿ ਸੰਤਿ ਨਿਰਬਾਣ ਮੁਰਾਰੀ ਮਨ ਹਰਿ ਮੁਰ ।
ਏਹਿ ਬਾਂਛਤ ਮਮ ਅਰਥ ਅਨਰਥ ਬਿਨਾਸਕ ਗੁਰ ॥੧॥
ਗੁਰੂ ਨਾਨਕ ਜੀ ਆਦਿ ਲੈ ਦਸਮ ਗੁਰੂ ਪ੍ਰਯੰਤ ।
ਕਾਇਕ ਬਾਚਕ ਮਾਨਸੀ, ਨਮੋ ਸਰਬ ਗੁਰ ਸੰਤ ।
ਨਮੋ ਸਰਬ ਗੁਰ ਸੰਤ, ਸਰਬ ਕੇ ਜੋ ਹਿਤਕਾਰੀ ।
ਅਧਿਕਾਰ ਸਹਿਤ ਕੀਏ ਮੁਕਤ, ਅਨਕ ਜਿਹ ਅਨ ਅਧਿਕਾਰੀ ।
ਭਨਤਿ ਸੰਤ ਨਿਰਬਾਣ, ਸੁ ਬਸ ਕਰਿ ਮੇਰੇ ਉਰ ।
ਮਤੀ ਗਡੀ ਕਰੇ ਬਿਮਲ, ਸਰਬ ਸੁਖਦਾਇਕ ਗੁਰ ॥੨॥ (ਪੱਤਰਾ ੧)

ਅੰਤ– ਪੰਚ ਕਰਮ ਇੰਦ੍ਰੀ ਜੋ ਦੇਖ । ਛੇਵਾਂ ਮਨ ਸੰਗ ਤਾ ਕੇ ਪੇਖ ।
ਕੋਸ ਮਨੋਮਯ ਲਖ ਇਹ ਬੀਰ । ਅਵਯਵ ਏ ਅੰਤ੍ਰਲਿੰਗ ਸਰੀਰ ॥੪੩੫॥
ਚਿਦਾਭਾਸ ਸਹਿਤ ਏਹ ਦੇਖ । ਕ੍ਰਿਆ ਪ੍ਰਸਪਰ ਮਿਲਿਆ ਪੇਖ ।
ਦ੍ਰਿਸਟਾਂਤ ਅੰਧ ਪਿੰਗਕ... (ਪੱਤਰਾ ੩੯)

ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰਕੇ ਇਹ ਪੁਸਤਕ ਅਧੂਰੀ ਹੈ । ਵਿਸ਼ਾ ਇਸ ਪੁਸਤਕ ਦਾ ਵੇਦਾਂਤ ਦਰਸ਼ਨ ਹੈ, ਜੋ ਗੁਰ-ਸਿੱਖ ਸੰਬਾਦ ਦੇ ਰੂਪ ਵਿਚ ਕਥਨ ਕੀਤਾ ਹੈ ਤੇ ਕਵੀ ਚੂੰਕਿ ਉਦਾਸੀ ਸਾਧੂ ਸੀ, ਇਸ ਲਈ ਆਪਣੇ ਮਤ ਦੀ ਪੁਸ਼ਟੀ ਲਈ ਉਸ ਨੇ ਥਾਂ ਪਰ ਥਾਂ ਦ੍ਰਿਸ਼ਟਾਂਤ ਵਜੋਂ ਗੁਰਬਾਣੀ ਦੇ ਪ੍ਰਮਾਣ ਵੀ ਦਿੱਤੇ ਹਨ ।

੧੯. ਗਿਆਨ ਸੁਧਾਰਸ (ਨੰ. ੪੮੧, ਪੰ. ਸਾ. ਅ.)

ਲੇਖਕ– ਸਾਧੂ ਸਦਾਨੰਦ । ਆਕਾਰ—$6'' \times 4''$, ਲਿਖਤ $5'' \times 3''$ ।

ਵੇਰਵਾ– ਪੱਤਰੇ ੨—੧੭੯ (੧੭੭); ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਛੰਦਾਂ ਦੇ ਨਾਮ ਤੇ ਵਿਸ਼੍ਰਾਮ—ਚਿੰਨ੍ਹਾਂ ਲਈ ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ, ਪਰ ਆਦਿ—ਅੰਤ ਦੇ ਪੱਤਰੇ ਗੁੰਮ ਹੋਣ ਕਰ ਕੇ ਅਧੂਰੀ ਹੈ ।

ਸਮਾਂ– ਲਗਪਗ ਅਠਾਰ੍ਹਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ–...ਰਦੇ ਕਰਹੁ ਨਿਵਾਸੁ ।
ਗ੍ਯਾਨ ਸੁਧਾ ਰਸ ਗ੍ਰੰਥ ਕੋ, ਜਾ ਤੇ ਹੋਇ ਪ੍ਰਕਾਸ ॥੪॥

ਅਖੰਡ ਏਕ ਰਸ ਆਤਮਾ, ਜਾਨਿਓ ਜਿਹ ਪ੍ਰਸਾਦਿ ।
ਨਮੋ ਨਮੋ ਬਹੁੜੋ ਨਮੋ, ਰਾਮ ਦਿਯਾਲ ਗੁਰ ਆਦਿ ॥੫॥ (ਪੱਤਰਾ ੨)

ਅੰਤ–ਸਤਿਆਨੰਦ ਬ੍ਰਹਮ ਹੈ ਜੋਈ। ਤਤ੍ਵਮਸੀ ਸੰਸੇ ਨਹਿ ਕੋਈ।
ਜਨਮ ਮਰਨ ਬੰਧਨ ਨਹਿ ਕੋਇ । ਆਤਮ ਮਰੇ ਨ ਜਾਮੇ ਸੋਇ ॥੧੦੯॥
ਉਦਾਲਕ ਤੇ ਯੌ ਸੁਨ ਉਪਦੇਸ । ਸ੍ਵੇਤ ਕੇਤ ਸਭ ਹਰੇ ਕਲੇਸ ।
ਅਗਯਾਨ ਨਸਟ ਤਾ ਕੋ ਸੋਇ ਗਯੋ । ਪ੍ਰਾਪਤ ਬ੍ਰਹਮ ਕੋ ਪ੍ਰਾਪਤ...। (ਪੱਤਰਾ ੧੭੯)
ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ ।

੨੦. (ੳ) ਗਿਆਨ ਸੁਧਾ ਰਸ ਗ੍ਰੰਥ (ਅਧਿਆਤਮ ਪ੍ਰਕਾਸ਼, ਸਿੱਟਾਂਤ ਕਟਾਖ ਆਦਿ ਸਮੇਤ) (ਨੰ. ੧੩੧, ਪ੍ਰੋ. ਪ੍ਰੀ. ਸਿੰ.)

ਲੇਖਕ–ਸਾਧੂ ਸਦਾਨੰਦ । ਆਕਾਰ–$7\frac{1}{2}'' \times 5\frac{1}{4}''$, ਲਿਖਤ $5'' \times 3\frac{1}{2}''$ ।

ਵੇਰਵਾ–ਪੱਤਰੇ ਗਿਆਨ ਸੁਧਾ ਰਸ ਗ੍ਰੰਥ ੬੯, ਅਧਿਆਤਮ ਪ੍ਰਕਾਸ਼ (ਸੁਖਦੇਵ) ੬੯–੧੦੧ (੩੩), ਸਿੱਧਾਂਤ ਕਟਾਖਯ (ਨਾਮਾਲੂਮ) ੧੦੧–੮੧ (੮੧), ਸੰਗ੍ਰਹ ਸਾਰ (ਨਾਮਾਲੂਮ) ੧੮੨–੨੩੫ (੫੪), ਬ੍ਰਹਮ ਰਹਸਯ (ਰਤਨ ਹਰਿ) ੨੩੫–੫੯ (੨੫), ਕੁੱਲ ਜੋੜ : ੨੫੯; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ, (ਪੱਤਰਾ ੨੪੦ ਤਕ ਲਾਲ ਤੇ ਫੇਰ ਇਸ ਤੋਂ ਅੱਗੇ ਕਾਲੀਆਂ ਲਕੀਰਾਂ); ਪੁਸਤਕ ਸੰਗ੍ਰਹ ਸਜਿਲਦ, ਜੋ ਹਰ ਤਰ੍ਹਾਂ ਅੱਛੀ ਹਾਲਤ ਵਿਚ ਹੈ ।

ਸਮਾਂ–ਸੰਮਤ ੧੯੦੦ ਬਿ. । ਲਿਖਾਰੀ—ਨਾਮਾਲੂਮ ।

ਆਰੰਭ–੧ ਓ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਇ ਨਮਹ । ਅਥ ਸੁਧਾ ਰਸ ਗ੍ਰੰਥੇ ਸਦਾਨੰਦ ਸ੍ਰੀ ਰਾਮ ਦਇਆਲ ਸਿੱਖ ਕ੍ਰਿਤ ਲਿਖਯਤੇ।
॥ਦੋਹਰਾ॥ ਅਚਲ ਅਜਰ ਅਜ ਵਿਮਲ ਘਨ, ਪਰਮਾਤਮ ਨਿਜ ਰੂਪ ।
ਸੁਧ ਅਖੰਡ ਅਕਹ ਅਮਰ, ਪ੍ਰਣਵਉ ਬ੍ਰਹਮ ਅਨੂਪ ॥੧॥
ਜਾ ਤੇ ਯਹਿ ਜਗ ਉਪਜਿਓ, ਅਰੁ ਪੁਨ ਥਿਤ ਜਿਹ ਪਾਇ ।
ਲੀਨ ਹੋਤ ਫੁਨ ਜਾਸ ਮੈ, ਨਮੋ ਨਮੋ ਹਰਿ ਰਾਇ ॥੨॥
ਏਕ ਰਦਨ ਗਜ ਬਦਨ ਜਿਹ, ਮਦਨ ਕਦਨ ਤਨੁ ਜਾਨ ।
ਵਿਘਨ ਹਰਨ ਕਲਮਖ ਦਲਨ, ਨਮੋ ਗਣੇਸ ਪ੍ਰਧਾਨ ॥੩॥
ਨਮੋ ਨਮੋ ਸ੍ਰੀ ਸਰਸੁਤੀ, ਹਿਰਦੇ ਕਰੋ ਨਿਵਾਸ ।
ਗਿਆਨ ਸੁਧਾ ਰਸ ਗ੍ਰੰਥ ਕੋ, ਜਾ ਤੇ ਹੋਇ ਪ੍ਰਕਾਸ ॥੪॥
ਅਖੰਡ ਏਕੁ ਰਸੁ ਆਤਮਾ, ਜਾਨਿਓ ਜਿਹ ਪ੍ਰਸਾਦਿ ।
ਨਮੋ ਨਮੋ ਬਹੁੜੋ ਨਮੋ, ਰਾਮ ਦਿਆਲ ਗੁਰ ਆਦਿ ॥੫॥ (ਪੱਤਰਾ ੧)

ਅੰਤ–ਪੰਚ ਅਖਰ ਕੋ ਅਰਥ ਯਹਿ, ਕਹਿਓ ਯਥਾਮਤਿ ਜਾਨ ।
ਨਮਸਕਾਰ ਬੰਦਨ ਸਦਾ, ਰਾਮ ਦਿਆਲ ਗੁਰ ਮਾਨ ॥੫੩॥
ਇਤਿ ਸ੍ਰੀ ਗਿਆਨ ਸੁਧਾ ਰਸ ਗ੍ਰੰਥੇ ਵੇਦਾਂਤ ਪ੍ਰਕਰਣੇ ਸ੍ਰੀ ਮਤ ਪਰਮ ਹੰਸ ਪਰਬ੍ਰਾਜਕਾਚਾਰਯ ਰਾਮ ਦਿਆਲ ਸਿੱਖ ਸਦਾਨੰਦ ਵਿਰਚਤੇ ਆਤਮ ਗਿਆਨ ਵਿਧ ਮੁਖ ਵਰਨਨੰ ਨਾਮ ਸਪਤਮੋ ਹੁਲਾਸ ਸਮਾਪਤੰ ॥੭॥ ਗਿਆਨ ਸੁਧਾ ਰਸ ਗ੍ਰੰਥ ਸਮਾਪਤੋਯੰ । ਪੂਰਨ ਪੂਰਿ ਰਹੇ ਰਾਮ ਦਿਆਲ । (ਪੱਤਰਾ ੬੯)

(ਅ) ਅਧਿਆਤਮ ਪ੍ਰਕਾਸ਼ (ਸੁਖਦੇਵ) ਸੰਮਤ ੧੭੫੫ ਬਿ. ।

ਆਰੰਭ–੧ ਓ ਸਤਿਗੁਰ ਪ੍ਰਸਾਦਿ । ਸ੍ਰੀ ਪਰਮਾਤਮਨੇ ਨਮਹ । ਅਥ ਅਧਯਾਤਮ ਪ੍ਰਕਾਸ ਲਿਖਤੇ ॥ਸਵੈਯਾ॥ ਸਥਾਵਰ ਜੰਗਮ ਜੀਵ ਜਿਤੇ...। (ਪੱਤਰਾ ੬੯)

ਅੰਤ–ਬੇਦ ਬਚਨ ਸਿੰਮ੍ਰਿਤਿ ਬਚਨਿ, ਕਹਿ ਸੁਖ ਦੇਵ ਬਿਲਾਸ ।
ਅਧਯਾਤਮ ਪ੍ਰਕਾਸ ਤੇ, ਅਧਯਾਤਮ ਪ੍ਰਕਾਸ ॥੨੨੯॥
ਸੰਬਤ ਸਤ੍ਰਹ ਸੈ ਬਰਖ, ਪਚਵਨ ਆਸ੍ਵਿਨ ਮਾਨ ।
ਏਕਾਦਸ ਬੁਧ ਗ੍ਰੰਥ ਕੋ, ਸੁਕਲ ਪਖ ਸੁਭ ਜਾਨ ॥੨੩੦॥
ਇਤਿ ਸ੍ਰੀ ਸੁਖਦੇਵ ਕ੍ਰਿਤ ਅਧਯਾਤਮ ਪ੍ਰਕਾਸ ਸਮਾਪਤੰ ਸੁਭ ਮਸਤੁ ॥ਦੋ॥ (ਪੱਤਰਾ ੧੦੧)

(ਝ) ਸਿੱਧਾਂਤ ਕਟਾਖਜ (ਸਾਧੂ ਸਦਾਨੰਦ)

ਆਰੰਭ–੧ ਓ ਸਤਿਗੁਰ ਪ੍ਰਸਾਦਿ। ਅਥ ਸਿੱਧਾਂਤ ਕਟਾਖਜ ਗ੍ਰਿੰਥ ਲਿਖਜਤੇ। ਕਿ ਵਿਦੇਹ ਮੁਕਤ ਸਭ ਕੋਈ ਹੈ ਅਰੁ ਜੀਵਨ ਮੁਕਤਿ ਕੋਈ ਕੋਈ ਹੈ। ਤਾਤ ਪਰਜੁ ਇਹ ਜੁ ਜੀਵਨ ਮੁਕਤਿ ਬ੍ਰਹਮਾਕਾਰ ਬ੍ਰਿਤ ਕਾ ਨਾਮ ਹੈ, ਸੋ ਕਿਸੀ ਕੋ ਉਦੇ ਹੋਤੀ ਹੈ ਈਸ਼੍ਵਰ ਕੀ ਕ੍ਰਿਪਾ ਅਰੁ ਬਡੇ ਪੁੰਨੋ ਕੇ ਇਕਠੇ ਹੂਏ ਤੇ, ਅਰੁ ਵਿਦੇਹ ਮੁਕਤਿ ਨਾਮ ਆਤਮਾ ਕਾ ਹੈ। ਸੋ ਐਸਾ ਪਦਾਰਥ ਕੋਈ ਨਹੀਂ ਜੋ ਆਤਮਾ ਤੇ ਭਿਨ ਹੋਵੈ, ਇਸੀ ਤੇ ਕਹਾ ਹੈ–ਵਿਦੇਹ ਮੁਕਤਿ ਸਭੀ ਹੈ ॥੧॥ (ਪੱਤਰਾ ੧੦੧)

ਅੰਤ– ਅਵਰ ਕਹਤੇ ਹੈਂ ਕਿ ਸੰਪੂਰਣ ਪਦਾਰਥੋਂ ਕਾ ਰੂਪ ਏਕ ਹੈ ਅਰੁ ਕਲਪਨਾ ਭਿੰਨ ਭਿੰਨ ਹੈ, ਜੈਸੇ ਜਲ ਕੇ ਤਰੰਗੋਂ ਕਾ ਨਿਸ਼ਚੈ ਭਿੰਨ ਭਿੰਨ ਹੋਵੈ, ਅਰੁ ਸੋ ਹੈ ਸੰਪੂਰਨ ਜਲ ਰੂਪ। ਸੋ ਤਿਨ ਕਾ ਸਰੂਪ ਕਰਿ ਕੈ ਭੇਦ ਨਹੀਂ ਹੋਤਾ। ਤੈਸੇ ਚੈਤੰਨ ਸਤ ਸਰੂਪ ਆਤਮਾ ਹੀ ਇਸਥਿਤ ਹੈ ਸੰਪੂਰਣੋ ਵਿਖੈ। ਬ੍ਰਹਮਾ ਤੇ ਲੇ ਸੇਖ ਨਾਗ ਪ੍ਰਜੰਤ ਏਕ ਅਦੁਤੀਯ ਹੀ ਪੂਰਣ ਹੋ ਰਹਾ ਹੈ, ਔਰ ਦੂਸਰੋ ਨਹੀਂ ਕੋਊ ॥੧੪੧॥

ਇਤ ਸ੍ਰੀ ਸਿਧਾਂਤ ਕਟਾਖਜ ਗ੍ਰੰਥ ਸੰਪੂਰਣੰ ਸਮਾਪਤੰ ਸੁਭੰ ਭੂਯਾਤ ॥੧॥੨॥੧੪੨॥ (ਪੱਤਰਾ ੧੮੧)

(ਸ) ਸੰਗ੍ਰਹ ਸਾਰ ਗ੍ਰੰਥ (ਨਾਮਾਲੂਮ)

ਆਰੰਭ–੧ ਓ ਸਤਿਗੁਰ ਪ੍ਰਸਾਦਿ। ਅਥ ਸੰਗ੍ਰਹ ਸਾਰ ਗ੍ਰੰਥ ਲਿਖਜਤੇ।ਦੋਹਰਾ।

ਸਤਿ ਚਿਤ ਆਨੰਦ ਰੂਪ ਨਿਤ, ਅਖਲ ਅਖੰਡ ਅਪਾਰੁ।
ਬੁਧਿ ਸਾਖੀ ਵਿਆਪਕ ਅਮਲ, ਸਕਲ ਵਸਤੁ ਕੋ ਸਾਰ ॥੧॥
ਸੋ ਸਤਿਗੁਰੂ ਸਰੂਪ ਹੋਇ, ਸਗਲ ਉਧਾਰਤ ਸਿੱਖ।
ਨਮੋ ਨਮੋ ਤਿਸੁ ਚਰਨ ਕੋ, ਦੇਤ ਗਿਆਨ ਕੋ ਭਿੱਖ ॥੨॥
ਅੰਤਰਯਾਮੀ ਆਤਮਾ, ਪ੍ਰੇਰਤ ਬੁਧ ਵਿਸਤਾਰ।
ਤਾਸ ਕ੍ਰਿਪਾ ਲਵਲੇਸ ਤੇ, ਵਰਨੋ ਸੰਗ੍ਰਹ ਸਾਰ ॥੩॥

ਅਥ ਗ੍ਰੰਥ ਆਦਿ। ਪੂਰਨ ਜੋ ਬ੍ਰਹਮ ਹੈ ਤਿਸ ਕੇ ਲਖਣ ਦੋ ਹੈ--ਏਕ ਸਰੂਪ ਲਖਣ ਹੈ, ਏਕ ਤਟਸਥ ਲਖਣ ਹੈ। (ਪੱਤਰਾ ੧੮੨)

ਅੰਤ– ਜਿਸ ਕੀ ਨਾਰਾਇਣ ਵਿਖੈਂ ਭਗਤ ਹੈ, ਤੈਸੇ ਗੁਰੋ ਵਿਖੇ ਭਗਤਿ ਹੈ, ਐਸਾ ਜੋ ਮਹਾਤਮਾ ਪੁਰਖੁ ਹੈ ਤਿਸ ਕਉ ਸਾਸਤ੍ਰ ਕਾ ਅਰਥੁ ਕਹਾ ਭਾਸਤਾ ਹੈ। ਇਤ ਸਿਧਾਂਤਹ।

ਕਵਿਤੁ।

ਆਤਮ ਜਿਨ ਧਿਆਇਓ ਤਿਨਿ ਪਾਇਓ ਵਿਸ੍ਰਾਮ ਪਰਮ,
ਕਾਟਹੁ ਕੁਕਰਮ ਪਰਮਾਤਮ ਸੰਗਿ ਏਕ ਹੈ।
ਅਖੈ ਆਨੰਦ ਜਾ ਕੋ ਗਾਵਤ ਸਭ ਛੰਦ ਐਸੇ,
ਸੁਛੰਦ ਹੋਇ ਕੇ (ਜੁ) ਰਾਖਤ ਨ ਟੇਕ ਹੈ।
ਭੂਲਿਓ ਸਭ ਆਪ ਅਰੁ ਮਠ ਹੂੰ ਕੀ ਮਿਟੀ ਦਉੜ,
ਕਹੈ ਕਉਨ ਕਾ ਸਿਉ ਕਛੂ ਕਰਿ ਕੈ ਵਿਵੇਕ ਹੈ।
ਬ੍ਰਹਮਾ ਅਰੁ ਤ੍ਰਿਣ ਪ੍ਰਜੰਤ, ਸਾਸਤ੍ਰ ਅਰੁ ਗੁਰੂ ਸੰਤ,
ਜੈਸੇ ਜਲ ਭੀਤਰ ਲੌਨ ਗਰ ਕੇ ਭਇਓ ਏਕ ਹੈ ॥੧॥

ਦੋਹਰਾ।

ਸਾਹੀ ਕਾਲੀ ਬ੍ਰਹਮੁ ਹੈ, ਕਾਗਦ ਲੇਖਨ ਹਾਰ।
ਵਕਤਾ ਸ੍ਰੋਤਾ ਆਦਿ ਜੇ, ਸਰਬ ਬ੍ਰਹਮ ਨਿਰਧਾਰ ॥੨॥
ਇਤਿ ਸ੍ਰੀ ਸੰਗ੍ਰਹ ਸਾਰ ਸੰਪੂਰਨੰ ॥੧॥੧॥ (ਪੱਤਰੇ ੨੩੪-੩੫)

(ਹ) ਬ੍ਰਹਮ ਰਹਸਜ (ਪੰਡਿਤ ਰਤਨ ਹਰਿ) ਸੰਮਤ ੧੯੦੦ ਬਿ.।

ਆਰੰਭ–੧ਓ ਸਤਿਗੁਰ ਪ੍ਰਸਾਦਿ। ਸ੍ਰੀ ਮਤੇ ਰਾਮਾਯ ਨਮ:।

ਅਥ ਬ੍ਰਹਮ ਰਹਸਜ ਪ੍ਰਾਰੰਭ :॥ ਦੋਹਰਾ॥
ਸ੍ਰੀ ਸੀਤਾ ਪਤਿ ਪਦ ਪਦਮ, ਕਰਿ ਬੰਦਨ ਮਨ ਕਾਇ।

ਜਾ ਤੇ ਬਿਘਨ ਬਿਨਾਸ ਹੀ, ਸੀਘ੍ਰ ਸਿਧਤਾ ਪਾਇ ॥ ੧ ॥
ਸ੍ਰੀ ਗੁਰ ਨਾਨਕ ਆਦਿ ਗੁਰ, ਸਭ ਕੇ ਚਰਨ ਮਨਾਇ ।
ਤੋਟਕ ਕੀ ਭਾਖਾ ਕਰੋ, ਤੋਟਕ ਬ੍ਰਿਤ ਬਨਾਇ ॥ ੨ ॥
ਤੋਟਕ ਆਚਾਰਜ ਭਏ, ਸੰਕਰ ਸਿਖ ਸੁਜਾਨ ।
ਕੀਨੋ ਨਵਲ ਨਿਬੰਧ ਤਿਨ ਤੋਟਕ ਛੰਦ ਪ੍ਰਧਾਨ ॥ ੩ ॥
ਤਾਕੀ ਭਾਖਾ ਭਨਿਤ ਭਲਿ, ਭਵ ਭ੍ਰਮ ਭੰਜਨਿ ਭੂਰਿ ॥
ਬਰਨੋ ਬਿਸਦ ਬਨਾਇ ਕੈ, ਬੁਧਿ ਜਨ ਰੰਜਨਿ ਰੂਰਿ ॥ ੪ ॥
ਅਲਪ ਬੁੱਧਿ ਅਦ੍ਵੈਤ ਮਤ, ਜੇ ਨਰ ਨਿਸਟਾਵਾਨ ।
ਤਿਨ ਕੇ ਬੋਧ ਬਿਲਾਸ ਹਿਤ, ਬਿਰਚਯੋ ਯਹਿ ਬਯਾਖਯਾਨ ॥ ੫ ॥
ਪਢਤ ਸੁਨਤ ਪਯਾਰੋ ਲਗੈ, ਦੇਇ ਕਰਮ ਆਨੰਦ । (ਪੱਤਰਾ ੨੩੫)
ਰਚਯੋ 'ਰਤਨ ਹਰਿ' ਜਤਨ ਕਰਿ, ਤਾ ਤੇ ਤੋਟਕ ਛੰਦ ॥ ੬ ॥

ਅੰਤ– ਸਿਤ ਸਾਵਨ ਸਪਤਮਿ ਸੌਮਯ ਦਿਨੇ । ਸਤਿ ਉੱਨਿਸ ਸੰਬਤ ਸੁਭ੍ਰ ਗਿਨੇ ।
ਯਹਿ ਗ੍ਰਿੰਥ ਚਿਦੈ ਰੁਜ ਚੂਰਨ ਸੋ । 'ਹਰਿ ਰਤਨ' ਕਰਯੋ ਪਰਿ ਪੂਰਨ ਸੋ ॥ ੬੭ ॥
ਦੋਹਰਾ ॥ ਰਾਮ ਰਹਸਯ ਰਚਯੋ ਨਿਰਖ, ਸਬ ਸੰਤਨ ਸੁਖ ਪਾਇ ।
ਕਹਯੋ ਕੋਊ ਬੇਦਾਂਤ ਕੋ, ਦੀਜੈ ਗ੍ਰੰਥ ਬਨਾਇ ॥ ੬੮ ॥
ਤਿਨ ਕੀ ਰਤਿ ਹਿਤ 'ਰਤਨ ਹਰਿ', ਰਚਯੋ ਗ੍ਰੰਥ ਰਸ ਦੈਨ ।
ਸੁਨਤ ਪੜਤ ਪਾਵੈ ਪੁਰਖ, ਪਰਿ ਪੂਰਨ ਚਿਤ ਚੈਨ ॥੬੯॥
ਜਿਤੇ ਗ੍ਰੰਥ ਅਦ੍ਵੈਤ ਕੇ, ਭਏ ਸੁ ਭਾਖਾ ਰੀਤ ।
ਇਹਿ ਸਮਾਨ ਤਿਨ ਮੋ ਕੋਊ, ਭਯੋ ਨ ਹ੍ਵੈ ਹੈ ਮੀਤ ॥੭੦॥
ਸ੍ਰੀ ਸੰਗਤ ਸਾਹਿਬ ਸੁਮਤਿ, ਸੰਪ੍ਰਦਾਯ ਸਿਰ ਮੌਰ ।
ਸ੍ਰੀ ਬ੍ਰਹਮਾਚਲ ਪਰਮ ਗੁਰੂ, ਪ੍ਰਿਯ ਪਦ ਪੰਕਜ ਭੌਰ ॥੭੧॥
'ਰਤਨ ਹਰੀ' ਬਿਰਚਯੋ ਬਿਮਲ, ਬ੍ਰਹਮ ਰਹਸਯ ਪ੍ਰਬੰਧ ।
ਸਮਦਮਾਦਿ ਸੰਪਤਿ ਸਹਿਤ, ਸਮਨ ਸੁ ਸੰਸ੍ਰਿਤਿ ਬੰਧ ॥੭੨॥
ਇਤਿ ਸ੍ਰੀ ਬ੍ਰਹਮ ਰਹਸਯੇ ਰਤਨ ਹਰਿ ਬਿਰਚਿਤੇ ਤੋਟਕ ਪ੍ਰਬੰਧੇ ਚਤੁਰਥੋ ਬਿਸ੍ਰਾਮ; ॥੪॥ ਸਮਾਪਤਮਿਦੰ ਬ੍ਰਹਮ ਰਹਸਯੰ । ਲਿਖਾਰੀ ਵਾਕਿ । ਤੋਟਕ ।
ਉਨਬਿੰਸਤ ਸਤੰ ਅਬਦੰ ਭਨੀਐ । ਪੁਨ ਕਾਤਕ ਮਾਸ ਭਲੋ ਗੁਨੀਐ ।
ਗੁਰ ਬਾਸੁਰ ਤੀਜ ਸੁਦੀ ਸੁ ਕਹੀ । ਸੁਠ ਸੁੰਦਰ ਸੇਰ ਲਿਖਯੋ ਸੁ ਇਹੀ ॥੧॥ (ਪੱਤਰੇ ੨੫੮–੫੯)
(ਨੰ. x, ਡਾ. ਗੰ. ਸਿੰ.)

੨੧. ਗਿਆਨ ਗੋਦੜੀ (ਬਿਬੇਕ ਸਾਰ)

ਲੇਖਕ– ਕਵੀ ਬੁੱਧ ਸਿੰਘ । ਆਕਾਰ–5½"×8½", ਲਿਖਤ 5"×7½" ।

ਵੇਰਵਾ– ਪੱਤਰੇ ੩੦; ਪ੍ਰਤੀ ਸਫ਼ਾ ੧੮ ਸਤਰਾਂ; ਕਾਗ਼ਜ਼ ਦੇਸੀ (ਮੋਟਾ) ਵਹੀਆਂ ਵਾਲਾ; ਲਿਖਤ ਸਾਫ਼ ਤੇ ਸਿੱਧੀ ਸਾਦੀ; ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ; ਪੁਸਤਕ ਬਗੈਰ ਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ– ੧੯ਵੀਂ ਸਦੀ ਬਿ. । ਲਿਖਾਰੀ—ਭਾਈ ਪੰਜਾਬ ਸਿੰਘ, ਬਹਿਲੋਂਕਾ ।

ਆਰੰਭ– ੧ਓ ਸਤਿਗੁਰ ਪ੍ਰਸਾਦਿ । ਅਥ ਬਿਬੇਕ ਸਾਰ ਬੁੱਧ ਸਿੰਘ ਕ੍ਰਿਤ ਲਿਖਯਤੇ ॥ਦੋ॥
ਗੁਰ ਨਾਨਕ ਗੋਬਿੰਦ ਸਿੰਘ, ਜਾਹਰ ਜਗ ਮਸਹੂਰ ।
ਜਗ ਉਰ ਮਹ ਪ੍ਰਕਾਸ ਕਰ, ਕਰਤ ਭਏ ਤਮ ਦੂਰ ॥੧॥
ਗੁਲਾਬ ਸਿੰਘ ਗੁਰ ਕੇ ਪਦਾਰਵਿੰਦ ਨੀਰ ਸੋਈ,
ਗੰਗ ਜਲ ਬੂੰਦ ਮੁਖ ਪਰੀ ਮੇਰੇ ਆਨ ਹੈ ।
ਬਾਮਨ ਸਰੂਪ ਧਾਰ ਅਕਾਸ ਪੈਰ ਭੀ ਪਸਾਰ,
ਬ੍ਰਹਮਾਂਡ ਫੋਰ ਗੰਗ ਸਿਵ ਜਟਾ ਭੀ ਸਮਾਨ ਹੈ ।
ਗੰਗ ਇਸਨਾਨ ਕੀਏ ਪਾਪ ਪ੍ਰਹਰ ਲੀਏ ਜੈਸੇ,
ਕਲਮੁਖ ਦਰ ਕਰੇ ਤੈਸੇ ਮੇਰੇ ਜਾਨ ਹੈ ।

ਰਘੁ ਵੰਸ ਕੁਲ ਮੈ ਵਸਿਸਟ ਗੁਰੂ ਜਾਨ ਲੇਹ,
ਦਾਸਨ ਕੇ ਦਾਸ ਹਮ ਐਸੇ ਹੀ ਬਖਾਨ ਹੈ ॥੨॥
ਦੋ ॥ ਸੁਭ ਅਸਥਾਨ ਤਹਿ ਜਾਨੀਐ, ਬੇਰ ਮਲੌਦੇ ਪਾਸ ।
ਡੇਰਾ ਜੰਗਲ ਵੀਚ ਮੈ, ਬੁੱਧ ਸਿੰਘ ਸਿਸ ਤਾਸ ॥੩॥ (ਪੱਤਰਾ ੧)

ਅੰਤ— ੨੮ ਇੰਦ੍ਰੀ ੧੦, ਭੂਤ ੫, ਤਨ ਮਾਤ੍ਰਾ ੫, ਗੁਣ ੩, ਪੁਰਖ ਪ੍ਰਕ੍ਰਿਤ ੨, ਮਹਤਤ ਹੰਕਾਰ ਮਨ ੩ ਠਾਈਏ... (ਪੱਤਰਾ ੩੦)

੨੨. (ੳ) ਗਜਾਨ ਦੀਪਕ (ਵਿਗਜਾਨ ਗੀਤਾ, ਆਨੰਦ ਲਹਿਰੀ ਆਦਿ ਸਮੇਤ) (ਨੰ. ੬੭੨, ਪੰ. ਸਾ. ਅ.)

ਲੇਖਕ— ਕਵੀ ਮੋਹਨ । ਆਕਾਰ—$4\frac{1}{4}'' \times 3''$, ਲਿਖਤ $2\frac{3}{4}'' \times 2''$ ।

ਵੇਰਵਾ— ਪੱਤਰੇ ਗਜਾਨ ਦੀਪਕ ੫੩, ਵਲੀ ਕ੍ਰਿਤ ਛੰਦ ੫੪–੫੬, ਵਿਗਜਾਨ ਗੀਤਾ (ਦਜਾਲ ਅਨੇਮੀ) ੫੬–੧੨੦, ਆਨੰਦ ਲਹਿਰੀ (ਕਵੀ ਮੋਹਨ) ੧੨੦–੧੬੧, ਫੁਟਕਲ ਕਵਿਤਾ (ਸਵੈਯੇ ਆਦਿ) ੧੬੨–੧੮੧, ਸਵੈਯੇ ਸੁੰਦਰ ਦਾਸ ੧੮੧–੧੯੨, ਅਦ੍ਵੈਤ ਪ੍ਰਕਾਸ਼ (ਵਲੀ ਰਾਮ) ੧੯੨–੨੨੨, ਭਾਈ ਗੁਰਦਾਸ ਜੀ ਕੇ ਕਬਿੱਤ ੨੨੩–੨੫੨, ਨਿਰਵਾਣ ਪ੍ਰਕਰਣ ੨੫੨–੩੯੪; ਪ੍ਰਤੀ ਸਫ਼ਾ ੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਧਾਰਣ ਲਕੀਰਾਂ ਵਾਲਾ; ਪੁਸਤਕ ਬਗੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੭੧੨ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸ੍ਰੀ ਪਰਮਾਤਮਾਏ ਨਮ: । ਅਥ ਗਜਾਨ ਦੀਪਕ ਲਿਖਜਤੇ ਮੋਹਨ ਕ੍ਰਿਤ ॥ਦੋਹਰਾ॥
...ਕੌ ਬੰਦਨ ਕਰੌ, ਪੂਰਿ ਰਹਜੋ ਸਬ ਠੌਰ ।
ਅਲਖ ਜਗਤ ਮੈ ਜਗਮਗੈ, ਜਾਂ ਬਿਨੁ ਕਛੂ ਨ ਔਰ ॥੧॥ (ਪੱਤਰਾ ੧)

ਅੰਤ— ਸਹਜ ਰਾਖ ਲੀਉ ਜਗਤ ਕੇ, ਸ੍ਰੀ ਗੁਰ ਸਹਜਾਨੰਦ ।
ਹਿਰਦੇ ਕਮਲ ਮਹਿ ਮਨੁ ਮਧੁਪ, ਛਕਜੋ ਚਾਖਿ ਮਕਰੰਦ ॥੮੩॥ਦੋਹਰਾ॥
ਸੰਬਤ ਦਸ ਅਰੁ ਸਾਤ ਸੈ, ਦ੍ਵਾਦਸ ਤਿਨ ਕੇ ਸਾਥ ।
ਕਾਤਿਕ ਸੁਦਿ ਤਿਥਿ ਦੂਜ ਕਹ, ਗਜਾਨ ਦੀਪ ਲਗਜੋ ਹਾਥ ॥੮੪॥੧॥
ਇਤਿ ਸ੍ਰੀ ਗਜਾਨ ਦੀਪਕ ਭਾਖਾ ਕ੍ਰਿਤਿ ਕਵ ਮੋਹਨ ॥ਸੰਪੂਰਨੰ॥ (ਪੱਤਰਾ ੫੩)

(ਅ) ਵਲੀ ਕ੍ਰਿਤ ਛੰਦ

ਆਰੰਭ— ਵਲੀ ਕ੍ਰਿਤਿ । ਚੌਪਈ । ਬਾਹਰਿ ਜਪ ਤਪ ਸੰਧਜਾ ਨੇਮ ।... (ਪੱਤਰਾ ੫੪)

ਅੰਤ— ਅਗਮ ਪੰਥ ਘਾਟੀ ਬਿਖਮ, ਦਗਧ ਭਏ ਗੁਨ ਤੀਨ ।
ਮਨੁ ਪਵਨਾ ਪਹੁਚੈ ਨਹੀਂ, ਮਹਾ ਝੀਨ ਤੇ ਝੀਨ ॥੧॥ ਸੂਖਮ । (ਪੱਤਰਾ ੫੬)

(ੲ) ਵਿਗਜਾਨ ਗੀਤਾ (ਦਿਆਲ ਅਨੇਮੀ) ਸੰਮਤ ੧੭੩੬ ਬਿ. ।

ਆਰੰਭ— ੧ਓ ਸੁਅਸਤਿ ਸ੍ਰੀ ਗਣੇਸਾਇ ਨਮਹਿ । ਅਥ ਸ੍ਰੀ ਮਤਿ ਦਇਆਲ ਅਨੇਮੀ ਭਾਖਾ ਵਿਗਜਾਨ ਗੀਤਾ ਬਰਨਤੇ ।
ਦੋਹਾ ॥ ਨਾਮ ਰੂਪ ਮ੍ਰਿਗ ਜਲ ਸਭੈ... (ਪੱਤਰਾ ੫੬)

ਅੰਤ— ਸੰਮਤ ਸਤਰਾ ਸੈ ਵਰਸ, ਬੀਤੇ ਜਬ ਛਤੀਸ ।
ਕਾਰਤਿਕ ਸੁਕਲ ਤਿਰੌਦਸੀ, ਵਾਰ ਵਰਨ ਰਜਨੀਸ ॥੧੦੧॥ਦੋਹਾ॥
ਇਕ ਸਉ ਇਕੁ ਕਹਿਓ ਦੋਹਰਾ, ਚੌਪਈ ਇਕ ਸੌ ਤੀਨ ।
ਭੁਜੰਗ ਛੰਦ ਇਕ ਜਾਨੀਯੋ, ਸੰਖਜਾ ਕ੍ਰਮ ਯੌ ਚੀਨ ॥

ਇਤਿ ਸ੍ਰੀ ਮਤ ਪਰਮ ਹੰਸ... ਸ੍ਰੀ ਮਤ ਦਿਆਲ ਅਨੇਮਾਨੰਦ ਸਰਸੁਤੀ, ਭਗਵਾਨ ਹਸਤਾਮਲ ਪ੍ਰਸਨੋਤਰ ਭਾਖਾ ਸੰਸਕ੍ਰਿਤ ਵਿਰਚਿਤੰ ਗਜਾਨ ਵਿਗਜਾਨ ਸਰਬ ਸਾਰ ਸੰਗ੍ਰਹ ਵਿਗਜਾਨ ਗੀਤਾ ਸਮਾਪਤੰ । (ਪੱਤਰੇ ੧੧੯–੨੦)

(ਸ) ਆਨੰਦ ਲਹਰੀ (ਕ੍ਰਿਤ ਮੋਹਨ)

ਆਰੰਭ— ੧ਓ ਸ੍ਰੀ ਗਣੇਸਾਏ ਨਮः । ਅਥ ਆਨੰਦ ਲਹਰੀ ਕ੍ਰਿਤਿ ਮੋਹਨ । ਚੌਪਈ । ਸਹਜੇ ਸੁਮਰੋ ਮਿਤ ਬਿਹਾਰੀ ।... (ਪੱਤਰਾ ੧੨੦)

ਅੰਤ— ਮਨ ਔ ਨੈਨ ਪ੍ਰੇਮ ਪੈ ਗਏ । ਤਿਹ ਦੋਊ ਨਿਆਰੇ ਕੈ ਦਏ ।

ਮਨ ਲੈ ਪਹੁਚਾਯੋ ਪੀਅ ਪਾਸਾ । ਨੈਨ ਏਕਲੇ ਰਹੇ ਨਿਰਾਸਾ ।
ਰੋਵਹਿ ਲੋਇਨ ਦਿਨ ਅਰੁ ਰਾਤੀ । ਰਹਜੇ ਨ ਅਪਨੋ ਬਾਲ ਸੰਘਾਤੀ ॥੬੯।
ਦੋਹਰਾ ॥ ਮਨ ਪੀਅ ਪੈ ਨੈਨਾ ਅਨਤ, ਰੋਵਹਿ ਸੋਵਹਿ ਨਾਹਿ ।
ਪ੍ਰੇਮ ਪੰਥ ਰੋਕੇ ਸਬੈ, ਕਜੋਂ ਬਤਹਾਂ ਲੈ ਜਾਹਿ ॥੭੦॥੧॥ (ਪੱਤਰੇ ੧੬੦-੬੧)
ਇਤਿ ਆਨੰਦ ਲਹਰੀ ਸੰਪੂਰਨੰ ।

ਇਸ ਤੋਂ ਅੱਗੇ ਫੁਟਕਲ ਕਵਿਤਾ ਕਿਸੇ ਕਵੀ ਦੀ ਪੱਤਰਾ ੧੬੨ ਤੋਂ ੧੮੧ ਤਕ ਦਰਜ ਹੈ। ਫੇਰ ਪੱਤਰਾ ੧੮੧ ਤੋਂ ੧੯੨ ਤਕ ਸਾਧੂ ਸੁੰਦਰ ਦਾਸ ਤੇ ਨਿਪਟ ਨਿਰੰਜਨ ਜੀ ਦੇ ਕਬਿੱਤ ਸਵੈਯੇ ਹਨ ।

(ਹ) **ਅਦ੍ਵੈਤ ਪ੍ਰਕਾਸ਼** (ਵਲੀ ਰਾਮ)

ਆਰੰਭ– ੧ਓ ਸਤਿਗੁਰ ਪ੍ਰਸਾਂਦ ।
ਨਮਸਕਾਰ ਗੁਰ ਆਤਮਾ, ਤੁਮ ਗਣਪਤਿ ਗਣ ਈਸ ।
ਕਹਣ ਮਾਤ੍ਰ ਗੁਣ ਗਣ ਗਨੇ, ਤੁਮ ਜਗ ਤੁਮ ਜਗਦੀਸ ॥ (ਪੱਤਰੇ ੧੯੨-੯੩)

ਅੰਤ– ਸੋਹੰ ਵਲੀ ਸਰਬ ਪ੍ਰਕਾਸੀ । ਕੇਵਲ ਅਜ ਅਕ੍ਰੈ ਅਬਨਾਸੀ ।
ਦੋ ਸੈ ਏਕ ਚਉਪਈ ਕਹੀ । ਅਰਥ ਬਿਚਾਰ ਜਾਨ ਲੈ ਸਹੀ ।
ਏਹ ਤੇ ਸਾਰ ਵਲੀ ਰਾਮ ਕਰਤਾ । ਅਦ੍ਵੈਤ ਪ੍ਰਕਾਸ ਸੰਪੂਰਨੰ ॥੧॥ (ਪੱਤਰਾ ੨੨੨)

ਇਸ ਤੋਂ ਅੱਗੇ ਪੱਤਰਾ ੨੨੩ ਤੋਂ ੨੫੨ ਤਕ ਭਾਈ ਗੁਰਦਾਸ ਜੀ ਦੇ ੩੮ ਕਬਿੱਤ ਹਨ ਤੇ ਫੇਰ ਨਿਰਬਾਣ ਪ੍ਰਕਰਣ ਜੋਗ ਵਸਿਸ਼ਟ ਦਾ ਪਾਠ ਪੱਤਰਾ ੨੫੨ ਤੋਂ ੩੯੩ ਤਕ ਹੈ ਤੇ ਅੰਤ ਵਿਚ ਪੱਤਰਾ ੩੯੪ ਪਰ ਸੂਰ ਦਾਸ ਜੀ ਦਾ ਇਕ ਪਦਾ ਹੈ।

(ਨੰ. ੨੫੭੯, ਸੈਂ. ਪ. ਲਾ.)

੨੩. (ੳ) ਗਯਾਨ ਮੰਜਰੀ (ਸ਼ਤ ਪ੍ਰਸ਼ਨੋਂਤਰੀ ਆਦਿ)

ਲੇਖਕ– ਮਨੋਹਰ ਦਾਸ, ਨਿਰੰਜਨੀ। ਆਕਾਰ--$7\frac{1}{2}'' \times 5\frac{1}{4}''$, ਲਿਖਤ $5\frac{1}{4}'' \times 4''$ ।

ਵੇਰਵਾ– ਪੱਤਰੇ ਗਯਾਨ ਮੰਜਰੀ ੪੨, ਸ਼ਤ ਪ੍ਰਸਨੋਂਤਰੀ ੪੩-੮੪ (੪੨), ਵੇਦਾਂਤ ਪਰਿਭਾਖਾ ੮੪-੧੨੦ (੩੭), ਖਟ ਪ੍ਰਸ਼ਨੀ ੧੨੧-੨੪੦ (੧੨੦), ਗਯਾਨ ਚੂਰਣ ਵਚਨਕਾ ੨੪੦-੨੮੧ (੪੧), ਕੁੱਲ ਜੋੜ : ੨੮੧; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ– ਸੰਮਤ ੧੭੧੬ ਬਿ. । ਲਿਖਾਰੀ--ਟਹਿਲ ਦਾਸ ।

ਆਰੰਭ– ੧ਓ ਸਤਿ ਸ੍ਰੀ ਪ੍ਰਮਾਤਮਾ ਨਮ: । ਅਥ ਗਯਾਨ ਮੰਜਰੀ ਲਿਖਯਤੇ ॥ਦੋਹਰਾ॥ ਆਤਮ ਕੇ ਅਗਯਾਨ ਤੈ... (ਪੱਤਰਾ ੧)

ਅੰਤ– ਮਨੋਹਰ ਦਾਸ ਨਿਰੰਜਨੀ, ਸੋ ਸ੍ਵਾਮੀ ਸੋ ਦਾਸ ।
ਸ੍ਵਾਮੀ ਦਾਸ ਭਯੋ ਏਕ ਸੋ, ਮਹਾਕਾਸ ਘਟਾਕਾਸ ॥੪੦੨॥
ਇਤਿ ਸ੍ਰੀ ਗਯਾਨ ਮੰਜਰੀ ਨਾਮ ਭਾਖਾ... ਸਮਾਪਤੰ ॥ (ਪੱਤਰਾ ੪੨)

(ਅ) **ਸ਼ਤ ਪ੍ਰਸ਼ਨੋਂਤਰੀ** (ਮਨੋਹਰ ਦਾਸ, ਨਿਰੰਜਨੀ)

ਆਰੰਭ– ੧ਓ ਸਤਿਗੁਰ । ਸ੍ਰੀ ਪਰਮਾਤਮਨੇ ਨਮ: । ਅਥ ਗ੍ਰਿੰਥ ਸਤ ਪ੍ਰਸਨ ਉਤਰੀ ਲਿਖਯਤੇ । ਸੋਰਠਾ ।
ਵਾਚਯ ਲਖ ਕਰਿ ਜਾਨ, ਨਿਰਗੁਣ ਸਰਗੁਣ ਯੌ ਕਹਜੇ। (ਪੱਤਰਾ ੪੩)

ਅੰਤ– ਹੌਂ ਤੂੰ ਹੌਂ ਤੂੰ ਏਕ ਹੀ ॥੧੩॥ ਇਤ ਸ੍ਰੀ ਸਤ ਪ੍ਰਸਨੋਤੱਰੀ ਭਾਖਾ ਗ੍ਰੰਥ ਮਨੋਹਰ ਦਾਸ ਨਿਰੰਜਨੀ ਕਥਤੇ ਨਵਮ ਖੰਡਹ। (ਪੱਤਰਾ ੮੪)

(ੲ) **ਵੇਦਾਂਤ ਪਰਿਭਾਖਾ** (ਮਨੋਹਰ ਦਾਸ, ਨਿਰੰਜਨੀ)

ਆਰੰਭ– ੧ਓ ਸ੍ਰੀ ਸਤਿਗੁਰ ਭਯੋ ਨਮਹ । ਅਥ ਵੇਦਾਂਤ ਪ੍ਰਭਾਖਾ ਲਿਖਯਤੇ । ਕਰਤਾ ਗ੍ਰੰਥ ਕਰਬੇ ਮੈ ਨਿਰਬਿਘਨ ਸੁਖ ਚਾਹੇ ਹੈ। (ਪੱਤਰਾ ੮੪)

ਅੰਤ—... ਮਾਸ ਏਕ ਕ੍ਰਿਤਕਾਰ ॥ ੨੯੨ ॥ ਇਤਿ ਸ੍ਰੀ ਵੇਦਾਂਤ ਪ੍ਰਭਾਖਾ ਮਹਾਵਾਕ ਗ੍ਰੰਥ... ਸੰਪੂਰਨ ਸਮਾਪਤ ਗ੍ਰੰਥ । (ਪੱਤਰਾ ੧੨੦)

(ਸ) **ਖਟ ਪ੍ਰਸ਼ਨੀ** (ਮਨੋਹਰ ਦਾਸ, ਨਿਰੰਜਨੀ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਗ੍ਰੰਥ ਖਟ ਪ੍ਰਸਨੀ ਅਰੰਭਤੇ ਪ੍ਰਿਥਮ ਗ੍ਰਿੰਥ ਕੋ ਕਰਤਾ ਗ੍ਰਿੰਥ ਕੀ ਆਦਿ ਇਸਟ ਦੇਵਤਾ ਕੋ ਸ੍ਰੂਪ ਦਿਖਾਵਤ ਹੈ । (ਪੱਤਰਾ ੧੨੧)

ਅੰਤ— ਔਰ ਦੇਵ ਅਦੇਵ ਸਭ, ਸਾਖੀ ਬਿਨਾ ਨ ਹੋਇ ॥੯੧॥ ਇਤ ਸਾਖੀ ਸ੍ਰੂਪ ।
ਇਤ ਖਟ ਪ੍ਰਸਨੀ ਨਿਰਨੈ ਨਾਮ ਭਾਖਾ... (ਪੱਤਰਾ ੨੩੯)
ਸਲੋਕ । ਭਗਨਿ ਪ੍ਰਿਸਟਿ ਕਟਿ ਗ੍ਰੀਵਾ ਅਧੋ ਦ੍ਰਿਸਟਰਧੋ ਮੁਖੀ । ਕਸਟੇਨ ਲਿਖਯਤੇ ਸਾਸਤ੍ਰੰ ਯਤਨੇਨ ਪਰਪਾਲਯਤ ॥੧॥
(ਪੱਤਰਾ ੨੪੦)

(ਹ) **ਗਯਾਨ ਚੂਰਣ ਵਚਨਿਕਾ** (ਮਨੋਹਰ ਦਾਸ, ਨਿਰੰਜਨੀ)

ਆਰੰਭ— ੧ਓ ਸ੍ਰੀ ਪਰਮਾਤਨੇ ਨਮਃ ਅਥ ਗਯਾਨ ਚੂਰਣ ਵਚਨਿਕਾ ਲਿਖਯਤੇ ॥ਦੋਹਰਾ॥ ਰਵਿ ਗੁਰ ਦ੍ਵੈ ਸਮ ਤੁਲਯ ਹੈ...।
(ਪੱਤਰਾ ੨੪੦)

ਅੰਤ— ਸੋਈ ਅਪਨੋ ਆਪ ਹੈ. ਅਹੰ ਰੋਗ ਬਿਲੈਮਾਨ ।
ਇਤ ਸ੍ਰੀ ਗਯਾਨ ਚੂਰਣ ਵਚਨਿਕਾ ਸੰਪੂਰਣ ਸਮਾਪਤ: । (ਪੱਤਰਾ ੨੮੧)

੨੪. ਗਯਾਨ ਰਤਨਾਗਰ ਮਹਾਨਭਾਵ (ਨਾ-ਮੁਕੰਮਲ) (ਨੰ. ੮੦, ਪੰ. ਯੂ. ਚੰ.)

ਲੇਖਕ— ਸ੍ਵਾਮੀ ਆਤਮ ਨਾਥ । ਆਕਾਰ—9¾″×6½″, ਲਿਖਤ 7″×4¾″ ।

ਵੇਰਵਾ— ਪੱਤਰੇ ੧੩੦; ਪ੍ਰਤੀ ਸਫ਼ਾ ੧੬ ਸਤਰਾਂ; ਕਾਗ਼ਜ਼ ਸਿਆਲਕੋਟੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਪੁਸਤਕ ਕਈ ਹੱਥਾਂ ਦੀ ਲਿਖੀ ਹੋਣ ਕਰ ਕੇ ਅੱਖਰ ਕਈ ਥਾਵੇਂ ਬਾਰੀਕ ਤੇ ਕਈ ਥਾਵੀਂ ਮੋਟੀ ਕਲਮ ਦੇ ਹਨ; ਸਿਰਲੇਖਾਂ ਤੇ ਛੰਦਾਂ ਦੇ ਨਾਮਾਂ ਲਈ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਪੂਰਣ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੭੯੬ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਦੋਹਰਾ ॥
ਸਤ ਚਿਤ ਸੁਖ ਘਨ ਬ੍ਰਹਮ ਕੋ, ਬੰਦੋ ਸਿੰਮ੍ਰਿਤ ਤਾਸ ।
ਸਤਿਨਾਮੁ ਮਮਤਾ ਬਿਨਾ, ਜਾ ਜਪ ਭਯੋ ਪ੍ਰਗਾਸ ॥੧॥ (ਪੱਤਰਾ ੧)

ਅੰਤ— ਤੁਮਰੇ ਭਾਵਨ ਤੇ ਤਹਾਂ, ਆਹ ਅਰੂਪ ਅਰੰਗ ।
ਦੋ ਪਟ ਕੀ ਚਾਦਰ ਪਰੀ, ਕਾ ਕੋ ਰਾਰ ਅਨੰਗ ॥
ਏਕ ਪਟੰ ਸਸ ਬਾਰ ਯੇ, ਏਕ ਪਟੰ ਭੂ ਧਾਰ ।
ਪੇਖੇ ਤਾਵਤ ਹੈ ਸਹੀ, ਇਕ ਇਕ ਪਟ ਲੀਲਾਰ ॥
ਸੰਮਤ ਬਿਭ ਸਤ ਜਾਨਿਯੇ, ਖੰਡਾਗਮ ਕੇ ਮਾਹ ।
ਅਸੂ ਵਦ ਦਸਮੀ ਕਹੇ, ਯਾ ਬਿਧਿ ਗਾਥਾ ਗਾਹ ॥
ਭੂ ਪੂਨੰ ਨਾਗ ਥੀਤੰ ਗੁਰੰ ਮਹਲ ਜਾਨੋ, ਭਈ ਮਾਤਜਾ ਸੁਕਲ ਕੁਆਰ ਮਾਹੀ ।
ਭਈ ਜੋਤ ਲੀਨੰ ਕਹੋ ਫੇਰ ਗਾਥਾ, ਇਸੇ ਸਾਖਯਾ ਮਾਹਿ ਮੈ ਏਤ ਚੀਨੀ ॥
ਇਤਿ ਸ੍ਰੀ ਗਯਾਨ.ਰਤਨਾਗਰੇ ਮਹਾਨਭਾਵੇ ਗਯਾਨ ਸਿੰਧੇ ਸੈਤਾਲੀਸਮੋ ਹੁਲਾਸਾ ॥੪੭॥ਪੰ:॥ (ਪੱਤਰਾ ੧੩੦)

ਇਸ ਤੋਂ ਅਗੇ ਪੱਤਰਾ ਗੁੰਮ ਹੋਣ ਕਰ ਕੇ ਬਾਕੀ ਪਾਠ ਇਸ ਪੁਸਤਕ ਦਾ ਨਹੀਂ ਮਿਲਦਾ।

ਇਹ ਪੁਸਤਕ ਭਾਈ ਗੁਰਦਾਸ ਦੀ ਵਾਰ ਪਹਿਲੀ ਹੀ ਟੀਕਾ ਕ੍ਰਿਤ ਭਾਈ ਮਨੀ ਸਿੰਘ ਤੇ ਗੁਰਬਾਣੀ ਦੇ ਆਧਾਰ ਤੇ ਤਿਆਰ ਕੀਤੀ ਗਈ ਹੈ, ਪਰ ਕਵਿਤਾ ਵਿਚ ਕੋਈ ਖ਼ਾਸ ਖ਼ੂਬੀ ਨਹੀਂ । ਕਵਿਤਾ ਬ੍ਰਿਜ ਭਾਸ਼ਾ ਵਿਚ ਹੈ ।

੨੫. (ੳ) ਗ੍ਰੰਥ ਸਾਖੀ ਪ੍ਰਕਾਸ਼ ਸ੍ਰੂਪ (ਗ੍ਰੰਥ ਆਤਮ ਪ੍ਰਕਾਸ਼ ਸ੍ਰੂਪ ਸਮੇਤ) (ਨੰ. ੪੨੬, ਪੰ. ਯੂ. ਚੰ.)

ਲੇਖਕ— ਸ੍ਵਾਮੀ ਗੰਗਾ ਰਾਮ, ਅੰਤਰਜਾਮੀ, ਪਰਮਹੰਸ। ਆਕਾਰ—12½″×7½″, ਲਿਖਤ 9½″×5½″ ।

ਵੇਰਵਾ— ਪੱਤਰੇ ਸਾਖੀ ਪ੍ਰਕਾਸ਼ ਸੁਰੂਪ ਗ੍ਰੰਥ ਦੇ ੬੫, ਤੇ ਗ੍ਰੰਥ ਆਤਮ ਪ੍ਰਕਾਸ਼ ਸੁਰੂਪ ਦੇ ੨੦੮; ਪ੍ਰਤੀ ਸਫ਼ਾ ੧੩ ਸਤਰਾਂ; ਕਾਗ਼ਜ਼ ਸਿਆਲਕੋਟੀ; ਲਿਖਤ ਸ਼ਾਫ਼ ਤੇ ਸ਼ੁੱਧ; ਹਾਸ਼ੀਆ ਚੌਕੋਰ ਸੁੰਦਰ ਰੰਗੀਨ ਲਕੀਰਾਂ ਵਾਲਾ; ਸਿਰਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ਪੱਤਰੇ ਸਿਰੇ ਤੋਂ ਕੁਝ ਕਿਰਮ ਖ਼ੁਰਦਾ ਹੋਣ ਕਰਕੇ ਕਟੇ ਹੋਏ; ਪੁਸਤਕ-ਸੰਗ੍ਰਹ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੮੬ ਬਿ. । ਲਿਖਾਰੀ–ਨਾਮਾਲੂਮ ।

ਆਰੰਭ— ੧ਓ ਸਤਯ ਪਾਰਬ੍ਰਹਮਣੇ ਨਮ: । ਸ੍ਰੀ ਗੁਰਵੇ ਨਮ: । ਅਥ ਗ੍ਰੰਥ ਸਾਖੀ ਪ੍ਰਕਾਸ ਸੁਰੂਪ ਕਥ੍ਯਤੇ । ਏਕੈ ਸਾ ਸਾਖੀ ਪ੍ਰਕਾਸ ਸੁਰੂਪ ਹੈ । ਸਰਵ ਪ੍ਰਕਾਸੋਂ ਕਾ ਪ੍ਰਕਾਸ ਹੈ । ਸਰਵ ਅਧਾਰੋਂ ਕਾ ਅਧਾਰ ਹੈ । ਸਰਵ ਚੈਤਨਸੋਂ ਕਾ ਚੈਤਨ੍ਯ ਹੈ । (ਪੱਤਰਾ ੧)

ਅੰਤ- ਪਰਮ ਹੰਸ ਅੰਤਰਜਾਮੀ ਸੁਾਮੀ ਕੇ ਵੇਦ ਕੇ ਅਪਣੇ ਪੂਤ੍ਯਕ ਕੇ ਆਗੇ ਬੇਨਤੀ ਕਰਤਾ ਹੈ ਜੋ ਇਸ ਬਾਣੀ ਨੇ ਵੇਦ ਕਾ ਵਾਕ ਕੋਈ ਅੰਨਰਥਾ ਭੀ ਕਹਾ ਹੋਇ, ਅਪਣਾ ਬਾਲਕ ਜਾਣ ਕੇ ਖਿਮਾ ਕਰਣੀ । ਇਤਿ ਗ੍ਰੰਥ ਸਾਖੀ ਪ੍ਰਕਾਸ ਸੁਰੂਪ ਸਮਾਪਤ: । ਪਰਮ ਹੰਸ ਅੰਤਰਜਾਮੀ ਕਾਂਸੀਪੁਰੀ ਵਿਖੇ ਗ੍ਰੰਥ ਲਿਖ੍ਯਤੇ । ਸਤ੍ਯੰ । (ਪੱਤਰਾ ੬੫)

(ਅ) ਆਤਮ ਪ੍ਰਕਾਸ਼ ਸੁਰੂਪ ਗ੍ਰੰਥ (ਸੁਾਮੀ ਗੰਗਾ ਰਾਮ, ਅੰਤਰਜਾਮੀ, ਪਰਮਹੰਸ)

ਆਰੰਭ— ੧ਓ ਤਤ ਸਤ ਪਰੰ ਬ੍ਰਹਮ ਪਰਮਾਤਮਾਯ । ੧ਓ ਸ੍ਰੀ ਗਣੇਸਾਯ ਨਮ: । ਅਥ ਗ੍ਰੰਥ ਆਤਮ ਪ੍ਰਕਾਸ ਸੁਰੂਪ ਕਥਤੇ । ਏ ਕੈਸਾ ਆਤਮ ਪ੍ਰਕਾਸ ਹੈ । ਸਰਵ ਪ੍ਰਕਾਸੋਂ ਕਾ ਪ੍ਰਕਾਸ ਹੈ । ਸਰਵ ਅਧਾਰੋਂ ਕਾ ਅਧਾਰ ਹੈ । ਸਰਵ ਚੈਤਨਜੋਂ ਕਾ ਚੈਤਨ੍ਯ ਹੈ । ਸਰਵ ਗਯਾਤੋਂ ਕਾ ਗਯਾਤ ਹੈ । ਜਿਸ ਆਤਮਾ ਕਾ ਪ੍ਰਤਿਬਿੰਬ ਅਵ੍ਯਾਕ੍ਰਿਤ ਮਾਯਾ, ਹਿਰਣ੍ਯ ਗਰਭ ਅੰਤਰਜਾਮੀ ਚਿਦਾਭਾਸ ਇਨ ਚਾਰ ਸੁਰੂਪ ਕੋ ਧਾਰ ਕੇ ਪ੍ਰਗਟ ਭਏ ਹੈਂ । ਇਨਿ ਦੂਾਰਾ ਅਨੇਕ ਸੁਰੂਪ ਹੋ ਕੇ ਰਹਤਾ ਹੈ । ਜੋ ਇਨਿ ਸੁਰੂਪੋਂ ਬਿਖੇ ਨਯਾਰਾ ਹੋ ਕੇ ਫਿਰ ਇਨ ਕਾ ਤਮਾਸਾ ਦੇਖਤਾ ਹੈ ਸੋਈ ਆਤਮਾ ਹੈ । ਜੋ ਇਸਥੂਲ ਸੂਖਮ ਕਾ ਅਨਭਵੀ ਚੈਤਨ੍ਯ ਹੈ ਸੋਈ ਆਤਮਾ ਹੈ । ਐਸੇ ਆਤਮ ਪ੍ਰਕਾਸ ਸੁਰੂਪ ਕੋ ਪਰਮ ਹੰਸ ਅੰਤਰਜਾਮੀ ਨਿਮਸਕਾਰ ਕਰਤਾ ਹੈ । (ਪੱਤਰਾ ੧)

ਅੰਤ— ਸੰਕਰ ਜੀ ਕਾ ਭਾਖ ਭਗਵਤ ਗੀਤਾ ਕਾ, ਇਨ ਕੇ ਵਾਕ ਅਚਾਰਜ ਪਰਮ ਹੰਸ ਸੁਾਮੀ ਬ੍ਰਹਮ ਵੇਤਾ ਤੁਲਸੀ ਰਾਮ ਕੇ ਮੁਖਾਰਬਿੰਦ ਸੇ ਸ੍ਰਵਣ ਕਰਕੇ ਪਰਮ ਹੰਸ ਅੰਤਰਜਾਮੀ ਮਨਨ ਕੀਆ ਹੈ । ਪਾਂਚ ਗ੍ਰੰਥੋਂ ਦੂਾਰਾ ਭਾਖਾ ਬਾਣੀ ਕਰ ਏਕ ਜੀਵ ਪ੍ਰਕਾਸ, ਏਕ ਗੁਰਸਿਖ੍ਯ ਕਾ ਸੰਵਾਦ, ਏਕ ਅੰਤਰਜਾਮੀ, ਏਕ ਸਾਖੀ ਪ੍ਰਕਾਸ਼, ਏਕ ਆਤਮਾ ਪ੍ਰਕਾਸ ॥੫॥ ਇਤਿ ਸ੍ਰੀ ਆਤਮ ਪ੍ਰਕਾਸ ਗ੍ਰੰਥ ਸੰਪੂਰਣੰ ਸਮਾਪਤੰ ॥ ਸੰਮਤ ੧੮੮੬ ॥ ਮਿਤੀ ਜੇਠ ਵਦੀ ਕਾਦਸੀ ੧੧, ਗੁਰੂ ਵਾਸਰੇ ॥੪॥ (ਪੱਤਰਾ ੨੦੮)

੨੬. (ੲ) ਗ੍ਰੰਥ ਜੀਵ ਪ੍ਰਕਾਸ਼ ਸਰੂਪ (ਗੁਰੂ ਸ਼ਿਸ਼ ਕਾ ਸੰਬਾਦ ਆਦਿ ਸਮੇਤ) (ਨੰ. ਪ੭੦, ਸਿ. ਰੈ. ਲਾ.)

ਲੇਖਕ— ਸੁਾਮੀ ਗੰਗਾ ਰਾਮ, ਅੰਤਰਜਾਮੀ, ਪਰਮ ਹੰਸ । ਆਕਾਰ—9¾″ × 6½″, ਲਿਖਤ 7″ × 4″ ।

ਵੇਰਵਾ— ਪੱਤਰੇ ਗ੍ਰੰਥ ਜੀਵ ਪ੍ਰਕਾਸ਼ ਸੁਰੂਪ ੪-੭੬, ਗ੍ਰੰਥ ਗੁਰ ਸ਼ਿਸ਼ ਕਾ ਸੰਬਾਦ ੭੬-੧੯੫, ਗ੍ਰੰਥ ਅੰਤਰਯਾਮੀ ਪ੍ਰਕਾਸ਼ ਸੁਰੂਪ ੧੯੫-੩੧੨, ਗ੍ਰੰਥ ਸਾਖੀ ਪ੍ਰਕਾਸ਼ ਸੁਰੂਪ ੩੧੩-੩੯੮; ਪ੍ਰਤੀ ਸਫ਼ਾ ੧੦-੧੧ ਸਤਰਾਂ; ਕਾਗ਼ਜ਼ ਪਤਲਾ ਦੇਸੀ; ਹਾਸ਼ੀਆ ਪੱਤਰਾ ੮੧ ਤਕ ਸਾਦਾ ਬਗ਼ੈਰ ਲਕੀਰਾਂ ਦੇ, ਤੇ ਬਾਕੀ ਅੰਤ ਤਕ ਲਾਲ ਲਕੀਰਾਂ ਵਾਲਾ; ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਆਦਿ-ਅੰਤ ਦੇ ਪੱਤਰੇ ਫਟੇ ਹੋਣ ਕਰ ਕੇ ਨਾਮੁਕੰਮਲ, ਪਰ ਅੰਤਲਾ ਪੱਤਰਾ ਹੋਰ ਕਲਮ ਨਾਲ ਕਿਸੇ ਹੋਰ ਪ੍ਰਤੀ ਤੋਂ ਲਿਖ ਕੇ ਪੂਰਾ ਕੀਤਾ ਹੋਇਆ ।

ਸਮਾਂ— ਪੁਸਤਕ ਸੱਤਰ-ਅੱਸੀ ਵਰ੍ਹੇ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—...ਹੇ ਗੁਰੋ ! ਆਗੇ ਵੇਦ ਵਿਖੇ ਐਸਾ ਸ੍ਰਵਣ ਕੀਆ ਹੈ ਜੋ ਏਕ ਸੁਧ ਪਰਮ ਬ੍ਰਹਮ ਹੈ, ਸੋ ਆਪ ਨੇ ਉਸ ਕੋ ਜੀਵ ਕਹਾ ਹੈ ।... (ਪੱਤਰਾ ੪)

ਅੰਤ— ਇਸ ਗ੍ਰੰਥ ਕੇ ਵਿਚਾਰ ਦੁਆਰਾ ਪ੍ਰਾਰਬਦ ਕੋ ਜੀਵਨ ਮੁਕਤੂੰ ਕੀ ਨਿਆਈ ਭੋਗਤੇ ਹੈਂ ਸੋ ਗੰਗਾ ਰਾਮ ਅੰਤਰਯਾਮੀ ਔਰ ਭੀ ਕੁਛ ਕਹਤਾ ਹੈ । ਸੋ ਵੇਦ ਗੁਰੂ ਆਪਣੇ ਪ੍ਰਤਿਗ੍ਯ ਕੇ ਆਗੇ ਜੋ ਕਛੁ ਇਸ ਵਾਣੀ ਨੇ ਕੋਈ ਵਾਕ ਅਨਥਾ ਭੀ ਕਹਾ ਹੋਇ ਸੋ ਆਪਨਾ ਬਾਲਿਕ ਜਾਣ ਕੇ ਖਿਮਾ ਕਰਣੀ । ਓਂ ਇਤ । ਅਥ ਗ੍ਰੰਥ ਜੀਵ ਪ੍ਰਕਾਸ ਸੁਰੂਪ ਸਮਾਪਤ । ਸੋ ਗੰਗਾ ਰਾਮ ਅੰਤਰਯਾਮੀ ਕਾਸੀ ਪੁਰੀ ਵਿਖੇ ਜੀਵ ਪ੍ਰਕਾਸ ਸੁਰੂਪ ਲਿਖਤੇ । ਓਂ ਹਰੀ । ਸੋਹੰ ਹੰਸੋ । ਸਲੋਕ ਏਕ ਹਜਾਰ ਦਸ ।੧੦੦੦੧੦। ਸੋਹੰ ਆਤਮ ਰਾਮ । (ਪੱਤਰਾ ੭੬)

(ਅ) ਗ੍ਰੰਥ ਗੁਰ ਸ਼ਿਸ਼ ਸੰਬਾਦ (ਸ੍ਵਾਮੀ ਗੰਗਾ ਰਾਮ, ਅੰਤਰਯਾਮੀ, ਪਰਮ ਹੰਸ)

ਆਰੰਭ– ਸ੍ਵਾਮੀ । ੳੰ ਤਤ ਸਤ ਬ੍ਰਹਮ ਵਿਸਨ ਸਿਵ ਸੁਰਸਤੀ ਨਮਹ । ਸ੍ਰੀ ਗੁਰ ਭੋ ਨਮਹ । ਅਥ ਗ੍ਰਿੰਥ ਗੁਰ ਸਿਸ ਕਾ ਸੰਬਾਦ ਕਥਤੇ । ਸੋ ਗੁਰ ਕੈਸੇ ਹੈ ਜਿਨ ਕੀ ਕਾਂਤੀ ਸੂਰਜ ਕੀ ਕ੍ਰਾਂਤ ਕੀ ਨਿਆਈਂ ਹੈ । (ਪੱਤਰਾ ੭੬)

ਅੰਤ– ਸੋ ਬ੍ਰਹਮ ਲੋਕ ਕਿਆ ਜੋ ਏ ਪੁਰਖ ਆਪਣੇ ਆਪ ਪ੍ਰਤਿਕ ਕੌ ਇਸ ਗ੍ਰੰਥ ਦੁਆਰਾ ਜਾਣੇ ਸੋਈ ਆਪਣਾ ਆਪ ਪ੍ਰਤਿਕ ਸਰੂਪ ਬ੍ਰਹਮ ਲੋਕ ਹੈ । ੳੰ ਹਰੀ । ਸੋ ਗ੍ਰੰਥ ਗੁਰ ਸਿਸ ਕਾ ਸੰਬਾਦ ਸਮਾਪਤੰ । ਸੋ ਕਾਂਸੀ ਪੁਰੀ ਵਿੱਖੇ ਗੰਗਾ ਰਾਮ ਅੰਤਰਯਾਮੀ ਗ੍ਰੰਥ ਲਿਖਤੇ ।...ਸਲੋਕ ਏਕ ਹਜ਼ਾਰ ਛਤੀ ਸੋ ।੧੦●੦। ੩੬੦੦। (ਪੱਤਰਾ ੧੯੫)

(ੲ) ਅੰਤਰਜਾਮੀ ਪ੍ਰਕਾਸ਼ ਸ੍ਵਰੂਪ (ਸ੍ਵਾਮੀ ਗੰਗਾ ਰਾਮ, ਅੰਤਰਯਾਮੀ, ਪਰਮ ਹੰਸ)

ਆਰੰਭ– ੳੰ ਤਤ ਸਤਿ ਬ੍ਰਹਮ । ਵਿਸਨ ਸਿਵ ਸੁਰਸਤੀ ਨਮਹ । ਅਥ ਗ੍ਰਿੰਥ ਅੰਤਰਜਾਮੀ ਪ੍ਰਕਾਸ ਸ੍ਵਰੂਪ ਕਥਤੇ । ਸੋ ਏ ਕੈਸਾ ਅੰਤਰਯਾਮੀ ਹੈ, ਸੋ ਜਿਸ ਅੰਤਰਜਾਮੀ ਕੌ ਵੇਦ ਪੁਕਾਰ ਕੇ ਕਹਤਾ ਹੈ । (ਪੱਤਰਾ ੧੯੫)

ਅੰਤ– ਜੋ ਇਸ (ਗ੍ਰੰਥ) ਕਾ ਸ੍ਰਵਣ ਕਰੇ ਅਥਵਾ ਪਾਠ ਕਰੇ ਏ ਦੋਊ ਅੰਤਰਯਾਮੀ ਕੇ ਪਦ ਕੌ ਪ੍ਰਾਪਤ ਹੋਤੇ ਹੈ ।... ਸੋ ਗੰਗਾ ਰਾਮ ਅਤਰਯਾਮੀ ਔਰ ਕਛੁ ਕਹਤਾ ਹੈ ਗੁਰੌ ਵੇਦ ਆਪਣੇ ਪ੍ਰਤਿਕ ਕੇ ਆਗੇ । ਜੋ ਇਸ ਵਾਣੀ (ਕੋ) ਕੋਈ ਵਾਕ ਅਨਥਾ ਭੀ ਕਹਾ ਹੋ, ਅਪਣਾ ਬਾਲਿਕ ਜਾਣ ਕੇ ਖਿਮਾ ਕਰਨਾ । ੳੰ ਹਰੀ । ਗ੍ਰੰਥ ਅੰਤਰਯਾਮੀ ਪ੍ਰਕਾਸ ਸ੍ਵਰੂਪ ਸਮਾਪਤੰ । ਕਾਂਸੀ ਪੁਰੀ ਵਿਖੇ ਗੰਗਾ ਰਾਮ ਅੰਤਰਯਾਮੀ ਲਿਖਤੇ ।... ਸਲੋਕ ਏਕ ਹਜਾਰ ਚਾਰ ਸੈ । (ਪੱਤਰਾ ੩੧੨)

(ਸ) ਗ੍ਰੰਥ ਸਾਖੀ ਪ੍ਰਕਾਸ਼ (ਸ੍ਵਾਮੀ ਗੰਗਾ ਰਾਮ, ਅੰਤਰਯਾਮੀ, ਪਰਮ ਹੰਸ)

ਆਰੰਭ– ੳੰ ਤਤ ਸਤਿ ਬ੍ਰਹਮ । ਵਿਸਨ ਸਿਵ ਸੁਰਸਤੀ ਨਮਹ । ਸ੍ਰੀ ਗੁਰੂ ਭੋ ਨਮਹ । ਅਥ ਗ੍ਰੰਥ ਸਾਖੀ ਪ੍ਰਕਾਸ ਸ੍ਵਰੂਪ ਕਥਤੇ । ਸੋ ਏ ਸਾਖੀ ਪ੍ਰਕਾਸ ਸ੍ਵਰੂਪ ਕੈਸਾ ਹੈ, ਜੋ ਸਰਵ ਆਧਾਰੋਂ ਕਾ ਅਧਾਰ ਹੈ, ਸਰਵ ਚੈਤੰਨੋ ਕਾ ਚੈਤੰਨ ਹੈ । (ਪੱਤਰਾ ੩੧੩)

ਅੰਤ– ਵਾਸਤਵ ਤੇ ਬ੍ਰਹਮ ਵਿਖੇ ਨ ਆਦਿ ਹੈ ਨ ਅੰਤ ਹੈ। ਏਕ ਰਸ ਪਰਮ ਆਨੰਦ ਸਰੂਪ ਹੈ, ਤਾਂ ਤੇ ਜੋ ਪੁਰਖ ਇਸ ਫੁਰਣਾ ਰੂਪੀ ਸਮਾਧ ਕੌ ਜਾਣਤਾ ਹੈ, ਤਿਸ ਪੁਰਖ ਕਉ ਕਛੁ ਔਰ ਕਰਤਵ ਨਹੀਂ ...। ਇਸ ਗ੍ਰੰਥ ਸਾਖੀ ਪ੍ਰਕਾਸ ਕਾ ਕੈਸਾ ਮਹਤ ਹੈ, ਪੁਰਖ ਮਨ ਕੋ ਇਕਾਗਰ ਕਰ ਕੇ ਇਸ ਗਰੰਥ ਕੋ ਵਿਚਾਰੈ ਅਥਵਾ ਪਾਠ ਕਰੈ ਅਥਵਾ ਸ੍ਰਵਣ ਕਰੈ, ਏ ਤੀਨੋਂ ਪੁਰਖ ਸਾਖੀ ਸ੍ਵਰੂਪ ਨਿਰਵਿਕਾਰ ਕੋ ਪ੍ਰਾਪਤ ਹੋਤੇ ਹੈਂ । ੳੰ ਇਤ । ਸੋ ਗੰਗਾ ਰਾਮ ਅੰਤਰਯਾਮੀ ਔਰ ਵੇਨਤੀ ਕਰਤਾ ਹੈ ਆਪਣੇ ਪ੍ਰਤਿਕ ਕੇ ਆਗੇ ਜੋ ਇਸ ਵਾਣੀ ਕੋ ਅਨਥਾ ਵਾਕ ਭੀ ਕਹਾ ਹੋ, ਆਪਣਾ ਬਾਲਿਕ ਜਾਣ ਕੇ ਖਿਮਾ ਕਰਨਾ । ਹਰੀ ੳੰ ਤਤ ਸਤ ।

(ਪੱਤਰੇ ੩੯੭-੯੮)

(ਨੰ. ×, ਸ਼. ਸਿੰ. ਅ.)

੨੭. ਤਤ੍ਵਾਨੁਸੰਧਾਨ

ਲੇਖਕ– ਸ੍ਰੀ ਮਹਾਦੇਵ, ਸਰਸ੍ਵਤੀ । ਆਕਾਰ—5″×8″, ਲਿਖਤ $3\frac{3}{4}$″×$6\frac{1}{2}$″ ।

ਇਤਿ ਸ੍ਰੀ ਮਤ ਪਰਮਹੰਸ ਪਰਿਬ੍ਰਾਜਕਾਚਾਰਜ ਰਾਮ ਦਿਯਾਲ ਪਰਮ ਸਿਖ ਸਦਾਨੰਦ ਵਿਦੁਖਾ ਵਿਰਚਿਤੇ ਵੇਦਾਂਤ ਪ੍ਰਕਰਣੇ ਸਿਧਾਂਤ ਰਹਸੇ ਵੇਦਾਂਤ ਸਾਰ ਵਰਨਨੰ ਅਸਟਮੋ ਸਥਲ ॥੮॥ ਸਮਾਪਤੰ ਅਖੰਡ ਸਦਾਨੰਦ ਕ੍ਰਿਤ ਸਦਾਨੰਦ ਸਿਧਾਂਤ ਰਹਸ ਨਾਮ ਗ੍ਰੰਥ...... । (ਪੱਤਰਾ ੭੪)

ਇਸ ਪੁਸਤਕ ਦੇ ੮ ਸਥਲ (ਅਧਿਆਇ) ਹਨ, ਜਿਨ੍ਹਾਂ ਦੀ ਛੰਦ—ਗਿਣਤੀ ਕ੍ਰਮ ਅਨੁਸਾਰ ਇਸ ਤਰ੍ਹਾਂ ਹੈ:—

(੧)	ਪ੍ਰਥਮ ਸਥਲ	੭੮	(ਪੱਤਰਾ ੬)
(੨)	ਦੁਤੀਯ ਸਥਲ	੮੬	(ਪੱਤਰਾ ੧੪)
(੩)	ਤ੍ਰਿਤੀਯ ਸਥਲ	੬੭	(ਪੱਤਰਾ ੧੯)
(੪)	ਚਤੁਰਥ ਸਥਲ	੧੩੪	(ਪੱਤਰਾ ੩੦)
(੫)	ਪੰਚਮ ਸਥਲ	੧੧੦	(ਪੱਤਰਾ ੪੦)
(੬)	ਖਸ਼ਟਮ ਸਥਲ	੧੨੩	(ਪੱਤਰਾ ੫੦)
(੭)	ਸਪਤਮ ਸਥਲ	੧੨੦	(ਪੱਤਰਾ ੬੧)
(੮)	ਅਸ਼ਟਮੋ ਸਥਲ	੧੨੯	(ਪੱਤਰਾ ੭੪)

ਜੁਮਲਾ (ਕੁੱਲ ਜੋੜ) ੮੪੭ ।

ਇਸ ਗਿਣਤੀ, ਜੋ ਅੰਤ ਵਿਚ ਕੁਝ ਗਲਤ ਸੀ, ਏਥੇ ਦਰੁਸਤ ਕਰਕੇ ਲਿਖੀ ਗਈ ਹੈ। ਕੁਝ ਸ਼ਬਦ ਇਸ ਦੇ ਲਿਖਾਰੀ ਦਾ ਇਸ਼ਾਰੇ ਮਾਤ੍ਰ ਪਤਾ ਦਿੰਦੇ ਹਨ—

"ਸੋਕ ਭਜਨ ਭਗਤ ਪ੍ਰੇਮ ਵਿਸਾਹ । ਸਦਾ ਨਿਰਵਾਹੂ ਰਾਮ ਨਿਰਬਾਹ ।
ਸ੍ਰੀ ਰਾਮ ਸਤ ਜਗਤ ਅਸਤ। ਜੋ ਵਿਚਾਰੇ ਸੁ ਪਾਇ ਸੁਭ ਮਤ ।
ਵਾਹਗੁਰੂ ਹਰੇ ਰਾਮ ਕ੍ਰਿਸਨ, ਗੁਰੂ ਨਾਨਕ ਜੀ ਕ੍ਰਿਪਾਲ ।" (ਪੱਤਰਾ ੭੪)

(ਅ) ਆਤਮ ਵਿਚਾਰ ਸਟੀਕ (ਲੇਖਕ—ਮਾਣਕ ਦਾਸ)

ਆਰੰਭ— ੧ਓ ਸ੍ਰੀ ਪਰਮਾਤਮਨੇ ਨਮ: । ਸ੍ਰੀ ਕ੍ਰਿਸਨਾਯ ਨਮ: । ਸ੍ਰੀ ਰਾਮ ਚੰਦ੍ਰਾਯ ਨਮ: ॥ ਦੋ ॥
ਮੰਗਲਾਯਨ ਕਰਣਾਯਤਨ, ਸਰਬ ਕਲਿਯਾਣ ਗੁਣ ਧਾਮ ।
ਮਮ ਮਾਨਸਰ ਹੰਸ ਵਤ, ਰਮਣ ਕਰਹੁ ਸੀਆ ਰਾਮ ॥ ੧ ॥
ਧਿਆਨ ਪੂਰਬਕ ਇਸਟ ਦੇਵਤਾ ਕੀ ਪ੍ਰਾਰਥਨਾ ਕਰੇ ਹੈ ॥ ਸਵੈਯਾ ।
ਸਯਾਮ ਸਰੀਰ ਪੀਤਾਂਬਰ ਸੋਹਤ, ਦਾਮਨੀ ਜਯੋਂ ਘਨ ਮਾਹਿ ਸੁਹਾਈ ।
ਸੀਸ ਮੁਕਟ ਅਤਿ ਸੋਹਤਿ ਹੈ, ਘਨ ਊਪਰ ਜਯੋਂ ਰਵਿ ਦੇਤ ਦਿਖਾਈ।
ਕੰਠ ਵਿਖੇ ਮਨਿ ਮਾਲ ਬਨੀ, ਮਾਨੋ ਨੀਲ ਗਿਰੀ ਮਹਿ ਗੰਗ ਜੁ ਆਈ।
ਮਾਣਕ ਕੇ ਮਨ ਮਾਹਿ ਬਸੋ, ਐਸੇ ਨੰਦ ਕੋ ਨੰਦਨ ਬਾਲ ਕਨ੍ਹਾਈ ॥ ੨ ॥
ਟੀਕਾ । ਸਾਂਮ ਸਰੀਰ ਕੂੰ ਘਨ ਕੀ ਉਪਮਾ, ਫਰਕਤਾ ਪੀਤਾਂਬਰ ਕੂੰ ਦਾਮਨੀ ਕੀ ਉਪਮਾ,
ਸੀਸ ਕੂੰ ਘਨ ਕੀ ਉਪਮਾ, ਮਨਿ ਜਟਤ ਮੁਕਟ ਕੂੰ ਰਵਿ ਕੀ ਉਪਮਾ ।... (ਪੱਤਰਾ ੭੪)

ਅੰਤ— ਸਵੈਯਾ ॥ ਯਮਨਾ ਤਟ ਕੇਲ ਕਰੇ, ਸੰਗ ਬਾਲ ਗੋਵਾਲ ਬਨੇ ਬਲ ਭਈਆ ।
ਗਾਵਤ ਹੈ ਕਬੀ ਬੰਸੀ ਬਜਾਵਤ ਧਾਵਤ ਹੈ ਕਬਹੂੰ ਸੰਗ ਗਈਆ ।
ਕੋਕਲ ਮੋਰ ਕੀ ਨਕਲ ਵੇ ਬੋਲਤ, ਕੂਦਤ ਹੈ ਕਪਿ ਮ੍ਰਿਗ ਕੀ ਨਈਆ ।
ਮਾਣਕ ਕੇ ਮਨ ਮਾਹਿ ਬਸੋ, ਐਸੇ ਨੰਦ ਕੋ ਨੰਦ ਯਸੋਧਾ ਕੋ ਛਈਆ ॥੪॥
ਇਤਿ ਸ੍ਰੀ ਆਤਮ ਵਿਚਾਰ ਗ੍ਰੰਥਿ ਮਹਾ ਮੋਖ ਹੇਤੂ ਸੰਪੂਰਣੰ ਸਮਾਪਤੰ । ਜੀਵਨ ਮੁਕਤ ਨਿਰੂਪਣੰ ਨਾਮ ਚਤੁਰਥ ਧਯਾਇ । ਸ੍ਰੀ ਪਰਮਾਤਮਨੇ ਨਮਹ। ਤਤ ਸਤ ਬ੍ਰਹਮ। ਤਤ ਸਤ ਬ੍ਰਹਮ। (ਪੱਤਰਾ ੧੫੨)

(ੲ) ਮੋਖ ਪੰਥ ਪ੍ਰਕਾਸ਼ (ਸਾਧੂ ਗੁਲਾਬ ਸਿੰਘ)

ਆਰੰਭ— ੧ਓ ਸ੍ਰੀ ਗਣੇਸਾਯ ਨਮ: । ਸ੍ਰੀ ਰਾਮਾਨੁਜਾਯ ਨਮ: ॥ ਸਵੈਯਾ ॥ (ਪੱਤਰਾ ੧੫੩)
ਯਾ ਜਗ ਮੈ ਜਿਨ ਕੇ ਪਦ ਪੰਕਜ ਸੇਵਤ ਨੀਤ ਸੁਰੇਸੂਰ ਭਾਰੀ ।...

ਅੰਤ—... ਪਦ ਪੰਕਜ ਮੈ ਬਹੁ ਬੰਦ ਹਮਾਰੇ ॥੬੨॥

ਇਤਿ ਸ੍ਰੀ ਮਤ ਮਾਨ ਸਿੰਘ ਚਰਣ ਸਿਖਜਤ ਗੁਲਾਬ ਸਿੰਘੇਨ ਗੋਰੀ ਰਾਇ ਆਤਮਜੇਨ ਵਿਰਚਿਤੇ ਮੋਖ ਪੰਥ ਪ੍ਰਕਾਸੇ ਵਿਦੇਹ ਮੁਕਤਿ ਨਿਰਣਯੋ ਨਾਮ ਪੰਚਮੋ ਨਿਵਾਸ ॥੫॥ ਸੁਭਮਸਤ ।.. (ਪੱਤਰਾ ੨੮੯)

(ਸ) **ਪ੍ਰਬੋਧ ਚੰਦ੍ਰ ਨਾਟਕ** (ਸਾਧੂ ਗੁਲਾਬ ਸਿੰਘ)

ਆਰੰਭ— ੧ਓ ਸਤਿਗੁਰ-ਪ੍ਰਸਾਦਿ । ਸ੍ਰੀ ਗਣੇਸਾਯ ਨਮਃ ॥ ਦੋਹਰਾ ॥
ਗੋਰੀ ਪੁਤ੍ਰ ਗਣੇਸ ਪਦ, ਬੰਦੋ ਬਾਰੰਬਾਰ ।
ਕਾਰਜ ਕੀਜੇ ਸਿਧ ਮਮ. ਦੇਹੁ ਸੁ ਬੁਧ ਉਦਾਰ ॥੧॥ (ਪੱਤਰਾ ੨੮੯)

ਅੰਤ— ਗੁਰ ਮਾਨ ਸਿੰਘ ਪਦਾਰਬਿੰਦ ਅਬਲੰਬਨਾ ਉਰ ਠਾਨ ।
ਕੁਰੁਖੇਤ੍ਰ ਪ੍ਰਾਚੀ ਕੂਲ ਤਟ, ਯਹ ਕੀਨ ਗ੍ਰੰਥ ਬਖਾਨ ॥੨੨੩॥
ਇਤਿ ਸ੍ਰੀ ਮਤਿ ਮਾਨ ਸਿੰਘ ਚਰਣ ਸਿਖਜਤ ਗੁਲਾਬ ਸਿੰਘੇਨ ਗੋਰੀ ਰਾਇ ਆਤਮਜੇਨ ਵਿਰਚਿਤੇ ਪ੍ਰਬੋਧ ਚੰਦ੍ਰ ਨਾਟਕੇ ਜੀਵਨ ਮੁਕਤਿ ਕੋ ਨਾਮ ਖਸਟਮੋ ਧਿਆਇ ॥੬॥ ਸੁਭੰ ਭਵਤੁ । (ਪੱਤਰਾ ੩੭੭)

੫੫. **ਵੇਦਾਂਤ ਗ੍ਰੰਥ** (ਅਧੂਰਾ) (ਨੰ. ੫੮, ਭਾ. ਵਿ.)

ਲੇਖਕ— ਨਾਮਾਲੂਮ । ਆਕਾਰ-$7\frac{1}{4}'' \times 12\frac{1}{4}''$, ਲਿਖਤ $4'' \times 9\frac{1}{2}''$ ।

ਵੇਰਵਾ— ਪੱਤਰੇ ੮; ਪ੍ਰਤੀ ਸਫ਼ਾ ੨੩ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਖੁਲ੍ਹੇ ਪੱਤਰੇ

ਸਮਾਂ— ਨਾਮਾਲੂਮ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗਰ ਪ੍ਰਸਾਦਿ । ਸ੍ਰੀ ਗਣੇਸਾਯ ਨਮਃ ॥ ਭੁਜੰਗ ਛੰਦ ॥
ਗਣੰ ਨਾਥ ਦਾਤੇ ਨਮੋ ਪਾਦ ਕੰਜੰ । ਸਦਾ ਸੌਖ੍ਯਕਾਰੰ ਅਲੰ ਦ੍ਵੈਤ ਭੰਜੰ ।
ਸਦਾ ਦੇਵ ਸੇਵੇਂ ਉਰੰ ਓਟ ਜਾਨੇ । ਧਰੇਂ ਭੇਟ ਆਗੇ ਨਮੋ ਪਾਦ ਠਾਨੇ ॥੧॥ (ਪੱਤਰਾ ੧)

ਅੰਤ— ਜੀਵ ਈਸ ਨਿਖਲ ਕੋ ਭੇਦ । ਸਤਿ ਨਿਵਾਰੇ ਕਹੇ ਅਭੇਦ ।
ਭੇਦ ਬਖਾਨੇ ਸ੍ਰੁਤਿ ਬਿਰੋਧ । ਤਾਹੀ ਕੋ ਨੀਕੇ ਉਰ ਸੋਧ ॥੧੨੭॥
ਜਾਤੇ ਭੇਦ ਨ ਦੋਨੋ......। (ਪੱਤਰਾ ੮)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ ਤੇ ਇਹ ਵੀ ਪਤਾ ਨਹੀਂ ਲਗਦਾ ਕਿ ਇਸ ਪੁਸਤਕ ਦਾ ਅਸਲ ਨਾਮ ਕੀ ਹੈ ।

੫੬. **ਵੈਰਾਗ ਪ੍ਰਕਰਣ ਸ੍ਰਵਣ ਸਿਮ੍ਰਿਤ ਭਾਖਾ** (ਤਿੰਨ ਪ੍ਰਕਰਣਾਂ ਵਿਚ) (ਗੋ. ਸਿੰ. ਲਾਂ.)

ਲੇਖਕ— ਨਾਮਾਲੂਮ । ਅਨੁਵਾਦਕ—ਨਾਮਾਲੂਮ । ਆਕਾਰ—$6'' \times 5\frac{1}{2}''$, ਲਿਖਤ $4\frac{3}{4}'' \times 4\frac{1}{4}''$ ।

ਵੇਰਵਾ— ਪੱਤਰੇ ਵੈਰਾਗ ਪ੍ਰਕਰਣ ੧੧੩, ਮਮੋਛ ਪ੍ਰਕਰਣ ੧੧੩-੧੮੭, ਨਿਰਬਾਣ ਪ੍ਰਕਰਣ ੧੮੭-੨੫੯; ਪ੍ਰਤੀ ਸਫ਼ਾ ੧੨ ਸੱਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਤੇ ਅੰਤਿਮ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਡੇਢ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਓਅੰ ਸ੍ਰੀ ਪਰਮਾਤਮਾਇ ਨਮਹਿ । ਵੈਰਾਗ ਪ੍ਰਕਰਣ ਸ੍ਰਵਣ ਸਿਮ੍ਰਿਤ ਭਾਖਾ ਲਿਖਤੇ । ਸਤਿ ਚਿਤ ਆਨੰਦ ਰੂਪ ਜੋ ਆਤਮਾ ਹੈ, ਤਿਸ ਕਉ ਨਮਸਕਾਰ ਹੈ । ਕੈਸਾ ਹੈ ਸਤਚਿਤ ਅਨੰਦ ਰੂਪ ਸੋ ਆਤਮਾ ਕਹਤਹ ਹੈ ਜਿਸ ਤੇ ਇਹ ਸਰਬ ਭਾਸਤੇ ਹਹਿ ਅਰੁ ਜਿਸ ਵਿਖੇ ਸਰਬ ਲੀਨ ਹੋਤੇ ਹੈ ਅਰ ਜਿਸ ਵਿਖੇ ਸਰਬ ਇਸਥਿਤ ਹਹਿ ਤਿਸ ਸਤਿ ਆਤਮਾ ਕਉ ਨਮਸਕਾਰ ਹੈ । (ਪੱਤਰਾ ੧)

ਅੰਤ— ਹੇ ਰਾਮ ਜੀ ! ਏਹ ਭਸੁੰਡ ਕੇ ਵਚਨ ਮੈਂ ਤੁਝ ਕੋ ਅਸਚਰਜ ਸੁਣਾਏ ਹੈਂ । ਅਬ ਉਸ ਸੁਮੇਰ ਕੇ ਪਰਬਤ ਕੈ ਸਿਖਰ ਊਪਰ ਕਲਿਆਣ ਰੂਪ ਸਮ ਇਸਥਿਤ ਹੈ ਅਰੁ ਸਾਂਤਿ ਰੂਪ ਹੈ । ਮਾਨ ਕਰਨੇ ਕਉ ਜੋਗ ਹੈ ਅਰ ਸਦਾ ਸਮਾਧਵਾਨ ਹੈ । ਐਸਾ ਪੁਰਖੁ ਅਬਲਗ ਊਹਾਂ ਹੀ ਇਸਥਿਤ ਹੈ । ਹੇ ਰਾਮ ਜੀ ! ਏਹੁ ਹਮਾਰਾ ਅਰੁ ਉਸ ਕਾ ਸਮਾਗਮ ਹੈ । ਸਤ ਜੁਗ ਕੇ ਦੋਇ ਸੈ ਵਰਖ ਵਤੀਤਿ ਭਏ ਥੇ ਤਬ ਊਹਾ ਥਾ । ਅਬ ਸਤੰਜੁਗੁ ਖੀਣ ਹੂਆ, ਤ੍ਰੇਤਾ ਜੁਗ ਵਰਤਮਾਨ ਹੈ. ਤਿਸ ਵਿਖੇ ਤੁਮ ਉਪਜੇ ਹੋ । ਹੇ ਰਾਮ ਜੀ ! ਅਬ ਭੀ ਅਸਟ ਵਰਖ ਵਤੀਤਿ ਹੂਏ ਹੈ । ਜੋ ਹਮਾਰਾ ਅਰੁ ਉਸ ਕਾ ਮਿਲਾਪ ਹੋਆ ਥਾ, ਤਿਸੀ ਬ੍ਰਿਛ ਕੀ ਲਤਾ ਊਪਰ ਹੈ । ਹੇ ਰਾਮ ਜੀ ! ਏਹ ਮੈ ਤੁਝ ਕੋ ਭਸੁੰਡ ਕਾ ਇਤਿਹਾਸ ਕਹਾ ਹੈ, ਸੋ ਪਰਮ ਉਤਮ ਹੈ । ਜੋ ਤਿਸ

ਕੋ ਵਿਚਾਰ ਕਰੈਗਾ, ਉਸ ਕਾ ਸੰਸਾਰ-ਭ੍ਰਮ ਨਿਵਿਰਤ ਹੋ ਜਾਵੈਗਾ। ਏਹ ਮੁਨਿ ਵਸਿਸਟ ਅਰੁ ਭਸੁੰਡ ਕੀ ਕਥਾ ਹੈ। ਜਿਸ ਨਿਰਮਲ ਬੁਧਿ ਸਾਥ ਵਿਚਾਰੈਗਾ ਸੋ ਭੈ ਰੂਪੀ ਸੰਸਾ(ਰ,ਕੇ ਭੈ ਤੇ ਤਰੈਗਾ ॥੨੩॥ ਇਤਿ ਸ੍ਰੀ ਨਿਰਬਾਣ ਪ੍ਰਕਰਣੇ ਭਸੁੰਡ ਪਖਿਆਨੇ ਸਮਾਪਤੰ ਨੌਮੁ ਸਰਗਹ। (ਪੱਤਰੇ ੨੫੮-੫੯)

(ੲ) ਯੋਗ ਦਰਸ਼ਨ

੫੭. (ੳ) ਗਿਆਨ ਸੁਰੋਦਾ (ਗਰਭ ਗੀਤਾ ਆਦਿ ਸਮੇਤ) (ਨੰ. ੧੭੪, ਪ੍ਰੋ. ਪ੍ਰੀ. ਸਿੰ.)

ਲੇਖਕ– ਨਾਨਕ ਦਾਸ। ਆਕਾਰ—$4\frac{1}{4}$" × $4\frac{3}{4}$", ਲਿਖਤ $2\frac{3}{4}$" × $3\frac{1}{4}$"।

ਵੇਰਵਾ– ਪੱਤਰੇ ੩੭; ਗਰਭ ਗੀਤਾ ੩੮-੬੦ (੨੩), ਨਿਰਨਾ ਸਾਰ ਭਾਖਾ (ਭਾਈ ਦਰਬਾਰੀ) ੪੮; ਸਾਲਗਰਰਾ (ਸੁੱਖਾ ਸਿੰਘ) ੪੮-੬੧ (੧੪), ਕੁੱਲ ਪੱਤਰੇ ੧੨੧; ਪ੍ਰਤੀ ਸਫ਼ਾ ੯ ਸੱਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਅੱਛੀ ਹਾਲਤ ਵਿਚ ਹੈ।

ਸਮਾਂ– ਸੰਮਤ ੧੯੪੨ ਬਿ.। ਲਿਖਾਰੀ—ਉੱਤਮ ਦਾਸ, ਸਾਨਿਆਵਾਲ।

ਆਰੰਭ– ੧ਓ ਸਤਿਗੁਰ ਪ੍ਰਸਾਦਿ। ਗਿਆਨ ਸੁਰੋਦਾ ਲਿਖ੍ਯਤੇ।
ਰਾਗ ਰਾਮਕਲੀ ਮਹਲਾ ੧*।
ਪੁਰਖੋਤਮ ਪਰਮਾਤਮਾ, ਪੂਰਨ ਬਿਸਵਾ ਬੀਸ।
ਆਦਿ ਪੁਰਖ ਅਬਚਲ ਤੁਹੀ, ਤੋਹਿ ਨਿਵਾਵਉ ਸੀਸ ॥੧॥ (ਪੱਤਰਾ ੧)

ਅੰਤ–... ਜਿਸ ਬਿਧਿ ਕਹਯੋ ਸੂਦੇ ਗਯਾਨ, ਸੋਈ ਲੈ ਤੁਮ ਕਰੋ।
ਨਾਨਕ ਦਾਸ ਰਣਜੀਤੋ ਕਹਿ ਸੁ ਲੇ ਹੈ ਮੁਕਤਿ ਕੋ ॥
ਇਤਿ ਸ੍ਰੀ ਗਯਾਨ ਸੁਰੋਦੈ ਮਾਲਾ ਮੰਤ੍ਰ ਨਾਨਕ ਦਾਸ ਰਣਜੀਤ ਕ੍ਰਿਤ ਸੰਪੂਰਣੰ ਸਮਾਪਤੰ ਸੁਭੰ ਮਾਸ ਸਾਵਣ, ਸੁਕਲ ਪਖ, ਸਾਲ ੧੯੪੨ ਸੋਮਵਾਰ ਬਿਤ ੧੪ ਉਤਮ ਦਾਸ ਨੇ ਲਿਖ੍ਯਾ। (ਪੱਤਰਾ ੩੭)

(ਅ) ਗਰਭ ਗੀਤਾ (ਲੇਖਕ— ਨਾਮਾਲੂਮ)।

ਆਰੰਭ– ੧ਓ ਸਤਿਗੁਰ ਪ੍ਰਸਾਦਿ। ਅਥ ਗਰਭ ਗੀਤਾ ਲਿਖ੍ਯਤੇ। ਸ੍ਰੀ ਗਣੇਸਾਯ ਨਮਹ। ਸ੍ਰੀ ਕ੍ਰਿਸਨ ਅਰਜਨ ਸੰਬਾਦ। ਅਰਜਨ ਸ੍ਰੀ ਕ੍ਰਿਸਨ ਭਗਵਾਨ ਜੀ ਪਾਸੋਂ ਪੂਛਤਾ ਹੈ, "ਹੇ ਸ੍ਰੀ ਕ੍ਰਿਸਨ ਭਗਵਾਨ ਜੀ! ਕ੍ਰਿਪਾ ਕਰ ਕੇ ਉਤਰ ਦੇਹੋ ਜੀ।... (ਪੱਤਰਾ ੩੮)

ਅੰਤ– ਜੋ ਏਸ ਗੀਤਾ ਕੋ ਪੜ੍ਹੇ ਸੁਣੇ ਜੋ ਸਮਝ ਕਰਿ ਕੈ ਬੈਕੁੰਠ ਕੋ ਪ੍ਰਾਪਤ ਹੋਵੇਗਾ। ਜੋ ਅਣਜਾਣ ਕਰ ਕੇ ਸੁਣੇਗਾ ਸੋ ਭੀ ਕਲਿਆਣ ਹੋਵੈਗਾ ॥੩੬॥ ਇਤਿ ਸ੍ਰੀ ਗਰਭ ਗੀਤਾ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਸਰਬ ਸਾਸਤ੍ਰ ਨਿਰਣੇ ਮੋਖ੍ਯ ਧਿਆਇ ਸਮਾਪਤੰ ॥੩੭॥ ਗਰਭ ਗੀਤਾ ਸੰਪੂਰਨੰ। ਸਾਲ ੧੯੪੨ ਮਾਸ ਭਾਦੋ ਵੀਰ ਥਿਤ ੨ ਕ੍ਰਿਸਨਾ ਪਖ ਹੈਸੀ। ਸਮਾਪਤ ਹੋਈ। ਉਤਮ ਦਾਸ ਲਿਖਾਰੀ ਨੇ ਲਿਖੀ, ਬਾਵਾ ਗੁਰਮੁਖ ਦਾਸ ਦਾ ਚੇਲਾ। ਬਣਾ ਵਾਲੀ ਮੁਕਾਮ ਹੈ ਗੁਰੂ ਦਾ। ਆਪ ਸਾਨਿਆ ਵਾਲੇ ਹੈ ਗਾਵ।... (ਪੱਤਰੇ ੫੯-੬੦)

(ੲ) ਨਿਰਨਾ ਸਾਰ ਭਾਖਾ (ਭਾਈ ਦਰਬਾਰੀ)

ਆਰੰਭ– ੧ਓ ਸਤਿਗੁਰ ਪ੍ਰਸਾਦਿ। ਅਥ ਨਿਰਨਾ ਸਾਰ ਭਾਖਾ ਲਿਖ੍ਯਤੇ ॥ਦੋਹਰਾ॥
ਨਮੋ ਨਮੋ ਗੁਰ ਦੇਵ ਕੋ, ਦੀਨੋ ਯਾਹਿ ਬਿਬੇਕ।
ਫਾਹੀ ਕਾਟੀ ਜਗਤ ਕੀ, ਮੁਕਤ ਫਿਰੈ ਸਭ ਦੇਸ ॥੧॥
ਏਕ ਹੀ ਅਛਰ ਬ੍ਰਹਮ ਤੇ ਫੁਰਨਾ ਭਯੋ ਅਨੇਕ।
ਪੁਰਖ ਪ੍ਰਕ੍ਰਿਤ ਸੁ ਗੁਣ ਭਏ, ਰਜੋ ਸਤੋ ਤਮ ਏਕ ॥੨॥ (ਪੱਤਰਾ ੧)

ਅੰਤ– ਜੰਮਣਾ ਮਰਣਾ ਵਡਾ ਰੋਗੁ ਹੈ। ਗਯਾਨ ਦਾਰੂ ਹੈ। ਗੁਰ ਬੈਦ ਹੈਨ। ਐਸੇ ਗੁਰਾਂ ਕੋ ਮਿਲੇ। ਜੰਮਣ ਮਰਣ ਕਾ ਦੁਖ ਨਿਵਿਰਤ ਕਰੇ। ਐਸੇ ਨਿਰਭੈ ਹੋਇ ਕੈ ਜੀਵਣ ਮੁਕਤਿ ਹੋਵੈ। ਇਤਿ ਸੁਭੰ।
ਇਤਿ ਸ੍ਰੀ ਨਿਰਨੋ ਸਾਰ ਸਮਾਪਤੰ। ਗੁਰੂ ਨਾਨਕ ਸਾਹਿਬ ਕਾ ਸ੍ਵੈਯਾ ॥
ਆਦਿ ਕਰੇ ਗੁਰ ਦੇਵ ਕੋ ਬੰਦਨ, ਵਾਹਿਗੁਰੂ ਮੁਖ ਮਾਹਿ ਉਚਾਰੀ।

---

* ਇਸ ਮਹਲਾ ੧ ਤੇ ਇਸ ਗ੍ਰੰਥ ਦੇ 'ਨਾਨਕ ਦਾਸ' ਸ਼ਬਦ ਤੋਂ ਪਤਾ ਲਗਦਾ ਹੈ ਕਿ ਚਰਣ ਦਾਸ ਰਣਜੀਤ ਨਾਲ ਮਿਲਾ ਕੇ ਇਹ ਸੋਢੀ ਮਿਹਰਵਾਨ ਦੀ ਸੰਪਾਦਿਤ ਕ੍ਰਿਤਿ ਹੈ ਕਿਉਂਕਿ ਉਹ ਅਜਿਹੀਆਂ ਰਚਨਾਵਾਂ ਕਈ ਵੇਰ 'ਮਹਲਾ ੧' ਹੇਠ ਰਚਿਆ ਕਰਦੇ ਸਨ।

ਦੁਇ ਕਰਿ ਜੋਰਿ ਧਰੈ ਚਰਨਾਂ ਪਰਿ, ਜਾਉ ਸਦਾ ਗੁਰ ਕੈ ਬਲਿਹਾਰੀ
ਕਾਨ ਸੁਨੈ ਉਪਮਾ ਗੁਰ ਕੀ, ਗੁਰ ਮੂਰਤਿ ਧਯਾਨ ਰਿਦੇ ਉਰਧਾਰੀ।
ਵਾਹਿਗੁਰੂ ਗੁਰੁ ਨਾਨਕ ਸਾਹਿਬ, ਸੇਵਕ ਸਰਨ ਗਹੀ ਦਰਬਾਰੀ ॥੧॥
...ਸੰਮਤ ੧੯੪੨... (ਪੱਤਰੇ ੪੬-੪੭)

(ਸ) ਸਾਲ ਗੁਰਰਾ (ਸੁਖਾ ਸਿੰਘ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਸਾਲ ਗੁਰਰਾ ਲਿਖਯਤੇ ॥ਦੋਹਰਾ॥
ਅਛਰ ਸੁਭ ਅਸੁਭ ਪਰੈ, ਕਾਰਜ ਆਵੈ ਰਾਸਿ।
ਪ੍ਰਿਥਮ ਗਣੇਸ ਮਨਾਇਐ, ਸਭ ਜਗ ਜਾ ਕੇ ਦਾਸ ॥੧॥
ਸੁਖਾ ਸਿੰਘ ਚਾਹੈ ਕਰੀ, ਉਚਰੈ ਸਹਜ ਸੁਭਾਇ।
ਪੋਥੀ ਹੈ ਇਹੁ ਜਾਮਨੀ, ਭਾਖਾ ਕਰੇ ਬਨਾਇ ॥੨॥ (ਪੱਤਰਾ ੪੮)

ਅੰਤ— ਸਤਵਾਰ ਮੈ ਦਇਓ ਬਤਾਇ। ਦਹਿ ਕਾਨਾ ਜੋ ਗੁਰਰਾ ਅਖਾਇ। ਸਮਾਪਤੰ। ਸਾਲ ੧੯੪੩ ਮਾਸ ਹਾੜ੍ਹ, ਸੁਕਲ ਪਖ ਥਿਤ ੪, ਉਤਮ ਥਾਸ। (ਪੱਤਰਾ ੬੧)

(ਸ) ਨਯਾਯ ਦਰਸ਼ਨ

(ਨੰ. ×, ਸ਼. ਸਿੰ. ਅ.)

੫੮. ਤਰਕ ਸੰਗ੍ਰਹ ਭਾਖਾ

ਲੇਖਕ— ਸ੍ਵਾਮੀ ਆਨੰਦ ਗਿਰਿ। ਆਕਾਰ—5" × 8" ਲਿਖਤ 3¾" × 6½"।

ਵੇਰਵਾ— ਪੱਤਰੇ ੧੭; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਪਤਲਾ ਕਸ਼ਮੀਰੀ, ਜੋ ਹਰੇ, ਪੀਲੇ, ਸੁਫ਼ੇਦ ਮੋਤੀਆ ਤੇ ਬਦਾਮੀ ਰੰਗ ਦਾ ਹੈ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਸਜਿਲਦ। (ਦੇਖੋ, ਆਤਮ ਵਿਚਾਰ ਗ੍ਰੰਥ ਦਾ ਵਿਵਰਣ)

ਸਮਾਂ— ਸੰਮਤ ੧੯੦੦ ਬਿ.। ਲਿਖਾਰੀ—ਸਾਧੂ ਰਾਮ। ਸਥਾਨ—ਅਮ੍ਰਿਤਸਰ।

ਆਰੰਭ— ੧ਓ ਸਤਿ ਸ੍ਰੀ ਗਣੇਸਾਯ ਨਮ:। ਤਰਕ ਸੰਗ੍ਰਹ ਭਾਖਾ।
ਕਬਿਤ। ਕਰੁਣਾ ਨਿਧਾਨ ਵਿਗਯਾਨ ਘਨ ਏਕ ਰਸ,
ਪੂਰਣ ਸੁੱਛੰਦ ਸਰਬਗਯ ਗੁਣ ਸਿੰਧ ਜੂ।
ਵਿਸ੍ਵ ਪ੍ਰਤਿਪਾਲ ਇੱਛਾ ਗਯਾਨ ਗੁਣ ਸਮਵਾਯ,
ਵਿਭੂ ਨਿਤ ਏਕ ਜਗ ਹੇਤਿ ਹੈ ਗੁਵਿੰਦ ਜੂ।
ਜਾਸ ਕੀ ਚਰਣ ਰੇਣ ਪਾਵਨ ਪੁਨੀਤ ਕਰੇ,
ਨਯਨ ਭਰ ਦੇਖੇ ਰੰਕ ਹੋਵਤ ਨਰਿੰਦ ਜੂ।
ਏਕੈ ਵੀਸ ਦੁ:ਖ ਰਾਗ ਦ੍ਵੈਖ ਦੂੰਦ ਆਨੰਦ ਗਿਰਿ,
ਏਕ ਵਾਰਿ ਧਯਾਨ ਧਰੇ ਪਦ ਅਰਵਿੰਦ ਜੂ ॥੧॥
ਦੋਹਰਾ ॥ ਤਾ ਪ੍ਰਭੁ ਪਦ ਪੰਕਜ ਹ੍ਰਿਦੈ ਧਰ, ਚਿੰਤਨੀਯ ਫਲ ਦੇਤ।
ਤਰਕ ਸੰਗ੍ਰਹ ਗ੍ਰੰਥ ਕੀ, ਭਾਖਾ ਸੁਭ ਰਚਿ ਲੇਤਿ ॥੨॥... (ਪੱਤਰਾ ੧)

ਅੰਤ— ਚਿਤ ਚਮਤਕਾਰ ਚੇਤਨ ਚਤੁਰ, ਚਿਤ੍ਰ ਰੂਪ ਚਿਤ੍ਰਿਤ ਕੀਏ।
ਆਨੰਦ ਗਿਰਿ ਨਿਜ ਆਤਮਾ, ਜਾਨਤ ਸਦਾ ਧਾਰਤ ਹੀਏ ॥੧੨੪॥
ਗਗਨ ਬਿੰਦ ਗ੍ਰਹ ਰੈਨ ਨਾਥ। ਸੁਭ ਸੰਮਤ ਬਾਸਰ ਸਸਿਜ ਸਾਥ।
ਪੋਹ ਸੂਦੀ ਸਪਤਮੀ ਸੁਧਾਤਾਲ। ਸਾਧੁ ਰਾਮ ਲਿਖਯੋ ਸੰਭਾਲ ॥੧੨੫॥
ਇਤਿ ਸ੍ਰੀ ਤਰਕ ਸੰਗ੍ਰਹ ਗ੍ਰੰਥ ਭਾਖਾ ਸਮਾਪਤੰ। ਰਾਮ ਜੀ ਰਾਮ।... (ਪੱਤਰਾ ੧੭)

ਇਸ ਤੋਂ ਅੱਗੇ ਇਸ ਪੱਤਰੇ ਪਰ ਦੋ ਕਬਿੱਤ-ਇਕ ਵੇਦਾਂਤਕ ਖਿਆਲਾਂ ਬਾਰੇ ਤੇ ਦੂਜਾ ਸ੍ਰੀ ਗੁਰੂ ਨਾਨਕ-ਗੋਬਿੰਦ ਸਿਘ ਜੀ ਦੀ ਉਪਮਾ ਸੰਬੰਧੀ, ਕਿਸੇ ਕਵੀ ਦੀ ਕ੍ਰਿਤਿ ਦਰਜ ਹਨ।

ਪੁਰਾਣ ਤੇ ਮਹਾਭਾਰਤ

(ੳ) ਪੁਰਾਣ

੧. ਹਰਿਬੰਸ ਪੁਰਾਣ (ਨੰ. ੧੦. ਮੋ. ਬਾ.)

ਲੇਖਕ– ਕਵੀ ਨਿਹਾਲ । ਆਕਾਰ—15"×11¼", ਲਿਖਤ 10¼"×9¼" ।

ਵੇਰਵਾ– ਪੱਤਰੇ ੩੧੩; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਚੌਕੋਰ; ਅੰਕ ਤੇ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ ।

ਸਮਾਂ– ਸੰਮਤ ੧੯੨੨ ਬਿ. (ਹਾੜ੍ਹ ਸੁਦੀ ੧੦)। ਲਿਖਾਰੀ—ਲੇਖਕ ਦੀ ਆਪਣੀ ਲਿਖਤ ਜਾਪਦੀ ਹੈ । ਸਥਾਨ-ਪਟਿਆਲਾ ।

ਆਰੰਭ– "੧ਓ ਸਤਿਗੁਰ ਪ੍ਰਸਾਦਿ ॥ ਸ੍ਰੀ ਗਣੇਸਾਇ ਨਮਹਿ ॥ ਅਥ ਹਰਿਬੰਸ ਪੁਰਾਣ ਭਾਖਾ ਭਾਈ ਨਿਹਾਲ ਕੀ ਕ੍ਰਿਤ ਲਿਖ੍ਯਤੇ ।
ਦੋਹਰਾ ॥ ਗੌਰੀ ਕੇ ਸੁਤ ਗਜ ਬਦਨ, ਦੰਤ ਏਕ ਭੁਜ ਚਾਰ ।
ਬਿਘਨ ਹਰਨ ਮੰਗਲ ਕਰਨ, ਜੈ ਜੈ ਦੇਉ ਉਦਾਰ ॥੧॥

ਅੰਤ– ਸੁਕਵਿ ਨਿਹਾਲ ਕੀ ਬੇਨਤੀ, ਸੁਨੋ ਕਵਿਨ ਕੇ ਰਾਇ ।
ਛੰਦ ਭੰਗ ਜਤਿ ਭੰਗ ਹ੍ਵੈ, ਪੜ੍ਹੀਏ ਸ਼ੁੱਧ ਬਨਾਇ ॥੨੫॥

ਇਤੀ ਸ੍ਰੀ ਹਰਿਬੰਸ ਪੁਰਾਣੇ ਉਤਰ ਕਾਂਡੇ ਭਾਖਾਯਾਂ ਸੁਕਵਿ ਨਿਹਾਲ ਬਿਰਚਿਤਾਯਾਂ ਕਥਾ ਕੋ ਸੂਚੀ ਪਤ੍ਰ ਬਰਨਨੋ ਨਾਮ ਦੋ ਸੈ ਛਿਹੱਤਰਮੋ ਧਿਆਇ ਮਸਤ ਸੁਭੰ ਸਮਾਪਤੰ ਭੂਯਾਤ ।। ਹਰਿਬੰਸ ਪੁਰਾਣ ਸੰਪੂਰਣੰ ॥ ਸੰਮਤ ੧੯੨੨ ਸੁਕਲਾ ੧੦ ਆਖਾੜਾ ਮਾਸੇ ਸੁਕਲ ਪਛੇ ਪਟਿਯਾਲੇ ਮਧਜੇ ॥ ਲੇਖਕ ਭਾਈ ਨਿਹਾਲ ॥ ਮਾਤਾ ਦਿਯਾਲ ॥

ਇਸ ਤੋਂ ਅੱਗੇ ੧੪ ਤੁਕਾਂ ਰਾਗਮਾਲਾ ਦੀਆਂ ਤੇ ੬੧ ਸ਼ਿਅਰ ਸ੍ਰੀ ਦਸਮੇਸ਼ ਜੀ ਦੇ ਜ਼ਫ਼ਰਨਾਮੇ ਦੀ ਮਹਾਰਾਜਾ ਦਲੀਪ ਵਾਲੀ ਹਿਕਾਇਤ ਦੇ ਹਨ ।

੨. ਬਿਸ਼ਨੁ ਪੁਰਾਣ (ਨੰ. ਖ੯D. ਸੈਂ. ਖ. ਲਾ.)

ਲੇਖਕ– ਕਵਿ ਗੰਗਾ ਰਾਮ । ਆਕਾਰ–9"×5¾" ਲਿਖਤ 7½"×4½" ।

ਵੇਰਵਾ—ਪੱਤਰੇ ੨੯੯; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ ਮੋਟਾ; ਲਿਖਤ ਬੜੀ ਸਿੱਧੀ ਸਾਦੀ; ਸਿਆਹੀ ਫਿੱਕੀ ਕਾਲੀ; ਲਿਖਾਈ ਕਈ ਥਾਵੀਂ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਜਿਲਦ ।

ਸਮਾਂ— ਸੰਮਤ ੧੯੦੧ ਬਿ. । ਲਿਖਾਰੀ—ਨਾਮਾਲੂਮ । ਸਥਾਨ–ਪਟਿਆਲਾ ।

ਆਰੰਭ– ੧ਓ ਸਤਿਗੁਰ ਪ੍ਰਸਾਦਿ ॥ ਸਤ ਚਿਤ ਆਨੰਦ ਪ੍ਰਮਾਤਮਾਇ(ਯ) ਨਮਹ ॥
ਅਥ ਬਿਸਨ ਪੁਰਾਨ ਭਾਖਾ ਲਿਖ੍ਯਤੇ ॥ ਦੋਹਰਾ ॥
ਸੁੰਡਾਲੋ ਪਦ ਕਮਲ ਰਜ, ਕਵ(ਵਿ) ਮੁਖ ਰੋਚਕ ਦਾਨ ।
ਪ੍ਰਾਕ੍ਰਿਤ ਬਾਨੀ ਸੁਨ ਰਚਉਂ, ਭਾਖਾ ਬਿਸਨ ਪੁਰਾਨ ॥੧॥

ਅੰਤ– ਸੰਮਤ ਬ੍ਰਿਕ੍ਰਮ ਨਾਮ, ਸਹਸ ਨਵ ਸਤ ਇਕ ਜਾਨਹੁ ।
ਚੇਤ੍ਰ ਚਾਂਦਨੀ ਚੌਥ ਸੁਭਗ ਗੁਰਵਾਰ[1] ਬਖਾਨਹੁ ।
ਪਟਯਾਲੇ ਪੁਰਿ ਮਾਇ, ਨਾਹ ਨਰ[2] ਕਰਮ ਸਿੰਘ ਬਰ ।
ਗੰਗਾ ਰਾਮ ਸੁਜਾਨ, ਸਭਾ ਰੁਚ ਰਚੀ ਰਾਸ ਹਰ ।
ਜਬ ਲਗ ਧਰਨਿ ਅਕਾਸ ਜਲ, ਅਗਨ ਪਵਨ ਜਗ ਮੋ ਬਹੈ ।
ਕਵ ਕ੍ਰਿਤ ਭੂਪਤ ਨਗਰ ਕੋ, ਅਮਰ ਨਾਮ ਤਬ ਲਗ ਰਹੈ ॥੯੩੨॥
ਇਤਿ ਸ੍ਰੀ ਬਿਸਨ ਪੁਰਾਨੇ ਪਰਾਸਰ ਮੈਤ੍ਰੇ ਸੰਬਾਦੇ ਬੇਦਾਂਤ ਆਤਮ ਪ੍ਰਬੋਧ ਸੰਪੂਰਨ ਸੁਭ ਮਸਤੁ ॥

8 || (M)

---

੧ ਵੀਰਵਾਰ । ੨ ਨਾਦ ਨਾਹ-ਰਾਜਾ ।

੩. **ਬਿਸਨੁ ਪੁਰਾਣ** (ਸੰਖੇਪ ਪੰਜਾਬੀ ਰੂਪ) (ਨੰ. ੯੪, ਪੰ. ਯੂ. ਚੰ.)

ਲੇਖਕ– ਰਿਖੀ ਬਿਆਸ। ਅਨੁਵਾਦਕ—ਨਾਮਾਲੂਮ। ਆਕਾਰ—4″×5½″, ਲਿਖਤ 3″×4½″।

ਵੇਰਵਾ– ਪੱਤਰੇ ੪੩੦; ਪ੍ਰਤੀ ਸਫ਼ਾ ੧੨-੧੩ ਸਤਰਾਂ; ਕਾਗ਼ਜ਼ ਦੇਸੀ; ਲਿਖਤ ਪੁਰਾਣੀ ਜੋ ਸਾਫ਼ ਤੇ ਸ਼ੁੱਧ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਕਈ ਥਾਵੀਂ ਵਿਸ਼ੇਸ਼ ਕਰਕੇ ਅੰਤਲੇ ਭਾਗ ਦਾ ਹਾਸ਼ੀਆ ਬਿਨਾ ਲਕੀਰਾਂ ਦੇ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਅੱਛੀ ਹਾਲਤ ਵਿਚ, ਪਰ ਅੰਤਲੇ ਪੱਤਰੇ ਗੁੰਮ ਹੋਣ ਕਰਕੇ ਨਾ-ਮੁਕੰਮਲ ਹੈ।

ਸਮਾਂ– ਪੁਸਤਕ ਡੇਢ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ– (ੳ) ੧ਓ ਸਤਿਗੁਰ ਪ੍ਰਸਾਦਿ। ਸਤਿ ਚਿਤ ਅਨੰਦਿ। ਪਰਾਸਰੋਵਾਚਿ ਹੇ ਮੈਤ੍ਰੇ! ਉਹੁ ਕੁਝੁ ਮੈ ਤੈਨੂੰ ਉਪਦੇਸੁ ਕਰਨਾ, ਅੰਮ੍ਰਿਤ ਦੀ ਨਿਆਈਂ ਪੀ। ਸਵਾਇ ਨਾਰਾਇਣਿ ਦੇ ਹੋਰ ਜੋ ਕੁਛੁ ਹੈ ਸੋ ਤਿਆਗੁ ਕਰੁ।

ਇਹ ਕਥਾ ਬਿਸ਼ਨੁ ਪੁਰਾਣ ਦੇ ਪ੍ਰਥਮ ਅੰਸ਼ ਦੇ ੧੧ਵੇਂ ਅਧਿਆਇ ਦੀ ਹੈ ਜੋ ਏਥੇ ਪਹਿਲੀ ਕਥਾ ਦੇ ਰੂਪ ਵਿਚ ਆਈ ਹੈ।

(ਅ) ੧ਓ ਸਤਿਗੁਰ ਪ੍ਰਸਾਦਿ। ਬਿਸਿਨਿ ਪੁਰਾਨੁ। ਕਥਾ ਪਰਾਸ੍ਰ ਅਤੇ ਬ੍ਰਹਿਮੇ ਦੀ ਚਲੀ ਹਿਕ ਕਥਾ ਮੇਰੇ ਥੀਸੁਣਿ। ਜਿਸੁ ਵੇਲੇ ਮੈਨੂੰ ਇਛਿਆ ਹੋਈ ਜੋ ਅੰਦਰਿ ਬ੍ਰਹਿਮ ਲੋਕੁ ਦੇ ਜਾਵਾ ਮੈ ਅਤੇ ਬ੍ਰਹਮੇ ਥੀ ਪੁਛਾ ਮੈ ਜੋ ਸੰਸਾਰ ਸਾਗਰ ਥੀ ਕਿਉ ਕਰਿ ਲੰਘਾ ਮੈ। (ਪੱਤਰਾ ੪੬)

ਅੰਤ– ਸਿਵ ਕਹਿਆ, "ਕਹੁ, ਜੋ ਸਿਵ ਹੈ"। ਕੁਮੇਰੁ ਕਹਿਆ, "ਮੈਂ ਸਾਥ ਪਰੋ..." (ਪੱਤਰਾ ੪੩੦)

ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰਕੇ ਬਾਕੀ ਅੰਤਲਾ ਪਾਠ ਨਹੀਂ ਮਿਲਦਾ।

੪. **ਬਿਸ਼ਨੁ ਪੁਰਾਣ** (ਨੰ. ੧੬੨, ਖਾ. ਕਾ. ਪ.)

ਲੇਖਕ– ਰਿਖੀ ਬਿਆਸ। ਅਨੁਵਾਦਕ—ਨਾਮਾਲੂਮ। ਆਕਾਰ—6½″×4″, ਲਿਖਤ 5″×3″।

ਵੇਰਵਾ– ਪੱਤਰੇ ੫੦੨; ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਕਾਗ਼ਜ਼ ਕੁਝ ਕਿਰਮ ਖੁਰਦਾ ਜਿਸ ਕਰਕੇ ਪੱਤਰਿਆਂ ਉਤੇ ਕਈ ਥਾਵੀਂ ਛੇਕ ਪਏ ਹੋਏ; ਪੁਸਤਕ ਆਦਿ ਤੋਂ ਅੰਤ ਤਕ ਮੁਕੰਮਲ, ਜੋ ਅੱਛੀ ਹਾਲਤ ਵਿਚ ਹੈ।

ਸਮਾਂ– ਨਿਸ਼ਚਿਤ ਨਹੀਂ। ਲਿਖਾਰੀ—ਨਾਮਾਲੂਮ।

ਆਰੰਭ– ੧ਓ ਸਤਿਗੁਰ ਪ੍ਰਸਾਦਿ। ਸਤਚਿਤ ਅਨੰਦ ਪਰਮਾਤਮਾਇ ਨਮਹਿ। ਅਬ ਕਥਾ ਬਿਸਨ ਪੁਰਾਣ ਭਾਖਾ ਲਿਖਤੇ। ਪਾਰਾਸਰੋਵਾਚ। ਪਾਰਾਸਰ ਮੈਤ੍ਰੇ ਕਉ ਕਹੇ ਹੈ ਕਿ "ਹੇ ਮੈਤ੍ਰੇ! ਯਹਿ ਜੋ ਤੁਝੇ ਉਪਦੇਸ ਕਰੋ ਹੌਂ ਸੋ ਅੰਮ੍ਰਿਤ ਸਮਾਨ ਹੈ। ਸੋ ਮਨ ਕੇ ਪਾਤ੍ਰ ਸੋਂ ਪੀਉ ਅਰ ਜੋ ਨਾਰਾਇਣ ਤੇ ਭਿੰਨ ਹੈ ਤਿਸ ਕਾ ਤਿਆਗ ਕਰ। (ਪੱਤਰਾ ੧)

ਅੰਤ– ਆਤਮ ਦਰਸੀ ਜਬ ਯਹਿ ਸਰਬ ਵਚਨ ਬੁਧ ਕੇ ਸ੍ਰਵਣ ਕਰ ਸੁਣੇ ਅਰ ਆਪ ਕੋ ਦੇਖਾ ਅਰ ਪਛਾਣਾ, ਆਤਮਾ ਬਿਖੇ ਲੀਨ ਭਯਾ ਅਰ ਸਰੂਪ ਸੋਂ ਮਿਲਾ ਅਰ ਬੰਧ ਮੁਕਤ ਕੇ ਭੈ ਤੇ ਨਿਰਭੈ ਭਯਾ। ਇਤ ਸ੍ਰੀ ਪੋਥੀ ਬਿਸਨ ਬੇਦਾਂਤ ਸੰਪੂਰਨੰ ਸਮਾਪਤੰ। (ਪੱਤਰੇ ੫੦੧-੦੨)

੫. **ਭਾਗਵਤ ਪੁਰਾਣ** (ਪੰਜਾਬੀ ਗੱਦ) (ਨੰ. ੭੩੮, ਸਿ. ਰੈ. ਲਾ.)

ਲੇਖਕ– ਰਿਖੀ ਬਿਆਸ। ਅਨੁਵਾਦਕ—ਨਾਮਾਲੂਮ। ਆਕਾਰ—5¾″×9″, ਲਿਖਤ 4¼″×7¼″।

ਵੇਰਵਾ– ਪੱਤਰੇ ੩੬੯; ਪ੍ਰਤੀ ਸਫ਼ਾ ੨੪ ਸਤਰਾਂ; ਕਾਗ਼ਜ਼ ਦੇਸੀ; ਲਿਖਤ ਕੁਝ ਸ਼ਿਕਸਤਾ; ਪਰ ਸਾਫ਼ ਤੇ ਕਿਤੇ ਕਿਤੇ ਅਸ਼ੁੱਧ; ਸਿਰਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਦੇ ਉਪਰਲੇ ਸਿਰੇ ਪਰ ਕੁਝ ਸਿਲ੍ਹ ਚੜ੍ਹਨ ਕਰਕੇ ਲਗਭਗ ਸਾਰੇ ਹੀ ਪੱਤਰੇ ਉਪਰੋਂ ਸਿਆਹੀ ਫੈਲਣ ਦੇ ਕਾਰਣ ਧੱਬੇਦਾਰ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ– ਲਗਭਗ ੧੭ਵੀਂ ਸਦੀ ਬਿ.। ਲਿਖਾਰੀ—ਨਾਮਾਲੂਮ। ਸਥਾਨ—ਡੇਰਾ ਸਾਹਿਬ, ਲਾਹੌਰ।

ਆਰੰਭ– ਓਅੰਗ ਸ੍ਰੀ ਗਣੇਸਾਇ ਨਮਹਿ। ਓਅੰਗ ਸ੍ਰੀ ਸਾਰਸੁਤੀ ਨਮਹਿ। ਓਅੰਗ ਤਤ ਸਤ ਬ੍ਰਹਮਣੇ ਨਮਹਿ। ਪੰਚਦਸਮੇ ਖਸਟ ਇਸਕੰਧ ਕੇ ਧਿਆਇ ਵਿਖੇ ਏਹਿ ਕਥਾ ਕਾ ਪ੍ਰਸੰਗ ਨਿਰੂਪਣ ਹੋਵੇਗਾ। ਨਾਰਦ ਜੀ ਕੇ ਵਰ ਸੋ ਜੋ ਰਾਜਾ ਕਾ ਸੋਕ ਨਿਵਰਤ

ਹੂਆ । ਤਿਸ ਕਾ ਵਖਿਆਨ ਹੋਵੇਗਾ । ਰਾਜਾ ਚਿਤ੍ਰ ਕੇ ਗ੍ਰਹਿ ਵਿਖੇ ਜੋ ਕਰੋੜ ਭਾਰਜਾ ਸੋਂ ਅੰਗ੍ਰ ਕੇ ਵਤ ਕਰ ਏਕ ਕੇ ਗ੍ਰਿਹਿ ਵਿਖੇ ਪੁਤ੍ਰ ਹੁਆ ਥਾ ਅਰ ਜਬ ਵਹੁ ਸਉਤਨ ਕੀ ਈਰਖਾ ਕਰ ਵਿਖ ਦੁਆਰਾ ਮ੍ਰਿਤ ਕੋ ਪ੍ਰਾਪਤ ਹੁਆ ਥਾ । (ਪੱਤਰਾ ੧)

ਅੰਤ— ਐਸਾ ਜੋ ਅਖਲ ਜਗਤ ਕਾ ਹੇਤ ਰੂਪ ਭਗਵਾਨ ਜਿਨ ਜਰੰਭਨਾ ਮਾਤ੍ਰ ਕਉਤਕ ਨਮਿਤ ਏਹਿ ਮਾਇਆ ਕਾ ਰੂਪ ਧਾਰਿਆ ਹੈ । ਸੋ ਐਸੇ ਭਗਵਾਨ ਕੋ ਮੈ ਨਮਿਸਕਾਰ ਕਰਤਾ ਹੋ ਜੋ ਮੇਰੇ ਊਪਰ ਪ੍ਰਸੰਨ ਹੋਵੇ ।,

ਇਤ ਸ੍ਰੀ ਭਾਗਵਤੇ ਮਹਾ ਪੁਰਾਣੇ ਅਸਟਮ ਇਸਕੰਧੇ ਸੁਕ ਪਰੀਛਤ ਸੰਬਾਦੇ ਮਤਸ ਅਉਤਾਰ ਅਨੁਚਰਿਤ੍ਰ ਵਰਨਨੰਗ ਨਾਮ ਚਤ੍ਰ ਵੰਸਤਮੋ (੨੪) ਧਿਆਇਆਇ ਸਮਾਪਤੰਗ । ਅਸਟਮ ਇਸਕੰਧ ਪੂਰਣ ਹੋਤ ਭਇਆ । ਵਕਤਾ ਸ੍ਰੋਤਾ ਕੋ ਆਨੰਦ ਹੋ ਅਰ ਵਿਸਨੁ ਕੀ ਭਗਤ ਪ੍ਰਾਪਤ ਹੋਵੇ । (ਪੱਤਰਾ ੩੬੯)

ਇਸ ਪੁਸਤਕ ਵਿਚ ਭਾਗਵਤ ਦੇ ਸਿਰਫ਼ ਛੇਵਾਂ, ਸੱਤਵਾਂ ਤੇ ਅੱਠਵਾਂ ਪਾਠ ਸ਼ਾਮਲ ਹਨ, ਜਿਸ ਕਰਕੇ ਅਧੂਰੀ ਹੈ ।

੬. ਸ੍ਰੀ ਮਤ ਭਾਗਵਤ ਪੁਰਾਣ ਵਾਰਤਕ (ਨੰ. ੨੯੯. ਪੰ. ਯੂ. ਚੰ.)

ਲੇਖਕ— ਕ੍ਰਿਸ਼ਨ ਭੱਟ । ਆਕਾਰ—$6\frac{1}{2}'' \times 9\frac{1}{2}''$, ਲਿਖਤ $4\frac{1}{2}'' \times 7\frac{1}{2}''$ ।

ਵੇਰਵਾ— ਪੱਤਰੇ ੨੦੮; ਪ੍ਰਤੀ ਸਫ਼ਾ ੧੭ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼; ਪਰ ਕੁਝ ਸ਼ਿਕਸਤਾ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਮਹਾਤਮ ਸ੍ਰੀ ਮਤ ਭਾਗਵਤ ਕਾ ਲਿਖਜਤੇ । ਅਠਾਸੀ ਹਜਾਰ ਸੌਨਕਾਦਕ ਰਿਖੀਓ ਨੇ ਨੈਮਖਾਰ ਤੀਰਥ ਪਰ ਸੂਤ ਜੀ ਪੰਡਤ ਸਿਖਜ ਬੇਦ ਬਜਾਸ ਜੀ ਕੇ ਸੇ ਕਹਾ, ਕਿ ਤੁਮ ਕੋਈ ਕਥਾ ਔਰ ਲੀਲਾ ਪਰਮੇਸੁਰ ਕੀ ਐਸੀ ਵਰਨਨ ਕਰੋ ਜਿਸ ਸੇ ਭਗਤੀ ਔ ਗਜ਼ਾਨ ਔ ਵੈਰਾਗਜ ਅਧਕ ਹੋਇ ...। (ਪੱਤਰਾ ੧)

ਅੰਤ— ਮੈਤ੍ਰੇ ਜੀ ਨੇ ਬਿਦੁਰ ਸੇ ਕਹਾ, "ਮੈਨੇ ਕਮਲ ਦੇਵ ਅਵਤਾਰ ਕੀ ਕਥਾ ਤੁਮ ਕੋ ਸੁਨਾਈ ਜੋ ਕੋਈ ਇਸ ਕੋ ਸਚੇ ਮਨ ਸੇ ਕਹੈ ਔਤ ਸੁਨੇ ਓਹ ਮਨੁਖ ਸੰਸਾਰ ਮੇ ਬਾਂਛਤ ਫਲ ਕੋ ਪਾ ਕਰ ਅੰਤ ਸਮੈ ਮੁਕਤ ਪਦਵੀ ਕੋ ਪਾਵੈਗਾ ।

ਦੋਹਰਾ ॥ ਕਰਦਮ ਹੂੰ 'ਤੇ ਅਤਿ ਸਰਸ, ਕਰਤ ਜੀਵ ਅਭਮਾਨ ।
ਤਜਤ ਨ ਟੂਟੀ ਝੋਪੜੀ, ਕਰਦਮ ਤਜਜੋ ਬਿਬਾਨ ॥੧॥ (ਪੱਤਰਾ ੨੦੮)

੭. ਸ੍ਰੀ ਮਦ ਭਾਗਵਤ ਗ੍ਰੰਥ ਭਾਖਾ (੧੨ ਸਕੰਧ) (ਨੰ. ੨੫੯੮-੨੬੧੧, ਸਿ. ਰੈ. ਲਾ.)

ਲੇਖਕ— ਰਿਖੀ ਵਿਆਸ । ਅਨੁਵਾਦਕ—ਕਵੀ ਕ੍ਰਿਪਾ ਰਾਮ । ਆਕਾਰ—$7'' \times 12\frac{3}{4}''$, ਲਿਖਤ $5'' \times 10''$ ।

ਵੇਰਵਾ- ਪੱਤਰੇ ਪਹਿਲਾ ਸਕੰਧ ੭੪, ਦੂਜਾ ਸਕੰਧ ੪੨, ਤੀਜਾ ਸਕੰਧ ੧੧੨, ਚੌਥਾ ਸਕੰਧ ੧੧੨, ਪੰਜਵਾਂ ਸਕੰਧ ੮੩, ਛੇਵਾਂ ਸਕੰਧ ੭੨, ਸੱਤਵਾਂ ਸਕੰਧ ੬੬, ਅੱਠਵਾਂ ਸਕੰਧ ੬੫, ਨੌਵਾਂ ਸਕੰਧ ੬੯, ਦਸਮ ਸਕੰਧ (ਪੂਰਬਾਰਧ) ੧੭੩, ਦਸਮ ਸਕੰਧ (ਉੱਤਰਾਰਧ) ੧੧੩, ਗਜਾਰ੍ਹਵਾਂ ਸਕੰਧ ੨੮-੧੦੮ (੮੦), ਬਾਰ੍ਹਵਾਂ ਸਕੰਧ ੩੭, ਕੁੱਲ ਜੋੜ : ੧੦੯੮; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਕਿਤੇ ਕਿਤੇ ਕੁਝ ਉਕਾਈਆਂ ਦੀ ਸੁਧਾਈ ਹਾਸ਼ੀਏ ਉਤੇ ਕੀਤੀ ਹੋਈ; ਪੁਸਤਕ ਵਖੋ ਵਖ ਸਕੰਧ ਵਾਰ ੧੩ ਜਿਲਦਾਂ ਵਿਚ, ਜੋ ਗਜਾਰ੍ਹਵੇਂ ਸਕੰਧ ਵਿਚੋਂ ਮੁੱਢਲੇ ੨੭ ਪੱਤਰੇ ਗੁੰਮ ਹੋਣ ਕਰਕੇ ਅਧੂਰੀ, ਤੇ ਮੁੱਢ ਵਿਚ ਦੇਵ-ਦਾਨਵਾਂ ਦੇ ਸਮੁੰਦ੍ਰ-ਮਥਨ ਦਾ ਤਿਰੰਗਾ ਚਿਤ੍ਰ ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਕੁਝ ਵੱਧ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਮਤੇ ਰਾਮਾਨੁਜਾਇ ਨਮ: ਪ੍ਰਿਥਮ ਸਕੰਧ ॥ ਸੋਰਠਾ ॥
ਜਾਸ ਚਰਣ ਮਕਰੰਦ, ਪਰਮ ਹੰਸ ਪੀਵਹਿ ਮੁਦ ।
ਮੇਟਹਿ ਭਵ ਰੁਜ ਦੂੰਦ, ਬੰਦੌ ਸੋ ਰਘੁਬੀਰ ਪਦ ॥ (ਪੱਤਰਾ ੧)

ਅੰਤ— ਜਹ ਜਹ ਜਨਮੋ ਕਰਮ ਵਸਿ, ਤਹੰ ਤਹੰ ਤ੍ਰ ਪਦ ਨਾਥ ।
ਭਕਤਿ ਅਨਨਜਾ ਦੇਹਿ ਮੋਹਿ, ਨਹਿ ਪਰਸੈ ਭਵ ਪਾਸਿ ॥੨੧॥
ਸੋ। ਨਾਮ ਕੀਰਤਨ ਜਾਸ, ਮਿਟੈ ਪਾਪ ਬਹੁ ਜਨਮ ਕੋ ।
ਰਹੈ ਨ ਭਵ ਨਿਧ ਤ੍ਰਾਸ, ਸੋ ਹਰਿ ਪਦ ਬੰਦਨ ਕਰੋ ॥੨੨॥੧॥

ਇਤਿ ਸ੍ਰੀ ਭਾਗਵਤੇ ਮਹਾਪੁਰਾਣੇ ਅਸਟਾਦਸ ਸਹੰਸ੍ਰਾਜਾ ਸੰਹਿਤਾਯਾ ਵੈਸਾਕਜਾ ਦ੍ਵਾਦਸ ਸਿਕੰਧੇ ਭਾਖਾ ਨਿਵਧੇ ਨਾਮ ਤ੍ਰਿਯੋਦਸੋ ਧਜਾਯ: ॥੧੩॥੧॥ ਅਥ ਦ੍ਵਾਦਸ ਸਿਕੰਧ ਸਮਾਪਤੰ । (ਪੱਤਰਾ ੩੭)

੮. ਸ੍ਰੀ ਮਦ ਭਾਗਵਤ ਪੁਰਾਣ (ਦੋ ਭਾਗ) (ਨੰ. ੪੯੪, ਪੰ. ਸਾ. ਅ.)

ਲੇਖਕ– ਰਿਖੀ ਬਿਆਸ । ਅਨੁਵਾਦਕ—ਕਵੀ ਨਾਨਕ ਦਾਸ । ਆਕਾਰ—$12\frac{1}{4}'' \times 9\frac{1}{4}''$, ਲਿਖਤ $9\frac{3}{4}'' \times 6\frac{1}{2}''$ ।

ਵੇਰਵਾ– ਪੱਤਰੇ ਪੂਰਬਾਰਧ ੯ਵੇਂ ਸਕੰਧ ਤਕ ੩੨੨ ਤੇ ਉੱਤਰਾਰਧ ਦੇ ੨੮੧, ਕੁੱਲ ਜੋੜ ੬੦੩; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਅੰਤਲੇ ਪੱਤਰੇ ੨੫੯ ਤੋਂ ੨੮੧ ਤਕ ਕੁਝ ਫਟੇ ਹੋਣ ਕਰ ਕੇ ਨਵੇਂ ਸਿਰੇ ਚੇਪੀਆਂ ਲਾ ਕੇ ਮੁਰੰਮਤ ਕੀਤੇ ਹੋਏ; ਪੁਸਤਕ ਮੁਕੰਮਲ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਸਾਫ਼ ਤੇ ਅੱਛੀ ਹਾਲਤ ਵਿਚ ਹੈ ।

ਸਮਾਂ– ਸੰਮਤ ੧੮੪੧ ਬਿ., ਨਕਲ: ਸੰਮਤ ੧੮੮੮ ਬਿ. । ਲਿਖਾਰੀ—ਨਾਮਾਲੂਮ ।

ਆਰੰਭ– ੧ਓ ਨਮੋ ਭਗਵਤੇ ਵਾਸੁਦੇਵਾਯ । ਸ੍ਰੀ ਕ੍ਰਿਸਨਾਯ ਸਰਣ ਮਮ ।
ਦੋਹਰਾ ॥ ਵਿਘਨ ਹਰਣ, ਮੰਗਲ ਕਰਣ, ਖੇਮ ਕੁਸਲ ਪਰਸਾਦ ।
ਉਸਤਤਿ ਉਸਤਤਿ ਯੋਗ ਹਰਿ, ਹਿਤ ਕਰ ਉਚਰੋਂ ਆਦ ॥੧॥ (ਪੱਤਰਾ ੧)

ਅੰਤ– ਨਿਮਸਕਾਰ ਪਰਮਾਤਮਾ, ਛੇਦਕ ਰਿਦ ਮਲ ਗ੍ਰੰਥ ।
ਸੁਖ ਸੋ ਜਾ ਕੀ ਕ੍ਰਿਪਾ ਤੇ, ਪੂਰਣ ਭਯੋ ਗਿਰੰਥ ॥੩੦॥
ਸੰਮਤ ਅਠਾਰਹਿ ਸੈ ਇਕਤਾਲੀਸ, ਮਾਸ ਕਤਕ ਜਾਨ ।
ਏਕਾਦਸ ਸਨਿਵਾਰ ਕੋ, ਪੂਰਣ ਭਯੋ ਪੁਰਾਨ ॥੩੧॥੧੮੪੧॥
ਇਤਿ ਸ੍ਰੀ ਭਾਗਵਤੇ ਮਹਾ ਪੁਰਾਣੇ ਦ੍ਵਾਦਸ ਸਕੰਧੇ ਤੇਰਵੋਂ ਧਯਾਯ ॥੧੩॥ ਸਮਾਪਤਮਸਤ ਸੁਭਮਸਤ ।
ਸਾਵਣ ਸੁਦੀ ਤਿਥ ਅਸਟਮੀ, ਵਾਰ ਰਵੋਤਮ ਜਾਨ ।
ਸੰਮਤ ਅਸੀ ਆਠ ਵਰ, ਲਿਖ ਪੋਥੀ ਪੂਰਫ਼ ਮਾਨ ॥
ਰਾਮ ਕ੍ਰਿਸਨ ਗੋਬਿੰਦ ਜੀ । (ਪੱਤਰਾ ੨੮੧)

੯. (ੳ) ਸ੍ਰੀ ਮਦ ਭਾਗਵਤ ਪੁਰਾਣ : ਸੂਰ ਸਾਗਰ (ਸੂਰ ਰਾਮਾਇਣ ਸਮੇਤ) (ਨੰ. ੮੯, ਪੰ. ਯੂ. ਚੰ.)

ਲੇਖਕ– ਮਹਾਕਵੀ ਸੂਰਦਾਸ । ਆਕਾਰ—$11\frac{3}{4}'' \times 11''$, ਲਿਖਤ $8\frac{1}{2}'' \times 7\frac{1}{2}''$ ।

ਵੇਰਵਾ– ਪੱਤਰੇ ਤਤਕਰਾ ੬੪, ਮੂਲ ਗ੍ਰੰਥ ੩੩੯, ਕੁੱਲ ਜੋੜ ੪੦੩; ਪ੍ਰਤੀ ਸਫ਼ਾ ੧੮ ਸਤਰਾਂ; ਕਾਗਜ਼ ਅਤਿ ਸੋਹਣਾ ਕਸ਼ਮੀਰੀ; ਲਿਖਤ ਬੜੀ ਸਾਫ਼ ਤੇ ਸੁੰਦਰ, ਜਿਸ ਵਿਚ ਕਿਤੇ ਕਿਤੇ ਕੁਝ ਉਕਾਈਆਂ ਜੋ ਹਾਸ਼ੀਏ ਉਤੇ ਸੋਧੀਆਂ ਹੋਈਆਂ; ਸਿਰਲੇਖ, ਛੰਦਾਂ ਦੇ ਨਾਮ ਤੇ ਵਿਸ਼੍ਰਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਇਕ ਚੌਕੋਰ ਪੰਜ ਪੰਜ ਲਕੀਰਾਂ ਵਾਲਾ ਜਿਸ ਵਿਚ ਇਕ ਇਕ ਮੋਟੀ ਪੀਲੀ ਲਕੀਰ ਦਿੱਤੀ ਹੋਈ ਹੈ ਤੇ ਦੂਜਾ ਉਸ ਦੇ ਉਪਰ ਦੀ ਇਕਹਿਰੀ ਲਾਲ ਲਕੀਰ ਵਾਲਾ; ਮੂਲ ਪੁਸਤਕ ਦੇ ਪਹਿਲੇ ਦੋ ਸਫ਼ੇ ਸੁਨਹਿਰੀ ਬੇਲ-ਬੂਟਿਆਂ ਨਾਲ ਸਜੇ ਹੋਏ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ– ਸੰਮਤ ੧੯੦੩ ਬਿ. । ਲਿਖਾਰੀ—ਵੀਰ ਭਾਨ । ਸਥਾਨ—ਲਾਹੌਰ ।

ਆਰੰਭ– (ਮੁੱਢਲੇ ਤੱਤਕਰੇ ਦੇ ੬੪ ਪੱਤਰੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਯ ਨਮ : । ਅਥ ਸ੍ਰੀ ਭਗਵਤ ਦ੍ਵਾਦਸ ਸਕੰਧ ਸੂਰ ਸਾਗਰ ਕ੍ਰਿਤ ਲਿਖਯਤੇ ॥ ਰਾਗ ਕਲਯਾਨ ॥ ਬੰਦੋ ਚਰਨ ਕਮਲ ਚਿਤ ਲਾਇ । ਜਾਕੀ ਕ੍ਰਿਪਾ ਕਟਾਛ ਅਰਾਧੇ (ਅੰਧੇ)ਕੋ ਸਭ ਕਛੁ ਦਰਸਾਇ ।... (ਪੱਤਰਾ ੧)

ਅੰਤ– ਸੂਤ ਸੌਨਕਨ ਕਹਿ ਸਮਝਾਇਓ । ਸੂਰਦਾਸ ਤਿਉ ਹਰਿ ਗੁਨ ਗਾਇਓ ॥੧੭੪੪॥
ਇਤਿ ਸ੍ਰੀ ਭਾਗਵਤੇ ਮਹਾਪੁਰਾਣੇ ਸੂਰਦਾਸ ਕ੍ਰਿਤਊ ਦ੍ਵਾਦਸ ਇਸਕੰਧ ਸਮਾਪਤੰ ॥੧੨॥ (ਪੱਤਰਾ ੩੩੯)
ਇਸ ਤੋਂ ਅੱਗੇ ਲਿਖਾਰੀ ਵਲੋਂ ਹੇਠ ਲਿਖੇ ਤਿਨ ਛੰਦ ਦਿੱਤੇ ਹੋਏ ਹਨ :—

੧ਓ ਸ੍ਰੀ ਸਾਰਸ੍ਵਤੀਯੈ ਨਮ : । ਕਬਿੱਤੁ ।
ਪਾਰਬਤੀ ਪਤਿ ਨੈਨ ਅੰਬਰ ਪਦਮ ਸੰਗ, ਆਤਮਾ ਮਿਲਾਇ ਕਰ ਸੰਮਤ ਬਖਾਨੀਯੈ ।
ਮੱਘਰ ਵਦੀ ਮੰਜੁਲ ਸੁਭਗ ਸੰਕ੍ਰਾਂਦ ਪੱਖ, ਰਾਧਿਕਾ ਰਮਨ ਤਿਥਿ ਏਕਾਦਸੀ ਜਾਨੀਯੈ ।
ਸੂਰਜ ਸੁਵਨ ਵਾਰ ਲਿਖਤ ਤਮਾਮ ਕੀਨੀ, ਵੀਰ ਭਾਨ ਰਘੁਬੀਰ ਦਯਾ ਬਲ ਠਾਨੀਯੈ ।
ਭਾਲੀ ਔਧ ਸੁਾਮੀ ਸਿੰਘ ਸ਼ੁਕਲ ਸਹੂਰਵੰਤ. ਲਿਖਯੋ ਸੁਹੇਤ ਸੂਰ ਸਾਗਰ ਪ੍ਰਮਾਨਿਯੈ ॥੧॥

ਦੋਹਾ ।। ਸ੍ਰੀ ਰਘੁਬਰ ਲਘੁਬੀਰ ਪੁਨਿ, ਸਿਯ ਸਮੇਤ ਕਪਿ ਰਾਇ ।
ਜਿਹ ਹਿਤ ਤੁਮ ਲਿਖਵਾਇਓ, ਤੇ ਹਿਤ ਚਾਰ ਸੁਹਾਇ ।।੨।।
ਦੋਹਾ ।। ਵੀਰ ਭਾਨ ਭਗਵਾਨ ਸੌਂ. ਭਨੇ ਬੇਨਤੀ ਏਹਿ ।।
ਭਗਤਿ ਭਲਾਈ ਭ੍ਰਾਂਤ ਬਿਨ, ਤੁਮੇ ਕ੍ਰਿਪਾ ਕਰ ਦੇਹਿ ।।੩।। (ਪੱਤਰਾ ੩੩੯)

(ਅ) ਸੂਰ ਰਾਮਾਯਣ (ਰਾਮ ਚਰਿਤ੍ਰ)

ਆਰੰਭ– ਅਥ ਬਾਲ ਕਾਂਡ ਸ੍ਰੀ ਰਾਮ ਚਰਿਤ੍ਰ ਵਰਨਨੰ ।। ਰਾਗ ਕਾਨ੍ਹੜਾ ।।
ਆਜ ਦਸਰਥ ਕੇ ਆਂਗਨ ਭੀਰ ।
ਭੁਵ ਕੇ ਭਾਰ ਉਤਾਰਨ ਕਾਰਨ ਪ੍ਰਗਟੇ ਸਯਾਮ ਸਰੀਰ ।...
ਭਏ ਨਿਹਾਲ ਸੂਰ ਸਭ ਜਾਚਕ ਜੇ ਜਾਚੇ ਰਘੁਬੀਰ ।।੨੭।। (ਪੱਤਰਾ ੬੬)

ਅੰਤ– ਏਕ ਉਪ ਵ ਕਰੋ ਕਮਲਾਪਤਿ, ਕਹੋ ਤੁ ਕਹਿ ਸਮਝਾਊਂ ।
ਪਤਿਤ ਉਧਾਰਨ ਨਾਮ ਸੂਰ ਪ੍ਰਭੁ, ਲਿਖ ਕਾਗਰ ਪਹੁਚਾਊਂ ।।੧੮੧।।
ਇਤਿ ਸ੍ਰੀ ਰਾਮਾਇਣ ਸੂਰ ਦਾਸ ਕ੍ਰਿਤ ਸਮਾਪਤੰ । (ਪੱਤਰਾ ੮੮)

੧੦. ਭਾਗਵਤ ਦਸ਼ਮ ਸਕੰਧ ਭਾਖਾ (ਫ਼ਾਰਸੀ ਅੱਖਰ) (ਨੰ. ੩੭੨, ਭਾ. ਵਿ.)

ਲੇਖਕ– ਰਿਖੀ ਬਿਆਸ । ਅਨੁਵਾਦਕ–ਕਵੀ ਕ੍ਰਿਸ਼ਨ ਦਾਸ । ਆਕਾਰ—5¾" ×10", ਲਿਖਤ 3¼" ×8" ।

ਵੇਰਵਾ– ਪੱਤਰੇ ੩੩੭; ਪ੍ਰਤੀ ਸਫ਼ਾ ੧੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਜਿਲਦ ਟੁੱਟਣ ਕਰਕੇ ਜੁਜ਼ਬੰਦੀ ਉੱਖੜੀ ਹੋਈ, ਵੈਸੇ ਪੁਸਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ– ੫ ਚੇਤ, ਸੰਮਤ ੧੯੫੧ ਬਿ. । ਲਿਖਾਰੀ—ਸ੍ਰੀ ਮਹਾਰਾਜ ਕਰਮ ਚੰਦ । ਸਥਾਨ–ਨਾਮਾਲੂਮ ।

ਆਰੰਭ– ਸ੍ਰੀ ਗਣੇਸਾਇ ਨਮਃ ।
ਦੋ ਮਤ ਘਟ...ਦੋਨੋ ਏਕ ਸਮਾਨ ।
ਇਕ ਗਾਵੇ ਗੁਨ ਸਿਆਮ ਕੇ, ਇਕ ਬਰਜੇ ਸੁਰ ਗਿਆਨ ।। (ਪੱਤਰਾ ੧)

ਅੰਤ- ਐਸੀ ਕ੍ਰਿਪਾ ਕ੍ਰਿਪਾ ਨਿਧਿ ਕਰੋ । ਸਭੇ ਦੂਖ ਤਨ ਮਨ ਕੇ ਹਰੋ ।
ਅੰਤਰ ਬਾਹਰ ਤੁਮ ਹੀ ਬਸੋ । ਅੰਤ ਸਮੇਂ ਹਮ ਸੋਂ ਮਿਲ ਹਸੋ ।
ਜੈ ਜੈ ਜੈ ਕਰਨਾ ਭੰਡਾਰ । ਕ੍ਰਿਸਨ ਦਾਸ ਪਗ ਪਰ ਬਲਿਹਾਰ ।।
ਇਤ ਸ੍ਰੀ ਭਾਗਵਤੇ ਮਹਾ ਪੁਰਾਣੇ ਦਸਮ ਸਕੰਧੇ ਸੁਕ ਪਰੀਛਤ ਸੰਬਾਦੇ ਸਮਾਪਤੰ ਬਤਾਰੀਖ਼ ਪੰਚਮ ਮਾਹ ਚੇਤ ਰੋਜ਼ ਯਕ ਸ਼ੰਬਾ ਸੰਮਤ ੧੯੫੧ (ਬਿ.) ਬਦਤਖਤ ਬੰਦਹ ਜੁਨਾਬ ਸ੍ਰੀ ਮਹਾਰਾਜ ਕਰਮ ਚੰਦ ਬਕ੍ਰਿਪਾਇ ਸ੍ਰੀ ਮਹਾਰਾਜ ਸੰਪੂਰਣ ਸ਼ੁਦ ।
(ਪੱਤਰਾ ੩੩੭)

੧੧. ਸ੍ਰੀ ਭਾਗਵਤ ਦਸ਼ਮ ਸਕੰਧ (ਨੰ. ੮੮੩, ਪੰ. ਆ.)

ਲੇਖਕ— ਰਿਖੀ ਬਿਆਸ । ਅਨੁਵਾਦਕ—ਕਵਿ ਕ੍ਰਿਸ਼ਨ ਦਾਸ । ਆਕਾਰ—5¾" ×8½", ਲਿਖਤ 3¾" ×6½" ।

ਵੇਰਵਾ— ਪੱਤਰੇ ੫੬੬; ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਸ਼ੁੱਧ, ਪਰ ਕੁਝ ਸ਼ਿਕਸਤਾ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ– ਸੰਮਤ ੧੯੨੩ ਬਿ. । ਲਿਖਾਰੀ—ਨੰਦ ਸਿੰਘ । ਸਥਾਨ—ਸ਼ਹਿਰ ਰਾਮ ਦਾਸ ਸ(ਤਿ)ਗੁਰੂ ਕੇ (ਭਾਵ-ਅਮ੍ਰਿਤਸਰ) ।

ਆਰੰਭ– ੧ਓ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਯ ਨਮਹ । ਅਥ ਸ੍ਰੀ ਭਾਗਵਤ ਦਸਮ ਸਿਕੰਧ ਲਿਖਤੇ ।
ਦੋ ਮਤਿ ਘਟਿ ਮਹਿ ਪਰਸਪਰ ਬੋਲਤਿ ਏਕ ਸਮਾਨ ।
ਇਕ ਗਾਵੇ ਗੁਣ ਸਿਯਾਮ ਕੇ, ਇਕ ਬਰਜੇ ਸੁਰ ਗਿਆਨ ।... (ਪੱਤਰਾ ੧)

ਅੰਤ— ਜੈ ਜੈ ਜੈ ਕਰੁਣਾ ਭੰਡਾਰ । ਜਨ ਨਿਹਾਲ ਪਗ ਪਰ ਬਲਹਾਰਿ ।।
ਇਤ ਸ੍ਰੀ ਭਾਗਵਤ ਮਹਾ ਪੁਰਾਣੇ ਦਸਮ ਸਿਕੰਧੇ ਨਬਿਹਿ ਧਿਆਇ ਸਪੂਰਨ ਸਮਾਪਤਿ ਸਾਖੀਆ ਨਾਲਿ ।। ੧੯੧ ।। ਧਿਆਇ ।।੯੦।। ਸਮਤੁ ਅਠਾਰਾ ਸੈਸ ਭਨਿਜੈ । ਚੇਤਰ ਵਦੀ ਚੌਦੇ ਮੰਗਲਿਵਾਰ । ਪੋਥੀ ਸਤਿਗੁਰ ਧਰੀ ਸੁਵਾਰ । ਸਮਤ

੧੯੨੩ ਚੇਤ੍ਰ ਵਦੀ ਮੰਗਲਵਾਰ ਪੋਥੀ ਨੰਦਿ ਸਿੰਘ ਨੇ ਲਿਖੀ ਸਹਰ ਰਾਮ ਦਾਸ ਸ(ਤਿ) ਗੁਰੂ ਕੇ ਗੁਲਾਮ ਸੰਗਤ ਕਾ। ਅਖਰੁ ਮਾਤ੍ਰਾ ਸੁਧਿ ਕਰਣਾ ਪੜ੍ਹਨਾ ਅੰਤ ਅਰੁ ਆਦਿ। ਭੁਲਾ ਚੁਕਾ ਬਖਸਣਾ ਸਤਿਗੁਰ ਕੈ (ਪ੍ਰਸਾਦਿ)... (ਪੱਤਰਾ ੫੬੬)

੧੨. **ਦਸਮ ਸਕੰਧ ਭਾਗਵਤ** (ਸਚਿਤ੍ਰ) (ਨੰ. ੪੧੬੧/੨੭੪੦, ਨਾ. ਪ੍ਰ. ਸ. ਬ.)

ਲੇਖਕ—(ਰਿਖੀ ਬਿਆਸ। ਅਨੁਵਾਦਕ—ਕ੍ਰਿਸ਼ਨ ਦਾਸ। ਆਕਾਰ—$5'' \times 6\frac{1}{4}''$, ਲਿਖਤ $3\frac{1}{2}'' \times 5\frac{1}{2}''$ ।

ਵੇਰਵਾ— ਪੱਤਰੇ ੨-੫੪੫ (੫੪੪); ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਕਸ਼ਮੀਰੀ, ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਅਤਿ ਸੁੰਦਰ ਚੌਕੋਰ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਤੇ ਵਿਸ੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਚਿਤ੍ਰ ਅਤਿ ਸੁੰਦਰ, ਤਿਰੰਗੇ, ਕਾਂਗੜਾ ਕਲਮ ਦੇ ਬਣੇ ਹੋਏ, ਜੋ ਅਸਲ ਇਬਾਰਤ ਦੇ ਨਾਲੋਂ ਨਾਲ ਸਫ਼ਿਆਂ ਦੇ ਅੰਦਰ ਸ਼ਾਮਲ ਹਨ; ਕਾਗ਼ਜ਼ ਕੁਝ ਕਿਰਮ ਖ਼ੁਰਦਾ ਹੋਣ ਕਰ ਕੇ ਕਈ ਪੱਤਰੇ ਨਵੇਂ ਸਿਰੇ ਮੁਰੰਮਤ ਕੀਤੇ ਹੋਏ ਤੇ ਕੁਝ ਪੱਤਰਿਆਂ ਉਤੇ ਆਰ ਪਾਰ ਛੇਕ ਪਏ ਹੋਏ ਵੀ ਹਨ; ਪੁਸਤਕ ਨਵੀਂ ਜਿਲਦ ਸਮੇਤ, ਜੋ ਆਦਿ-ਅੰਤ ਦੇ ਪੱਤਰੇ ਗੁੰਮ ਹੋਣ ਕਰਕੇ ਅਧੂਰੀ ਹਾਲਤ ਵਿਚ ਹੈ।

ਸਮਾਂ— ਲਗ ਭਗ ਡੇਢ ਸੌ ਸਾਲ ਪੁਰਾਣੀ ਹੱਥ ਲਿਖਤ ਹੈ। ਲਿਖਾਰੀ—ਨਾਮਾਲੂਮ।

ਆਰੰਭ— (ਪਹਿਲਾ ਪੱਤਰਾ ਗੁੰਮ) ਪਟਿ ਦੀਨਿ ਤੂੰ ਦੂਬਰੀ ਵਹੁ ਪ੍ਰਭਖਰੇ ਅਤੋਲ।
ਕਵਨ ਕੀਟ ਮਤਿ ਹੀਨ ਤੂੰ, ਛਿਨ ਛਿਨ ਭੂਲਨਹਾਰਿ।
ਸੇਖ ਨ ਪਾਵਹਿ ਪਾਰਿ ਕੋ, ਜਾ ਕੇ ਬਦਨਿ ਹਜਾਰਿ।... (ਪੱਤਰਾ ੨)

ਅੰਤ— ਤੀਰਥ ਜਗ ਧਿਆਨ ਤਪ ਧਿਆਨ।
ਕੋਊ ਨ ਹਰਿ ਕੀ ਕਥਾ ਸਮਾਨਿ।
ਅੰਤਿਰਿ ਸਾਲ ਸੁਕ੍ਰ ਕਹੈ... (ਪੱਤਰਾ ੫੪੫)
ਇਸ ਤੋਂ ਅਗਲੇ ਪੱਤਰੇ ਗੁੰਮ ਹੋਣ ਕਰਕੇ ਬਾਕੀ ਪਾਠ ਨਹੀਂ ਮਿਲਦਾ।

੧੩. **ਭਾਗਵਤ ਦਸਮ ਸਕੰਧ** (ਅਧੂਰਾ-ਸਚਿਤ੍ਰ) (ਨੰ. ੧੩, ਪ੍ਰੋ. ਪ੍ਰੀ. ਸਿੰ.)

ਲੇਖਕ— ਰਿਖੀ ਬਿਆਸ। ਅਨੁਵਾਦਕ—ਕਵਿ ਕ੍ਰਿਸ਼ਨ ਦਾਸ। ਆਕਾਰ—$5\frac{1}{4}'' \times 7\frac{1}{2}''$, ਲਿਖਤ $3\frac{1}{2}'' \times 5''$ ।

ਵੇਰਵਾ— ਪੱਤਰੇ ੧੯-੪੮੨ (੪੬੪); (ਜਿਨ੍ਹਾਂ ਵਿਚੋਂ ੧੩ ਪੱਤਰੇ ਗੁਮ ਹੋਣ ਕਰ ਕੇ ੪੫੧ ਬਾਕੀ ਰਹਿ ਜਾਂਦੇ ਹਨ;) ਪ੍ਰਤੀ ਸਫ਼ਾ ੧੬ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ (ਚੌਕੋਰ), ਜੋ ਬੜਾ ਸਾਫ਼ ਤੇ ਸੁੰਦਰ ਹੈ; ਜਿਲਦ ਟੁੱਟੀ ਹੋਣ ਕਰ ਕੇ ਅਗਲੇ-ਪਿਛਲੇ ਪੱਤਰੇ ਗੁਮ; ਤੇ ਪੱਤਰੇ ੪੦-੪੬, ੧੬੨-੬੪, ੨੫੨-੫੩ ਤੇ ੩੪੦ ਗੁਮ; ਪੱਤਰਾ ੧੬੨, ੨੪੩, ੩੦੫, ੩੧੪, ੩੮੬ ਤੇ ੪੨੮ ਦੀਆਂ ਤਸਵੀਰਾਂ ਪਾੜੀਆਂ ਹੋਈਆਂ; ਕੁਲ ਤਸਵੀਰਾਂ, ਜੋ ਮੌਜੂਦ ਹਨ, ਗਿਣਤੀ ਵਿਚ ੫੩; ਸਿਰਲੇਖ, ਛੰਦਾਂ ਦੇ ਨਾਮ 'ਤੇ ਵਿਸ੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਅੰਕਿਤ; ਖਸਤਾ ਹਾਲਤ ਵਿਚ ਹੈ।

ਸਮਾਂ— ਲਗ ਭਗ ੧੯ਵੀਂ ਸਦੀ ਬਿ.। ਲਿਖਾਰੀ—ਨਾਮਾਲੂਮ।

ਆਰੰਭ— ...ਨ ਜਾਤਿ। ਨਾ ਕੋ ਬੰਧੁ ਨ ਪਿਤਾ ਨ ਮਾਤ।
ਜਨਮ ਕਰਮ ਗੁਣਿ ਰਹਿਤ ਮੁਰਾਰਿ। ਅਗਮ ਅਗੋਚਰ ਅਲਖ ਅਪਾਰਿ।... (ਪੱਤਰਾ ੧੯)

ਅੰਤ— ...ਕ੍ਰਿਸਨ ਦੇਵ ਹੇ ਜਗਿ ਕੇ ਈਸਿ, ਸਕਲ ਲੋਕ ਪਤਿ ਬਿਸ੍ਵੇ ਬੀਸਿ।
ਹੇ ਸੰਕਰਖਣ ਰਾਮੁ ਅਨੰਤਿ। ਤੁਮ... (ਪੱਤਰਾ ੪੮੨)

੧੪. **(ੳ) ਭਾਗਵਤ ਦਸਮ ਸਕੰਧ** (ਆਦਿ ਰਾਮਾਇਣ, ਗੀਤਾ ਆਦਿ) (ਨੰ. ×, ਡਾ. ਗੰ. ਸਿੰ.)

ਲੇਖਕ— ਰਿਖੀ ਬਿਆਸ। ਅਨੁਵਾਦਕ—ਨਾਮਾਲੂਮ। ਆਕਾਰ—$6'' \times 9\frac{1}{2}''$, ਲਿਖਤ $4\frac{1}{2}'' \times 8''$ ।

ਵੇਰਵਾ— ਪੱਤਰੇ ਭਾਗਵਤ ਦਸਮ ਸਕੰਧ ੩-੨੦ (੧੮), ਆਦਿ ਰਾਮਾਇਣ (ਸੋਢੀ ਮਿਹਰਵਾਨ) ੧—੭੮; ਪਹਿਲੇ ਪੱਤਰਿਆਂ ਦੇ ਅੰਕ ਕੁਝ ਗ਼ਲਤ ਲੱਗੇ ਹੋਣ ਕਰ ਕੇ ਦੋਬਾਰਾ ਹੜਤਾਲ ਫੇਰ ਕੇ ਦਰੁਸਤ ਕੀਤੇ ਹਨ, ਭਗਵਤ ਗੀਤਾ ਪੱਤਰੇ ੭੮-੨੩੬ (੧੫੯); ਹਾਸ਼ੀਆ ਸਾਦਾ ਰੰਗੀਨ ਚੌਕੋਰ ਦੂਹਰੀਆਂ ਲਕੀਰਾਂ ਵਾਲਾ; ਕਦੀ ਲਾਲ ਸਿਆਹੀ ਵੀ ਕਾਲੀ ਸਿਆਹੀ ਦੇ ਮੁਕਾਬਲੇ ਤੇ ਦਿਲ ਖੋਲ੍ਹ ਕੇ ਵਰਤੀ ਹੈ ਜਿਸ ਕਰਕੇ ਕਈ ਥਾਵੀਂ ਕਿਤਨੀਆਂ ਹੀ ਤੁਕਾਂ ਲਾਲ ਸਿਆਹੀ ਦੀਆਂ ਹਨ ਤੇ ਫੇਰ ਕਾਲੀ ਸਿਆਹੀ ਦੀਆਂ; ਸਿਰਲੇਖ, ਛੰਦ—ਅੰਕ ਵਿਸ੍ਰਾਮ-ਚਿੰਨ੍ਹ, ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਦੀ ਨਵੇਂ ਸਿਰੇ ਜਿਲਦ ਕੀਤੀ ਹੋਈ।

ਸਮਾਂ— ਸੰਮਤ ੧੮੧੮ ਬਿ.। ਲਿਖਾਰੀ—ਤੇਗਾ ਚੰਦ ਰਾਮ।

ਆਰੰਭ— ਏਹੁ ਜੀਉ ਦੇਖਾ ਦੇਖਹਿ ਕਿਆ ਹੋਇਗਾ। ਸੋ ਭੀ ਤਰਿ ਗਇਆ। ਤਤਿਕਾਲ ਹੀ ਮਰਿ ਗਈਆ।.. (ਪੱਤਰਾ ੩)

ਅੰਤ- ਦੋਹਰਾ ॥ ਭੂਪਤਿ ਪ੍ਰਭ ਕੀ ਨਾਇਕਾ, ਆਠੋ ਕਹੀ ਸੁਨਾਇ ।
ਸੋਰਹਿ ਸਹੰਸ ਕੁਮਾਰਿਕਾ, ਅਬਹਿ ਕਹੋ ਸਮਝਾਇ ॥੩੬॥
ਇਤਿ ਸ੍ਰੀ ਭਾਗਵਤੇ ਮਹਾਪੁਰਾਣੇ ਪਰਮਹੰਸ ਸਹਿਤਾਯਾ ਦਸਮ ਸਕੰਧੇ ਸਕਿ ਪਰੀਛਤਿ ਸੰਬਾਦੇ ਅਠਵੰਜਾ ਹੋ ਧਿਆਉ
ਰਾਮ ਕ੍ਰਿਸਨਾਰਪਣਮਸਤੁ ॥੫੮॥
ਦੋਹਰਾ ॥ ਕਥਾ ਨਿਰੂਪਣ ਹੋਇਗੀ, ਨੌ ਪਚਾਸਯੇ ਧਿਆਇ ।
ਭੂਮਾਸਰਿ ਕਉ ਹਨਹਿਗੇ, ਸ੍ਰੀ ਜਦਿਪਤਿ ਪ੍ਰਭਿ ਧਾਇ ॥੧॥
ਸ੍ਰੀ ਭਗਵਾਨ ਜੀ (ਪੱਤਰਾ ੨੦)

(ਅ) **ਆਦਿ ਰਾਮਾਇਣ** (ਸੋਢੀ ਮਿਹਰਵਾਨ)

ਆਰੰਭ- ...*ਚੜਾਵੈ ।
ਤਬ ਦਸ ਹਜਾਰ ਪਰਦਖਣਾ ਦੀਨੀ ।
(ਦੂਜੀ ਕਥਾ) (ਪੱਤਰਾ ੧)

ਅੰਤ- ਲੈ ਸੀਤਾ ਪ੍ਰਤਗਿਆ, ਸਭ ਦੀਨੀ ਬੰਦ ਛੁਡਾਇ ।
ਤ੍ਰਿਲੋਕੀ ਜੈ ਜੈ ਭਈ, ਰਾਜੁ ਕੀਆ ਅਜੁਧਿਆ ਆਇ ।
ਬਿਦਾ ਭਇਯੋ ਸਭਿ ਪੈਦਲੋ, ਜਨ ਨਾਨਕ ਸੀਸੁ ਨਿਵਾਇ ॥
ਬੋਲਹੁ ਭਾਈ ਜੀ ਸ੍ਰੀ ਰਾਮ ਕ੍ਰਿਸਨ ਵਾਹਿਗੁਰੂ ਸਤਿ ਸਾਚਾ ॥੧੯॥
ਅਬ ਆਦਿ ਰਾਮਾਇਣ ਸੰਪੂਰਨੰ ਸੁਭਮਸਤਿ ॥੧੪॥ ਪੱਤਰਾ ੭੮)

(ੲ) **ਸ੍ਰੀ ਭਗਵਤ ਗੀਤਾ**

ਆਰੰਭ- ਸ੍ਰੀ ਗਣੇਸਾਇ ਨਮਹਿ। ਸ੍ਰੀ ਭਗਵਤ ਗੀਤਾ ਕੇ ਮਹਾਤਮ ਲਿਖਯਤੇ । ਏਕ ਸਮੇ ਬਿਖੈ ਕੈਲਾਸਿ ਪਰਬਤਿ ਊਪਰਿ ਮਹਾਦੇਉ
ਅਰੁ ਪਾਰਬਤੀ ਕੀ ਆਪਸਿ ਮੈ ਗੋਸਟਿ ਹੋਈ । (ਪੱਤਰਾ ੭੮)

ਅੰਤ- ਏਹੁ ਗੀਤਾ ਸਕਲਿ ਜੀਆ ਕੇ ਉਧਾਰ ਕਰਨ ਕੌ ਪ੍ਰਗਟਿ ਕਰੀ ਹੈ । ਤਿਸ ਕਾ ਮਹਾਤਮੁ ਬਡੀ ਮਹਿਮਾ ਸਿਉ ਕਹਿਆ ਹੈ।
ਅਪਸਿ ਕਰਿ ਪਾਠਿ ਕਰੀਐ ਯਾ ਸ੍ਰਵਨ ਕਰੀਐ ਤਿਨਾ ਜੀਆ ਕੀ ਕਲਿਆਣ ਹੋਵੈਗੀ ॥੧੮॥
ਸ੍ਰੀ ਰਾਮ ਜੀ। ਇਤਿ ਸ੍ਰੀ ਗੀਤਾ ਮਹਾਤਮਨੇ ਸੰਪੂਰਨੰ ਭਏ। ਲੇਖਾਰੀ ਕੀ ਬੇਨਤੀ। ਛਪਾ।
ਸੰਬਤਿ ਸਤਿ ਦਸ ਆਠਿ ਚੌਕੁ ਅਠਾਰਹਿ ਤਾ ਪਰਿ ।
ਆਸਾ ਛਬਿ ਸਦ ਖਸਟਮੀ, ਦਿਨ ਸਸਸਸੁਤ ਅਤਿ ਸੁਖਿ ਕਰ ।
ਗੀਤਾ ਸੁੰਦਰ ਗ੍ਰੰਥ ਕਹਜੋ, ਮੁਖਿ ਵਾਕ ਸ੍ਰੀ ਪ੍ਰਭੁ ।
ਪਢਤਿ ਸੁਨਤਿ ਲਾਇ, ਪਾਰਿ ਭਵਿ ਸਾਗਿਰ ਤੇ ਸਭਿ।
ਸੋਈ ਲਿਖਯੋ ਤੇਗਾ ਚੰਦ ਰਾਮ, ਇਹ ਬਾਦ ਬਰਨ ਬਰਿ।
ਦੈ ਭਗਤਿ ਦਾਨਿ ਨਿਰਭੈ ਕਰਹੁ, ਸੰਤ ਸੁਜਨ ਮਨ ਕ੍ਰਿਪਾ ਕਰਿ ॥
ਗੀਤਾ ਸੰਪੂਰਨ ਹੋਈ । ਗੁਪਾਲ ਸਿੰਘ ਪੂਰਬੀਏ ਦੇ ਪੁਤ੍ਰ ਨੇ ਲਿਖੀ, ਬਾਸੀ ਕਾਂਗੜੇ ਕਾ। ਲਿਖੀ ਫਗਵਾੜੇ ਬੀਚ...
(ਪੱਤਰਾ ੨੩੬)

੧੫. **ਭਾਗਵਤ, ਦਸਮ ਸਕੰਧ** (ਫ਼ਾਰਸੀ ਅੱਖਰ) (ਮੋ. ਬਾ. ਨੰ. ੩੯੬)

ਲੇਖਕ- ਰਿਖੀ ਬਿਆਸ । ਅਨੁਵਾਦਕ—ਕਵੀ ਭੂਪਤ । ਆਕਾਰ-$6\frac{1}{4}$"×$8\frac{1}{2}$" ਲਿਖਤ $3\frac{3}{4}$"×$7\frac{1}{4}$" ।

ਵੇਰਵਾ- ਪੱਤਰੇ ੨੫੨; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਦੇਸੀ; ਲਿਖਤ ਸ਼ਿਕਸਤਹ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿੱਚ ਹੈ ।

ਸਮਾਂ- ਸੰਮਤ ੧੮੯੦ ਬਿ. । ਲਿਖਾਰੀ—ਹਰ ਦੇਵ । ਸਥਾਨ-ਜੈਪੁਰ (ਰਾਜਸਥਾਨ) ।

ਆਰੰਭ— ਸ੍ਰੀ ਰਾਮ ਜੀ ਹਰ ਰਾਯ। ਸ੍ਰੀ ਕ੍ਰਿਸ਼ਨ ਜੀਓ ਸਦਾ ਸਹਾਇ ਨਮਃ ।
ਸਿਮਰੌਂ ਆਦਿ ਨਿਰੰਜਨ ਦੇਵਾ । ਜਾਕੋ ਦੇਵ ਨ ਜਾਨਤ ਭੇਵਾ ।

ਅੰਤ— ਪਢਯੋ ਪਰਮ ਪਵਿਤ੍ਰ ਹੋ, ਜਾਨੇ ਪਾਪ ਨ ਹੋਇ ।

* ਮੁੱਢਲਾ ਪਾਨ ਇਥੋਂ ਤਕ ਗੁਮ ਹੋਣ ਕਰ ਕੇ ਇਹ ਪੁਸਤਕ ਅਧੂਰੀ ਹੈ।

ਇਸ ਤੋਂ ਅੱਗੇ ਅਸ਼ੁੱਧ ਦੇਵਨਾਗਰੀ ਵਿਚ ਇਸ ਪੁਸਤਕ ਦੇ ਨਕਲ ਆਦਿ ਕਰਨ ਬਾਰੇ ਕੁਝ ਹਾਲ ਲਿਖਿਆ ਹੈ, ਜਿਵੇਂ-"ਫ਼੍ਰ ਟਲਈ ਲਕ ਸੰਚ੍ਰਿਸ਼ਾਂ..." ਆਦਿ।

੧੬. ਭਾਗਵਤ, ਦਸਮ ਸਕੰਧ (ਸਚਿਤ੍ਰ) (ਨੰ. ੧੯੮, ਮੋ. ਬਾ.)

ਲੇਖਕ– ਰਿਖੀ ਬਿਆਸ । ਅਨੁਵਾਦਕ–ਕਵੀ ਭੂਪਤ । ਆਕਾਰ-$8\frac{1}{4}'' \times 8\frac{1}{2}''$, ਲਿਖਤ $3\frac{3}{4}'' \times 7\frac{1}{4}''$ ।

ਵੇਰਵਾ– ਪੱਤਰੇ ੨੧੨; ਪ੍ਰਤੀ ਸਫ਼ਾ ੧੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸ਼ਿਕਸਤਹ, ਜੋ ਸਾਫ਼ ਪੜ੍ਹੀ ਨਹੀਂ ਜਾਂਦੀ, ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰੇ ਕਿਰਮ ਖ਼ੁਰਦਾ; ਚਿਤ੍ਰ ਰੰਗੀਨ ਕਾਂਗੜਾ ਕਲਮ ਦੇ ਬਣੇ ਹੋਏ ।

ਸਮਾਂ– ਸੰਮਤ ੧੭੪੪ ਬਿ. । ਲਿਖਾਰੀ—ਨਾਮਾਲੂਮ ।

ਆਰੰਭ– ਸ੍ਰੀ ਗਣੇਸਾਯ ਨਮ: । ਦਸਮ ਸਕੰਧ ਸ੍ਰੀ ਭਾਗਵਤ ।
ਸਿਮਰੋਂ ਆਦ ਨਿਰੰਜਨ ਦੇਵਾ । ਜਿਹ ਕੋ ਦੇਵ ਨ ਜਾਨਤ ਭੇਵਾ ।

ਅੰਤ– ਸੰਮਤ ਸੱਤਰਹ ਸੈ ਭਏ, ਚਾਰ ਅਧਿਕ ਚਾਲੀਸਾ ਜਜੇਸ਼ਟ ਕੀ ਏਕਾਦਸੀ, ਸੁੱਧਵਾਰ ਰਜਨੀਸ ॥

੧੭. ਭਾਗਵਤ ਇਕਾਦਸ ਸਕੰਧ (ਗੱਦ ਵਿਚ) (ਨੰ. ੫੧੯, ਪੰ. ਸਾ. ਅ.)

ਲੇਖਕ– ਰਿਖੀ ਵਿਆਸ । ਅਨੁਵਾਦਕ—ਨਾਮਾਲੂਮ । ਆਕਾਰ—$7\frac{1}{2}'' \times 10\frac{1}{2}''$, ਲਿਖਤ $6'' \times 9''$ ।

ਵੇਰਵਾ— ਪੱਤਰੇ ੧੭੮; ਪ੍ਰਤੀ ਸਫ਼ਾ ੨੧ ਸਤਰਾਂ; ਕਾਗ਼ਜ਼ ਸਿਆਲਕੋਟੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ– ਗ਼ਾਲਬਨ ਅਠਾਰ੍ਹਵੀਂ ਸਦੀ ਬਿ. । ਲਿਖਾਰੀ—ਹਰਿ ਸੇਵਕ ।

ਆਰੰਭ– ੧ਓ ਸਤਿਗੁਰ ਪ੍ਰਸਾਦਿ । ਸ੍ਰੀ ਭਾਗਵਤਿ ਦਸਮਾ ਇਸਕੰਧੁ ਸੰਪੂਰਨ ਹੋਇ ਪਹੁਚਾ । ਆਗੈ ਇਕਾਦਸ ਸਿਕੰਧਿ ਸ੍ਰੀ ਭਾਗਵਤੁ ਕਾ ਚਲਿਆ ॥੧੧॥ ਸ੍ਰੀ ਰਾਮ ਕ੍ਰਿਸਨ ਓਨਮਹਿ । ਸੁਕੋਵਾਚ । ਸ੍ਵਾਮੀ ਸੁਕਦੇਵ ਜੀ ਰਾਜਾ ਪ੍ਰੀਛਤ ਪਹਿ ਨਿਰੂਪਣੁ ਕਰੈ ਹੈ ਕਿ, "ਹੇ ਰਾਜਾ ! ਸ੍ਰੀ ਕ੍ਰਿਸਨ ਭਗਵਾਨੁ ਜੀ ਬਲਭਦ੍ਰ ਸਮੇਤਿ ਅਨੇਕ ਦੈਤਹੁ ਕਾ ਨਾਸੁ ਕਰਿ ਕਰਿ ਭੂਮ ਕਾ ਭਾਰੁ ਦੂਰਿ ਕਰਤਿ ਭਏ । (ਪੱਤਰਾ ੧)

ਅੰਤ– ...ਪਰਮ ਹੰਸਿ ਜ ਹੈ ਬਿਰਕਤਿ ਤਿਨ ਕੀ ਗਤਿ ਕਉ ਪ੍ਰਾਪਤਿ ਹੋਇਗਾ ॥੧॥੩੦॥੩੧॥ਛ॥ਛ॥ ਇਤੁ ਸ੍ਰੀ ਭਾਗਵਤੇ ਮਹਾ ਪੁਰਾਣੇ ਪਰਮ ਹੰਸਿ ਸੰਹਿਤਾ ਇਕਾਦਸਿ ਸਿਕੰਧੇ ਸੁਕਿ ਪਰੀਛਤਿ ਸੰਬਾਦੇ ਇਕਤੀਸਮੋ ਧਿਆਉ ਪੂਰਾ ਹੋਇ(ਆ) ॥੧॥੩੧॥... (ਪੱਤਰਾ ੧੭੬)

...ਪੋਥਿ ਲੇਖਾਇ ਹਰੁ ਸੇਵਕੁ ਫਕੀਰੁ ਆਤਮਾ ਰਾਮੁ ਜੀ ਕਾ, ਪੋਤਾ ਮਜਨੂ ਸਾਹ ਕਾ । (ਪੱਤਰਾ ੧੭੮)

੧੮. ਸ੍ਰੀ ਭਾਗਵਤ ਇਕਾਦਸ ਸਕੰਧ ਭਾਖਾ (ਨੰ. ੨੨੦, ਪ੍ਰੋ. ਪ੍ਰੀ. ਸਿੰ.)

ਲੇਖਕ– ਰਿਖੀ ਬਿਆਸ । ਅਨੁਵਾਦਕ—ਨਾਮਾਲੂਮ । ਆਕਾਰ—$7'' \times 5''$, ਲਿਖਤ $4\frac{3}{4}'' \times 4\frac{1}{2}''$ ।

ਵੇਰਵਾ– ਪੱਤਰੇ ੪੭੦; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਵਿਚਕਾਰੋਂ ਬਹੁਤ ਸਾਰੇ ਪੱਤਰੇ ਜਿਲਦ ਟੁੱਟਣ ਕਰਕੇ ਫਟੇ ਤੇ ਨੁੱਕਰਾਂ ਤੋਂ ਭੁਰੇ ਹੋਏ, ਜੋ ਚੇਪੀਆਂ ਲਾ ਕੇ ਕਈ ਥਾਵੀਂ ਦਰੁਸਤ ਵੀ ਕੀਤੇ ਹੋਏ ਹਨ, ਪਰ ਫੇਰ ਵੀ ਕਈ ਪਾਠ ਨਾ ਮਿਲਣ ਕਰਕੇ ਪੁਸਤਕ ਨਾ-ਮੁਕੰਮਲ ਹੈ ।

ਸਮਾਂ– ਸੰਮਤ ੧੮੨੩ ਬਿ. । ਲਿਖਾਰੀ—ਨਾਮਾਲੂਮ ।
ਸਥਾਨ—ਭਾਈ ਹਰਿਦਿਆਲ (ਅੱਗੇ ਲਿਖੀ ਪੜ੍ਹੀ ਨਹੀਂ ਗਈ) ।

ਆਰੰਭ– ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤ ਅਜੂਨੀ ਸੈ ਭੰ ਗੁਰ ਪ੍ਰਸਾਦਿ । ਅਥ ਸ੍ਰੀ ਮਧ ਭਾਗਵਤ ਕਾ ਇਕਾਦਸੁ ਸਿਕੰਧੁ ਲਿਖਿਆ । ਸ੍ਰੀ ਰਾਮ ਕ੍ਰਿਸਨਾਯ ਨਮੋ । ਸ੍ਰੀ ਸੁਕੋਵਾਚੈ । ਸੁਆਮੀ ਸੁਖੁਦੇਉ ਜੀ ਰਾਜਾ ਪ੍ਰੀਛਤੁ ਪਹਿ ਨਿਰੂਪਣੁ ਕਰੈ ਹੈ। ਹੇ ਰਾਜਾ ! ਸ੍ਰੀ ਕ੍ਰਿਸਨ ਭਗਵਾਨ ਜੀ ਬਲਭਦ੍ਰ ਜੀ ਸਮੇਤ ਅਨੇਕ ਦੈਤੋ ਕਾ ਨਾਸੁ ਕਰਿ ਕਰਿ ਸਾਰੀ ਭੂਮੁ ਕਾ ਭਾਰੁ ਦੂਰਿ ਕਰਤ ਭੈਏ । (ਪੱਤਰਾ ੧)

ਅੰਤ–... ਸ੍ਰੀ ਪੁਰਖੋਤਮ ਜੀ ਤਿਨ ਕ ਚਰਣ ਕਮਲੋ ਬਿਖੈ... । ਭਗਤੁ ਪਾਵੈਹਿਗਾ ਅਰ ਪਰਮ ਹੰਸ ਜੋ ਹੈ ਬਿਰਕਤਿ ਤਿਨਿ ਗਤਿ ਕਉ ਪ੍ਰਾਪਤ ਹੋਇਗਾ॥੧॥ਛ॥ਛ॥ਛ॥ ਇਤੁ ਸ੍ਰੀ ਭਾਗਵਤੇ ਪੁਰਾਣੇ ਪਰਮੁ ਹੰਸ ਸਹਿਤਾ ਇਕਾਦਸਿ ਸਿਕੰਧੇ ਸੁਕੁ ਪ੍ਰੀਛਤ ਸੰਬਾਦੇ ਇਕਤੀਸਮੋ ਧਿਆਉ ਸੰਪੂਰਨਿ ਹੋਇਆ ।... ਪੋਥੀ ਲਿਖੀ ਸੰਬਤੁ ੧੮੨੩ ਮਿਤੀ ੨੦... ਮਾਘ...ਅਸਟਮੀ ਬਾਰ ਸੋਮੁਵਾਰੁ .. (ਪੱਤਰੇ ੪੬੯-੭੦)

੧੯. (ੳ) ਭਾਗਵਤ ਇਕਾਦਸ਼ ਸਕੰਧ (ਵਿਚਾਰ ਮਾਲਾ ਆਦਿ ਸਮੇਤ) (ਨੰ. ੨੧੦, ਭਾ. ਵਿ.)

ਲੇਖਕ– ਰਿਖੀ ਬਿਆਸ । ਅਨੁਵਾਦਕ-ਚਤੁਰ ਦਾਸ । ਆਕਾਰ–$6\frac{3}{4}'' \times 5''$, ਲਿਖਤ $5'' \times 3\frac{1}{2}''$ ।

ਵੇਰਵਾ— ਪੱਤਰੇ ੪੨੪; ਪ੍ਰਤੀ ਸਫ਼ਾ ੧੦ ਸਤਰਾਂ; *ਕਾਗ਼ਜ਼ ਕਸ਼ਮੀਰੀ;* ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ, ਅੰਕ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ਦੋ ਪੱਤਰੇ ਨਵੇਂ, ਨੀਲੀ ਸਿਆਹੀ ਨਾਲ ਲਿਖ ਕੇ. ਜੋੜੇ ਹੋਏ ਤੇ ਅੰਤਲੇ ਪੱਤਰੇ ੪੧੯ ਤੋਂ ੪੨੪ ਤਕ ਹੋਰ ਕਲਮ ਦੀ ਲਿਖਤ: ਮੁੱਢ ਵਿਚ ਤਿੰਨ ਪੱਤਰੇ ਮੁਰੰਮਤ ਕੀਤੇ ਹੋਏ ਵੀ ਹਨ ।

ਸਮਾਂ— ੧੬੯੨ ਬਿ. । ਲਿਖਾਰੀ-ਨਾਮਾਲੂਮ ।

ਆਰੰਭ– ੴ ਸਤਿਗੁਰ ਪ੍ਰਸਾਦਿ । ਰਾਮ ਜੀ ਸਤਿ । ਦਾਦੂ ਦਿਆਲ ਜੀ ਸਹਾਇ । ਗੁਰਦੇਵ ਜੀ ਸਹਾਇ । ਸਰਬ ਸਾਧ ਜੀ ਸਹਾਇ । ਗ੍ਰੰਥ ਭਾਗਵਤ ਇਕਾਦਸ ਕੀ ਭਾਖਾ । ਚੌਪਈ ।
ਸੰਤ ਦਾਸ ਸਤਿਗੁਰ ਕੇ ਚਰਣਾ । ਤਿਨ ਕੋ ਗਹੋਂ ਸੁ ਦ੍ਰਿੜ ਕਰ ਸਰਣਾ ।... (ਪੱਤਰਾ ੧)

ਅੰਤ— ਸੰਤ ਦਾਸ ਗੁਰ ਆਗਯਾ ਦੀਨੀ । ਚਤੁਰ ਦਾਸ ਯਹ ਭਾਖਾ ਕੀਨੀ ॥੪੨॥ ਦੋਹਾ ॥
ਪਰਮ ਗਯਾਨ ਪ੍ਰਗਟ ਕਰਯੋ ਮਮ ਘਟ ਹ੍ਵੈ ਜਿਹ ਦੇਵ ।
ਤੇ ਮੇਰੇ ਉਰ ਨਿਤ ਬਸੈ ਸੰਤ ਦਾਸ ਗੁਰ ਦੇਵ ॥੪੩॥੨੯॥੫੯॥
ਇਤਿ ਸ੍ਰੀ ਭਾਗਵਤੇ ਮਹਾ ਪੁਰਾਣੇ ਏਕਾਦਸ ਸਕੰਧੇ ਸ੍ਰੀ ਸੁਕ ਪਰੀਖਯਤ ਸੰਬਾਦੇ ਭਾਖਾਯੰ ਸ੍ਰੀ ਕ੍ਰਿਸਨ ਬੈਕੁੰਠ ਪਯਾਣੋ ਨਾਮ ਇਕ ਤ੍ਰਿੰਸੋ ਧਯਾਇ ॥੩੧॥
ਏਕਾਦਸ ਸਕੰਧ: ਸੰਪੂਰਣੰ ਸਮਾਪਤ: ਦੋਹਾ ਸਲੋਕ, ਚੌਪਈਨੁ ਕੀ ਸੰਖਯਾ ਕ੍ਰਮ ਸੋਂ ਜਾਨਨੀ । ਸਕਲ ਗ੍ਰੰਥ ਕੀ ਸੰਖਯਾ ॥੪੩॥ ੧੩੮੫॥੨੩॥੧੯॥ ਮਿਤੀ ਜੇਠਿ ਸੁਦੀ ਵਾਰਿ ਸੁਕ੍ਰ ਪੋਥੀ ਪੂਰੀ ਹੋਈ । ਸੰਬਤੁ ੧੮੧੯ ॥ਰਾਮ ਰਾਮ.. (ਪੱਤਰਾ ੨੪੮)
ਇਹ ਪੁਸਤਕ ਸ੍ਰੀ ਵੇਂਕਟੇਸ਼੍ਵਰ ਸਟੀਮ ਪ੍ਰੈਸ ਬੰਬਈ ਵਲੋਂ ਦੇਵ ਨਾਗਰੀ ਅੱਖਰਾਂ ਵਿਚ ਛਪ ਚੁਕੀ ਹੈ ।

(ਅ) ਵਿਚਾਰ ਮਾਲਾ (ਅਨਾਥ ਪੁਰੀ)

ਆਰੰਭ– ੴ ਸ੍ਰੀ ਗਣੇਸਾਇ ਨਮ: । ਅਥ ਸ੍ਰੀ ਵਿਚਾਰ ਮਾਲ ਅਨਾਥ ਪੁਰੀ ਕ੍ਰਿਤ ਲਿਖਯਤੇ ॥ ਦੋਹਰਾ ॥
ਨਮੋ ਨਮੋ ਸ੍ਰੀ ਰਾਮ ਜੂ, ਸਤਿ ਚਿਤ ਆਨੰਦ ਰੂਪ ।.. (ਪੱਤਰਾ ੨੪੯)

ਅੰਤ– ਗੀਤਾ ਭਾਰਥ ਕੋ ਮਤੌ, ਏਕਾਦਸ ਕੀ ਜੁਗਤਿ ।
ਅਸਟਾਵਕ੍ਰ ਬਸਿਸਟ ਮੁਨਿ, ਕਛੁਕ ਆਪਨੀ ਉਕਤਿ ॥੪੩॥
ਇਤਿ ਬਿਚਾਰ ਮਾਲ ਸੰਪੂਰਣੰ ॥੧॥੨੧੦॥ (ਪੱਤਰਾ ੨੬੭)

(ੲ) ਵੇਦਾਂਤ-ਵਚਨ (ਲੇਖਕ–ਨਾਮਾਲੂਮ)

ਆਰੰਭ– ੴ ਸਤਿਗੁਰ ਪ੍ਰਸਾਦਿ ।
ਸੁਖਪਤ ਸੁਪਨ ਜਾਗ੍ਰਤ ਕੇ ਧੀਰਾ । ਕਾਰਨ ਸੂਖਮ ਥੂਲ ਸਰੀਰਾ । (ਪੱਤਰਾ ੨੬੭)

ਅੰਤ– ਅਨਾਤਮ ਪੰਚ ਕੋਸ ਮੈ ਆਤਮ ਬੁਧ । ਅਸੁਚ ਸਰੀਰ ਬਿਖੈ ਸੁਚ ਬੁਧ ॥ (ਪੱਤਰਾ ੨੭੨)

(ਸ) ਅਗਯਾਨ ਬੋਧਨੀ ਭਾਖਾ (ਦਿਆਲ ਅਨੇਮੀ)

ਆਰੰਭ– ੴ ਸਤਿਗੁਰ ਪ੍ਰਸਾਦਿ । ਅਥ ਅਗਯਾਨ ਬੋਧਨੀ ਭਾਖਾ ਦਿਆਲ ਅਨੇਮੀ ਕ੍ਰਿਤ ਲਿਖਯਤੇ ।ਚੌਪਈ।
ਬ੍ਰਹਮ ਅਨੰਤ ਰੂਪ ਜੋ ਹਯੈ । ਸਤਚਿਤ ਆਨੰਦ ਤਾਕੋ ਕਹੀਯੈ । (ਪੱਤਰਾ ੨੭੩)

ਅੰਤ– ਅਧਿਆਤਮ ਬਿਦਿਆ ਜੋ ਅਹੈ । ਐਸੇ ਅਧਿਕਾਰੀ ਪ੍ਰਤਿ ਕਹੈ ।
ਤਾ ਕੋ ਆਤਮ ਗਿਆਨ ਪ੍ਰਕਾਸੈ । ਮਹਾਂ ਮੋਹ ਅਗਿਆਨ ਬਿਨਾਸੈ ॥੪੧੪॥
ਇਤਿ ਅਗਿਆਨ ਬੋਧਨੀ ਭਾਖਾ ਬਿਰਚਿਤੇ ਅਧਿਆਤਮ ਬਿਧਿ ਉਪਦੇਸ ਬਿਧਿ ਸਮਾਪਤਮ । (ਪੱਤਰਾ ੩੧੯ ੳ)

(ਹ) **ਅਸ਼ਟਾਵਕ੍ਰ ਭਾਖਾ** (ਦਿਆਲ ਅਨੇਮੀ)

ਆਰੰਭ— ੧ਓ ਸ੍ਵਸਤ ਸ੍ਰੀ ਗਣੇਸਾਇ ਨਮ: । ਅਥ ਕਬ ਕ੍ਰਿਤ ਦਯਾਲ ਅਨੇਮਾਨੰਦ ਸੁਰਸ੍ਵਤੀ ਅਸਟਾਵਕ੍ਰ ਭਾਖਾ ਵਰਨਤੇ ।
ਛਪੈ ॥ ਅਤਿ ਅਮਿਤ ਆਨੰਦ ਕੰਦ, ਪਰਮਾਨੰਦ ਪਰਮ ਅਖੈ ਦੁਤਿ । (ਪਤਰਾ ੩੧੯ ਅ)

ਅੰਤ— ਨਹੀਂ ਸੰਸਕ੍ਰਿਤ ਗਯਾਨ ਜਿਹ, ਜਾਨਜੋ ਚਾਹੈ ਈਸ ।
ਭਾਖਾ ਅਸਟਾਵਕ੍ਰ ਕੀ, ਪਢੇ ਖੰਡ ਇਕੀਸ ॥੧੫॥
ਦੋਹਰਾ ਏਕ ਏਕ ਪ੍ਰਗਟ ਕਹਯੋ, ਚੌਪਈ ਚੌਦਸ ਜਾਨ ।
ਸੰਖਯਾ ਪ੍ਰਕਰਨ ਇਕੀਸ ਕੀ, ਬਿਧਿਵਤ ਕਹੀ ਬਖਾਨ ॥੧੬॥
ਇਤ ਸ੍ਰੀ ਮਤ ਪਰਮਹੰਸ ਪਰਿਬ੍ਰਾਜਕਾਚਾਰਜ ਉਪਾਸਕ ਸ੍ਰੀ ਮਤ ਪੂਰਨ ਬੋਧਾਨੰਦ ਸਰਸੁਤੀ ਤਸ ਪਾਦ ਪੂਜ ਸਿਖ ਸ੍ਰੀ ਮਤ ਦਿਆਲ ਅਨੇਮਾਨੰਦ ਅਸਟਾਵਕ੍ਰ ਭਾਖਾ ਅਨੁਭਵ ਵਿਰਚਿਤੰ ਸੰਖਯਾ ਕ੍ਰਮਾਦਿ ਖਟਕੰ ਨਾਮ ਏਕ ਬਿੰਸਤ ਪ੍ਰਕਰਣਮ ॥੨੧॥ ਸਮਾਪਤਮ । ਸੁਭਮਸਤ । (ਪੱਤਰੇ ੩੬੧-੬੨)

(ਕ) **ਬਿਗਯਾਨ ਗੀਤਾ** (ਦਿਆਲ ਅਨੇਮੀ) ਸੰਮਤ ੧੭੩੬ ਬਿ. ।

ਆਰੰਭ— ੧ਓ ਸ੍ਰੀ ਗਣੇਸਾਇ ਨਮਹ ॥ ਦੋਹਰਾ ॥
ਨਾਮ ਰੂਪ ਮ੍ਰਿਗ ਜਲ ਸਭੈ, ਕਾਂ ਕੌ ਕਰੌਂ ਪ੍ਰਣਾਮ ।
ਮੇਰੀ ਮੁਝ ਕੌ ਬੰਦਨਾ, ਸੋਹੰ ਆਤਮ ਰਾਮ ॥੧॥ (ਪੱਤਰਾ ੩੬੨)

ਅੰਤ— ਸੰਮਤ ਸਤ੍ਰਹ ਸੈ ਬਰਸ, ਬੀਤੇ ਜਬ ਛਤੀਸ ।
ਕਾਰਤਕ ਸੁਕਲ ਤ੍ਰਿਯੋਦਸੀ, ਬਾਰ ਬਰਨ ਰਜਨੀਸ ॥੨੦੬॥
ਇਕ ਸੈ ਇਕ ਦੋਹਰਾ ਕਹੈ, ਚੌਪਈ ਇਕ ਸੈ ਤੀਨ ।
ਭੁਜੰਗ ਛੰਦੁ ਇਕੁ ਜਾਨੀਯੋ, ਸੰਖਯਾ ਕ੍ਰਮ ਯੋ ਚੀਨ ॥੨੦੭॥
ਇਤਿ ਸ੍ਰੀ ਮਤ ਪਰਮਹੰਸ ਪਰਬਿਰਾਜਕਾਚਾਰਜ ਉਪਾਸਕ ਸ੍ਰੀ ਮਤ ਦਯਾਲ ਅਨੇਮਾਨੰਦ ਸਰਸੁਤੀ ਭਗਵਾਨ ਹਸਤਾਮਲ ਪ੍ਰਸਨੋਤਰ ਭਾਖਾ ਸੰਸਕ੍ਰਿਤ ਬਿਰਚਿਤੰ ਗਯਾਨ ਬਿਗਯਾਨ ਸਰਬ ਸਾਰ ਸੰਗ੍ਰਹ ਬਿਗਯਾਨ ਗੀਤਾ ਸਮਾਪਤੰ । ਸੰਪੂਰਣੰ ਸੁਭੰ ਭੂਪਾਂ ਸਮਸਤ: । (ਪੱਤਰਾ ੩੮੨)

(ਖ) **ਵਸਿਸ਼ਟ ਸਾਰ ਭਾਖਾ** (ਦਿਆਲ ਅਨੇਮੀ)

ਆਰੰਭ— ੧ਓ ਸੁਅਸਤ ਸ੍ਰੀ ਗਣੇਸਾਇ ਨਮ: । ਵਸਿਸਟ ਸਾਰਿ ਭਾਖਾ ਬ੍ਰਨਤੇ । ਕਵਿ ਕ੍ਰਿਤ ਅਨੇਮਾਨੰਦ ਸਰਸੁਤੀ ॥ ਦੋ ॥
ਦਿਕ ਕਾਲਾਦਿਕ ਤੇ ਸਦਾ, ਅਨਵਛਿੰਨ ਪਹਚਾਨ ।
ਚਿਨ ਮਾਤ੍ਰ ਮੂਰਤ ਅਵਿਐ ਅਮ੍ਰ, ਅਨਭਵ ਏਕ ਪ੍ਰਮਾਨ ॥੧॥
ਸਾਂਤ ਸਰੂਪੀ ਤੇਜ ਕੋ, ਪ੍ਰਣਵੌ ਹਿਤ ਚਿਤ ਲਾਇ ।
ਨਿਰਬਿਘਨ ਗ੍ਰੰਥ ਕੇ ਹੇਤਿ ਤਿਹ, ਮੰਗਲ ਬਿਧਿਵਤ ਗਾਇ ॥੨॥ (ਪੱਤਰਾ ੩੮੨)

ਅੰਤ— ਬਿਮਲ ਨੀਰ ਮੈ ਬੀਚੀ ਜੈਸੇ । ਆਸਤਿ ਨਾਸਤਿ ਬਿਖੈ ਨ ਤੈਸੇ ।
ਤਥਾ ਬ੍ਰਹਮ ਜਗ ਜਾਨੁ ਯਹਿ ਜਾਂ ਤੇ । ਸੂਨਿ ਅਸੂਨਿ ਬਿਖੈ ਨਹੀਂ ਤਾਂ ਤੇ ॥੩੫॥
ਇਤ ਸ੍ਰੀ ਮਤ ਦਿਆਲ ਅਨੇਮਾਨੰਦ ਸਰਸੁਤੀ ਬ੍ਰਿਚਿਤੰਅੰ ਯੋਗ ਬਿਸਿਸਟ ਸਾਰੇ ਭਾਖਅੰ ਆਤਮ ਨਿਰੂਪਣ ਨਾਮ ਦਸਮੰ ਪ੍ਰਕ੍ਰਣੰ ॥੧੦॥ ਸੰਪੂਰਨੰ ਸਮਾਪਤੰ । ਸੁਭਿ ਸੰਮਤੁ । (ਪੱਤਰਾ ੪੦੬)

(ਗ) **ਅਪ੍ਰੋਖ ਅਨੁਭੈ** (ਸ਼ੰਕਰਾਚਾਰਜ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਪ੍ਰੋਖ ਅਨੁਭੋ । ਓਅੰ ਤਤ ਸਤਿ ਬ੍ਰਹਮ ਆਤਮਨੇ ਨਮਹਿ । ਹੌਂ ਜੋ ਹੋਂ ਸੰਕਰਾਚਾਰਜ ਮੁਕਤ ਹੋਣੇ ਕੈ ਅਰਥ ਪ੍ਰਤਛ ਗਯਾਨ ਕਹਤਾ ਹੌਂ । (ਪੱਤਰਾ ੪੦੬)

ਅੰਤ— ਅਸੁਧ ਚਿਤ ਵਾਲਿਓਂ ਕੋ ਹਠ ਜੋਗੁ ਹੈ ।
ਅਪੋਖ ਅਨੁਭਵ ਪੂਰਨ ਹੋਇਆ ॥੧॥੪॥ (ਪੱਤਰਾ ੪੧੭)

ਇਸ ਤੋਂ ਅਗੇ ਇਕ ਸ਼ਲੋਕ ਸ੍ਰੀ ਹਨੂਵੰਤ ਦਾਸ ਦਾ ਉਪਦੇਸ ਦੇ ਅਗ ਸੰਬੰਧੀ ਦਰਜ ਹੈ ਤੇ ਫੇਰ ਹੋਰ ਕਲਮ ਨਾਲ "ਮੰਤ੍ਰ ਗੁਰੂ ਬਾਬੇ ਨਾਨਕ ਜੀ ਕਾ" ਲਿਖਿਆ ਹੈ ਜੋ ਪੱਤਰਾ ੪੧੮ ਤੋਂ ੪੨੩ ਤਕ ਹੈ। ਇਸ ਮੰਤ੍ਰ ਦੇ ਤਿੰਨ ਪੱਤਰੇ ਕੁਝ ਸ਼ਿਕਸਤਾ ਹਾਲਤ ਵਿਚ ਹਨ ਤੇ ਅੰਤਲੇ ਪੱਤਰੇ ਪਰ ਲਿਖਿਆ ਹੈ—

"ਸਤਿਗੁਰ ਪ੍ਰਸਾਦਿ।
ਵਡੇ ਡੇਰੇ ਕਾ ਸਾਧੂ ਸੰਗਤਿ ਦਾਸੁ।
ਪੋਥੀ ਚਾਰਿ ਰੁਪਈਦੇ ਤੋਂ ਦੀਨੀ।
ਰੁਪਈਏ ਲੀਏ ਪੋਥੀ ਦੀਨੀ।
ਇਸ ਮੈਂ ਕਿਸੀ ਦਾ ਦਾਵਾ ਨਹੀ।
ਕਾਸੀ ਕੇ ਵੀਚ ਮੈ। ਇਹ ਵਾਰਤਾ ਬਾਬੇ ਭੁਮਪਿ ਦਾਸ ਜੀ ਲਿਖੀ।

(ਹਾਸ਼ੀਏ ਉਤੇ ਡ੍ਰਿਛੇ ਹੱਥ ਨਾਲ)
"...ਪਦ ਕੋ ਪਾਇ ਕੈ ਸਦਾ ਅਨੰਦੀ ਹੋਇ।" (ਪੱਤਰਾ ੪੨੪ ਅ)

੨੦. (ੳ) ਸ੍ਰੀ ਮਦ ਭਾਗਵਤ ਦ੍ਵਾਦਸ਼ ਸਕੰਧ (ਸ੍ਰੀ ਮਦ ਭਗਵਤ ਗੀਤਾ ਆਦਿ ਸਮੇਤ) (ਨੰ. ×, ਡਾ. ਗੰ. ਸਿੰ.)

ਲੇਖਕ– ਰਿਖੀ ਬਿਆਸ। ਅਨੁਵਾਦਕ—ਕਵੀ ਨਾਨਕ ਦਾਸ। ਆਕਾਰ—$6\frac{1}{2}'' \times 4\frac{1}{4}''$, ਲਿਖਤ $4\frac{3}{4}'' \times 2\frac{3}{4}''$।

ਵੇਰਵਾ— ਪੱਤਰੇ, ੩੧ ਤੇ ੩੨ਵਾਂ ਪੱਤਰਾ ਗੁਮ ਜਿਸ ਕਰ ਕੇ ਪੁਸਤਕ ਅਧੂਰੀ ਹੈ; ਪੱਤਰਾ ੩੩ ਤੋਂ ੪੨ ਤਕ ਕੁਝ ਫੁਟਕਲ ਛੰਦ ਜੋ ਇਸ ਪੁਸਤਕ ਨਾਲ ਸੰਬੰਧ ਨਹੀਂ ਰਖਦੇ; ਸ੍ਰੀ ਮਦ ਭਗਵਤ ਗੀਤਾ (ਆਨੰਦ ਰਾਮ) ਪੱਤਰੇ ੯੪, ਪਾਂਡਵ ਗੀਤਾ (ਕਵੀ ਕਾਂਸ਼ੀ ਰਾਮ) ਪੱਤਰੇ ੯੫-੧੨੨ (੨੮), ਅਧਜਾਤਮ ਰਾਮਾਇਣ ਯੁੱਧ ਕਾਂਡ ਦਾ ੧੫ਵਾਂ ਅਧਜਾਯ, ਪੱਤਰੇ ੧੨੩-੧੩੬ (੧੪), ਸ੍ਰੀ ਸਹੰਸਰ ਨਾਮ (ਕਵੀ ਸਾਗਰ) ਪੱਤਰੇ ੧੩੬-੧੪੫ (੧੦), ਪਰਚੀਆਂ ਭਗਤਾਂ ਕੀਆਂ, ਪੱਤਰੇ ੧੪੬-੨੦੩ (੫੮), ਸ੍ਰੀ ਸੁਰਘ ਪਰਘ ਕੀ ਕਥਾ (ਭਗਵਾਨ ਦਾਸ, ਨਿਰੰਜਨੀ) ਪੱਤਰੇ ੨੦੪-੨੪੬ (੪੨), ਧਰਮ ਸ਼ਾਸਤ੍ਰ ਕਾਰਿਤਿਕ ਮਹਾਤਮ (ਭਗਵਾਨ ਦਾਸ, ਨਿਰੰਜਨੀ) ਪੱਤਰੇ ੨੪੬-੪੨੪ (੧੭੯), ਸਾਰ ਗੀਤਾ ਪੱਤਰੇ ੪੨੪-੪੩੬ (੧੩), ਨਾਰਾਯਣ ਕਵਚ ਪੱਤਰੇ ੪੩੬-੪੪੩ (੮); ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼; ਜੋ ਕਿਤੇ ਕਿਤੇ ਕੁਝ ਅਸ਼ੁੱਧ ਵੀ ਹੈ ਤੇ ਪੱਤਰਾ ੪੩੩ ਤੋਂ ਅੱਗੇ ਅੰਕ ੩੩੪, ੩੩੫ ਆਦਿ ਅਸ਼ੁੱਧ ਹਨ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ-ਸੰਗ੍ਰਹ ਸਜਿਲਦ, ਜੋ ਕੁਝ ਅਧੂਰਾ ਹੋਣ ਤੋਂ ਬਿਨਾ, ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਹੋਰ ਹਰ ਤਰ੍ਹਾਂ ਅੱਛੀ ਹਾਲਤ ਵਿਚ ਹੈ।

ਸਮਾਂ– ਨਕਲ ਸੰਮਤ ੧੮੦੪ ਬਿ.। ਲਿਖਾਰੀ—ਨਾਮਾਲੂਮ।

ਆਰੰਭ– ੧ੴ ਸਤਿਗੁਰ ਪ੍ਰਸਾਦਿ। ਓਂ ਨਮੋ ਭਗਵਤੇ ਵਾਸਦੇਵਾਯ। ਸ੍ਰੀ ਕ੍ਰਿਸਨਾਯ ਨਮ:।
ਗਜਾਰਸਵੈ ਪੂਜਾ ਨਮਿਤ, ਵਰਨਨ ਪੁਰਖ ਮਹਾਨ।
ਮਾਸ ਮਾਸ ਕੀ ਭਿਨ ਭਿੰਨ, ਰਵਿ ਵਜੂਹ ਵਖਜਾਨ ॥੧॥
ਮ੍ਰਤਕ ਧਰਮ ਮ੍ਰਕੰਡ ਸੁਤ, ਜਾਂ ਤੈ ਅੰਮ੍ਰਿਤ ਪਾਵ।
ਤਾਂ ਅਰਚਾ ਪੂਛਨ ਨਮਿਤ, ਸੌਨਕ ਪ੍ਰਸਨ ਚਲਾਵ ॥੨॥ (ਪੱਤਰਾ ੧)

ਅੰਤ– ਤਵ ਪਦੰਬਜ ਜਨ ਭਗਤਿ ਮਮ, ਉਪਜੇ ਜਿਹ ਪਰਕਾਰ।
ਤੈਸੇ ਕਰਜੋ ਜੋਗੀਸ ਹਰਿ, ਜਾਂ ਤੈ ਤੁਹੀ ਹਮਾਰ ॥੨੬॥
ਇਤਿ ਸ੍ਰੀ ਮਦ ਭਾਗਵਤ ਵਰ, ਮਹਾ ਪੁਰਾਣ ਜੁ ਆਹਿ।
ਤਾ ਦ੍ਵਾਦਸ ਅਸਕੰਧ ਕੋ. ਪੂਰਣ ਤੇਰਵੋਂ ਧਿਆਇ ॥੧੩॥

ਦੋਹਰਾ॥ ਸ੍ਰੀ ਗੁਰ ਚਰਣਨ ਕਮਲ ਅਲ, ਨਾਨਕ ਦਾਸ ਅਜਾਨ।
ਕਹੀ ਭਾਖਾ ਭਾਗਵਤ ਕੀ, ਨਿਜ ਮਤਿ ਯਥਾ ਵਿਧਾਨ ॥੧॥
ਅਧਿਕ ਊਨ ਜੋ ਕਛੂ ਕਹਿਓ, ਖਿਮਾ ਕਰੋ ਸਬ ਸੰਤ।
ਨਾਂ ਏਹ ਕਛੁ ਕਵਿਤਾ ਕਥੀ, ਪ੍ਰੇਮ ਰੀਤ ਭਗਵੰਤ ॥੨॥
ਸੂਰਜ ਸੰਸਕ੍ਰਿਤ ਕੇ ਨਿਕਟਿ, ਸੋਹਤਿ ਨ ਭਾਖਾ ਦੀਪ।
ਪਰ ਰਵਿ ਬਿਨ ਇਸ ਥਾਨ ਮੋ, ਦੀਪ ਹੀ ਰਹੈ ਸਮੀਪ ॥੩॥
ਸੁਭਮਸਤੁ। ਦੋਹਰਾ। ਨਮ... (ਪਤਰਾ ੩੧)

ਇਸ ਤੋਂ ਅੱਗੇ ੩੨ਵਾਂ ਪੱਤਰਾ ਗੁੰਮ ਹੋਣ ਕਰ ਕੇ ਬਾਕੀ ਅੰਤਲਾ ਪਾਠ ਇਸ ਕਾਵਿ-ਰਚਨਾ ਦਾ ਨਹੀਂ ਮਿਲਦਾ। ਇਸ ਤੋਂ ਬਿਨਾ ਪੱਤਰਾ ੩੩ ਤੋਂ ੪੨ ਤਕ ਕਵਿ ਹਰਿ ਦਿਆਲ ਆਦਿ ਦੇ ਕੁਝ ਫੁਟਕਲ ਛੰਦ ਹਨ ਜੋ ਭਾਗਵਤ ਦੇ ਦ੍ਵਾਦਸ਼ ਸਕੰਧ ਨਾਲ ਕੋਈ ਸੰਬੰਧ ਨਹੀਂ ਰਖਦੇ।

(ਅ) **ਸ੍ਰੀ ਭਗਵਤ ਗੀਤਾ ਪਰਮਾਨੰਦ ਬੋਧ** (ਆਨੰਦ ਰਾਮ)

ਆਰੰਭ— ੧ਓ ਸ੍ਰੀ ਸਤਿਗੁਰ ਪ੍ਰਸਾਦਿ। ਸ੍ਰੀ ਰਾਮਾਇ ਨਮ:। ਅਥ ਸ੍ਰੀ ਭਗਵਤ ਗੀਤਾ ਆਨੰਦ ਰਾਮ ਕ੍ਰਿਤ ਪਰਮਾਨੰਦ ਬੋਧ ਲਿਖਯਤੇ।

ਦੋਹਰਾ ॥ ਹਰਿ ਗਉਰੀ ਸੁ ਗਣੇਸ ਗੁਰ, ਪ੍ਰਣਮੋ ਸੀਸ ਨਿਕਟਾਇ।
ਗੀਤਾ ਭਾਖਾਰਥ ਕਰੋਂ, ਦੋਹਾ ਸਹਿਤ ਬਨਾਇ ॥੧॥...
ਗੀਤਾ ਗਿਆਨ ਗੰਭੀਰ ਲਖ, ਰਚੀ ਜੁ ਆਨੰਦ ਰਾਮ।
ਕ੍ਰਿਸਨ ਚਰਨ ਚਿਤ ਲਗਿ ਰਹਿਓ, ਮਨ ਮੈ ਅਤਿ ਆਰਾਮ ॥੨॥...
ਆਨੰਦ ਮਨ ਉਛਵ ਭਯੋ, ਹਰਿ ਗੀਤਾ ਅਵਰੇਖ।
ਦੋਹਾਰਥ ਭਾਖਾ ਲਿਖੀ, ਬਾਨੀ ਬਯਾਸ ਬਿਸੇਖ ॥੩॥...
ਜੋ ਯਹਿ ਗੀਤਾ ਸਮਝ ਕੈ, ਹਿਰਦੈ ਧਾਰੈ ਜੋਇ।
ਬ੍ਰਹਮ ਅਗਨ ਨਿਸਦਿਨ ਰਹੈ, ਕਰਮ ਲਿਪੈ ਨਹਿ ਕੋਇ ॥੪॥... (ਪੱਤਰਾ ੧)
ਧਰਮ ਛੇਤ੍ਰ ਕੁਰਖੇਤ੍ਰ ਮੈ, ਮਿਲੈ ਜੁਧ ਕੇ ਸਾਜ।
ਸੰਜੈ! ਮੋ ਸੁਤ ਪਾਂਡਵਨ, ਕੀਨੇ ਕੈਸੇ ਕਾਜ ॥੧॥ (ਪੱਤਰਾ ੨)

ਅੰਤ— ਅਰਜਨ ਜੋ ਪਰਮਾਤਮਾ, ਕਰਿ ਗਹਿ ਧਨ ਅਰੁ ਬਾਨ।
ਸਵਧਾਨ ਠਾਢੋ ਭਯੋ, ਅਤਿ ਉਤਸਾਹੁ ਸੁਜਾਨ ॥੮੩॥
ਇਹ ਗੀਤਾ ਸਾਸਤ੍ਰ ਜੋ ਕੋ ਪੜ੍ਹੈ, ਹੋਇ ਇਕਾਗ੍ਰ ਚਿਤ।
ਭੈ ਸੋਕ ਨ ਤਾਹਿ ਬਿਆਪਈ, ਬਿਸਨ ਪਦੁ ਪਾਵੈ ਮਿਤ ॥ (੮)੪ ॥

ਇਤਿ ਸ੍ਰੀ ਭਗਵਤ ਗੀਤਾਸੂਪਨਿਖਤਸੁ ਬ੍ਰਹਮ ਵਿਦਿਆ ਜੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਮੋਖ ਸੰਨਿਆਸ ਯੋਗੋ ਨਾਮ ਅਸਟਾਦਸੋ ਧਿਆਇ ॥੧੮॥ ਸੰਪੂਰਨੰ।... (ਪੱਤਰਾ ੯੪)

(ਏ) **ਪਾਂਡਵ ਗੀਤਾ** (ਕਵੀ ਕਾਸ਼ੀ ਰਾਮ) ਸੰਮਤ ੧੭੪੭ ਬਿ.।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸ੍ਰੀ ਗਣੇਸਾਯ ਨਮ:। ਰਾਗ ਸੋਰਠਿ ਵਾਰ ਪਾਂਡਵ ਗੀਤਾ ਲਿਖਯਤੇ। ਰਡ (ਛੰਦ)।

ਮਹਾਭਾਰਥ ਮੈ ਸਾਂਤ ਇਕ ਪਰਬ ਹੈ, ਤਾਂ ਮਧੇ ਪਾਂਡਵ ਗੀਤਾ ਜਾਣੋ।
ਕੀਆ ਸੰਬਾਦਿ ਨਾਰਦਿ ਭੀਖਮ ਤਹਾਂ ਸ੍ਰੀ ਕ੍ਰਿਤ ਬਿਆਸ ਕੀ ਪ੍ਰਗਟ ਮਾਨੋ।
ਸੋ ਜਨਮੇਜੈ ਪਹ ਕਰੀ ਵੈਸਣਪਾਇਣ ਵੀਚਾਰ।
ਸਤ੍ਰਾ ਸੈ ਸੈਤਾਲੀਏ, ਹਾੜ੍ਹ ਵਦੀ ਕਰੀ ਵਾਰ ॥੧॥

ਪਉੜੀ ॥ ਨਮੋ ਕਰੀ ਭਗਵਾਨ ਨੂ ਜੋ ਸਾਚਾ ਸਾਈ।
ਨਮੋ ਕਰੀ ਸਭ ਦੇਵ ਨੂ ਸਦ ਲਾਗਾ ਪਾਈ।
ਨਮੋ ਕਰੀ ਗੁਰ ਸਕਲ ਨੂ, ਨਿਤਿ ਅੰਤਰਿ ਧਿਆਈ।
ਗੁਰ ਗੋਬਿੰਦ ਕੀ ਦਇਆ ਸੋ, ਕਛੂ ਏ ਹੈ ਬਨਾਈ।
ਕਾਸੀ ਕਥਾ ਸਹੰਸ੍ਰ ਕ੍ਰਿਤਿ ਭਾਖਿਆ ਕਰਿ ਗਾਈ।
ਮਹਿਮਾ ਨਾਮ ਗੁਬਿੰਦ ਕੀ ਸਾ ਪ੍ਰਗਟ ਸੁਨਾਈ ॥੨॥ (ਪੱਤਰਾ ੯੫)

ਅੰਤ— ਰਡਿ ॥ ਕਥਾ ਪਵਿਤ੍ਰ ਹੈ ਪੁੰਨ ਕੋ ਰੂਪ ਯਾ ਸਕਲ ਭੈ ਪਾਪ ਕੇ ਹਰਨਿ ਹਾਰੀ।...

ਪਉੜੀ ॥ ਕਥਾ ਸੰਪੂਰਨ ਏ ਭਈ, ਸੁਣੀਓ ਤ੍ਰੈ ਲੋਈ।
ਭੈ ਪਾਪ ਸਿਧਾਵਣ ਦੁਖ ਜੋ, ਸੁਧ ਹੀਆ ਹੋਈ।
ਮੁਕਤਿ ਪਦਾਰਥ ਸੋ ਲਹੈ, ਏ ਪੜ ਹੈ ਜੋਈ।
ਉਤਮ ਉਸਤਤਿ ਵਿਸਨ ਕੀ, ਕਹੀ ਉਤਮ ਸੋਈ।

ਮਿਠ੍ਹ ਦਿਜ ਗੋਬਿੰਦ ਰਾਇ ਅਰਥ ਦਸ ਦਿਤੋਂਹੀ।
ਕਾਂਸੀ ਕਹੀ ਜੈਸੀ ਬੁਧਿ ਥੀ, ਦੋਸ ਦੇਹੁ ਨ ਕੋਈ ॥੭੮॥
ਇਤਿ ਸ੍ਰੀ ਪਾਂਡਵ ਗੀਤਾ ਸੰਪੂਰਨ ਹੋਈ। ਮਸਤ ਸੁਭਮਸਤ। (ਪੱਤਰਾ ੧੨੨)

(ਸ) ਸ੍ਰੀ ਰਾਮ ਧਯਾਨ ਮੰਜਰੀ (ਸ੍ਵਾਮੀ ਅਗ੍ਰ ਦਾਸ)

ਆਰੰਭ— ੧ੴ ਸ੍ਰੀ ਮਤੇ ਰਾਮਾਨੁਜਾਯ ਨਮ:।
ਸਿਮਰੋ ਸ੍ਰੀ ਰਘੁਬੀਰ ਧੀਰ, ਰਘੁਵੰਸ ਵਿਭੂਖਣ।
ਸਰਣ ਗਹੈ ਸੁਖ ਰਾਸ, ਹਰਤ ਆਪ ਸਾਗਰ ਦੂਖਣ ॥੧॥
ਸੁੰਦਰ ਰਾਮ ਉਦਾਰ ਬਾਣ ਕਰਿ ਸਾਰੰਗ ਧਾਰੀ।
ਹਿਯੇ ਧਰ ਪ੍ਰਭੁ ਕੋ ਧਯਾਨ ਵਿਦੁਖ ਜਨ ਅਨੰਦ ਕਾਰੀ ॥੨॥ (ਪੱਤਰਾ ੧੨੩)

ਅੰਤ— ਕਹਿ ਚਾਤਕ ਕੀ ਸਕਤਿ, ਅਖਿਲ ਜਲ ਚੁੰਚ ਸਮਾਵੈ।
ਕਛੁਕ ਬੂੰਦ ਮੁਖ ਪਰੈ, ਤਾਹਿ ਲੈ ਆਨੰਦ ਪਾਵੈ ॥੭੬॥
ਸੁਨ ਆਗਮ ਬਿਧਿ ਅਰਥੁ, ਕਛੁਕ ਜੋ ਮਨਹਿ ਸੁਹਾਇਓ।
ਯਹਿ ਮੰਗਲ ਕਰਿ ਧਯਾਨ, ਜਥਾ ਮਤਿ ਵਰਣ ਸੁਨਾਇਓ ॥੭੭॥
ਸ੍ਰੀ ਗੁਰ ਸੰਤਨ ਅਨੁਗ੍ਰਹਾ, ਅਸ ਗੋ ਪੁਰ ਵਾਸੀ।
ਰਸਕ ਜਨਨ ਹਿਤ ਕਰਣ ਰਹਸਿ ਯਹਿ ਤਾਹਿ ਪ੍ਰਕਾਸੀ ॥੭੮॥
ਧਯਾਨ ਮੰਜਰੀ ਨਾਮ ਸੁਨਤ ਮਨ ਮੋਦ ਬਢਾਵੈ।
ਸ੍ਰੀ ਰਘੁਬਰ ਕੋ ਦਾਸ ਮੁਦਤ ਜਨ ਅਗ੍ਰ ਸੁ ਗਾਵੈ ॥੭੯॥
ਇਤਿ ਸ੍ਰੀ ਸ੍ਵਾਮੀ ਅਗ੍ਰ ਦਾਸ ਕ੍ਰਿਤਜ ਸ੍ਰੀ ਰਾਮ ਧਯਾਨ ਮੰਜਰੀ ਸੰਪੂਰਣੰ। (ਪੱਤਰਾ ੧੩੪)
ਇਸ ਤੋਂ ਅੱਗੇ ਪੱਤਰਾ ੧੩੪(ਅ) ਤੋਂ ੧੩੬(ੳ) ਤਕ ਕਵੀ ਸਾਧੂ ਗੁਲਾਬ ਸਿੰਘ ਜੀ ਕ੍ਰਿਤ ਅਧਯਾਤਮ ਰਾਮਾਇਣ (ਯੁੱਧ ਕਾਂਡ ਦੇ ੧੫ਵੇਂ ਅਧਿਆਇ) ਦੇ ੧੫ ਛੰਦ ਹਨ।

(ਹ) ਸ੍ਰੀ ਸਹੰਸ੍ਰ ਨਾਮ (ਕ੍ਰਿਤ ਕਵੀ ਸਾਗਰ)

ਆਰੰਭ— ੧ੴ ਸ੍ਰੀ ਕ੍ਰਿਸਨਾਯ ਨਮ:। ਅਥਿ ਸ੍ਰੀ ਸਹੰਸ੍ਰ ਨਾਮ ਸਾਗਰ ਕ੍ਰਿਤ ਲਿਖਯਤੇ।
ਭੁਜੰਗ ਪ੍ਰਯਾਤ ਛੰਦ।
ਨਮੋ ਨਾਥ ਨਿਰਵੈਰ ਨਰਪਤਿ ਨਰੇਸੰ। ਨਮੋ ਜੁਗਤਿ ਜੁਗਯਾਦਿ ਏਕੈ ਅਦੇਸੰ। (ਪੱਤਰਾ ੧੩੬)

ਅੰਤ— ਹੇ ਪ੍ਰਭੁ ਨਾਥ ਹਰਿ ਕ੍ਰਿਪਾ ਕੀਜੈ। ਆਪਨੈ ਦਾਸ ਬ੍ਰਿਜ ਬਾਸ ਦੀਜੈ।
ਨਾਮ ਹਾਜਾਰ ਉਠ ਪ੍ਰਾਤਿ ਲੇਈ। ਤਿਨਹਿ ਕੋ ਬਾਸ ਬੈਕੁੰਠ ਦੇਈ।
ਮਹਾ ਦੁਖ ਦਾਰੁਨੰ ਦੂਰ ਹੋਈ। ਜਾਹਿ ਦਾਰਿਦ੍ਰ ਹਰਿ ਨਾਮ ਸੋਈ ॥੪੪॥
ਇਤਿ ਸ੍ਰੀ ਸਹੰਸ੍ਰ ਨਾਮ ਭੁਜੰਗ ਪ੍ਰਯਾਤ ਛੰਦ ਸਾਗਰ ਕ੍ਰਿਤ ਸੰਪੂਰਨੰ ਸਮਾਪਤੰ ਮਸਤ ਸੁਭਮਸਤ। (ਪੱਤਰਾ ੧੪੫)
ਇਸ ਤੋਂ ਅਗੇ ਪੱਤਰਾ ੧੪੫(ਅ) ਤੋਂ ੨੦੩ ਤਕ ਪ੍ਰੇਮ ਅੰਬੋਧ ਨਾਮੀ ਗ੍ਰੰਥ ਵਿਚੋਂ ਦੋ ਪਰਚੀਆਂ ਧ੍ਰੂ ਤੇ ਪ੍ਰਹਿਲਾਦ ਭਗਤ ਦੀਆਂ ਦਰਜ ਹਨ।

(ਕ) ਸ੍ਰੀ ਸੁਰਘ ਪਰਘ ਦੀ ਕਥਾ (ਲੇਖਕ—ਨਾਮਾਲੂਮ)

ਆਰੰਭ— ੧ੴ ਸ੍ਰੀ ਗਣੇਸਾਯ ਨਮ:। ਅਥਿ ਸ੍ਰੀ ਸੁਰਘ ਪਰਘ ਕੀ ਕਥਾ ਲਿਖਯਤੇ। ਸ੍ਰੀ ਵਸਿਸਟੋਵਾਚ। ਹੇ ਰਾਮ ਜੀ! ਚਿਤਾਦਿਕ ਜੋ ਜਗਤ ਹੈ ਸੋ ਵਾਸਤਵ ਆਤਮਾ ਤੇ ਕਛੁ ਭਿੰਨ ਨਹੀ। ਆਤਮ ਰੂਪੀ ਮਰਚ ਹੈ। ਤਿਸ ਵਿਖੇ ਚਿਤ ਅਹੰਤਾ ਅਰੁ ਦੇਸ ਕਾਲ ਰੂਪੀ ਤੀਖਣਤਾ ਹੈ। ਜੈਸੇ ਤੀਖਣਤਾ ਮਰਚ ਤੇ ਭਿੰਨ ਨਹੀ ਤੈਸੇ ਚਿਤ ਅਹੰਤਾ ਦੇਸ ਕਾਲ ਆਤਮਾ ਤੇ ਭਿੰਨ ਨਹੀ। (ਪੱਤਰਾ ੨੦੪)

ਅੰਤ— ਜਿਸ ਪੁਰਖ ਕੇ ਮਨ ਤੇ ਵਾਸਨਾ ਨਸਟ ਭਈ ਹੈ ਸੋ ਉਪਸਮਵਾਨ ਕਲਿਆਣ ਰੂਪ ਪਰਮਪਦ ਕੋ ਪ੍ਰਾਪਤ ਹੋਤਾ ਹੈ, ਸੰਸਾਰ ਸਮੁੰਦਰ ਕਉ ਤਰਿ ਜਾਤਾ ਹੈ। ਇਤਿ ਸ੍ਰੀ ਉਪਸਮ ਪ੍ਰਕਰਣੇ ਸੁਰਘ ਪਰਘ ਨਿਸਚੈ ਵਰਨਨੰ ਨਾਮ ਸਰਗਹ ॥੫੭॥
ਇਤਿ ਸ੍ਰੀ ਸੁਰਘ ਪਰਘ ਪਖਯਾਨੇ ਸਮਾਪਤੰ। (ਪੱਤਰਾ ੨੪੮)

(ਖ) ਧਰਮ ਸ਼ਾਸਤ੍ਰ ਕਾਰਤਿਕ ਮਹਾਤਮ (ਭਗਵਾਨ ਦਾਸ, ਨਿਰੰਜਨੀ)

ਆਰੰਭ— ੧ਓ ਸ੍ਰੀ ਸ੍ਵਾਮੀ ਰਾਮ ਰੂਪ ਜੀ ਸਹਾਇ । ਅਥਿ ਧਰਮ ਸਾਸਤ੍ਰ ਕਾਰਿਤਿਕ ਮਹਾਤਮ ਲਿਖ੍ਯਤੇ ॥ ਦੋਹਰਾ ॥
ਪ੍ਰਿਥਮੇ ਗੁਰ ਗੋਬਿੰਦ ਕੋ, ਸਿਮਰਨ ਕਰੋ ਬਨਾਇ ।
ਬਾਕਪਤਿ ਗਨਪਤਿ ਸਹਿਤ, ਕਵਿ ਜਨ ਭਲੇ ਮਨਾਇ ॥੧॥
ਪ੍ਰਥਮ ਮੰਗਲਾਚਰਨ ਹੈ, ਸਭ ਕੋ ਮੰਗਲ ਜੋਇ ।
ਕਹਿਤ ਸੁਨਤ ਸੁਖ ਉਪਜੈ, ਔਰ ਪਰਮਾਰਥ ਹੋਇ ॥੨॥
ਕਾਤ੍ਰਿਕ ਮਹਿਮਾ ਬਿਪੁਲ ਯਹਿ, ਭਗਤ ਧਰਮ ਪਰਮਾਨ ।
ਰਾਮ ਕ੍ਰਿਸਨ ਕੀ ਸੁਰਤ ਸੋ, ਪ੍ਰਗਟ ਕਹਿਓ ਭਗਵਾਨ ॥੩॥
ਸਤ੍ਰਹਿ ਸੈ ਸੰਬਤ ਸਰਸ, ਬਿਤਾਲੀਸ ਪੁਨ ਮਾਨ ।
ਜੇਸਟ ਪੰਚਮੀ ਸਸ ਸਹਿਤ, ਅਰੰਭ ਕਰਨ ਦਿਨ ਜਾਨ ॥੪॥
ਕਹਤ ਸੁਨਤ ਸਰਧਾ ਬਢੈ, ਪਢੈ ਰਢੈ ਮਨ ਲਾਇ ।
ਸਨਾਨ ਦਾਨ ਸੁਨ ਕੈ ਕਰੈ, ਭਵ ਸਾਗਰ ਤਰਿ ਜਾਇ ॥੫॥
ਸਤਭਾਮਾ ਅਰੁ ਕ੍ਰਿਸਨ ਕੋ ਨਾਰਦ ਪ੍ਰਿਥ ਸੰਬਾਦ ।
ਸੂਤ ਸਹਿਤ ਸਭ ਰਿਖਨ ਮਿਲ, ਕਹਿ ਸੁਨ ਪਾਯੋ ਸ੍ਵਾਦ ॥੬॥ (ਪੱਤਰਾ ੨੪੭)

ਅੰਤ— ਧਰਮ ਰੂਪ ਯਹਿ ਸਾਸਤ੍ਰ ਹੈ, ਪ੍ਰਿਥ ਨਾਰਦ ਸੰਬਾਦ ।
ਸਤ ਭਾਮਾ ਅਰੁ ਕ੍ਰਿਸਨ ਕੋ, ਸੁਨੈ ਗੁਨੈ ਤਬ ਸ੍ਵਾਦ ॥੪੨॥
ਚਤੁਰਾਈ ਕਛੁ ਹੈ ਨਹੀਂ, ਹੈ ਨਿਜ ਧਰਮ ਸਰੂਪ ।
ਜੋ ਕਛੁ ਸਾਸਤ੍ਰ ਮੈ ਕਹਿਓ, ਭਾਖਿਓ ਸੋਈ ਅਨੂਪ ॥੪੩॥
ਬਾਲ-ਬੁਧਿ ਕੇ ਕਾਰਨੈ, ਭਾਖਾ ਕਰੀ ਸੁ ਔਨ ।
ਜਾ ਕੋ ਕਛੁ ਸੂਝੈ ਨਹੀਂ ਤਾ ਕੋ ਭਾਖਾ ਨੈਨ ॥੪੪॥
ਭਾਖਾ ਕ੍ਰਿਤ ਜੋ ਨਾਮ ਯਹਿ, ਸਬੈ ਕਹੈ ਭਗਵਾਨ ।
ਬੈਰਾਗ ਬਿਸੇਖਨ ਹੈ ਪ੍ਰਗਟ, ਇਸਟ ਨਿਰੰਜਨ ਗਯਾਨ ॥੪੫॥
ਜਿਉ ਬਾਲਕ ਟੀਟੋ ਕਹੈ, ਮਾਤਾ ਰੋਟੀ ਦੇਹ ।
ਸਮਝਿਆ ਸੋਈ ਜਾਨਵੀ, ਅਰਥ ਸਮਝ ਸੁਖ ਲੇਇ ॥੪੬॥
ਸੰਬਤ ਸਤ੍ਰੈ ਸੈ ਪ੍ਰਗਟ, ਤਿਯਾਲੀਸ ਪੁਨ ਅਉਰ ।
ਫਾਗਨ ਕ੍ਰਿਸਨਾ ਅਸਟਮੀ, ਬੁਧਿਵਾਰ ਸਿਰ ਮੌਰ ॥੪੭॥
ਬਾਲੀ ਬਿਹਟ ਮੁਕਾਮ ਹੈ ਸੁਭ ਬਿਪ੍ਰਨ ਕੇ ਬਾਸ ।
ਤਹਾਂ ਗ੍ਰੰਥ ਪੂਰਨ ਭਯੋ, ਨਿਰਮਲ ਧਰਮ ਬਿਲਾਸ ॥੪੮॥
ਸੁਨੈ ਸੁਨਾਵੈ ਯਾਹਿ ਜੋ, ਲਹੈ ਪ੍ਰਗਟ ਫਲ ਦੋਇ ।
ਮੁਕਤ ਭੁਗਤਿ ਏ ਜਾਨਿਯੈ, ਈਸ੍ਵਰ ਕ੍ਰਿਪਾ ਸੁ ਹੋਇ ॥੪੯॥
ਯਾ ਮੈ ਕਛੁ ਧੋਖੋ ਨਹੀਂ, ਸਤ ਬਚਨ ਪਰਮਾਨ ।
ਈਸੁਰ ਬਾਨੀ ਬੇਦ ਹੈ, ਕਹਯੋ ਭਾਖ ਭਗਵਾਨ ॥੫੦॥
ਪਰਾਨ ਗ੍ਰਿੰਥ ਕੋ ਮੂਲ ਹੈ, ਗੁਨਿ ਤਿਸ ਮੋ ਅਧਿਆਇ ।
ਨੌ ਸੈ ਔਰ ਤ੍ਰਿਆਣਵੈਂ, ਭਾਖਾ ਰੂਪਕ ਆਹਿ ॥੫੧॥੧੦੭੮॥
ਇਤਿ ਸ੍ਰੀ ਪਦਮ ਪੁਰਾਣੇ ਕਾਤ੍ਰਿਕ ਮਹਾਤਮੇ ਸ੍ਰੀ ਕ੍ਰਿਸਨ ਸਤਭਾਮਾ ਸੰਬਾਦੇ ਨਾਰਦ ਪ੍ਰਿਥ ਸੰਬਾਦੇ ਰਿਖ ਸੂਤ ਸੰਬਾਦ ਅਲਛਮੀ ਉਪਾਖ੍ਯਾਨੇ ਭਗਵਾਨ ਦਾਨ ਨਿਰੰਜਨੀ ਕ੍ਰਿਤ ਧਰਮ ਨਿਰੂਪਨੋ ਬਰਨਨੰ ਨਾਮ ਉਣਤੀਸਮੋ ਧਿਆਇ ॥੨੯॥ ਇਤਿ ਸ੍ਰੀ ਕਾਤ੍ਰਿਕ ਮਹਾਤਮ ਸਮਾਪਤੰ । (ਪੱਤਰੇ ੪੨੨—੨੪)

ਇਸ ਪੁਸਤਕ ਦਾ ਰਚਨਾ— ਕਾਲ ਸੰਮਤ ੧੭੪੨-੪੩ ਬਿ. ਹੈ ਤੇ ਇਸ ਦੇ ਲੇਖਕ ਸੁਆਮੀ ਭਗਵਾਨ ਦਾਸ ਨਿਰੰਜਨੀ ਦੀ ਦੂਜੀ ਪੁਸਤਕ, ਜੋ ਉਸ ਦੀ ਪ੍ਰੌਢ ਅਵਸਥਾ ਦੀ ਰਚਨਾ ਜਾਪਦੀ ਹੈ, ਅਮ੍ਰਿਤਧਾਰਾ ਹੈ । ਅਮ੍ਰਿਤਧਾਰਾ ਦਾ ਵੇਰਵਾ ਇਸੇ ਸੂਚੀ ਵਿਚ ਵੱਖਰਾ ਦਰਜ ਹੋ ਚੁਕਾ ਹੈ ।

(ਗ) ਸਾਰ ਗੀਤਾ

ਆਰੰਭ—੧ੴ ਸੁਸਥ (ਸੁਸਤਿ) ਸ੍ਰੀ ਗਣੇਸਾਯ ਨਮ: । ਅਥ ਸਾਰ ਗੀਤਾ ਲਿਖਯਤੇ । ਅਰਜਨੋਵਾਚ । ਅਰਜਨ ਸ੍ਰੀ ਕ੍ਰਿਸਨ ਭਗਵਾਨ ਜੀ ਪਹਿ ਪ੍ਰਸਨ ਕਰੇ ਹੈ । (ਪੱਤਰਾ ੪੨੪)

ਅੰਤ— ਜੋ ਇਸ ਸਾਰ ਗੀਤਾ ਕਾ ਜਥਾ ਬਿਧਿ ਅਭਿਆਸ ਕਰਨਾ ਜਾਣੈ... ਸੋ ਭੀ ਬਿਸਨ ਕੇ ਵਿਦਿਮਾਨ ਜਾਇ ਪ੍ਰਾਪਤ ਹੋਇ ।...ਇਤਿ ਸ੍ਰੀ ਭਗਵਤ ਗੀਤਾ ਸੁਪਨਿਖਤਸੁ... ਗੀਤਾਸਾਰਸਮਾਪਤੇ ।... (ਪੱਤਰਾ ੪੩੬)

(ਘ) ਨਾਰਾਇਣ ਕਵਚ

ਆਰੰਭ—੧ੴ ਓਨਮੋ ਭਗਵਤੇ ਵਾਸਦੇਵਾਯ । ਅਥ ਨਾਰਾਯਣ ਕਵਚ ਲਿਖ ਤੇ ॥ ਦੋਹਰਾ ॥

ਓਂ ਨਾਰਾਇਣ ਕੋ ਕਵਚ ਅਬ, ਕਹੋਂ ਆਠਵੇਂ ਧਿਆਇ ।
ਵਿਸ੍ਰੂ ਰੂਪ ਸੋ ਇੰਦ੍ਰ ਸੁਨ, ਦੈਤਨ ਪਰ ਜਯ ਪਾਇ ॥੧॥ (ਪੱਤਰਾ ੪੩੬)

ਅੰਤ— ਨਾਰਾਯਣ ਕੋ ਕਵਚ ਯਹਿ, ਪਾਵਨ ਪਰਮ ਮਹਾਨ ।
ਜਾ ਕਰ ਬਿਨ ਸ੍ਰਮ ਜਿਨੈ ਸੋ, ਆਚਰਣ ਦਲ ਮਘਵਾਨ ॥੩੩॥
ਕਵਚ ਪਹਿਰ ਕੇ ਜਵਨ ਜਨ, ਜਿਹ ਦੇਖਤ ਭਤ ਨਯਨ ।
ਅਥ ਵਸਤ੍ਰ ਸਮਰਸ ਹੀ ਤਾਂ... (ਪੱਤਰਾ ੪੪੩)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਕ ਕਵਚ ਦਾ ਨਹੀਂ ਮਿਲਦਾ ।

(ਅ) ਕਥਾ-ਸਾਹਿੱਤ

੨੧. ਚੌਬੀਸ ਅਵਤਾਰ ਬਿਲਾਸ (ਦੇਵ ਨਾਗਰੀ) (ਨੰ. ੩੩੩, ਭਾ.ਵਿ.)

ਲੇਖਕ— ਕਵੀ ਨਰਹਰਿ ਦਾਸ, ਬਾਰਹਟ । ਆਕਾਰ—$11'' \times 15''$, ਲਿਖਤ $8\frac{1}{4}'' \times 12\frac{1}{2}''$ ।

ਵੇਰਵਾ— ਪੱਤਰੇ ੪੩੩; ਪ੍ਰਤੀ ਸਫ਼ਾ ੨੪ ਤੋਂ ੩੬ ਤਕ ਸਤਰਾਂ; ਕਾਗ਼ਜ਼ ਦੇਸੀ; ਪਰ ਸਫ਼ੇ ਫਟੇ ਹੋਣ ਕਰ ਕੇ ਨਵੇਂ ਸਿਰਿਓਂ ਮੁੜ ਮੁਰੰਮਤ ਕੀਤੇ ਹੋਏ; ਲਿਖਤ ਸਾਫ਼ ਤੇ ਸ਼ੁੱਧ, ਜੋ ਕਈ ਹੱਥਾਂ ਦੀ ਲਿਖੀ ਜਾਪਦੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ ਤੇ ਕਿਤੇ ਕਿਤੇ ਬਗ਼ੈਰ ਲਕੀਰਾਂ ਵੀ ਹੈ; ਜਿਲਦ ਟੁੱਟਣ ਕਰ ਕੇ ਕਈ ਥਾਵੀਂ ਪੱਤਰੇ ਫਟੇ ਹੋਏ, ਪਰ ਫੇਰ ਵੀ ਪੁਸਤਕ ਅੱਛੀ ਹਾਲਤ ਵਿਚ ਹੈ ਜੋ ਅਜੇ ਤਕ ਕਿਤੇ ਪ੍ਰਕਾਸ਼ਤ ਹੋਇਆ ਨਹੀਂ ਜਾਪਦੀ ।

ਸਮਾਂ—ਸੰਮਤ ੧੭੩੩ ਬਿ. ਤੇ ਨਕਲ ਸੰਮਤ ੧੮੪੪ ਬਿ. । ਲਿਖਾਰੀ-ਸੰਭੂ ਰਾਮ, ਜੋਸ਼ੀ ।

ਆਰੰਭ—ਓਂ ਸ਼੍ਰੀ ਰਾਮਾਯ ਨਮ । ਸ਼੍ਰੀ ਕ੍ਰਿਸਨਾਯ ਨਮ । ਸ਼੍ਰੀ ਸਾਰਦਾਯੈ ਨਮ । ਸ਼੍ਰੀ ਗੁਰਵੇ ਨਮ । ਅਥ ਚੌਬੀਸ ਅਵਤਾਰ ਬਿਲਾਸ ਬਰਣਨੰ ਬਾਰਹਟ ਨਰਹਰ ਦਾਸੇਨ ਬਿਰਚਿਤ ਤੱਲਿਖਯਤੇ ਅਥ ਸਾਟਕ । ਸੁੰਡਾਦੰਡ ਪ੍ਰਚੰਡਮੇਕ........ । (ਪੱਤਰਾ ੧)

ਅੰਤ— ਭਗਤਿ ਪਾਲ ਅਨਭੰਗ ਰਾਮ ਗੀਤਾ ਮਾਨਸਰ ।
ਨਿਜਿ ਸਰਧਾ ਸੋ ਪਾਨ ਭਾਵ ਤਿਹ ਨੀਰ ਗਹਰ ਭਰ ।
ਤਹਾਂ ਅਰਥ ਤਰ ਤਰਲ ਵਿਵਿਧ ਨਵ ਰਸ ਜੁ ਵਿਹੰਗਮ ।
ਅਦਭੁਤ ਉਕਤਿ ਤਰੰਗ ਸਵਰ ਵਹੁ ਛੰਦ ਸੁ ਸੰਗਮ ।
ਡਰ ਨਹਿ ਦੁਸਟ ਅਘ ਦੁਯਨ ਕੋ ਸਜੁਨ ਗਯਾਨ ਸੁ ਸੰਗਰੇ ।
ਕਰਿ ਸਰ ਵਿਹਾਰ ਨਰ ਹਰਿ ਕਹੈ ਹੰਸ ਮੁਹੈ ਜਾਮੂ ਦਰੇ ॥੫॥

ਇਤਿ ਸ੍ਰੀ ਚਤੁਰਵਿੰਸਤ ਅਵਤਾਰ ਚਰਿਤ੍ਰੇ ਮਹਾ ਮੁਕਤਿ ਮਾਰਕੇ ਭਾਸ਼ਾ ਬਾਰਹਟ ਨਰਹਰ ਦਾਸੇਨ ਵਿਰਚਿਤੇ ਗ੍ਰੰਥ ਨਾਮ ਅਵਤਾਰ ਗੀਤਾ ਸੰਪੂਰਣੰ । ਮੀਤੀ ਚੇਤ੍ਰ ਵਦਿ ੯ ਭ੍ਰਿਗੁਵਾਰੇ ਸੰਵਤ ੧੮੪੪ ਕਾ ਲਿਖਤੰ ਜੋਸੀ ਸੰਭੂ ਰਾਮ ਬ੍ਰਾਹਮਣ ਖੰਡੇਲ ਵਾਲ ਗੋਤਮਾਦਸੋਲਜਾ ਵਾਸੀ ਕਾਲੁ ਹਾੜ ਕਾ । ਸੁਭਮਸਤੁ । ਲਿਖਾਯਤੰ ਫਤੇ ਰਾਮ ਪਾਲਾਵਤ ਕੁਭਾ ਜੀ ਸੁਤ । ਲਿਖੀ ਹਰਮਾੜ ਮਧੇ... (ਪੱਤਰਾ ੪੩੩)

ਇਸ ਪੁਸਤਕ ਵਿਚ ਵਾਰਾਹ, ਸਨਕਾਦਿਕ, ਜਗਯ (ਬ੍ਰਹਮਾ), ਨਰ, ਨਾਰਾਇਣ, ਕਪਿਲ, ਦੱਤ, ਰਿਖਭ, ਧਰੂੱਵ, ਪ੍ਰਿਥੁ, ਹਯਗ੍ਰੀਵ, ਕੂਰਮ, ਮਛ, ਨਰ ਸਿੰਘ, ਵਾਮਨ, ਹਰਿਦੇਵ, ਹੰਸੁ, ਮਨੁ, ਧਨੰਤਰਿ, ਪਰਸੁ ਰਾਮ, ਵਯਾਸ, ਰਾਮ ਚੰਦ੍ਰ, ਕ੍ਰਿਸ਼ਨ ਅਤੇ ਕਲਕੀ ਨਾਮੀ ੨੪ ਅਵਤਾਰਾਂ ਦਾ ਵਰਣਨ ਪੁਰਾਣਿਕ ਰੀਤੀ ਅਨੁਸਾਰ ਹੈ, ਪਰ ਇਹ ਅਵਤਾਰ ਦਸ਼ਮ ਗ੍ਰੰਥ ਦੀ ਅਵਤਾਰ-ਕਥਾ (ਚੌਬੀਸ ਅਵਤਾਰ) ਤੇ ਉਪ-ਅਵਤਾਰ ਨਾਲੋਂ ਕਾਫ਼ੀ ਫ਼ਰਕ ਰਖਦੇ ਹਨ ।

२२. **ਅਵਤਾਰ ਸਿੱਧਾਂਤ** (ਨੰ. ੨੮੦, ਭਾ. ਵਿ)

ਲੇਖਕ—ਭਾਈ ਮਨੀ ਸਿੰਘ 'ਸ਼ਹੀਦ'। ਆਕਾਰ—$6\frac{3}{4}'' \times 8\frac{1}{4}''$, ਲਿਖਤ $5\frac{1}{2}'' \times 6\frac{3}{4}''$।

ਵੇਰਵਾ—ਪੱਤਰੇ ੩੦; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ: ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਕਈ ਥਾਵੀਂ ਹਾਸ਼ੀਏ ਉਤੇ ਜਾਂ ਅਸਲ ਇਬਾਰਤ ਦੇ ਵਿਚਕਾਰ ਬਾਰੀਕ ਕਲਮ ਨਾਲ ਕੁਝ ਨੋਟ ਲਿਖੇ ਹੋਏ; ਪੱਤਰੇ ਕਈ ਥਾਵਾਂ ਤੋਂ ਭੁਰੇ ਹੋਣ ਦੇ ਬਾਵਜੂਦ ਵੀ ਪੁਸਤਕ ਵੈਸੇ ਅੱਛੀ ਹਾਲਤ ਵਿਚ ਹੈ।

ਸਮਾਂ— ਪੁਸਤਕ ਸੱਠ-ਸੱਤਰ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ— ਨਾਮਾਲੂਮ।

ਆਰੰਭ—੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ। ਪਾਖਾਣ ਪੂਜਾ ਨਿਖੇਧ ਪਰ ਸ੍ਰੀ ਮਹਾਰਾਜ ਕੇ ਬਚਨੋਂ ਕਾ ਸੰਚਯ ਲਿਖ੍ਯਤੇ। ਅਕਾਲ ਉਸਤਤਿ ਸ੍ਵੈਯਾ। ਕਾਹੂ ਲੈ ਪਾਹਨ ਪੂਜ ਧਰੋ ਸਿਰ... (ਪੱਤਰਾ ੧)

ਅੰਤ— ...ਜੂਝ ਮਰੋਂ ਰਨ ਮੈ ਤਜਿ ਭੈ, ਤੁਮ ਤੇ ਪ੍ਰਭੁ ਸਿਯਾਮ ਇਹੈ ਵਰ ਪਾਵੈ ॥੧੯੦੦॥ (ਪੱਤਰਾ ੨੯)

ਇਸ ਤੋਂ ਅੱਗੇ ਇਸੇ ਪੱਤਰੇ ਦੇ ਦੂਜੇ ਪਾਸੇ ਲਿਖਾਰੀ ਵਲੋਂ ਰਹਿਤ ਨਾਮਾ, ਸੂਰਜ ਪ੍ਰਕਾਸ਼ (ਸੰਤੋਖ ਸਿੰਘ) ਆਦਿ ਦੇ ਕੁਝ ਨੋਟ ਤੇ ਫੇਰ ਪੱਤਰਾ ੩੦ ਪਰ ਸ੍ਰੀ ਦਸ਼ਮੇਸ਼ ਜੀ ਦੇ ੫੨ ਕਵੀਆਂ ਬਾਰੇ ਸੂਰਜ ਪ੍ਰਕਾਸ਼ ਦੇ ਕੁਝ ਉਦਾਹਰਣ ਹਨ।

੨੩. **ਸ੍ਰੀ ਭ੍ਰਿੰਗੇਸ਼ ਸੰਹਿਤਾ** (ਸੰਸਕ੍ਰਿਤ) (ਨੰ. ੩੯੧, ਪੰ. ਯੂ. ਚੰ.)

ਲੇਖਕ— ਨਾਮਾਲੂਮ। ਆਕਾਰ— $5\frac{1}{4}'' \times 3\frac{1}{4}''$, ਲਿਖਤ $3\frac{3}{4}'' \times 2\frac{1}{2}''$।

ਵੇਰਵਾ— ਪੱਤਰੇ ੯੮; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਅਤਿ ਸੁੰਦਰ ਰੰਗੀਨ ਲਕੀਰਾਂ ਵਾਲਾ; ਲਿਖਤ ਦੀ ਖ਼ੂਬਸੂਰਤੀ ਵਾਸਤੇ ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ।

ਸਮਾਂ— ਲਿਖਤ ਸੌ ਕੁ ਸਾਲ ਪੁਰਾਣੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ੴ ਸ੍ਰੀ ਗਣੇਸਾਯ ਨਮ: ਓਅੰ ਨਮ : ਸਿਵਾਯ। ਸ੍ਰੀ ਭੈਰਵੀ, ਸ੍ਵਾਵੈਂ ਸ੍ਵਾਵੈਂ ਮਹਾਦੇਵ ਮਹਿਮਾਨਮਨੁੱਤਮੰ। (ਪੱਤਰਾ ੧)

ਅੰਤ— ਸਤਸਚ ਪਠਿਤਸਚਾਪਿ ਹਯਮੇਧ ਦਿਯਾਗਦ :। ਇਤਿ ਸ੍ਰੀ ਭ੍ਰਿੰਗੇਸ ਸੰਹਿਤਾਯੰ ਭੈਰਵੀ ਭੈਰਵ ਸੰਵਾਦੇ ਦਖਿਣ ਪਾਰਸੇ-ਪਠਾਤ ਤੀਰਥ ਸੰਗ੍ਰਹੇ ਅਮਰ ਨਾਥ ਫਲੰ ਵਰਣਨੰ ਨਾਮ ਤ੍ਰਿੰਸੋਤਿਤਮ: ਪਟਲ :। (ਪੱਤਰਾ ੯੮)

੨੪. **ਇਕਾਦਸ਼ੀ ਮਹਾਤਮ** (ਨੰ. ×. ਬਾ. ਹ. ਸਿੰ. ਵ.)

ਲੇਖਕ—ਕਵੀ ਨਿਵਾਹੂ ਰਾਮ। ਆਕਾਰ—$6\frac{1}{2}'' \times 3\frac{1}{2}''$, ਲਿਖਤ $4\frac{1}{4}'' \times 2\frac{1}{4}''$।

ਵਰਵਾ—ਪੱਤਰੇ ੧੯੦; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਾਦੀ ਜਿਲਦ ਸਹਿਤ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ। ਇਹ ਮਹਾਤਮ ਵਿਸਨੂ ਪੁਰਾਣ ਵਿਚੋਂ ਹੈ।

ਸਮਾਂ— ਸੌ ਕੁ ਸਾਲ ਪੁਰਾਣੀ ਲਿਖਤ ਹੈ। ਲਿਖਾਰੀ—ਨਾਮਾਲੂਮ।

ਆਰੰਭ—੧ੴ ਸ੍ਰੀਗਣੇਸਾਇ ਨਮਹਿ। ਅਥ ਕਾਦਸੀ ਮਹਾਤਮੁ ਲਿਖਤੇ। ਕ੍ਰਿਤਿ ਨਿਵਾਹੂ ਰਾਮੁ। ਦੋਹਰਾ।
ਬਿਘਨਿ ਹਰਨਿ ਮੰਗਲੁ ਕਰਨਿ, ਦੁਸਟ ਹਰਨ ਜਿਹਿ ਰੂਪ।
ਲੰਬੋਦਰੁ ਆਨੰਦ ਘਰਿ, ਸਕਲੁ ਗਣਨ ਕੋ ਭੂਪ ॥ (ਪੱਤਰਾ ੧)

ਅੰਤ— ਸਭ ਕੁਟੰਭ ਤਾ ਕੋ ਤਜ ਦੀਨੋ। ਗ੍ਰਹ ਤੇ ਨਿਕਸ ਗ... (ਪੱਤਰਾ ੧੯੦)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਇਕਾਦਸ਼ੀ ਮਹਾਤਮ ਦਾ ਨਹੀਂ ਮਿਲਦਾ।

੨੫. (ੳ) **ਇਕਾਦਸ਼ੀ ਮਹਾਤਮ** (ਸਿੰਘਾਸਨ ਬਤੀਸੀ ਸਮੇਤ) (ਨੰ. ੬੬, ਪ੍ਰੋ. ਪ੍ਰੀ. ਸਿੰਘ.)

ਲੇਖਕ— ਕਵੀ ਨਿਵਾਹੂ ਰਾਮ। ਆਕਾਰ—$6\frac{1}{2}'' \times 5\frac{1}{4}''$, ਲਿਖਤ $5'' \times 3\frac{3}{4}''$।

ਵੇਰਵਾ—ਪੱਤਰੇ ਇਕਾਦਸ਼ੀ ਮਹਾਤਮ (ਨਿਬਾਹੂ ਰਾਮ) ੧੫੫; ਸਿੰਘਾਸਨ ਬਤੀਸੀ (ਸੋਢੀ ਮਿਹਰਬਾਨ) ੨੩੦, ਕੁੱਲ ਜੋੜ ੩੮੫; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ, ਚੌਕੋਰ ਅਤਿ ਸੁੰਦਰ ਲਕੀਰਾਂ ਵਾਲਾ. ਇਕਾਦਸ਼ੀ ਮਹਾਤਮ ਦੇ ਪਹਿਲੇ ਪੱਤਰੇ ਜੁਜ਼ਬੰਦੀ ਕਰਨ ਲੱਗਿਆਂ ਜਿਲਦਸਾਜ਼ ਦੀ ਗ਼ਲਤੀ ਨਾਲ ਅੱਗੇ ਪਿਛੇ ਲੱਗੇ ਹੋਏ ਤੇ, ਜਿਲਦ ਟੁੱਟੀ ਹੋਈ, ਪਰ ਫੇਰ ਵੀ ਇਹ ਪੁਸਤਕ-ਸੰਗ੍ਰਹ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਰਚਨਾ: ਸੰਮਤ ੧੮੭੩ ਬਿ., ਨਕਲ: ਸੰਮਤ ੧੮੯੪ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੴ ਸ੍ਰੀ ਗਣੇਸਾਇ ਨਮਹ । ਅਬ ਇਕਾਦਸੀ ਮਹਾਤਮ ਕਿਰਤ ਨਿਬਾਹੂ ਰਾਮ ਲਿਖਤੇ ॥ ਦੋਹਰਾ ॥
ਬਿਘਨ ਹਰਨ ਮੰਗਲ ਕਰਨ, ਦਸਣ ਹਰਨ ਜਿਹ ਰੂਪ ।
ਲੰਬੋਦਰ ਆਨੰਦ ਘਰੁ, ਸਕਲ ਗੁਣਨ ਕੋ ਭੂਪ ॥(੧॥) ...
ਮੂਖਕ ਬਾਹਨ ਗਜ ਬਦਨ, ਮਦਨ ਕਦਨ ਜਹਿ ਤਾਤਿ ।
ਪ੍ਰਥਮਹ ਪੂਜੋ ਤਿਹ ਚਰਨ, ਏਕ ਰਦਨ ਸੁਖ ਗਾਤ ॥(੨॥) (ਪੱਤਰੇ ੧-੨)

ਅੰਤ— ਸੋਰਠਾ ॥ ਅਬ ਮੈ ਕਰੋ ਪ੍ਰਕਾਸ, ਨਾਮ ਗੋਤ੍ਰ ਕੁਲ ਆਪਨੋ ।
ਮਨ ਮਹਿ ਧਾਰੋ ਆਸਿ, ਜਨਮ ਮਰਨ ਦੁਖ ਹਰਨ ਕੀ ।
ਚੌਪਈ ॥ ਪਰਸ ਰਾਮ ਕੋ ਤਾਤ ਪਛਾਨੋ । ਬੰਸ ਬਿਸੰਭੂ ਕੁਲ ਕੋ ਜਾਨੋ ।
ਹਮਰੋ ਨਾਮ ਨਿਬਾਹੂ ਰਾਮਾ । ਬਟੂਆ ਨਗਰੀ ਮੈਂ ਬਿਸਰਾਮਾ ।
ਓਹਰੀ ਚਉਕ ਚਾਰ ਦਿਸ ਜਾਨਾ । ਤਾ ਮੈ ਮੋਹਿ ਜਨਮ ਅਸਥਾਨਾ ।
ਕਿਆ ਗੁਣ ਨਗਰੀ ਕੇ ਮੈਂ ਕਹੋਂ । ਏਕ ਜੀਭ ਕਰ ਅੰਤ ਨ ਲਹੋਂ ।
ਧਰਮ ਬਿਖੇ ਐਸੀ ਸਵਧਾਨਾ । ਜਾਨੇ ਤਹ ਸਿਵ ਪੁਰੀ ਸਮਾਨਾ ।
ਚਾਰ ਬਰਨ ਪਰਜਾ ਤਹਾ ਬਸੈ । ਅਪਨੇ ਧਰਮ ਬਿਖੇ ਸਭ ਰਸੈ ।
ਅਚਲੇਸਰ ਸਤਿਜੁਗ ਕੋ ਤੀਰਥ । ਸੁਰ ਨਰ ਮੁਨਿ ਕਰ ਹੈ ਜਹਿ ਕੀਰਤ ।
ਸੋ ਯਾ ਨਗਰੀ ਢਿਗ ਬਿਦਮਾਨਾ । ਸੈਨਾਨੀ ਕੋ ਸੁਭ ਅਸਥਾਨਾ ।
ਸਿਵ ਦੇਵੀ ਤਾ ਕੋ ਰਛਪਾਲਾ । ਜੋ ਯਾ ਨਗਰੀ ਕੋ ਭੂਪਾਲਾ ॥
ਛਪੈ ਛੰਦ ॥ ਸੰਮਤ ਬਿਕ੍ਰਮ ਨ੍ਰਿਪਤਿ, ਆਠ ਦਸ ਸਤ ਤੇਤੀ ਬਰ ।
ਜੇਠ ਵਦੀ ਤਿਥ ਤੀਜ, ਵਾਰ ਉਤਮ ਹੈ ਨਿਸਕਰ ।
ਮੇਰੁ ਸਕਲ ਪੰਜਾਬ ਨਿਕਟ ਅਚਲੇਸਰ ਜਾਨੋ ।
ਬਟੂਆ ਨਗਰੀ ਮਾਹਿ ਚਉਕ ਓਹਰੀ ਪ੍ਰਮਾਨੋ ।
ਹਰ ਦਿਨ ਚਲਿਤ੍ਰ ਬਰਨਨ ਕਰਿਓ ਦਾਸ ਨਿਬਾਹੂ ਭਾਵ ਯੁਤ ।
ਦੇ ਭਗਤਿ ਦਾਨ ਨਿਰਭੈ ਕਰੋ ਰਾਧਾ ਬਰ ਬਸੁਦੇਵ ਸੁਤ ॥
ਸੰਪੂਰਨ ਹੋਈ ਪੋਥੀ ਇਕਾਦਸੀ ਮਹਾਤਮ ਕੀ ਮਿਤੀ ਚੇਤ ਵਦੀ ਇਕਾਦਸੀ ਸੰਮਤ ੧੯੬੩ ਲਿਖਤੇ ਪਰਤੇ ਸੁਨਤੇ ਬਿਸਨ ਲੋਕ ਸਰੱਛਤੇ । ਸੁਭੰ । ਸਮਸਤੰ ।... (ਪੱਤਰੇ ੧੫੪-੫੫)

(ਅ) **ਸਿੰਘਾਸਨ ਬਤੀਸੀ** (ਸੋਢੀ ਮਿਹਰਬਾਨ-ਸੰਮਤ ੧੭੮੮ ਬਿ.)

ਆਰੰਭ— ੴ ਸਤਿਗੁਰ ਪ੍ਰਸਾਦਿ । ਰਾਜੇ ਵਿਕ੍ਰਮਾਜੀਤ ਕੀ ਕਥਾ ਲਿਖਤੰ । ਸੰਮਤ ੧੭੮੮ । ਸ੍ਰੀ ਗਣੇਸਾਯ ਨਮਹ । ਵਿਕ੍ਰਮਾਜੀਤ ਪਰ ਉਪਕਾਰ ਕੀਆ, ਲਿਖਨ ਆਰੰਭ ਹੋਇਆ ਸ੍ਰੀ ਸਤਿ । ਠਾਕੁਰ ਜੀ ਪੂਰੀਆ ਕਰੇ । ਜਬ ਰਾਜਾ ਭੋਜ ਸੁਭ ਮੁਹੂਰਤ ਪੂਛਿ ਕਰਿ ਰਾਜਾ ਵਿਕ੍ਰਮਾਜੀਤ ਕੇ ਸਿੰਘਾਸਨ ਪਰ ਬੈਸਨੇ ਕੀ ਮਨਸ਼ਾ ਧਾਰੀ, ਤਬ ਪੁਤਲੀ ਪਹਲੀ ਬੋਲੀ ਜੋ, "ਹੇ ਰਾਜਾ ਭੋਜ ! ਜੋ ਕੋਊ ਐਸਾ ਰਾਜਾ ਵਿਕ੍ਰਮਾਜੀਤ ਕੀ ਨਿਆਈ ਪਰਾਕਰਮੁ ਬਲੁ ਧਰਤਾ ਹੋਵੈ, ਸੋ ਪੁਰਸ ਯਾ ਸਿੰਘਾਸਨ ਪਰ ਆਸਨ ਕਰੈ ।" (ਪੱਤਰੇ ੧-੨)

...ਪੁਤਲੀ ਪ੍ਰਿਥਿਮੁ ਨਾਰਾਇਨਿ ਕੀ ਦਯਾ ਤੇ ਪੂਰਨੁ ਭਈ ॥੧॥ ਸਲੋਕੁ ॥
ਪਰਿਉਪਕਾਰੀ ਆਪੁ ਹੈ, ਸਭ ਜੀਵਾਂ ਕਾ ਦਾਤਾਰੁ ।
ਨਿਰਾਧਾਰੁ ਪ੍ਰਭੁ ਆਪੁ ਹੈ, ਸਭਿ ਜਗਿ ਕਾ ਆਧਾਰ ।
ਬ੍ਰਹਮਾ ਚੀਟੀ ਆਦਿ ਲਉ, ਜਿਹਿ ਸਿਰਜਿਆ ਸਭਿ ਸੰਸਾਰਿ ।
ਜਿਸ ਪਰੁ ਆਪੁ ਦਇਆ ਕਰੈ, ਤਿਸ ਬਲ ਬੁਧ ਦੇਇ ਬੀਚਾਰ ।
ਪਰਉਪਕਾਰ ਜਿਸੁ ਪਰ ਕਰੈ ਦੇਇ ਅਖੁਟ ਭੰਡਾਰ ।
ਆਪੇ ਆਪ ਵਰਤਦਾ, ਪ੍ਰਭੁ ਆਪੇ ਆਪ ਮੰਝਾਰ ।
ਤਿਸ ਬਿਨ ਦੂਜਾ ਨਾਹਿ ਕੋ, ਜਨ ਨਾਨਕ ਅਪਰ ਅਪਾਰਿ ॥੧॥ (ਪੱਤਰੇ ੧੯-੨੦)

ਅੰਤ— ਇੰਦ੍ਰਜੀਤ ਨੇ ਸਰਾਪ ਦੀਆ ਅਰੁ ਤੁਮ ਮੇਰੇ ਰਹਨੇ ਕੀ ਠਉਰ ਸਿੰਘਾਸਨ ਪਰ ਹੋਵੈਗੀ ਅਰੁ ਮੈਂ ਆਪਣਾ ਸਿੰਘਾਸਨ ਰਾਜਾ ਬਿਕ੍ਰਮਾਜੀਤ ਕਉ ਦੇਊਗਾ ਅਰੁ ਤੁਮ ਸਕਲੀ ਪੁਤਲੀਆ ਹੋਵਹੁਗੀ । ਕਥਾ ਰਾਜੇ ਬਿਕ੍ਰਮਾਜੀਤ ਕੀ ਸੰਪੂਰਨ ਹੋਈ । ਕਥਾ ਬਤ੍ਰੀਸ ਕੀ ॥੩੨॥ (ਪੱਤਰਾ ੨੩੦)

ਇਸ ਪੁਸਤਕ ਦੀ ਇਕ ਮੁਕੰਮਲ ਹਥ-ਲਿਖਤ ਪ੍ਰਤੀ ਪੰਜਾਬੀ ਸਾਹਿੱਤ ਅਕਾਡਮੀ, ਮਾਡਲ ਟਾਊਨ, ਲੁਧਿਆਣਾ ਪਾਸ ਸੁਰੱਖਿਅਤ ਹੈ, ਜਿਸ ਦਾ ਵੇਰਵਾ ਇਸ ਸੂਚੀ ਦੇ ਪਹਿਲੇ ਭਾਗ (੧੯੬੧) ਸਫ਼ਾ ੬੪੩ ਪਰ ਆ ਚੁੱਕਾ ਹੈ ।

੨੬. ਸ੍ਰੀ ਹਰਿ ਵ੍ਰਿਤਾਨੰਦ (੩੦ ਇਕਾਦਸ਼ੀਆਂ ਦੇ ਮਹਾਤਮ) (ਨੰ. ੧੬੧, ਪ੍ਰੋ. ਪ੍ਰੀ. ਸਿੰ.)

ਲੇਖਕ— ਸ੍ਰੀ ਬਾਲ ਚੰਦ, ਨਾਨਕ ਪੰਥੀ । ਆਕਾਰ—$6\frac{1}{4}'' \times 9\frac{1}{4}''$, ਲਿਖਤ $4\frac{1}{2}'' \times 6\frac{3}{4}''$ ।

ਵੇਰਵਾ— ਪੱਤਰੇ ੨੭੯; ਪ੍ਰਤੀ ਸਫ਼ਾ ੧੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਾਫ਼ੀ ਹੱਦ ਤਕ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਹਰ ਤਰ੍ਹਾਂ ਪੂਰਣ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੪੩ ਬਿ. । ਲਿਖਾਰੀ—ਨਾਮਾਲੂਮ ।

ਆਰੰਭ— (ਦੋ ਪੱਤਰੇ ਵਿਸ਼ੈ-ਸੂਚੀ ਦੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ । ਅਥ ਸ੍ਰੀ ਹਰਿ ਵ੍ਰਿਤਾਨੰਦੁ ਬਾਲ ਚੰਦ ਸ੍ਰੀ ਗੁਰ ਨਾਨਕ ਪੰਥੀ ਕ੍ਰਿਤਿ ਲਿਖਯਤੇ ਭਾਸਾ । ਪ੍ਰਥਮ ਮੰਗਲਾਚਰਨ । ਟੀਕਾਕਾਰੋਵਾਚ ॥ ਚੌਪਈ ॥

ਪ੍ਰਥਮ ਭਾਖ ਹੋ ਮੰਗਲਚਾਰਾ । ਜਾ ਤੇ ਹੋਇ ਗ੍ਰੰਥਿ ਸਕਲ ਜੈਕਾਰਾ ।
ਸਪਤ ਦੇਵ ਕਰ ਹੋ ਪਰਣਾਮਾ । ਵੰਦਤ ਹੋਇ ਰਿਦੈ ਵਿਸਰਾਮਾ ॥੧॥ (ਪੱਤਰਾ ੧)

ਅੰਤ— ਹਰਿ ਭਜਨਾਨੰਦ ਤ੍ਰਿਪਤਉ ਨਹੀ, ਅਰੁ ਜਪਤ ਰਹਉ ਹਰਿ ਨਾਮ ।
ਯਹੀ ਦਾਨੁ ਗੁਰ ਦੀਜੀਐ, ਗੁਰ ਸੰਤ ਸਹਾਈ ਰਾਮ ॥੭੮॥੧੫੯॥
ਚੌ ॥ ਤੀਸ ਇਕਾਦਸੀ ਕੀਨੀ ਭਾਸਾ । ਜਿਵ ਭਾਖਿਆ ਸ੍ਰੀ ਵੇਦ ਵਿਆਸਾ ।
ਸਤਿਗੁਰੁ ਜੋ ਹੈ ਸੰਤ ਸਹਾਈ । ਤਿਨ ਮਮ ਉਰ ਬਹਿ ਭਾਸ ਬਨਾਈ ॥੭੯॥੧੬੦॥
ਹਮ ਮਹਿ ਰੰਚਕ ਬਲ ਨਹੀਂ ਦਯਾਲਾ । ਤੁਮ ਮਮ ਉਰ ਹੋਏ ਕਿਰਪਾਲਾ ।
ਆਗਿਆ ਕਰੀ ਸਤਿਗੁਰਹ ਸਹਾਈ । ਭਾਖਾ ਬਾਲੂ ਦਾਸ ਬਨਾਈ ॥੮੦॥੧੬੧॥...ਦੋ ॥
ਜੋ ਹਰਿ ਵ੍ਰਿਤਾਨੰਦ ਕਉ, ਸੁਨੈ ਪ੍ਰੀਤਿ ਚਿਤੁ ਲਾਇ ।
ਸਰਵ ਕਾਮਨਾ ਸਫਲ ਤਿਹ, ਤਿਸੁ ਚਿਤਿ ਆਵੈ ਹਰਿ ਰਾਇ ॥੮੩॥੧੬੪॥... (ਪੱਤਰਾ ੨੭੮)

..ਇਤਿ ਸ੍ਰੀ ਬ੍ਰਹਮੰਡ ਪੁਰਾਣੇ ਸ੍ਰੀ ਭਗਵਤ ਜੁਧਿਸਟਰ ਸੰਬਾਦੇ ਪੁਰਸੋਤਮ ਮਾਸੇ ਕ੍ਰਿਸਨ ਪਖੇ ਇਕਾਦਸੀ ਕਮਲਾ ਮਹਾਤਮੇ ਭਾਸਾਯੰ ਤਥਾ ਗੁਰ ਪ੍ਰਨਾਲਕਾ ਸਹੇਤੁ ਏਕਾਦਸੀ ਤੀਸ ਸਕਲ ਸੰਪੂਰਣੰ ਸਮਾਪਤਹ । ਸਮਤੁ ੧੮੪੩ (ਪੱਤਰਾ ੨੭੯)

ਇਸ ਪੁਸਤਕ ਵਿਚ ਮਹੀਨਾ ਮੱਘਰ, ਪੋਹ, ਮਾਘ, ਫੱਗਣ, ਚੇਤ, ਵਿਸਾਖ, ਜੇਠ, ਹਾੜ੍ਹ, ਸਾਵਣ, ਭਾਦੋਂ, ਅੱਸੂ, ਕੱਤਕ, ਪੁਰਸੋਤਮ ਮਾਸ, ਚੇਤ੍ਰ ਸੁਦੀ ਰਾਮ ਨੌਵੀਂ, ਵਿਸਾਖ ਸੁਦੀ ਨਰ ਸਿੰਘ ਚੌਦੇ; ਭਾਦਰੋਂ ਸੁਦੀ ਜਨਮਾਸ਼ਟਮੀ, ਭਾਦ੍ਰੋਂ ਸੁਦੀ ਬਾਵਨ ਦੁਆਦਸ਼ੀ ਦੇ ਮਹਾਤਮ ਅਥਵਾ ਪੁੰਨ-ਫਲ ਲਿਖੇ ਹਨ, ਜੋ ਬ੍ਰਹਮੰਡ ਪੁਰਾਣ ਦੀ ਪ੍ਰਤਿ-ਛਾਇਆ ਹਨ ।

੨੭. (ੳ) ਧਰਮ ਸ਼ਾਸਤ੍ਰ ਕਾਰਤਿਕ ਸਹਾਤਮ (ਇਕਾਦਸ਼ੀ ਮਹਾਤਮ ਸਮੇਤ) (ਨੰ. ੮੦੦, ਸਿ. ਰੈ. ਲਾ.)

ਲੇਖਕ— ਭਗਵਾਨ ਦਾਸ, ਨਿਰੰਜਨੀ । ਆਕਾਰ—$7\frac{1}{4}'' \times 5\frac{1}{2}''$, ਲਿਖਤ $4\frac{3}{4}'' \times 3\frac{1}{2}''$ ।

ਵੇਰਵਾ— ਪੱਤਰੇ ਧਰਮ ਸ਼ਾਸਤ੍ਰ ਕਾਰਤਿਕ ਮਹਾਤਮ (ਭਗਵਾਨ ਦਾਸ, ਨਿਰੰਜਨੀ) ੧੨੨, ਇਕਾਦਸ਼ੀ ਮਹਾਤਮ ਭਾਖਾ (ਕਵੀ ਦੇਵਾ ਸਿੰਘ) ਪੱਤਰੇ ੧੧੯, ਜੋੜ: ੨੪੧; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੭੪੨-੪੩ ਬਿ., ਨਕਲ: ਸੰਮਤ ੧੯੧੪ ਬਿ. । ਲਿਖਾਰੀ—ਧੁਜਾ ਮ੍ਰਿਗਿੰਦ (ਝੰਡਾ ਸਿੰਘ) ।
ਸਥਾਨ—ਗੰਡੀ ਵਿੰਡ (ਅੰਮ੍ਰਿਤਸਰ) ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਯ ਨਮ: । ਅਥ ਧਰਮ ਸਾਸਤ੍ਰ ਕਾਤਕ ਮਹਾਤਮ ਲਿਖਯਤੇ ॥ ਦੋਹਰਾ ॥

ਪ੍ਰਿਥਮਹਿ ਗੁਰ ਗੋਬਿੰਦ ਕੋ, ਸਿਮਰਨ ਕਰੋਂ ਬਨਾਇ ।
ਬਾਕਪਤਿ ਅਰੁ ਗਨਪਤਿ ਸਹਿਤ, ਕਵਿ ਜਨ ਭਲੇ ਮਨਾਇ ॥੧॥...

ਸਤ੍ਰਹ ਸੈ ਸੰਬਤ ਸਰਸ, ਬਿਤਾਲੀਸੁ ਪੁਨ ਮਾਨ ।
ਜੇਸਟ ਪੰਚਮੀ ਸਸਿ ਸਹਿਤ, ਆਰੰਭ ਕਰਨ ਦਿਨ ਜਾਨ ॥੪॥ (ਪੱਤਰਾ ੧)

ਅੰਤ– ਸੰਬਤ ਸਤ੍ਰੈ ਸੈ ਪ੍ਰਗਟ, ਤਿਯਾਲੀਸ ਪੁਨ ਔਰ ।
ਅੰਤ— ਸਰਨ ਕ੍ਰਿਸਨ ਕੀ ਛਾਡ ਕੈ, ਕਰੇ ਆਨ ਕਾ ਜਾਪ ।
ਸੋ ਨਰ ਦੋਜਕ ਜਾਹਿਗੇ, ਸਤ ਭਾਖੈ ਰਾਮ ਦਾਸ ॥
ਜੈਸੀ ਰਾਖੀ ਦ੍ਰੋਪਤੀ ਨਗਨ ਸਭਾ ਮਹਿ ਲਾਜ ।
ਤੈਸੀ ਰਾਮ ਦਾਸ ਕੀ ਲੱਜਾ, ਰਾਖੋ ਸ੍ਰੀ ਮਹਾਰਾਜ ॥੬੫॥
ਇਤ ਸ੍ਰੀ ਦ੍ਰੋਪਤੀ ਚਰਿਤ੍ਰ ਸੰਪੂਰਣੰ । ਦਸਖਤ ਲਿਖਾਰੀ ਕੇ ॥ ਚੌਪਈ ॥
ਉਨੀ ਸੈ ਉਣਤਾਲੀ ਜਾਨੋ । ਭਾਦੋ ਕੀ ਦਸ ਪੰਚਮ ਮਾਨੋ ।

ਦੋ ॥ ਜੈਸੀ ਦੇਖੀ ਪ੍ਰੱਤਿਕਾ, ਤੈਸੀ ਲਿਖਤ ਉਤਾਰ ।
ਭੂਲ ਚੂਕ ਖਿਮ ਕੀਜੀਓ, ਬੁਧਿ ਜਨ ਲੇਹੁ ਸੁਧਾਰ ॥੧॥ (ਪੱਤਰੇ ੨੬-੨੭)

(ਸ) ਰਾਮ ਕ੍ਰਿਸ਼ਨ ਅਉਤਾਰ ਉਸਤਤਿ (ਸੂਰ ਦਾਸ)

ਆਰੰਭ— ਅਥ ਰਾਮ ਕ੍ਰਿਸਨ ਔਤਾਰ ਉਸਤਤਿ ॥ ਰਾਗ ਭੈਰਉ ॥
ਜੈ ਗੋਬਿੰਦ ਮਾਧਵ ਮੁਕੰਦ ਹਰਿ । ਕ੍ਰਿਪਾ ਸਿੰਧੁ ਕਲਜਾਨ ਕੰਸ ਅਰਿ ।
ਕ੍ਰਿਪਣ ਪਾਲ ਕੇਸਵ ਕਮਲਾਪਤਿ । ਕ੍ਰਿਸਨ ਕਮਲ ਲੋਚਨ ਅਗਤਨ ਗਤਿ ।
ਰਾਮ ਚੰਦ ਰਾਜੀਵ ਨੈਨ ਵਰ । ਸਰਨਿ ਸਾਧ ਸ੍ਰੀ ਪਤਿ ਸਾਰੰਗਧਰ ।... (ਪੱਤਰਾ ੨੭)
...ਸੂਰਦਾਸ ਸੁਰ ਜਾਚਤ ਤੇ ਪਦ । ਕਰਹੁ ਕ੍ਰਿਪਾ ਆਪਨ ਜਨ ਪਰ ਸਦ ॥੧॥ (ਪੱਤਰਾ ੨੯)

ਅੰਤ— ...ਭਗਤ ਹੇਤ ਅਵਤਾਰ ਧਰਜੋ ਸਭ ਅਸੁਰਨ ਮਾਰ ਵਹਾਉ ।
ਸੂਰਦਾਸ ਪ੍ਰਭੂ ਕੀ ਯਹਿ ਲੀਲਾ, ਨਿਗਮ ਨੇਤ ਨਿਤ ਗਾਊ ॥... (ਪੱਤਰਾ ੪੧)
ਹੋਤੋਂ ਨਫਾ ਸਾਧ ਕੀ ਸੰਗਤਿ, ਮੂਲ ਗਾਂਠ ਤੇ ਨ ਟਰਤੋ ।
ਸੂਰ ਦਾਸ ਵੈਕੁੰਠ ਪੰਥ ਮੈਂ, ਕੋਊ ਨ ਫੇਂਟ ਪਕਰਤੋ ॥ (ਪੱਤਰਾ ੪੨)

੪. **(ੳ) ਕਥਾ ਗੁਜਰੀ ਕੀ** (ਕਥਾ ਰਾਜੇ ਨਿਰਮੋਹੀ ਕੀ ਆਦਿ ਸਮੇਤ) (ਨੰ: ੩੫੦, ਭਾ. ਵਿ.)

ਲੇਖਕ— ਨਾਮਾਲੂਮ । ਆਕਾਰ—$6\frac{3}{4}'' \times 4''$, ਲਿਖਤ $4\frac{1}{4}'' \times 3''$ ।

ਵੇਰਵਾ— ਪੱਤਰੇ ਕਥਾ ਗੁਜਰੀ ਕੀ ੧੧੮-੨੯ (੧੨), ਕਥਾ ਰਾਜੇ ਨਿਰਮੋਹੀ ਦੀ ੧੨੯-੩੨ (੪), ਕਥਾ ਰਾਜੇ ਭਰਥਰੀ ਕੀ ੧੩੨-੩੭ (੬); ਪ੍ਰਤੀ ਸਫ਼ਾ ੭-੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਹਰੇਕ ਕਥਾ ਦੇ ਮੁੱਢਲੇ ਪੱਤਰੇ ਰੰਗੀਨ ਬੇਲਦਾਰ; ਪੱਤਰਾ-ਅੰਕ ੧੧੮ ਤੋਂ ਸ਼ੁਰੂ ਹੋਣ ਕਰ ਕੇ ਮਾਲੂਮ ਹੁੰਦਾ ਹੈ ਕਿ ਇਹ ਕਥਾਵਾਂ ਕਿਸੇ ਇਕੋ ਪੁਸਤਕ ਦੇ ਭਾਗ ਹਨ ਤੇ ਉਸ ਪੁਸਤਕ ਦੇ ਮੁੱਢਲੇ ਪੱਤਰੇ ੧੧੭ ਗੁਮ ਹਨ ।

ਸਮਾਂ— ਲਗ ਪਗ ਡੇਢ ਕੁ ਸੌ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ...ਹਾਥ ਜੋਰ ਠਾਢਾ ਭਯੋ, ਸ੍ਰੀ ਰਾਮ ਚੰਦ ਗੁਰ ਪਾਇ
ਲਘ ਦੀਰਘ ਕੀ ਸਗਲ ਗਤਿ ਮੋ ਕੌ ਦੇਹੁ ਬਤਾਇ ॥੧॥
ਪੁਨਿ ਵਸਿਸਟਿ ਤਬ ਬੋਲਿਓ, ਸੁਨਿ ਬ੍ਰਿਤੰਤ ਰਘੁਬੀਰ ।
ਜਗ ਮਹਿ ਐਸੇ ਹੋਇ ਰਹੁ, ਜੈਸੇ ਭਈ ਅਹੀਰ ॥੨॥
ਗਾਉ ਏਕ ਸਲਤਾ ਕੇ ਤੀਰ । ਤਾ ਮਹਿ ਸੁਖੀ ਬਸਹਿ ਆਹੀਰ ।
ਜਲ ਤ੍ਰਿਣ ਗੋਧਨ ਰਹੀ ਅਘਾਇ । ਨਿਰਭੈ ਬਿਚਰੈਂ ਸੁੰਦਰ ਠਾਇ ॥੩॥... (ਪੱਤਰਾ ੧੧੮)

ਅੰਤ— ਬੁਧ ਭਈ ਬਿਮਲ ਨਰਿੰਦ ਕੀ, ਗੁਜਰੀ ਕੇ ਉਪਦੇਸ ।
ਤਿਮਰੁ ਬਿਨਾਸਿਓ ਰਿਦੇ ਤੇ, ਨਿਰਮੋਹੀ ਭਯੋ ਨਰੇਸ ॥੬੧॥੧॥ (ਪੱਤਰਾ ੧੨੯)

(ਅ) ਕਥਾ ਰਾਜੇ ਨਿਰਮੋਹੀ ਦੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਕਥਾ ਰਾਜੇ ਨਿਰਮੋਹੀ ਕੀ ॥ ਸੋਰਠਾ ॥
ਤਿਹ ਸੁਤ ਚੜ੍ਹਿਓ ਸ਼ਿਕਾਰ, ਨਾਮ ਨਿਰਮੋਹੀ ਜਾਹਿ ਕੋ ।
ਆਇਓ ਬਨ ਮੰਝਾਰ, ਧਨੁਖ ਬਾਨ ਕਰ ਮੇ ਧਰੇ ॥੧॥.. (ਪੱਤਰਾ ੧੨੯)

ਅੰਤ— ਧੰਨ ਹਮਾਰੇ ਭਾਗ, ਦਰਸਨ ਕਰਿਓ ਭੂਪ ਕੋ ।
ਰਹੋ ਚਰਨ ਸੰਗ ਲਾਗ, ਕ੍ਰਿਪਾ ਦ੍ਰਿਸਟਿ ਮੁਹਿ ਪਰਿ ਕਰਹੁ ॥੧੫॥ (ਪੱਤਰਾ ੧੩੨)

(ੲ) ਕਥਾ ਰਾਜੇ ਭਰਥਰੀ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਤਮੀ ਕਥਾ ਰਾਜੇ ਭਰਥਰੀ ਕੀ । ਏਕ ਦਿਨ ਰਾਜਾ ਭਰਥਰੀ ਰਾਣੀ ਪਿੰਗੁਲਾ ਕੈ ਬਦਨ ਕੇ ਲੀਏ ਬਾਗ਼ ਮੇਂ ਆਇ ਬੈਠਾ । ਤਬ ਰਾਨੀ ਕੌ ਖਬਰ ਭਈ ਜੋ ਏਕ ਜੋਗੀ ਬਾਗ਼ ਮੇਂ ਆਇ ਬੈਠਾ ਹੈ ।... (ਪੱਤਰਾ ੧੩੨)

ਅੰਤ— ਤਬ ਰਾਨੀ ਪਿੰਗੁਲਾ ਕੋ ਸੋਈ ਹੀ ਛਾਡਿ ਕਰਿ ਗੁਸਾਈ ਭਰਥਰੀ ਜੀ ਤਹਾ ਤੇ ਉਦਿਆਨ ਕਉ ਰਮਤੇ ਭਏ ॥੧॥ (ਪੱਤਰਾ ੧੩੭)

੫. (ੳ) ਕਾਨ੍ਹ ਗੁਜਰੀ ਦੀ ਕਥਾ (ਸਾਰ ਗੀਤਾ ਆਦਿ ਸਮੇਤ) (ਨੰ. ੩੭੪੫, ਸਿ. ਰੈ. ਲਾ.)

ਲੇਖਕ— ਕਵੀ ਦਾਨਾ। ਆਕਾਰ—$4\frac{1}{4}'' \times 3\frac{1}{4}''$, ਲਿਖਤ $3'' \times 4\frac{1}{2}''$।

ਵੇਰਵਾ— ਪੱਤਰੇ ਕਾਨ੍ਹ ਗੁਜਰੀ ਦੀ ਕਥਾ ੫੦, ਸਾਰ ਗੀਤਾ ੨-੧੮, ਕਮਲ ਨੇਤ੍ਰ ਸਤੋਤ੍ਰ ੧੮-੨੧, ਕੁੰਡਲੀਏ ਛੰਦ ਸ਼ਤਕ (ਗਿਰਿਧਰ ਰਾਇ) ੨੯, ਉਪਦੇਸ਼ ਚਿਤਾਵਨੀ (ਫੁਟਕਲ ਛੰਦ) ੨੧ (ਜਿਨ੍ਹਾਂ ਵਿਚ ਕੁਝ ਪੱਤਰੇ ਖ਼ਾਲੀ); ਪ੍ਰਤੀ ਸਫ਼ਾ ੭ ਸਤਰਾਂ; ਤੇ ਕੁੰਡਲੀਏ ਗਿਰਿਧਰ ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ, ਲਿਖਤ ਸਾਫ਼ ਤੇ ਸ਼ੁੱਧ, ਪਰ ਕਈ ਹੱਥਾਂ ਦੀ ਲਿਖੀ ਹੋਈ ਜੋ ਕਈ ਥਾਵੀਂ ਪੱਤਰੇ ਕਟ ਜਾਣ ਕਰ ਕੇ ਸਾਫ਼ ਪੜ੍ਹੀ ਨਹੀਂ ਜਾਂਦੀ; ਲਿਖਤ ਦੀ ਖ਼ੂਬਸੂਰਤੀ ਲਈ ਕਦੀ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ, ਪਰ ਸਿਕਸ਼ਤਾ ਹਾਲਤ ਵਿਚ ਹੈ।

ਸਮਾਂ— ਪੁਸਤਕ ਸੌ ਸਾਲ ਤੋਂ ਵੱਧ ਪੁਰਾਣੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ।
ਅਲਫ ਸਹੀ ਕਰ ਜਾਣੈ, ਮੋਖਾਚਾਰ ਪਛਾਣੇ।
ਤੇ ਤੋ ਵੇ ਪਰ ਸਹੀ ਗੁਨਾਹੀ, ਮਨ ਨੂੰ ਰੱਖ ਟਿਕਾਣੇ।... (ਪੱਤਰਾ ੧)

ਅੰਤ— ...ਭਉਜਲ ਬੇੜਾ ਸੋਈ ਲੰਘੇ, ਸਤਿਗੁਰ ਜਿਨ੍ਹਾ ਲੰਘਾਈ।
ਓਹੁ ਠਾਕੁਰ ਤੇ ਓਹੁ ਠਕੁਰਾਣੀ, ਹਿਕਮਤਿ ਲਖੀ ਨ ਜਾਈ।
ਜਨਮ ਮਰਨ ਕੇ ਦੁਖ ਤੇ ਛੁਟੇ, ਸਤਿਗੁਰ ਅੰਗ ਲਗਾਈ।
ਦਾਨਿਆ ਜੋ ਕਿਛ ਸਿਕ ਦਿਲ ਦੀ ਆਹੀ, ਸਤਿਗੁਰ ਆਸ ਪੁਜਾਹੀ॥
੧੧੨॥ ਕਥਾ ਕਾਨ੍ਹ ਗੁਜਰੀ ਦੀ ਪੂਰੀ ਹੋਈ। (ਪੱਤਰਾ ੫੦)
ਇਸ ਤੋਂ ਅੱਗੇ ੧੬ ਪੱਤਰਿਆਂ ਦੀ ਅਧੂਰੀ ਪੁਸਤਕ ਸਾਰ ਗੀਤਾ, ਫੇਰ ਪੱਤਰਾ ੧੮ ਤੋਂ ੨੧ ਤਕ ਕਮਲ ਨੇਤ੍ਰ ਸਤੋਤ੍ਰ ਇਹ ਦੋ ਰਚਨਾਵਾਂ ਦਰਜ ਹਨ।

(ਅ) **ਕੁੰਡਲੀਏ ਛੰਦ ਸ਼ਤਕ** (ਗਿਰਿਧਰ ਰਾਇ)

ਆਰੰਭ— ੧ਓ ਸ੍ਰੀ ਪਰਮਾਤਮਨੇ ਨਮ:। ਸ੍ਰੀ ਗੁਰ ਚਰਨ ਕਮਲੇ ਭਜੇ ਨਮ:।
ਅਥ ਕੁੰਡਲੀਏ ਛੰਦ ਸਤਕ ਲਿਖਜਤੇ। ਜਾ ਕੇ ਜਾਨੇ ਤੇ ਬਿਨਾ ਭਾਸਤ ਨਾਨਾਕਾਰ।... (ਪੱਤਰਾ ੧)

ਅੰਤ— ਉਪਜੈ ਦ੍ਰਿੜ ਸੰਤੋਖ, ਰਹੀਂ ਕਥਨੀ ਪੁਨ ਕਰਣੀ।
ਗਿਆਨ ਕਲਾ ਇਕ ਪ੍ਰਗਟੀ, ਮੂਲ ਅਵਿਦਜਾ ਹਰਣੀ।
ਕਹਿ ਗਿਰਿਧਰ ਨਿਜ ਪ੍ਰਿਤਕ ਵਿਦਜਾ ਸਤਕ ਸਮਾਪਤੰ। ਬਰਣ ਗੰਥਨ ਕੋ ਕਰੈ ਭਈ ਪ੍ਰਾਪਤਿ ਕੀ ਪ੍ਰਾਪਤਿ ॥੧੦੦॥
ਇਤ ਸ੍ਰੀ ਬ੍ਰਹਮ ਵਿਦਜਾ ਕੁੰਡਲੀਆ ਸਤਕ ਸਮਾਪਤੰ। (ਪੱਤਰਾ ੨੯)
ਇਸ ਤੋਂ ਅੱਗੇ ਉਪਦੇਸ਼ ਚਿਤਾਵਨੀ ਨਾਮੀ ਫੁਟਕਲ ਕਵਿਤਾ ਦਿੱਤੀ ਹੋਈ ਹੈ।

੬. (ੳ) ਕਾਨ੍ਹ ਗੂਜਰੀ ਦਾ ਝੇੜਾ (ਬਾਰਾਂ ਮਾਹਾਂ ਸ੍ਰੀ ਕ੍ਰਿਸ਼ਨ ਆਦਿ) (ਨੰ: ੪੧, ਪੰ. ਯੂ. ਚੰ.)

ਲੇਖਕ— ਨਾਮਾਲੂਮ। ਆਕਾਰ—$6\frac{1}{2}'' \times 4\frac{1}{2}''$, ਲਿਖਤ $4\frac{3}{4}'' \times 3''$।

ਵਰਵਾ— ਪੱਤਰੇ ਕਾਨ੍ਹ ਗੂਜਰੀ ਦਾ ਝੇੜਾ, ਬਾਰਾਂ ਮਾਹਾਂ ਆਦਿ ੨-੭੪ (੭੨), ਬੈਤਾਂ ਲਖੂ ਸ਼ਾਹ ਦੀਆਂ ੧੧, ਬੈਤਾਂ ਦਿਆਲ ਸਿੰਘ ਦੀਆਂ ੧੧-੨੭ (੧੭), ਬੈਤਾਂ ਸੱਸੀ ਪੁੰਨੂੰ ਦੀਆਂ (ਹਾਸ਼ਮ) ੧੦, ਵੈਦਕ ਦੇ ਨੁਸਖ਼ੇ ੨-੮ (੬) ਕੁੱਲ ਜੋੜ ੧੧੮; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਹਾਸ਼ੀਆਂ ਸਾਦਾ ਲਕੀਰਾਂ ਵਾਲਾ; ਜਿਲਦ ਟੁੱਟਣ ਕਰ ਕੇ ਪੱਤਰੇ ਕੁਝ ਅਸਤ-ਵਿਅਸਤ ਤੇ ਹਾਲਤ ਖ਼ਸਤਾ ਹੈ।

ਸਮਾਂ— ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ— ਨਾਮਾਲੂਮ।

ਆਰੰਭ— ਦਹ ਸਿਰ ਕੋ ਦਸ ਗਿਰ ਜੋ ਕਟੈ, ਹੋਨੀ ਲੰਕ ਲੁਟਾਈ।
ਰਾਜਾ ਭੋਜ ਹੋਣਾ ਦਾ ਥੇਟਾ ਤਿਸ ਨੂ ਲਗਾਮ ਚੜ੍ਹਾਈ।
ਕੈਰੋ ਪਾਂਡੋ ਮਹਾ ਸਿਅ ਨੇ ਤਿਨ੍ਹਾ ਭੀ ਨਾਹ ਮਿਟਾਈ ॥ ੬ ॥... (ਪੱਤਰਾ ੨)

ਅੰਤ— ਤ੍ਰੈ ਸੈ ਗੁਜਰੀ ਮਾਤ ਜਸੋਧਾਂ ਪਾਸ ਕਾਨ੍ਹ ਦੇ ਆਈ।
"ਕਹਾਂ ਤੁਮਾਰਾ ਜਤੁ ਰਹਿਆ ਪ੍ਰਭ ਜੀ, ਕਹਾਂ ਧਰੀ ਠਕੁਰਾਈ ?

ਤੀਨ ਲੋਕ ਮੈਂ ਮਹਿਮਾ ਤੁਮਰੀ, ਚਰਨ ਛੁਹੇ ਗਤ ਪਾਈ ।
ਬੀਬਾ ! ਦਹੀ ਦਹੀ ਕਰ ਬੇਚੇ ਜੋਬਨ, ਤਿਨ ਕੀ ਕਿਆ ਅਸਨਾਈ ॥ ੯੧ ॥"
ਕਾਨ੍ਹ ਕਹੈ, "ਸੁਣ ਮਾਤ ਜਸੋਧਾ ! ਬਿਰਹੁ ਕਾਨੀ ਲਾਈ ।
ਗੁਝੀ ਪੀੜ ਨ ਬਹਿਦਾ ਲੋਹੂ, ਹਿਕਮਤ ਲਖੀ ਨ ਜਾਈ ।
ਨੈਣੀ ਨੀਦ ਨ ਭੁਖ ਅਸਾ ਨੂ ਪਾਨ ਪਲਾ ਗਤ ਪਾਈ ।
ਗੁਜਰੀ ਮਿਲੈ ਤ ਕੋ ਦਮ ਜੀਵਾ, ਘਰ ਜਾਹ ਤੂ ਮੇਰੀ ਮਾਈ ॥ ੯੨ ॥
ਕਾਨ੍ਹ ਗੁਜਰੀ ਦਾ ਝੇੜਾ ਸੰਪੂਰਨੰ ॥ ੧੧੧੧੧ ॥ (ਪੱਤਰਾ ੨੨)

(ਅ) ਬਾਰਾਂ ਮਾਹਾਂ ਸ੍ਰੀ ਕ੍ਰਿਸ਼ਨ ਜੀ ਕਾ (ਕੇਸ਼ੋ ਗੁਣੀ)

ਆਰੰਭ— ੴ ਸ੍ਰੀ ਗੁਰ ਦੇਵ ਜੀ । ਹਰ ਅਥ ਬਾਰਾ ਮਾਹਾ ਸ੍ਰੀ ਕਿਸਨ ਜੀ ਦਾ ਲਿਖ੍ਯਤੇ ॥ ੧ ॥
ਦੋਹਰਾ ॥ ਚੇਤ ਉਠ ਚਲੇ ਕ੍ਰਿਸਨ ਜੀ ਰਾਧਾ ਭਈ ਬਿਹਾਲ ।.. (ਪੱਤਰਾ ੨੨)

ਅੰਤ— ਫਾਗਨ ਪ੍ਰਭੁ (ਜੀ) ਆਏ ਦੁਆਰੇ, ਚਰਨ ਗੋਪੀਆਂ ਫੜਿਆ ।
ਬਜੇ ਨਗਾਰੇ ਤੁਰੀ ਤੰਬੂਰੇ, ਠਾਕੁਰ ਜੀ ਫੇਰਾ ਕਰਿਆ ।
ਸਖੀ ਸਹੇਲੀ ਦੇਣ ਵਧਾਈਆ, ਅਜੁ ਦਿਨ ਭਾਗੀ ਭਰਿਆ ।
ਰਾਧੇ ਰੁਕਮਣ ਭਈ ਸਰਸ ਸੀ, ਠਾਕੁਰ ਜੀ ਮਹਲੀ ਵੜਿਆ ॥ ੧੨ ॥
ਸ੍ਰੀ ਕ੍ਰਿਸਨ ਜੀ ਕਾ ਬਾਰਾ ਮਾਹਾਂ ਸਪੂਰਨ ਹੋਇਆ । (ਪੱਤਰਾ ੩੩)

(ੲ) ਬਾਰਾਂ ਮਾਹਾਂ ਨੱਥ ਮੱਲ ਜੀ ਕਾ

ਆਰੰਭ— ਸ੍ਰੀ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾਂ ਨਥ ਮਲ ਜੀ ਦਾ ਲਿਖਤੇ ।
ਰਾਮ ਕਹੁ ਰਾਮ ਕਹੁ ਰੇ ਰਾਮ ਕਹੁ ਮਨਾ, ਰਾਮ ਕਾ ਨਾਮ ਦਰਿਆਉ ਬੇੜੀ ।
ਰਹੇਗਾ ਵਹੀ ਜਿਨ ਸਿਸਟਿ ਪੈਦਾ ਕਰੀ, ਅਉਰ ਸਭ ਹੋਹਿਗੇ ਖਾਕ ਢੇਰੀ ॥ ੧ ॥
ਚੇਤ ਮੇ ਚਿਤਵਨੀ ਕਰਿਤਿ ਹੈ ਗੁਾਰਨੀ, ਸਖੀ ਰੀ ਸਿਆਮ ਕੀ ਖਬਰ ਲਿਆਵੈ ।
ਛਾਡਿ ਅੰਡੇ ਚਲੀ ਕੂਜ ਦਨ ਖੰਡ ਮੇ, ਗਗਨ ਕੇ ਮੰਡਲ ਗੁਲਜਾਰਿ ਲਿਆਵੈ ।... (ਪੱਤਰਾ ੩੩)

ਅੰਤ— ਫਾਗਨੇ ਫਾਗ ਮਿਲ ਖੇਲਤੀ ਬ੍ਰਿਜ ਮੈ, ਉਡਤਿ ਗੁਲਾਲ ਅਬਹੀਆ ਮਹੋਰੀ ।
ਭਰਿ ਪਚਿਕਾਰੀਆ ਸਾਵਰੇ ਡਾਰੀਆ ਬਿਰਹਿ ਕੇ ਦਾਗ ਮਿਟ ਗਏ ਗੋਰੀ ।
ਤੇਲ ਫੁਲੇਲ ਸੋ ਲਾਇ ਕੇ ਮਿਲੀ, ਥਿਰ ਰਹੋ ਕਾਨ੍ਹ ਤੇਰੀ ਏਹ ਜੋਰੀ ।
ਕਹੈ ਨਥ ਮਲ ਭਗਵਾਨ ਕੀ ਦਇਆ ਸੋ, ਬਿਪ ਉਸਤਤ ਕਰੇ ਏਹ ਜੋਰੀ ॥ ੧੨ ॥
ਦੋਹਰਾ ॥ ਅੱਛਰ ਮਾਤ੍ਰ ਜੋ ਭੂਲੇ, ਸਭ ਤੁਮ ਹੀ ਲੇਹੁ ਸੁਵਾਰਿ ।
ਹਮ ਕੋ ਦੋਸ ਨ ਦੀਜੀਏ, ਹਮ ਖਿਨ ਖਿਨ ਭੂਲਨ ਹਾਰਿ ॥ ੧੩ ॥
ਅਥ ਬਾਰਾਂ ਮਾਹਾਂ ਨਥ ਮਲ ਜੀ ਕਾ ਸੰਪੂਰਨੰ । (ਪੱਤਰੇ ੩੬-੩੭)

(ਸ) ਬਾਰਾਂ ਮਾਹਾਂ (ਲੇਖਕ—ਨਾਮਾਲੂਮ)

ਆਰੰਭ— ਸ੍ਰੀ ਸਤਿਗੁਰ ਪ੍ਰਸਾਦਿ ॥ ਦੋਹਰਾ ॥ ਚੇਤ੍ਰ ਚਿੰਤਾ ਅਤਿ ਦੁਖੀ... (ਪੱਤਰਾ ੩੭)

ਅੰਤ— ਸਭੇ ਸਖੀ ਮਿਲੀ ਕੰਤ ਜੈਸੇ ਕਾਮ ਦੇ ਬਸੰਤ ਏਕੇ ਰਾਧੇ ਕੇਇ ਕਾਰੀ ਪਿਆਰੀ ਅਸਮਾ... (ਪੱਤਰਾ ੪੧)
ਅੱਗੇ ਪੱਤਰਾ ੪੨ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਬਾਰਾਂ ਮਾਹੇ ਦਾ ਨਹੀਂ ਮਿਲਦਾ।
ਪੱਤਰਾ ੪੩ ਤੋਂ ੪੫ ਉਤੇ ਸੇਖ ਫਰੀਦ ਆਦਿ ਦੀਆਂ ਫੁਟਕਲ ਬੈਤਾਂ ਦਰਜ ਹਨ ।

(ਹ) ਬਾਰਾਂ ਮਾਹਾਂ ਦਸੌਧੀ ਰਾਮ ਕਾ

ਆਰੰਭ— ਸ੍ਰੀ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾਂ ਲਿਖਤ ਦਸੌਧੀ ਰਾਮ ਕਾ ।
ਚੜ੍ਹੇ ਮਹੀਨੇ ਚੇਤ, ਕਿ ਕਰ ਲੈ ਰਾਮ ਕ੍ਰਿਸਨ ਸੌ ਹੇਤ,
ਕਿ ਤੈਨੂੰ ਕਹਦੇ ਸਾਧ ਹਮੇਸ, ਕਿਉਂ ਨਹੀਂ ਸਮਝਿਦਾ ।... (ਪੱਤਰਾ ੪੫)

ਅੰਤ— ਪੁਨ ਹਰੀ ਕ ਹਰਿ ਹਰਿ, ਕ੍ਰਿਸਨ ਨਾਮ ਕਿ ਮਨ ਸਮਝੀ
ਦਸਵੰਧੀ ਰਾਮ ਕੜ ਅਸਰਾਮ, ਜਗ ਵਿਚ ਕਰ ਲੈ ਜੋਗ ਧਿਆਨ ਨੂੰ ।

ਦਸਵੇਂਧੀ ਰਾਮ ਮਨ ਏਹੀ ਇਕ ਪਲਿ ਪਲਿ ਲਖਾ ਜੇਹੀ
ਮੁੜ ਕਰ ਸਾਹ ਨ ਪਉਂਦੇ ਦੇਹੀ ਹਰਿ ਜਸੁ ਗਾਵਦੇ ॥ ੧੨ ॥ (ਪੱਤਰਾ ੫੦)

(ਕ) ਬਿਰਹੀ ਬਾਰਾਂ ਮਾਹਾਂ ਭਰਥਰੀ ਕਾ (ਦਾਸ)

ਆਰੰਭ— ਸ੍ਰੀ ਸਤਿਗੁਰ ਪ੍ਰਸਾਦਿ । ਬਿਰਹੀ ਬਾਰਾਂ ਮਾਹਾਂ ਭਰਥਰੀ ਕਾ ।
ਦੋਹਰਾ ॥ ਆਇਆ ਚੇਤ ਬਸੰਤਿ ਰੁਤਿ, ਫੂਲੀ ਸਭ ਬਨ ਰਾਇ ।
ਸ੍ਰੀ ਗਪ੍ਰਬੀਰ ਕੇ ਬਿਰਹਿ ਦੁਖ, ਮੋ ਪੈ ਸਹਿਉ ਨ ਜਾਇ ॥ ੧ ॥
ਢੋਲਾ ॥ ਆਇਆ ਚੇਤ੍ਰ ਬਸੰਤਿ ਸੁਹਾਰਾ । ਮੈਂ ਘਰ ਨਾਹੀ ਸੋ ਪ੍ਰਾਨ ਪਿਆਰਾ ।... (ਪੱਤਰੇ ੫੦–੫੧)

ਅੰਤ— ਫਾਗਨ ਪ੍ਰਭੁ ਕਾ ਦਰਸੁ ਕਰਿ ਸੁਖ ਭ... (ਪੱਤਰਾ ੬੦)

ਇਸ ਤੋਂ ਅੱਗੇ ੧੦ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਬਾਰਾਂ ਮਾਹੇ ਦਾ ਨਹੀਂ ਮਿਲਦਾ। ਪੱਤਰਾ ੭੦ ਤੋਂ ੭੪ ਤਕ ਇਕ ਹੋਰ ਅਧੂਰਾ ਖ਼ੈਰੇ ਸ਼ਾਹ ਕਾ ਬਾਰਾਂ ਮਾਹਾਂ ਹੈ ਜਿਸ ਦੇ ਆਦਿ—ਅੰਤ ਦੇ ਪੱਤਰੇ ਨਾ ਹੋਣ ਕਰ ਕੇ ਛੇਕੜਲਾ ਪਾਠ ਨਹੀਂ ਮਿਲ ਸਕਿਆ ।

(ਖ) ਬੈਤਾਂ ਲੱਖੂ ਸ਼ਾਹ ਦੀਆਂ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਬੈਤਾਂ ਲਖੂ ਸਾਹਿ ਦੀਆਂ ਲਿਖਯਤੇ ।
ਅਲਫ ਆਜ ਮਹਬੂਬ ਦੀ ਸਕਲ ਬਾਝੋਂ, ਭਲੀ ਭਾਂਵਦੀ ਕੋਈ ਨਾ ਕਾਰ ਮੈਨੂੰ ।
ਖੁਲੇ ਕੇਸ ਲਟਕਦੇ ਭੇਸ ਮੈਲੇ, ਤਾਨੇ ਲਾਂਵਦਾ ਜਗ ਸੰਸਾਰ ਮੈਨੂੰ ।
ਰੰਦੇ ਨੈਨ ਨਾ ਚੈਨ ਦੀ ਰੈਨ ਆਵੇ, ਕੇਹਾ ਬਿਰਹੋਂ ਕੀਤਾ ਅਵਾਜਾਰ ਮੈਨੂੰ ।
ਖਾਣਾ ਪੀਵਣਾ ਮੂਲ ਨਾ ਸੁਝਿਦਾ ਹੀ, ਲੱਖੂ ਯਾਰ ਦਾ ਨਾਮ ਅਧਾਰ ਮੈਨੂੰ ॥੧ ॥... (ਪਤਰਾ ੧)

ਅੰਤ— ਸੂਬੇ ਸਾਹਿ ਸਾਈ ਅਪਣਾ ਕਰਮ ਕੀਤਾ, ਲਖੂ ਭੂਲੀ ਨੂੰ ਰਾਹ ਬਤਾਇਆਹੀ ॥ ੩੦ ॥
ਬੈਤਾਂ ਲਖੂ ਦੀਆ ਸਪੂਰਣੰ ਹੋਈਆ, ਭੁਲ ਚੁਕ ਮਾਫ਼ ਕਰਨੀ ।
ਅਛਰ ਮਾਤ੍ਰ ਜੋ ਭੂਲੇ, ਤੁਮ ਹੀ ਲੇਹੁ ਸੰਵਾਰ ।
ਹਮ ਕੋ ਦੋਸ ਨ ਦੀਜੀਓ, ਹਮ ਖਿਨ ਖਿਨ ਭੂਲਨ ਹਾਰ ॥ ੧ ॥
ਰਾਮ ਜੀ ਸਹਾਇ । ਸ੍ਰੀ ਵਾਹਗੁਰੂ ਜੀ । (ਪੱਤਰਾ ੧੧)

ਇਸ ਤੋਂ ਅੱਗੇ ਪੱਤਰਾ ੧੧ ਤੋਂ ੨੧ ਤਕ ਬੈਤਾਂ ਦਿਆਲ ਸਿੰਘ ਦੀਆਂ, ਫੇਰ ੧੦ ਪੱਤਰਿਆਂ ਉਤੇ ਬੈਤਾਂ ਹਾਸ਼ਮ ਦੀ ਸੱਸੀ ਦੀਆਂ ਤੇ ਅੰਤ ਵਿਚ ਕੁਝ ਪੱਤਰੇ ਫੁਟਕਲ ਦਵਾਈਆਂ ਦੇ ਲੱਗੇ ਹੋਏ ਹਨ ।

੭. **ਕ੍ਰਿਸ਼ਨਾਵਲੀ** (ਨੰ: ੧੧੩. ਪੰ. ਯੂ. ਚੰ.)

ਲੇਖਕ— ਮਹਾਕਵੀ ਤੁਲਸੀ ਦਾਸ। ਆਕਾਰ—$7\frac{1}{4}'' \times 5\frac{1}{4}''$, ਲਿਖਤ $5'' \times 3\frac{3}{4}''$ ।

ਵੇਰਵਾ— ਪੱਤਰੇ ੨੫; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੦੭ ਬਿ.। ਲਿਖਾਰੀ—ਨਾਮਾਲੂਮ।

ਆਰੰਭ—੧ਓ ਸ੍ਰੀ ਗਣੇਸਾਯ ਨਮ: । ਅਥ ਕ੍ਰਿਸਨਾਵਲੀ ਲਿਖਯਤੇ ॥ ਰਾਗੁ ਬਿਲਾਵਲ ॥
ਮਾਤਾ ਲੇ ਉਛੰਗ ਗੋਵਿੰਦ ਮੁਖ ਬਾਰ ਬਾਰ ਨਿਰਖੈ । (ਪੱਤਰਾ ੧)

ਅੰਤ— ਤੁਲਸੀ ਕੋ ਨ ਹੋਇ ਸੁਨਿ ਕੀਰਤਿ ਕ੍ਰਿਸਨ ਕ੍ਰਿਪਾਲ ਭਕਤਿ ਪਥ ਰਾਜੀ ॥ ੬੧ ॥
ਇਤਿ ਸ੍ਰੀ ਕ੍ਰਿਸਨਾਵਲੀ ਸੰਪੂਰਨੰ ਸੁਭਮਸਤ। ਸੰਮਤ ੧੯੦੭ ਵਿਸਾਖ ਸੁਦੀ ੧੫ ਵੀਰਵਾਰ ਸਮਾਪਤੋਯੰ ।
(ਪੱਤਰਾ ੨੫)

੮. **ਗਰਭ ਗੀਤਾ** (ਕਥਾ ਸਤਿਜੁਗ ਕੀ ਆਦਿ ਸਮੇਤ) (ਨੰ: ੨੧੦, ਪ੍ਰੋ. ਪ੍ਰੀ. ਸਿ.)

ਲੇਖਤ— ਨਾਮਾਲੂਮ । ਆਕਾਰ— $8\frac{3}{4}'' \times 5\frac{1}{2}''$, ਲਿਖਤ $6\frac{1}{2}'' \times 4\frac{1}{4}''$ ।

ਵੇਰਵਾ— ਪੱਤਰੇ ਗਰਭ ਗੀਤਾ ਦੇ ੧੬, ਕਥਾ ਸਤਿਜੁਗ ਕੀ ੧੭-੪੫ (੨੯), ਧਿਆਉ ਬਿਹੰਗਮ ਕਾ ੪੬-੫੯ (੧੪), ਜਪੁ ਪਰਮਾਰਥ ੬੦-੧੦੪ (੪੫); ਪ੍ਰਤੀ ਸਫ਼ਾ ੧੨ ਸਤਰਾਂ ਕਾਗ਼ਜ਼ ਦੇਸੀ; ਲਿਖਤ ਸਿੱਧੀ-ਸਾਦੀ, ਜੋ ਕੁਝ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਲਿਖਤ ਸੌ ਕੁ ਸਾਲ ਪੁਰਾਣੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ਸ੍ਰੀ ਗੁਰ ਕੇ ਚਰਨਾਰਬਿੰਦ ਨਮਸਤੁਤੇ । ਸ੍ਰੀ ਗਣੇਸਾਇ ਨਮਾ: ।
ਅਬ ਗਰਭ ਗੀਤਾ ਲਿਖਜਤੇ । ਅਰਜਨ ਸ੍ਰੀ ਕ੍ਰਿਸਨ ਜੀ ਪਾਸਹੁ ਪ੍ਰਸ਼ਨ ਪੂਛਤਾ ਹੈ। ਸ੍ਰੀ ਕ੍ਰਿਸਨ ਉਤਰ ਦੇਤਾ ਹੈ । (ਪੱਤਰਾ ੧)

ਅੰਤ— ਹੇ ਅਰਜੁਨ ! ਮਾਨੁਖ ਕੇ ਸਰੀਰ ਮਹਿ ਸਾਢੀਆ ਤਿਨ ਕਰੋੜੀ ਰੂਮਾਵਲੀ ਹੈ ਤਉ ਲਗਿ ਨਰਕ ਜਾਇਗਾ । ਹਮ ਕਉ ਦੋਖ ਨਾਹੀ ਦੇਵਣਾ। ਇਤਿ ਸ੍ਰੀ ਗਰਭ ਗੀਤਾ ਬੈਸਨਵਾ ਲਖਜਣ ਪੁੰਨ ਪਾਪ ਬੀਚਾਰੇ ਸ੍ਰੀ ਕ੍ਰਿਸਨਾਰਜੁਨ ਸੰਬਾਦੇ ਗਰਭ ਗੀਤਾ ਸੰਪੂਰਣੰ ਸਮਾਪਤੰ ॥ (ਪੱਤਰਾ ੧੬)

(ਅ) ਕਥਾ ਸਤਿਜੁਗ ਕੀ* (ਲੇਖਕ—ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਕਥਾ ਸਤਜੁਗ ਕੀ । ਜਬ ਰਾਜੇ ਜਨਮੇਜੇ ਕਉ ਅਠਾਰਹ ਕੁਸਟ ਹੂਏ ਥੇ, ਬ੍ਰਾਹਮਣ ਮਾਰੇ ਥੇ । ਤਬ ਕੁਸਟ ਉਤਾਰਨੇ ਕੇ ਨਿਮਿਤਿ ਗੁਸਾਈ ਬਿਆਸ ਕਥਾ ਸੁਣਾਵਣੇ ਲਾਗਾ, ਏਹ ਕਥਾ ਤੇਰ੍ਹਵੀ ਹੈ ॥ ੧੩ ॥ (ਪੱਤਰਾ ੧੭)

ਅੰਤ— ਰਾਜੇ ਜਨਮੇਜੇ ਜੀ ਕਉ ਗੁਸਾਈ ਬਿਆਸ ਕਥਾ ਕਰ ਕੈ ਸੁਨਾਈ। ਤਿਸ ਸੁਣਿਤੇ ਕੁਸਟੁ ਉਤਰ ਗਏ। ਏਹੁ ਨਾਸਕੇਤੁ ਕੀ ਕਥਾ ਸਮਾਪਤੰ । ਬੋਲਹੁ ਭਾਈ ਸੰਤਹੁ ! ਰਾਮ ਰਾਮ ਰਾਮ ਸਤਿ। (ਪੱਤਰਾ ੪੫)

(ੲ) ਰਾਮਕਲੀ ਧਿਆਉ ਬਿਹੰਗਮ ਕਾ (ਲੇਖਕ—ਗੁਰੂ ਨਾਨਕ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਰਾਗੁ ਰਾਮਕਲੀ ਧਿਆਉ ਬਿਹੰਗਮ ਮਹਲਾ ੧। ਗੋਸਟਿ ਨਿਰੰਕਾਰ ਨਾਲਿ ਹੋਈ। ਬਾਬੇ ਨਾਨਕ ਕੀਤੀ । ਤਬ ਧਰਤੀ ਅਕਾਸ ਕਿਛੁ ਨਾਹ ਸੀ। ਪਉਣ ਪਾਣੀ ਭੀ ਨਾਂਹ ਸੀ। ਚੰਦ ਸੂਰਜ ਭੀ ਨਾਂਧ ਸੀ। ਇਕੁ ਨਿਰੰਕਾਰਿ ਨਿਆਰਾ ਸੀ। ਏਕ ਸਉ ਚਉਤਾਲੀਹ ਜੁਗ ਵਰਤਾਰਾ ਵਰਤਿਆ ਸੀ। ਛਿਆ ਗੁਰ ਪਕੇ ਪੈਦੈ ਹੋਏ ॥੧॥ ਏਕ ਨਿਰੰਕਾਰੁ ॥੨॥ ਦੂਜੀ ਕੁਦਰਤਿ ॥੩। ਤੀਜਾ ਅਗਮੁ ॥ ੪ ॥ ਚਉਥਾ ਅਗੋਚਰੁ ॥੫॥ ਪੰਜਵਾਂ ਉਦਮੁ ॥ ੬ ॥ ਛਿਆ ਉਦਮਾਦੁ। ਏ ਪਕੇ ਗੁਰ ਹੈਨਿ, ਬਿਨਸਣਿ ਕੇ ਨਾਹੀ । (ਪੱਤਰਾ ੪੬)

ਅੰਤ— ਨਿਰਬਾਣ ਬਾਣੀ ਕਾ ਰੂਪ ਕੈਸਾ ਹੈ? ਜੈਸੀ ਬ੍ਰਿਖ ਦੀ ਛਾਇਆ ਹੈ ਐਸਾ ਉਸ ਕਾ ਰੂਪ ਹੈ । (ਪੱਤਰਾ ੫੬)

(ਸ ਜਪੁ ਪਰਮਾਰਥ (ਟੀਕਾਕਾਰ—ਨਾਮਾਲੂਮ)

ਆਰੰਭ—...ਰੀ ਕਰਣੀ। ਪ੍ਰਿਥਮੀ ਮੇਰੇ ਨਾਇ ਲਾਵਣੀ । ਉਪਦੇਸੁ ਧਰਮੁ ਦਿੜਾਵਣਾ। ਨਾਮੁ ਦਾਨੁ ਇਸਨਾਨੁ ਦਇਆ ਧਰਮ ਦਿੜਾਵਣਾ। ਸੀਲ ਸੰਤੋਖ ਕਮਾਵਣਾ । ਗਰਿਸਤ ਬੈਰਾਗੁ ਖੇਲਣਾ । ਪਾਰਬ੍ਰਹਮੁ ਕੀ ਆਗਿਆ ਹੈ—ਪੰਥ ਬਧਾਵਣਾ, ਧਰਮ ਸਾਲਾ ਬੰਧਣੀਆ । (ਪੱਤਰਾ ੬੦)

ਅੰਤ— ...ਜਪੁ ਬਾਬੇ ਨਾਨਕ ਕਾ ਹੈ, ਉਸਤਤਿ ਬਾਬੇ ਨਾਨਕ ਕੀਤੀ ਪਰਮੇਸਰਿ ਕੀ। ਵਾਹੁਗੁਰੂ ਜੀ ਜਪੁ ਸੰਪੂਰਨੁ ਹੋਇਆ ॥ ੧ ॥ (ਪੱਤਰਾ ੧੦੪)

ਇਸ ਤੋਂ ਅੱਗੇ ਕਿਸੇ ਹੋਰ ਕਲਮ ਤੋਂ "ਰਾਗ ਸੂਹੀ ਮਹਲਾ ੫ ਘਰ ੬" ਦੇ ਸਿਰਲੇਖ ਹੇਠ ਇਹ ਸ਼ਬਦ ਦਿੱਤਾ ਹੋਇਆ ਹੈ:—

"ਸਤਿਗੁਰ ਪਾਸ ਬੇਨੰਤੀਆਂ ਮਿਲੈ ਨਾਮੁ ਅਧਾਰਾ ।
ਤੁਠਾ ਸਚਾ ਪਾਤਸਾਹੁ ਤਾਪੁ ਗਇਆ ਸੰਸਾਰਾ ।...
ਗੁਰ ਨਾਨਕ ਮਿਲਿਆ ਪਾਰਬ੍ਰਹਮ, ਤੇਰਿਆ ਚਰਣਾ ਕੋ ਬਲਹਾਰਾ ॥"

(ਨੰ. ੮੮, ਪੰ. ਯੂ. ਚੰ.)

੯. ਗੀਤ ਗੋਵਿੰਦ ਕਾਵਜ (ਅੱਖਰ ਗੁਰਮੁਖੀ ਤੇ ਬੋਲੀ ਸੰਸਕ੍ਰਿਤ)

ਲੇਖਕ-ਕਵੀ ਜਯ ਦੇਵ। ਆਕਾਰ—$5\frac{1}{2}'' \times 4''$, ਲਿਖਤ $4'' \times 2\frac{1}{2}''$ ।

ਵੇਰਵਾ-ਪੱਤਰੇ ੭੯: ਪ੍ਰਤੀ ਸਫ਼ਾ ੬ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ: ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ, ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ- ਸੌ ਕੁ ਸਾਲ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ-ਨਾਮਾਲੂਮ।

ਆਰੰਭ- ੧ਓ ਸਤਿਗੁਰ ਪ੍ਰਸਾਦਿ। ਓਅੰ ਸ੍ਰੀ ਗਣੇਸਾਯ ਨਮ: । ਸ੍ਰੀ ਗੀਤ ਗੋਵਿੰਦਾਯ ਨਮ:। ਓਅੰ ਮੇਘੈਰਮੇ ਦੁਰਮੰਬਰੰ... (ਪੱਤਰਾ ੧)

*ਅੰਤ ਵਿਚ ਇਸ ਪੁਸਤਕ ਦਾ ਨਾਮ 'ਨਾਸਕੇਤ ਕੀ ਕਥਾ' ਦਿੱਤਾ ਹੈ।

ਅੰਤ— ਸਰਨ ਜਾਹਿ ਤੂ ਸੁਧੀਯ ਸ੍ਰੀ ਗੀਤ ਗੋਵਿੰਦਤ: । ਇਤਿ ਸ੍ਰੀ ਪੁਰਖੋਤਮੇ ਨਾਮ ਤ੍ਰਿਯੋਦਸ: ਸਰਗ: ਗੀਤ ਗੋਬਿੰਦ ਸਮਾਪਤ: ਸੁਭਮਸਤੁ । ਸ੍ਰੀ ਰਾਮਾਯ ਨਮ: । ਸ੍ਰੀ ਰਾਧਾ ਕ੍ਰਿਸਨਾਯ ਨਮ: ॥੧॥ (ਪੱਤਰਾ ੭੯)

੧੦. (ੳ) ਗੀਤਾ ਸਾਰ (ਸ੍ਰੀ ਮਦ ਭਗਵਤ ਗੀਤਾ ਸਮੇਤ) (ਨੰ. ੩੯੦, ਪੰ. ਆ.)

ਲੇਖਕ— ਨਾਮਾਲੂਮ । ਆਕਾਰ—6¾" × 4½", ਲਿਖਤ 3½" × 2½" ।

ਵੇਰਵਾ— ਪੱਤਰੇ ੭੬, ਜਿਨ੍ਹਾਂ ਵਿਚੋਂ ੬੭ ਤੇ ੬੯ਵੇਂ ਅੰਕ ਦੇ ਪੱਤਰੇ ਗੁਮ; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਬੇ-ਪਰਵਾਹੀ ਨਾਲ ਲਿਖੀ ਹੋਣ ਕਰ ਕੇ ਕਈ ਥਾਵੀਂ ਅਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਸਿਰਲੇਖਾਂ ਲਈ ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਮੁੱਢਲੇ ਪੱਤਰੇ ਫਟੇ ਹੋਏ ਤੇ ਮੁੱਢਲੇ ਪੱਤਰਿਆਂ ਸਮੇਤ ਸਾਰੇ ਪੱਤਰੇ ਟਿਸ਼ੂ ਪੇਪਰ ਲਾ ਕੇ ਵਿਗਿਆਨਕ ਢੰਗ ਨਾਲ ਨਵੇਂ ਸਿਰਿਓਂ ਮੁਰੰਮਤ ਕੀਤੇ ਹੋਏ ਜਿਸ ਕਰ ਕੇ ਹਰੇਕ ਸਫ਼ੇ ਦਾ ਹਾਸ਼ੀਆ ਕੁਦਰਤੀ ਤੌਰ ਤੇ ਵਧ ਗਿਆ ਹੈ; ਪੁਸਤਕ ਆਦਿ-ਅੰਤ ਤੋਂ ਨਾ ਮੁਕੰਮਲ, ਪਰ ਨਵੀਂ ਜਿਲਦ ਹੋਣ ਕਰ ਕੇ ਅੱਛੀ ਹਾਲਤ ਵਿਚ ਹੈ।

ਸਮਾਂ— ਪੁਸਤਕ ਡੇਢ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— (ਕ੍ਰਿ)ਸਨ ਭਗਵਾਨ ਜੀ ਪਹਿ ਪ੍ਰਸਨ... (ਪੱਤਰਾ ੧)

ਅੰਤ— ਜੋ ਕੋਈ ਨਾਰਾਇਣ ਜੀ ਕਾ ਧਿਆਨ ਕਰੈ, ਸੋ ਭੀ ਵਿਸਨ ਕੇ ਵਿਦਮਾਨ ਜਾਇ ਪ੍ਰਾਪਤਿ ਹੋਇ । ਇਸ ਤੇ ਬਹੁਤ ਕਿਆ ਕਹੋਂ । ਇਤਿ ਸ੍ਰੀ ਭਗਵਤ ਗੀਤਾਸੂਉਪਨਿਖਤਸੁ ਬ੍ਰਹਮ ਵਿਦਿਆਯਾਂ ਯੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਗੀਤਾ ਸਾਰ ਸੰਪੂਰਣੰ । ਸੁਭਮਸਤੁ ।... (ਪੱਤਰੇ ੧੧-੧੨)

(ਅ) ਸ੍ਰੀ ਮਦ ਭਗਵਤ ਗੀਤਾ (੮ਵੇਂ ਤੋਂ ੧੦ਵੇਂ ਅਧਿਆਇ ਤਕ ਮਹਾਤਮ ਸਮੇਤ)

ਆਰੰਭ—ਓੰ ਸ੍ਰੀ ਗਣੇਸਾਇ ਨਮ: । ਆਗੇ ਗੀਤਾ ਕਾ ਅੰਠਮਾ ਧਿਆਇ ਚਲਿਆ । ਅਰਜਨੋਵਾਚ । ਸ੍ਰੀ ਕ੍ਰਿਸਨ ਭਗਵਾਨ ਜੀ ਕੇ ਅੰਮ੍ਰਿਤ ਵਚਨ ਸ੍ਰੀ ਮੁਖਾਰਬਿੰਦ ਤੇ ਸੁਨ ਕਰਿ ਅਰਜਨ ਬੋਲਤ ਭਇਆ ਹੈ ।... (ਪੱਤਰਾ ੧੨)

ਅੰਤ— ...ਪਾਰ ਬ੍ਰਹਮ ਪੂਰਨ ਪਰਧਾਨ ਪੁਰਖ ਤੇਰੈ ਹਥ ਪਰ ਬਿਰਾਜਤ ਹੈ । ਇਤ ਸ੍ਰੀ ਭਗਵਤ ਗੀਤਾਸੁ... ਸ੍ਰੀ ਕ੍ਰਿਸਨ ਅਰਜਨ ਸੰਬਾਦੇ ਬਿਭੂਤ ਜੋਗ ਦਸਮੋ ਧਿਆਇ ਸਪੂਰਨ ਹੋਇਆ । (ਪੱਤਰਾ ੭੩)

..."ਇਹ ਹੰਸ ਕਾ ਪ੍ਰਸੰਗ ਮੈ ਸੁਣਾਵਤੀ ਹਾਂ ।" ਤਬ ਸ੍ਰੀ ਮਹਾਦੇਵ ਜੀ ਬੋਲੇ ।... (ਪੱਤਰਾ ੭੬)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ ਤੇ ਇਹ ਪੁਸਤਕ ਅਧੂਰੀ ਹੈ ।

੧੧. (ੳ) ਗੀਤਾ ਸਾਰ (ਸੂਰਜ ਸਤੋਤ੍ਰ ਸਮੇਤ) (ਨੰ. ੩੯੧, ਪੰ. ਆ.)

ਲੇਖਕ—ਨਾਮਾਲੂਮ । ਆਕਾਰ—2½" × 2", ਲਿਖਤ 2" × 1½" ।

ਵੇਰਵਾ—ਪੱਤਰੇ ੪੭; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੱਤਰੇ ੧, ੧੦, ੧੧, ੧੩, ੨੦ ਗੁਮ ਤੇ ੩੫ਵਾਂ ਪੱਤਰਾ ਪੁਸਤਕ ਨਾਲੋਂ ਫਟ ਕੇ ਦੋ-ਤਿਹਾਈ ਲੱਥਾ ਹੋਇਆ; ਪੱਤਰੇ ਫਟਣ ਤੇ ਜਿਲਦ ਦੇ ਟੁੱਟਣ ਕਰ ਕੇ ਪੁਸਤਕ ਖ਼ਸਤਾ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੭੫ ਬਿ. । ਲਿਖਾਰੀ—ਨਾਮਾਲੂਮ ।

ਆਰੰਭ— (ਪਹਿਲਾ ਪੱਤਰਾ ਗਵਾਚਾ ਹੋਇਆ ਛੱਡ ਕੇ)... ਅਰ ਅਸਥਾਨ ਤਿੰਸ ਕੇ ਸੁਨਣ ਕੋ ਅਤ ਬਾਂਛਾ ਹੈ। ਤੁਮ ਕ੍ਰਿਪਾ ਕਰਿ ਨਿਰੂਪਣ ਕਰਹੁ ।... (ਪੱਤਰਾ ੨)

ਅੰਤ— ...ਪਾਠ ਮਾਤ੍ਰ ਕਰੈ ਸੋ ਭੀ ਬਿਸਨ ਕੇ ਬਿਦਮਾਨ ਜਾਇ ਪ੍ਰਾਪਤ ਹੋਇ ਹੈ । ਇਸ ਕੇ ਆਗੇ ਕਿਆ ਕਹੋ । ਇਤਿ ਸ੍ਰੀ ਭਗਵਤ ਗੀਤਾ ਸੂਪਨਿਖਤਸੁ ਬ੍ਰਹਮ ਵਿਦਿਆ ਜੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਪਰਮਹੰਸ ਸਹਿਤਾਇ ਗੀਤਾ ਸਾਰ ਸਮਾ (ਪ)ਤੇ ॥੧॥ (ਪੱਤਰੇ ੩੨-੩੩)

(ਅ) ਸੂਰਜ ਸਤੋਤ੍ਰ (ਕ੍ਰਿਤ ਕਵੀ ਟਹਿਕਨ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸੂਰਜਿ ਅਸਤੋਤ੍ਰ ਲਿਖਤੇ ਨਮ: ।
ਦੋਹਰਾ ॥ ਅਤਿ ਅਸਿਚਰਜ ਮਨਿ ਕੁਸ ਲਵ ਭਏ, ਸੈਨਾ ਦੇਖ ਵਿਸਾਲ ।
ਕੈਸੇ ਇਨ ਕੋ ਜੀਤੀਏ, ਮਨਿ ਵਿਚ ਕਰੈ ਬੀਚਾਰ ।... (ਪੱਤਰੇ ੩੩-੩੪)

ਅੰਤ— ...ਸੂਰਜ ਅੰਤ੍ਰਿ ਧਿਆਨਿ ਹੋਏ, ਗਿਉ ਗੁ(ਹ)ਜ ਨਿਜ ਧਾਮ ।
ਰਥ ਚੜ੍ਹ ਲਵ ਕੁਸ ਸਸਤ੍ਰ ਗਹਿ, ਚਲੇ ਕਰਣ ਸੰਗ੍ਰਾਮ ॥੧॥
ਇਤ ਸ੍ਰੀ ਭਾਰਥ ਪਰਬਣੇ ਅਸਮੇਧ ਵਿਖਿਆਨ ।
ਪੂਰਣ ਧਿਆਇ ਛਿਤੀਸਮਾ. ਕਵ ਟਹਿਕਣ ਜੀਅ ਜਾਨ ॥
ਇਤ ਸ੍ਰੀ ਰਾਮ ਜੀ । ਸੂਰਜਾਇ ਨਮਾ: ਸੰਮਤ ੧੮੭੫ (ਪੱਤਰੇ ੪੬-੪੭)

(ਨੰ. ੫੫੮, ਪੰ. ਆ.)

੧੨. ਗੋਬਿੰਦ ਗੀਤਾ

ਲੇਖਕ—ਰਿਖੀ ਬਿਆਸ । ਅਨੁਵਾਦਕ—ਕਵੀ ਕ੍ਰਿਸ਼ਨ ਲਾਲ । ਆਕਾਰ—$7\frac{1}{2}'' \times 5\frac{1}{2}''$, ਲਿਖਤ $5'' \times 3\frac{1}{2}''$ ।

ਵੇਰਵਾ— ਪੱਤਰੇ ੩੬੮; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਖ਼ਾਕੀ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਪਰ ਕਈ ਥਾਵੇਂ ਅਸ਼ੁੱਧੀਆਂ ਵੀ ਹਨ ਜੋ ਹਾਸ਼ੀਏ ਉਤੇ ਹੋਰ ਕਲਮ ਤੋਂ ਦਰੁਸਤ ਕੀਤੀਆਂ ਹੋਈਆਂ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਅੰਕ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ- ਸੌ ਕੁ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ । ਸਥਾਨ-ਨਾਮਾਲੂਮ ।

ਆਰੰਭ- ੧ੴ ਤਤ ਸਤ ਸ੍ਰੀ ਪਰਮਾਤਮਾਏ ਨਮ: । ਸ੍ਰੀ ਗੀਤਾ ਜੀ ਗ੍ਰਿਥ ਅਠਾਰਹਿ ਧਿਆਇ ਲਿਖਿਤੇ । ਓਅੰ ਸੋਹੰ ਗੋਬਿੰਦ... (ਪੱਤਰਾ ੧)

ਰਾਜੇ ਐਸੇ ਭਾਖਿਆ, "ਸੁਨਹੋ ਸੰਜੈ ਮੀਤ !
ਮੇਰੇ ਸੁਤ ਅਰ ਪੰਡੁ ਕੇ, ਤਿਨ ਅਬ ਕਿਆ ਕਛੁ ਕੀਤ" ॥੨੧॥... (ਪੱਤਰਾ ੩)

ਅੰਤ— ਗੀਤਾ ਸਰੂਪ ਕੀ ਭਾਖਾ, ਅਨੰਦ ਗੜ੍ਹ ਮੈ ਕੀਨ ।
ਖਾਲਸੇ ਕੇ ਉਪਦੇਸ ਕੋ, ਕਹੀ 'ਕ੍ਰਿਸਨ' ਪਰਬੀਨ ॥੧੪੫॥... (ਪੱਤਰਾ ੩੫੭)
ਫੇਰ ਨਿਰਵਾਰ ਦਿਸਾ ਕੋ ਕਹੋਂ । ਅਪਨੇ ਸੁਖ ਮੈ ਆਪ ਹੀ ਰਹੋਂ ॥੧੫੪॥ ਸੰਪੂਰਨੰ ਅਠਾਰਹ ਧਿਆਇ ।
ਅਠਾਰਹ ਧਿਆਇ ਸੰਪੂਰਨ ਭਏ । ਪੜ੍ਹੇ ਸੁਨੇ ਸਭ ਪਾਤਕ ਗਏ ।
ਜੇ ਕੋ ਧਾਰੇ ਮਨ ਕੇ ਮਾਹਿ । ਤਾਤਕਾਲ ਸਭ ਫਲ ਵਹੁ ਪਾਇ ॥੧॥
ਇਤਿ ਸ੍ਰੀ ਗੀਤਾ ਜੀ ਕਾ ਅਠਾਰਹਿ ਧਿਆਇ ਗੋਬਿੰਦ ਸਿੰਘ ਮੁਖ ਵਾਕ ਸੰਪੂਰਨੰ ਸੁਭੰ ॥੧੮॥ (ਪੱਤਰੇ ੩੫੯-੬੦)
ਅਵਸ ਕਰਿ ਗੀਤਾ ਕਾ ਪਾਠ ਕਰੀਐ ਯਾ ਸ੍ਰਵਨ ਕਰੀਐ, ਤਰਾ ਤਿਨਾ ਜੀਆਂ ਕੀ ਕਲਿਆਣ ਹੋਵੈਗੀ ॥੧॥
ਇਤਿ ਸ੍ਰੀ ਗੀਤਾ ਮਹਾਤਮਨੇ ਗੋਬਿੰਦ ਗੀਤਾ ਸੰਪੂਰਨੰ । ਪੜ੍ਹੇ ਸੁਨੇ ਮੋਖ ਪਦਵੀ ਪਾਵਤੇ ਸਮਾਪਤੰ । (ਪੱਤਰਾ ੩੬੮)

੧੩. ਦ੍ਰੋਪਤੀ ਚਰਿਤ੍ਰ (ਨੰ. ੨੮੩, ਭਾ. ਵਿ.)

ਲੇਖਕ— ਕਵੀ ਬਾਵਾ ਰਾਮ ਦਾਸ । ਆਕਾਰ—$5\frac{1}{2}'' \times 8''$, ਲਿਖਤ $3\frac{1}{2}'' \times 5\frac{1}{2}''$ ।

ਵੇਰਵਾ— ਪੱਤਰੇ ੧੯; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਕੁਝ ਪੱਤਰੇ ਕਿਰਮ ਖ਼ੁਰਦਾ, ਜਿਸ ਕਰ ਕੇ ਕਈ ਥਾਵੀਂ ਵੱਡੇ ਵੱਡੇ ਛੇਕ ਪਏ ਹੋਏ, ਪਰ ਫੇਰ ਵੀ ਪੁਸਤਕ ਪਾਠ ਕਰਨ ਜੋਗ ਤੇ ਅੱਛੀ ਹਾਲਤ ਵਿਚ ਹੈ ।

ਸਮਾਂ- ਸੰਮਤ ਕਿਤੇ ਦਰਜ ਨਹੀਂ ਹੈ । ਲਿਖਾਰੀ-ਨਾਮਾਲੂਮ ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਅਥ ਦ੍ਰੋਪਤੀ ਚਲਿਤ੍ਰ ਲਿਖ੍ਯਤੇ ।
ਇੰਦ੍ਰ ਪ੍ਰਸਤ ਕੇ ਮਾਹਿ ਪਾਂਡਵਾਂ ਜੱਗ ਰਚਾਯੋ ।... (ਪੱਤਰਾ ੧)

ਅੰਤ- ਇਹ ਲੀਲਾ ਸ੍ਰੀ ਕ੍ਰਿਸਨ ਕੀ, ਜੋ ਗਾਵੈ ਕਰ ਪਿਆਰ ।
ਰਾਮ ਦਾਸ ਭੌਜਲ ਕਠਿਨ, ਪਰੈ ਪਲਕ ਮੈ ਪਾਰ ॥੮੮॥
ਇਤੀ ਸ੍ਰੀ ਦ੍ਰੋਪਤੀ ਚਲਿਤ੍ਰ ਸੰਪੂਰਨੰ ਸਮਾਪਤੰ । (ਪੱਤ੍ਰਾ ੧੯)

੧੪. (ੳ) ਪਾਂਡਵ ਗੀਤਾ (ਆਦਿ ਗੀਤਾ ਸਮੇਤ) (ਨੰ. ੩੫੧, ਭਾ. ਵਿ.)

ਲੇਖਕ—ਨਾਮਾਲੂਮ । ਅਨੁਵਾਦਕ—ਨਾਮਾਲੂਮ ।

ਵੇਰਵਾ—ਪੱਤਰੇ ਪਾਂਡਵ ਗੀਤਾ ਦੇ ੧੯, ਆਦਿ ਗੀਤਾ ੭੬, ਫੁਟਕਲ ਛੰਦ ੭੬-੭੮ (੨); ਪ੍ਰਤੀ ਸਫ਼ਾ ੮-੧੧ ਸਤਰਾਂ; ਕਾਗਜ਼ ਦੇਸੀ ਲਿਖਤ ਸਾਫ਼ ਤੇ ਸ਼ੁੱਧ, ਪਰ ਕਈ ਹੱਥਾਂ ਦੀ ਲਿਖੀ ਹੋਈ; ਹਾਸ਼ੀਆ ਸਾਦਾ ਬਿਨਾਂ ਲਕੀਰਾ ਦੇ; ਸਿਰਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਜਿਲਦ ਟੁੱਟਣ ਕਰ ਕੇ ਫੁਟਕਲ ਛੰਦਾਂ ਦਾ ਆਖ਼ਰੀ ਪੱਤਰਾ ਫਟ ਕੇ ਲਹਿਆ ਹੋਇਆ ।

ਸਮਾਂ— ਸੌ ਕੁ ਸਾਲ ਪੁਰਾਣੀ ਲਿਖਤ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸ੍ਰਸਤੀ ਗਣੇਸਾਇ ਨਮ: । ਪਾਂਡਵ ਗੀਤਾ ਲਿਖ੍ਯਤੇ । ਪਾਂਡਵ ਵਾਚ । ਪ੍ਰਹਿਲਾਦੁ ਨਾਰਦ

ਪਾਰਾਜਰ, ਪੰਡਰੀਕ, ਬਿਆਸ, ਅੰਬਰੀਕ, ਸੁਕਰ, ਸਉਨਕ, ਭੀਖਮ... ਰੁਕਮਾਂਗਦ, ਅਰਜਨ, ਬਸਿਸਟ, ਬਿਭੀਖਨ ਅਉਰੁ ਜੋ ਭਗਤ ਪ੍ਰੇਮੀ ਠਾਕੁਰ ਕੇ ਹੈ ਤਿਨ ਕਉ ਮੇਰੀ ਨਮਸਕਾਰ ਹੈ।... (ਪੱਤਰਾ ੧)

ਅੰਤ— ਜੋ ਇਹੁ ਪਾਂਡੋ ਗੀਤਾ ਕਉ ਪ੍ਰਾਤਕਾਲ ਸਦਾ ਪਾਠ ਕਰੈ ਅਰ ਜੋ ਕੋਈ ਸਰਧਾ ਸੰਜੁਗਤਿ ਹੋਇ ਕਰ ਸ੍ਰਵਣ ਕਰੈ ਤਉ ਵਹੁ ਸਭਨੋ ਪਾਪੋ ਤੇ ਨਿਰਲੇਪ ਹੋਇ ਕਰਿ ਮੁਕਤ ਕਉ ਪਾਵੈ ਹੈ ॥ ੯੬ ॥ ਇਤਿ ਸ੍ਰੀ ਪਾਂਡੋ ਗੀਤਾ ਸੰਪੂਰਨੰ ਸਮਾਪਤੰ। ਸ੍ਰੀ ਕ੍ਰਿਸਨ ਭਗਵਾਨ ਨਾਰਾਇਣ ਅਰਪਣੇ, ਸੰਮਤ ਸੁਭ ਸੰਮਤ। ਸ੍ਰੀ ਰਾਮ ਜੀ। (ਪੱਤਰੇ ੧੮-੧੯)

(ਅ) ਆਦਿ ਗੀਤਾ

ਆਰੰਭ—੧ਓ ਸਤਿਗੁਰ ਪ੍ਰਸਾਦਿ। ਆਦਿ ਗੀਤਾ ਲਿਖਤੇ। ਧ੍ਰਿਤ(ਰਾ)ਸਟ੍ਰ ਉਵਾਚ ॥
ਸਲੋਕ ॥ ਧਰਮ ਛੇਤ੍ਰ ਕੁਲਖੇਤ੍ਰ ਮੈ, ਮਿਲੇ ਜੁੱਧ ਕੇ ਸਾਜ।... (ਪੱਤਰਾ ੧)

ਅੰਤ— ਇਹ ਗੀਤਾ ਸਾਸਤ੍ਰ ਜੋ ਪੜ੍ਹੈ, ਹੋਇ ਇਕਾਗ੍ਰ ਚਿਤ।
ਭੈ ਸੋਕ ਨ ਤਾਹਿ ਬਿਆਪਈ, ਬਿਸਨ ਪਦ ਪਾਵੈ ਮਿਤ ॥ ੮੨ ॥

ਇਤਿ ਸ੍ਰੀ ਭਗਵਤ ਗੀਤਾਸੂਪਨਿਖਤਸੁ ਬ੍ਰਹਮ ਬਿਦਯਾਯਾਂ ਯੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਸੰਨਯਾਸ ਜੋਗੋ ਨਾਮ ਅਸਟਦਸੋਧਯਾਇ ॥ ੧੮ ॥ ੭੧ ॥ (ਪੱਤਰਾ ੭੬)

ਇਸ ਤੋਂ ਅੱਗੇ ਪੱਤਰਾ ਅੰਕ ੭੭-੭੮ ਉਤੇ ਕੁਝ ਫੁਟਕਲ ਛੰਦ ਹਨ, ਜੋ ਇਸ ਗੀਤਾ ਨਾਲ ਕੋਈ ਸੰਬੰਧ ਨਹੀਂ ਰਖਦੇ।

੧੫. ਬ੍ਰਜ ਆਨੰਦ (ਕ੍ਰਿਸ਼ਨ ਚਰਿਤ੍ਰ) (ਦੇਵਨਾਗਰੀ ਅੱਖਰਾਂ ਵਿਚ) (ਨੰ. ੨੭੩, ਭਾ. ਵਿ.)

ਲੇਖਕ— ਪ੍ਰੇਮ ਸਨੇਹੀ ਗੌੜ, ਮੁਰਾਦਾਬਾਦੀ। ਆਕਾਰ—5″ × 8½″, ਲਿਖਤ 4″ × 7¾″।

ਵੇਰਵਾ— ਪੱਤਰੇ ੧੬੦; ਪ੍ਰਤੀ ਸਫ਼ਾ ੨੭ ਸਤਰਾਂ; ਕਾਗਜ਼ ਦੇਸੀ, ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਆਹੀ ਫਿੱਕੀ ਕਾਲੀ; ਮੁੱਢਲਾ ਪੱਤਰਾ ਫਟਿਆ ਹੋਇਆ, ਬਾਕੀ ਪੁਸਤਕ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੩੩ ਬਿ.। ਲਿਖਾਰੀ—ਲੇਖਕ ਖ਼ੁਦ।

ਆਰੰਭ— ਸ੍ਰੀ ਗਣੇਸਾਯ ਨਮ:। ਅਬ ਬ੍ਰਜ ਆਨੰਦ ਲਿਖਤੇ। ਅਸਤੁਤ ਗਣੇਸ ਜੀ ਕੀ ॥ ਪਦ ॥
ਪ੍ਰਥਮ ਸੁਮਰ ਸ੍ਰੀ ਗਣੇਸ, ਕਾਟ ਦੇ ਕਲੇਸ, ਸਕਲ ਗਜਾਨ ਔਰ ਬੁੱਧ ਰਿੱਧ ਸਿੱਧ ਦੇਨ ਹਾਰੇ।
ਸਿੰਦੂਰ ਕੇ ਤਿਲਕ ਭਾਲ ਲੋਚਨ ਹੈਂ ਦੋਉ ਲਾਲ, ਤਨ ਵਿਸਾਲ ਲੰਬੋਦਰ ਏਕ ਦੰਤ ਧਾਰੇ।... (ਪੱਤਰਾ ੧)
ਗੌੜ ਵਿਪ੍ਰ ਹੈ ਧਰਮ ਵੈਸ਼ਨਵ ਪ੍ਰੇਮ ਸੰਨੇਹੀ ਨਾਮ ਬਤਾਵੈਂ।
ਬਸਤ ਮੁਰਾਦਾਬਾਦ, ਕ੍ਰਿਸਣ ਕੋ ਅਦਭੁਤ ਬ੍ਰਜ ਆਨੰਦ ਦਿਖਾਵੈਂ।.. (ਪੱਤਰਾ ੨)

ਅੰਤ— ਭਾਰੀ ਭਵ ਸਾਗਰ ਹਜਾ ਭਮਰਨ ਕੀ ਠੀਕ ਨਾਹਿ,
ਉਠਤ ਤਰੰਗ ਅੰਗ ਥਰ ਥੱਰਰਾਇਏ।
ਕਾਮ ਔਰ ਕ੍ਰੋਧ ਮਗਰ ਗ੍ਰਾਹ ਤਹਾਂ ਲਾਗ ਰਹੇ,
ਖੇਂਚ ਗਹੇਂ ਛਿਨ ਮੇਂ ਤਨ ਕੌਨ ਬਿਧਿ ਬਚਾਇਏ।
ਆਸਾ ਔਰ ਤ੍ਰਿਸਨਾ ਕੀ ਉਚੀ ਅਤਿ ਕਗਾਰ ਖੜੀ,
ਸੂਝਤ ਨਹਿ ਮਾਰਗ ਕਿਸ ਭਾਂਤਿ ਪਾਰ ਪਾਇਏ।
ਨਾਥ ਅਬ 'ਸਨੇਹੀ' ਕੋ ਸਨੇਹ ਲਗੋ ਤੁਮ ਸੇ ਜੋ,
ਜਾਹੀ ਬਿਧਿ ਹੋ ਰਾਜੀ ਕ੍ਰਿਸਣ ਵਾਹੀ ਬਿਧਿ ਨਿਵਾਇਏ ॥੧੨੪੬ ॥

ਇਤਿ ਸ੍ਰੀ ਬ੍ਰਜ ਅਨੰਦ ਸਨੇਹੀ ਕ੍ਰਿਤਜੇ ਕ੍ਰਿਸ਼ਨ ਚਰਿਤ੍ਰੇ ਸਕਲ ਕਲਿ ਕਲੁਖ ਵਿਧੂੰਸਨੀ ਪ੍ਰੇਮ ਭਕਤ ਉਪਜਾਵਨ ਲੀਲਾ ਸਮਾਪਤ: ਸੁਭ: ਚੈਤ੍ਰ ਕ੍ਰਿਸ਼ਣ ਸਪਤਮਜਾਂ ਭੌਮ ਵਾਸਰੇ ਲਿਖਤੇ ਪੁਸਤਕ ਸਨੇਹੀ ਲਾਲ ਬ੍ਰਾਹਮਣ ਪੈਲਾਨੀ ਮਧਜ ਸੰਵਤ ੧੯੩੩ ਰਾਧਾ ਕ੍ਰਿਸਣ ਕੀ ਜਯ। (ਪੱਤਰਾ ੧੬੦)

ਇਸ ਪੁਸਤਕ ਦੇ ਲੇਖਕ ਦਾ ਨਾਮ ਮੁੱਢ ਵਿਚ ਪ੍ਰੇਮ ਸਨੇਹੀ ਤੇ ਅੰਤ ਵਿਚ ਸਨੇਹੀ ਲਾਲ ਲਿਖਿਆ ਹੈ ਜਿਸ ਨੇ ਅਨੇਕ ਰਾਗ ਰਾਗਣੀਆਂ ਰਾਹੀਂ ਭਗਤੀ-ਭਾਵ ਵਿਚ ਕ੍ਰਿਸ਼ਨ-ਲੀਲਾ ਗਾਈ ਹੈ।

੧੬. ਸ੍ਰੀ ਭਗਤਿ ਭਾਵ ਪ੍ਰਭਾਕਰ (ਗਰਗ ਸੰਹਿਤਾ ਭਾਖਾ) (ਨੰ ੨੬੪੪, ਸਿ. ਰੈ. ਲਾ.)

ਲੇਖਕ— ਕਵੀ ਸਾਹਿਬ ਸਿੰਘ, ਮ੍ਰਿਗਿੰਦ । ਆਕਾਰ— $7\frac{1}{2}'' \times 11\frac{1}{4}''$, ਲਿਖਤ $5\frac{3}{4}'' \times 9''$ ।

ਵੇਰਵਾ—ਪੱਤਰੇ ੪੭੫; ਪ੍ਰਤੀ ਸਫ਼ਾ ੨੮ ਸਤਰਾਂ; ਕਾਗਜ਼ ਦੇਸੀ ਪਤਲਾ, ਲਿਖਤ ਸਾਫ਼ ਤੇ ਸ਼ੁੱਧ (ਕਈ ਹੱਥਾਂ ਦੀ ਲਿਖੀ ਹੋਈ); ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਕਈ ਥਾਵੇਂ ਉਕਾਈਆਂ ਦੀ ਸੁਧਾਈ ਹਾਸ਼ੀਏ ਉਤੇ ਕੀਤੀ ਹੋਈ; ਕਾਗਜ਼ ਕੁਝ ਕਿਰਮ ਖ਼ੁਰਦਾ ਹੋਣ ਕਰ ਕੇ ਪੱਤਰਿਆਂ ਉਤੇ ਛੇਕ ਪਏ ਹੋਏ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰਤਰ੍ਹਾਂ ਪੂਰਣ, ਪਰ ਅੰਤਲੇ ਪੱਤਰੇ ਕੁਝ ਸ਼ਿਕਸਤਾ ਹਾਲਤ ਵਿਚ ਹਨ ।

ਸਮਾਂ— ਸੰਮਤ ੧੯੨੯ ਬਿ. । ਲਿਖਾਰੀ—ਲੇਖਕ ਖ਼ੁਦ ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਯ ਨਮ: । ਅਥ ਸ੍ਰੀ ਭਗਤਿ ਭਾਵ ਪ੍ਰਭਾਕਰ ਗ੍ਰੰਥ ਲਿਖਯਤੇ ਭਾਖਾ ਕ੍ਰਿਤ ਕਵਿ ਮ੍ਰਿਗਿੰਦ ॥ ਦੋਹਰਾ ॥

ਸ੍ਰੀ ਗਨਪਤਿ ਗੁਨ ਗਨ ਗਨਤ, ਅਗਨਤ ਬਿਘਨ ਖਿਲਾਤ ।
ਜਿਸ ਕੇ ਸਰਿ ਕੇਸਰਿ ਬਰਨ, ਬਾਰਨ ਬਾਰਨ ਜਾਤ ॥ ੧ ॥ (ਪੱਤਰਾ ੧)

ਅੰਤ— ਸਰਬ ਗ੍ਰੰਥ ਕੇ ਸਾਰ ਵਡ, ਕ੍ਰਿਸਨ ਭਗਤਿ ਬਰ ਸਾਰ ।
ਸਾਰ ਗ੍ਰਹਨ ਕਰ ਮਗਨ ਮਨ, ਲਹ ਹੈ ਮੋਦ ਬਿਚਾਰ ॥ ੧੦੪ ॥
ਕ੍ਰਿਸਨ ਰਾਧਿਕਾ ਚਰਨ ਰਤਿ, ਮਾਂਗਤ ਮਧੁਪ ਮ੍ਰਿਗਿੰਦ ।
ਸ੍ਰੋਤਾ ਬਕਤਾ ਕੀ ਕੁਸਲ, ਕਰ ਹੈ ਆਪ ਗੁਬਿੰਦ ॥ ੧੦੫ ॥

ਇਤਿ ਸ੍ਰੀ ਮਤ ਭਗਤਿ ਭਾਵ ਪ੍ਰਭਾਕਰ ਗ੍ਰੰਥੇ ਸ੍ਰੀ ਮਤ ਗਰਗ ਸੰਹਿਤਾ ਪ੍ਰਸੰਗੇ ਕ੍ਰਿਸਨ ਕੌਤਕ ਭਾਖਣੇ ਭਾਖਾਯਾਂ ਕਵਿ ਸਾਹਿਬ ਮ੍ਰਿਗਿੰਦੇਨ ਬਿਰਚਿਤੇ ਸ੍ਰੀ ਬਿਗਯਾਨ ਖੰਡੇ ਸ੍ਰੀ ਮਨ ਮਹਾਰਾਜਾਧਿਰਾਜ ਰਾਜੇਸ੍ਵਰ ਮਹੇਂਦ੍ਰ ਸਿੰਘ ਆਗਯਪਤਿ ਕ੍ਰਿਸਨ ਭਗਤਿ ਪ੍ਰਤਿਪਾਦਨੰ ਨਾਮ ਦਸਮੋਂ ਧਿਆਇ ॥ ੧੦ ॥ ਸਮਾਪਤੋਯੰ ਬਿਗਯਾਨ ਖੰਡ: ਨਵਮੋ ॥ ੯ ॥ ਸ੍ਰੀ ਰਾਮ ਕ੍ਰਿਸਨਾਰਪਣੰ ਸੁਭੰ । (ਪੱਤਰਾ ੪੭੫)

੧੭. ਸ੍ਰੀ ਭਗਤਿ ਭਾਵ ਪ੍ਰਭਾਕਰ (ਗਰਗ ਸੰਹਿਤਾ ਭਾਖਾ) (ਨੰ. ੨੧੮੪, ਖ਼ਾ. ਕਾ. ਅ.)

ਲੇਖਕ— ਕਵੀ ਸਾਹਿਬ ਸਿੰਘ, ਮ੍ਰਿਗਿੰਦ । ਆਕਾਰ—$12\frac{3}{4}'' \times 9\frac{1}{2}''$, ਲਿਖਤ $8\frac{1}{2}'' \times 7\frac{1}{2}''$ ।

ਵੇਰਵਾ— ਪੱਤਰੇ ੪੨੦; ਪ੍ਰਤੀ ਸਫ਼ਾ ੧੮ ਸਤਰਾਂ, ਕਾਗਜ਼ ਕਸ਼ਮੀਰੀ, ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ, ਅੰਕ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਅੰਕਿਤ, ਪੱਤਰੇ ਕਿਰਮ ਖ਼ੁਰਦਾ, ਜਿਸ ਕਰ ਕੇ ਸਾਰੀ ਪੁਸਤਕ ਦੇ ਹਾਸ਼ੀਏ ਦੀਆ ਨੁੱਕਰਾਂ ਉਤੇ ਆਰ-ਪਾਰ ਛੇਕ ਪਏ ਹੋਏ; ਇਸ ਤਰ੍ਹਾਂ ਇਸ ਪੁਸਤਕ ਦਾ ਇਕ ਪਾਸੇ ਦਾ ਹਾਸ਼ੀਆ ਹੀ ਖ਼ਰਾਬ ਹੋ ਗਿਆ ਹੈ, ਬਾਕੀ ਪੁਸਤਕ ਸਾਰੀ ਦੀ ਸਾਰੀ ਅੱਛੀ ਹਾਲਤ ਵਿਚ ਹੈ ਤੇ ਲਿਖਤ ਨੂੰ ਕੋਈ ਨੁਕਸਾਨ ਕਿਸੇ ਪਾਸਿਓਂ ਨਹੀਂ ਪੁੱਜਾ; ਪੁਸਤਕ ਸਜਿਲਦ ਹੈ ।

ਸਮਾਂ— ਸੰਮਤ ੧੯੨੬ ਬਿ. । ਲਿਖਾਰੀ—ਨਾਮਾਲੂਮ ।

ਆਰੰਭ—੧ੴ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਯ ਨਮ: । ਅਥ ਸ੍ਰੀ ਭਗਤਿ ਭਾਵ ਪ੍ਰਭਾਕਰ ਗ੍ਰੰਥ ਲਿਖਯਤੇ ਭਾਖਾ ਕਿਤ ਕਵਿ ਸਾਹਿਬ ਮ੍ਰਿਗਿੰਦ ॥ ਦੋਹਰਾ ॥ ਸ੍ਰੀ ਗਨਪਤਿ ਗੁਨ ਗਨ ਗਨਤ. . (ਪੱਤਰਾ ੧)

ਅੰਤ— ਸੰਮਤ ਰਸ ਰਸਨਾ ਸਰਪ, ਨਿਧਿ ਸਸਿ ਜੇਸਟ ਮਾਸ ।
ਭਯੋ ਪ੍ਰਤਿਸ਼ਟਤ ਨ੍ਰਿਪਤਿ ਗ੍ਰਹ, ਪਟਿਆਲੇ ਸੁਖ ਰਾਸ ॥ ੯੯ ॥ (ਪੱਤਰਾ ੪੧੯)
ਕ੍ਰਿਸਨ ਰਾਧਿਕਾ ਚਰਨ ਰਤਿ, ਮਾਂਗਤ ਮਧੁਪ ਮ੍ਰਿਗਿੰਦ ।
ਸ੍ਰੋਤਾ ਬਕਤਾ ਕੀ ਕੁਸਲ, ਕਰ ਹੈ ਆਪ ਗੁਬਿੰਦ ॥ ੧੦੫ ॥

ਇਤਿ ਸ੍ਰੀ ਮਤਿ ਭਗਤਿ ਭਾਵ ਪ੍ਰਭਾਕਰ ਗ੍ਰੰਥੇ ਸ੍ਰੀ ਮਤ ਗਰਗ ਸੰਹਿਤਾ ਪ੍ਰਬੰਧੇ ਕ੍ਰਿਸਨ ਕੌਤਕ ਭਾਸਣੇ ਭਾਖਾਯਾਂ ਕਵਿ ਸਾਹਿਬ ਮ੍ਰਿਗਿੰਦੇਨ ਬਿਰਚਿਤੇ ਸ੍ਰੀ ਬਿਗਯਾਨ ਖੰਡੇ ਸ੍ਰੀ ਮਨ ਮਹਾਰਾਜਾਧਿਰਾਜ ਰਾਜੇਸ੍ਵਰ ਮਹਿੰਦ੍ਰ ਸਿੰਘ ਆਗਯਪਤਿ ਕ੍ਰਿਸਨ ਭਗਤਿ ਪ੍ਰਤਿਪਾਦਨੰ ਨਾਮ ਦਸਮੋ ਧਿਆਇ । ਸਮਾਪਤੋਯੰ ਬਿਗਯਾਨ ਖੰਡਹ ॥ ੧੦ ॥ ਸ੍ਰੀ ਰਾਮ ਕ੍ਰਿਸਨਾਰਪਣੰ । ਸੁਭਮਸਤੁ । (ਪੱਤਰਾ ੪੨੦)

(ਨੰ. ×, ਸ਼. ਸਿ. ਅ.)

੧੮. ਸ੍ਰੀ ਮਦ ਭਗਵਦ ਗੀਤਾ ਸੰਸਕ੍ਰਿਤ (ਗੁਰਮੁਖੀ ਵਿਚ)

ਲੇਖਕ–ਰਿਖੀ ਬਿਆਸ। ਆਕਾਰ—$6\frac{3}{4}'' \times 10''$, ਲਿਖਤ $4\frac{1}{4}'' \times 7\frac{1}{2}''$ ।

ਵੇਰਵਾ— ਪੱਤਰੇ ੬੦; ਪ੍ਰਤੀ ਸਫ਼ਾ ੧੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਕਾਗਜ਼ ਕੁਝ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਉਤੇ ਛੇਕ ਪਏ ਹੋਏ; ਪੁਸਤਕ ਵੈਸੇ ਅੱਛੀ ਹਾਲਤ ਵਿਚ ਹੈ। ਬੋਲੀ ਸੰਸਕ੍ਰਿਤ ਤੇ ਅੱਖਰ ਗੁਰਮਖੀ ਹਨ।

ਸਮਾਂ— ਸੰਮਤ ੧੭੭੧ ਬਿ.। ਲਿਖਾਰੀ—ਨਾਮਾਲੂਮ।

ਆਰੰਭ– ੧ਓ ਸਤਿਗੁਰ ਪ੍ਰਸਾਦਿ। ਓਂ ਨਮੋ ਭਗਵਤੇ ਵਾਸਦੇਵਾਯ। ਓਂ ਅਸਜ ਸ੍ਰੀ ਭਗਵਤ ਗੀਤਾ ਮਾਲਾ ਮੰਤ੍ਰਸਜ ਸ੍ਰੀ ਭਗਵਾਨ ਬੇਦ ਬਿਆਸ ਰਿਖਿਤ੍ਰਨੁਸਟਪ ਛੰਦ। ਸ੍ਰੀ ਕ੍ਰਿਸਨ ਪਰਮਾਤਮਾ ਦੇਵਤਾ।... (ਪੱਤਰਾ ੧)

ਧ੍ਰਿਤਰਾਸ਼ਟਰ ਉਬਾਚ।
ਓਂ ਧਰਮ ਛੇਤ੍ਰੇ ਕੁਰੁ ਛੇਤ੍ਰੇ ਸਮਵੇਤਾ ਯੁਯੁਤਸਵ:।
ਮਾਮਕਾ ਪਾਂਡਵਾਸ੍ਚੈਵ ਕਿਮਕੁਰਵਤ ਸੰਜਯ ॥ ੧ ॥... (ਪੱਤਰਾ ੨)

ਅੰਤ— ਯਤ੍ਰ ਯੋਗੇਸ੍ਵਰ: ਕ੍ਰਿਸਨੋ, ਯਤ੍ਰ ਪਾਰਥੋ ਧਨੁਰਧਰ:।
ਤਤ੍ਰ ਸ੍ਰੀਰਬਿਜਯੋਭੂਤਿਰ ਧ੍ਰੁਵਾਨੀਤਿਰ ਮਤਿਰਮਮ ॥ ੭੮ ॥

ਇਤਿ ਸ੍ਰੀ ਭਗਵਦ ਗੀਤਾਸੂਪਨਿਖਤਸੁ ਬ੍ਰਹਮ ਬਿਦਯਾਯਾਂ ਯੋਗ ਸਾਸਤ੍ਰੇ ਸ੍ਰੀ ਕ੍ਰਿਸਨਾਰਜੁਨ ਸੰਬਾਦੇ ਮੋਛਯ ਸੰਨਯਾਸ ਯੋਗੋ ਨਾਮ ਅਸਟਾਦਸੋ ਧਯਾਯ ॥ ੧੮ ॥ ਹਰਿ ਓਂ ਤਤ ਸਤ। (ਪੱਤਰਾ ੬੦)

(ਨੰ: ੧੧੦, ਪੰ. ਯੂ. ਚੰ.)

੧੯. ਸ੍ਰੀ ਮਦ ਭਗਵਤ ਗੀਤਾ ਭਾਖਾ (ਪਰਮਾਨੰਦ ਬੋਧ)

ਲੇਖਕ—ਰਿਖੀ ਬਿਆਸ। ਅਨੁਵਾਦਕ—ਕਵੀ ਆਨੰਦ ਰਾਮ। ਆਕਾਰ —$6\frac{3}{4}'' \times 4\frac{3}{4}''$, ਲਿਖਤ $4\frac{1}{2}'' \times 3\frac{1}{2}''$ ।

ਵੇਰਵਾ—ਪੱਤਰੇ ੮੬; ਪ੍ਰਤੀ ਸਫਾ ੯ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਾਧਾਰਣ ਤੌਰ ਤੇ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਲਿਖਤ ਸੌ ਕੁ ਸਾਲ ਪੁਰਾਣੀ ਹੈ। ਲਿਖਾਰੀ—ਨਾਮਾਲੂਮ।

ਆਰੰਭ—੧ਓ ਸਤਿਗੁਰ ਪ੍ਰਸਾਦਿ। ਅਥ ਸ੍ਰੀ ਭਗਵਤ ਗੀਤਾ ਅਨੰਦ ਰਾਮ ਕ੍ਰਿਤ ਪਰਮਾਨੰਦ ਬੋਧ ਲਿਖਯਤੇ ॥ ਦੋਹਰਾ ॥
ਹਰਿ ਗੌਰੀਸ ਗਣੇਸ ਗੁਰ, ਪ੍ਰਣਵੌਂ ਸੀਸ ਨਿਵਾਇ।
ਗੀਤਾ ਭਾਖਾ ਕਥ ਕਰੌ, ਦੋਹਾ ਸਹਿਤ ਬਨਾਇ ॥ ੧ ॥
ਨਾਜਰ ਆਨੰਦ ਰਾਮ ਕੈ, ਯਹਿ ਉਪਜਯੋ ਚਿਤ ਚਾਇ।
ਗੀਤਾ ਕੀ ਟੀਕਾ ਕਰੀ, ਸੁਨ ਸ੍ਰੀ ਧਰ ਕੇ* ਭਾਇ ॥ ੨ ॥... (ਪੱਤਰਾ ੧)

ਅੰਤ— ਤਬ ਲਗ ਸੰਸ੍ਰਿਤਿ ਭਾਨ ਕੀ, ਤਾਪ ਤਪਤਿ ਸਬ ਦੇਸ।
ਦ੍ਰਿਸਟ ਧਰਿਓ ਤਬ ਲਗ ਨਹੀ, ਹਰਿ ਗੀਤਾ ਰਾਕੇਸ਼ ॥ ੮੬ ॥

ਇਤਿ ਸ੍ਰੀ ਭਗਵਤ ਗੀਤਾਸੂਪਨਿਖਸੂ ਬ੍ਰਹਮ ਵਿਦਿਆ ਜੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਨਿਰਮੈ ਮੋਖ ਧਰਮਜ ਸੰਨਿਆਸੋ ਜੋਗੇਸ੍ਵਰ ਵਰਨਨੰ ਨਾਮ ਅਸਟਦਸੋ ਧਿਆਇ ॥ ੧੮ ॥ ਸੰਪੂਰਨੰ। ਸ੍ਰੀ ਰਾਮ ਚੰਦ੍ਰਾਯ ਨਮ:।

(ਪੱਤਰਾ ੮੬)

(ਨੰ. ×, ਸ਼. ਸਿੰ. ਅ੍ਰ)

੨੦. ਭਾਖਾ ਗੀਤਾ ਗਯਾਨ

ਲੇਖਕ—ਰਿਖੀ ਬਿਆਸ। ਅਨੁਵਾਦਕ—ਕਵੀ ਹਰਿ ਵੱਲਭ। ਆਕਾਰ—$6\frac{3}{4}'' \times 10''$, ਲਿਖਤ $4\frac{1}{4}'' \times 7\frac{1}{2}''$ ।

ਵੇਰਵਾ—ਪੱਤਰੇ ਪ੩; ਪ੍ਰਤੀ ਸਫ਼ਾ ੧੭ ਸਤਰਾਂ; ਕਾਗਜ਼ ਦੇਸੀ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਉਤੇ ਛੇਕ ਪਏ ਹੋਏ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਕਈ ਥਾਵੇਂ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ਤੇ ਸੰਸਕ੍ਰਿਤ ਦੀ ਸ੍ਰੀ ਮਦ ਭਗਵਤ ਗੀਤਾ ਤੇ ਵਿਸ਼ਨੂ ਸਹੰਸ੍ਰ ਨਾਮ ਸਤੰਤ੍ਰ ਨਾਲ ਸੰਬੰਧਿਤ ਹੈ।

---

*ਅਰਥਾਤ–ਇਹ ਗੀਤਾ ਦਾ ਅਨੁਵਾਦ ਸ੍ਰੀ ਧਰੀ ਟੀਕਾ ਦੇ ਅਨੁਸਾਰ ਰਚਿਆ ਗਿਆ ਹੈ।

ਸਮਾਂ— ਸੰਮਤ ੧੭੭੧ ਬਿ: । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਅਥ ਹਰੀ ਬੱਲਭ ਕ੍ਰਿਤ ਭਾਖਾ ਗੀਤਾ ਗਿਆਨ ਦੋਹਾ ਬਿਧਿ ਲਿਖਯਤੇ ॥ ਦੋਹਰਾ ॥

ਓਅੰਕਾਰ ਜੋ ਬ੍ਰਹਮ ਹੈ, ਅਸੀ ਗ੍ਰੰਥ ਕੇ ਨਾਮ ।
ਸੋ ਭਾਖਾ ਨਿਜ ਸ੍ਰੇਯ ਹੈ ਮਨ ਮੰਤ੍ਰਨ ਮਾਲਾ ਧਾਮ ॥ ੧ ॥... (ਪੱਤਰਾ ੧)

ਧਰਮ ਛੇਤ੍ਰ ਕੁਲ ਛੇਤ੍ਰ ਮੈ, ਮਿਲੇ ਜੁਧ ਕੇ ਸਾਜ ।
ਸੰਜੇ ! ਮੋ ਸੁਤ ਪਾਂਡਵਾਂ ਕੀਨੇ ਕੈਸੇ ਕਾਜ ॥ ੧ ॥
ਸੰਜਯੋਵਾਚ ॥ ਦੋ: ॥
ਪਾਂਡਵ ਸੈਨਾ ਬਯੂਹ ਲਖ, ਦੁਰਜੋਧਨ ਢਿਗ ਆਇ ।
ਨਿਜ ਆਚਾਰਜ ਦ੍ਰੋਣ ਸੋ, ਬੋਲਯੋ ਐਸੇ ਭਾਇ ॥ ੨ ॥
ਪਾਂਡਵ ਸੈਨਾ ਅਤ ਬਡੀ, ਆਚਾਰਯ ! ਤੂੰ ਦੇਖ ।
ਧ੍ਰਿਸਟ ਦ੍ਯੁਮਨ ਤਵ ਸਿਖ ਨੇ, ਬਯੂਹ ਰਚਯੋ ਜੁ ਬਿਸੇਖ ॥ ੩ ॥... (ਪੱਤਰਾ ੩)

ਅੰਤ— ...ਤਬ ਲਗ ਸੰਸ੍ਰਿਤਿ ਭਾਨ ਕੀ, ਤਾਪ ਤਪਤ ਸਬ ਦੇਸ ।
ਦ੍ਰਿਸਟ ਪਰਯੋ ਜਬ ਲਗ ਨਹੀਂ, ਹਰਿ ਗੀਤਾ ਰਾਕੇਸ ॥ ੮੬ ॥
ਇਤਿ ਸ੍ਰੀ ਭਗਵਦ ਗੀਤਾਸੂਨਿਖਤਸੁ ਬ੍ਰਹਮ ਬਿਦਯਾਯਾਂ ਜੋਗ ਸਾਸਤ੍ਰੇ ਕ੍ਰਿਸਨਾਰਜੁਨ ਸੰਬਾਦੇ ਮੋਛ ਸੰਨਯਾਸ ਜੋਗੋ ਨਾਮ ਅਸਟਾਦਸੋ ਧਯਾਯ: ॥ ੧੮ ॥ ਦੋਹਾ ॥
ਸਤ੍ਰਾ ਸੈ ਏਕੋਤਰਾ, ਮਾਘ ਮਾਸ ਥਿਤ ਗਯਾਰਾਸ ।
ਗੀਤਾ ਕੀ ਭਾਸਾ ਰਚੀ, ਹਰਿ ਬੱਲਭ ਸੁਖ ਰਾਸ ॥ ੧ ॥ (ਪੱਤਰਾ ਪ੩)

੨੧. (ੳ) ਸ੍ਰੀ ਮਦ ਭਗਵਤ ਗੀਤਾ (ਗਉੜੀ ਸੁਖਮਨੀ ਮ: ੫, ਆਦਿ ਸਮੇਤ) (ਨੰ. ੧੫, ਪ੍ਰੋ. ਪ੍ਰੀ. ਸਿੰ.)

ਲੇਖਕ— ਰਿਖੀ ਬਿਆਸ । ਅਨੁਵਾਦਕ—ਕਵਿ ਕਿਸ਼ੋਰ ਦਾਸ । ਆਕਾਰ—$5\frac{3}{4}'' \times 8''$, ਲਿਖਤ $4\frac{1}{2}'' \times 6\frac{1}{4}''$ ।

ਵੇਰਵਾ— ਪੱਤਰੇ ਸ੍ਰੀ ਮਦ ਭਗਵਤ ਗੀਤਾ ੨੫੨, ਗਉੜੀ ਸੁਖਮਨੀ ਮਹਲਾ ੫ ਦੇ ੨੫੩-੩੦੭ (੫੫), ਨੌਵੀਂ ਪਾਤਸ਼ਾਹੀ ਦੇ ਸ਼ਬਦ-ਸ਼ਲੋਕ ੩੦੮-੩੩੩ (੨੪), ਉਤਪੱਤੀ ਬਿਕ੍ਰਮਾਜੀਤ-ਮੈਣਾਵੰਤੀ ਕੀ ੩੩੪-੩੪੦ (੭), ਉਪਦੇਸ਼ ਗੋਪੀ ਚੰਦ ਨੂੰ ਮੈਣਾਵੰਤੀ ਕਾ ੩੪੦-੪੦੯ (੭੦), ਕੁੱਲ ਜੋੜ ੪੦੯; ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਹਰੇਕ ਸਫ਼ੇ ਦੇ ਦੋਹੀਂ ਪਾਸੀਂ ੫—੫ ਰੰਗੀਨ ਲਕੀਰਾਂ ਵਾਲਾ; ਪੱਤਰਾ ੨੯੭ ਤੋਂ ਅਖ਼ੀਰ ਤਕ ਹਾਸ਼ੀਆ ਤੀਹਰੀਆਂ ਤੇ ਦੂਹਰੀਆਂ ਲਾਲ ਲਕੀਰਾਂ ਵਾਲਾ; ਵਿਚਕਾਰ ਕਈ ਥਾਵੇਂ ਸਿਰਲੇਖ, ਅੰਤਿਮ ਲੇਖ ਤੇ ਵਿਸ਼੍ਰਾਮ-ਚਿੰਨ੍ਹਾਂ ਲਈ ਲਾਲ ਸਿਆਹੀ ਵੀ ਵਰਤੀ ਹੈ; ਪੱਤਰੇ ਕਈ ਥਾਵੀਂ ਭੁਰੇ ਹੋਣ ਕਰ ਕੇ ਮੁੜ ਨਵੇਂ ਸਿਰਿਓਂ ਚੇਪੀਆਂ ਲਾ ਕੇ ਮੁਰੰਮਤ ਕੀਤੇ ਹਏ ਤੇ ਕਿਤੇ ਕਿਤੇ ਹਾਸ਼ੀਏ ਉੱਤੇ ਉਕਾਈਆਂ ਦੀ ਸੋਧ ਕੀਤੀ ਹੋਈ; ਪੁਸਤਕ ਵੈਸੇ ਜਿਲਦ ਟੁੱਟੀ ਹੋਣ ਕਰ ਕੇ ਕੁਝ ਖ਼ਸਤਾ ਹਾਲਤ ਵਿਚ ਹੈ।

ਸਮਾਂ— ੧੯ ਵੀਂ ਸਦੀ ਬਿ. ਦੀ ਲਿਖਤ ਜਾਪਦੀ ਹੈ । ਲਿਖਾਰੀ— ਨਾਮਾਲੂਮ ।

ਆਰੰਭ—੧ਓ ਸ੍ਰੀ ਗਣੇਸਾਯ ਨਮ: । ਸਤਿਗੁਰ ਪ੍ਰਸਾਦਿ । ਅਥ ਸ੍ਰੀ ਭਗਵਤ ਗੀਤਾ ਮਹਾਤਮ ਲਿਖਤੇ । ਏਕ ਸਮੈ ਬਿਖੇ ਕਈਲਾਸ ਪਰਬਤ ਊਪਰਿ ਮਹਾਦੇਵ ਅਰੁ ਪਾਰਬਤੀ ਜੀ ਕੀ ਆਪਸ ਮੈਂ ਗੋਸਟਿ ਹੋਈ ।
ਜੋ ਅਰਜਨ ਜਨ ਕਉ ਕੀਓ ਹੈ, ਭਗਵਨ ! ਗੀਤਾ ਗਿਆਨ । (ਪੱਤਰਾ ੧)
ਭਾਖਿਆ ਮਹਿ ਭਿਖਿਆ ਮਿਲੈ, ਭੈ ਭੰਜਨ ਭਗਵਾਨ ॥
ਕਿਸੋਰ ਦਾਸ ਜਾਚੈ ਪ੍ਰਭੂ, ਗੀਤਾ ਗਿਆਨ ਉਦਾਰ ।
ਜਿਹ ਸਮਝੇ ਪਹਿਚਾਨੀਐ, ਪੂਰਨ ਬ੍ਰਹਮ ਅਪਾਰ ॥
ਚਰਨ ਸਰਨ ਦੋਨੋ ਪਰੇ, ਹੇ ਪ੍ਰਭੁ ਪਰਮ ਪ੍ਰਬੀਨ ।
ਕਿਸੋਰ ਦਾਸ ਅਰ ਕਿਸਨ ਦਾਸ, ਦੀਨ ਗਰੀਬ ਅਧੀਨ ॥... (ਪੱਤਰਾ ੭)

ਅੰਤ— ...ਅਵਸਿ ਕਰਿ ਗੀਤਾ ਕਾ ਪਾਠੁ ਕਰੀਐ ॥੧੮॥ ਇਤਿ ਸ੍ਰੀ ਗੀਤਾ ਮਹਾਤਮੁ ਸਪੂਰਨੰ ਮਸਤੁ ਸੁਭਮਸਤੁ । (ਪੱਤਰਾ ੨੫੨)

(ਅ) **ਗਉੜੀ ਸੁਖਮਨੀ** (ਮਹਲਾ ੫)

(ੲ) **ਨੌਵੀਂ ਪਾਤਸ਼ਾਹੀ (ਗੁਰੂ ਤੇਗ ਬਹਾਦੁਰ ਜੀ) ਦੇ ਸ਼ਬਦ-ਸ਼ਲੋਕ**

(ਸ) **ਉਤਪੱਤੀ ਬਿਕ੍ਰਮਾਜੀਤ ਮੈਣਾਵੰਤੀ ਕੀ**

ਆਰੰਭ— ੧ਓ ਸਤਿਗੁਰ ਪ੍ਰਸਾਦਿ । ਉਤਪਤਿ ਬਿਕ੍ਰਮਾ ਜੀਤ ਕੀ, ਅਰੁ ਮੈਣਾਵੰਤੀ ਕੀ ਅਰੁ ਭਰਥਰੀ ਕੀ। ਗੰਧ੍ਰਬ ਜੁ ਸੀ ਸੋ ਇੰਦ੍ਰ ਦਾ ਪੁਤਰ ਸੀ। ਸੁਅਰਗ ਵਿੱਚ ਰਹਦਾ ਸੀ। ਤਿਸ ਦੀ ਸੁਰਤਿ ਸਦਾ ਇਸਤ੍ਰੀਆਂ ਬਿਖੈ ਰਹਦੀ ਸੀ।... (ਪੱਤਰਾ ੩੩੪)

ਅੰਤ— ...ਮੈਣਾਵੰਤੀ ਦੇਖਿ ਕਰਿ ਗੋਪੀ ਚੰਦ ਕੋ ਉਪਦੇਸ ਕਰਤ ਭਈ। ਗੋਪੀ ਚੰਦ ਧਾਰਾ ਨਗਰੀ ਕਾ ਰਾਜੁ ਕਰਤਾ ਥਾ। (ਪੱਤਰਾ ੩੪੦)

(ਹ) **ਉਪਦੇਸ਼ ਗੋਪੀ ਚੰਦ ਨੂੰ ਮੈਣਾਵੰਤੀ ਕਾ**

ਆਰੰਭ- ੧ਓ ਸਤਿਗੁਰ ਪ੍ਰਸਾਦਿ। ਉਪਦੇਸ ਗੋਪੀ ਚੰਦ ਨੂੰ ਮੈਣਾਵੰਤੀ ਕਾ ॥ ਰਾਗੁ ਰਾਮ ਕਲੀ ॥
ਸਲੋਕ ॥ ਏਕ ਸਮੈਂ ਗੋਪੀ ਚੰਦ ਦੇਖਿਆ, ਮਜਨੁ ਕਰਤਾ ਰਾਨੀ। ਰਾਣੀ ਕੇ ਮਨਿ ਚਿਤਾ ਉਪਜੀ... (ਪੱਤਰਾ ੩੪੦)

ਅੰਤ— ...ਪਟੰਬਰ ਇਉ ਤਜਿਉ, ਕਛੁ ਸਾਥਿ ਨ ਜਾਹੀ।
ਬਦਤਿ ਸ੍ਰੀ ਗੋਪੀ ਚੰਦ ਹੋ ਮਾਤਾ ! ਤੂ ਪੂਛਤ ਕਾਹੀ ॥੫੧੩॥

ਧਿਆਉ ਪੰਜਵਾ ਪੂਰਾ ਹੋਇਆ। ਧਿਆਉ ਛਿਵਾਂ ਗਾਥਾ ਕਾ ਚਲਿਆ।
ਗਾਥਾ ॥ ਪੂਤਾ ਕਤ ਤਜੀਅਲੇ ਗ੍ਰਹੁ ਰਾਜ ਭਾਗੰ ? (ਪੱਤਰੇ ੪੦੪-੦੫)

ਜੀਵਤ ਮ੍ਰਿਤਕ ਹੋਇ ਰਹਿਆ, ਜਨੁ ਕਰਿ ਬਿਮਲ ਇਸਨਾਨੁ।
ਬਦਤਿ ਗੋਰਖੁ ਸੁਣਿ ਮੈਣਾਵੰਤੀ! ਤੇਰਾ ਅਸਥਿਰੁ ਭਇਆ ਰਾਜਾਨੁ ॥੪॥
ਉਦਾਸੁ ਗੋਪੀ ਚੰਦ ਕਾ ਪੂਰਨ। (ਪੱਤਰਾ ੪੦੯)

੨੨. **ਸ੍ਰੀ ਮਦ ਭਗਵਤ ਗੀਤਾ** (੧੮ ਵਾਂ ਅਧਯਾਯ) (ਨੰ. ੧੦੧, ਭਾ. ਵਿ.)

ਲੇਖਕ— ਰਿਖੀ ਬਿਆਸ। ਅਨੁਵਾਦਕ— ਨਾਮਾਲੂਮ। ਆਕਾਰ–6¾" × 4"।

ਵੇਰਵਾ— ਪੱਤਰੇ ੪-੩੮ (੩੫); ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਛੰਦਾਂ ਦੇ ਨਾਮ, ਸਿਰਲੇਖ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਲਾਲ ਲਕੀਰਾਂ ਵਾਲਾ; ਛੰਦ-ਅੰਕ ੧੭ ਤੋਂ ੧੫੮ ਤਕ ਗੀਤਾ ਦਾ੧੮ਵਾਂ ਅਧਿਆਯ ਤੇ ਅੱਗੇ ਪੱਤਰਾ ੩੩ ਤੋਂ ੩੮ ਤਕ ਉਸ ਦਾ ਮਹਾਤਮ ਦੱਸਿਆ ਹੈ।

ਸਮਾਂ— ਅਠ੍ਹਾਰਵੀਂ ਸਦੀ ਬਿ.। ਲਿਖਾਰੀ—ਨਾਮਾਲੂਮ।

ਆਰੰਭ- ...ਨੋ ॥ ਚਉਪਈ ॥
ਅਬ ਸੁਨ ਰਾਜਸੀ ਤਿਆਗ ਬਤਾਵੋ।
ਦੇਹਿ ਅਭਿਮਾਨੀ ਤਿਸ ਕੋ ਪਾਵੋ।
ਦੇਹਿ ਕੇ ਦੁਖ ਤੇ ਨਿਤ ਵਹੁ ਡਰੈ।
ਇਸਨਾਨ ਆਦਿ ਕਰਮ ਨਾ ਕਰੈ ॥੧੭॥... (ਪੱਤਰਾ ੪)

ਅੰਤ— ਏਕ ਕਹਾ ਭੀ ਅਉਰ ਨ ਭਾਖੋ।
ਆਪ ਕੋ ਆਪਨੇ ਮਾਹਿ ਨਿਤ ਰਾਖੋ।
ਫਿਰ ਨਿਰਵਾਚ ਦਿਸਾ ਕੋ ਕਹੋ।
ਅਪਨੇ ਸੁਖ ਮੈਂ ਆਪ ਹੀ ਰਹੋ ॥੧੫੭॥
ਅਠਾਰਹੁ ਧਿਆਉ ਸੰਪੂਰਨ ਭਏ।
ਪੜ੍ਹੇ ਸੁਨੇ ਤੇ ਸਭ ਪਾਤਕ ਗਏ।
ਜੋ ਕੋ ਧਾਰੈ ਮਨ ਕੇ ਮਾਹਿ।
ਤਾਤਕਾਲ ਵਹੁ ਸਭ ਫਲ ਪਾਇ।
ਪੂਰਨ ਭਇਆ ਅਠਾਰ੍ਹਵਾਂ ਧਿਆਇ ॥੧॥

ਇਤਿ ਸ੍ਰੀ ਭਗਵਤ ਗੀਤਾਸੂਪਨਿਖਤਸੁ ਬ੍ਰਹਮ ਵਿਦਯਾ ਜੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਵਾਦੇ ਸੰਪੂਰਨੰ ॥੧੮॥
(ਪੱਤਰਾ ੩੩)

ਇਸ ਤੋਂ ਅੱਗੇ ਅਠਾਰ੍ਹਵੇਂ ਅਧਿਆਇ ਦਾ ਮਹਾਤਮ ਲਿਖਿਆ ਹੋਇਆ ਹੈ ।

੨੩. (ੳ) ਸ੍ਰੀ ਮਦ ਭਗਵਤ ਗੀਤਾ (੧੨ਵਾਂ ਅਧਯਾਯ, ਦਸ ਅਵਤਾਰ ਆਦਿ) (ਨੰ. ੪੦੪, ਪੰ. ਆ.)

ਲੇਖਕ—ਰਿਖੀ ਬਿਆਸ । ਅਨੁਵਾਦਕ—ਨਾਮਾਲੂਮ । ਆਕਾਰ—6¾″×4¼″, ਲਿਖਤ 2″×2″ ।

ਵੇਰਵਾ—ਪੱਤਰੇ ਭਗਵਤ ਗੀਤਾ (੧੨ਵਾਂ ਅਧਯਾਯ, ਜੋ ਮੁਢਲੇ ਪੱਤਰੇ ਗਵਾਚੇ ਹੋਣ ਕਰਕੇ ਨਾ-ਮੁਕੰਮਲ ਹੈ) ੩੦, ਦਸ ਅਵਤਾਰ ੩੧-੫੯ (੨੯), ਗੀਤਾ ਸਾਰ ੬੦-੧੦੨ (੪੩), ਗੰਗਾ ਸਤੋਤ੍ਰ ੧੦੩-੧੦ (੮), ਰਾਮ ਅਸ਼ਟਕ ੧੧੧-੧੬ (੬) ਤੇ ਸ੍ਰੀ ਕਲਪ ਬ੍ਰਿਛ ੧੧੭-੨੦ (੪), ਕੁੱਲ ੧੨੦; ਪ੍ਰਤੀ ਸਫ਼ਾ ੫-੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਬੇਪਰਵਾਹੀ ਨਾਲ ਲਿਖੀ ਹੋਣ ਕਰ ਕੇ ਅਸ਼ੁੱਧ ਵੀ ਹੈ, ਹਾਸ਼ੀਆ ਸਾਦਾ ਚੌਕੋਰ ਲਕੀਰਾਂ ਵਾਲਾ; ਪੁਸਤਕ ਪੱਤਰੇ ਫਟਣ ਤੇ ਦੋਬਾਰਾ ਟਿਸ਼ੂ ਪੇਪਰ ਲਾ ਕੇ ਬੜੇ ਵਿਗਿਆਨਕ ਢੰਗ ਨਾਲ ਮੁਰੰਮਤ ਕੀਤੀ ਹੋਈ, ਜਿਸ ਕਰ ਕੇ ਹਾਸ਼ੀਆ ਦੋਹੀਂ ਪਾਸੀਂ 2½″—2½″ ਚੌੜਾ ਹੋ ਗਿਆ ਹੈ । '

ਸਮਾਂ—ਪੁਸਤਕ ਦੋ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ...ਤਿਨਾ ਨੇ ਨਿਰਿਨੇ। ਅਬ ਐਸਾ ਈਸਰਿ ਜੋ ਮੋ ਰਾਮਤੇ ਮੈਨੋ ਪਾਵੈ ਹੈ। ਅਬ ਅਰਜਨਿ ! ਅਉਰਿ ਸੁਣਿ, ਜੋ ਮੇਰੇ ਅਬਗਤਿ ਸਰੂਪ ਕੇ ਉਪਾਸ਼ਕ ਹੈ ਤਿਨ ਕੋ ਅਧਕ ਤੇ ਅਧਕ ਕਸਟਿ ਹੈ ।... (ਪੱਤਰਾ ੧)

ਅੰਤ— ...ਜੋ ਪਰਮ ਸਰਧਾ ਸਾਥਿ ਇਨਾ ਧਰਮਾ ਕੀ ਉਪਾਸਨਾ ਕਰਿਤੇ ਹੈ । ਸੋ ਭਗਤਿ ਸਭਨਾ ਭਗਤਾ ਕੇ ਮੈਨੋ ਪਿਆਰਾ ਹੈ ॥੧੨॥ ਇਤਿ ਸ੍ਰੀ ਭਗਵਤ ਗੀਤਾਸੂਪਨਿਖਤ ਸੋ ਬ੍ਰਹਮ ਬਿਦਿਆਯੋ ਜੋਗ ਸਾਸਤ੍ਰੇ ਸ੍ਰੀ ਕਰਿਸਨਿ ਵ ਅਰਜਨਿ ਸੰਬਾਦੇ ਭਗਤਿ ਜੋਗੋ ਨਾਮੁ ਦੁਆਦਸਮੋ ਧਿਆਇ ਸੰਪੂਰਨੰ ਭਇਆ ਸ੍ਰੀ ਰਾਮ ਕਰਿਸਨਿ ਅਰਪਣਿ ਸਮਾਪਤੰ ॥ (ਪੱਤਰੇ ੨੯-੩੧)

(ਅ) ਦਸ ਅਵਤਾਰ (ਲੇਖਕ—ਸ਼ੰਕਰਾਚਾਰਯ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥਿ ਦਸ ਅਵਤਾਰ ਲਿਖਤੇ । ਇਕਿ ਸਮੇ ਬ੍ਰਹਮਾ ਜੀ ਡੰਡ ਕਰਿਮੰਡਲ ਲੇ ਕਰ ਇਸਨਾਨ ਕੋ ਗਇਆ ।... (ਪੱਤਰਾ ੩੧)

ਅੰਤ— ...ਦਸ ਅਵਤਾਰਿ ਹਿਰਦੇ ਲੇ ਧਰੈ । ਏਕੋਤ੍ਰ ਸੈ ਪਿਤਰੀ ਸੁਰਗ ਲੈ ਚੜ੍ਹੈ । ਦਸ ਅਵਤਾਰ ਸੰਕਰਾਚਾਰਜੇ ਉਚਰੰਤੇ । ਧਰਮੀ ਧਰਮ ਨਾ ਹਿਰੰਤੇ । ਪੜੰਤੇ ਸੁਣੰਤੇ ਮੋਖ ਮੁਕਤੰ ਲਹੰਤੇ । ਦਸ ਅਵਤਾਰ ਸੰਪੂਰਨੰ । ਭੁਲ ਚੁਕ ਸੋਧ ਪੜ੍ਹਨਾ । ਸ੍ਰੀ ਰਾਮ ਕ੍ਰਿਸਨਿ ਜੀ ਤੇਰੀ ਸਰਨ ਸਰਨੰ । ਰਾਮ ਰਾਮ ਜਪਣਾ । (ਪੱਤਰੇ ੫੮-੬੦)

(ੲ) ਗੀਤਾ ਸਾਰ (ਲੇਖਕ-ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਏਕ ਨਾਮੁ ਓਅੰਕਾਰਿ ਸਤਿਗੁਰ ਪ੍ਰਸਾਦਿ । ਗੀਤਾ ਸਾਰ ਲਿਖਤੇ । ਅਰਜਨੋਵਾਚ । ਅਰਜਨ ਸ੍ਰੀ ਕ੍ਰਿਸਨਿ ਜੀ ਕੇ ਪ੍ਰਤਿ ਪ੍ਰਸਨ ਕਰੇ ਹੈ ।... (ਪੱਤਰਾ ੬੦)

ਅੰਤ— ...ਜੋ ਕੋਈ ਸਾਰ ਗੀਤਾ ਕਾ ਜਥਾਬਿਧ ਅਭਿਆਸ ਕਰਿਨ ਜਾਣੈ, ਜੋ ਪਾਠ ਮਾਤ੍ਰ ਕਰੈ । ਸੋ ਬਿਸਨ ਕੇ ਬਿਦਮਾਨ ਜਾਇ ਪ੍ਰਾਪਤਿ ਹੋਵੈ । ਇਸ ਤੇ ਬਹੁਤੁ ਕਿਆ ਕਹੋ । ਇਹੋ ਤੋ ਭਗਵਤਿ ਗੀਤਾਸੂਪਨਿਖਤਿ ਸੋ ਬ੍ਰਹਮੁ ਖੇਤ੍ਰ ਵਿਦਿਆ ਜੋਗੁ ਸਾਸਤ੍ਰ ਸ੍ਰੀ ਕ੍ਰਿਸਨਿ ਅਰਜਨ ਸਮਾਦੇ ਪ੍ਰਮਹੰਸ ਸਹਿਤ ਗੀਤਾ ਸਾਰ ਸਮਾਪਤੇ ਲਿਖਤੇ ਸੁਣਤੇ ਧਿਆਵਤੇ ਪੂਨ ਰੂਪੀ ਸ੍ਰੀ ਸਤਿਗੁਰੂ ਜੀ ਕੇ ਪ੍ਰਸਾਦਿ ਗੀਤਾ ਸਾਰ ਸਪੂਰਨੰ ਸਮਾਪਤੇ । ਸ੍ਰੀ ਰਾਮਾਇ ਨਮਾ ।... (ਪੱਤਰਾ ੧੦੧)

(ਸ) ਗੰਗਾ ਸਤੋਤ੍ਰ (ਲੇਖਕ—ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ ॥੧॥ ਸ੍ਰੀ ਸਿਧ ਦਾਤਾ ਗਣੇਸੰ ਮੁਰਾਰੀ । ਪ੍ਰਗਟਿ ਬੁਧ ਮਮ ਕਉ ਦੀਉ ਧਿਆਨ ਧਾਰੀ ॥ (ਪੱਤਰਾ ੧੦੩)

ਅੰਤ— ਗੁਰੂ ਪਾਦਕਾ ਕੋ ਉਨਮੋ ਨਾਰਾਇਣੰ । ਸਮਾਪਤੰ । ਸ੍ਰੀ ਰਾਮ ਚੰਦ੍ਰ ਕੀ ਜੈ ॥੨॥੭॥ (ਪੱਤਰਾ ੧੧੦)

(ਹ) ਰਾਮ ਅਸ਼ਟਕ (ਲੇਖਕ—ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਓਅੰ ਸ੍ਰੀ ਗਣੇਸਾਇ ਨਮਾ । ਓਅੰ ਅਥ ਰਾਮ ਅਸਟਕ ਲਿਖਤੇ । ਓਅੰ ਸੁਗ੍ਰੀਵ... (ਪੱਤਰਾ ੧੧੧)

ਅੰਤ— ...ਸ੍ਰੀ ਰਾਮ ਚੰਦੂ ਸਤਤੰ ਨਮਾਮੀ ॥੮॥ ਇਤਿ ਸ੍ਰੀ ਰਾਮ ਅਸਟਕ ਸੰਪੂਰਣੰ ਸਮਾਪਤੰ ॥੮॥ (ਪੱਤਰਾ ੧੧੬)

(ਕ) ਸ੍ਰੀ ਕਲਪ ਬ੍ਰਿਖ (ਲੇਖਕ—ਨਾਮਾਲੂਮ)

ਆਰੰਭ—੧ੳ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਇ ਨਮਾ । ਓਅੰ ਹੋਮਜਾ ਸੁਤ.. (ਪੱਤਰਾ ੧੧੭)

ਅੰਤ— ਸ੍ਰੀ ਕਲਪ ਬ੍ਰਿਖ... (ਪੱਤਰਾ ੧੨੦)

੨੪. (ੳ) ਸ੍ਰੀ ਮਦ ਭਗਵਤ ਗੀਤਾ (ਰਾਮ ਗੀਤਾ ਆਦਿ ਸਮੇਤ) (ਨੰ. ੨੫੭, ਭਾ. ਵਿ.)

ਲੇਖਕ- ਰਿਖੀ ਬਿਆਸ । ਅਨੁਵਾਦਕ—ਨਾਮਾਲੂਮ । ਆਕਾਰ—6¾" × 3¾", ਲਿਖਤ—4" × 2½" ।

ਵੇਰਵਾ—ਪੱਤਰੇ ੨੬੯; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਬੜੀ ਸਾਫ਼ ਤੇ ਸ਼ੁੱਧ; ਹਾਸ਼ੀਆ ਅਤਿ ਸੁੰਦਰ ਦੂਹਰਾ ਰੰਗੀਨ ਲਕੀਰਾਂ ਵਾਲਾ (ਚੌਕੋਰ); ਪੁਸਤਕ ਸਚਿਤ੍ਰ ਸੀ, ਪਰ ਪਿੱਛੋਂ ਤਸਵੀਰਾਂ ਕਿਸੇ ਨੇ ਲਾਹ ਲਈਆਂ ਜਾਪਦੀਆਂ ਹਨ ਜਿਸ ਕਰਕੇ ਥਾਉਂ ਥਾਈਂ ਉਨ੍ਹਾਂ ਦੇ ਨਿਸ਼ਾਨ ਬਾਕੀ ਹਨ ।

ਸਮਾਂ— ੧੯ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ੳ ਸਤਿਗੁਰ ਪ੍ਰਸਾਦਿ । ੧ਓਂ ਸ੍ਰੀ ਗਨੇਸਾਏ ਨਮ: । ਧ੍ਰਿਤ੍ਰਾਸਟ੍ਰੋਵਾਚ ।
ਦੋ ॥ ਧਰਮ ਖੇਤ੍ਰ ਕੁਲ ਖੇਤ੍ਰ ਮੈਂ... (ਪੱਤਰਾ ੧)

ਅੰਤ— ਤਬ ਲਗ ਸੰਸ੍ਰਿਤਿ ਭਾਨ ਕੀ, ਤਾਪ ਤਪਤ ਸਬ ਦੇਸ ।
ਦ੍ਰਿਸਟ ਪਰਿਓ ਜਬ ਲਗੁ ਨਹੀਂ, ਹਰਿ ਗੀਤਾ ਰਾਕੇਸ ॥੮੬॥
ਇਤਿ ਸ੍ਰੀ ਭਗਵਤ ਗੀਤਾਸੂਪਨਖਤਸੁ ਬ੍ਰਹਮ ਵਿਦਿਆਯੰ ਯੋਗ ਸਾਸਤ੍ਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ ਸੰਨਯਾਸ ਯੋਗੋ ਨਾਮ ਅਸਟਦਸੋ ਧਯਾਇ ॥੧੮॥ ਰਾਮ ਰਾਮ । ਰਾਮ ਰਾਮ । (ਪੱਤਰੇ ੧੪੦-੪੧)

(ਅ) ਰਾਮ ਗੀਤਾ (ਗੁਲਾਬ ਸਿੰਘ)

ਆਰੰਭ—੧ੳ ਸਤਿਗੁਰ ਪ੍ਰਸਾਦਿ । ਅਬ ਸ੍ਰੀ ਰਾਮ ਗੀਤਾ ਲਿਖਯਤੇ । ਸ੍ਰੀ ਮਹਾਦੇਵ ਉਵਾਚ ।
ਕਬਿਤੁ ॥ ਤਬ ਹਰਿ ਰਾਮ ਚੰਦ ਜਗਤ ਆਨੰਦ ਕੰਦ...। (ਪੱਤਰਾ ੧੪੨)

ਅੰਤ— ...ਗੁਲਾਬ ਸਿੰਘ ਨਿਜ ਭ੍ਰਾਤ ਕੌ ਰਾਮ ਬਖਾਨਸੌ ਔਧਿ ਪੁਰਿ ॥੧੩੩॥ ਇਤਿ ਸ੍ਰੀ ਮਤ ਅਧਯਾਤਮ ਰਾਮਾਇਣੇ ਉਮਾ ਮਹੇਸੁਰ ਸੰਬਾਦੇ ਉਤ੍ਰ ਕਾਂਡੇ ਰਾਮ ਗੀਤਾ ਨਾਮ ਪੰਚਮੋ ਧਿਆਇ ॥੫॥ (ਪੱਤਰਾ ੧੭੩)
ਇਸ ਤੋਂ ਅੱਗੇ ਪੱਤਰਾ ੧੮੪ ਤਕ ਚੰਡੀ ਪਾਠ ਕੌਚ ਪਾਤਸ਼ਾਹੀ ੧੦ ਦਰਜ ਹੈ ।

(ੲ) ਧ੍ਰੂਹ ਸਤੋਤ੍ਰ

ਆਰੰਭ— ੧ੳ ਸਤਿਗੁਰ ਪ੍ਰਸਾਦਿ । ਅਬ ਧਰੂਹ ਸਤੋਤ੍ਰ ਲਿਖਯਤੇ ।
ਆਦਿ ਪੁਰਖ. ਨਿਰੰਜਨ ਦੇਵ । ਧਰੂਹ ਭਗਤ ਕੀ ਨਿਹਚਲ ਸੇਵ ।... (ਪੱਤਰਾ ੧੮੫)

ਅੰਤ— ...ਸਰਬ ਪਾਪ ਪ੍ਰਲੈ ਭੈ ਅੰਤ, ਕਰਤ ਦਰਸ ਜੋ ਧ੍ਰੂਹ ਕਾ ॥ (ਪੱਤਰਾ ੧੮੬)

(ਸ) ਰਾਮ ਰਿਦਾ (ਸਾਧੂ ਗੁਲਾਬ ਸਿੰਘ) ।

ਆਰੰਭ— ਦੋਹਰਾ ॥ ਸਾਖੀ ਹੈ ਅਗਜਾਨ ਕੇ ਕਮਲ ਨੈਨ ਸ੍ਰੀ ਰਾਮ ।... (ਪੱਤਰਾ ੧੮੬)

ਅੰਤ— ...ਗੁਲਾਬ ਸਿੰਘ ਦਾਸ ਕੇ ਮੁਖਿ ਬਸੈ ਆਨੰਦ ਕੋ ॥੧॥
ਇਤਿ ਸ੍ਰੀ ਮਤ ਅਧਯਾਤਮ ਰਾਮਾਇਣੇ ਉਮਾ ਮਹੇਸੁਰ ਸੰਬਾਦੇ ਸ੍ਰੀ ਰਾਮ ਰਿਦਯੰ ਨਾਮ ਤ੍ਰਤੀਯੋ ਧਿਆਇ॥ (ਪੱਤਰਾ ੧੯੪)
ਪੂਰਣ ਤੇ ਸੁਖ ਸਿੰਧ ਬਿਖੈ ਜਨ ਨਾਇ ਨਹੀ ਭਵ ਸਾਗਰ ਆਵੈ । (ਪੱਤਰਾ ੧੯੮)

(ਹ) ਸੂਰਜ ਸਤੋਤ੍ਰ (ਕਵਿ ਟਹਿਕਨ)

ਆਰੰਭ— ੧ੳ ਸ੍ਰੀ ਗਣੇਸਾਯ ਨਮ: । ਅਬ ਸੂਰਜ ਅਸਤੋਤ੍ਰ ਲਿਖਯਤੇ ।
ਦੋਹਰਾ ॥ ਅਤਿ ਅਚਰਜ ਮਨਿ ਕੁਸ ਲਵ ਸੈਨਾ ਦੇਖਿ ਬਿਸਾਲ ।... (ਪੱਤਰਾ ੧੯੮)

ਅੰਤ— ...ਇਤਿ ਸ੍ਰੀ ਭਾਰਥ ਪਰਬਣੇ, ਅਸ੍ਵਮੇਧ ਬਖਯਾਨਿ । ਪੂਰਨ ਧਿਆਉ ਛਤੀਸਮੋ, ਕਵਿ ਟਹਕਨ ਜੀਅ ਦਾਨ ॥੧੮॥ (ਪੱਤਰਾ ੨੦੭)

(ਕ) ਇੰਦ੍ਰਾਖੀ ਸਤੜ੍ਰ

ਆਰੰਭ— ੧ਓ ਸ੍ਰੀ ਗਣੇਸਾਯ ਨਮ: । ਅਥ ਸ੍ਰੀ ਇੰਦ੍ਰਾਖੀ ਸਤੋਤ੍ਰ ਮੰਤ੍ਰਸਜ ਪੁਰੰਦਰ ਰਿਖਿ: ਅਨੁਸਟਪ ਛੰਦ: ...। (ਪੱਤਰਾ ੨੦੮)

ਅੰਤ— ...ਇੰਦ੍ਰੇਣ ਕਥਿਤੰ ਸਤੋਤ੍ਰੰ ਸਤਯਮੇਵ ਨ ਸੰਸਯ: । ਇਤਿ ਸ੍ਰੀ ਇੰਦ੍ਰਾਖੀ ਸਤੋਤ੍ਰੰ ਸੰਪੂਰਣੰ । ਰਾਮ ਰਾਮ... (ਪੱਤਰਾ ੨੧੩)

ਇਸ ਤੋਂ ਅੱਗੇ ਪੱਤਰਾ ੨੭੦ ਤਕ ੯ ਮਹਲੇ ਦੇ ਸ਼ਬਦ-ਸਲੋਕ ਤੇ ਗੁਰੂ ਗ੍ਰੰਥ ਦੇ ਭੋਗ ਦੀ ਬਾਣੀ ਦਰਜ ਹੈ ।

੨੫. **(ੳ) ਸ੍ਰੀ ਮਦ ਭਗਵਤ ਗੀਤਾ** (ਜੋਗ ਵਾਸਿਸ਼ਟ ਸਾਰ, ਪੈਂਤੀਸ ਅੱਖਰੀ ਆਦਿ) (ਨੰ. ੨੪੫, ਭਾ. ਵਿ.)

ਲੇਖਕ—ਰਿਖੀ ਬਿਆਸ । ਅਨੁਵਾਦਕ—ਨਾਮਾਲੂਮ । ਆਕਾਰ—$7\frac{1}{2}'' \times 5\frac{1}{2}''$, ਲਿਖਤ $5\frac{1}{4}'' \times 3\frac{1}{2}''$ ।

ਵੇਰਵਾ—ਪੱਤਰੇ ਸ੍ਰੀ ਮਦ ਭਗਵਤ ਗੀਤਾ ੪੭੯ ਤੋਂ ੫੨੧ ਤਕ (੪੩), ਜੋਗ ਵਾਸਿਸ਼ਟ ਸਾਰ ੫੨੨ ਤੋਂ ੫੪੨ ਤਕ (੨੧), ਪੈਂਤੀਸੀ ਗੁਲਾਬ ਦਾਸ ਜੀ ਕੀ ੫੪੨ ਤੋਂ ੫੪੪ ਤਕ (੩) ਤਕ; ਟੀਕਾ ਮਾਰਕੰਡੇ ਪੁਰਾਣ ਕਾ ੫੪੪ ਤੋਂ ੫੫੩ ਤਕ (੯), ਗੋਸਟਿ ਰਾਜਾ ਜਨਕ ੫੫੪ ਤੋਂ ੫੬੮ ਤਕ (੧੫), ਤਨਖ਼ਾਹ ਨਾਮਾ ੫੬੯ ਤੋਂ ੫੭੩ ਤਕ (੫) ; ਨਸੀਹਤ ਨਾਮਾ ਮਹਲਾ ੧, ੫੭੩ ਤੋਂ ੫੭੫ ਤਕ (੨), ਪਰੀਛਿਆ ਮਹਲਾ ੫, ੫੭੬ ਤੋਂ ੫੮੬ ਤਕ (੧੧), ਕਰਨੀ ਨਾਮਾ ਗੁਰੂ ਨਾਨਕ ਜੀ ਕਾ ੫੮੭ ਤੋਂ ੫੮੯ ਤਕ (੩), ਫੁਟਕਲ ਵਚਨ ਗੁਰੂ ਅਮਰ ਦਾਸ ਜੀ ਕੇ ਲਗਨ ਸਗਨ ਆਦਿ ੫੮੯ ਅ ਤੋਂ ੫੯੧ ਤਕ (੩); ਕਲਕੀ ਅਵਤਾਰ (ਦਸ਼ਮ ਗ੍ਰੰਥ) ਦੇ ਸਵੈਯੇ ੫੯੨ ਤੋਂ ੫੯੫ ਤਕ (੪), ਨਸੀਹਤ ਨਾਮਾ ੫੯੫ ਤੋਂ ੫੯੭ ਤਕ (੨), ਫਕਰ ਨਾਮਾ ਮਹਲਾ ੧, ੫੯੭ ਤੋਂ ੫੯੮ ਤਕ (੧), ਮਿਹਰ ਨਾਮਾ ੫੯੮ ਤੋਂ ੫੯੯ ਤਕ, ਭਗੌਤੀ ਛੰਦ (ਉਗ੍ਰਦੰਤੀ) ਖਸ਼ਟਕ ੫੯੯ ਤੋਂ ੬੦੮ ਤਕ (੯) = ਕੁੱਲ ਜੋੜ ੧੨੯; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸੋਹਣਾ ਰੰਗੀਨ ਲਕੀਰਾਂ ਵਾਲਾ; ਕਿਤੇ ਕਿਤੇ ਕੁਝ ਸ਼ਬਦ ਤੇ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ੪੭੯ ਤੋਂ ਪਹਿਲੇ ਪੱਤਰੇ ਗੁਮ ਹੋਣ ਕਰ ਕੇ ਪੁਸਤਕ ਅਧੂਰੀ ਹੈ ।

ਸਮਾਂ— ਨਿਸ਼ਚਿਤ ਨਹੀਂ । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸ੍ਰੀ ਗੁਰਵੇ ਨਮ : । ਅਰਜਨੋਬਾਚ । ਸ੍ਰੀ ਕ੍ਰਿਸਨ ਭਗਵਾਨ ਜੀ ਕੇ ਅੰਮ੍ਰਿਤ ਬਚਨ ਸ੍ਰੀ ਮੁਖਾਰਬਿੰਦ ਤੇ ਸੁਣ ਕਰ ਅਰਜਨ ਪ੍ਰਸਨ ਕਰੈ ਹੈ...। (ਪੱਤਰਾ ੪੭੯)

ਅੰਤ— ...ਏ ਲਛਮੀ ਤੇਨੋ ਸ੍ਰੀ ਗੀਤਾ ਜੀ ਕੇ ਅਠ੍ਹਾਰਮੇ ਧਿਆਇ ਕਾ ਫਲ ਕਹਿਆ ਹੈ ਸੋ ਤੈਂ ਸੁਣਿਆ ਹੈ ॥ ਇਤਿ ਸ੍ਰੀ ਪਦਮ ਪੁਰਾਣੇ ਸਤੀ ਈਸਰ ਸੰਬਾਦੇ ਉਤਰ ਖੰਡੇ ਸ੍ਰੀ ਗੀਤਾ ਮਹਾਤਮਨੇ ਅਠਾਰਮੋ ਧਿਆਉ ਸੰਪੂਰਨ ਭਇਆ ॥ ੧੮ ॥ ਸ੍ਰੀ ਕ੍ਰਿਸਨਾਰਪਣੰਮਸਤੁ ॥ ਸੁਭਮਸਤੁ ॥ ਵਧ ਘਟ ਅੱਖਰ ਬਖਸਣਾ, ਅਭੁਲ ਪਰਮੇਸੁਰ ਜੀ ਹੈ ॥ (ਪੱਤਰਾ ੫੨੧)

(ਅ) ਜੋਗ ਵਾਸਿਸ਼ਟ ਸਾਰ (ਕ੍ਰਿਤ ਸ੍ਰੀ ਕਵੀਂਦ੍ਰਾਚਾਰਜ, ਸਰਸ੍ਵਤੀ)

ਆਰੰਭ—੧ਓ ਸਤਿਗੁਰ ਪ੍ਰਸਾਦਿ ॥ ਅਥ ਜੋਗ ਵਸਿਸਟਿ ਸਾਰ ਲਿਖਤੇ ॥ ਦੋਹਰਾ ॥
ਹੈ ਅਨੰਤ ਬਿਆਪਕ ਸਕਲ ਚਿਨਮੈ ਸੀਅਰੋ ਧਾਮ ।... (ਪੱਤਰਾ ੫੨੨)

ਅੰਤ— ...ਚਿਤ ਬਿਲਾਸੁ ਪਰਪੰਚ ਯਹਿ. ਕਾਹੇ ਤੇ ਦੁਖ ਦੇਤ। ਇੰਦੋਰਨ ਕਰਦੀ ਕਹਾ ਮਿਸ੍ਰੀ ਜਾ ਕੋ ਦੇਤ ॥ ੨ ॥ ਗ੍ਰੰਥ ਸਖਿਆ ॥ ੧ ॥ (ਪੱਤਰਾ ੫੪੨)

(ੲ) ਪੈਂਤੀਸੀ ਗੁਲਾਬ ਦਾਸ ਜੀ ਕੀ

ਆਰੰਭ- ਪੈਂਤੀਸੀ ਗੁਲਾਬ ਦਾਸ ਜੀ ਕੀ ਲਿਖੀ । ੧ਓ ਸਤਿਗੁਰ ਪ੍ਰਸਾਦਿ ।
ਊੜਾ ਓੜਕੁ ਵੇਲਾ ਤਬ ਹੀ ਆਇਓ । ਜਬ ਹੀ ਗੁਰ ਗਿਆਨ ਅਗਿਆਨੁ ਮਿਟਾਇਓ ॥੧॥ (ਪੱਤਰਾ ੫੪੨)

ਅੰਤ— ...ੜਾੜਾ ੜਾੜਕਿ ਮੁਏ ਸੇ ਰਉੜੇ ਭਾਈ । ਗੁਲਾਬ ਦਾਸ ਗੁਰ ਰਜ਼ਿਕ ਚੁਕਾਈ ॥੩੫॥
ਪੈਂਤੀਸੀ ਪੂਰਨੁ ਹੋਈ ॥ ਸਤਿਗੁਰ ਬਾਝਹੁ ਅਵਰਾ ਨਾ ਕੋਈ ॥੩੬॥ (ਪੱਤਰਾ ੫੪੪)

(ਸ) ਟੀਕਾ ਮਾਰਕੰਡੇ ਪੁਰਾਣ ਕਾ (ਸੁਕਰਿ ਕੁਮਾਰ ਕਾ)

ਆਰੰਭ—੧ਓ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਯ ਨਮਹ । ਅਥ ਟੀਕਾ ਮਾਰਕੰਡੇ ਪੁਰਾਣ ਕਾ। ਸੁਕਰਿ ਕੁਮਾਰ ਕਾ । ਮਾਰਕੰਡਾ ਸੁਕਰ ਕੁਮਾਰ ਕਉ ਪ੍ਰਸਨ ਕਰੇ ਹੈ ਕੇ, "ਹੇ ਪੁਤ੍ਰ ਸੁਕਰਿ ਕੁਮਾਰ ! ਤੂੰ ਪੰਚ ਮਹੀਨੇ ਅਵਸਥਾ ਉਮਰਿ ਵਿਚ ਕਹਾਂ ਚਲਿਆ ਹੈ" ?... (ਪੱਤਰੇ ੫੪੪-੪੫)

ਅੰਤ— ...ਚਉਥੇ ਪਦ ਤੁਰੀਆ ਮਹਿ ਖੇਲਤੇ ਹੈ । ਤਹਾਂ ਤੇ ਕਾਲ ਕਾ ਡਉਰੂ ਬਾਜਤਾ ਨਾਹੀਂ । ਕਥਾ ਮਾਰਕੰਡੇ ਕੀ ਅਰੁ ਕੁਮਾਰ ਕੀ ਸੰਪੂਰਨੰ ਸਮਾਪਤੰ ॥ ੧ ॥ (ਪੱਤਰਾ ੫੫੩)

(ਹ) ਗੋਸ਼ਟਿ ਰਾਜਾ ਜਨਕ (ਜਨਮ ਸਾਖੀ ਗੁਰੂ ਨਾਨਕ ਨਾਲ ਸੰਬੰਧਿਤ)

ਆਰੰਭ—ੴ ਸਤਿਨਾਮੁ ਕਰਤਾ ਪਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਗੋਸਟਿ ਰਾਜੇ ਜਨਕ ਕੀ । ਤ੍ਰੇਤੈ ਜੁਗ ਵਿਚ ਰਾਜਾ ਜਨਕ ਜੀ ਹੋਏ. ਮਿਥਲਾ ਪੁਰੀ ਵਿਖੇ ਜਨਮ ਲਇਆ ।... (ਪੱਤਰਾ ੫੫੪)

ਅੰਤ— ...ਓਹੁ ਜੰ ਛਿਨਮੈ ਕਰੋੜੀ ਜੀਅ ਥੇ ਸੋਈ ਇਸ ਕਲੀ ਕਾਲ ਮੈਂ ਆਇ ਉਤਰੇ । ਓਨਾ ਜੀਆ ਕੇ ਤਾਰਣੇ ਕੇ ਨਮਿਤੁ ਆਇ ਨਾਨਕ ਜੀ ਜਨਮ ਲੀਆ । ਬੋਲਹੁ ਭਾਈ ਸ੍ਰੀ ਵਾਹਿਗੁਰੂ ਜੀ ਸਾਖੀ ਪੂਰਣ ਹੋਈ । (ਪੱਤਰਾ ੫੬੮)

(ਕ) ਤਨਖ਼ਾਹ ਨਾਮਾ ਨੰਦ ਲਾਲ ਜੀ ਕਾ

ਆਰੰਭ—ੴ ਸਤਿਗੁਰ ਪ੍ਰਸਾਦਿ । ਤਨਖਾਹ ਨਾਮਾ । ਪ੍ਰਸਨ ਕਰਨਾ ਭਾਈ ਨੰਦ ਲਾਲ ਜੀ ਕਾ, ਵਾਕੁ ਗੁਰੂ ਗੋਬਿੰਦ ਸਿੰਘ ਜੀ ਕੰ ॥

ਦੋਹਰਾ ॥ ਪ੍ਰਸਨ ਕੀਆ ਨੰਦ ਲਾਲ ਜੀ, ਗੁਰੂ ਬਤਾਈਐ ਮੋਹਿ ।
ਕਵਨ ਕਰਮ ਇਨ ਜੋਗੁ ਹੈ, ਕਵਨ ਕਰਮ ਨਹੀਂ ਸੋਇ ॥ ੧ ॥... (ਪੱਤਰਾ ੫੬੯)

ਅੰਤ— ...ਰਾਜ ਕਰੇਗਾ ਖਾਲਸਾ, ਆਕੀ ਰਹੈ ਨ ਕੋਇ ।
ਖਆਰ ਹੋਇ ਸਭ ਮਿਲੇਗੀ, ਬਚੈ ਸਰਨਿ ਜੋ ਹੋਇ ॥ ੨੦ ॥ (ਪੱਤਰਾ ੫੭੩)

(ਖ) ਨਸੀਹਤ ਨਾਮਾ ਮਹਲਾ ੧

ਆਰੰਭ—ੴ ਸਤਿਗੁਰ ਪ੍ਰਸਾਦਿ । ਕੀਚੈ ਨੇਕ ਨਾਮੀ ਜੋ ਦੇਵੈ ਖੁਦਾਇ ।... (ਪੱਤਰਾ ੫੭੩)

ਅੰਤ— ਤੋਬਾ ਨਹੀਂ ਕੀਤੀ ਕਰਦਿਆਂ ਗੁਨਾਹ ।
ਅਰਜੁ ਬੰਦਗੀ ਨਾਨਕ ਐਸੇ ਆਲਮ ਕੋ ਤੇਰੀ ਪਨਾਹ ॥੧॥ (ਪੱਤਰਾ ੫੭੫)

(ਗ) ਪਰੀਛਿਆ ਮਹਲਾ ੫

ਆਰੰਭ— ੴ ਸਤਿਗੁਰ ਪ੍ਰਸਾਦਿ । ਪਰੀਛਿਆ ਮਹਲਾ ੫ ॥ ਪਉੜੀ ॥
ਜੋ ਜਨ ਮਨ ਮਹਿ ਚਿਤਵਨੀ ਰਖਾਵੈ । ਸੋ ਮਨ ਕਾ ਸੰਸਾ ਕਹ ਪ੍ਰਗਟਾਵੈ ।... (ਪੱਤਰਾ ੫੭੫)

ਅੰਤ— ਤੂੰ ਅਪਨੇ ਮਨ ਮਹਿ ਕਾਈ ਚਿੰਤਾ ਚਿਤਵਨੀ ਨ ਕਰੁ । ਜਪੁ ਸ੍ਰੀ ਭਗਵਾਨ ਜੀ ਕਾ ਕਰੁ, ਕਾਰਜੁ ਸੁਫਲ ਫਲਾ ਫਲੈਗਾ ॥੩੬॥
ਪਰੀਛਾ ਗੁਰੂ ਨਾਨਕ ਜੀ ਕੀ ਸੰਪੂਰਣ ਹੋਈ ॥ (ਪੱਤਰਾ ੫੮੬)

(ਘ) ਕਰਨੀ ਨਾਮਾ ਗੁਰੂ ਨਾਨਕ ਜੀ ਕਾ

ਆਰੰਭ—ੴ ਸਤਿਗੁਰ ਪ੍ਰਸਾਦਿ । ਕਰਨੀ ਨਾਮਾ ਗੁਰੂ ਨਾਨਕ ਜੀ ਕਾ ਮਕੇ ਵਿਚ ਹੋਇਆ ਕਾਜੀ ਰੁਕਨ ਦੀਨੁ ਨਾਲਿ ।
ਨਾਨਕ ਆਖੈ ਰੁਕਨ ਦੀਨ ਸਚਾ ਸੁਣਹੁ ਜਵਾਬੁ ।... (ਪੱਤਰਾ ੫੮੭)

ਅੰਤ— ਰਾਜ ਕਰੇਗਾ ਖਾਲਸਾ ਆਕੀ ਰਹੈ ਨ ਕੋਇ ।
ਖੁਆਰ ਹੋਇ ਸਭਿ ਮਿਲੈਗੀ, ਬਚੇ ਸਰਨਿ ਜੋ ਹੋਇ ॥ ੨੬ ॥ (ਪੱਤਰਾ ੫੮੯)

(ਙ) ਗੁਰ ਅਮਰ ਦਾਸ ਜੀ ਦੇ ਫੁਟਕਲ ਵਚਨ (ਸਗਨ ਅਪਸਗਨ ਵਿਚਾਰ ਆਦਿ)

(ਚ) ਕਲਕੀ ਅਵਤਾਰ (ਦਸ਼ਮ ਗ੍ਰੰਥ ਦੇ ੧੬ ਸਵੈਯੇ)

(ਛ) ਨਸੀਹਤ ਨਾਮਾ ਮਹਲਾ ੧

ਆਰੰਭ— ੴ ਸਤਿਗੁਰ ਪ੍ਰਸਾਦਿ । ਨਸੀਹਤ ਨਾਮਾ ਉਪਦੇਸ ਗੁਰੂ ਦਾ ।
ਮਿਥਿਆ ਨਾਹੀਂ ਗੁਣਣਾ । ਮਨ ਕੋ ਨਾਹੀਂ ਭ੍ਰਮਾਵਣਾ... (ਪੱਤਰਾ ੫੯੫)

ਅੰਤ ...ਕੋਟ ਕਾਮ ਤਿਆਗਣਾ । ਨਾਮ ਸੰਗਿ ਲਾਗਣਾ ॥ ੯ ॥ (ਪੱਤਰਾ ੫੯੭)

(ਜ) ਫ਼ਕਰ ਨਾਮਾ ਮਹਲਾ ੧

ਆਰੰਭ— ੴ ਸਤਿਗੁਰ ਪ੍ਰਸਾਦਿ । ਫਕਰੁ ਹੈ ਕੁਲ ਕਾ ਵਾਲੀ, ਫਕਰ ਕੀ ਬਾਤ ਹੈ ਨਿਰਾਲੀ ।... (ਪੱਤਰਾ ੫੯੭)

ਅੰਤ— ...ਫਕਰ ਦਰਗਾਹੁ ਕਾ ਭੇਦੀ । ਕਿ ਨਾਨਕ ਸਾਹੁ ਹੈ ਬੇਦੀ । (ਪੱਤਰਾ ੫੯੮)

(ੜ) ਮਿਹਰ ਨਾਮਾ ਗੁਰੂ ਨਾਨਕ ਜੀ ਕਾ

ਆਰੰਭ— ੧ੴ ਸਤਿਗੁਰ ਪ੍ਰਸਾਦਿ । ਮਿਹਰ ਕਾ ਕੁਲਾ ਅਰੁ ਕਫਨੀ ਭੀ ਮਿਹਰ ਕੀ, ਮਿਹਰ ਕਾ ਮਤਕਾ ਲੇ ਕਰਮ ਕੋ ਲਗਾਇਆ ਹੈ ।... (ਪੱਤਰਾ ੫੯੮)

ਅੰਤ— ਇਤੋ ਤੋਲ ਜਾਣ ਜਣਾਵੈ । ਤੌ ਨਾਨਕ ਦਾਸੁ ਵੰਦ ਕਹਾਵੈ । ਹਾਜਰ ਨਾਮਾ ਸੰਪੂਰਣੰ ॥ (ਪੱਤਰਾ ੫੯੯)

(ਵ) ਭਗਉਤੀ ਛੰਦ (ੳਗ੍ਰਦੰਤੀ ਖਸ਼ਟਕ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸ੍ਰੀ ਭਗੌਤੀ ਛੰਦ । ਖਸਟਕੇ ਬਰਨਨੰ । ਪਾਤਸਾਹੀ ੧੦ ।
ਭੁਜੰਗ ਪ੍ਰਯਾਤ ਛੰਦ ॥ ਨਮੋ ਉਗ੍ਰਦੰਤੀ ਅਨੰਤੀ ਸਿਵੈਯਾ ।... (ਪੱਤਰਾ ੫੯੯)

ਅੰਤ— ...ਤਿਹਿ ਆਪਨੇ ਦਾਸਿ ਕਉ ਲੀਯੋ ਉਬਾਰੀ ॥ ੫ ॥ ੨੧ ॥
ਇਤਿ ਸ੍ਰੀ ਗੋਬਿੰਦ ਸਿੰਘ ਬਿਰਚਿਤ ਛੰਦ ਖਸ਼ਟਕੰ ਸਮਾਪਤੰ ਸਭੇਮਸਤੁ ਸਰਬ ਜਗਤ । (ਪੱਤਰਾ ੬੦੮)

੨੬. ਭਗਵਤ ਗੀਤਾ (੧੮ ਵਾਂ ਅਧਿਆਇ) (ਨੰ. ੩੮੫, ਪੰ.ਆ.)

ਲੇਖਕ— ਰਿਖੀ ਬਿਆਸ । ਅਨੁਵਾਦਕ–ਨਾਮਾਲੂਮ । ਆਕਾਰ—$4\frac{3}{4}'' \times 3\frac{1}{2}''$ ਲਿਖਤ $3'' \times 2\frac{1}{2}''$ ।

ਵੇਰਵਾ—ਪੱਤਰੇ ੪੭; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਨਾਮਾਲੂਮ । ਲਿਖਾਰੀ—ਨਾਮਾਲੂਮ ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸ੍ਰਸਤਿ ਸ੍ਰੀ ਗਣੇਸਾਯ ਨਮ: । ਅਬ ਆਗੇ ਸ੍ਰੀ ਗੀਤਾ ਜੀ ਕਾ ਧਿਆਉ ਅਠਾਰ੍ਹਵਾ ਚਲਿਆ ।
ਅਰਜਨੋਵਾਚ । ਅਰਜਨ ਸ੍ਰੀ ਕ੍ਰਿਸਨ ਭਗਵਾਨ ਜੀ ਪਹਿ ਪ੍ਰਸਨ ਕਰੇ ਹੈ ।... (ਪੱਤਰਾ ੧)

ਅੰਤ— ...ਤਾ ਸ੍ਰੀ ਨਾਰਾਯਣ ਜੀ ਕਹਿਆ, "ਹੇ ਲਛਮੀ ! ਐਸਾ ਗੀਤਾ ਅਠ੍ਹਾਰਵੇ ਧਿਆਇ ਕਾ ਮਹਾਤਮ ਹੈ । ਇਤਿ ਸ੍ਰੀ ਪਦਮ ਪੁਰਾਣੇ ਸਤੀ ਈਸਰ ਸੰਬਾਦੇ ਉਤਰ ਖੰਡੇ ਸ੍ਰੀ ਗੀਤਾ ਮਹਾਤਮੇ ਨਾਮ ਅਸਟਦਸੋ ਧਿਆਇ । (ਪੱਤਰਾ ੪੭)

ਇਸਲਾਮੀ ਅਦਬ

੧. **ਕਸੀਦਾ ਗੌਸੀਆ** (ਅਰਬੀ ਅੱਖਰ) (ਨੰ. ੭੭੦, ਪੰ. ਖੁ. ਚੰ)

ਲੇਖਕ— ਮੀਆਂ ਅਬਦੁੱਲਾ। ਆਕਾਰ— 5½" × 9", ਲਿਖਤ 4" × 6½"।

ਵੇਰਵਾ— ਪੱਤਰੇ ੪; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਹਾਸ਼ੀਏ ਉਤੇ ਹੋਰ ਕਲਮ ਤੋਂ ਫ਼ਾਰਸੀ ਅੱਖਰਾਂ ਵਿਚ ਕੁਝ ਨੋਟ ਲਿਖੇ ਹੋਏ; ਹਾਸ਼ੀਆ ਪੱਤਰੇ ਫਟਣ ਕਰ ਕੇ ਨਵੇਂ ਸਿਰੇ ਹੋਰ ਪੱਤਰੇ ਜੋੜ ਕੇ ਚੇਪੀਆਂ ਲਾ ਕੇ ਵਧਾਇਆ ਹੋਇਆ; ਪੁਸਤਕ ਮੁਕੰਮਲ, ਜੋ ਬਿਨਾ ਜਿਲਦ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਲਿਖਾਈ ਡੇਢ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ਯਾ ਗ਼ੌਸੇ ਆਜ਼ਿਮ ਦਸਤਗੀਰ! ਬਿਸਮਿੱਲਾਹਿੱਰਹਮਾਨੁੱਰਹੀਮ।

ਤੂੰ ਸਿਰ ਪੀਰਾਂ ਸਿਰ ਪੀਰ ਹੈ, ਤੂੰ ਆਜਿਜ਼ਾਂ ਦੇ...
ਯਾ ਗ਼ੌਸਿ ਆਜ਼ਿਮ ਦਸਤਗੀਰ!
ਮਨਜ਼ੂਰ ਕਰ ਤਕਦੀਰ ਨੂੰ, ਬਖਸ਼ੇਂਗੇ ਚਾ ਤਕਸੀਰ ਨੂੰ।
ਕੁਲ ਸ਼ਰਮ ਮੇਰੀ ਪੀਰ ਨੂੰ, ਯਾ ਗ਼ੌਸਿ ਆਜ਼ਿਮ ਦਸਤਗੀਰ!... (ਪੱਤਰਾ ੧)

ਅੰਤ— ...ਅਬਦੁੱਲਾ ਉਸਤਾਦ ਗ਼ੁਲਾਮ ਦਾ, ਘੁੱਟ ਲਿਆ ਉਸ ਦੇ ਜਾਮ ਦਾ,
ਰਖ ਸ਼ਰਮ ਉਸ ਦੇ ਨਾਮ ਦਾ, ਯਾ ਗ਼ੌਸਿ ਆਜ਼ਿਮ ਦਸਤਗੀਰ!
ਮੁਹੰਮਦ ਮਾਹ ਸਮ੍ਹਾਲਦਾ, ਕਰਨਾ ਨਰਦ ਸਵਾਲਦਾ,
ਮੁਸ਼ਤਾਕ ਬਹੁਤ ਜਮਾਲ ਦਾ, ਯਾ ਗ਼ੌਸਿ ਆਜ਼ਿਮ ਦਸਤਗੀਰ!
ਪਾਯਾ ਹੈ ਖ਼ੈਰ ਨਸੀਬ ਦਾ, ਲੈ ਨਾਮ ਉਸ ਹਬੀਬ ਦਾ,
ਨਾ ਹੈ ਖ਼ਤਾ ਰਿਜ਼ਕ ਨਸੀਬ ਦਾ, ਯਾ ਗ਼ੌਸਿ ਆਜ਼ਿਮ ਦਸਤਗੀਰ!
ਲਾ ਇਲਾਹਾ ਇੱਲਿੱਲਾ, ਮੁਹੰਮਦ ਰਸੂਲੁ ਅੱਲਾਹ। (ਪੱਤਰਾ ੪)

੨. **ਜੰਗ ਨਾਮਾ ਇਮਾਮ ਹੁਸੈਨ** (ਫ਼ਾਰਸੀ ਅੱਖਰ) (ਨੰ: ੧੧੪੯੭, ਮ. ਕਾ. ਪ.)

ਲੇਖਕ— ਕਵੀ ਹਾਮਿਦ। ਆਕਾਰ—6" × 10", ਲਿਖਤ 4½" × 8½"।

ਵੇਰਵਾ ਪੱਤਰੇ ੧੮੪; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਦੇਸੀ (ਮੋਟਾ ਤੇ ਖੁਰਦਰਾ) ਕਿਰਮ ਖ਼ੁਰਦਾ, ਜਿਸ ਕਰ ਕੇ ਕਿਤੇ ਕਿਤੇ ਛੇਕ ਪਏ ਹੋਏ; ਲਿਖਤ ਸਾਫ਼ ਤੇ ਸ਼ੁੱਧ; ਖ਼ਤ ਨਸਤਾਲੀਕ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਕਈ ਥਾਵੀਂ ਪੱਤਰੇ ਫੱਟਣ ਕਰ ਕੇ ਦੋਬਾਰਾ ਹੋਰ ਕਾਗਜ਼ ਜੋੜ ਕੇ ਮੁਰੰਮਤ ਕੀਤੇ ਹੋਏ; ਪੁਸਤਕ ਹਰਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਸੰਨ ੧੨੭੯ ਹਿ.। ਲਿਖਾਰੀ—ਮੁਹਕਮ ਦੀਨ। ਸਥਾਨ—ਪਿੰਡ ਬਾਠਾ?।

ਆਰੰਭ— ਬਿਸਮਿੱਲਾਹਿੱਰਹਮਾਨੁੱਰਹੀਮ।
ਲਖ ਲਖ ਹਮਦ ਅਲਾਹ ਨੂੰ ਜਿਸ ਨੇ ਕੁੱਲ ਜਹਾਨ।
ਨੂਰੋਂ ਸਾਜ਼ ਬਣਾਇਆ, ਕੀਤਾ ਕੁਲ ਫ਼ਰਮਾਨ।
ਕੀਤੇ ਅੱਲਾ ਪਾਕ ਨੇ ਚੌਦਾਂ ਤਬਕ ਪਛਾਨ।
ਸਤ ਜ਼ਮੀਨਾਂ ਰੱਖੀਆਂ, ਥਮ੍ਹਾਂ ਬਾਝ ਅਸਮਾਨ।... (ਪੱਤਰਾ ੧)

ਅੰਤ— ...ਆਖੋ ਸਾਰੇ ਮੋਮਨੋ ਰੂਹ ਰਸੂਲ ਦਰੂਦ।
ਤੱਮਤ ਤਮਾਮ ਸ਼ੁਦ। ਕਿੱਸਾ ਹਜ਼ਰਤ ਇਮਾਮ ਐਨ ਯਕ ਨੁਸਖ਼ਾ ਕਿਤਾਬ ਜੰਗ ਨਾਮਾ ਮਿਨ ਤਸਨੀਫ਼ ਮੁੱਸੰਨਿਫ਼ ਮੀਆਂ ਹਾਮਿਦ ਬਦਸਤਖ਼ਤ ਫ਼ਕੀਰ ਹਕੀਰ ਪੁਰ ਤਕਸੀਰ ਮੁਸੱਮੀ ਮੁਹਕਮੁੱਦੀਨ ਵਲਦ ਮੀਆਂ ਸਾਹਿਬ ਮੀਆਂ ਨ ਮਦਾਰ ਕੌਮ ਕੁਰੈਸ਼ੀ ਤਾਲਿਬ ਉਲ-ਇਲਮ ਸਾਕਿਨ ਮੌਜ਼ਿਅ ਬਾਠਾ ਬਰੋਜ਼ ਯਕ ਸ਼ੰਬਾ ਵਕਤ ਨਮਾਜ਼ੇ ਪੇਸ਼ੀਨ ਮਰਕੂਮ ਸ਼ੁਦ, ਤਹਰੀਰ ਬਤਾਰੀਖ਼ ੧੪ ਮਾਹ-ਜਮਾ-ਦੀ-ਉਲ-ਅੱਵਲ ਸਨ ੧੨੭੯ ਹਿਜਰੀ ਖ਼ਤਮ ਬਰਾਇ... (ਪੱਤਰਾ ੧੮੪)

੩. (ੳ) ਜੰਗ ਨਾਮਾ ਹਸਨ ਹੁਸੈਨ (ਜੰਗਨਾਮਾ ਸ਼ਾਹ ਹਨੀਫ਼ ਸਮੇਤ) (ਨੰ: ×. ਪ੍ਰੋ. ਪ੍ਰੀ. ਸਿੰ.)

ਲੇਖਕ– ਕਵੀ ਮੁਕ਼ਬਲ। ਆਕਾਰ—5¼"8", ਲਿਖਤ 4"×7"।

ਵੇਰਵਾ— ਪੱਤਰੇ ੩੫; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਪਤਲਾ ਕਸ਼ਮੀਰੀ; ਲਿਖਤ ਸ਼ਿਕਸਤਹ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਹਾਸ਼ੀਏ ਉਤੇ ਉਕਾਈਆਂ ਬਾਰੇ ਕੁਝ ਨੋਟ ਲਿਖੇ ਹੋਏ; ਜਿਲਦ ਟੁੱਟਣ ਕਰ ਕੇ ਕਈ ਥਾਵੀਂ ਕੁਝ ਪੱਤਰੇ ਫਟੇ ਤੇ ਭੁਰੇ ਹੋਏ; ਪੁਸਤਕ ਵੈਸੇ ਅੱਛੀ ਹਾਲਤ ਵਿਚ ਹੈ।

ਸਮਾਂ— ੧੪ ਫੱਗਣ, ਸੰਮਤ (੧)੯੧੭ ਬਿ.। ਲਿਖਾਰੀ—ਮੌਲੇ ਖ਼ਾਨ ਅਫ਼ਗਾਨ। ਸਥਾਨ-ਰਸੂਲ ਪੁਰ।

ਆਰੰਭ— (ਇਸਲਾਮੀ ਕਲਮੇ ਤੋਂ ਬਾਦ)

ਲੱਖ ਲੱਖ ਸ਼ੁਕਰ ਖ਼ੁਦਾਇ ਨੂੰ, ਜੈਂਦਾ ਕੁੱਲ ਜਹਾਨ।
ਕਰਨ ਇਬਾਦਤ ਓਸ ਨੂੰ ਹਿੰਦੂ ਮੁਸਲਮਾਨ।
ਖ਼ਾਲੀ ਸਿਤ ਜਹਾਤ ਥੀਂ ਜਿਦੋਂ ਜਿਨਸੋਂ ਪਾਕ।
ਅਲਾ ਪਾਕੀ ਪਾਕ ਹੈ, ਬੰਦਾ ਖ਼ਾਕੀ ਖ਼ਾਕ।... (ਪੱਤਰਾ ੧)

ਅੰਤ— ...ਭਾਈ ਸ਼ਾਹ ਹਨੀਫ਼ ਵਿਦਿਆ ਹੋਇ ਤੁਰੇ।
ਭੇਰਾਂ ਤੁਰ੍ਹੀਆਂ ਵੱਜੀਆਂ ਤਬਲ ਦਮਾਮ ਘੁਰੇ।
ਦਿਲ ਵਿਚ ਜਾਣ ਸ਼ਹਿਜਾਦ ਜਾਂ ਦਿੱਤਾ ਆਣ ਉਤਾਰ।
ਧਰਤੀ ਆਇਆ ਜ਼ਲਜ਼ਲਾ ਅੰਬਰ ਗਰਦ ਗ਼ੁਬਾਰ।
ਹਾਮੀ ਚਾਰ ਯਜ਼ੀਦੀਏ ਸ਼ੇਰਾਂ ਮਾਰ ਲਏ।
ਕਰ ਕੇ ਫ਼ਤਿਹ ਦਮਿਸ਼ਕ ਨੂੰ ਮੁੜ ਕੇ ਰਾਹ ਗਏ। (ਪੱਤਰਾ ੩੦)

(ਅ) ਜੰਗ ਨਾਮਾ ਦੀਗਰ ਇਮਾਮ ਹਨੀਫ਼ਾ (ਮੁਕ਼ਬਲ)

ਆਰੰਭ— ਚੜ੍ਹਿਆ ਮੁਹੰਮਦ ਹਨਫ਼ੀਆ, ਘੁਰੇ ਦਮਾਮੇ ਤੱਬ।
ਅਸਮਾਨਾਂ ਨੂੰ ਥਰ ਥਰੀ, ਜ਼ਮੀਨਾਂ ਨੂੰ ਘੱਬ।... (ਪੱਤਰਾ ੩੧)

ਅੰਤ— ...ਕੀਤਾ ਅਪਨਾ ਪਾਇ ਕੇ ਮੋਇਆ ਯਜ਼ੀਦ ਹਰਾਮ।
ਕਿੱਸਾ ਹਸਨ ਹੁਸੈਨ ਦਾ ਹੋਇਆ ਸਭ ਤਮਾਮ।
ਸ਼ਹਿਰ ਜ਼ੀਕ਼ਾਦੇ ਸੱਤਵੀਂ ਦੋ ਸ਼ੰਬਾ ਦਿਨ ਪੀਰ।
ਬਾਰਾਂ ਸੈ ਉਨਾਠਆਂ ਸਨ ਹਿਜਰੀ ਤਹਰੀਰ।
ਅਹਿਦ ਮੁਹੰਮਦ ਸ਼ਾਹ ਦਾ, ਸੰਨ ਅਠਾਰਾਂ ਜਾਨ।
ਇਹ ਰਸਾਲਾ ਜੋੜਿਆ, ਮੁਕ਼ਬਲ ਮੁੱਸਲਮਾਨ।
ਸੁਨ ਤੂੰ ਨਾਮ ਖ਼ੁਦਾਇ ਦੇ ਮੁਕ਼ਬਲ ਦਾ ਮਕਸੂਦ।
ਮੂਏ ਗਏ ਨੂੰ ਘਲਨਾ, ਚੇਤੇ ਨਾਲ ਦਰੂਦ।
ਮੁਕ਼ਬਲ ਆਜਿਜ਼ ਗੁਨਹਗਾਰ, ਬਖ਼ਸ਼ਨਹਾਰ ਖ਼ੁਦਾਇ।
ਬਰਕਤ ਕਲਮੇ ਪਾਕ ਦੀ, ਈਮਾਂ ਰਹੇ ਬਕਾਇ।
ਤਮਾਮ ਸ਼ੁਦ ਕਿੱਸਾ ਇਮਾਮ ਹਸਨ ਹੁਸੈਨ...

ਬਰਾਇ ਖ਼ਾਤਰ ਮੁਹਕਮ ਕਿੱਸਾ ਜੰਗ ਨਾਮਾ ਮਰਕੂਮ ਸ਼ੁਦ, ਸੰਮਤ (੧)੯੧੭ ਦਰ ਮਾਹ ਤਾਰੀਖ਼ ਚਹਾਰਦਹਮ ੧੪ ਫਾਗਨ ਨਵਿਸ਼ਤਹ ਸ਼ੁਦ, ਦਸਤਖ਼ਤ ਮੌਲੇ ਖ਼ਾਨ ਅਫ਼ਗਾਨ ਬਾਸ਼ਿੰਦਹ ਰਸੂਲ ਪੁਰੀਆ ਦਰ ਜਾਇ ਲਾਲੇ ਵਾਲੀ ਚੰਦ ਰੋਜ਼ ਸਕੂਨਤ ਮੀਦਾਰਦ, ਤਹਰੀਰ ਯਾਫ਼ਤ। (ਪੱਤਰਾ ੩੫)

੪. ਤੁਹਫ਼ਤੁਲ ਮੋਮਨੀਨ (ਅਰਬੀ ਅੱਖਰ) (ਨੰ. ੧੭੧, ਪ੍ਰੋ. ਪ੍ਰੀ. ਸਿੰ.)

ਲੇਖਕ—ਸ਼ਫ਼ੀਅ ਮੁਹੰਮਦ। ਆਕਾਰ—5¼"×8½", ਲਿਖਤ 4"×7½"।

ਵੇਰਵਾ– ਪੱਤਰੇ ੨੩, ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ।

ਸਮਾਂ— ਸੰਨ ੧੧੬੦ ਹਿਜਰੀ, ਮੁਤਾਬਿਕ ਸੰਨ ੧੭੪੭ ਈ.। ਲਿਖਾਰੀ—ਨਾਮਾਲੂਮ।

ਆਰੰਭ— ਅੱਵਲ ਹਮਦ ਕਹਾਂ ਉਸ ਖ਼ਾਲਿਕ਼ ਜੋ ਹੈ ਸੱਚਾ ਸਾਈਂ।
ਉਸ ਥੀਂ ਪਿੱਛੇ ਲੱਖ ਕਰੋੜ ਦਰੂਦ ਮੁਹੰਮਦ ਤਾਈਂ।

ਫੇਰ ਦਰੂਦ ਕਹਾਂ ਅਉਲਾਦਾਂ, ਫੇਰ ਅਸਹਾਬ ਤਮਾਮ ।
ਫੇਰ ਕਹਾਂ ਜਮੀਅ-ਉਲ-ਮੋਮਨਾਂ ਹਰ ਹਰ ਵਕਤ ਮੁਦਾਮ ।... (ਪੱਤਰਾ ੧)

ਅੰਤ– ਫ਼ਜ਼ਲ ਤੇਰਾ ਦਰਕਾਰ ਅਸਾਂ ਨੂੰ ਸ਼ਫ਼ੀਅ ਮੁਹੰਮਦ ਖ਼ਾਹਾਂ ।
ਬਰਕਤ ਕਲਮਾ ਪਾਕ ਮੁਹੰਮਦ ਅਸਾਂ ਭਿਸ਼ਤ ਨੂੰ ਜਾਹਾਂ ।
ਬਰਕਤ ਪਾਕ ਕਲਾਮ ਦੇ ਇਸ ਆਸੀ ਅਫ਼ਜ਼ਲ ਤਾਈਂ । -
ਨਾਲ ਈਮਾਨੇ ਰੱਖੀਂ ਰੱਬਾ, ਨਾਲ ਈਮਾਨ ਵਿਹਾਈਂ ।...
ਗਜਾਰਾਂ ਸੈ ਹੋਰ ਸਠ ਬਰਸ ਵਿਚ ਏਹ ਰਸਾਲਾ ਕੀਤਾ ।
ਸੰਨ ਸੀ ਅਹਿਦ ਮੁਹੰਮਦ ਸ਼ਾਹੀ ਦੋਏ ਹਿਸਾਬੋਂ ਬੀਤਾ ।
ਖ਼ੁਦਾਯਾ ਹਰਾਂਕਸ ਕਿ ਈਂ ਰਾ ਨਿਵਿਸ਼ਤ ।
ਅਫ਼ਵ ਕੁਨ ਗੁਨਾਹਸ਼ ਅਤਾ ਕੁਨ ਬਹਿਸ਼ਤ । (ਪੱਤਰੇ ੨੨-੨੩)

੫. (ੳ) ਦੁਆਇ ਸੁਰਿਆਨੀ (ਰੋਸ਼ਨ ਦਿਲ ਪੰਜਾਬੀ ਸਮੇਤ) (ਨੰ. ੧੧੪੯੯, ਮ. ਕਾ. ਪ.)

ਲੇਖਕ– ਮੀਆਂ ਅਹਿਮਦ ਯਾਰ । ਆਕਾਰ—$5\frac{1}{2}'' \times 9\frac{1}{4}''$, ਲਿਖਤ $4'' \times 7\frac{1}{2}''$ ।

ਵੇਰਵਾ- ਪੱਤਰੇ ਦੁਆਇ ਸੁਰਿਆਨੀ ੧੨, ਰੋਸ਼ਨ ਦਿਲ ਪੰਜਾਬੀ ਪੱਤਰੇ ੪੩; ਕੁੱਲ ਜੋੜ ੫੫; ਪ੍ਰਤੀ ਸਫ਼ਾ ੧੨-੧੩ ਸਤਰਾਂ; ਕਾਗਜ਼ ਦੇਸੀ; ਲਿਖਤ ਸ਼ਿਕਸਤਾ ਸਿੱਧੀ ਸਾਦੀ, ਜੋ ਕਿਤੇ ਕਿਤੇ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ; ਸਿਉਂਕ ਲੱਗਣ ਕਰ ਕੇ ਅੰਤਲੇ ੧੩ ਕੁ ਸਫ਼ੇ ਕੁਝ ਭੁਰੇ ਹੋਏ; 'ਦੁਆਏ ਸੁਰਿਆਨੀ' ਵਿਚ ਕਈ ਥਾਵੀਂ ਹਰੇਕ ਪੱਤਰੇ ਉਤੇ ਲਾਲ ਸਿਆਹੀ ਵੀ ਵਰਤੀ ਹੈ; ਅੱਖਰ ਫ਼ਾਰਸੀ ਹਨ ।

ਸਮਾਂ– ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਮੀਆਂ ਜਮਾਲੁੱਦੀਨ ।

ਆਰੰਭ– ਬਿਸਮਿਲਾਹਿੱਰਹਮਾਨੁੱਰਹੀਮ । (ਦੁਆਇ ਸੁਰਿਆਨੀ) ।
ਇਬਨ ਅਬਾਸ ਰਵਾਇਤ ਕੀਤੀ । ਵਿੱਚ ਮਦੀਨੇ ਬੈਠ ਮਸੀਤੀ ।
ਸੁੱਤਿਆਂ ਸੁਫ਼ਨਾ ਨਜ਼ਰੀ ਆਇਆ । ਅਲਾਹ ਮੈਨੂੰ ਇਹ ਫ਼ੁਰਮਾਇਆ ।... (ਪੱਤਰਾ ੧)

ਅੰਤ– ...ਆਖ਼ਰ ਨੂੰ ਛੁੜਕਾਵਨ ਵਾਲਾ । ਹੋਸੀ ਰੂਪ ਸਦਾ ਮਤਵਾਲਾ ।
ਮੈਂ ਮੰਨਿਆਗਾ ਉਸ ਦਾ ਕਹਿਆ । ਓਸੇ ਨੂੰ ਇਹ ਦਰਜਾ ਦਇਆ ।
ਜੋ ਕੋ ਵਿਚ ਫ਼ਰਮਾਏ ਸੋ ਮੈ ਕਰਨਾ, ਜਾਮਨ ਉੱਮਤ ਸਾਰੀ ਦਾ ॥ (ਪੱਤਰਾ ੧੨)

ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ, ਜਿਸ ਕਰ ਕੇ ਇਹ ਪੁਸਤਕ ਅਧੂਰੀ ਹੈ ।

(ਅ) ਰੌਸ਼ਨ ਦਿਲ ਪੰਜਾਬੀ (ਫ਼ਰਦ ਫ਼ਕੀਰ)

ਆਰੰਭ– ...ਕੀਤਾ ਸ਼ੁਰੂ ਕਿਤਾਬ ਨੂੰ ਪੜ੍ਹ ਕੇ ਬਿਸਮਿਲੱਾਹ ।..
ਅੱਵਲ ਸਰ ਕੁਰਾਨ ਦਾ, ਜਾਣੋ ਬਿਸਮਿੱਲਾਹ । (ਪੱਤਰਾ ੧੩)

ਅੰਤ– ਉਮੱਤ ਬਖ਼ਸ਼ ਰਸੂਲ ਦੀ ਜਿਸ ਦਿੱਤੇ ਫ਼ੁਰਕਾਨ ।
ਰੱਬਾ ਕੁਲੀ ਆਸੀ ਬਖ਼ਸ਼ ਤੂੰ, ਤੇਰਾ ਨਾਮ ਰਹਿਮਾਨ ।... (ਪੱਤਰਾ ੫੫)

੬. ਫ਼ਜ਼ੀਲਤ ਰੋਜ਼ਿ ਆਸ਼ੂਰਾ (ਫ਼ਾਰਸੀ ਅੱਖਰ) (ਨੰ. ×, ਪ੍ਰੋ. ਪ੍ਰੀ. ਸਿੰ.)

ਲੇਖਕ– ਕਵੀ ਹਾਮਿਦ । ਆਕਾਰ–$5\frac{3}{4}'' \times 9\frac{1}{4}''$, ਲਿਖਤ $4\frac{3}{4}'' \times 7''$ ।

ਵੇਰਵਾ– ਪੱਤਰੇ ੪; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਦੇਸੀ, ਲਿਖਤ ਸ਼ਿਕਸਤਾ, ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰੇ ਕਿਰਮ ਖ਼ੁਰਦਾ ਤੇ ਨੁੱਕਰਾਂ ਤੋਂ ਭੁਰੇ ਹੋਏ; ਇਸ ਹੱਥ ਲਿਖਤ ਦੇ ਨਾਲ ਇਕ ਹੋਰ ਪੁਸਤਕ ਮੁਨਾਜਾਤ ਪੈਗੰਬਰ ਅਲੈ ਇਸਲਾਮ ਵੀ ਸ਼ਾਮਲ ਹੈ ।

ਸਮਾਂ– ਲਿਖਤ ਲੱਗਭਗ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ– ਬਿਸਮਿੱਲਾਹਿੱਰਹਮਾਨੁੱਰਹੀਮ । ਦਰ ਫ਼ਜ਼ੀਲਤ ਰੋਜ਼ਿ ਆਸ਼ੂਰਹ, ਵ ਸ਼ਰਾਇਤਿ ਆਸ਼ੂਰਹ ।
ਦਰਜਾ ਸੁਣਿਓ ਮੋਮਨੋ, ਰੋਜ਼ਿ ਆਸ਼ੂਰਹ ਦਾ ।
ਇਸ ਨੂੰ ਬਹੁਤਿਆਂ ਦਿਹਾਂ ਦਾ ਦਿੱਤਾ ਫ਼ਜ਼ਲ ਖ਼ੁਦਾ ।
ਏਸੇ ਦਿਹੁੰ ਵਿਚ ਰੱਬ ਨੇ ਕੀਤਾ ਆਦਮ ਜਾਣ ।
ਹਜ਼ਰਤ ਹੋਇਆ ਏਤ ਦਿਨ, ਪੈਦਾ ਹੋਈ ਪਛਾਣ ।

ਕੁਰਸੀ ਅਰਸ਼ ਪਛਾਣ ਤੂੰ, ਲੋਹ ਕਲਮ ਅਸਮਾਨ ।
ਜ਼ਮੀਨਾਂ ਰੂਹ ਬਹਿਸ਼ਤ ਭੀ ਹੋਏ ਇਸ ਦਿਹੁ ਜਾਣ ।
ਰੋਜ਼ ਆਖ਼ੂਰਹ ਜੋ ਰਖੇ ਰੋਜ਼ਹ ਲਈ ਸਵਾਬ ।
ਸਤ ਸੈ ਬਰਸ ਦੀ ਬੰਦਗੀ, ਮਿਲਸੀ ਵਕ਼ਤ ਹਿਸਾਬ ।... (ਪੱਤਰਾ ੧)

ਅੰਤ— .. ਹਾਮਿਦ ਕਹੇ ਰਸੂਲ ਦੀ ਜ਼ਾਹਿਰ ਤੁਸੀਂ ਵਫ਼ਾਤ ।
ਜੋ ਹੈ ਜ਼ਾਹਿਰ ਬਾਤਨਾ ਹਜ਼ਰਤ ਨਿੱਤ ਹਯਾਤ ।
ਅੱਲਾਹ ਬਾਝੋਂ ਜ਼ਾਹਿਰਾ ਸਭਨਾਂ ਤਾਈ ਮੌਤ ।
ਐਪਰ ਪਿਆਰੇ ਰੱਬ ਦੇ ਹੋਂਦੇ ਨਾਹੀਂ ਫ਼ੌਤ ।
ਇੱਕ ਮਕਾਨੋਂ ਸੈਰ ਜਾ ਦੂਜੀ ਜਾ ਕਰਨ ।
ਜਾਂਦੇ ਖ਼ੁਸ਼ੀਆਂ ਨਾਲ ਹਨ ਅੰਦਰ ਅਸਲ ਵਤਨ । (ਪੱਤਰਾ ੪)

ਇਸ ਤੋਂ ਅੱਗੇ ਇਸੇ ਪੱਤਰੇ ਪਰ ਕਵੀ ਹਾਮਿਦ ਦੀ ਕੁਝ ਮੋਟੇ ਅੱਖਰਾਂ ਵਿਚ ਇਹ ਪੰਜਾਬੀ ਕਵਿਤਾ ਦਿੱਤੀ ਹੋਈ ਹੈ—

ਗ਼ਰਕ਼ ਹੋਏ ਇਕ ਕਸਬ ਦੇ ਅੰਦਰ ਦੇਹੁੰ ਤੇ ਰਾਤ ।
ਰਾਜ਼ਿਕ ਜਾਣਨ ਕਸਬ ਨੂੰ ਟੁੱਟ ਮੂਏ ਬਦਜ਼ਾਤ ।
ਖ਼ਾਸੇ ਕਰਦੇ ਕਸਬ ਜੋ ਹੈਨ ਤਵੱਕ਼ਲ ਨਾਲ ।
ਕਾਰ ਕਮਾਵਣ ਕਸਬ ਦੀ ਅੰਦਰ ਕਸਬ ਸਮ੍ਹਾਲ ।
ਸਬ ਕਸਬਾਂ ਵਿਚ ਕੀਮੀਆ ਆਸ਼ਕ ਯਾਦ ਖ਼ੁਦਾ ।
ਅੰਦਰ ਖ਼ੁਸ਼ੀਆਂ ਐਸ਼ ਦੇ, ਆਸ਼ਕ ਰਹਿਣ ਸਦਾ ।...

੭. ਫ਼ਰੀਦ ਜੀ ਕਾ ਪਦਿਤ ਨਾਮਾ (ਦੇਵ ਨਾਗਰੀ) (ਨੰ. ੮੭੩, ਨਾ. ਪ੍ਰ. ਸਭਾ, ਕਾਸ਼ੀ)

ਲੇਖਕ—ਸ਼ੇਖ਼ ਫ਼ਰੀਦ ਜੀ । ਆਕਾਰ—6″ × 10½″, ਲਿਖਤ 5″ × 9½″ ।

ਵੇਰਵਾ—ਪੱਤਰੇ ੫੯੬—੯੭ (੨); ਪ੍ਰਤੀ ਸਫ਼ਾ ੩੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ ; ਹਾਸ਼ੀਆ ਲਾਲ ਲਕੀਰਾਂ ਵਾਲਾ ; ਸਿਰ ਲੇਖ ਤੇ ਵਿਸ਼੍ਰਾਮ-ਚਿੰਨ ਲਾਲ ਸਿਆਹੀ ਨਾਲ ਲਿਖੇ ਹੋਏ: ਇਸ ਰਚਨਾ ਦੇ ਨਾਲ ਹੇਠ ਲਿਖੀਆਂ ਸੰਤ ਬਾਣੀਆਂ ਹੋਰ ਵੀ ਹਨ— ਬਾਣੀ ਸੇਵਾ ਦਾਸ ਨਿਰੰਜਨੀ ਕੀ ਪੱਤਰੇ ੧—੧੨੦, ਦਿਆਲ ਜੀ ਕੀ ਬਾਣੀ ੧੨੧—੧੭੭ (੫੭), ਕਬੀਰ ਜੀ ਕੀ ਬਾਣੀ ੧੭੭—੨੫੦ (੭੪), ਗੋਰਖ ਨਾਥ ਜੀ ਕੀ ਬਾਣੀ ੨੫੧—੩੨੭ (੭੭), ਨਾਮ ਦੇਵ ਜੀ ਕੀ ਬਾਣੀ ੩੨੮—੩੪੩ (੧੫), ਰੈਦਾਸ (ਰਵਿਦਾਸ) ਜੀ ਕੀ ਬਾਣੀ ੩੪੩—੩੫੧ (੯), ਪੀਪਾ ਜੀ ਕੀ ਬਾਣੀ ੩੫੨—੩੫੪ (੩), ਜਗਜੀਵਣ ਜੀ ਕੀ ਬਾਣੀ ੩੫੫—੩੬੫ (੧੧), ਤੁਲਸੀ ਦਾਸ ਜੀ ਕੀ ਬਾਣੀ ੩੬੫—੫੩੫ (੮੦), ਗ੍ਰੰਥ ਵਿਚਾਰ ਮਾਲਾ ੫੩੬, ਸਾਧ ਪ੍ਰਸ਼ਨ ਜੋਗ ਆਦਿ ੫੪੧—੫੪੪ (੪), ਮਹਾ ਪੁਰਖਾਂ ਦੀ ਫੁਟਕਲ ਬਾਣੀ (ਗੁਰੂ ਨਾਨਕ, ਗੁਰੂ ਅਰਜਨ ਜੀ ਆਦਿ) ੫੬੧—੫੯੫ (੩੫), ਗ੍ਰੰਥ ਨਾਮ ਮਾਲਾ, ਪ੍ਰਸ਼ਨੋੱਤਰੀ ਮਾਲਾ ਆਦਿ ੫੯੭—੭੧੬ (੧੧੯), ਪੁਸਤਕ-ਸੰਗ੍ਰਹ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੫੬ ਬਿ. । ਲਿਖਾਰੀ—ਸ੍ਵਾਮੀ ਮੁਕਨ ਦਾਸ । ਸਥਾਨ—ਪਿੰਡ ਖਰੜ (ਜ਼ਿਲਾ ਅੰਬਾਲਾ?) ।

ਆਰੰਭ—ਅਥ ਸ੍ਰੀ ਫਰੀਦ ਜੀ ਕਾ ਪਦਿਤ ਨਾਮਾ ਲਿਖ੍ਯਤੇ ।
ਬਗੈਰ ਗੁਨਹਾ ਐਕ ਘੜੀ ਨਹੀ ਗੁਜਰੀ ।
ਮੁਝ ਪਰ ਹਜੂਰਿ ਦਿਲ ਬੰਦਗੀ ਭੀ ਐਕ ਘੜੀ ਨਹੀ ਗੁਜਰੀ ।... (ਪੱਤਰਾ ੫੯੬)

ਅੰਤ— ...ਜੋ ਕੋਈ ਕਾਬਿ ਕਬੀਰੀ ਕਰੈ, ਤਿਸ ਕਾ ਸਬ ਲੁਟਿ ਜਾਤਾ ਹੈ । ਉਸ ਤੇਂ ਅਮਲ ਰਹਤਾ ਨਾਹੀ, ਫੀਕਾ ਹੋਇ ਜਾਤਾ ਹੈ । ਉਸ ਕਾ ਅਮਲ ਐਹੂੰ ਮੈਂ ਜਾਇ ਰਹੈ ਹੈ । ਉਸ ਕਾ ਦਿਲ ਘਾਇਲ ਹੋਇ ਰਹੈ, ਚੁਤਰਾਈ ਜਾਹ ਕਰੀ । ਜਿਸ ਤੇਂ ਜਬਾਬ ਮੁਖ ਬੰਦ ਕਰ ਖਲਕ ਤੇਂ ਆਪ ਨੂੰ ਨਿਰਾਸ ਰਾਖੈ । ਤੌ ਤੇਰੈ ਅੰਦਰਿ ਰੁਸਨਾਈ ਹੋਇਗੀ ।
ਇਤੀ ਸ੍ਰੀ ਫਰੀਦ ਜੀ ਕਾ ਪਦਿਤ ਨਾਮਾ ਸੰਪੂਰਣ । (ਪੱਤਰਾ ੫੯੭)

੮. ਮੁਨਾਜਾਤ ਪੈਗ਼ੰਬਰ ਅਲੈ ਇਸਲਾਮ (ਫ਼ਾਰਸੀ ਅੱਖਰ) (ਨੰ. ×, ਪ੍ਰੋ. ਪ੍ਰੀ. ਸਿੰ.)

ਲੇਖਕ— ਮੁਅੱਜ਼ਮੁੱਦੀਨ, ਨਾਬੀਨਾ । ਆਕਾਰ—5¾″ × 9¼″, ਲਿਖਤ 4¾″ × 7″ ।

ਵੇਰਵਾ— ਪੱਤਰੇ ੮; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਦੇਸੀ; ਲਿਖਤ ਅਰਬੀ ਨਸਤਾਲੀਕ਼; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਕਾਗ਼ਜ਼

ਕਿਰਮ ਖ਼ੁਰਦਾ; ਇਸ ਹਥ ਲਿਖਤ ਦੇ ਮੁੱਢ ਵਿਚ 'ਫ਼ਜ਼ੀਲਤ ਰੋਜ਼ਿ ਆਸ਼ੂਰਹ'' (ਹਾਮਿਦ) ਨਾਮੀ ਰਚਨਾ ਵੀ ਸ਼ਾਮਲ ਹੈ, ਜਿਸ ਦਾ ਵੇਰਵਾ ਅਲਗ ਦਿੱਤਾ ਗਇਆ ਹੈ।

ਸਮਾਂ— ਪੁਸਤਕ ਦੀ ਲਿਖਤ ਸੌ ਕੁ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਮੀਆਂ ਜਮਾਲੁੱਦੀਨ। ਸਥਾਨ—ਬਸੀ ਜਾਨੀ (ਹੁਸ਼ਿਆਰ ਪੁਰ)।

ਆਰੰਭ– (ਇਸਲਾਮੀ ਕਲਮੇ ਤੋਂ ਬਾਦ)

ਅੱਵਲ ਹਮਦ ਸਨਾਇ ਅਲਾਹੀ, ਆਖਾਂ ਫਿਰ ਬਿਸਮਿੱਲਾ ਮੈਂ।
ਬਾਦ ਦਰੂਦ ਮੁਹੰਮਦ ਨੂੰ ਲਾ ਕੁੱਵਤ ਇੱਲਾ ਬਿੱਲਾ ਮੈਂ।... (ਪੱਤਰਾ ੧)

ਅੰਤ— ...ਰੱਖ ਈਮਾਨ ਸਲਾਮਤ ਰੱਬਾ, ਰੋਸ਼ਨ ਕਰ ਤੂੰ ਸੀਨਾ ਮੈਂ।
ਪਾਕ ਨਬੀ ਦੇ ਸੰਗ ਰਲਾ ਮੁਅੱਜ਼ਮ ਦੀਨ, ਨਬੀਨਾ ਮੈਂ।
ਸੰਗ ਨਬੀ ਦੇ ਫੁਲ ਬਣ ਜਾਵਾਂ ਵੇਖਾਂ ਸ਼ਾਹ ਰਸੂਲੱਲਾ ਨੂੰ।
ਯਾ ਰੱਬ ਭੇਜ ਦਰੂਦ ਹਜ਼ਾਰਾਂ, ਅਹਿਮਦ ਸੱਲਾਤੱਲਾ ਨੂੰ।
ਨਾਲ ਮੁਹੱਬਤ ਸਰਵਰ ਆਲਿਮ ਏਹ ਮੁਨਾਜਾਤ ਬਣਾਈ ਮੈਂ।
ਏਸ ਮਦਹ ਨੂੰ ਕਹਿੰਦਿਆਂ ਹੋਇਆ ਬਹੁਤੀ ਲੱਜ਼ਤ ਆਈ ਮੈਂ।
ਹਾਫ਼ਜ਼ ਬਦਰੁੱਦੀਨ ਦੀ ਖ਼ਾਤਿਰ ਏਹਾ ਮਦਹ ਬਣਾਈ ਮੈਂ।
ਏਸ ਮਦਹ ਨੂੰ ਤੁਹਫ਼ਾ ਕਰ ਕੇ ਭੇਜਿਆ ਮੈਂ ਬਦਰੁੱਲਾ ਨੂੰ।
ਯਾ ਰੱਬ ਭੇਜ ਦਰੂਦ ਹਜ਼ਾਰਾਂ ਅਹਿਮਦ ਸੱਲਾਤੱਲਾ ਨੂੰ।

ਤਮਾਮ ਸ਼ੁਦ ਮੁਨਾਜਾਤ ਪੈਗੰਬਰ ਅਲਹ ਇਸਲਾਮ ਬਦਸਤਖ਼ਤ ਮੀਆਂ ਜਮਾਲੱਦੀਨ ਤਹਰੀਰ ਯਾਫ਼ਤ, ਦਰ ਮਸਜਿਦ ਹਾਫ਼ਿਜ਼ ਜਾਨੀ ਅਰਕਾਮ ਯਾਫ਼ਤ, ਸਾਕਿਨ ਮੌਜ਼ਿਅ ਹੁਸ਼ਿਆਰ ਪੁਰੇ ਔਰ ਸਾਕਿਨ ਮੌਜ਼ਿਅ ਬਸੀ (ਲਿਖ ਕੇ ਕਟਿਆ ਹੋਇਆ) ਪਾਸਿ ਖਾਤਿਰਿ ਬਦਰੁੱਦੀਨ।

ਹਰ ਕਿ ਖ਼੍ਵਾਨਦ ਦੁਆਇ ਤਮਾ ਦਾਰਮ। ਜ਼ਾਂ ਕਿ ਮਨ ਬੰਦਹਿ ਗੁਨਾਹਗਾਰਮ।
ਨਵਿਸ਼ਤਹ ਬਿਮਾਨਦ ਸਿਅਹ ਬਰ ਸੁਫ਼ੇਦ। ਨਵੀਸਿੰਦਹ ਰਾ ਨੇਸਤ ਫ਼ਰਦਾ ਉਮੇਦ। (ਪੱਤਰਾ ੮)
ਇਸੇ ਪੱਤਰੇ (੬) ਦੇ ਹਾਸ਼ੀਏ ਉਤੇ ਉਰਦੂ ਵਿਚ ਮੀਆਂ ਜਮਾਲੁੱਦੀਨ ਸਾਕਿਨ ਬਸੀ ਜਾਨੀ ਦੇ ਦਸਤਖ਼ਤ ਹਨ।

੬. ਰਸਾਲਾ ਖ਼ਰਾਇਤ ਮਰਗ਼ੂਬ-ਉਲ-ਕਾਰੀ (ਫ਼ਾਰਸੀ ਅੱਖਰ) (ਨੰ. ੧੭੦, ਪ੍ਰੋ. ਪ੍ਰੀ. ਸਿੰ.)

ਲੇਖਕ– ਮੀਆਂ ਫ਼ਤਿਹ ਮੁਹੰਮਦ। ਆਕਾਰ—$5\frac{1}{2}$" × $8\frac{1}{2}$", ਲਿਖਤ $3\frac{1}{2}$" × $6\frac{1}{2}$"।

ਵੇਰਵਾ– ਪੱਤਰੇ ੨੭; ਪ੍ਰਤੀ ਸਫ਼ਾ ੧੦-੧੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਸਾਫ਼ ਪੜ੍ਹੀ ਜਾਂਦੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਵਿਚਕਾਰ ਕਈ ਪੱਤਰੇ ਫਟੇ ਹੋਣ ਕਰ ਕੇ ਨਵੇਂ ਸਿਰੇ ਚਿਕਨਾ ਪਤਲਾ ਕਾਗ਼ਜ਼ ਲਾ ਕੇ ਮੁਰੰਮਤ ਕੀਤੇ ਹੋਏ; ਸਿਰਲੇਖਾਂ ਲਈ ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਸਿਆਹੀ ਫਿੱਕੀ ਕਾਲੀ; ਪੁਸਤਕ ਮੁਲਤਾਨੀ (ਲਹਿੰਦੀ) ਪੰਜਾਬੀ ਦਾ ਉੱਤਮ ਨਮੂਨਾ ਤੇ ਆਪਣੇ ਆਪ ਵਿਚ ਮੁਕੰਮਲ ਹੈ।

ਸਮਾਂ— ਸੰਨ ੧੧੨੭ ਹਿਜਰੀ, ਮੁਤਾਬਿਕ ਸ਼ਾਹ ਫ਼ੱਰੁੱਖਸੀਅਰ ਦਾ ਜਲੂਸੀ ਸੰਨ ੪। ਲਿਖਾਰੀ—ਗ਼ੁਲਾਮ ਆਹੰਨਗਰ (ਲੁਹਾਰ)।

ਆਰੰਭ– ਬਿਸਮਿੱਲਾਹਿੱਰਹਮਾਨੁੱਰਹੀਮ ..
ਆਖਾਂ ਹਮਦ ਖ਼ੁਦਾਇ ਨੂੰ... (ਪੱਤਰਾ ੧)

ਅੰਤ– ..ਫ਼ੱਰੁੱਖ਼ਸੀਅਰ ਉਸ ਨਾਉਂ ਹੈ, ਆਲੀ ਉਹ ਜੁਨਾਬ।
ਲਾਜ਼ਮ ਜਾਣ ਦੁਆਇ ਹੈ, ਕਰਨੀ ਉਸ ਦੇ ਬਾਬ।
ਚਾਰੇ ਸੰਨ ਜਲੂਸ ਦੇ ਸਤਾਈਆਂ ਉਤੇ ਯਾਰਾਂ ਸੈ।
ਸੰਨ ਹਿਜਰਤ ਥੀਂ ਬੁੱਝ ਤੂੰ ਤੰਮ ਰਸਾਲਾ ਹੈ।
ਜੁਨਾਬ ਆਲੀ ਰਸੂਲ ਦੇ ਆਸੀ ਕਰੇ ਦੁਆਇ।
ਅਲਾਹੀ ਉਸ ਦੇ ਤਾਲਿਬਾਂ ਸਭਨਾਂ ਖ਼ੂਬ ਫਿਰਾਇ।
ਮਰਗ਼ੂਬ-ਉਲ-ਕਾਰੀ ਜਾਣ ਤੂੰ ਏਸ ਰਸਾਲਾ ਨਾਉਂ।
ਅੱਲਾ ਜੁਆਨੀ ਭਰਨੇ ਵਾਲਿਆਂ ਬਿਸ਼ਤ ਕਰੀਂ ਤੂੰ ਥਾਉਂ।

ਮੁਸੱਨਿਫ਼ ਏਸ ਕਲਾਮ ਦਾ ਫ਼ਤਿਹ ਮੁਹੰਮਦ ਨਾਉਂ ।
ਉਰਫ਼ ਡੋਗਰ ਵਤਨ ਪਸਰੂਰ ਅਸਲੀ ਇਸ ਦਾ ਥਾਉਂ ।
ਉਸ ਪੜ੍ਹਿਆ ਮਿਸਲ ਫ਼ਕੀਰ ਦੇ ਹਰ ਦਰਸ ਵਿਚ ਜਾਇ ।
ਉਹ ਸਮਝਿਆ ਹਰ ਉਸਤਾਦ ਥੀਂ ਹਰਫ਼ ਹਰਫ਼ ਚਿਤ ਲਾਇ ।..

ਪੜ੍ਹਨੇ ਸੁਣਨੇ ਵਾਲਿਆਂ ਕਲਮਾ ਆਖ ਸੁਣਾਇ ।
ਤਾਂ ਬਰਕਤ ਕਲਮੇ ਪਾਕ ਦੀ ਜੁਮਲਿਆਂ ਬਖਸ਼ੀ ਚਾਇ ।
ਤਮਤ ਤਮਾਮ ਸ਼ੁਦ ਮਿਨ ਕਮ ਨਜ਼ਾਮ ਸ਼ੁਦ, ਰਸਾਲਾ ਖ਼ਰਾਇਤ ਮਰਗ਼ੂਬ-ਉਲ-ਕਾਰੀ ਬਦਸਤਖ਼ਤ ਗ਼ੁਲਾਮ ਆਹੰਗਰ,
ਲਾ ਇਲਾਹਾ ਇੱਲਿੱਲਾਹ ਮੁਹੰਮਦ ਰਸੂਲਿੱਲਾਹ । (ਪੱਤਰਾ ੨੭)

੧੦. **ਰੂਹ-ਉਲ-ਤਨਜ਼ੀਲ** (ਫ਼ਾਰਸੀ ਅੱਖਰ) (ਨੰ: ੧੩੭, ਪ੍ਰੋ. ਪ੍ਰੀ. ਸਿੰ.)

ਲੇਖਕ— ਮੀਆਂ ਗ਼ੁਲਾਮ ਰਸੂਲ, ਆਲਿਮ ਪੁਰੀ । ਆਕਾਰ— 6¼" × 8½", ਲਿਖਤ 5" × 7" ।

ਵੇਰਵਾ— ਪੱਤਰੇ ੧੪; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ ਸਾਦਾ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਆਹੀ ਫਿੱਕੀ ਕਾਲੀ; ਲਿਖਤ ਸਾਫ਼ ਤੇ ਸ਼ੁੱਧ; ਪੁਸਤਕ ਮੁਕੰਮਲ ਤੇ ਸਾਧਾਰਣ ਹਾਲਤ ਵਿਚ ਹੈ ।

ਸਮਾਂ— ਸੰਨ ੧੨੮੫ ਹਿ. । ਲਿਖਾਰੀ—ਅਕਬਰ ਅਲੀ, ਪਿੰਡ ਬਹਾਦੁਰ ਪੁਰ, ਡਾਕਖ਼ਾਨਾ ਮਿਆਨੀ ਅਫ਼ਗਾਨ, ਜ਼ਿਲਾ ਹੁਸ਼ਿਆਰ ਪੁਰ ।

ਆਰੰਭ— ਬਿਸਮਿੱਲਾਹਿੱਰਹਮਾਨੁੱਰਹੀਮ ।
ਹਮਦ ਅਲਾਹੀ ਦਾਇਮ ਤੈਨੂੰ, ਸ਼ੁਕਰ ਤੇਰੇ ਅਹਿਸਾਨਾਂ ।
ਤੂੰ ਕੁਰਆਨ ਬਹੱਕ ਨਬੀ ਨੂੰ ਬਖਸ਼ਿਆ ਨੂਰ ਖਜ਼ਾਨਾ ।... (ਪੱਤਰਾ ੧)

ਅੰਤ— .. ਮੈਂ ਰੂਹ-ਉਲ-ਤਨਜ਼ੀਲ ਰਸਾਲਿਓਂ, ਨਾਮ ਮੁਆਫ਼ਿਕ ਪਾਇਆ ।
ਸਨ ਹਿਜਰੀ ਤਸਨੀਫ਼ ਏਸ ਦਾ, ਨਾਮੋਂ ਜ਼ਾਹਿਰ ਆਇਆ ।
ਹਿਜਰੀ ਸਾਲ ਦੋ ਸਦੀਆਂ ਉਤੇ, ਏਕ ਹਜ਼ਾਰ ਪਚਾਸੀ ।
ਕਾਤਬ ਕਾਰੀ ਅਮਲ ਕੁਨੰਦਿਆਂ, ਯਾ ਰਬ ਬਖ਼ਸ਼ ਖ਼ਲਾਸੀ ।...
ਆਲਮ ਪੁਰੀ ਗ਼ੁਲਾਮ ਰਸੂਲਾ, ਰੱਬ ਥੀਂ ਅਰਜ਼ ਗੁਜ਼ਾਰੀਂ ।
ਖ਼ਤਮ ਉਲ ਰਸਲ ਨਬੀ ਦੀ ਉੱਮਤ ਦੇ ਸੰਗ ਪਾਰ ਉਤਾਰੀਂ ।
ਤੈਂ ਦਰਵਾਜ਼ੇ ਸ਼ਹਿਨਸ਼ਾਹਾ ਹਰਦਮ ਅਰਜ਼ ਦੁਆਈਂ ।
ਖ਼ਤਮ ਕਰੀ ਬਿਲ ਖ਼ੈਰ ਕਰਮ ਥੀਂ, ਹੁਕਮੇ ਨਾਲ ਉਠਾਈਂ । ਤੱਮਤ ਤਮਾਮ ਸ਼ੁਦ ।
ਅਲਾਹੀ ਹਰਾਂ ਕਸ ਕਿ ਈਂ ਖ਼ਤ ਨਵਿਸ਼ਤ ।
ਅਫ਼ਵ ਕੁਨ ਗੁਨਾਹਸ਼, ਅਤਾ ਕੁਨ ਬਹਿਸ਼ਤ ॥
ਬਕਲਮ ਅਕਬਰ ਅਲੀ, ਬਹਾਦਰ ਪੁਰ, ਡਾਕਖ਼ਾਨਾ ਮਿਆਨੀ ਅਫ਼ਗਾਨ, ਜ਼ਿਲਾ ਹੁਸ਼ਿਆਰ ਪੁਰ । (ਪੱਤਰਾ ੧੪)

ਸੂਫ਼ੀਵਾਦ

੧੧. **ਪਾਰਸ ਭਾਗ ਭਾਖਾ** (ਨੰ: ੩੫੩, ਭਾ. ਵਿ.)

ਲੇਖਕ— ਇਮਾਮ ਅਲ ਗ਼ਜ਼ਾਲੀ । ਅਨੁਵਾਦਕ— ਭਾਈ ਅੱਡਣ ਸ਼ਾਹ । ਆਕਾਰ— 13" × 9", ਲਿਖਤ 9¼" × 6¼" ।

ਵੇਰਵਾ— ਪੱਤਰੇ ੫੭੦; ਪ੍ਰਤੀ ਸਫ਼ਾ ੧੪ ਸਤਰਾਂ; ਕਾਗਜ਼ ਸਿਆਲ ਕੋਟੀ (ਖ਼ਾਕੀ ਰੰਗ ਦਾ), ਲਿਖਤ ਬੜੀ ਸਾਫ਼ ਤੇ ਸ਼ੁੱਧ; ਹਾਸ਼ੀਆ ਅਤਿ ਸੁੰਦਰ ਰੰਗੀਨ ਚੁਤਰਫੀ ਚੌਹਰੀਆਂ— ਪੰਜਹਰੀਆਂ ਲਕੀਰਾਂ ਵਾਲਾ; ਮੁੱਢਲੇ ਦੋ ਸਫ਼ੇ ਸੁਨਹਿਰੀ ਰੰਗੀਨ ਖ਼ੂਬਸੂਰਤ ਵੇਲ ਬੂਟਿਆਂ ਨਾਲ ਸਜੇ ਹੋਏ; ਜਿਲਦ ਉੱਖੜੀ ਹੋਈ; ਪੁਸਤਕ ਆਦਿ ਤੋਂ ਅੰਤ ਤਕ ਹਰ ਤਰਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੦੪ ਬਿ. । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਪਾਰਸ ਭਾਗ ਗਿਰੰਥ ਭਾਖਾ ਲਿਖਯਤੇ । ਆਦਿ ਧਿਆਉ । ਉਸਤਤਿ ਜੋ ਹੈ ਮਹਾਰਾਜ

ਕੀ ਅਰੁ ਉਪਕਾਰ ਜੋ ਹੈ ਮਹਾਰਾਜ ਕੇ ਸੋ ਅਪਾਰ ਹੈ। ਸੋ ਅੰਬਰ ਕੇ ਤਾਰੇ ਅਰੁ ਮੇਘ ਕੀ ਬੂੰਦਾਂ ਅਰੁ ਪੱਤਰ ਬਨਾਸਪਤੀ ਕੇ ਅਰੁ ਰੇਤੁ ਕੇ ਕਿਣਕੇ ਅਰੁ ਅਕਾਸ ਕੇ ਅਣੂ ਤੇ ਭੀ ਅਧਿਕ ਹੈ।... (ਪੱਤਰਾ ੧)

ਅੰਤ— ...ਅਰੁ ਇਕ ਸਾਧ ਕੌ ਬੰਦੀ ਖਾਨੇ ਵਿਖੇ ਜਬ ਮਿਤ੍ਰ ਮਿਲਣੇ ਆਏ ਥੇ ਤਬ ਉਨਹੁ ਪਰੀਖਿਆ ਕੇ ਨਮਿਤ ਉਨ ਕੌ ਪਾਥਰ ਮਾਰੇ, ਤਬ ਵਹੁ ਭਾਗ ਗਏ। ਬਹੁੜ ਉਸ ਸਾਧ ਨੇ ਕਹਾ ਜੋ ਤੁਮ ਜੂਠੇ (ਝੂਠੇ) ਮਿਤ੍ਰ ਹੋ, ਕਾਹੇ ਤੇ ਜੋ ਮਿਤ੍ਰ ਕੇ ਦੁਖੁ ਵਿਖੇ ਮਿਤ੍ਰ ਕੌ ਦੁਖੁ ਨਹੀਂ ਭਾਸਤਾ ॥ ੧੩ ॥ ਅਥ ਪ੍ਰੀਤ ਪ੍ਰੇਮ ਰਜਾਇ ਸਮਾਪਤੰ।

(ਲਿਖਾਰੀ ਵਲੋਂ) ਸੋਰਠਾ ॥

ਹਰਿ ਸਿਉ ਕਰੀਐ ਪ੍ਰੀਤਿ, ਅਵਰ ਸਕਲ ਵਿਧਿ ਤਿਆਗੀਓ।
ਦੂਜੀ ਪ੍ਰੀਤਿ ਅਨੀਤਿ, ਤਾ ਮੈ ਸੁਖ ਸੁਪਨੈ ਨਹੀਂ ॥ ੧ ॥
ਹਰਿ ਕੀ ਮੰਨ ਰਜਾਇ, ਸਰਬ ਪਦਹੁ ਤੇ ਇਹ ਬਡਾ।
ਆਠ ਪਹਰਿ ਹਰਿ ਧਿਆਇ, ਸਭ ਸੁਖ ਇਸ ਹੀ ਮੈਂ ਸਦਾ ॥੨॥
ਚਉਪਈ। ਮਾਨ ਰਜਾਇ ਪ੍ਰਭ ਜੂ ਕੀ ਭਾਈ। ਤਬ ਪ੍ਰਭ ਤੇ ਕੋ ਹੋਇ ਸਹਾਈ।
ਤਬ ਤੁਝ ਬਿਘਨ ਨ ਨੇੜੇ ਆਵੈ। ਜਬ ਰਜਾਇ ਪ੍ਰਭੂ ਜੀ ਤਮ ਭਾਵੈ।
ਇਸ ਮੈਂ ਸੰਸਾ ਨਾਹੀ ਕੋਇ। ਪ੍ਰਭੁ ਜੋ ਕਰੇ ਸੋਈ ਭਲਾ ਹੋਇ।
ਜਬ ਇਹ ਨਿਸਚਾ ਤੁਮ ਦ੍ਰਿੜ ਕੀਆ। ਤਬ ਤੁਮਰਾ ਮਨ ਸੀਤਲ ਥੀਆ ॥ ੩ ॥
ਦੋਹਰਾ ॥ ਸਭ ਸੰਤਨ ਇਉ ਭਾਖਿਆ, ਪ੍ਰਭੁ ਜੀ ਕਰੇ ਸੁ ਹੋਇ ॥
ਤਾ ਤੇ ਤੁਮ ਰਾਜੀ ਰਹੋ, ਤਬ ਪ੍ਰਭ ਭੇਟੇ ਸੋਇ ॥ ੪ ॥
ਸਭ ਸਾਧਨ ਕੌ ਮੰਤ ਯਹਿ, ਪ੍ਰਭ ਕੀ ਮਾਨ ਰਜਾਇ।
ਤਬ ਪ੍ਰਭੁ ਜੀ ਪਰਸੰਨ ਹੋਇ, ਲੇਵੈ ਕੰਠ ਲਗਾਇ ॥ ੫ ॥

ਸੰਪੂਰਨੰ। ਸੁਭ ਸੰਮਤ ੧੯੦੪, ਚੇਤ੍ਰ ਸੁਦੀ ੪ ਸੰਨਵਾਨ (ਸ਼ਨਿਵਾਰ)। (ਪੱਤਰਾ ਪ੭੦)

ਇਹ ਪਾਰਸ ਭਾਗ ਫ਼ਾਰਸੀ ਦੀ ਪ੍ਰਸਿੱਧ ਪੁਸਤਕ ਕੀਮੀਆਇ ਸਆਦਤ (ਕ੍ਰਿਤ ਇਮਾਮ ਅਲ ਗ਼ਜ਼ਾਲੀ) ਦਾ ਭਾਖਾ-ਅਨੁਵਾਦ ਹੈ ਜੋ ਕਈ ਵੇਰ ਗੁਰਮੁਖੀ ਅੱਖਰਾਂ ਵਿਚ ਛਪ ਚੁੱਕਾ ਹੈ। ਕੀਮੀਆਇ ਸਆਦਤ ਦਾ ਇਕ ਅਨੁਵਾਦ ਉਰਦੂ ਵਿਚ ਵੀ ਹੋਇਆ ਸੀ ਜੋ ਨਵਲ ਕਿਸ਼ੋਰ ਪ੍ਰੈਸ ਲਖਨਊ ਵਲੋਂ ਛਪਿਆ ਹੋਇਆ ਮਿਲਦਾ ਹੈ।

੧੨. ਰਮਜ਼—ਉਲ—ਇਸ਼ਕ (ਫ਼ਾਰਸੀ ਅੱਖਰ) (ਨੰ. ×, ਸ਼. ਸਿੰ. ਅ.)

ਲੇਖਕ— ਸਾਈਂ ਕ਼ਾਦਰੀ। ਆਕਾਰ— $5\frac{3}{4}'' \times 7\frac{1}{2}''$. ਲਿਖਤ, $3'' \times 6''$।

ਵੇਰਵਾ— ਪੱਤਰੇ ੧੧; ਪ੍ਰਤੀ ਸਫ਼ਾ ੧੧ ਸਤਰਾਂ; ਕਾਗ਼ਜ਼ ਵਿਲਾਇਤੀ ਮੋਮੀ; ਲਿਖਤ ਸਾਫ਼ ਤੇ ਸ਼ੁਧ; ਸਿਰਲੇਖ, ਜੋ ਅਰਬੀ ਬੋਲੀ ਵਿਚ ਹਨ, ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਦੀਵਾਨਿ ਕ਼ਾਦਰੀ (ਉਰਦੂ), ਨਿਸ਼ਾਤ-ਉਲ-ਇਸ਼ਕ ਅਲਮਾਰੂਫ਼ ਸ਼ਰਹ ਰਸਾਲਾਇ ਗੌਸੀਆ ਤੇ ਰਮਜ਼-ਉਲ-ਉਸ਼ਾਕ਼ (ਸੂਫ਼ੀ ਸਬਦ-ਕੋਸ਼ ਕ੍ਰਿਤ ਖ਼ੁਆਜਾ ਅਬਦੁੱਲਾ) ਦੇ ਨਾਲ ਇਕੋ ਜਿਲਦ ਵਿਚ ਜੜੀ ਹੋਈ; ਇਹ ਪੁਸਤਕ ਸੂਫ਼ੀਆਂ ਦੇ ਅਕੀਦਿਆਂ ਬਾਰੇ ਹੈ।

ਸਮਾਂ— ਸੰਨ ੧੨੮੮ ਹਿਜਰੀ। ਲਿਖਾਰੀ— ਇਮਾਮੁੱਦੀਨ। ਸਥਾਨ—ਨਾਮਾਲੂਮ।

ਆਰੰਭ—ਬਿਸਮਿੱਲਾਹਿੱਰਹਮਾਨੁੱਰਹੀਮ।

ਵਹੀ ਵਹੀ ਨਾ ਦੂਜਾ ਕੋਈ। ਪਰਗਟ ਹੋਇਆ ਮੁਹੰਮਦ ਹੋਈ।
ਅਹਦ ਮੁਹੰਮਦ ਏਕ ਪਛਾਨੋ। ਏਕ ਹੀ ਦੇਖੋ ਏਕ ਹੀ ਜਾਨੋ।
ਹਮਦ ਕਹੋ ਔਰ ਬਹੁਤ ਦਰੂਦ। ਹਵ-ਉਲ-ਹਾਮਿਦ ਅਲਮਹਮੂਦ।
ਅੱਵਲ ਆਖ਼ਿਰ ਬਾਤਨ ਜ਼ਾਹਿਰ। ਨਾਹੀ ਉਸ ਸੇਂ ਕੋਈ ਬਾਹਿਰ।
ਸਮਝ ਲਇਓ ਅਰੁ ਬੂਝੋ ਬਾਤ। ਏਕ ਹੀ ਜ਼ਾਤ ਹੈ ਏਕ ਹੀ ਜ਼ਾਤ।
ਫ਼ਾਜ਼ਿਲ ਸ਼ਾਹ ਕਾ ਲੇ ਕਰ ਨਾਮ। ਸੁਨੋ ਹਕ਼ੀਕ਼ਤ ਕਹੇ ਗ਼ੁਲਾਮ।
ਦਿਲ ਸੇਂ ਸੁਨੋ ਹਕ਼ੀਕ਼ਤ ਸਾਰੀ। ਏਕ ਹਕ਼ੀਕ਼ਤ ਸੱਭ ਮੇਂ ਸਾਰੀ।

ਆਪ ਸੁਨੇ ਔਰ ਆਪ ਸੁਨਾਵੇ । ਕਿਆ ਕਹੀਏ ਕੁਛ ਕਹਾ ਨ ਜਾਵੇ ।...

ਗ਼ੈਰ ਕਹਾਂ ਹੈ, ਦੇਖ ਪਿਆਰੇ ! ਆਪ ਹੀ ਆਪ ਹੈ ਹਰ ਹਰ ਜਾ ਰੇ ।... (ਪੱਤਰਾ ੧)

ਅੰਤ– ...ਦੀਨ ਦੁਨੀਆ ਕਾ ਪੁਸ਼ਤ ਪਨਾਹ । ਵਾਲੀ ਮੇਰਾ ਫ਼ਾਜ਼ਿਲ ਸ਼ਾਹ ।

ਆਰਿਫ਼ ਕਾਮਿਲ ਦਿਲ ਆਗਾਹ । ਨੂਰ ਮੁਹੰਮਦ ਸਰਏ ਸ਼ਾਹ ।

ਅੱਵਲ ਆਖਿਰ ਜ਼ਾਹਿਰ ਬਾਤਨ । ਹਾਥ ਹਮਾਰਾ ਉਸ ਕਾ ਦਾਮਨ ।

ਨਾਹੀ ਉਸ ਬਿਨ ਕੋਈ ਮੇਰਾ । ਉਸ ਕਾ ਹੂੰ ਮੈਂ ਉਸ ਕਾ ਚੇਰਾ ।

ਨਾਹ ਕਿਸੀ ਸੋਂ ਮੁਝ ਕੋ ਕਾਮ । ਵਹੀ ਹੈ ਮੌਲਾ ਵਹੀ ਗ਼ੁਲਾਮ । ਫ਼ਸਲ ਫ਼ਿਲ ਖ਼ਾਤਮਹ ।

ਅਪਨੇ ਸ਼ਹ ਕਾ ਲੇ ਕਰ ਨਾਮ । ਕਹਿਆ ਰਮਜ਼-ਉਲ-ਇਸ਼ਕ ਤਮਾਮ । (ਪੱਤਰਾ ੧੦)

ਰਮਜ਼-ਉਨ-ਇਸ਼ਕ ਕੋ ਜਿਸ ਨੇ ਜਾਨਾ । ਬੇਸ਼ਕ ਹੱਕ ਕੋ ਦੇਖ ਪਛਾਨਾ ।

ਹਮਦ ਕਹੂੰ ਔਰ ਬਹੁਤ ਸਲਾਮ । ਅੱਵਲ ਆਖ਼ਿਰ ਨੇਕ ਕਲਾਮ ।...

ਤਮਾਮ ਹੂਈ ਰਮਜ਼-ਉਲ ਇਸ਼ਕ ਰਸਾਲਹ... (ਪੱਤਰਾ ੧੧)

ਸੰਤ-ਬਾਨੀ

੧. ਉਪਦੇਸ਼ ਬਿਲਾਸ (ਗੁਰੂ ਗੁਲਾਬ ਦਾਸ ਜੀ ਦਾ) (ਨੰ. ×, ਸੈਂ. ਸਿੰ. ਮਜੂ. ਅ.)

ਲੇਖਕ— ਭਾਈ ਸਾਹਿਬ ਸਿੰਘ। ਆਕਾਰ–9½" × 5¾", ਲਿਖਤ 7½" × 4"।

ਵੇਰਵਾ— ਪੱਤਰੇ ੨—੨੩੧ (੨੩੦); ਪ੍ਰਤੀ ਸਫ਼ਾ ੯ ਸਤਰਾਂ: ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਕਾਗਜ਼ ਕੁਝ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰੇ ਛੇਕਦਾਰ ਹਨ; ਪੁਸਤਕ ਬਗ਼ੈਰ ਜਿਲਦ, ਤੇ ਮੁੱਢਲਾ (ਪਹਿਲਾ) ਪੱਤਰਾ ਗਵਾਚਣ ਕਰ ਕੇ ਅਧੂਰੀ ਹੋਣ ਤੇ ਵੀ ਪੁਸਤਕ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੧੮ ਬਿ.। ਲਿਖਾਰੀ—ਨਾਮਾਲੂਮ।

ਆਰੰਭ— ...ਹੂਨੜ ਤਹਿ ਮੁਖ ਪਰ ਹੈ ਛਾਰ।
ਜਹ ਉਰ ਨਾਮ ਨਿਧਾਨ ਨਹਿ, ਖੇਹ ਤਿਸੇ ਸਿਰ ਡਾਰ ॥੯॥
ਹਰਿ ਗੋਬਿੰਦੋਵਾਚ।
ਚਾਤ੍ਰਿਕ ਜਿਵੇਂ ਪੁਕਾਰ ਹੋ, ਨਾਮ ਬੂੰਦ ਕਰ ਆਸ।
ਮ੍ਰਿਤਕ ਹਮੇ ਜੀਵਾਲ ਹੋ, ਹਿਰਦੇ ਨਾਮ ਪ੍ਰਗਾਸ ॥੧੦॥
ਭਵ ਸਾਗਰ ਤੇ ਕਾਢ ਹੋ, ਨਾਮ ਜਹਾਜ ਚੜ੍ਹਾਇ।
ਮ੍ਰਿਤਕ ਹਮੇ ਜੀਵਾਲ ਗੁਰ, ਅੰਮ੍ਰਿਤੁ ਨਾਮ ਪਿਲਾਇ ॥੧੧॥
ਗੁਲਾਬ ਦਾਸੋਵਾਚ।
ਸਬਦ ਗੁਰੂ ਹੈ ਸੁਰਤ ਕੋ, ਚੇਲਾ ਸੁਰਤ ਬਗੋਇ।
ਸੋਹੰ ਸਬਦ ਸੁਤੰਤਰੇ, ਨਿਸ ਦਿਨ ਹਿਰਦੇ ਹੋਇ ॥੧੨॥
ਮੀਟਤ ਅਧਰ ਘਰਾਨ ਮੋ, ਸੁਣੈ ਸੁਰਤ ਕੋ ਲਾਇ।
ਸੋਹੈ ਸੋਹੰ ਹੋਤ ਹੈ, ਹਿਰਦੇ ਸਹਜ ਸੁਭਾਇ ॥੧੩॥... (ਪੱਤਰਾ ੨)

ਅੰਤ— ਮੁਕਤਾਦਿਕ ਇੱਛਾ ਸਭੇ, ਰਹੇ ਨ ਜੋ ਇਸ ਖੋਜ।
ਮਸਤ ਹੋਇ ਹਰ ਹਾਲ ਮੋ, ਹੋਸੀ ਸਦਾ ਨਿਰੋਜ ॥੨੪॥
ਇਤ ਸ੍ਰੀ ਉਪਦੇਸ ਬਿਲਾਸ ਕੋ ਅਸਟਮੋ ਵਿਸ੍ਰਾਮ ਸੰਪੂਰਨੰ ਸਮਾਪਤੰ। ਸੰਮਤ ੧੯੧੮, ਮਿਤੀ ਸਾਵਣ ਦਿਨੇ ੧੪।
(ਪੱਤਰਾ ੨੩੧)

੨. (ੳ) ਉਪਦੇਸ਼ ਬਿਲਾਸ (ਗੁਰੂ ਗੁਲਾਬ ਦਾਸ ਜੀ ਕਾ), (ਬਾਰਾਂ ਮਾਹਾਂ ਬੁਲਾਕੀ ਦਾਸ ਆਦਿ ਸਮੇਤ) (ਨੰ. ੫੦੩੧, ਸਿ. ਰੈ. ਲਾ.)

ਲੇਖਕ— ਭਾਈ ਸਾਹਿਬ ਸਿੰਘ। ਆਕਾਰ—6¾" ×4", ਲਿਖਤ 5" × 2½"।

ਵੇਰਵਾ— ਪੱਤਰੇ ੫੩੯, ਬਾਰਾਂ ਮਾਹਾਂ ਬੁਲਾਕੀ ਦਾਸ ੫੪੦–੫੫੧, ਕਵੀ ਸੁਖ ਦਿਆਲ ਆਦਿ ਦੇ ਕਬਿੱਤ ੫੫੨–੫੬੯; ਪ੍ਰਤੀ ਸਫ਼ਾ ੭ ਸਤਰਾਂ; ਅੱਖਰ ਮੋਟੇ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੩੩ ਬਿ.। ਲਿਖਾਰੀ— ਸੁਖਦਿਆਲ। ਸਥਾਨ—ਸ੍ਰੀ ਅਮ੍ਰਿਤਸਰ (ਪੰਜਾਬ)।

ਆਰੰਭ— ੧ੴ ਸਤਿਗੁਰ ਪ੍ਰਸਾਦਿ।... ਅਬ ਉਪਦੇਸ ਬਿਲਾਸ ਗੁਰੂ ਗੁਲਾਬ ਦਾਸ ਜੀ ਕਾ ਅਰੁ ਹਰਿ ਗੋਬਿੰਦ ਸੁਤ ਕਾ ਪ੍ਰਸਨੋਤਰ ਲਿਖ੍ਯਤੇ। ਹਰਿ ਗੋਬਿੰਦੋਵਾਚ॥ ਦੋਹਰਾ॥ ਬਾਰੰਬਾਰ ਪ੍ਰਨਾਮ ਗੁਰ, ਜੋਰ ਕਰੋ ਸਿਰ ਨਾਇ।... (ਪੱਤਰਾ ੧)

ਅੰਤ— ...ਮਕਤਾਦਿਕ ਇੱਛਾ ਸਭੇ, ਰਹੇ ਨ ਜੋ ਇਸ ਖੋਜ।
ਮਸਤ ਹੋਇ ਹਰ ਹਾਲ ਮੋ, ਹੋਸੀ ਸਦਾ ਨਰੋਜ ॥੩੯॥

ਇਤਿ ਸ੍ਰੀ ਉਪਦੇਸ ਬਿਲਾਸ ਕੇ ਅਸਟਮੋ ਬਿਸ੍ਰਾਮ ਸੰਪੂਰਨੰ ਸਮਾਪਤੰ ॥੮॥ (ਪੱਤਰਾ ੫੩੯)

ਇਸ ਤੋਂ ਅੱਗੇ ਲਿਖਾਰੀ ਵਲੋਂ ਇਕ ਕੁੰਡਲੀਆ ਹੈ–

ਅੰਮ੍ਰਤਸਰ ਸੁਖ ਦਯਾਲ ਨੇ, ਲਿਖਾ ਗੁਨਨ ਕੀ ਰਾਸ ।
ਗ੍ਰੰਥ ਬੁਲਾਕੀ ਰਾਮ ਹਿਤ, ਯਹ ਉਪਦੇਸ ਬਿਲਾਸ ॥
ਯਹ ਉਪਦੇਸ ਬਿਲਾਸ, ਗਯਾਨ ਕੇ ਕਹਿਯੋ ਕਾਰਨ ।
ਪਠੇ ਜਜੇ ਅਰ ਸੁਨੇ, ਪੁਨਾ ਜੋ ਕਰੇ ਉਚਾਰਨ ।
ਤਿਸ ਕੀ ਹੋਵੇ ਮੁਕਤ, ਗੁਰਾਂ ਕੀ ਚਿਤ ਰਹਿ ਸਿਮ੍ਰਤ ।
ਉਨੀ ਸੈ ਤੇਤੀਸ ਵਰਖ ਮੈ ਲਿਖਿਆ ਅੰਮ੍ਰਤ ॥੧॥
ਦੋਹਰਾ । ਦੇਖਤ ਸੁੰਦਰ ਗ੍ਰੰਥ ਕੋ, ਵਸਿਉ ਪ੍ਰੇਮ ਅਧਿਕਾਇ ।
ਨਿਜ ਸੇਵਕ ਹਰ ਦਯਾਲ ਨੇ, ਦੀਨੀਂ ਜਿਲਤ ਕਰਾਇ ॥੨॥ (ਪੱਤਰਾ ੫੩੯)

(ਅ) ਬਾਰਾਂ ਮਾਹਾਂ ਬੁਲਾਕੀ ਦਾਸ ਕਾ ।

ਆਰੰਭ– ੧ੴ ਸਤਗੁਰ ਪ੍ਰਸਾਦਿ । ਬਾਰਾਂ ਮਾਹਿ ਲਿਖਯਤੇ ॥ ਦੋ ॥
ਸਤਿਗੁਰ ਚਰਨ ਪ੍ਰਤਾਪ ਤੇ ਬਾਰਾਂ ਮਾਹਿ ਬਨਾਇ ।
ਦਾਸ ਬੁਲਾਕੀ ਕਹਤ ਹੈ, ਸੁਨੋਂ ਸੰਤ ਮਨ ਲਾਇ ॥੧॥... (ਪੱਤਰਾ ੫੪੦)

ਅੰਤ– ...ਦਾਸ ਬੁਲਾਕੀ ਹੋਇ ਨ ਫਿਕਰੀ, ਪ੍ਰੀਤ ਪੀਯ ਸੰਗ ਜੋਰੀ, ਜਗ ਤੇ ਤੋਰੀ ॥੧੩॥ ਇਤੀ ਬਾਰਾਂ ਮਾਹਿ ਸਪੂਰਨੰ ।
ਦੋਹਰਾ ॥ ਹਰਿ ਹਰਿ ਕਰਤੇ ਹਰਿ ਹੁਏ, ਸੰਸਾ ਰਹਾ ਨ ਕੋਇ ॥
ਦਾਸ ਬੁਲਾਕੀ ਆਪਿ ਹਰਿ, ਜਿਸ ਕੋ ਸੋਝੀ ਹੋਇ । (ਪੱਤਰਾ ੫੫੧)

(ੲ) ਫੁਟਕਲ ਛੰਦ (ਕਵੀ ਸੁਖ ਦਿਆਲ ਆਦਿ)

ਆਰੰਭ– ੧ੴ ਸਤਿਗੁਰ ਪ੍ਰਸਾਦ ॥ ਕਬਿਤ ॥ ਵਡੇ ਛੋਟੇ ਸੀਸੇ ਮੋ ਜਜੋਂ ਵਡੋ ਛੋਟੋ ਮੁਖ ਭਾਸੇ... (ਪੱਤਰਾ ੫੫੨)

ਅੰਤ– ...ਚੰਦਨ ਘਸਾਇ ਖੂਬ ਭਾਲ ਤੇ ਲਗਾਇ, ਪੜ੍ਹ... (ਪੱਤਰਾ ੫੬੮)

ਅਗਲਾ ਪੱਤਰਾ ਗੁੰਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ ।

੩. ਉਪਦੇਸ਼ ਵਿਲਾਸ (ਅਧੂਰਾ) (ਨੰ. ੮੧੬, ਪੰ. ਯੂ. ਚੰ.)

ਲੇਖਕ—ਸਾਧੂ ਨੱਥਾ ਸਿੰਘ । ਆਕਾਰ—$6\frac{1}{2}'' \times 8''$, ਲਿਖਤ—$5\frac{1}{2}'' \times 7''$ ।

ਵੇਰਵਾ—ਸਫ਼ੇ ੩-੨੨੦ (੨੧੮); ਪ੍ਰਤੀ ਸਫ਼ਾ ੨੬-੨੭ ਸਤਰਾਂ; ਕਾਗਜ਼ ਸਾਦਾ ਪਤਲਾ ਦੇਸੀ; ਹਾਸ਼ੀਆ ਸਾਦਾ ਚੌਕੋਰ ਲਕੀਰਾਂ ਵਾਲਾ; ਲਿਖਤ ਸਿੱਧੀ ਸਾਦੀ, ਜੋ ਅਣਜਾਣ ਲਿਖਾਰੀ ਦੀ ਹੋਣ ਕਰ ਕੇ ਬੜੀ ਅਸ਼ੁੱਧ ਹੈ; ਵਿਸ਼੍ਰਾਮ-ਚਿੰਨ੍ਹ ਪੀਲੀ ਸਿਆਹੀ ਨਾਲ ਲਿਖੇ ਹੋਏ; ਪੁਸਤਕ ਬਗ਼ੈਰ ਜਿਲਦ; ਅੰਤਲਾ ਪੱਤਰਾ ਫਟਿਆ ਤੇ ਮੁੱਢਲੇ ਪੱਤਰੇ ਗੁਮ ਹੋਣ ਕਰ ਕੇ ਇਹ ਹੱਥ-ਲਿਖਤ ਬੜੀ ਅਧੂਰੀ ਹੈ ।

ਸਮਾਂ— ਸੰਮਤ ੧੯੬੧ ਬਿ. । ਲਿਖਾਰੀ—ਨੱਥਾ ਸਿੰਘ, ਖ਼ੁਦ ।

ਆਰੰਭ— ...ਸੁਨ ਜੀ ਸੁਵਾਮੀ ਦਾਰਦ...ਵਾਦਾ... ਐਬ ਆਹਿ ਨ ਸਾਰਸੋ ।
ਕਿਰਪਾ ਕਰ ਕੇ ਕਿ...ਪਾਹਿ ਜੋ ॥੧॥ ਸਚਾਈ ਚਾਏ ਸੇਕ ਹੈ ਮੁਹਿਜਾ ।
..ਨਥਾ ਸਿੰਘ ਹਮ ਬੰਦਨ ਕਰਿਆ ਜੀ । ਸੁਨੋ...ਵੇਮਾਨ ਰਾਜੀ ।
ਦਰਸਨ ਕੀ ਆਹਿ ਪਿਯਾਸੀ । ...ਹੇ ਹਾਸੀ ਦਾਸ ਮੈ ਤੁਹਿ ਜੋ ॥੧੫॥... (ਸਫ਼ਾ ੩)

ਅੰਤ— ...ਆਪਾਨੇ ਦਿਯਾ ਦ੍ਰਿਸਟ ਕਰ ਕੇ ਮੇਰਾ ਸੰਸਾ ਨਮਿਤ ਕੀਤਾ ਹੈ ਜੀ । ਹੇ ਸੁਵਾਮੀ ਜੀ ! ਆਪ ਹੀ ਕਿਰਪਾ ਕਰ ਕੇ ਸਾਮਾਪਤੀ ਕਾਰੋ ਜੀ ॥੨੯॥ ਇਤਿ ਸ੍ਰੀ ਅਪਦੇਸ ਬਿਲਾਸ ਗ੍ਰਿੰਥ ਸਪੂਰਨੰ ਸਮਾਪਤੰ । ਦਾਸ ਨਥਾ ਸਿੰਘ ਸੁਵਾਮੀ ਮੰਗਤਾ ਰਾਮ ਗੁਰੂ ਦੇਵ ਜੀ ਕੇ ਚਾਰਨੀ ਸੁਵਾਤ ਹੈ । ਸਾਮਤ ਏਕਾਟ ਸਤਿਗੁਰੁ ਗੁਲਾਬ ਦੇਵ ਜੀ ਕਾ ॥੧੯੬੧॥ ਤਾਰੀਕ ਫਾਗਣ ਦੀ ਛੀਮੀ ॥੬॥ (ਸਫ਼ਾ ੨੨੦)

. ਇਸ ਗ੍ਰੰਥ ਦਾ ਲੇਖਕ ਸਾਧੂ ਨੱਥਾ ਸਿੰਘ, ਗੁਲਾਬ ਦਾਸੀਆ ਸੀ ।

੪: ਅਨੁਭਵ ਖੰਡਾ (ਨੰ. ੨, ਪ੍ਰੋ. ਕ. ਸਿੰ. ਸੁ.)

ਲੇਖਕ— ਸਾਧੂ ਗੁਲਾਬ ਦਾਸ । ਆਕਾਰ—$6\frac{1}{2}'' \times 8\frac{1}{4}''$, ਲਿਖਤ $5\frac{1}{2}'' \times 7''$ ।

ਵੇਰਵਾ— ਸਫ਼ੇ ੭੭; ਪ੍ਰਤੀ ਸਫ਼ਾ ੧੮ ਸਤਰਾਂ; ਕਾਗ਼ਜ਼ ਦੇਸੀ ਪਤਲਾ ਕਾਪੀਆਂ ਵਾਲਾ; ਲਿਖਤ ਸਿੱਧੀ ਸਾਦੀ, ਜੋ ਬੜੀ ਅਸ਼ੁੱਧ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਸਿਆਹੀ ਕੱਚੀ ਕਾਲੀ ਸਿਲ੍ਹ ਦੇ ਕਾਰਣ ਚਿਪਕਣ ਕਰ ਕੇ ਕਈ ਥਾਵੇਂ ਸਫ਼ੇ ਚਿੱਧ ਮਿੱਧ ਹੋ ਗਏ ਹਨ; ਜੋ ਪੜ੍ਹੇ ਨਹੀਂ ਜਾਂਦੇ; ਪੁਸਤਕ ਖ਼ਸਤਾ ਹਾਲਤ ਵਿਚ ਹੈ ।

ਸਮਾਂ— ਪਚਵੰਜਾ ਕੁ ਵਰ੍ਹੇ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ੴ ਸਤਿਗੁਰ ਪ੍ਰਸਾਦਿ। ਅਥ ਅਨੁਭਵ ਖੰਡਾ ਲਿਖਯਤੇ॥ ਦੋਹਰਾ॥ ਅਨੁਭਵ ਖੰਡੇ ਗ੍ਰੰਥ ਕੋ ਉਚਰੇ ਸਰਵ ਸੁਨਾਇ... (ਸਫ਼ਾ ੧)

ਅੰਤ— ਅਨੁਭਵ ਖੰਡਾ ਬਰਨਯੋ ਧਾਰ।...
ਕਿਸੀ ਵੈਰ ਕੋ ਫੈਕ ਕੇ ਤਹਾ ਵਲ ਕਰੇ ਖਲਾਸ॥੧੯੬॥ ਇਤਿ ਸ੍ਰੀ ਅਨੁਭਵ ਖੰਡਾ।... ਸਮਾਪਤੰ।... (ਸਫ਼ਾ ੭੭)

ਪ. **ਸ੍ਰੀ ਸਤਿਗੁਰੁ ਨਿਰਬਾਣ ਗੰਜ** (ਗ੍ਰੰਥ-ਸੰਗ੍ਰਹਿ) (ਨੰ. ×, ਅ. ਸੈ. ਅ.)

ਸੰਪਾਦਕ ਤੇ ਲੇਖਕ— ਸਾਧੂ ਪ੍ਰੀਤਮ ਦਾਸ ਜੀ, ਨਿਰਬਾਣ। ਆਕਾਰ— 13½"×14". ਲਿਖਤ 9¾"×10½"।

ਵੇਰਵਾ— ਪੱਤਰੇ ੨+੧+੧੨੦੫=੧੨੦੮; ਪ੍ਰਤੀ ਸਫ਼ਾ ੨੬ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ, ਪਰ ਕਿਤੇ ਕਿਤੇ ਕੁਝ ਅਸ਼ੁੱਧੀਆਂ ਵੀ ਹਨ ਜੋ ਹਾਸ਼ੀਏ ਉਤੇ ਹੋਰ ਕਲਮ ਨਾਲ ਦਰੁਸਤ ਕੀਤੀਆਂ ਹੋਈਆਂ ਹਨ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਕਿਤੇ ਕਿਤੇ ਲਿਖਤ ਦੀ ਖ਼ੂਬਸੂਰਤੀ ਲਈ ਲਾਲ ਸਿਆਹੀ ਵੀ ਵਰਤੀ ਹੈ; ਮੁੱਢ ਵਿਚ ਤੇ ਅਖ਼ੀਰ ਵਿਚ ਕਈ ਪੱਤਰੇ ਫਟਣ ਕਰ ਕੇ ਨਵੇਂ ਸਿਰੇ ਚੇਪੀਆਂ ਲਾ ਕੇ ਜੋੜੇ ਹੋਏ; ਮੁੱਢਲੇ ਤਿੰਨ ਪੱਤਰੇ ਫਟਣ ਕਰ ਕੇ ਭਾਵੇਂ ਚਿੱਟਾ ਕਾਗ਼ਜ਼ ਲਾ ਕੇ ਮੁਰੰਮਤ ਵੀ ਕੀਤੇ ਗਏ ਹਨ, ਪਰ ਉਨ੍ਹਾਂ ਨਾਲ ਕੁਝ ਪਾਠ ਕਟਿਆ ਗਿਆ ਹੈ ਜੋ ਪੜ੍ਹਿਆ ਨਹੀਂ ਜਾਂਦਾ; ਇਸੇ ਤਰ੍ਹਾਂ ਅੰਤਲਾ ਪੱਤਰਾ ੧੨੦੬ ਗੁਮ ਹੋਣ ਕਰ ਕੇ ਪੁਸਤਕ ਅਧੂਰੀ ਹੈ; ਇਸ ਹੱਥ ਲਿਖਤ ਦੀ ਦੂਜੀ ਪ੍ਰਤੀ ਕਿਤੇ ਦੇਖਣ-ਸੁਣਨ ਵਿਚ ਨਹੀਂ ਆਈ, ਜਿਸ ਕਰ ਕੇ ਇਹ ਪੁਸਤਕ ਸਾਂਭਣ ਜੋਗ ਹੈ; ਇਹ ਪੁਸਤਕ ਕਵਿਤਾ ਵਿਚ ਵੀ ਹੈ ਤੇ ਗੱਦ ਵਿਚ ਵੀ, ਤੇ ਉਦਾਸੀਨ—ਸਾਹਿੱਤ ਦਾ ਇਹ ਦੁਰਲੱਭ ਗ੍ਰੰਥ ਹੈ।

ਸਮਾਂ— ਸੰਮਤ ੧੯੩੮ ਬਿ.। ਲਿਖਾਰੀ—ਸਿੱਧ ਭਗਤ ਸਾਵਨ।

ਆਰੰਭ— (ਤਤਕਰੇ ਦੇ ਦੋ ਪੱਤਰੇ ਛੱਡ ਕੇ) ੧ੴ ਸਤਿਗੁਰ ਪ੍ਰਸਾਦਿ। ਇਹ ਪ੍ਰਸਾਦਿ। ਅਥ ਨਿਰਬਾਣ ਮੰਗਲਾਚਰਨ ਲਿਖਯਤੇ। ਓਂ ਆਦਿ ਗੁਰਏ ਨਮਹਿ। ਜੁਗਾਦਿ ਗੁਰਏ ਨਮਹਿ। ਸਤਿਗੁਰਏ ਨਮਹਿ। ਸ੍ਰੀ ਗੁਰਦੇਵਏ ਨਮਹਿ। ਓ ਤਤ ਬ੍ਰਹਮ ਗਿਆਨਤਮਨਏ ਨਮਹਿ। ਅਖੰਡਾਇ ਨਮਹਿ। ਅਨਘੜਾਇ ਨਮਹਿ। ਏਕ ਡਾਟ ਪੁਰਖਾਇ ਨਮਹਿ। ਪੂਰਨ ਪੁਰਖਾਇ ਨਮਹਿ। ਅਦ੍ਵੈਤ ਪੁਰਖਾਇ ਨਮਹਿ। ਸਰਬ ਰੂਪ ਅਪਨ ਆਪਾਇ ਨਮਹਿ। ਸਤਿਗੁਰ ਨਾਨਕ ਨਿਰਬਾਣ ਅਉਧੂਤਾਇ ਨਮਹਿ।... (ਪੱਤਰਾ ੧)

੧ੴ ਸਤਿਗੁਰ ਪ੍ਰਸਾਦਿ। ਏਹੀ ਸਤਿਗੁਰ ਨਿਰਬਾਣਿ। ਆਦਿ ਮੰਤਰੁ, ਆਦਿ ਬ੍ਰਹਮੁ, ਜੁਗਾਦਿ ਬ੍ਰਹਮੁ, ਹੈ ਭੀ ਬ੍ਰਹਮੁ, ਹੋਸੀ ਭੀ ਬ੍ਰਹਮੁ। ਸਤਿਗੁਰ ਨਿਰਬਾਣ ਨਾਨਕ ਅਉਧੂਤ, ਏਹੀ ਅਨਘੜਿ ਦੇਵ ਬ੍ਰਹਮੁ ਹੀ ਬ੍ਰਹਮੁ, ਸਤਿਗੁਰ ਨਿਰਬਾਣ ਨਾਨਕ ਉਚਰੰਤ ਵੇਦਾਂਤ॥੧॥ ਸਲੋਕੁ॥ ਨ ਕਰਤੰ ਨ ਭੁਗਤੰ, ਨ ਜਾਇਤੇ ਨ ਮਰਤੰ।... (ਪੱਤਰਾ ੧)

ਅੰਤ— ...ਬ੍ਰਿਖੋਂ ਕੀ ਨਜਾਈ ਸੋ ਅਨੇਕ ਜੀਵ ਵਾਦ ਪਖ ਹੈ। ਏਕ ਜੀਵ ਵਾਦ ਵਿਖੇ ਏਕ ਹੀ ਅਗਯਾਨ ਕਹਿਤੇ ਹੈ, ਅਨੇਕ ਜੀਵਾਦਿ ਪਖ ਵਿਖੇ ਅਨੇਕ ਅਗਯਾਨ ਕਹਿਤੇ ਹੈ। ਸੋ ਏਕ ਹੀ ਅਗਯਾਨ ਅਧਯਾਤਮ ਅਧਿਦੈਵਕ ਅਧਿਭੂਤ ਹੋ ਕਰ ਇਸਥਿਤ ਹੋਯਾ ਹੈ। ਪ੍ਰਾਗ ਜੋ ਜੀਵ ਹੈ ਤਿਸ ਕੇ ਉਪਾਧਿ ਜੋ ਸੁਖੁਪਤਿ ਹੈ ਸੋ ਅਧਯਾਤਮ ਹੈ ਅਰੁ ਈਸੁਰ ... ਜੋ ਪ੍ਰਲਯ ਅਵਸਥਾ ਹੈ ਸੋ ਅਧਿਦੈਵ ਰੂਪ ਹੈ ਅਰੁ ਸੰਹਾਰ ਹੋ ਜਾਵਣਾ ਸਥੂਲ ਸੂਖਮ ਕਾ ਸੋ ਅਧਿਭੂਤ... (ਪੱਤਰਾ ੧੨੦੫)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਪੁਸਤਕ ਦਾ ਨਹੀਂ ਮਿਲਦਾ।

ਇਸ ਪੁਸਤਕ ਵਿਚ ਵੱਖੋ ਵੱਖ ਲੇਖਕਾਂ ਦੀਆਂ ਨਿਮਨ ਲਿਖਿਤ ੮੬ ਵੇਦਾਂਤਕ ਰਚਨਾਵਾਂ ਦਾ ਸੰਗ੍ਰਹਿ ਹੈ—

ਗੱਦ	(੫੧)	ਬਿਸ਼ਨੁ ਪੁਰਾਣ ਭਾਖਾ	,,	੨੧੯
,,	(੫੨)	ਪੰਚਦਸ਼ੀ ਵੇਦਾਂਤ	,,	੨੯੪
ਕਵਿਤਾ	(੫੩)	ਗਿਆਨ ਮੰਜਰੀ (ਮਨੋਹਰ ਦਾਸ, ਨਿਰੰਜਨੀ)	,,	੪੦੩
,,	(੫੪)	ਗ੍ਰੰਥ ਸ਼ਤ ਪ੍ਰਸ਼ਨੋਤਰੀ (,, ,,)	,,	੪੧੩
,,	(੫੫)	ਵੇਦਾਂਤ ਪਰਿਭਾਖਾ (,, ,,)	,,	੪੨੦
,,	(੫੬)	ਖਟ ਪ੍ਰਸ਼ਨੀ (,, ,,)	,,	੪੩੧
,,	(੫੭)	ਗਜਾਨ ਚੂਰਣ ਵਚਨਿਕਾ (,, ,,)	,,	੪੫੯
,,	(੫੮)	ਵਿਵੇਕ ਸਿੰਧੂ (ਮੁਕੰਦ ਰਾਜ)	,,	੪੬੭
,,	(੫੯)	ਬਸਿਸਟ ਸਾਰ (ਕਵੀਂਦ੍ਰਸਰਸੁਤੀ)	,,	੫੦੭
,,	(੬੦)	ਸ਼ੇਸ਼ ਸੰਬਾਦ ਸਨਕਾਦਕਉ (ਪਰਮਾਨੰਦ)	,,	੫੧੨
,,	(੬੧)	ਅਗਿਆਨ ਬੋਧਨੀ (ਦਿਆਲ ਅਨੇਮੀ)	,,	੫੧੪
,,	(੬੨)	ਬਿਗਿਆਨ ਗੀਤਾ (,, ,,)	,,	੫੨੭
,,	(੬੩)	ਵਿਚਾਰ ਮਾਲਾ (ਅਨਾਥ ਪੁਰੀ)	,,	੫੩੨
,,	(੬੪)	ਅਸ਼ਟਾਵਕ੍ਰ ਭਾਖਾ (ਦਿਆਲ ਅਨੇਮੀ)	,,	੫੩੭
,,	(੬੫)	ਅਬਗਤ ਉਲਾਸ (,, ,,)	,,	੫੪੯
ਗੱਦ	(੬੬)	ਅਮ੍ਰਿਤ ਅਨਭਉ ਭਾਖਾ (ਗਿਆਨ ਦੇਵ, ਪਰਮਹੰਸ)	,,	੫੭੪
ਕਵਿਤਾ	(੬੭)	ਬਸਿਸਟ ਸਾਰ ਗ੍ਰੰਥ (ਕਵੀਂਦ੍ਰਾਚਾਰਜ, ਸਰਸੁਤੀ)	,,	੫੯੫
ਗੱਦ	(੬੮)	ਅਨਭਉ ਪ੍ਰਕਾਸ਼ (ਲੇਖਕ-ਨਾਮਾਲੂਮ)	,,	੬੦੧
ਕਵਿਤਾ	(੬੯)	ਭਗਵਤ ਗੀਤਾ ਭਾਖਾ-ਸ਼ੰਕਰ ਭਾਸ਼ਜ (ਦਿਆਲ ਅਨੇਮੀ)	,,	੬੦੯
		(ਰਚਨਾ ਕਾਲ-ਸੰਮਤ ੧੭੭੮ ਬਿ.)		
ਗੱਦ	(੭੦)	ਰਾਮ ਗੀਤਾ ਭਾਖਾ (ਲੇਖਕ—ਨਾਮਾਲੂਮ)	,,	੭੭੩
ਕਵਿਤਾ	(੭੧)	ਵਾਕਜ ਸੁਧਾ (ਦੀਵਾਨਾ ਸਾਧੂ)	,,	੮੦੪
,,	(੭੨)	ਵਿਚਾਰ ਸਰੋਵਰ (ਵਲੀ ਰਾਮ)	,,	੮੧੮
,,	(੭੩)	ਝੂਲਣੇ (,, ,,)	,,	੮੨੦
,,	(੭੪)	ਸਿੱਧਾਂਤ ਰਹੱਸ (ਸਦਾਨੰਦ)	,,	੮੨੭
,,	(੭੫)	ਵਾਕਜ ਸੁਧਾ (,, ,,)	,,	੮੫੭
,,	(੭੬)	ਰੂਪਦੀਪ ਪਿੰਗਲ (ਜੈ ਕ੍ਰਿਸ਼ਨ)	,,	੮੫੭
ਗੱਦ	(੭੭)	ਅਪ੍ਰੋਖ ਅਨੁਭਵ (ਸ਼ੰਕਰਾਚਾਰਜ)	,,	੮੬੦
ਕਵਿਤਾ	(੭੮)	ਅਦਭੁਤ ਗ੍ਰੰਥ (ਸੁੰਦਰ ਦਾਸ)	,,	੮੬੩
ਗੱਦ	(੭੯)	ਉਪਦੇਸ਼ ਸਹੰਸ੍ਰੀ (ਸੰਤ ਪ੍ਰੀਤਮ ਦਾਸ)	,,	੮੭੮
ਕਵਿਤਾ	(੮੦)	ਨਿਰਬਾਣ ਬਚਨ (,, ,,)	,,	੧੧੧੪
,,	(੮੧)	ਅਦ੍ਵੈਤ ਨਿਰਬਾਨ (,, ,,)	,,	੧੧੧੭
,,	(੮੨)	ਸ੍ਰੀ ਅਮ੍ਰਿਤਸਰ ਸਥਾਨ (,, ,,)	,,	੧੧੩੫
,,	(੮੩)	ਸਤਿਗੁਰ ਨਿਰਬਾਨ ਮਹਿਮਾ (,, ,,)	,,	੧੧੪੦
,,	(੮੪)	ਸਤਿਗੁਰੂ ਨਿਰਬਾਣ ਸਤੋਤ੍ਰ (,, ,,)	,,	੧੧੫੨
,,	(੮੫)	ਨਿਰਬਾਣ ਵਾਕ (,, ,,)	,,	੧੧੬੧
ਗੱਦ	(੮੬)	ਅਹਿਦ ਨਾਮਾ (,, ,,)	,,	੧੧੭੦

੬. (ੳ) ਸ਼ਬਦ ਸ਼ਲੋਕ ਸੋਢੀ ਹਰਿ ਜੀ ਕੇ (ਧਿਆਉ ਬਿਹੰਗਮ ਕਾ) (ਨੰ. ੧੬੦, ਡਾ. ਗੋ. ਸਿੰ.)

ਲੇਖਕ— ਸੋਢੀ ਹਰਿ ਜੀ । ਆਕਾਰ—$5\frac{1}{2}'' \times 6\frac{3}{4}''$, ਲਿਖਤ $4'' \times 6''$ ।

ਵੇਰਵਾ— ਪੱਤਰੇ ਸ਼ਬਦ ਸ਼ਲੋਕ ਸੋਢੀ ਹਰਿ ਜੀ ਕੇ ੨੦੧-੪੩, ਧਿਆਉ ਬਿਹੰਗਮ ਕਾ ੧੦੦, ਗੋਸ਼ਟਿ ਅਜਿੱਤੇ ਰੰਧਾਵੇ ਕੀ ੫੧੭, ਵਾਰ ਸੋਰਠਿ ਮਹਲਾ ੮ (ਗੁਰੂ ਹਰਿ ਜੀ ਸਾਹਿਬ) ੧੭, ਮਿਹਰਵਾਨ ਜੀ ਦੇ ਸ਼ਬਦ ੧੮-੨੧; ਪ੍ਰੇਮ ਅੱਛਰੀ ੨੧-੨੩

ਖਣੁ ਗੁਰੂ ਹਰਿ ਜੀ ਕਾ ਰਾਤਿ ਕੇ ਪੜ੍ਹਨੇ ਕਾ ੨੩-੨੫; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ, ਜੋ ਕਿਰਮ ਖ਼ੁਰਦਾ ਹੋਣ ਕਰ ਕੇ ਛੇਕ ਪਏ ਹੋਏ ਹਨ; ਲਿਖਤ ਪੁਰਾਣੀ ਤੇ ਨਵੀਂ, ਦੋ ਕਿਸਮ ਦੀ, ਹਾਸ਼ੀਆ ਤਿੰਨ ਕਿਸਮ ਦਾ, ਸਾਦਾ ਬਗ਼ੈਰ ਲਕੀਰਾਂ ਦੇ, ਸਾਦੀਆਂ ਲਕੀਰਾਂ ਵਾਲਾ ਤੇ ਰੰਗੀਨ ਲਕੀਰਾਂ ਵਾਲਾ; ਪੁਸਤਕ ਜਿਲਦ ਟੁੱਟੀ ਹੋਣ ਕਰ ਕੇ ਖ਼ਸਤਾ ਹਾਲਤ ਵਿਚ ਹੈ । ਮੁੱਢ ਵਿੱਚ ੨੦੦ ਪੱਤਰੇ ਗੁਰਬਾਣੀ ਦੇ ਹਨ ਤੇ ਫੇਰ ਅੱਗੇ ਉਪਰੋਕਤ ਫੁਟਕਲ ਰਚਨਾਵਾਂ ਚਲਦੀਆਂ ਹਨ।

ਸਮਾਂ— ਸੰਮਤ ੧੮੦੨ ਬਿ. । ਲਿਖਾਰੀ—ਸੇਵਾ ਰਾਮ । ਸਥਾਨ—ਸੁਰ ਸਿੰਘ (ਅਮ੍ਰਿਤਸਰ ਦੇ ਨੇੜੇ) ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਰਾਗੁ ਸੂਹੀ ਮਹਲਾ ੮ ।
ਹਉ ਸੇਵਕਿ ਖਰੀ ਨਿਮਾਣੀਆ, ਕਿਉਂ ਪਾਈ ਪਿਰੁ ਪਾਸੁ ਜੀ ।
ਤੁਧਿ ਬਿਨੁ ਖਰੀ ਉਡੀਣੀਆ, ਸਭ ਲੇਦੀ ਨਿਹਫਲ ਸਾਸ ਜੀ ॥੧॥
ਪੇਈਅੜੇ ਦਿਨ ਚਾਰਿ ਹੈ, ਸਾਹੁਰੜੈ ਕਿਉ ਜਾਉ ਜੀ ।
ਜੋ ਸਹਿ ਸੇਤੀ ਰਤੀਆ, ਦੀਜੈ ਤਿਨਾ ਸੰਗ ਥਾਉ ਜੀ ॥੨॥...
ਸਭ ਰਵਨਿ ਸੋਹਾਗਣੀ, ਹਉ ਡੋਹਾਗਣਿ ਨਾਰਿ ਜੀ ।
ਜਨੁ ਨਾਨਕ ਸੇਵਕਿ ਆਖੀਆ, ਮੇਲਹੁ ਕਿਰਪਾ ਧਾਰਿ ਜੀ ॥੯॥੧॥
ਰਾਗੁ ਆਸਾ ਮਹਲਾ ੮
ਤੂ ਸੁਣਿ ਹਰਣਾ ਕਾਲਿਆ, ਤੂ ਸੁਣਿ ਰੇ ਮਨ ਮੇਰਿਆ.
ਕਿਤੁ ਲਾਲਚ ਰਤਾ ਰਾਮ ਰਾਜੇ ।... (ਪੱਤਰੇ ੨੦੧-੦੨)

ਅੰਤ— ...ਚਹੁ ਵਰਨ ਮਹਿ ਕੋਊ ਨਾਮੁ ਜਪੈ ।
ਨਾਨਕ ਤਿਸੁ ਫਿਰ ਦੂਖ ਨ ਵਿਆਪੈ ॥੨॥ (ਪੱਤਰਾ ੨੨੧)
ਮੁਖੁ ਪਵਿਤ੍ਰ ਕੀਰਤ ਪੜਤਿ ਦਰਸ ਪਰਸ ਅਘਿ ਨਾਸਿ ।
ਗੁਰੁ ਹਰਿ ਜੀ ਪੂਰਨ ਪੁਰਖ ਸਰਬ ਸੁਖੁ ਜਿਹ ਪਾਸਿ ॥੧॥... (ਪੱਤਰਾ ੨੪੩)

ਇਸ ਰਚਨਾ ਵਿਚ ਕੁਝ ਬਾਣੀ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵੀ ਹੈ, ਤੇ ਇਸ ਤੋਂ ਅੱਗੇ ਪੱਤਰਾ ੨੪੪ ਤੋਂ ੨੬੭ ਤਕ ਆਸਾ ਦੀ ਵਾਰ ਮਹਲਾ ੧ ਦਰਜ ਹੈ ।

(ਅ) ਧਿਆਉ ਬਿਹੰਗਮ ਕਾ (ਮਹਲਾ ੧)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਗੋਸਟ ਰਾਗੁ ਰਾਮ ਕਲੀ ਮਹਲਾ ੧ । ਤਬ ਬਾਬਾ ਬਿਹੰਗਮ ਪੰਖੀ ਕੇ ਰੂਪ ਥਾ । ਏਕ ਨਾਮ ਕਾ ਆਧਾਰ ਥਾ ।... (ਪੱਤਰਾ ੨੬੮)

ਅੰਤ— ...ਹੋਇ ਨਿਰਮਲ ਸਬਦੁ ਕਮਾਵਹੁ । ਤਾ ਨਾਨਕ ਤਤੁ ਬਿਹੰਗਮੁ ਪਾਵਹੁ ॥੨੬॥ ਧਿਆਉ ਬਿਹੰਗਮ ਪੂਰਣ ਹੂਆ । ਸੰਮਤੁ ੧੮੦੨, ਵਾਰ ਆਇਤ ਮਿਤੀ ਵੈਸਾਖਹੁ ਸੁਦੀ ੯, ਵਾਰ ਆਇਤਿ । (ਪਤਰਾ ੧੦੦)

(ੲ) ਗੋਸ਼ਟਿ ਅਜਿਤੇ ਰੰਧਾਵੇ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਗੋਸਟਿ ਅਜਿਤੇ ਰੰਧਾਵੇ ਕੀ ਬਾਬੇ ਨਾਨਕ ਨਾਲਿ ਹੋਈ । ਇਕਿ ਦਿਨਿ ਬਾਬਾ ਨਾਨਕੁ ਸਬਦੁ ਬੋਲਿਆ ਰਾਗ ਸਿਰੀ ਰਾਗ ਵਿਚੋਂ, "ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ।"... (ਪੱਤਰਾ ੧)

ਅੰਤ— ...ਬਚਾ (ਅਜਿੱਤਿਆ) ! ਏਹ ਗਲਾ ਨਾਹੀ, ਏਹ ਗੁਰਮੰਤ੍ਰ ਹੈ । ਸਭ ਇਕਸ ਦਰਵਾਜੇ ਵਿਚਹੁ ਨਿਕਸੀ । ਜੋ ਜੀਅ ਕਰਿ ਕੇ ਪੜ੍ਹੇਗਾ, ਸੁਣੇਗਾ, ਸਿਖੇਗਾ, ਸੋ ਮੁਕਤਾ ਹੋਵੇਗਾ । ਇਸ ਗਲ ਵਿਚਿ ਫੇਰੁ ਨਾਹੀ । ਵਾਹੁਗੁਰੂ, ਸਤਿਗੁਰੂ, ਗੋਸਟਿ ਅਜਿਤੇ ਰੰਧਾਵੈ ਕੀ ਸਪੂਰਣੁ ਲਿਖੀ...।
ਸੰਮਤਿ ਅਠਾਰਾ ਸਦਿ ਇਕੋਤਰਾ, ਇਹ ਸੰਮਤਿ ਕੇ ਨਾਮੁ ।
ਪੋਖਿ ਵਦੀ ਥਿਤਿ ਏਕਾਦਸੀ, ਪੋਥੀ ਲਿਖੀ ਸੁਰਿ ਸਿੰਘ ਗ੍ਰਾਮਿ ॥
ਦੋਹਰਾ ॥ ਕਰਨਿਹਾਰਿ ਕਰਤਾਰਿ, ਪ੍ਰਭੁ ਸ੍ਰੀ ਕ੍ਰਿਸਨਿ ਹਰਿ ।
ਲਿਖਾਰੀ ਸੇਵਾ ਦਾਸ ਕਕੜੀਏ ਪਰਿ ਕ੍ਰਿਪਾ ਕਰਿ ।
ਵਾਹਗੁਰੂ, ਵਾਹਗੁਰੂ, ਵਾਹਗੁਰੂ, ਵਾਹਗੁਰੂ, ਵਾਹਗੁਰੂ, ਵਾਹਗੁਰੂ ।
ਸੁਖ ਸੰਪਤਿ ਅਰੁ ਲਛਿਮੀ, ਸ੍ਰੀ ਭਗੌਤੀ ਦੀਨੋ ਦਾਨੁ ।
ਨਥਿ ਮਲਿ ਕੇਰੇ ਬੰਸਿ ਮਹਿ, ਲਿਖਾਰੀ ਸੇਵਾ ਰਾਮਿ ॥
ਲਿਖਾਰੀ ਭੁਲਾ ਚੁਕਾ ਬਖਸਿਣਾ, ਸਰਨਿ ਸਾਧਿ ਸੰਗਤਿ ਕੀ ਰਖਣਾ । (ਪੱਤਰੇ ੫੦-੫੧)

(ਸ) ਵਾਰ ਸੋਰਠਿ ਮਹਲਾ ੮

ਆਰੰਭ— ੧ਓ ਸ੍ਰੀ ਸਤਿਗੁਰੂ ਪ੍ਰਸਾਦਿ। ਵਾਰ ਸੋਰਠ ਮਹਲਾ ੮, ਗੁਰੂ ਹਰਿ ਜੀ ਸਾਹਿਬ॥ ਸਲੋਕੁ ॥
ਇਕੁ ਕਠਨਿ ਗੜੁ ਲੀਆ ਨ ਜਾਇ।
ਤਿਸੁ ਗੜ ਮਹਿ ਮਨੁ ਬਸਿਓ ਜਾਇ।... (ਪੱਤਰਾ ੧)

ਅੰਤ— ...ਜਨ ਨਾਨਕ ਗੁਰਦੇਵ ਪਹਿ, ਕਰਿ ਬਿਨਹੁ ਸੁਣਾਈ।
ਦਾਨੁ ਮਿਲੇ ਅਣ ਮੰਗਿਆ, ਸਚਿ ਮਹਿ ਲਿਵ ਲਾਈ ॥੨੮॥ ਵਾਰ ਪੂਰੀ ਹੋਈ।... (ਪੱਤਰਾ ੧੭)

(ਹ) ਸੋਢੀ ਮਿਹਰਵਾਨ ਜੀ ਕੇ ਸ਼ਬਦ

ਆਰੰਭ— ੧ਓ ਸ੍ਰੀ ਸਤਿਗੁਰੂ ਪ੍ਰਸਾਦਿ। ਰਾਗੁ ਸੂਹੀ ਮਹਲਾ ੭, ਛੰਤੁ।
ਹਰਿ ਢੋਲੀਅੜਾ ਜੀ, ਮੈਂ ਗੁਰ ਪੂਰੇ ਤੇ ਪਾਇਆ।
ਹਰਿ ਮਾਰਗੜਾ ਜੀ ਮੈਨੂੰ ਸਤਿਗੁਰ ਪੁਰਖ ਬਤਾਇਆ।... (ਪੱਤਰਾ ੧੮)

ਅੰਤ— ...ਹੋਦੇ ਤਾਣਿ ਰਹੇ ਨਿਤ੍ਰਾਣਾ, ਨਾਨਕੁ ਦਾਸੁ ਸਦਾਏ ॥੭॥੨॥ (ਪੱਤਰਾ ੨੧)

(ਕ) ਪ੍ਰੇਮ ਅੱਛਰੀ

ਆਰੰਭ— ੧ਓ ਸਤਿਨਾਮੁ ਕਰਤਾ ਪੁਰਖੁ। ਪ੍ਰੇਮ ਅਛਰੀ ਰਾਗੁ ਰਾਮਕਲੀ।
ਸਤਿਜੁਗ ਸਤਿ ਸਤਿ ਸਭ ਬੋਲੇ।
ਪਵਣ ਅਹਾਰੀ ਮਨੁ ਨਹੀਂ ਡੋਲੇ।... (ਪੱਤਰਾ ੨੧)

ਅੰਤ— ਗਲੀ ਗਲਾ ਕਰਣੀ ਛੁਟੇ, ਸਚੇ ਸਚਿ ਨਬੇੜਾ।
ਨਾਨਕ ਨੈ ਵਿਚ ਚਲੈ ਨਾਹੀਂ, ਕਾਗਦ ਸੰਦਾ ਬੇੜਾ ॥੯॥
ਗੋਸਟਿ ਪੂਰੀ ਹੋਈ। ਵਾਹਗੁਰੂ ਜੀ। ਵਡਾ ਗੁਰੂ ਨਾਨਕ। (ਪੱਤਰਾ ੨੩)

(ਖ) ਖਣ ਗੁਰੂ ਹਰਿ ਜੀ ਦਾ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਖਣੁ ਗੁਰੂ ਹਰਿ ਜੀ ਕਾ ਰਾਤਿ ਕੇ ਪੜਨੇ ਕਾ, ਭਗਤਿ ਮਾਲਾ ਸਭਨਾ ਭਗਤਾਂ ਕੇ ਵਚਨ ਹੈਨਿ ਪਰੇਮ ਪਵਿਤ੍ਰ ਵਚਨ। ਇਸੁ ਖਣੁ ਨੂੰ ਕੋਈ ਗਾਵੈ, ਪੜ੍ਹੈ ਲਿਖੈ, ਸਿਖੈ, ਸੁਣੈ ਤਿਸ ਕਾ ਜਨਮੁ ਮਰਣੁ ਕਟੀਐ।... (ਪੱਤਰਾ ੨੩)

ਅੰਤ— ਨਾਨਕ ਏਕੋ ਬਾਹਰੀ ਹੋਰ ਦੂਜੀ ਨਾਹੀ ਜਾਇ।
ਸੋ ਕਰੇ (ਜਿ)ਤਿਸੇ ਰਜਾਇ ॥੧੨॥
ਸ੍ਰੀ ਸਤਿਗੁਰੂ ਪ੍ਰਸਾਦਿ।...ਸੰਮਤਿ ੧੯੦੨ ਲਿਖਿਆ। ਮਿਤੀ ਅਸੂ ਦੀ ਸਤਮੀ ਵਾਰ ਸੁਕਰ ਲਿਖਿਆ। (ਪੱਤਰਾ ੨੫)

(ਨੰ. ੧੪੨੮, ਖ਼ਾ. ਕਾ. ਅ.)

੭. ਸਾਖੀਆਂ ਦਾਦੂ ਦੀਆਂ

ਲੇਖਕ— ਪਡਿਤ ਚੰਦ। ਆਕਾਰ—6¼" × 4", ਲਿਖਤ 4¾" × 3¼"।

ਵੇਰਵਾ— ਸਫ਼ੇ ੩੭੬; ਪ੍ਰਤੀ ਸਫ਼ਾ ੧੧ ਸਤਰਾਂ; ਕਾਗਜ਼ ਦੇਸੀ (ਚਿਕਨਾ); ਲਿਖਤ ਸਿੱਧੀ ਸਾਦੀ, ਫਿਕੀ ਲਾਲ ਤੇ ਕਾਲੀ ਸਿਆਹੀ ਨਾਲ ਲਿਖੀ ਹੋਈ; ਹਾਸ਼ੀਆ ਸਾਦਾ ਚੋਰੇਰ ਲਾਲ ਲਕੀਰਾਂ ਵਾਲਾ; ਪੁਸਤਕ ਸਾਧਾਰਣ ਹਾਲਤ ਵਿਚ ਹੈ।

ਸਮਾਂ— ਸੰਮਤ ੧੯੫੩ ਬਿ.। ਲਿਖਾਰੀ—ਸੰਤ ਦਇਆ ਰਾਮ। ਸਥਾਨ—ਗੋਇੰਦਵਾਲ (ਜ਼ਿਲਾ ਅੰਮ੍ਰਿਤਸਰ)।

ਆਰੰਭ— ੧ਓ ਸਤਿਗੁਰੁ ਪ੍ਰਸਾਦਿ। ੧ਓ ਸਤਿਨਾਮ ਕਰਤਾ ਪੁਰਖ... ਭਾਈ ਜੀ, ਸਾਖੀ ਬਾਬੇ ਦਾਦੂ ਜੀ ਦੀ ਹੈ। ਭਾਈ ਜੀ, ਏਹਨਾ ਬਾਬੇ ਹੋਰਾਂ ਜਨਮੁ ਧਾਰਿਆ ਸੰਮਤ ੧੫੭੭ ਬਿਕਰਮੀ ਵਿਚ ਭਾਈ ਭਗਤੂ ਜੀ ਦੇ ਘਰ, ਤਾਂ ਪਿੰਡ ਦੋਰਾਜ ਮੁਲਖ ਮਾਲਵੇ ਵਿਚ। ਭਾਈ ਜੀ, ਜਿਸ ਵਕਤ ਦਾਦੂ ਜੀ ਜੋਤੀ ਜੋਤ ਸਮਾ ਗੈਆ ਸੀ ਤਾਂ ਜੋ ਆਗਿਆ ਘਰ ਦੇ ਪਰੋਹਤ ਨੂੰ ਸਾਖੀ ਲਿਖਣ ਦੀ ਦੇ ਗੈ ਸੀ। ਤਾਂ ਚੰਦ ਨੇ ਇਹ ਆਪ ਦੇ ਮੰਨ ਵਿਚ ਸੋਚ ਕੇ ਤਾਂ ਸਾਊ ਕੇ ਪਿੰਡ ਜਾ ਕੇ, ਤਾਂ ਭਾਈ ਵੀਰੂ ਪਾਸ ਜਾ ਕੇ, ਤਾਂ ਸਾਰਾ ਹਾਲ ਸਾਖੀ ਲਿਖਣ ਦਾ ਦਸਿਆ... (ਸਫ਼ੇ ੧-੨)

ਅੰਤ— ...ਜੇੜ੍ਹਾ ਸਾਖੀ ਦਾਦੂ ਜੀ ਦੇ ਹੁਕਮ ਨਾਲ ਲਿਖਾਈ ਸੀ ਪੰਡਤ ਚੰਦ ਜੀ ਨੇ, ਤਾਂ ਲਿਖੀ ਦੈਆ ਰਾਮ ਜੀ ਨੇ ਸ੍ਰੀ ਗੋਇੰਦਵਾਲ ਜੀ ਵਿਚ, ਚੌਬਾਰੇ ਧੰਨੂ ਮਾਰੇ ਦੇ ਵਿਚ ਲਿਖੀ ਸੀ ਕਿ ਜੇੜ੍ਹਾ ਅਗੇ ਵੀ ਗੁਰੂ ਘਰ ਦਾ ਸੇਵਾਦਾਰ ਸੀ। ਸਾਖੀ ਦਾ ਉਤਾਰਾ ਕੀਤਾ ਸੰਮਤ ੧੯੫੩ ਵਿਚ। (ਸਫ਼ਾ ੩੭੬)

(ਨੰ. ੧੧੪, ਪੰ ਯੂ. ਚੰ.)

੮. ਸੁਖ ਸਾਗਰ ਗ੍ਰੰਥ (ਦ੍ਵਾਦਸ਼ ਸਕੰਧ ਭਾਖਾ)

ਲੇਖਕ— ਕਵੀ ਧਰਮ ਸਿਘ। ਆਕਾਰ—$7\frac{1}{2}'' \times 5\frac{1}{2}''$, ਲਿਖਤ $4\frac{3}{4}'' \times 3\frac{3}{4}''$।

ਵੇਰਵਾ— ਪੱਤਰੇ ੨੪੪; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ, ਜਿਸ ਕਰ ਕੇ ਉਕਾਈਆਂ ਦੀ ਸੁਧਾਈ ਹਾਸ਼ੀਏ ਉਤੇ ਕੀਤੀ ਹੋਈ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੮੦੬ ਬਿ.। ਲਿਖਾਰੀ-ਨਾਮਾਲੂਮ।

ਆਰੰਭ— ੧ਓ ਸ੍ਰੀ ਭਗੌਤੀ ਜੀ ਸਹਾਇ। ਮਹਾ ਕਾਲਿ ਨਮਹ ॥ ਦੋਹਰਾ ॥
ਸ੍ਰੀ ਕਾਲੀ ਪਦ ਨਮੋ ਨਮ, ਜੋ ਤਿਰਲੋਕ ਕੀ ਰਾਇ।
ਸਾਗਰ ਤੀਰ ਗਹੋ ਸਬਦ, ਜੋ ਤੁਮ ਹੋਹੁ ਸਹਾਇ ॥੧॥... (ਪੱਤਰਾ ੧)

ਅੰਤ— ...ਉਤੈ ਨਾਥ ਗੋਰਖ ਪਵਨ ਹੋਹ ਧਾਯੋ।
ਚਲਿਯੋ ਸੀਘਰ ਕੈ ਕੇ ਨਗਰ ਧਾਰ ਆਯੋ।
ਲਖਯੋ ਮਾਤ ਪੂਤੰ ਗੁਰੂ ਸੀਸ ਨਾਯੋ।
ਜਿਤੰ ਲੋਕ ਸਗਰੇ ਦੁਖੰ ਤੀਨ ਆਯੋ ॥੧੧੬॥
ਭਨਯੋ ਨਾਥ ਬੈਨੰ ਸੁਨੋ ਭੂਪ ਮਾਈ!
ਬਸੋਂ ਦੇਵ ਲੋਕੰ ਨਹੀਂ ਭ੍ਰਮ ਆਈ।
ਰਹੋ ਦੇਵ ਲੋਕੰ ਸਦਾ ਭਾਗਵੰਤੰ।
ਕਥੈ ਸਾਧ ਭਗਤੰ ਕਵੰ ਗਾਥ ਸੰਤੰ ॥੧੧੭॥
ਗਈ ਦੇਵ ਲੋਕੰ ਤਬੈ ਭੂਪ ਮਾਈ।
ਬਸੀ ਦੇਵ ਲੋਕੰ ਨ ਕੈ ਭ੍ਰਮ ਆਈ।
ਪੁਨੰ ਨ੍ਰਿਪ ਗੋਰਖ ਗਏ ਮੇਰੁ ਧਾਈ।
ਕਥਾ ਕਵਿ ਧਰਮ ਸਿੰਘ ਐਸੇ ਸੁਨਾਈ ॥੧੧੮॥
ਦੋਹਰਾ ॥ ਅਮਰ ਪੁਰੀ ਮੈ ਨਾ ਗਈ, ਸੁਨ ਗਿਰਜਾ! ਮਨ ਲਾਇ।
ਗੋਰਖ ਗੋਪੀ ਚੰਦ ਨ੍ਰਿਪ, ਬਸੇ ਮੇਰੁ ਗ੍ਰਿਹ ਜਾਇ ॥੧੧੯॥
ਕਵਿ ਜਨਮ ਕਥਨੰ ॥ ਪਰਹਾ ਛੰਦ ॥
ਸਤਜ ਤਨਜ ਮ੍ਰਿਗਰਾਜ, ਤਨੁਜ ਨਾਹਰ ਸਿੰਘ ਜਾਨੋ।
ਕੁਰਖੇਤ੍ਰ ਮੈ ਜਨਮ, ਜਾਤ ਰਘੁਬੰਸੀ ਮਾਨੋ।
ਲਵਪੁਰ ਨਗਰੀ ਆਨ ਕਾਵਿ ਕਰ ਗ੍ਰਿੰਥ ਬਨਾਯੋ।
ਗੋਪੀ ਚੰਦ ਨਰੇਸ ਭੇਦ ਬਹੁ ਬਿਧ ਪਰਗਟਾਯੋ ॥੧੨੦॥
ਦੋਹਰਾ ॥ ਸੰਮਤ ਬਿਕ੍ਰਮ ਜੀਤ ਨਿਰਪ ਸਹਸ ਪੁਰਾਨ ਪਛਾਨ।
ਜੇਠ ਮਾਸ ਥਿਤ 'ਕਾਦਸੀ, ਬਰਸ ਛਿਹਤਰ ਜਾਨ ॥੧੨੧॥...
ਸਿਵ ਗਿਰਜਾ ਸੰਬਾਦ ਯਹ, ਸੁਖ ਸਾਗਰ ਧਰ ਨਾਮ।
ਸੁਨਤ ਪਢਤ ਸੁਖ ਪਾਵਈ, ਮਿਲੇ ਭਗਤ ਸ੍ਰੀ ਰਾਮ ॥੧੨੨॥
ਇਤ ਸ੍ਰੀ ਦ੍ਵਾਦਸ ਸਕੰਧੇ ਪ੍ਰਾਕ੍ਰਿਤ ਪੁਰਾਣੇ ਉਮਾ ਮਹੇਸਰ ਸੰਬਾਦੇ ਨਾਮ ਚਤਰਦਸੋ ਧਿਆਇ ॥੧੪॥
ਜੋੜ ੧੫੬੫ (।) (ਪੱਤਰੇ ੨੪੩-੪੪)

ਇਸ ਪੁਸਤਕ ਵਿਚ ਰਾਜਾ ਗੋਪੀ ਚੰਦ ਦੇ ਜੋਗੀ ਹੋਣ ਦਾ ਸਾਰਾ ਵ੍ਰਿੱਤਾਂਤ ਪੁਰਾਣਿਕ ਰੀਤਿ ਨਾਲ ਵਰਣਨ ਕੀਤਾ ਹੋਇਆ ਹੈ।

੯. (ੳ) ਸੁਖ਼ਨ ਸਾਈ ਲੋਕਾਂ ਦੇ (ਸੁਖ਼ਨ ਫ਼ਕੀਰਾਂ ਦੇ ਸਮੇਤ) (ਨੰ. ੪੧੧, ਪੰ. ਯੂ. ਚੰ.)

ਲੇਖਕ— ਨਾਮਾਲੂਮ। ਆਕਾਰ—3" × 6½", ਲਿਖਤ 3" × 4¾"।

ਵੇਰਵਾ— ਪੱਤਰੇ ੮੧; ਪ੍ਰਤੀ ਸਫ਼ਾ ੧੩ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਬਿਨਾ ਜਿਲਦ, ਜੋ ਹਰ ਤਰ੍ਹਾਂ ਅੱਛੀ ਹਾਲਤ ਵਿਚ ਹੈ; ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ।

ਸਮਾਂ— ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਹਿਲ ਵਾਰਤਾ ਸੁਖਨ ਸਾਈ ਲੋਕਾ ਕੇ। ਅਬਦੂਲਾ ਇਨਸਾਰੀ ਵੈਰਾਗਵਾਨ ਥਾ। ਇਕ ਡੋਰੀ ਤੇ ਗੜਵਾ ਪਾਸ ਰਖਦਾ ਥਾ।... (ਪੱਤਰਾ ੧)

ਅੰਤ— ਉਸ ਵੇਲੇ ਇਬਰਾਹੀਮ ਅਕਾਸ ਵਲ ਮੂਹ ਕਰ ਕੇ ਰੋਣ ਲਗ ਗਿਆ ਤੇ ਕਹਣ ਲਗਾ, "ਹੇ ਮਹਾਰਾਜ! ਏਤਨਾ ਚਿਰ ਮੈਂਨੂੰ ਤੇਰੀ ਬੰਦਗੀ ਕਰਦਿਆਂ ਹੋਇਆ ਹੈ; ਪਰ ਬੰਦੇ ਬਣਨ ਦਾ ਹਰਫ ਅਜ ਇਸ ਥੀ ਸੁਣਿਆ ਹੈ।" (ਪੱਤਰਾ ੪੧)

(ਅ) ਸੁਖ਼ਨ ਫ਼ਕੀਰਾਂ ਕੇ (ਲੇਖਕ-ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸੁਖਨ ਫਕੀਰਾਂ ਕੇ ਲਿਖੇ।
ਹਿਕ ਫਕੀਰ ਆਖਦਾ ਆਹਾ ਜੋ ਇਕ ਦਿਨ ਖਜਾਨੇ ਦਬੇ ਹੋਏ ਉਤੇ ਸਤ ਨਸੀਹਤਾਂ ਲਿਖੀਆਂ ਹੋਦੀਆਂ ਡਿਠੀਆਂ ਮੈ।... (ਪੱਤਰਾ ੪੧)

ਅੰਤ— ...ਜੋ ਅਵੇਹੀ ਫਕੀਰੀ ਕਮਾਵੇ ਤਾਂ ਘਰ ਹੀ ਭਲਾ ਹੈ। ਖੁਦਾਇ ਨਾਲ ਚਲੇ ਅਤੇ ਦੁਨੀਆ ਨਾਲਿਹੁ ਸੁ(ਰ)ਖਰੂ ਹੋਵੈ ॥੩੭॥ (ਪੱਤਰਾ ੮੧)

੧੦. ਸਾਧੂ ਸੁੰਦਰ ਦਾਸ ਜੀ ਕੀ ਬਾਣੀ (ਸੁੰਦਰ ਬਿਲਾਸ) (ਨੰ. ੧੭੩, ਭਾ. ਵਿ.)

ਲੇਖਕ—ਸਾਧੂ ਸੁੰਦਰ ਦਾਸ। ਆਕਾਰ—7½" × 5¼", ਲਿਖਤ 4¾" × 3"।

ਵੇਰਵਾ— ਪੱਤਰੇ ੧੭੮; ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸੁੰਦਰ ਚੋਕੋਰ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਕੁਝ ਤੁਕਾਂ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੨੮ ਬਿ.। ਲਿਖਾਰੀ—ਭਾਈ ਪਿਆਰਾ ਸਿੰਘ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸ੍ਵਸਤਿ ਸ੍ਰੀ ਗਣੇਸਾਯ ਨਮ:। ਸ੍ਰੀ ਗੁਰਵੇ ਨਮ:। ਅਥ ਬਾਣੀ ਸੁੰਦਰ ਦਾਸ ਕ੍ਰਿਤ। ਪ੍ਰਿਥਮੇ ਗੁਰ ਦੇਵ ਕੋ ਅੰਗ ॥ ਦੋਹਰਾ ॥
ਹਮ ਜਾਨਿਆ ਥਾ ਆਪ ਥੀ ਦੂਰ ਪਰੇ ਹੈ ਕੋਇ।
ਸੁੰਦਰ ਜਬ ਸਤਿਗੁਰ ਮਿਲੈ, ਸੋਹੰ ਹੰਸੋ ਹੋਇ ॥ ੧ ॥... (ਪੱਤਰਾ ੨)

ਅੰਤ— ਜੋਗੀ ਥਕੇ ਕਹਿ ਜੈਨ ਥਕੇ ਕਹਿ, ਰਿਖ ਤਾਪਸ ਥਾਕ ਰਹੇ ਫਲ ਖਾਤੇ।
ਸੰਨਿਆਸੀ ਥਕੇ ਬਨਬਾਸੀ ਥਕੇ, ਜੁ ਉਦਾਸੀ ਥਕੇ ਬਹੁ ਫੇਰ ਫਿਰਾਤੇ।
ਸੇਖ ਮਸਾਇਕ ਔਰ ਉਲਾਹਿ ਕਥਾ ਕਰ ਹੈ ਮਨ ਮੈ ਮੁਸਕਾਤੇ।
ਸੁੰਦਰ ਮੌਨ ਗਹੀ ਸਿਧ ਸਾਧਿਕ, ਕੌਨ ਕਹੈ ਉਸ ਕੀ ਮੁਖ ਬਾਤੇ ॥ ੧੫ ॥ ੩੪ ॥ ੫੫੩ ॥
ਇਤਿ ਸ੍ਰੀ ਅਸਚਰਜ ਕੋ ਅੰਗ ਸੰਪੂਰਣੰ। ਸਮਾਪਤੰ ॥ ੫੫੩ ॥ ਦਸਖਤ ਪਿਆਰਾ ਸਿੰਘ, ਸੰਮਤ ਉਨੀ ਸੈ ੨੮ (ਅੱਗੇ ਲੰਡੇ ਅੱਖਰਾਂ ਵਿਚ) ਮਿਤੀ ਕਤਕ ਸੁਦੀ ੨੬। (ਪੱਤਰੇ ੧੭੭-੭੭)

ਇਸ ਤੋਂ ਅੱਗੇ ਪੱਤਰਾ ੧੭੮ ਦੇ ਦੂਜੇ ਪਾਸੇ ਇਹ ਕਬਿੱਤ ਹੈ—

ਨਦੀਓਂ ਮੈ ਗੰਗ ਵਤ, ਤਾਰਜੋਂ ਮੈ ਚੰਦ ਵਤ,
ਤੇਜੋਂ ਮੈ ਪਤੰਗ ਵਤ ਸੰਤਨ ਮੈ ਮਾਨੇ ਹੋ।
ਨਰੋਂ ਮੈ ਨਰਿੰਦ ਸਮ ਮ੍ਰਿਗੋਂ ਮੈ ਮ੍ਰਿਗਿੰਦ ਸਮ,
ਫੂਲੋਂ ਮੈ ਮਲਿੰਦ ਸਮ ਪ੍ਰਭਾ ਕੇ ਖਜਾਨੇ ਹੋ।
ਸੰਤਨ ਮੈ ਸੰਤ ਹੋ, ਮਹੰਤ ਹੋ ਮਹੰਤਨ ਮੈਂ,
ਗੁਨੀਅਨ ਮੈ ਗੁਨੀ ਮਰਦਾਨਿਓ ਮੈਂ ਦਾਨੇ ਹੋ।
ਬੁਧ ਕੈ ਖਜਾਨੇ ਪੁਨ ਮਯਾ ਸਿੰਧ ਮਾਨੇ ਕਾਮ,
ਕਾਨ ਤੇ ਨਿਕਾਨੇ ਪੁਨ ਨੀਤ ਕੇ ਨਿਧਾਨੇ ਹੋ ॥ ੧ ॥

११. ਬਾਣੀ ਸਾਧੂ ਸੁੰਦਰ ਦਾਸ ਜੀ ਕੀ (ਨੰ. ੩੫੫, ਭਾ. ਵਿ.)

ਲੇਖਕ— ਸਾਧੂ ਸੁੰਦਰ ਦਾਸ। ਆਕਾਰ—$8\frac{1}{2}'' \times 6\frac{1}{4}''$, ਲਿਖਤ $6\frac{1}{2}'' \times 4\frac{1}{2}''$।

ਵੇਰਵਾ— ਪਤਰੇ ੮੯; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ ਕਿਰਮ ਖ਼ੁਰਦਾ, ਜਿਸ ਕਰ ਕੇ ਮੁੱਢਲੇ ਪਤ੍ਰਿਆਂ ਉਤੇ ਆਰ-ਪਾਰ ਛੇਕ ਪਏ ਹੋਏ, ਤੇ ੮੦ਵਾਂ ਪੱਤਰਾ ਉਪਰੋਂ ਕੁਝ ਫਟਿਆ ਹੋਇਆ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ; ਕੁਝ ਅਸ਼ੁੱਧੀਆਂ ਹਾਸ਼ੀਏ ਉਤੇ ਦਰੁਸਤ ਕੀਤੀਆਂ ਹੋਈਆਂ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਮੁੱਢਲੇ ਸਫ਼ੇ ਦਾ ਹਾਸ਼ੀਆ ਬਗ਼ੈਰ ਲਕੀਰਾਂ ਦੇ ਬਿਲਕੁਲ ਸਾਦਾ; ਪੁਸਤਕ ਦੇ ਮੁੱਢ ਵਿਚ ੫ ਪੱਤਰੇ ਹਨੂਮਾਨ ਨਾਟਕ (ਹਿਰਦੇ ਰਾਮ, ਭੱਲਾ) ਦੇ, ਜੋ ਹੋਰ ਕਲਮ ਨਾਲ ਕਿਸੇ ਅਨਜਾਣ ਲਿਖਾਰੀ ਦੇ ਲਿਖੇ ਹੋਏ ਹਨ; ਪੁਸਤਕ ਬਗ਼ੈਰ ਜਿਲਦ।

ਸਮਾਂ— ਸੰਮਤ ੧੮੮੫ ਬਿ.। ਲਿਖਾਰੀ—ਖ਼ੁਸ਼ੀਆ ਰਾਮ, ਮੱਕੜ। ਸਥਾਨ—ਪਟਣ ਨਗਰ (ਪਾਕ ਪਟਨ-ਪਾਕਿਸਤਾਨ)।

ਆਰੰਭ— (ਪਹਿਲੇ ਪੱਤਰੇ ਹਨੂਮਾਨ ਨਾਟਕ ਦੇ ਤੇ ਫੇਰ ਕੁਝ ਪੱਤਰੇ ਖਾਲੀ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ। ਰਾਮ ਜੀ ਸਤਿ। ਸ੍ਰੀ ਗੁਰਦੇਵ ਦਾਦੂ ਪ੍ਰਸਾਦਿ ਬਾਬਾ ਸੁੰਦਰ ਦਾਸ ਜੀ ਕਾ ਸਵੈਯਾ ਲਿਖਤੇ। ਪ੍ਰਥਮ ਗੁਰ ਦੇਵ ਕੋ ਅੰਕ ॥ ਇੰਦਵ ਛੰਦ ॥
ਮੌਜ ਕਰੀ ਗੁਰ ਦੇਵ ਦਇਆ ਕਰ, ਸਬਦ ਸੁਨਾਇ ਕਹਯੋ ਹਰਿ ਨੇਰੈ।
ਜਿਵ ਰਵਿ ਕੇ ਪ੍ਰਗਟੈ ਨਿਸ ਜਾਤ, ਸੁ ਦੂਰ ਕੀਓ ਭ੍ਰਮ ਭਾਨ ਅੰਧੇਰੋ।
ਕਾਇਕ ਬਾਇਕ ਮਾਨਸ ਹੂ ਕਰ, ਹੈ ਗੁਰ ਦੇਵਹਿ ਬੰਦਨ ਮੇਰੋ।
ਸੁੰਦਰ ਦਾਸ ਕਹੈ ਕਰ ਜੋਰ, ਸੁ ਦਾਦੂ ਦਇਆਲ ਕੋ ਹਉ ਨਿਤ ਚੇਰੋ ॥ ੧ ॥... (ਪੱਤਰਾ ੯)

ਅੰਤ— ...ਸੁੰਦਰ ਮੌਨ ਗਹੀ ਸਿਧ ਸਾਧ, ਕੌਨ ਕਹੈ ਉਸ ਕੀ ਮੁਖ ਬਾਤੈ ॥ ੧੫ ॥
ਇਤਿ ਸ੍ਰੀ ਅਸਚਰਜ ਕੋ ਅੰਗ ਸੰਪੂਰਣੰ ਸਮਾਪਤੰ। ਅੰਗ ਸਮਸਤ ਚੌਤੀਸ ॥੩੪॥ ਸਮਾਪਤਹ ॥ ੫੫੩ ॥ ਪੋਥੀ ਸੰਪੂਰਣ ਹੋਈ ਸੁੰਦਰ ਦਾਸ ਜੀ ਕੀ। ਸੰਮਤ ਅਠਾਰਹ ॥ ੧੮ ॥ ਸੈ ਪਚਾਸੀਏ ॥ ੮੫ ॥ ਵਿਚ ਲਿਖੀ, ਖੁਸੀਏ ਰਾਮ ਮੱਕੁੜ ਦੇ ਦਸਖਤ; ਲਿਖੀ ਮਿਤੀ ਹਾੜ੍ਹ ਦਿਨ ਨਉਮੀ ॥ ੯ ॥ ਸੁਕਰਵਾਰ ਕੇ ਦਿਨ ਲਿਖੀ। ਹਾੜ੍ਹ ਸੁਦੀ ਅੱਠਵੀ ॥ ੮ ॥...
ਯਾ ਪੋਥੀ ਪੂਰਨ ਕਰੀ, ਸੁਭ ਦਿਨ ਸੁਕਰਵਾਰ।
ਦਸਖਤ ਖੁਸੀਏ ਰਾਮ ਕੇ, ਮਾਣਕ ਸੁਤ ਨਿਰਧਾਰ ॥ ੧ ॥
ਮਕੁੜ ਜਾਤ ਕਹਾਵਈ, ਪਟਣ ਨਗਰ ਮੈ ਧਾਮ।
ਯਾ ਪੋਥੀ ਪੂਰਨ ਕਰੀ, ਪਰਮੇਸੁਰ ਕੇ ਕਾਮ ॥ ੨ ॥
ਹੌ ਅਜਾਨ ਅਤਿ ਮੂੜ੍ਹ ਮਤਿ, ਕਹਿ ਨ ਸਕੋ ਸਭ ਭਾਇ।
ਭੂਲ ਚੂਕ ਕੀਜੈ ਖਿਮਾ, ਲੀਜੈ ਸਾਧ ਬਨਾਇ ॥ ੩ ॥
ਸੋਰਠਾ ॥ ਨਮੋ ਨਿਰੰਜਨ ਰੂਪ, ਨਿਰੰਕਾਰ ਕਾਰਣ ਕਰਣ।
ਸਤਿਗੁਰ ਚਰਨ ਅਨੂਪ, ਨਮੋ ਸੁ ਹਿਤ ਚਿਤ ਲਾਇ ਕੈ ॥ ੪ ॥
ਸੰਪੂਰਣੰ ਸੁਭੰ। (ਪੱਤਰੇ ੮੮-੮੯)

੧੨. (ੳ) ਬਾਣੀ ਸਾਧੂ ਸੁੰਦਰ ਦਾਸ ਕੀ (ਤੇ ਪ੍ਰਬੋਧ ਚੰਦ੍ਰ ਨਾਟਕ) (ਨੰ. ੨੭੨੯, ਸੈਂ. ਪ. ਲਾ.)

ਲੇਖਕ- ਸਾਧੂ ਸੁੰਦਰ ਦਾਸ। ਆਕਾਰ—$6\frac{1}{2}'' \times 9\frac{1}{2}''$, ਲਿਖਤ $4'' \times 7''$।

ਵੇਰਵਾ— ਪੱਤਰੇ ਬਾਣੀ ਸੁੰਦਰ ਦਾਸ ਜੀ ਕੀ ੮੦, ਪ੍ਰਬੋਧ ਚੰਦ੍ਰ ਨਾਟਕ ੮੧-੧੫੯; ਪ੍ਰਤੀ ਸਫ਼ਾ ੨੧ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ; ਸਿਰ ਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ।

ਸਮਾਂ— ੧੭ ਵੀਂ ਸਦੀ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਰਾਮ ਜੀ ਸਤਿ ਸ੍ਰੀ ਗੁਰਦੇਵ ਦਾਦੂ ਪ੍ਰਸਾਦਿ। ਬਾਬਾ ਸੁੰਦ੍ਰ ਦਾਸ ਜੀ ਕਾ ਸਵੈਯਾ। ਲਿਖਤੇ ਪ੍ਰਥਮਹਿ ਗੁਰਦੇਵ ਕੋ ਅੰਗ ॥ ਇੰਦਵ ਛੰਦ ॥
ਮੌਜ ਕਰੀ ਗੁਰਦੇਵ ਦਇਆ ਕਰਿ, ਸਬਦ ਸੁਨਾਇ ਕਹਯੋ ਹਰਿ ਨੇਰੋ। (ਪੱਤਰਾ ੧)

ਅੰਤ— ...ਸੁੰਦਰ ਮੌਨ ਗਹੀ ਸਿਧ ਸਾਧਿਕ ਕੌਨ ਕਹੈ ਉਸ ਕੀ ਮੁਖ ਬਾਤੈਂ ॥ ੨੫ ॥
ਇਤਿ ਸ੍ਰੀ ਅਸਚਰਜ ਕੋ ਅੰਗ ਸੰਪੂਰਣੰ ਸਮਾਪਤਹ। ਅੰਗ ਸਮਾਪਤੰ ॥ ੩੪ ॥ ਚੌਤੀਸ ॥ ੫੫੩ ॥ ਸੁਭੰ ॥ (ਪੱਤਰਾ ੮੦)

(ਅ) ਪ੍ਰਬੋਧ ਚੰਦ੍ਰ ਨਾਟਕ (ਕ੍ਰਿਤ ਸਾਧੂ ਗੁਲਾਬ ਸਿੰਘ)

ਆਰੰਭ– ੧ਓ ਸਤਿਗੁਰ ਪ੍ਰਸਾਦਿ। ਸ੍ਰੀ ਗਣੇਸਾਯ ਨਮ: ॥ ਦੋਹਰਾ ॥
ਗੌਰੀ ਪੁਤ੍ਰ ਗਣੇਸ ਪਦ, ਬੰਦੌ ਬਾਰੰਬਾਰ ।
ਕਾਰਜ ਕੀਜੇ ਸਿਧ ਮਮ, ਦੇਹੁ ਸੁ ਬੁਧ ਉਦਾਰ ॥ ੧ ॥ (ਪੱਤਰਾ ੮੧)

ਅੰਤ– ...ਰਸੁ ਵੇਦੁ ਔ ਵਸੁ ਚੰਦ ਸੰਵਤ, ਲੋਕ ਭੀਤਰ ਜਾਨ ।
ਨਭ ਮਾਸ ਭ੍ਰਿਗੁ ਮੁਨਿ ਵਾਸਰੇ ਦਸਮੀ ਵਦੀ ਪਹਿਚਾਨ ।
ਗਰ ਮਾਨ ਸਿੰਘ ਪਦਾਰਬਿੰਦ ਆਲੰਬਨਾ ਉਰ ਠਾਨ ।
ਕੁਰੁਖੇਤ ਪ੍ਰਾਚੀ ਕੂਲ ਤਟ ਯਹ ਕੀਨ ਗ੍ਰਿੰਥ ਬਖਾਨ ॥ ੨੨੫ ॥

ਇਤਿ ਸ੍ਰੀ ਮਤ ਮਾਨ ਸਿੰਘ ਚਰਣ ਸਿਖਤ ਗੁਲਾਬ ਸਿੰਘੇਨ ਗੌਰੀ ਰਾਏ ਆਤਮਜੇਨ ਵਿਰਚਿਤੇ ਪ੍ਰਬੋਧ ਚੰਦ੍ਰ ਨਾਟਕੇ ਜੀਵਨ ਮੁਕਤਿ ਪ੍ਰਾਪਤਿ ਕੋ ਨਾਮ ਖਸਟੋ ਧਿਆਇ ॥ ੬ ॥ ਸੁਭਮਸਤ । ਸੁਭਮਸਤੁ । (ਪੱਤਰਾ ੧੫੯)

ਇਸ ਪੁਸਤਕ ਦਾ ਰਚਨਾ-ਕਾਲ ਸੰਮਤ ੧੮੬੪ ਬਿ: ਹੈ ਤੇ ਇਸ ਦੇ ਹਾਸ਼ੀਏ ਉਤੇ ਤੇ ਕਈ ਥਾਵੇਂ ਮਤਨ ਵਿੱਚ ਕਠਿਨ ਸ਼ਬਦਾਂ ਦੇ ਪ੍ਰਯਾਯ ਬਾਰੀਕ ਕਲਮ ਨਾਲ ਲਿਖੇ ਹੋਏ ਹਨ ।

੧੩. (ੳ) ਸੰਤ ਪ੍ਰਭਾਵ (ਸੰਤੋਖ ਸੁਰਤਰੁ ਤੇ ਬਚਨ ਗੋਬਿੰਦ ਲੋਕਾਂ ਕੇ ਸਹਿਤ) (ਨੰ. ×, ਸ਼. ਸਿ. ਅ.)

ਲੇਖਕ—ਸੁਾਮੀ ਮਾਣਕ ਦਾਸ । ਆਕਾਰ—੬" × ੪", ਲਿਖਤ–੩¾" × ੬½" ।

ਵੇਰਵਾ—ਪੱਤਰੇ ਸੰਤ ਪ੍ਰਭਾਵ ੩੨, ਸੰਤੋਖ ਸੁਰਤਰੁ ੩੨– ੬੯ ਤੇ ਬਚਨ ਗੋਬਿੰਦ ਲੋਕਾਂ ਕੇ ੬੯–੭੫; ਪ੍ਰਤੀ ਸਫ਼ਾ ੧੮ ਸਤਰਾਂ; ਕਾਗਜ਼ ਕਸ਼ਮੀਰੀ (ਹਰਾ, ਪੀਲਾ, ਗੁਲਾਬੀ ਤੇ ਸਫੇਦ ਮੋਤੀਆਂ); ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ਤੇ ਪੰਜ ਹੋਰ ਪੁਸਤਕਾਂ—ਆਤਮ ਵਿਚਾਰ ਗ੍ਰੰਥ, ਭਾਖਾ ਤਰਕ ਸੰਗ੍ਰਹ, ਤਤ੍ਵਾਨੁਸੰਧਾਨ ਆਦਿ ਨਾਲ ਇਕੋ ਜਿਲਦ ਵਿਚ ਜੁੜੀ ਹੋਈ ਹੈ ।

ਸਮਾਂ—ਸੰਮਤ ੧੯੦੦ ਬਿ. । ਲਿਖਾਰੀ–ਸਾਧੂ ਰਾਮ । ਸਥਾਨ—ਅੰਮ੍ਰਿਤਸਰ (ਪੰਜਾਬ) ।

ਆਰੰਭ— ੧ਓ ਸਤਿਗੁਰੁ ਪ੍ਰਸਾਦਿ । ਸ੍ਰੀ ਗਣੇਸਾਯ ਨਮ: ॥
ਦੋਹਾ ॥ ਮੰਗਲਾਯਨ ਕਰੁਨਾਯਤਨ, ਸਰਬ ਕਲਜਾਨ ਗੁਨ ਧਾਮ ।
ਮਮ ਮਾਨਸ ਸਰ ਹੰਸ ਵਤ, ਰਮਨ ਕਰਹੁ ਸੀਯ ਰਾਮ ॥੧॥

ਨਾਰਾਇਣ ਕੀ ਪ੍ਰਾਪਤਿ ਕੇ ਦ੍ਵਾਰ ਅਰੁ ਸਰਬ ਸਾਧਨ ਕੇ ਕਾਰਣ ਜੋ ਹੈ ਸੋ ਸਤਸੰਗ ਹੀ ਹੈ । ਤਾ ਤੇ ਸਤਸੰਗ ਮੇ ਮੁਮੁਖਜੁ ਕੀ ਪ੍ਰਬ੍ਰਿਤੀ ਕੈ ਲੀਯੇ ਸਤਸੰਗ ਕੋ ਮਹਿਮਾ ਨਿਰੂਪਣ ਕਰੈ ਹੈ । ਤਹਾਂ ਪ੍ਰਥਮ ਸਾਧੂ ਕੂੰ ਨਮਸਕਾਰ ਪੂਰਬਕ ਸਤਸੰਗ ਕੋ ਨਾਰਾਯਣ ਕੀ ਪ੍ਰਾਪਤਿ ਕੇ ਵਿਖੈ ਅਨ੍ਵੈ ਵਿਤ੍ਰੇਕ ਦਿਖਾਵੈ ਹੈ ।.. (ਪੱਤਰਾ ੧)

ਅੰਤ— ਅਰੁ ਜੋ ਸਤਸੰਗ ਕਰੈਂਗੇ ਤੋ ਅਗਨੀ ਕਾ ਸੰਗ ਸੂੰ ਸੀਤ ਨਿਬ੍ਰਿਤਿ ਅਰ ਪ੍ਰਕਾਸ ਕੀ ਪ੍ਰਾਪਤਿ ਕੀ ਨਾਈ ਸਤਸੰਗ ਸੂੰ ਭੀ ਭਕਤਿ ਵੈਰਾਗਾਦਿ ਫਲ ਕੀ ਪ੍ਰਾਪਤਿ ਅਵਸਜ ਹੋਯਗੀ ॥੫॥
ਦੋਹਾ ॥ ਰਾਮ ਚੰਦ੍ਰ ਪਦ ਬਦ ਕੈ ਮਾਂਗਤ ਮਾਣਕ ਦਾਸ ।
ਰਾਮ ! ਸਦਾ ਮੁਹਿ ਦੀਜੀਯੈ ਸਤ ਸੰਗਤਿ ਮੈ ਵਾਸ ॥੬॥੮॥
ਇਤਿ ਸ੍ਰੀ ਸੰਤ ਪ੍ਰਭਾਵ ਗ੍ਰੰਥ ਸੰਪੂਰਣੰ । (ਪੱਤਰਾ ੩੨)

(ਅ) ਸੰਤੋਖ ਸੁਰਤਰੁ ਗ੍ਰੰਥ ਸਟੀਕ (ਲੇਖਕ-ਮਾਣਕ ਦਾਸ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸੰਤੋਖ ਸੁਰਤਰੁ ਗ੍ਰੰਥ ਲਿਖਜਤੇ ਮਨ ਕੀ ਪੂਰਣ ਕਾਮਨਾ ਕੀ ਸਿਧੀ ਕੈ ਅਰਥ, ਪੂਰਣ ਕਾਮਨਾ ਰੂਪ ਸੰਤੋਖ ਕੈ ਨਿਰੂਪਣ ਕੈ ਅਰਥ । ਪੂਰਣ ਕਾਮ ਕਰਣੇ ਵਾਰੇ ਜੋ ਈਸੁਰ ਤਾਕੂੰ ਪ੍ਰਥਮ ਨਮਸਕਾਰ ਕਰੈ ਹੈਂ ॥ ਦੋਹਾ ॥
ਨੰਦ ਨੰਦਨ ਬੰਦਨ ਕਰੂੰ, ਸੁੰਦਰ ਤਨ ਘਨ ਸਜਾਮ ।
ਉਨ ਪਦ ਰਜ ਬੀ ਸੇਵ ਤੈ, ਹੋਤ ਹੈ ਪੂਰਣ ਕਾਮ ॥੧॥
ਟੀਕਾ । ਜਿਨਹੁ ਕੇ ਚਰਣ ਕਮਲ ਕੀ ਪ੍ਰਾਗ ਰੂਪ ਜੋ ਰਜ ਵਾਂ ਕੀ ਸੇਵਾ ਜੋ ਧਜਾਨ ਸਮਰਣਾਦਿ ਵਾ ਤੈਂ ਜਨ ਕੇ ਮਨ ਪੂਰਣ ਕਾਮ ਹੋਤ ਹੈ, ਪਰਮ ਸੰਤੋਖ ਕੂੰ ਪਾਵਤ ਹੈ ।... (ਪੱਤਰਾ ੩੨)

ਅੰਤ— ਜਾ ਕਿ ਕ੍ਰਿਪਾ ਤੇ ਹੋਤ ਹੈ, ਯੋ ਮਨ ਪੂਰਨ ਕਾਮ ।
ਸਦਾ ਸਰਬਦਾ ਰਾਮ ਸੋ, ਕਰ ਮਮ ਉਰ ਪੁਰ ਧਾਮ ॥੧੧੨॥

ਟੀਕਾ । ਅਕਾਸ ਸਰੀਖੋਂ ਖਾਲੀ ਪੇਟ ਜੋ ਮਨ ਸੋ ਬੀਜਾ ਕੀ ਕ੍ਰਿਪਾ ਤੈਂ ਸਦਾ ਕਾਮ ਪਰੀਪੂਰਣ ਹੋਤ ਹੈ। ਸੋ ਰਾਮ ਜੀ ਮੇਰੇ ਉਰ ਰੂਪ ਪੁਰ ਮੈ ਸਰਬਦਾ ਧਾਮ ਘਰ ਕਰੇਂ ॥੧੧੨॥

ਇਤਿ ਸ੍ਰੀ ਸੰਤੋਖ ਸੁਰਤਰੁ ਗ੍ਰੰਥ ਸਮਾਪਤੰ । (ਪੱਤਰਾ ੬੯)

(ੲ) ਬਚਨ ਗੋਬਿੰਦ ਲੋਕਾਂ ਦੇ (ਲੇਖਕ—ਨਾਮਾਲੂਮ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਬਚਨ ਗੋਬਿੰਦ ਲੋਕਾਂ ਦੇ ।

ਅਸੰਖ ਜੀਵ ਮੋਹਿ ਮਾਯਾ ਕੀ ਨਿੰਦ੍ਰਾ ਮੈ ਸੁਤੇ ਪੜੇ ਹੈ, ਕੋਈ ਵਿਰਲਾ ਪੁਰਖ ਇਸ ਨਿੰਦ੍ਰਾ ਤੇ ਜਾਗਤਾ ਹੈ ।... (ਪੱਤਰਾ ੬੯)

ਅੰਤ— ...ਔਰ ਬਚਨ ਏਹੁ ਹੈ ਜੋ ਪਾਂਚ ਪ੍ਰਕਾਰੀ ਕੀ ਜੀਵਹੁ ਕੀ ਆਰਬਲਾ ਐਸੇ ਹੀ ਚਲੀ ਜਾਤੀ ਹੈ। ਤਾਪਸੀ ਮਾਨੁਖਹੁ ਕੀ ਆਰਬਲਾ ਇਉ ਚਲੀ ਜਾਤੀ ਹੈ : ਕੁਮਤ ਕਾ ਕਹਿਆ ਕਰਨਾ; ਉਦਰ ਭਰ ਖਾਣਾ; ਸਖੋਪਤ ਨਿੰਦ੍ਰਾ ਮੈ ਬਹੁਤ ਬਸੇਰਾ ਕਰਨਾ; ਕਾਮਾਦਿਕਹ ਸਾਥ ਪ੍ਰੀਤਿ ਰਾਖਨੀ; ਪਰ ਨਿੰਦ੍ਰਾ ਵਿਖੇ ਝਗੜਅਹੁ ਵਿਖੇ, ਮਨ ਕੋ ਪਰਚਾਈ ਰਾਖਣਾ ॥੩੧। (ਪੱਤਰਾ ੭੫)

ਇਸ ਤੋਂ ਅੱਗੇ ਇਸੇ ਪੱਤਰੇ ਪਰ ਹੋਰ ਕਲਮ ਨਾਲ ਇਹ ਸਤਰਾਂ ਲਿਖੀਆਂ ਹੋਈਆਂ ਹਨ—

"ਭਾਈ ਬਿਸ਼ਨ ਸਿੰਘ ਗਿਆਨੀ ਸ੍ਰੀ ਆਨੰਦਪੁਰ ਜੀ ਵਾਲੇ ਕੀ ਪੁਸਤਕ ਹੈ, ਮੁਕਾਮ ਸੰਗਰੂਰ-ਰਾਜਧਾਨੀ ।"

ਇਸ ਪੁਸਤਕ-ਸੰਗ੍ਰਹਿ ਵਿਚੋਂ ਪਹਿਲੀਆਂ ਦੋ ਪੁਸਤਕਾਂ-ਸੰਤ ਪ੍ਰਭਾਵ ਤੇ ਸੰਤੋਖ ਸੁਰਤਰੁ-ਸ੍ਰੀ ਵੇਂਕਟੇਸ਼੍ਵਰ ਸਟੀਮ ਪ੍ਰੇਸ ਬੰਬਈ ਵਲੋਂ ਨਾਗਰੀ ਅੱਖਰਾਂ ਵਿਚ ਇਕ ਵੇਰ ਛਪ ਚੁੱਕੀਆਂ ਹਨ ।

੧੪. ਸੰਤ ਮਾਨ ਸਿੰਘ ਮਹਿਮਾ ਸ਼ਾਹੀਏ ਦੀ ਬਾਣੀ (ਨੰ. ੨੨੩, ਪ੍ਰੋ. ਪ੍ਰੀ. ਸਿੰ.)

ਲੇਖਕ— ਸੰਤ ਮਾਨ ਸਿੰਘ । ਆਕਾਰ—$7\frac{1}{2}'' \times 7''$, ਲਿਖਤ $5\frac{1}{4}'' \times 4\frac{3}{4}''$ ।

ਵੇਰਵਾ— ਪੱਤਰੇ ੮–੩੮੨ (੩੭੫); ਪ੍ਰਤੀ ਸਫ਼ਾ ੧੧ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ-ਸਾਦੀ, ਜੋ ਬੇਪਰਵਾਹੀ ਨਾਲ ਕਿਸੇ ਅਨਜਾਣ ਲਿਖਾਰੀ ਦੀ ਲਿਖੀ ਹੋਣ ਕਰ ਕੇ ਬੜੀ ਅਸ਼ੁੱਧ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਕੁਝ ਪੱਤਰੇ ਕਿਰਮ ਖ਼ੁਰਦਾ ਹੋਣ ਕਰ ਕੇ ਨੁੱਕਰਾਂ ਤੋਂ ਫਟੇ ਹੋਏ; ਪੁਸਤਕ ਬਗ਼ੈਰ ਜਿਲਦ, ਜੋ ਨਾਮੁਕੰਮਲ ਹੋਣ ਤੇ ਵੀ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ। **ਲਿਖਾਰੀ**—ਨਾਮਾਲੂਮ । **ਸਥਾਨ**—ਲੋਪੋਂ, ਜ਼ਿਲਾ ਲੁਦਿਹਾਣਾ ।

ਆਰੰਭ— ...ਲੰ । ਮਾਰੇ ਸਭੇ ਜਾਲੰ । ਕਰੇ ਛਿਨਿ ਘਾਲੇ ।
ਕਾਲਿ ਹੋਬੇ ਸੰਗਿ ਝਾਲੰ । ਹਏ ਸਭਿ ਨਾਲੰ ।
ਨਾਹਿ ਪਲਿ ਨਿਰਾਲੰ । ਮਾਨ ਸਿੰਘ ਦਿਨਿ ਚਾਰਿ ਚਾਲੰ ॥ ੯ ॥
ਦੋਹਰਾ ॥ ਦਰਿ ਘਰਿ ਤਿਸੇ ਅਧਾਰੁ ਹੈ, ਨਾ ਪਲਿ ਛਿਨਿ ਬਿਹਾਇ ।
ਦਰਸਨਿ ਪਰਸਨਿ ਮਨੁ ਮਿਲਿ ਰਿਹਾ, ਅੰਗਿ ਅੰਗਿ ਚਿਤਿ ਚਾਇ ॥ ੧੦ ॥
ਚੋਪਈ ॥ ਪ੍ਰਭੂ ਮੋਰ-ਮੁਕਟੁ ਸੁਹਾਮਣੰ । ਗਲਿ ਫੂਲਿ ਮਾਲਾ ਪਾਮਣੰ ।...
ਗੋਬਿੰਦਿ ਮੁਕੰਦਿ ਨਾ ਧਾਮਣੰ । ਮਾਨਿ ਸਿੰਘ ਤਿਸਿ ਜਪਿ ਨਾ ਕਾਮਣੰ ॥ (ਪੱਤਰਾ ੮)

ਅੰਤ— ਕਾਲੁ ਜਾਲੁ ਗਿਆ ਗੁਰਿ ਸਰਨਾਏ ਕਿਤਾ ਰੰਗੁ ਉਝਿ ।
ਮਾਨਿ ਸਿੰਘੁ ਕਹੈ ਸਾਧੋ ਸਰਨਾ, ਮਨੁ ਹਰਿ ਕੀ ਹਰਿ ਹਰਿ ਨਾਮੁ ਹੈ ਰੂਝਿ ॥ ੯ ॥
ਕਿਰਪਾ ਕਰੀ ਸਤਿਗੁਰਿ ਸਾਧੋ, ਹੋਇਆ ਦਿਆਲਾ ।
ਕਾਮਨਾ ਪੂਰੀ ਹੋਈ ਸਾਧੋ, ਜਪਿਉ ਹਰਿ ਨਾਮੁ ਅਕਾਲਾ ।
ਸਗਲੀ ਇਛਾ ਪੁਨੀ ਸਾਧੋ, ਮੈਂ ਸਤਿਗੁਰਿ ਕਾ ਬਾਲਾ ।
...ਮਿ ਮਿਟੀ ਤਪਤਿ ਸਵੁ ਮਨ ਕੀ ਸਾਧੋ, ਅੰਮ੍ਰਿਤੁ ਨਾਮੁ ਚਿਤਿ ਆਲਾ ।
ਸ੍ਰੀ ਮਹਿਮਾ ਸਾਹਿ ਸਦਾ ਸਿਰਿ ਪੁਰਿ ਪੂਰਾ ਰੰਗਿ ਲਾਲੁ ਗੁਲਾਲਾ ॥ ੧੦ ॥ (ਪੱਤਰਾ ੩੮੨)

ਇਸ ਬਾਣੀ-ਸੰਗ੍ਰਹ ਵਿਚ ਸੰਤ ਮਾਨ ਸਿੰਘ ਦੀਆਂ ਕੁੱਲ ਰਚਨਾਵਾਂ ਕ੍ਰਮ-ਅਨੁਸਾਰ ਇਸ ਪ੍ਰਕਾਰ ਹਨ—

	ਬਾਣੀ ਦਾ ਨਾਂ	ਪੱਤਰੇ
(੧)	ਦੋਹਰੇ ਤੇ ਚੋਪਈਆਂ	੮–੯੫
(੨)	ਰਾਗ ਜੈਜੈਵੰਤੀ	੯੬–੧੦੭

(੩)	ਰਾਗ ਤਿਲੰਗ	੧੦੭-੧੧੨
(੪)	ਰਾਗ ਸਾਰੰਗ	੧੧੨-੧੨੮
(੫)	ਰਾਗ ਬਿਹਾਗੜਾ	੧੨੮-੧੪੦
(੬)	ਰਾਗ ਬਸੰਤ	੧੪੧-੧੪੮
(੭)	ਰਾਗ ਹਿੰਡੋਲ	੧੪੮-੧੫੫
(੮)	ਰਾਗ ਤਿਲੰਗ	੧੫੬-੧੬੫
(੯)	ਰਾਗ ਬਸੰਤ	੧੬੫-੧੭੭
(੧੦)	ਰਾਗ ਜੈਜੈਵੰਤੀ (ਬਾਰਾ ਮਾਹਾਂ)	੧੭੮-੧੯੧
(੧੧)	ਰਾਗ ਜੈ ਜੈ ਵੰਤੀ	੧੯੨-੨੦੨
(੧੨)	ਰਾਗ ਹਿੰਡੋਲ	੨੦੩-੨੦੭
(੧੩)	ਰਾਗ ਬਸੰਤ	੨੦੮-੨੨੦
(੧੪)	ਰਾਗ ਬਸੰਤ	੨੨੧-੨੩੩
(੧੫)	ਰਾਗ ਹਿੰਡੋਲ	੨੩੩-੨੪੬
(੧੬)	ਰਾਗ ਜੈ ਜੈ ਵੰਤੀ	੨੪੬-੨੫੦
(੧੭)	ਰਾਗ ਸਾਰੰਗ	੨੫੦-੨੫੬
(੧੮)	ਬੇਡਾਂ (ਸੀਹਰਫੀ)	੨੫੬-੨੬੮
(੧੯)	ਰਾਗ ਜੈਜੈਵੰਤੀ	੨੬੮-੨੭੨
(੨੦)	ਰਾਗ ਧਨਾਸਰੀ	੨੭੨-੨੭੫
(੨੧)	ਰਾਗ ਤਿਲੰਗ	੨੭੫-੨੭੯
(੨੨)	ਰਾਗ ਸੋਰਠਿ	੨੮੦-੨੮੬
(੨੩)	ਰਾਗ ਕਲਿਆਣ	੨੮੬-੨੯੧
(੨੪)	ਰਾਗ ਮਾਰੂ (ਪੈਂਤੀ ਅੱਖਰੀ)	੨੯੧-੩੦੦
(੨੫)	ਰਾਗ ਬਸੰਤ	੩੦੦-੩੧੫
(੨੬)	ਰਾਗ ਜੈਜੈਵੰਤੀ	੩੧੬-੩੨੧
(੨੭)	ਰਾਗ ਜੈਤਸ੍ਰੀ (ਬਾਰਾਂ ਮਾਹਾਂ)	੩੨੧-੩੩੭
(੨੮)	ਰਾਗ ਮਾਰੂ	੩੩੮-੩੪੨
(੨੯)	ਰਾਗ ਸੋਰਠਿ	੩੪੩-੩੪੯
(੩੦)	ਰਾਗ ਬਸੰਤ	੩੪੯-੩੬੯
(੩੧)	ਰਾਗ ਸੋਰਠਿ	੩੬੯-੩੭੨
(੩੨)	ਰਾਗ ਪੀਲੋ	੩੭੨-੩੭੭
(੩੩)	ਰਾਗ ਸੂਹੀ	੩੭੭-੩੮੨

(ਨੰ. ×, ਡੇ. ਬਾ. ਸ਼ਾ. ਸਿੰ. ਅ.)

੧੫. ਸ੍ਰੀ ਹਰਿ ਭਗਤਿ ਪ੍ਰੇਮ ਪ੍ਰਕਾਸ਼

ਲੇਖਕ— ਸੰਤ ਬਾਬਾ ਸ਼ਾਮ ਸਿੰਘ ਜੀ, ਅੱਡਣ ਸ਼ਾਹੀ। ਆਕਾਰ— $12\frac{1}{4}'' \times 9''$, ਲਿਖਤ $9\frac{3}{4}'' \times 7\frac{1}{2}''$ ।

ਵੇਰਵਾ–ਪੱਤਰੇ ੩੨੭; ਪ੍ਰਤੀ ਸਫ਼ਾ ੧੯ ਸਤਰਾਂ, ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੭੧ ਬਿ.। ਲਿਖਾਰੀ— ਨਾਮਾਲੂਮ।

ਆਰੰਭ— (ਤਤਕਰੇ ਦੇ ੬ ਤੇ ੨ ਹੋਰ ਪੱਤਰੇ ਛੱਡ ਕੇ)੧ਓ ਸਤਿਗੁਰ ਪ੍ਰਸਾਦਿ। ਸ੍ਰੀ ਵਾਹਿਗੁਰੂ ਜੀ ਕੀ ਫਤੇ। ਮੂਲ ਸ੍ਰੀ ਵਿਨਾਇਕ ਜੀ ਅਰ ਸ੍ਰੀ ਭਾਰਤੀ ਜੀ ਕੇ ਚਰਨ ਕਮਲੇ ਭਜੋ ਨਮਃ। ਸ੍ਰੀ ਗੁਰ ਚਰਨ ਕਮਲੇ ਭਜੋ ਨਮਃ। ਜੈ ਜੈ ਜੈ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਕੀ। ਅਥ ਭਗਤਿ ਪ੍ਰੇਮ ਪ੍ਰਕਾਸ ਗ੍ਰੰਥ ਲਿਖਜਤੇ। ਅਥ ਮੰਗਲਾਚਰਣ। ਵਸਤੂ ਨਿਰਦੇਸ ਤੇ ਨਿਮਸਕਾਰਾਤਮਕ ਪੁਨਾ ਅਸੀਰਵਾਦਾਤਮਕ ਵਰਨਤੇ ਟੀਕਾ। ਸਤਿ ਸਰੂਪ ਜੋ ਸਰਬ ਬਿਆਪੀ ਹੈ, ਸਦਾ ਸੁਯੰ ਪ੍ਰਕਾਸ ਹੈ, ਬ੍ਰਹਮ ਸਚਿਦਾਨੰਦ

ਪੂਰਨ ਪਰਮਾਤਮਾ, ਅਖਿਲੰਤਰ ਆਤਮਾ... ਤਿਸ ਸ੍ਰੀ ਗੁਰੂ ਨਾਨਕ ਨਾਰਾਇਣ ਮੂਰਤੀ ਕੋ ਮੇਰੀ ਨਮਮਕਾਰ ਹੋਵੈ ।
(ਪੱਤਰਾ ੧)

ਸ੍ਰੀ ਹਰਿ ਭਗਤਿ ਪ੍ਰੇਮ ਪ੍ਰਕਾਸ ਗ੍ਰਿੰਥ ਕਾ ਪੂਰਬਾਰਧ ਸਮਾਪਤ ਭਯਾ ਹੈ ।... ਇਤਿ ਸ੍ਰੀ ਹਰਿ ਭਗਤਿ ਪ੍ਰੇਮ ਪ੍ਰਕਾਸ ਗ੍ਰਿੰਥੇ ਪੂਰਬਾਰਧੇ ਸੰਤ ਬੰਸ ਵਰਨਨੰ ਪੈਤਾਲੀਸਮੋ ਧਜਾਯ ॥ ੪੫ ॥...

੧ਓ ਸਤਿਗੁਰ ਪ੍ਰਸਾਦਿ । ਸ੍ਰੀ ਸੁਧਾਸਰ ਕੀ ਜੈ । ਪਰਮ ਧਾਮ ਸਚਖੰਡ ਸ੍ਰੀ ਦਰਬਾਰ ਸਾਹਿਬ ਕੀ ਜੈ ।... ਅਥ ਹਰਿ ਭਗਤਿ ਪ੍ਰੇਮ ਪ੍ਰਕਾਸ ਗ੍ਰਿੰਥ ਦਾ ਉਤਰਾਰਧ ਪ੍ਰੇਮ ਸੁਧਾਸਰ ਸਿੰਧੂ ਨਾਮ ਗ੍ਰਿੰਥ ਲਿਖਯਤੇ । ਜੀਵੋਂ ਕਾ ਜੀਵ ਜੋ ਅਖਿਲੰਤਰ ਆਤਮਾ ਹੈ ਪੁਨਾ ਦੇਹ ਇੰਦ੍ਰਿਯੋਂ ਕੇ ਸੰਘਾਤ ਤੇ ਪਰਾ ਰੂਪ ਸਰਬ ਕਾ ਸਾਖੀ ਪਰਮਾਤਮਾ ਹੈ ।... (ਪੱਤਰਾ ੧੦੯)

ਅੰਤ— ਇਸ ਗ੍ਰਿੰਥ ਕੋ ਜੋ ਕਪਟ ਤਜਾਗ ਕਰ ਸਰਧਾ ਯੁਕਤ ਸੁਣਨ ਪੜ੍ਹਨਗੇ, ਅੰਤ ਸੁਖੇਣ ਪ੍ਰਾਣ ਤਿਆਗ ਕਰ ਸੁਗਤਿ ਕੋ ਪਾਇਗੇ । ਸ੍ਰੀ ਵਾਹਿਗੁਰੂ, ਸ੍ਰੀ ਵਾਹਿਗੁਰੂ... । ਇਤਿ ਸ੍ਰੀ ਪ੍ਰੇਮ ਸੁਧਾ ਸਿੰਧੂ ਗ੍ਰਿੰਥੇ ਉਤਰਾਰਧੇ ਬਿਨੈ ਫਲ ਅਗ੍ਰਭਾਗ ਵਰਨਨੰ ਇਕਵੰਜਹੁ ਹੁਲਾਸ; ॥ ੫੧ ॥ ਜੇਠ ਮਾਸ ਮੰਗਲਵਾਰ ਥਿਤ ਹਾੜ੍ਹ ਵਦੀ ਏਕਮ ਸੰਮਤ ੧੯੭੧ ਗ੍ਰਿੰਥ ਸਮਾਪਤੰ ।... ਸੰਮਤ ਗੁਰੂ ਨਾਨਕ ਸਾਹਿਬ ਜੀ ੪੪੬ । (ਪੱਤਰੇ ੩੨੩-੨੪)

ਇਸ ਤੋਂ ਅੱਗੇ ਪੱਤਰਾ ੩੨੫ ਤੋਂ ੩੨੭ ਤਕ 'ਸਾਖੀ ਭਾਈ ਅਡਣ ਸਾਹਿਬ ਜੀ ਕੀ' ਦਰਜ ਹੈ ।

ਇਸ ਮਹਾਨ ਗ੍ਰੰਥ ਵਿਚ ਭਾਈ ਰਾਮ ਸਿੰਘ, ਭਾਈ ਵਸਤੀ ਰਾਮ, ਭਾਈ ਸਹਾਈ ਸਿੰਘ, ਭਾਈ ਵੀਰ ਸਿੰਘ, ਭਾਈ ਨਾਰਾਇਣ ਸਿੰਘ, ਰਤਨ ਸਿੰਘ, ਪ੍ਰੇਮ ਦਾਸ, ਉਦਾਸੀ ਆਦਿ ਸੰਤਾਂ-ਮਹਾਤਮਾਂ ਦੀਆਂ ਜੀਵਨ-ਕਥਾਵਾਂ ਦਰਜ ਹਨ । ਇਹ ਪੁਸਤਕ ਅਜੇ ਤਕ ਕਿਤੇ ਛਪੀ ਨਹੀਂ ਹੈ ।

੧੬. ਸ੍ਰੀ ਕੁਲਜ਼ਮ ਸਰੂਪ ਗ੍ਰੰਥ (ਰਾਜਸਥਾਨੀ ਤੇ ਸਿੰਧੀ ਅਪਭ੍ਰੰਸ਼) (ਨੰ. ੪੧੬, ਪੰ. ਯੂ. ਚੰ.)

ਲੇਖਕ— ਸਾਧੂ ਪ੍ਰਾਣ ਨਾਥ । ਆਕਾਰ—$9\frac{1}{2}'' \times 13''$, ਲਿਖਤ $6\frac{3}{4}'' \times 10\frac{1}{2}''$ ।

ਵੇਰਵਾ— ਪੱਤਰੇ ੮-੫੬੦ (੫੫੩); ਪ੍ਰਤੀ ਸਫ਼ਾ ੨੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਪਰ ਕਈ ਥਾਵੇਂ ਕੁਝ ਅਸ਼ੁੱਧੀਆਂ ਅਥਵਾ ਉਕਾਈਆਂ, ਜੋ ਹੜਤਾਲ ਫੇਰ ਕੇ ਦਰੁਸਤ ਕੀਤੀਆਂ ਹੋਈਆਂ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੱਤਰੇ ਕਈ ਥਾਵੀਂ ਕੁਝ ਫਟੇ ਹੋਣ ਤੇ ਚੇਪੀਆਂ ਲਾ ਕੇ ਜੋੜੇ ਹੋਏ; ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਅੰਕਿਤ; ਮੁੱਢਲੇ ੭ ਪੱਤਰੇ ਗਵਾਚੇ ਹੋਏ, ਜਿਸ ਕਰ ਕੇ ਪੁਸਤਕ ਅਧੂਰੀ; ਜਿਲਦ ਟੁੱਟੀ ਹੋਈ; ਤੇ ਗ੍ਰੰਥ ਸ਼ਿਕਸਤਾ ਹਾਲਤ ਵਿੱਚ ।

ਸਮਾਂ— ਸੰਮਤ ੧੯੨੦ ਬਿ. । ਲਿਖਾਰੀ—ਭਾਈ ਮੋਤੀ ਰਾਮ । ਸਥਾਨ—ਪੱਕਾ ਸਧਾਰ (ਇਲਾਕਾ ?) ।

ਆਰੰਭ— (ਮੁੱਢਲੇ ੭ ਪੱਤਰੇ ਗੁੰਮ ਹੋਏ ਛੱਡ ਕੇ)...ਜਵੇਹਰ ਝਲਕੰਤ ॥੨੮॥
ਭਰਤ ਭੇਲੀ ਪੇਰੇ ਸੋਭਿਤ, ਕਾਈ ਪਚਰੰਗ ਚੂਨੀ ਸਾਰ ।
ਅਨੇਕ ਬਿਧ ਕੀ ਫੂਲ ਬੇਲ, ਖਸਖੇਇ ਤਨਾ ਬਹਿਕਾਰ ॥੨੯॥
ਕੰਚਕੀ ਜੜਾਵਛੇ ਜੁਗਤ ਜੁਜਵੀ, ਊਪਰ ਆਭਰਣ ਭਲੀ ਭਾਂਤ ।
ਸੁੰਦਰ ਸਰੂਪ ਨੇ ਜੋਈ ਜੋਈ ਜੋਈਏ, ਮਾਰੋ ਜੀਵ ਥਾਏ ਨਿਰਾਂਤ ॥੩੦॥
ਕੰਠ ਕੋਣੀ ਪੇਰੇ ਬਰਣੰਵ, ਮਾਰਾ ਜੀਵਣੇ ਨ ਥੀ ਕਾਈ ਬਲ ।
ਪਾਚਨਹਾਰ ਤਹਾਂ ਪ੍ਰਗਟ ਦੀਸੇ, ਸੋਭਤ ਦੋਰੇ ਵਲ ॥੩੧॥
ਏਕ ਹਾਰ ਹੀਰਾ ਤਣੋ ਬੀਜੋ ਪਾਂਚ ਬਰੰਣ ਰਤੰਨ ।
ਤੀਜੋ ਹੋਰ ਮੋਤੀ ਨਿਰਮਲ ਨੋ, ਚੋਥੋ ਹੇਮ ਕੰਚਨ ॥੩੨॥... (ਪਤਰਾ ੮)

ਅੰਤ— ...ਜਿਨ ਪਾਈ ਰਾਹ ਰੋਜ ਕਿਆਮਤ । ਸੋ ਉਠੇ ਫਜਿਰ ਨੂਰ ਕੇ ਬਖਤ ।
ਫਜਿਰੇ ਪੀਛੇ ਜਬ ਉਗਿਆ ਦਿਨ । ਤਬ ਤੇਂ ਤੋਬਾਂ ਤੋਬਾਂ ਹੁਈ ਤੋਨ ਤੇਨ ॥੪॥
ਤਬ ਤੇ ਦਰਵਾਜਾ ਮੂੰਦ ਕੇ ਗਇਆ । ਪੀਛੇ ਤੇ ਨਫ਼ਾ ਕਾਹੂੰ ਕੋ ਨਾ ਭਇਆ ।
ਸਭ ਜਲੇ ਜੁਲਿਆ ਅਜਾਜੀਲ । ਜਾਇ ਉਠਾਇਆ ਅਸਰਾਫੀਲ ॥੫॥
ਏਕ ਸੂਰ ਉਡਾਇ ਕੇ ਦੀਏ । ਤੀਸਰੇ ਤੇ ਹਰਈ ਮੇ ਕਾਇਮ ਕੀਏ ।
ਜਿਉ ਕਿਆਮਤ ਹੂਈ ਜਾਹਿਰ ਦਿਨ । ਮੁਹੰਮਦੇ ਕਰੀ ਉਮਤ ਰੋਸਨ ॥੬॥

ਤਾਰੀਖ ਨਾਮਾ ਤਮਾਮ ॥੨॥੨੪॥੫੩੧॥੨੧੭॥੨੬॥ ਸ੍ਰੀ ਕਿਆਮਤ ਨਾਮਾ ਛੋਟਾ ਬੜਾ ਤਮਾਮ ॥੭੪੮॥ ਚੌਪਾਈ॥ ਕੁੱਲ ਪ੍ਰਕਰਨ ੪੮੮, ਕੁਲ ਗ੍ਰਿੰਥ ੧੪, ਗੇਨਤੀ ਮੇ ॥੧੬॥ ਕੁੱਲ ਪ੍ਰਕਾਸ । ਦੋ ਬਾਰ । ਛੋਟਾ ਕਿਆਮਤ ਨਾਮਾਂ । ਕੁਲ ਚੋਪਾਈ ॥੧੮੪੮੯॥ ਮੇਂਤ੍ਰ ਸਿਵਾ । ਛੋਟੇ ਕਿਆਮਤ ਨਾਮੇ ਕੀ ਚੋਪਾਈ ॥ ੨੧੭ ॥ ਪਰਕਰਨ ੨, ਕੁਲ ਪਰਕਰਨ

੫੦੧॥ ਕਿਤਾਬਾ ੧੪॥ ਕੁਲ ਚੋਪਾਈ ੧੮੭੦੫ ਸਮਪੂਰਨ । ਸ੍ਰੀ...(੭ ਵਾਰ) । ਸ੍ਰੀ ਕੁਲਜਮ ਸਰੂਪ ਸ੍ਰੀ ਭਾਈ ਹਜਾਰੀ ਦਾਸ ਆਗੇ ਵੀ ਪਦਪਾਵਤੀ ਪੁਰੀ ਮੈ ਲਿਖਾ ਥਾ । ਸੋ ਉਸ ਕੁਲਜਮ ਸਰੂਪ ਤੂ ਉਤਰਿਅ ਔਰ ਸਮਪੂਰਨੇ ਹੂਆ ਪਕਾ ਸਧਾਰ ਕੇ ਬੀਚ ਦੁਆਰਾ ਸ੍ਰੀ ਭਾਈ ਮੋਤੀ ਰਾਮ ਕੇ । ਚੋਥ ਕ੍ਰਿਸਨਾ ਪਖ ਕੀ ।...

(ਲਿਖਾਰੀ ਵਲੋਂ ਜਾਣ-ਪਛਾਣ)

ਖੋੜਸ ਅਸੂ ਮਾਸ ਕੀ ਬੁਧਵਾਰ ਜੁਗ ਜਾਮ ।
ਸਨ ਉਨੀ ਸੈ ਚੋਬੀਸ ਮੈ, ਪੂਰਨ ਕੀਆ ਤਮਾਮ ॥੧।
ਸੁਤ ਆਸਾਨੰਦ ਧੁਰਣੀਆ, ਚੇਪਤ ਦਾਜਨ ਦਾਸ ।
ਸੁੰਦਰ ਸਾਥ ਸਮਸਤ ਕੀ, ਰਾਖਤ ਰਜ ਕੀ ਆਸ ॥੨॥... (ਪੱਤਰਾ ੫੫੫)
ਇਤ ਹੀ ਬੈਠੇ ਆਈ ਹਕ ਨਿਆਮਤ। ਉਠ ਬੈਠੇ ਮਾਹੇ ਖਿਲਵਤ ।
ਉਠੇ ਮੁਹੰਮਦ ਖਾਂਵਦ ਸੋਹ ਸਤਾਲੀ ਦੇ, ਰੂਹੇ ਉਠੀ ਹਕ ਸੋਂ ਸੁਖ ਲੇ ॥੧੪੧। ਪ੍ਰਗਟ ਬਾਨੀ ਕੁਰਾਂਨ ਕੀ ਤਮਾਮ ।
(ਪੱਤਰਾ ੫੬੦)

ਦਾਰਸ਼ਨਿਕ ਪੱਖ ਤੋਂ ਇਹ ਪੁਸਤਕ ਭਾਰਤੀ ਦਰਸ਼ਨ ਤੇ ਸੂਫ਼ੀਵਾਦ ਦਾ ਰਲਗੱਡ ਹੈ ਤੇ ਲੇਖਕ ਨੇ ਇਸ ਵਿਚ ਹਿੰਦੂ-ਮੁਸਲਿਮ ਏਕਤਾ ਦੇ ਸਿੱਧਾਂਤ ਨੂੰ ਮੁੱਖ ਰੱਖ ਕੇ ਹਜ਼ਰਤ ਮੁਹੰਮਦ ਸਾਹਿਬ ਤੇ ਸ੍ਰੀ ਕ੍ਰਿਸ਼ਨ ਜੀ ਦੀ ਸਮਤਾ ਦਿਖਾਈ ਹੈ । ਇਸ ਸੰਗ੍ਰਹ ਦੀਆਂ ਕੁੱਲ ਰਚਨਾਵਾਂ, ਜੋ ਗਿਣਤੀ ਵਿਚ ੧੪ ਹਨ, ਹੇਠ ਲਿਖੇ ਕ੍ਰਮ ਅਨੁਸਾਰ ਹਨ—

(੧) ਸ੍ਰੀ ਪ੍ਰਕਾਸ਼ ਗੁਜਰਾਤੀ ਗ੍ਰੰਥ, ਪੱਤਰੇ ੮-੬੨, (੨) ਖਟ ਰੁਤ (ਬਾਰਾਂ ਮਾਹੇ ਆਦਿ), ਪੱਤਰੇ ੬੨-੬੯, (੩) ਕਿਤਾਬ ਤੋਰੇਤ (ਕਲਸ ਗੁਜਰਾਤੀ), ਪੱਤਰੇ ੬੯-੧੩੯, (੪) ਕਿਤਾਬ ਕੁਰਾਨ ਤੇ ਹੋਰ ਫੁਟਕਲ ਬਾਣੀ ਪੱਤਰੇ ੧੪੦-੨੪੪, (੫) ਖੁਲਾਸਾ ਕੀ ਕਿਤਾਬ, ਪੱਤਰੇ ੨੪੪-੭੪, (੬) ਖਿਲਵਤ ਕੀ ਕਿਤਾਬ, ਪੱਤਰੇ ੨੭੪-੩੦੫, (੭) ਕਿਤਾਬ ਇਲਾਹੀ ਦੁਲਹਿਨ, ਅਰਸ ਕੀ ਪਰਕਰਮਾ ੩੦੬-੮੦, (੮) ਆਠੋ ਸਾਗਰ ਮੂਲ ਮਿਲਾਵੇ ਕੇ, ਪੱਤਰੇ ੩੮੦-੪੧੩, (੯) ਬਡਾ ਸ਼ਿੰਗਾਰ ਨਇਆ, ਪੱਤਰੇ ੪੧੩-੮੦, (੧੦) ਸਿੰਧੀ ਕਿਤਾਬ, ਪੱਤਰੇ ੪੮੦-੯੭, (੧੧) ਕਿਤਾਬ ਮਾਰਫ਼ਤ ਸਾਗਰ, ਪੱਤਰੇ ੪੯੭-੫੩੦, (੧੨) ਛੋਟਾ ਕ਼ਯਾਮਤ ਨਾਮਾ, ਪੱਤਰੇ ੫੩੦-੩੭, (੧੩) ਵੱਡਾ ਕ਼ਯਾਮਤ ਨਾਮਾ, ਪੱਤਰੇ ੫੩੭-੫੫, (੧੪) ਕੁਰਾਨ ਕੀ ਪ੍ਰਗਟ ਬਾਨੀ, ਪੱਤਰੇ ੫੫੬-੬੦ ।

ਹਿੰਦੀ ਸਾਹਿੱਤ ਦੇ ਪ੍ਰਸਿੱਧ ਖੋਜੀ ਰਾਇ ਬਹਾਦੁਰ ਹੀਰਾ ਲਾਲ ਬੀ.ਏ. ਦੇ ਕਥਨ ਅਨੁਸਾਰ 'ਸ੍ਰੀ ਕੁਲਜ਼ਮ ਸਰੂਪ' ਨਗਰ ਪੰਨਾ (ਮੱਧ ਪ੍ਰਦੇਸ਼) ਦੀ ਧਾਮੀ ਸਪ੍ਰਦਾਇ ਦਾ ਪੂਜਨੀਯ ਗ੍ਰੰਥ ਹੈ । ਓਕਣ ਹੀ ਜੀਕਣ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਤੇ ਪੂਜਦੇ ਹਨ । ਅਸਲ ਨਾਮ ਇਸ ਗ੍ਰੰਥ ਦਾ ਅੰਜੀਰ ਰਾਸ ਹੈ ਤੇ ਇਸ ਵਿਚ ੧੧ ਗ੍ਰੰਥ ਸੰਗ੍ਰਹਿਤ ਹਨ । ਅੰਜੀਰ ਰਸ ਦੀ ਇਕ ਦੇਵਨਾਗਰੀ ਪ੍ਰਤੀ, ਜੋ ਬਾਬਾ ਸੁਦਰਸ਼ਨ ਦਾਸ ਆਚਾਰਜ, ਡਾਕਘਰ-ਗੋਂਡਾ ਦੇ ਡੇਰੇ ਸੁਰੱਖਿਅਤ ਹੈ, ੧੧੩੨ ਪੱਤਰਿਆਂ ਦੀ ਹੈ । ਸਾਈਜ਼ ਉਸ ਦਾ ੧੦"×੭" ਹੈ ਤੇ ਸੰਮਤ ੧੮੪੦ ਬਿ. (ਮੁਤਾਬਕ ੧੭੮੩ ਈ.) ਦਿੱਤਾ ਹੈ । (ਵਧੀਕ ਵੇਰਵੇ ਲਈ ਦੇਖੋ, The Eleventh Report on The Search of Hindi Manuscripts for the years 1920, 1921 and 1922 by Rai Bahadur Hiralal B.A., M.R.A.S., Government Press, Allahabad, 1929, PP. 27-28) ਗ੍ਰੰਥ ਕੁਲਜ਼ਮ ਸਰੂਪ ਦੀ ਇਹ ਪ੍ਰਤੀ ਨਗਰ ਪੰਨਾ ਦੇ ਕੁਲਜ਼ਮ ਸਰੂਪ ਦੀ ਪ੍ਰਤੀ ਲਿਪੀ ਹੈ ਜੋ ਮਹਿਤ੍ਰੀਯਾਲ ਦੇ ਰੂਪ ਵਿਚ ਉਥੋਂ ਦੇ ਪ੍ਰਾਣ-ਨਾਥੀ ਮੰਦਿਰ ਵਿਚ ਸੁਰੱਖਿਅਤ ਹੈ । ਸਾਧੂ ਪ੍ਰਾਣ ਨਾਥ ਦਾ ਸਮਾਂ, ਜਿਸ ਨੇ ਇਹ ਗ੍ਰੰਥ ਰਚਿਆ ਸੰਨ ੧੭੪੨ ਤੋਂ ੧੭੯੫ ਈ. ਤਕ ਹੈ । ਇਹ ਸਾਧੂ ਰਾਜਾ ਸੱਭਾ ਸਿੰਘ ਬੁੰਦੇਲੇ ਦਾ ਸਮਕਾਲੀ ਸੀ । ਪ੍ਰਾਣ ਨਾਥੀ ਅਥਵਾ ਧਾਮੀ ਸੰਪ੍ਰਦਾਇ ਦੇ ਲੋਕ ਬੁੰਦੇਲ ਖੰਡ ਤੋਂ ਬਿਨਾ ਨੇਪਾਲ ਵਿਚ ਵੀ ਵਸਦੇ ਹਨ ਜੋ ਉਥੋਂ ਯਾਤ੍ਰਾ ਵਾਸਤੇ ਪੰਨੇ ਆਉਂਦੇ-ਜਾਂਦੇ ਰਹਿੰਦੇ ਹਨ । (ਦੇਖੋ, ਇੰਪੀਰੀਅਲ ਗਜ਼ਟੀਅਰ ਆਫ਼ ਇੰਡੀਆ, ਜਿਲਦ XIX, ਸਫ਼ਾ ੪੦੪)

੧੭. ਸ੍ਰੀ ਗੁਰੂ ਬਿਸ਼ਨ ਚੰਦ੍ਰਿਕਾ (ਜਨਮ ਸਾਖੀ ਗਹਿਰ ਗੰਭੀਰ ਜੀ ਕੀ) (ਨੰ. ੧੩੩੪, ਖ਼ਾ. ਕਾ. ਅ.)

ਲੇਖਕ— ਸੁਆਮੀ ਭਗਵਾਨ ਦਾਸ, ਗਹਿਰ ਗੰਭੀਰੀਆ । ਆਕਾਰ 10"× 13", ਲਿਖਤ 7"× 11" ।

ਵੇਰਵਾ— ਪੱਤਰੇ ੧੨+੬੪੮=੬੬੦; ਪ੍ਰਤੀ ਸਫ਼ਾ ੨੪ ਸਤਰਾਂ; ਕਾਗਜ਼ ਦੇਸੀ (ਨਵਾਂ); ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗੈਰ ਲਕੀਰਾਂ ਦੇ; ਛੰਦਾਂ ਦੇ ਨਾਮ ਤੇ ਸਿਰਲੇਖ ਸ਼ੁਰੂ ਵਿਚ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੫੮ ਬਿ. । ਲਿਖਾਰੀ— ਲੇਖਕ ਖ਼ੁਦ ।

ਆਰੰਭ— ੧ਓ ਸਤਿਗੁਰ ਗਹਿਰ ਗੰਭੀਰ ਪਾਦ ਪਦਮੇ ਭਜੋ ਨਮਹ । ਅਥ ਸ੍ਰੀ ਸਤੁਦ੍ਰਵ ਤੀਰੰ ਸੁਭ ਸਥਾਨ ਰੂਪਾਵਤੀ (ਰੋਪੜ)

ਸ੍ਰੀ ਗਹਿਰ ਗੰਭੀਰ ਕੀਰਤਨ ਮੰਦਰਿ ਕੇ ਨਿਵਾਸੀ, ਸ੍ਰੀ ਗਹਿਰ ਗੰਭੀਰੀਏ ਮਤ ਕੇ ਸ੍ਵਾਮੀ ਸ੍ਰੀ ਸ੍ਵਾਮੀ ਬਿਸਨ ਦਾਸ ਯਤੀ ਜੀ ਕਾ ਜੀਵਨ ਚਰਿਤ੍ਰ ਸ੍ਰੀ ਗੁਰੁ ਬਿਸਨ ਚੰਦ੍ਰਿਕਾ ਉਤਰਾਰਧੇ ਕ੍ਰਿਤ ਭ੍ਰਿਤ ਭਗਵਾਨ ਦਾਸ ਭੂਮਿਕਾ ਪ੍ਰਾਰੰਭਹ ॥ਦੋਹਿਰਾ॥

ਬਿਨ ਪ੍ਰਤਜਛ ਗੁਰੁ ਦੇਵ ਕੇ, ਕਹੂੰ ਨ ਪਾਯੋ ਗਯਾਨ ।

ਸਤਿਗੁਰ ਗਹਿਰ ਗੰਭੀਰ ਭਜ, ਤਜ ਮਨ ਲਾਜ ਲੌਕਾਨ ॥੧॥... (ਪੱਤਰਾ ੧)

ਸਤਿਗੁਰ ਬਿਸਨ ਚੰਦ੍ਰਿਕਾ ਉਤਰਾਰਧ । ੧ਓ ਸਤਿਗੁਰ ਗਹਿਰ ਗੰਭੀਰਾਯ ਨਮ: । ਅਥ ਸ੍ਰੀ ਗਹਿਰ ਗੰਭੀਰੀਏ ਮਤਿ ਕੇ ਸ੍ਵਾਮੀ ਸ੍ਰੀ ਯੁਤ ੧੦੮ ਸ੍ਵਾਮੀ ਬਿਸਨ ਦਾਸ ਜੀ ਕੋ ਜੀਮਨ (ਜੀਵਨ) ਚਲਿਤ੍ਰ ਸ੍ਰੀ ਬਿਸਨ ਚੰਦ੍ਰਿਕਾ ਗ੍ਰੰਥ ਦਾਸ ਭਗਵਾਨ ਦਾਸ ਕ੍ਰਿਤ ਉਤਰਾਰਧ ਸ੍ਰੀ ਗੁਰ ਸੰਮਤ ਤੇਤੀਸ ਕੀ ਕਥਾ ਪ੍ਰਾਰੰਭਹਿ ॥ਦੋਹਰਾ॥

ਬੇਦ ਨ ਪਾਵਤ ਪਾਰ, ਜਸ ਰਿਖਿ ਮੁਨਿ ਸਕੇ ਨ ਜਾਨ ।

ਸੋ ਰੋਪੜ ਮੇਂ ਪ੍ਰਗਟ ਭੇ, ਸਤਿਗੁਰ ਬੈਨ ਜਪਾਨ ॥੧॥

ਮੰਗਲ ਰੂਪ ਅਨੂਪ ਹੈ, ਬਸੋ ਮੋਰ ਉਰ ਮਾਹਿ ।

ਬਿਸਨ ਦਾਸ ਗੁਰਦੇਵ ਸਮ, ਦੇਵ ਜਾਗਤਾ ਨਾਹਿ ॥੨॥.. (ਪੱਤਰਾ ੧)

ਅੰਤ— ਲਾਇਲਪੁਰ ਸੁਭ ਬਾਰ ਮੇ, ਭਈ ਸੰਯੁਤ ਜੋ ਬਾਰ ।

ਪ੍ਰਥਮ ਯਹਾਂ ਦੀਰਘ ਹੁਤੇ, ਕਰੀਰ ਜੰਡ ਔ ਜਾਰ ॥੩੯॥

ਤੈਸੇ ਮੇ ਸਨ ਸੇਵਕਨ, ਸਤਿਗੁਰ ਦੇ ਉਪਦੇਸ ।

ਬ੍ਰਹਮ ਗਯਾਨ ਜਲ ਜੁਤ ਕਰੇ, ਕਾਟੇ ਨਿਖਲ ਕਲੇਸ ॥੪੦॥

ਇਤਿ ਸ੍ਰੀ ਗੁਰੁ ਬਿਸਨ ਚੰਦ੍ਰਿਕਾ ਗ੍ਰੰਥ ਉਤਰਾਰਧੇ ਸ੍ਰੀ ਗਹਿਰ ਗੰਭੀਰੀਏ ਮਤ ਕੇ ਸ੍ਵਾਮੀ ਬਿਸਨ ਦਾਸ ਜਤੀ ਜੀ ਕਾ ਜੀਵਨ ਚਲਿਤ੍ਰ ਚਰੜੀਆ ਸੇ ਚਲ ਦੁਰਾਹੇ, ਕਰਤਾਰਪੁਰ, ਸ੍ਰੀ ਸੁਧਾਰ, ਲਾਯਲਪੁਰ ਪਹੁੰਚ ਉਪਦੇਸ਼ ਦੇਨ ਮੰਗਲ ਸਿੰਘ ਪਹੁੰਚਨ ਸ੍ਰੀ ਗੁਰ ਸਕਟੇ ਬਿਰਾਜਨ ਆਦਿਕ ਪ੍ਰਸੰਗ ਕ੍ਰਿਤ ਭ੍ਰਿਤ ਭਗਵਾਨ ਦਾਸ ਅਸਟ ਦਸਮੋ ਪ੍ਰਕਾਸ ਸਮਾਪਤੰ ॥੧੮॥ (ਪੱਤਰਾ ੬੪੮)

ਇਹ ਪੁਸਤਕ ਸ੍ਵਾਮੀ ਬਿਸਨ ਦਾਸ ਦੇ ਜੀਵਨ ਦਾ ਉਤਰਾਰਧ (ਪਿਛਲਾ ਅੱਧ) ਭਾਗ ਹੋਣ ਕਰ ਕੇ ਅਧੂਰੀ ਹੈ । ਇਸ ਦਾ ਪਹਿਲਾ ਅੱਧ (ਪੂਰਵਾਰਧ) ਅਜੇ ਤਕ ਨਹੀਂ ਮਿਲ ਸਕਿਆ ।

੧੮. ਗੋਸ਼ਟੀ ਕਬੀਰ–ਰਵਿਦਾਸ ਕੀ (ਨੰ. ×, ਬਾ. ਹ. ਸਿੰ. ਵ.)

ਲੇਖਕ— ਨਾਮਾਲੂਮ । ਆਕਾਰ—5½″ × 3½″, ਲਿਖਤ 4½″ × 2½″ ।

ਵੇਰਵਾ— ਪੱਤਰੇ ੨੪; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਸਜਿਲਦ, ਜੋ ਅਛੀ ਹਾਲਤ ਵਿਚ ਹੈ ।

ਸਮਾਂ— ਸੌ ਕੁ ਸਾਲ ਪੁਰਾਣੀ ਲਿਖਤ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਗੋਸਟਿ ਕਬੀਰ ਕੀ ਨਾਲੇ ਰਵਿਦਾਸ ਕੀ, ਤਥਾ ਭਵਾਨੀ ਤਥਾ ਮਹਾਦੇਵ ਨਾਲਿ ਹੋਈ । ਨਿਰਗੁਣ ਸਰਗੁਣ । ਆਪੇ ਜੀ ਨਾਹਿ ਨਾਹਿ ਕੇ ਹਿਤ ਮੇਰੇ । ਕੈਸੇ ਕੈ ਦਰਸਨ ਪਾਵਉ ਤੇਰੇ । ਰਵਿਦਾਸ ਵਾਚ । ਸੁਨ ਕਬੀਰ ਜੀ, ਰਵਿਦਾਸੁ ਕਹਤੁ ਹੈ ਬ੍ਰਹਮ ਗਿਆਨੀ । ਬ੍ਰਹਮ ਬ੍ਰਹਮ ਕਰ ਭਰਮਿ ਭੁਲਾਨੇ, ਤਤ ਬਸਤੁ ਨਹੀ ਜਾਨੀ ।... (ਪੱਤਰਾ ੧)

ਅੰਤ— ...ਕਹਤ ਕਬੀਰ ਸੁਨਹੁ ਰਵਿਦਾਸਾ, ਏਹੀ ਭਗਤਿ ਉਪਦੇਸਾ ॥੬੨॥ (ਪੱਤਰਾ ੨੪)

੧੯. (ੳ) ਚਿਤ ਬਿਲਾਸ (ਅਨੁਭਵ ਪ੍ਰਕਾਸ਼ ਸਮੇਤ) (ਨੰ. ×, ਸ਼. ਸਿੰ. ਅ.)

ਲੇਖਕ— ਸਾਧੂ ਗੁਰਮੁਖ ਸਿੰਘ । ਆਕਾਰ—6½″ × 8¾″, ਲਿਖਤ 4½″ × 7½″ ।

ਵੇਰਵਾ— ਪੱਤਰੇ ੬੭; ਪ੍ਰਤੀ ਸਫ਼ਾ ੧੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਪਰ ਸਿੱਧੀ ਸਾਦੀ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਮੁੱਢਲੇ ਪੱਤਰੇ ੨, ੩, ੪, ਤੇ ੫ ਹੇਠਲੇ ਪਾਸਿਉਂ ਕੁਝ ਫਟੇ ਹੋਏ, ਜਿਸ ਕਰ ਕੇ ਨਿਚਲੀਆਂ ਸਤਰਾਂ ਪੜ੍ਹੀਆਂ ਨਹੀਂ ਜਾਂਦੀਆਂ; ਪੁਸਤਕ ਬਗ਼ੈਰ ਜਿਲਦ ਖ਼ਸਤਾ ਹਾਲਤ ਵਿਚ, ਜਿਸ ਕਰ ਕੇ ਪੱਤਰੇ ੩੪, ੩੫, ੩੬, ੩੭, ੩੮ ਵਿਚੋਂ ਕੁਝ ਗੁੰਮ ਤੇ ਕੁਝ ਉਲਟੇ ਸਿੱਧੇ ਅੰਕ ਬਦਲ ਕੇ ਲੱਗੇ ਹੋਏ; ਅੰਤਲੇ ਪੱਤਰੇ ਗੁੰਮ, ਜਿਸ ਕਰ ਕੇ ਪੁਸਤਕ ਅਧੂਰੀ ਹੈ ।

ਸਮਾਂ— ਲਗਭਗ ਸੌ ਕੁ ਸਾਲ ਪੁਰਾਣੀ ਲਿਖਤ ਹੈ । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸ੍ਰੀ ਸਤਿਗੁਰ ਪ੍ਰਸਾਦਿ । ਸ੍ਰੀ ਗੁਰੂ ਨਾਨਕ ਜੀ ਸਹਾਇ । ਅਥ ਚਿ" ਬਿਲਾਸ ਗ੍ਰੰਥ ਲਿ(ਖ)ਜਤੇ ਅਨੁਭਵ ਪਰਕਾਸ਼
ਅਥ ਬਾਵਨ* ਅਖਰੀ ਬਾਣੀ ਲਿਖਤੇ ॥ ਸਲੋਕ ॥
ਓਅੰਕਾਰ ਵਿਆਪਿਆ, ਸੂਖਮ ਤੇ ਅਸਥੂਲ ।
ਸੂਖਮ ਸੰਤੀ ਲਖੁ ਲਿਆ, ਅੋਰ ਜਗਤ ਸਭ ਭੂਲ ॥
ਪਉੜੀ ॥ ਓਅੰਕਾਰ ਆਪ ਹੀ ਆਪੇ । ਜੋ ਬੂਝੇ ਸੋ ਨਹਿ ਪਛੁਤਾਪੇ ।
ਪਰਮ ਤਤੁ ਮੈ ਰਹਿਆ ਸਮਾਈ । ਅੰਤਰ ਮਗਨ ਭਇਆ ਲਿਖਲਾਈ ।
ਅੰਤਰ ਬਾਹਰ ਸਭ ਕੋ ਜਾਨੈ । ਜੋ ਜਾਨੇ ਸੋ ਅਵਰ ਨ ਮਾਨੇ ।
ਮਨ ਬੁਧ ਬਾਣੀ ਕੀ ਗਮੁ ਨਾਹੀ । ਸਤਿਗੁਰ ਮਿਲਤ ਪਰਮਪਦੁ ਪਾਹੀ ॥੧॥... (ਪੱਤਰਾ ੧)

ਅੰਤ— ...ਏਤੇ ਦਸੁ ਉਤਾਰ ਅਤੁ ਭਾਰੀ । ਮੈਂ ਅਪਨੇ ਗੁਰ ਕੋ ਬਲਹਾਰੀ ।
ਇਸ ਮੈ ਕਹਾ ਧਰੇ ਜੋ ਚੀਤ । ਤਾ ਕੀ ਬਢੇ ਗੁਰੂ ਸਿਉ ਪ੍ਰੀਤ ।
ਜੋ ਫਲ ਗੰਗਾ ਨ੍ਹਾਤੇ ਹੋਈ । ਪੜ੍ਹੈ ਪ੍ਰੇਮ ਕਰ ਪਾਵੈ ਸੋਈ ।
ਤੀਰਥ ਬ੍ਰਤ ਕਰੈ ਜਗੁ ਦਾਨ । ਸੋ ਫਲ ਤਾ ਕੋ ਨਹੀਂ ਸਮਾਨ ।
ਜਾਹਿ ਪੜ੍ਹੈ ਜੋ ਪ੍ਰੇਮ ਲਗਾਇ । ਮੁਕਤ ਪਦਾਰਥ ਛਿਨ ਮੈ ਪਾਇ ।
ਗੁਰਮੁਖ ਸਿੰਘ ਇਹੁ ਬਾਤ ਬਤਾਈ । ਜੋ ਸਮਝੇ ਤਿਨ ਪਦਮੀ (ਵੀ) ਪਾਈ ॥ (ਪੱਤਰਾ ੭੩)

(ਅ) ਅਨੁਭਵ ਪ੍ਰਕਾਸ਼ (ਵੇਦਾਂਤ-ਉਪਦੇਸ਼)

ਆਰੰਭ— ੧ਓ ਸ੍ਰੀ ਸਤਿਗੁਰ ਪ੍ਰਸਾਦਿ । ਸਿਖੁ ਹਾਥ ਜੋੜ ਕਰ ਅਰੁ ਬਹੁਤ ਅਧੀਨ ਹੋਇ ਕਰ ਸਤਿਗੁਰੋ ਕੀ ਸਰਨ ਆਇਆ । ਅਰੁ ਕਹਿਤ ਭਇਆ, "ਹੇ ਗੁਰਦੇਵ ਕ੍ਰਿਪਾ ਨਿਧਾਨ ਜੀ ! ਮੁਝ ਪਰ ਕ੍ਰਿਪਾ ਕਰੋ ਜੀ, ਹਮ ਤੁਮਰੀ ਸਰਨ ਹੈ ਜੀ ।"...
(ਪੱਤਰਾ ੭੩)

ਅੰਤ– "ਹੇ ਸਤਿਗੁਰੋ !... ਬਾਰੰ ਬਾਰ ਨਮਸਕਾਰ ਹੈ ਤੁਮਾਰੇ ਚਰਨਾ ਕੋ ।" ਆਗੇ ਗੁਰਦੇਵ ਕ੍ਰਿਪਾ ਕਰਿ ਕਹਿਤ ਭਏ, "ਹੇ ਪੁਤ੍ਰ ! ਹਮਾਰਾ"... (ਪੱਤਰਾ ੯੭)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ ।
ਇਸ ਪੁਸਤਕ ਵਿਚ ਕੁਲ ਰਚਨਾਵਾਂ ਦਾ ਵੇਰਵਾ ਕ੍ਰਮ ਅਨੁਸਾਰ ਇਸ ਤਰਾਂ ਹੈ:—

(ੳ) ਕਾਵਿ ਰਚਨਾਵਾਂ—

(੧)	ਬਾਵਨ ਅੱਖਰੀ (ਭਾਵ—ਪੈਂਤੀਸ ਅੱਖਰੀ)	ਪੱਤਰੇ	੧— ੯
(੨)	ਸ਼ਬਦ ਗੁਰਮੁਖ ਸਿੰਘ ਦੇ	,,	੯—੧੬
(੩)	ਸ਼ਲੋਕ ,, ,,	,,	੧੬—੨੦
(੪)	ਮਾਂਝਾਂ ,, ,,	,,	੨੧—੨੪
(੫)	ਅਕਲ ਪ੍ਰੇਮ ਬਿਰੁੱਧ (ਝਗੜਾ)	,,	੨੪—੨੬
(੬)	ਸੀਹਰਫ਼ੀ	,,	੨੭—੩੨
(੭)	ਡਿਉਢਾਂ	,,	੩੨—੩੮
(੮)	ਸਮਝ ਨਾਮਾ	,,	੩੮—੫੩
(੯)	ਭਗਤ ਬੋਧਨੀ ਬਾਣੀ	,,	੫੩—੭੨
(੧੦)	ਦਸ਼ ਅਵਤਾਰ ਗੁਰੂ ਕੇ	,,	੭੨—੭੩
(ਅ)	ਗੱਦ ਰਚਨਾ—ਅਨੁਭਵ ਪ੍ਰਕਾਸ਼	,,	੭੩—੯੭

੨੦. ਚਿਦ ਬਿਲਾਸ (ਨੰ. ੩੯੨, ਭਾ. ਵਿ.)

ਲੇਖਕ– ਸਾਧੂ ਵਲੀ ਰਾਮ । ਆਕਾਰ—10½", × 4¾", ਲਿਖਤ 8" × 3" ।
ਵੇਰਵਾ– ਪੱਤਰੇ ੬੨; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸੁਧ; ਹਾਸ਼ੀਆ ਸਾਦਾ ਬਗ਼ੈਰ

*ਬਾਵਨ ਅੱਖਰੀ ੫੨ ਅੱਖਰਾਂ ਦੀ ਹੁੰਦੀ ਹੈ, ਪਰ ਇਹ ਕਾਵਿ-ਰਚਨਾ ੩੫ ਅੱਖਰਾਂ ਦੀ ਹੈ, ਜੋ 'ੳ' ਤੋਂ ਸ਼ੁਰੂ ਹੋ ਕੇ 'ੜ' ਤਕ ਗੁਰਮੁਖੀ ਅੱਖਰਾਂ ਦੇ ਕ੍ਰਮ-ਅਨੁਸਾਰ ਸਮਾਪਤ ਹੁੰਦੀ ਹੈ ਜਿਸ ਕਰ ਕੇ ਇਹ ਬਾਵਨ ਅੱਖਰੀ ਨਹੀਂ, ਸਗੋਂ ਪੈਂਤੀਸ ਅੱਖਰੀ ਹੀ ਹੈ ।

ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ; ਪੱਤਰੇ ਖੁੱਲ੍ਹੇ ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਹੈ। ਲਿਖਾਰੀ—ਰਾਮ ਦਾਸ । ਸਥਾਨ-ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ (ਸਲੋਕ॥)

ਸਰਬਾਤੀਤੰ ਹਿ ਯਤ ਸਰਬੰ, ਨਿਰਦ੍ਵੰਦੰ ਦ੍ਵੰਦਤਾਸਪਦੰ ।

ਚਿਦ ਬਿਲਾਸ ਰਤੰ ਨਿਤਯੰ, ਤਸਮੈ ਸਤਯਾਤਮਨੇ ਨਮ: ॥ ੧ ॥

ਚੌ ॥ ਨਮੋ ਨਿਰੰਜਨ ਅਜ ਅਵਿਨਾਸੀ । ਨਮੋ ਸਚਿਦਾਨੰਦ ਬਿਲਾਸੀ ।

ਨਮੋ ਸਰਬ ਸਰਬੇ ਸੁਖ ਰਾਸੀ । ਨਮੋ ਸਰਬ ਸਰਬ ਘਟਵਾਸੀ ॥ ੧ ॥

ਨਮੋ ਸਰਬ ਬਿਨੁ ਸਰਬ ਪ੍ਰਕਾਸੀ । ਨਮੋ ਸਰਬ ਬਿਨੁ ਸਰਬਾਭਾਸੀ ।

ਨਮੋ ਸਰਬ ਬਿਨੁ ਸਰਬ ਨਿਵਾਸੀ । ਨਮੋ ਸਰਬ ਸਰਬੇ ਪਦ ਨਾਸੀ ॥ ੨॥

ਨਮੋ ਅਭੋਗੀ ਸਰਬ ਗਿਰਾਸੀ । ਨਮੋ ਸਰਬ ਮਧ ਪਰਮ ਉਦਾਸੀ ।

ਨਮੋ ਸਤ ਸੋਈ ਸਰਬੇਸੁਰ । ਪਰਮ ਪੁਰਖ ਪੂਰਨ ਪਰਮੇਸੁਰ ॥ ੩ ॥

ਨਮੋ ਸਤਿ ਸੋਈ ਗੁਰ ਸੁਆਮੀ । ਸਰਬ ਪ੍ਰਕਾਸਕ ਅੰਤਰਜਾਮੀ ।

ਨਮੋ ਨਮੋ ਸਤਿਗੁਰੁ ਸੁਖ ਸਾਗਰ । 'ਵਲੀ' ਸਰਬ ਮੈ ਰੂਪ ਉਜਾਗਰ ॥ ੪ ॥

ਨਮੋ ਸਾਧਿ ਸਿਖ ਤਤਦਰਸੀ । ਸਰਬੋਪਾਸੀ ਆਤਮ ਪਰਸੀ ।

ਜੋਈ ਬ੍ਰਹਮ ਈਸ ਗੁਰ ਸੋਈ । ਸੋਈ ਸਿਖ ਨ ਦੂਸਰੋ ਕੋਈ ॥ ੫ ॥

ਅਬ ਚਿਤ ਵਿਲਾਸ ਸ੍ਰਿਸਟ ਕਾਂਡ ਨਿਰੂਪਣੰ ॥ ਚੌ ॥

ਅਬ ਕਛੁ ਸ੍ਰਿਸਤ ਕਾਂਡ ਕੀ ਕਥਾ । ਕਹੌ ਵਿਚਾਰ ਯਥਾ ਕੀ ਤਥਾ ।

ਗੁਰ ਪ੍ਰਸਾਦਿ ਤੇ ਜੈਸੀ ਬੂਝੀ । ਜੈਸੇ ਅਮਿਤ ਮਾਹਿ ਮਿਤ ਸੂਝੀ ॥ ੧ ॥... (ਪੱਤਰਾ ੧)

ਅੰਤ— ...ਗਿਆਨ ਰੰਗ ਰਮੇ ਰਾਜ ਨਹਿ ਮਾਂਡੋ । ਜਾ ਮੈ ਅਗਯਾਨੀ ਕਰਿ ਡਾਂਡੋ ।

ਬਸੋ ਨ ਕਬਹੂੰ ਹੈ ਗ੍ਰਹ ਮਾਹੀ । ਦੇਇ ਦਿਖਾਈ ਜਾ ਮੋ ਨਾਹੀ ॥ ੨ ॥

ਪਹਿਰੋ ਨਹੀ ਏਕਤਾ ਬਗਾ । ਜਾ ਕੋ ਦਾਗ ਦੁਐਤ ਕਾ ਲਗਾ ।

ਚੇਤਨ ਸਕਤਿ ਮੋਹਿ ਨਹਿ ਭਾਵੇ । ਜਾ ਸੋ ਜੜਤਾ ਲਾਗੀ ਆਵੇ ॥ ੩॥

ਹਉ ਬਿਨ ਹਉ ਹੀ ਜਿਉ ਕਾ ਤਿਉ ਹੀ । ਯੋ ਹੀ ਯੋ ਹੀ ਯੋ ਹੀ ਯੋ ਹੀ ।

ਪੋਤੋ ਚਿਦ ਬਿਲਾਸ ਯਹਿ ਮੇਰੋ । ਉਰਝਿਓ ਉਰਝਿ ਸੁਰਝਿ ਉਰ ਝੇਰੋ ॥ ੪ ॥

ਪਠੈ ਸੁਨੈ ਪੁਨਿ ਮਾਨੈ ਜੋਈ । ਵਰਤੈ ਚਿਦ ਬਿਲਾਸ ਸੋ ਸੋਈ ।

ਖੋਲੇ ਗ੍ਰੰਥ ਪਰਮ ਪਦ ਲਹੈ । ਬੂਝੈ ਅਰਥ ਅਰਥ ਮਿਲ ਰਹੈ । (ਪੱਤਰਾ ੬੧)

'ਵਲੀ ਰਾਮ' ਨਾਮ ਨਿਜ ਤਾ ਕੋ । ਪੂਰਨ ਚਿਦ ਵਿਲਾਸ ਹੈ ਜਾ ਕੋ ॥ ੫ ॥

ਇਸ ਤੋਂ ਅੱਗੇ ੫ ਚੌਪਈਆਂ ਵਿਚ ਇਸ ਗ੍ਰੰਥ ਦੇ ਛੰਦਾਂ ਦੀ ਗਿਣਤੀ ਦਿੱਤੀ ਹੈ ਤੇ ਫੇਰ ਲਿਖਿਆ ਹੈ—

ਇਤਿ ਸ੍ਰੀ ਮਤ ਚਿਦ ਵਿਲਾਸ ਵਲੀ ਰਾਮ ਵਿਰਚਿਤਾਯਾਂ ਪ੍ਰਲੈ ਕਾਂਡ ਸੰਪੂਰਣੰ ਸਾਮਪਤੋਯੰ ਗ੍ਰੰਥ: ॥

ਸੋਰਠਾ ॥ ਹੈ ਯਹ ਗ੍ਰੰਥ ਅਨੂਪ, ਪਠੈ ਸੁ ਆਤਮ ਦਰਸਈ ।

ਵਲੀ ਕਹੈ ਭ੍ਰਮ ਕੂਪ, ਜੋ ਕਛੁ ਅਨਭਉ ਪ੍ਰਗਟਿਓ ॥ ੧ ॥

ਚੌ ॥ ਭਰਮ ਨਿਵਾਰਨਹਾਰ ਪਛਾਨੋ । ਭਰਮ ਗਯੋ ਤੋ ਭਰਮ ਸਮਾਨੋ ।

ਮਸ ਅਰੁ ਕਾਗਦ ਕਾਮ ਨ ਆਵੈ । ਅਰਥ ਬੂਝ ਨਿਰਭੈ ਪਦੁ ਪਾਵੈ ॥ ੨ ॥

ਦੋ ॥ ਕਾਗਤ ਵਾਗਤਿ ਨਾਹਿ, ਕਾਗਤਿ ਵਾਗਤਿ ਪਾਈਐ ।

ਵਾ ਗਤਿ ਕਾਗਤਿ ਮਾਹਿ, ਜਾਗਤਿ ਵਲੀ ਸਮਾਈਐ ॥ ੩ ॥

ਜਨਕ ਸੁਤਾਪਤਿ ਦਾਸ ਲਿਖ ਚਿਦ ਬਿਲਾਸ ਕਰ ਪ੍ਰੀਤਿ ।

ਅਰਥ ਤਿਸੇ ਪ੍ਰਕਾਸਈ, ਜਿਨ ਸਤਸੰਗਤ ਰੀਤਿ ॥ ੪ ॥

(ਨੁਸਖ਼ਾ) ਕਜਲੀ ਪੈਸਾ ਏਕ ਭਰ, ਛੇ ਪਰ ਚਪੜਾ ਜਾਨ ।

ਤੀਨ ਸੁਹਾਗਾ ਤੇਲੀਆ, ਡੇਢ ਲੋਧ ਪ੍ਰਮਾਨ ॥ ੧ ਮਸਿ । (ਪੱਤਰਾ ੬੨)

ਇਸ ਪੁਸਤਕ ਵਿਚ ਤਿੰਨ ਕਾਂਡ ਹਨ—(੧) ਸ੍ਰਿਸ਼ਟੀ ਕਾਂਡ; (੨) ਇਸਥਿਤੀ ਕਾਂਡ ਤੇ (੩) ਪ੍ਰਲੈ ਕਾਂਡ, ਤੇ ਕੁੱਲ ਛੰਦਾਂ ਦੀ ਗਿਣਤੀ ੨੪੦੧ ਹੈ ।

੨੧. ਜਨਮ ਸਾਖੀ ਕਬੀਰ ਸਾਹਿਬ (ਨਾ-ਮੁਕੰਮਲ) (ਨੰ. ੨੭, ਪੰ. ਯੂ. ਚੰ.)

ਲੇਖਕ—ਨਾਮਾਲੂਮ। ਆਕਾਰ-14¼"×8¾", ਲਿਖਤ 11"×6"।

ਵੇਰਵਾ—ਪੱਤਰੇ ੪—੨੨੬ (੨੨੨); ਪ੍ਰਤੀ ਸਫ਼ਾ ੧੪ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਦੂਹਰੀਆਂ-ਤੀਹਰੀਆਂ ਰੰਗੀਨ ਲਕੀਰਾਂ ਵਾਲਾ; ਕੁਝ ਪੱਤਰੇ ਉਪਰੋਂ ਹਾਸ਼ੀਏ ਵਲੋਂ ਫਟਣ ਕਰ ਕੇ ਨਵੇਂ ਸਿਰੇ ਚੇਪੀਆਂ ਲਾ ਕੇ ਜੋੜੇ ਹੋਏ; ਅੰਤਲਾ ਪੱਤਰਾ ਕੁਝ ਛੇਕਦਾਰ ਤੇ ਕਈ ਹੋਰ ਪੱਤਰੇ ਵੀ ਛੇਕਦਾਰ; ਆਦਿ-ਅੰਤ ਦੇ ਪੱਤਰੇ ਗੁਮ ਹੋਣ ਕਰ ਕੇ ਪੁਸਤਕ ਨਾ-ਮੁਕੰਮਲ ਹੈ।

ਸਮਾਂ— ਪੁਸਤਕ ਸਵਾ ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ...ਤਬ ਭੀ ਸੁਖ ਦੇਉ ਨ ਕਿਛੁ ਬੋਲਿਆ। ਤਬ ਗੁਸਾਈ ਬਿਆਸੁ ਫਿਰ ਘਰਿ ਆਇਆ। ਬੋਲਹੁ ਵਾਹਗੁਰੂ, ਸਤਿਗੁਰੂ। ਤਬ ਪਰਮੇਸਰ ਜੀ ਕੀ ਐਸੀ ਲੀਲਾ ਭਈ, ਜੁ ਸ੍ਰੀ ਸੁਖਦੇਉ ਜੀ ਕੀ ਤਪਸਿਆ ਭਗਤਿ ਸੁਣਿ ਕਰਿ ਰਾਜਾ ਮਨ ਮਹਿ ਭਇਮਾਨੁ ਹੂਆ ਜੁ ਸੁਖਦੇਉ ਮੇਰੀ ਇੰਦ੍ਰ ਪੁਰੀ ਲੇਵੈਗਾ। ਰਾਜਾ ਇੰਦ੍ਰ ਸਦਾ ਚਿੰਤਾ ਮਹਿ ਰਹੈ।... (ਪੱਤਰਾ ੪)

ਅੰਤ— ...ਤਬ ਕਬੀਰ...ਰਾਮ ਜਨਾ ਜੀ ਏਹ ਕਥਾ ਏਵ ਹੈ ਜੀ। ਜੇ ਛਨਿਛਰਵਾਰ ਹਿਰਦੈ ਮਹਿ ਪਰਮੇਸਰ ਜੀ ਥਿਰੁ ਰਖਨਾ, ਬਿਸਾਰਨਾ ਨਹੀ...ਹਿ ਸ੍ਰੀ ਪਰਮੇਸਰ ਬਸਿਆ ਤਬ ਏਸ ਕੈ ਅੰਤਰਿ ਚਾਂਦਨਾ ਭਇਆ। ਜਬ ਏਸੁ ਕੇ ਘਟਿ ਮਹਿ ਅੰਤਰ ਬਾਹਰਿ ਉਜ... ਤਬ ਏਹ ਕਰਮਾ ਤੇ ਨਿਹਕਰਮੁ ਭਇਆ। ਕਰਮ ਜਉ ਲਗੁ ਜਾਨਤਾ ਹੈ ਜਿ ਮੈ ਕਿਛੁ ਕਰਮ ਕਰਤਾ ਹਉ ਤਬ ਏਸ ਕਉ... (ਪੱਤਰਾ ੨੨੬)

ਇਸ ਪੁਸਤਕ ਵਿਚ, ਜਿਵੇਂ ਕਿ ਨਾਂ ਤੋਂ ਹੀ ਪ੍ਰਗਟ ਹੈ, ਭਗਤ ਕਬੀਰ ਜੀ ਦਾ ਜੀਵਨ—ਇਤਿਹਾਸ ਦਿੱਤਾ ਹੋਇਆ ਹੈ।

੨੨. ਜਨਮ ਸਾਖੀ ਭਗਤ ਕਬੀਰ ਕੀ (ਨੰ. ੧੯੦, ਪ੍ਰੋ. ਪ੍ਰੀ. ਸਿੰ.)

ਲੇਖਕ— ਨਾਮਾਲੂਮ। ਆਕਾਰ—9"×7", ਲਿਖਤ 6½"×4"।

ਵੇਰਵਾ— ਪੱਤਰੇ ੪੨; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਜਿਲਦ ਟੁੱਟੀ ਹੋਈ।

ਸਮਾਂ— ੧੯ਵੀਂ ਸਦੀ ਬਿ.। **ਲਿਖਾਰੀ**-ਨਾਮਾਲੂਮ।

ਆਰੰਭ- ੧ੳ ਸਤਿਗੁਰ ਪ੍ਰਸਾਦਿ। ਅਗੈ ਜਨਮ ਸਾਖੀ ਕੰਬੀਰ ਕੀ ਚਲੀ। ਪ੍ਰਿਥਮੇ ਗੁਸਾਈ ਕੰਬੀਰ ਜੀ ਬ੍ਰਾਹਮਣ ਥਾ ਪਿਛਲੇ ਜਨਮ ਬਿਖੈ। ਸ੍ਰੀ ਪਰਮੇਸਰ ਜੀ ਕੀ ਭਗਤਿ ਕਰਦਾ ਥਾ ਬ੍ਰਹਮ ਚਾਰੀ ਕੈ ਰੂਪ। ਸੇਵਾ ਕਰਦੇ ਕਰਦੇ ਇਕ ਚੂਕ ਪਰੀ ਥੀ। ਕੰਬੀਰ ਬ੍ਰਹਮਚਾਰੀ ਥਾ। ਹਥਿ ਕਰਮੰਡਲਿ ਲਸਟਿਕਾ ਧੋਤੀ ਲੇਕਰ ਤੀਰਥਾਂ ਕਉ ਚਲਿਆ ਜਾਂਦਾ ਥਾ। ਜਾਂਦੇ ਜਾਂਦੇ ਸਭ ਤੀਰਥ ਕਰੇ ਥੇ। ਆਉਂਦੇ ਆਉਂਦੇ ਇਕ ਨਗਰ ਮੈ ਆਏ। ਉਸ ਨਗਰ ਕੇ ਪਾਸ ਇਕ ਕੂਆ ਥਾ, ਪਨਿਹਾਰੀ ਪਾਣੀ ਭਰਦੀ ਥੀ। ਮਹਾਂ ਸਰੂਪ ਕਾਮੁ ਕੰਦਲਾ ਥੀ। ਊਹਾਂ ਕੰਬੀਰ ਪਾਣੀ ਕੈ ਵਾਸਤੇ ਖੜਾ ਹੋਇ ਗਇਆ।... (ਪੱਤਰਾ ੧)

ਏਹਿ ਦੋਖੁ ਜਾਣ ਕਰਿ (ਕਬੀਰ) ਆਇ ਜੁਲਾਹੈ ਕੈ ਘਰ ਜਨਮੁ ਲਇਆ, ਬਨਾਰਸੀ ਕੇ ਬਿਖੈ ਆਇ ਉਤਰਿਆ ਕੰਬੀਰ। (ਪੱਤਰਾ ੨)

ਅੰਤ- ...ਕਹਤੁ ਕੰਬੀਰ ਜੋ ਬ੍ਰਹਮੁ ਬੀਚਾਰੈ। ਸੋ ਬ੍ਰਹਮਨੁ ਹਮ ਕਉ ਨਿਸਤਾਰੈ॥ ੪॥ ਤਾਂ ਪੰਡਿਤ ਨੇ ਨਮਸਕਾਰੁ ਕੀਆ। ਧੰਨ ਕੰਬੀਰ, ਧੰਨੁ ਕਬੀਰੁ। ਤਬ ਉਨਿ ਪੰਡਿਤ ਕਹਾ, "ਤੁਮ ਪਰਮੇਸਰੁ ਪਾਇਆ ਹੈ। ਤੁਮ ਕਿਰਪਾ ਕਰਹੁ ਹਮਾਰੀ ਭੀ ਰਹਿ ਆਵੈ।" ਤਬ ਕੰਬੀਰ ਕਹਾ, "ਰਾਮੁ ਤੇਰੀ ਰਾਖੈਗਾ। ਓਹੁ ਪਰਮੇਸਰੁ ਦਇਆਲੁ ਪੁਰਖੁ ਹੈ॥ ੧॥" ਸਾਖੀ ਪੂਰੀ ਹੋਈ। ਬੋਲੋ ਸਗਲੇ ਰਾਮੁ ਰਾਮੁ, ਰਾਮੁ ਸਤਿ ਸਤਿ, ਧੰਨ ਕੰਬੀਰ-ਧੰਨੁ ਕੰਬੀਰ॥ (ਪੱਤਰਾ ੪੨)

ਇਸ ਪੁਸਤਕ ਦੇ ਨਾਲ ਅੱਗੇ-ਪਿੱਛੇ ਇਕੋ ਜਿਲਦ ਵਿਚ, ਚਾਰ ਹਥ ਲਿਖਿਤ ਪੁਸਤਕਾਂ ਹੋਰ ਸ਼ਾਮਲ ਹਨ: (੧) ਭਾਗਵਤ ਇਕਾਦਸ਼ ਸਕੰਧ (ਚਤੁਰ ਦਾਸ) ਪੱਤਰੇ ੧੦-੨੫੦ (ਅਧੂਰਾ), (੨) ਪਰੀਛਿਆ ਮਹਲਾ ੫, ਪੱਤਰੇ ੪੨-੫੦, (੩) ਅਨੁਭਉ ਪ੍ਰਕਾਸ਼, ਪੱਤਰੇ ੨੨ ਤੇ (੪) ਪਰਚੀਆਂ ਪ੍ਰੇਮ ਭਗਤਾਂ ਕੀਆਂ (ਪ੍ਰੇਮ ਅੰਬੋਧ ਗ੍ਰੰਥ, ਪਾਤਸ਼ਾਹੀ ੧੦) ਪੱਤਰੇ ੧੪੧ (ਅਧੂਰਾ)।

੨੩. ਦਾਦੂ ਦਿਆਲ ਜੀ ਕੀ ਬਾਣੀ ਆਦਿ (ਦੇਵ ਨਾਗਰੀ ਅੱਖਰਾਂ ਵਿਚ) (ਨੰ: ×, ਡਾ. ਗੰ. ਸਿੰ.)

ਲੇਖਕ- ਸੰਤ ਦਾਦੂ ਦਿਆਲ, ਕਬੀਰ ਜੀ ਆਦਿ। ਆਕਾਰ—6½"×10½", ਲਿਖਤ 5½"×8½"।

ਵੇਰਵਾ- ਪੱਤਰੇ ਦਾਦੂ ਦਿਆਲ ਜੀ ਕੀ ਬਾਣੀ ੧੨੨, ਕਬੀਰ ਜੀ ਕੀ ਬਾਣੀ ੧੨੨-੨੧੨, ਨਾਮਦੇਵ ਜੀ ਕੀ ਬਾਣੀ ੨੧੨-੨੩੨, ਰੈਦਾਸ (ਰਵਿਦਾਸ) ਜੀ ਕੀ ਬਾਣੀ ੨੩੨-੨੪੫, ਹਰ ਦਾਸ ਜੀ ਕੀ ਬਾਣੀ ੨੪੫-੨੬੩,

ਗ੍ਰੰਥ ਸਰਬੰਗੀ ੨੬੩-੩੪੧, ਗ੍ਰੰਥ ਨਿਰਬਾਣ ਜੋਗ ੩੪੧-੫੦੩, ਸੁਾਮੀ ਗਰੀਬ ਜੀ ਕੇ ਪਦ ੫੦੩-੫੧੧ ਗਜਾਨ ਸਮੰਦ੍ਰ (ਸੁੰਦਰ ਦਾਸ) ੫੧੧-੫੨੭, ਸੁੰਦਰ ਦਾਸ ਜੀ ਦੇ ਸਵੈਯੇ ਤੇ ਅਸ਼ਟਕ ੫੨੭-੫੭੮ ਗ੍ਰੰਥ ਸਹਜਾਨੰਦ ਪੱਤਰਾ ੫੭੮, ਗ੍ਰੰਥ ਬੈਰਾਗ ਬੋਧ ੫੭੮-੫੭੯ ਸ੍ਰੀ ਹਰਿ ਬੋਲ ਚਿਤਾਵਣੀ ੫੭੯-੫੮੦, ਸ੍ਰੀ ਤਰਕ ਚਿਤਾਵਣੀ ੫੮੦-੮੩, ਸ੍ਰੀ ਬਿਬੇਕ ਚਿਤਾਵਣੀ ੫੮੩-੫੮੬, ਬਾਹਰ ਮਾਸਾ ੫੮੬, ਆਤਮਾ ਵਿਚਾਰ ੫੮੬-੫੮੭, ਤ੍ਰਿਬਿਧਿ ਅੰਤਹਕਰਣ ਭੇਦ ਤੇ ਪੂਰਬੀ ਭਾਖਾ ਦੇ ਛੰਦ ੫੮੭-੫੮੮, ਰੱਜਬ ਜੀ ਕੇ ਕਬਿੱਤ ੫੮੮-੫੯੫, ਬਾਲਕ ਰਾਮ ਜੀ ਕੇ ਕਬਿੱਤ ੫੯੬-੬੦੦, ਭੀਖ ਜਨ ਜੀ ਕੀ ਸਰਵਗਜ ਬਾਵਨੀ ੬੦੦-੬੦੪, ਖੇਮ ਦਾਸ ਜੀ ਕੇ ਰੇਖ਼ਤੇ ੬੦੪-੬੦੫, ਸੁਾਮੀ ਦਾਦੂ ਜੀ ਕੀ ਜਨਮ ਪ੍ਰਯੰਤ ਲੀਲਾ ੬੦੫-੬੧੪; ਪ੍ਰਤੀ ਸਫ਼ਾ ੨੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਦੂਹਰਾ ਤੀਹਰਾ ਲਾਲ ਲਕੀਰਾਂ ਵਾਲਾ; ਸਿਰਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੩੬ ਬਿ. । ਲਿਖਾਰੀ-ਊਦਿਯਾ, ਦਾਦੂ ਪੰਥੀ । ਸਥਾਨ-ਸੰਗਰੂਰ (ਪੰਜਾਬ) ।

ਆਰੰਭ—ਸ੍ਰੀ ਰਾਮ ਜੀ ਸਤਿ । ਸੁਾਮੀ ਦਾਦੂ ਦਯਾਲ ਜੀ ਸਹਾਇ । ਸਕਲ ਸਾਧ ਜੀ ਸਹੀ । ਸੁਾਮੀ ਦਾਦੂ ਦਯਾਲ ਜੀ ਕੀ ਬਾਣੀ ਲਿਖਤੇ । ਪ੍ਰਥਮੈ ਗੁਰਦੇਵ ਕੌ ਅੰਗ । ਦਾਦੂ ਨਮੋ ਨਮੋ ਨਿਰੰਜਨੰ, ਨਮਸਕਾਰ ਗੁਰਦੇਵ ਤਹ ।... (ਪੱਤਰਾ ੧)

ਅੰਤ— ...ਸਤਗੁਰ ਦਾਦੂ ਦੀਨ ਦਯਾਲ । ਜਾਤਿ ਮਹਾਜਨ ਜਨ ਗੋਪਾਲ ।
ਭਾਗ ਬਡੇ ਗੁਰ ਸਰਨੈ ਆਯੋ । ਸੰਤ ਸਿਰੋਮਨਿ ਕੋ ਯਸ ਗਾਯੋ ॥੨੬॥
ਦਾਦੂ ਦੀਨ ਦਯਾਲ ਕੇ, ਬਡੇ ਮਹੋਛੇ ਪਾਇ ।
ਗਰੀਬ ਦਾਸ ਕੀ ਭਗਤਿ ਦਿਢ, ਜਨ ਗੋਪਾਲ ਬਲ ਜਾਇ ॥੨੯॥੧੬॥
ਸ੍ਰੀ ਸੁਾਮੀ ਦਾਦੂ ਦਯਾ(ਲ) ਜੀ ਕੀ ਜਨਮ ਲੀਲਾ ਸੰਪੂਰਣ ਸਮਾਪਤ: ।

ਸੰਵਤ ਮਿਤੀ ਲਿਖਯਤੇ ਸੰਬਤ ਅਠਾਰਹ ਸੈ ਛਤੀਸ ॥੧੮੩੬॥ ਮਿਤੀ ਮੰਘਰ ਸੁਦੀ ਮਾਵਸਯਾ ਵਾਰ ਸੁਕਰਵਾਰ ਪੋਥੀ ਸੰਪੂਰਣ ਸਥਾਨੇ ਸੰਗਰੂਰ ਭਵੇਤ । ਕ੍ਰਿਪਾ ਕਰੀ ਗੁਰਦੇਵ । ਇਹੈ ਮੂਢ ਮਤਿ ਜੀਵ ਕੀ ਚੂਕਾ ਸਤਗੁਰ ਸੇਵ । ਲੇਖਕ ਊਦਿਯਾ ਗੁਲਾਮ ਬਾਬਾ ਮਗਨੀ ਰਾਮ ਜੀ ਕਾ ਸਿਖ, ਮਗਨੀ ਰਾਮ ਬਾਬਾ ਸੁਰਤਿ ਰਾਮ ਜੀ ਕਾ ਸਿਖ, ਸੁਰਤਿ ਰਾਮ ਜੀ ਪੁਰਸੋਤਮ ਦਾਸ ਜੀ ਕਾ ਸਿਖ, ਪੁਰਸੋਤਮ ਦਾਸ ਜੀ ਬਾਬਾ ਬਾਲਕ ਰਾਮ ਜੀ ਕਾ ਸਿਖ, ਬਾਲਕ ਰਾਮ ਜੀ ਬਾਬਾ ਸੀਤਲ ਦਾਸ ਜੀ ਕਾ ਸਿਖ, ਸੀਤਲ ਦਾਸ ਜੀ ਬਾਬਾ ਸਜਾਮ ਦਾਸ ਜੀ ਕਾ ਸਿਖ, ਸਜਾਮ ਦਾਸ ਜੀ ਬਾਬਾ ਛਬੀਲ ਦਾਸ ਜੀ (ਕਾ) ਸਿਖ, ਛਬੀਲ ਦਾਸ ਜੀ ਬਾਬਾ ਬਨਵਾਰੀ ਦਾਸ ਜੀ ਕਾ ਸਿਖ, ਬਨਵਾਰੀ ਦਾਸ ਜੀ ਕਾ ਗੁਰੂ ਸੁਾਮੀ ਦਾਦੂ ਦੀਨ ਦਯਾਲ ਜੀ ਪਰਮ ਗੁਰੂ ਪਰਮੇਸੁਰ । ਰਾਮ ਰਾਮ ਰਾਮ ਦਾਦੂ ਰਾਮ । (ਪੱਤਰਾ ੬੧੪)

ਇਸ ਪੁਸਤਕ ਵਿਚ, ਜਿਵੇਂ ਕਿ ਉਪਰੋਕਤ ਵੇਰਵੇ ਤੋਂ ਪਤਾ ਲਗਦਾ ਹੈ । ਬਾਬਾ ਦਾਦੂ ਦਿਆਲ ਤੋਂ ਛੇਵੀਂ ਪੁਸ਼ਤ ਬਾਦ ਉਸ ਦੇ ਚੇਲੇ ਬਾਬਾ ਬਾਲਕ ਰਾਮ ਦੀ ਬਾਣੀ ਵੀ ਸ਼ਾਮਲ ਹੈ ।

੨੪. (ੳ) **ਦਾਦੂ ਪ੍ਰਕਾਸ਼** (ਗਿਆਨ ਸਮੁੰਦ੍ਰ ਆਦਿ ਸਣੇ) (ਨੰ. ੮੨੮, ਪੰ. ਯੂ. ਚੰ.)

ਲੇਖਕ— ਸੰਤ ਦਾਦੂ ਦਿਆਲ । ਆਕਾਰ—$5\frac{1}{4}'' \times 3\frac{3}{4}''$, ਲਿਖਤ $3\frac{3}{4}'' \times 2\frac{1}{2}''$ ।

ਵੇਰਵਾ- ਪੱਤਰੇ ੪--੩੬੬ (੩੬੨); ਪ੍ਰਤੀ ਸਫ਼ਾ ੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ; ਪੁਸਤਕ ਜਿਲਦ ਟੁੱਟੀ ਹੋਈ ਹੋਣ ਕਰ ਕੇ ਆਦਿ—ਅੰਤ ਦੇ ਪਤਰੇ ਚੂੰਕਿ ਗੁਆਚ ਗਏ ਹਨ, ਇਸ ਲਈ ਨਾ-ਮੁਕੰਮਲ ਤੇ ਖ਼ਸਤਾ ਹਾਲਤ ਵਿਚ ਹੈ ।

ਸਮਾਂ— ੧੫੦ ਕੁ ਸੋ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ਨਾਂ ਘਰ ਰਹਿਆ ਨਾ ਬਨ ਗਇਆ, ਨਾ ਕੁਛ ਕੀਆ ਕਲੇਸ ।
ਦਾਦੂ ਮਨ ਹੀ ਮਨ ਮਿਲਿਆ, ਸਤਿਗੁਰ ਕੇ ਉਪਦੇਸ ॥ (ਪੱਤਰਾ ੪)

ਅੰਤ— ਅੰਤ ਸਮੈ ਕੀ ਸਾਖੀ ।
ਜੇਤੇ ਮੂਲ ਬਿਆਪੇ ਤੇਤੇ ਤੈਂ ਤਜੇ ਰੇ ਮਨ !
ਸਾਹਿਬ ਅਪਨੇ ਕਾਰਨੇ ॥ ੧ ॥ (ਪੱਤਰਾ ੧੪੦)

(ਅ) ਛੀਤਰ ਦਾਸ ਜੀ ਕੇ ਸਵੈਯੇ

ਆਰੰਭ— ਅਬ ਛੀਤਰ ਦਾਸ ਜੀ ਕੇ ਸਵੈਯਾ ਸੁਾਮੀ ਜੀ ਕੀ ਭੇਂਟ ਕੇ ।
ਆਇ ਮਿਲੇ ਗੁਰ ਦਾਦੂ ਕਉ ਜੇ ਜਨ, ਤੇ ਜਨ ਜਾਨ ਪਾਰੰਗਤ ਕੀਨੇ।
ਪਾਪ ਰੁ ਤਾਪ ਉਡਾਇ ਸਬੈ, ਭ੍ਰਮ ਗਿਆਨ ਸੁਨਾਇ ਰਸੋਧਿਜੁ ਸੀਨੇ।

ਰੰਕ ਨਿਵਾਜ ਕੀਏ ਜਗ ਮੈ, ਪੁਨਿ ਭਾਵ ਭਗਤਿ ਭੰਡਾਰ ਜੁ ਦੀਨੇ ।
ਹਉ 'ਛੀਤਰਿ' ਨੀਚ ਤੇ ਉਚ ਕੀਏ, ਜੀਅ ਦਾਦੂ ਦਇਆਲ ਕੇ ਜੋ ਰੰਗ ਭੀਨੈ ॥ ੧ ॥ (ਪੱਤਰਾ ੧੪੧)

ਅੰਤ– ਹਉ ਬਲਿਹਾਰਣੈ ਜੀਭ ਸੁਰਤਿ ਕੈ, ਜਾ ਸਿਉ ਜੀ ਦੇਵ ਨਿਰੰਜਨ ਗਾਇਓ ।
ਹਉ ਸਦਕੈ ਉਨ ਮੋਮਨ ਉਪਰਿ, ਪੂਰਣ ਬ੍ਰਹਮ ਕੇ ਨੂਰ ਲੁਭਾਇਓ ।
ਹਉ ਕੁਰਬਾਨ ਕੀਓ ਉਸ ਚਰਨਨ, ਜਾਸ ਚਰਨ ਅਗਮ ਕਉ ਧਾਯੋ ।
ਹੀ 'ਛੀਤਰਿ' ਦਾਦੂ ਕੀ ਪ੍ਰੀਤ ਕੀ ਵਾਰਣੈ, ਜਾਸ ਹੀ ਪ੍ਰੀਤ ਸੌ ਰਾਮ ਰਿਝਾਇਓ ॥ ੭ ॥ (ਪੱਤਰੇ ੧੪੪-੪੫)

(ੲ) ਕਬਿੱਤ ਰੱਜਬ ਜੀ ਕੇ

ਆਰੰਭ– ਅਥ ਕਬਿਤ ਰਜਬ ਜੀ ਕੇ । ਭਗਵਾਨੁ ਜੁ ਭਾਵੈ ਨਾਹਿ ਬਿਛੁਤ ਲਗਾਵੈ ਨਾਹਿ ।... (ਪੱਤਰਾ ੧੪੫)

ਅੰਤ– ਹੇ ਤੀਨ ਪ੍ਰਕਾਰ ਤ੍ਰਿਯਾ ਤਕਿ ਤਿਆਗੀਏ, ਰਜਬ ਰੰਗ ਨਹੀਂ ਗਹੇ ਬਾਹੀਂ ॥ ੧੩ ॥ (ਪਤਰਾ ੧੫੩)

ਇਤਿ ਰਜਬ ਜੀ ਕਾ ਸਵੈਯਾ ਸੰਪੂਰਣੰ ।

ਇਸ ਤੋਂ ਅੱਗੇ ਪੱਤਰਾ ੧੫੩ ਤੋਂ ੧੬੬ ਤਕ ਫੁਟਕਲ ਕਬਿੱਤ ਕਵੀ ਸਾਧੂ ਸੁੰਦਰ ਤੇ ਛੀਤਰ ਦਾਸ ਜੀ ਦੇ ਦਰਜ ਹਨ ।

(ਸ) ਅਨੁਭਉ ਹੁਲਾਸ (ਗੋਪਾਲ)

ਆਰੰਭ– ੧ਓ ਸਤਿਗੁਰ ਪ੍ਰਸਾਦਿ । ਅਥ ਅਨਭਉ ਹੁਲਾਸ ।
ਨਮੋ ਚਿਦਾਨੰਦ ਅਪਨਪੋ ਪਰਮ ਅਨੂਪਾ ।
ਗੁਰ ਗੋਬਿੰਦ ਗਣੇਸ ਸਾਰਦਾ ਸਕਲ ਸਰੂਪਾ ।
ਡਾਲ ਫੂਲ ਫਲ ਪਾਤ ਸਭੇ ਪੋਖਤ ਜਰ ਪੋਖੇ ।
ਰੋਖਤ ਸਾਰੋ ਬਿਸ੍ਵ ਏਕ ਆਤਮ ਕੇ ਤੋਖੇ । (ਪਤਰੇ ੧੬੬-੬੭)

ਅੰਤ– ਗੁਰ ਗੋਬਿੰਦ ਪ੍ਰਤਾਪ ਤੇ, ਕਾਟਿਆ ਹਉ ਮਮ ਫਾਸ ।
ਜਨ ਗੁਪਾਲ ਬਿਚਾਰ ਕੈ, ਕਹਿਓ ਅਨਭਉ ਹੁਲਾਸ ॥ ਸੰਪੂਰਣੰ । (ਪੱਤਰਾ ੧੭੪)

ਇਸ ਤੋਂ ਅੱਗੇ ਪੱਤਰਾ ੧੭੪ ਤੋਂ ੧੯੨ ਤਕ ਦੋਹਰੇ ਗ੍ਰੰਥ ਚਿਤ ਬਿਲਾਸ (ਕ੍ਰਿਤ ਵਲੀ ਰਾਮ) ਦਰਜ ਹਨ ।

(ਹ) ਕਾਫ਼ੀਆਂ ਰੋਹਲ ਫ਼ਕੀਰ ਦੀਆਂ

ਆਰੰਭ– ੧ਓ ਸਤਿਗੁਰ ਪ੍ਰਸਾਦਿ । ਰਾਗੁ ਕਾਫੀਆਂ ਰੋਹਲ ਫ਼ਕੀਰ ਕੀਆਂ ਲਿਖਤੇ ਰਾਗ ਕਾਨੜੇ ਵਿਚੋਂ ।
ਜੇ ਡੂਰੀ ਮਹਿ ਜੋ ਜੀਉ ਰੀਝਿ ਰਹਿਓ,
ਪੀਆ ਕੇ ਬਦਨ ਪਾਰੈ ਚਾਨਕ ਦ੍ਰਿਸਟਿ ਪਰੀ ।...
ਰੋਹਲ ਰੈਨ ਗਈ ਦਿਨੁ ਪਾਇਆ, ਲਾਗੀ ਪ੍ਰੀਤਿ ਖਰੀ ॥ ੨ ॥ (ਪੱਤਰੇ ੧੯੨-੯੩)

ਅੰਤ– ...ਰੋਹਲ ਰਾਹ ਫਕੀਰੀ ਦਾ, ਦਰਗਹ ਮਿਲਿਆ ਵਾਲੀ ॥ ੯ ॥ (ਪੱਤਰਾ ੨੦੦)
ਗੁਲਾਮ ਅਲੀ ਤੇ ਆਸਿਕ ਉਰਾ ਤਾਲਿਬ ਤੇਡੀ ਤਾਰਿ ਤਾਰਿ ਵੇ,
ਸਾਹੁ ਸਾਹੁ ਮਿਲਿਆ ਤ ਭਰਮ ਭਾਰਿ ਕੇਹਾ ॥ ੬ ॥ ਸੰਪੂਰਣ ॥ (ਪਤਰਾ ੨੦੨)

(ਕ) ਬਾਵਨ ਅੱਖਰੀ ਓਨਮ ਸਾਰ

ਆਰੰਭ–੧ਓ ਸਤਿਗੁਰ ਪ੍ਰਸਾਦਿ । ਅਥ ਬਾਵਨ ਅਖਰੀ ਓਨਮ ਸਾਰ ਲਿਖਤੇ ॥ ਦੋਹਰਾ ॥
ਨਾਮ ਲੀਆਂ ਤੇ ਹੋਤ ਸੁਖ, ਧਿਆਨ ਕੀਆਂ ਵਿਸਰਾਮ ।
ਸਤਿਗੁਰ ਹੇਤੂ ਰਾਮ ਕੋ, ਵਾਰੰ ਵਾਰ ਨਮਾਮ ॥ ੧ ॥
ਏਕੋ ਸਤਿਗੁਰ ਸੇਵੀਐ, ਗਣਪਤਿ ਦੇਵੀ ਦੇਵ ।
ਬਾਵਨ ਅਖਰ ਏਕ ਤੇਂ, ਸੋਈ ਲਖਿਓ ਜਿਨ ਭੇਵ ॥ ੨ ॥ (ਪੱਤਰੇ ੨੦੨-੨੦੩)

ਅੰਤ– ਓਨਮ ਅੱਖਰ ਸਾਰ ਕੋ, ਕਹਿਓ ਕਛੁਕ ਬੀਚਾਰ ।
ਸਤਿਗੁਰ ਕੈ ਹਮ ਲਾਡਲੇ, ਲਖ ਉਮਤਿ ਅੰਨੁਸਾਰ ॥ ੫੯ ॥

ਬਾਵਨ ਅਖਰ ਗੁੰਥ ਕੈ, ਵੀਚਾਰੋ ਨਿਰਦੋਸ।
ਦੋਸ ਅਦੋਸ ਕਹਾਂ ਲਖੋ, ਸੰਤ ਸਾਂਤ ਸੰਤੋਖ ॥ ੬੦ ॥
ਇਤਿ ਬਾਵਨ ਅਖਰੀ ਸੰਪੂਰਣੰ । (ਪੱਤਰਾ ੨੪੬)

ਇਸ ਤੋਂ ਅੱਗੇ ਪੱਤਰਾ ੨੪੭ ਤੋਂ ੩੬੬ ਤਕ ਸਾਧੂ ਸੁੰਦਰ ਦਾਸ ਜੀ ਦਾਦੂ ਪੰਥੀ ਦਾ 'ਗਜਾਨ ਸਮੁੰਦ੍ਰ ਗੁੰਥ' ਦਰਜ ਹੈ।

੨੫. ਦੋਹੇ, ਕਬਿੱਤ, ਪਿੰਗਲ ਆਦਿ (ਨੰ. ੪੧੩, ਪੰ. ਯੂ. ਚੰ.)

ਲੇਖਕ— ਕਵੀ ਸਾਧੂ ਵਜ਼ੀਰ ਸਿੰਘ। ਆਕਾਰ- $6\frac{1}{4}'' \times 9\frac{1}{4}''$, ਲਿਖਤ $5'' \times 8''$।

ਵੇਰਵਾ— ਪੱਤਰੇ ੨-੭੦ (੬੮); ਪ੍ਰਤੀ ਸਫ਼ਾ ੧੭ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੌਕੋਰ ਲਾਲ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਜਿਲਦ ਟੁੱਟੀ ਹੋਈ ਹੋਣ ਕਰ ਕੇ ਪੁਸਤਕ ਖ਼ਸਤਾ ਹਾਲਤ ਵਿਚ ਹੈ।

ਸਮਾਂ— ਸੰਮਤ ੧੯੩੭ ਬਿ.। ਲਿਖਾਰੀ—ਲੇਖਕ ਖ਼ੁਦ।

ਆਰੰਭ— ਖਾਭਾ ਇਕਾ ਕਰ ਅੰਮ੍ਰਤ ਮੁਖ ਪਾਇ।
ਦਾਸ ਗੁਲਾਬ ਅਭਾਇਕਾ ਬਿਖਵਤ ਜਾਣ ਤਜਾਇ।
ਕਹਿ ਵਜੀਰ ਸੁਣ ਸਮਝ ਹਮਾਰੀ। ਗੁਰ ਉਪਮਾ ਮੁਖ ਲਾਗੇ ਪਜਾਰੀ ॥੨॥ (ਪੱਤਰਾ ੨)

ਅੰਤ— ਨਹੀਂ ਜਾਣ ਪਰਾਇਆ ਆਪਣਾ, ਕਹੋ ਹਕੀਕਤ ਖੋਹਲ।
ਸਿੰਘ ਵਜੀਰੇ ਜਾਗਣਾ, ਨਵਾਂ ਬਨਾਵੇ ਤੋਲ ॥੬੧॥ (ਪੱਤਰਾ ੭੦)

ਇਸ ਪੁਸਤਕ ਵਿਚ ਕਵੀ ਵਜ਼ੀਰ ਸਿੰਘ ਦੀਆਂ ਨਿਮਨ ਲਿਖਿਤ ਰਚਨਾਵਾਂ ਸ਼ਾਮਲ ਹਨ- (੧) ਦੋਹੇ, ਪੱਤਰੇ ੨-੬, ਪਿੰਗਲ ਪ੍ਰਸੰਗ, ਪੱਤਰੇ ੬-੩੩, ਗੁਰਮੁਖ ਗੰਥ ਉਪਮਾ ਸਤਿਗੁਰਾਂ ਕੀ ੩੩-੩੮, ਬਾਰਾਂ ਮਾਹਾਂ ੩੮-੪੦, ਨਸੀਹਤਾਂ ੪੦-੪੬ ਬੈਂਤ ਕਵਿ ਵਜ਼ੀਰ ਸਿੰਘ ੪੭-੫੩, ਅੱਵਲ ਹਕੀਕਤ ੫੩-੬੩, ਤੇ ਵਾਕ ਨਿਧੜਕੀ ਕੇ ੬੩-੭੦। ਕਵੀ ਵਜ਼ੀਰ ਸਿੰਘ ਗੁਲਾਬ ਦਾਸੀਆ ਸਾਧੂ ਸੀ ਜਿਸ ਬਾਰੇ ਉਸ ਦੀ ਬਾਣੀ ਵਿਚੋਂ ਕੁਝ ਕੁਝ ਝਲਕ ਪੈਂਦੀ ਹੈ।

੨੬. (ੳ) ਪਰਚੀ ਭਾਈ ਸੇਵਾ ਰਾਮ ਜੀ ਕੀ (ਮੋਖ ਪ੍ਰਕਰਣ ਆਦਿ ਸਮੇਤ) (ਨੰ. x, ਸੇ. ਸਿੰ. ਗਿ. ਤ.)

ਲੇਖਕ-ਭਾਈ ਸੇਵਾ ਰਾਮ, ਅੱਡਣ ਸ਼ਾਹੀ। ਆਕਾਰ—$5\frac{1}{2}'' \times 8\frac{1}{4}''$ ਲਿਖਤ $4'' \times 6''$।

ਵੇਰਵਾ—ਪਤਰੇ ਪਰਚੀ ਸੇਵਾ ਰਾਮ ਜੀ ਕੀ* ੧੫੦; ਮੋਖਦਾਇਕ ਪ੍ਰਕਰਣ (ਸੰਖੇਪ ਪਾਰਸ ਭਾਗ) ੧੫੩—੫੨੨, ਸੁਖਨ ਫ਼ਕੀਰਾਂ ਕੇ ੫੨੨—੫੩੯; ਪ੍ਰਤੀ ਸਫ਼ਾ ੧੬-੧੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਜੋ ਦੋ ਹੱਥਾਂ ਦੀ ਲਿਖੀ ਪ੍ਰਤੀਤ ਹੁੰਦੀ ਹੈ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰਾਂ ਪੂਰਣ ਤੇ ਅੱਛੀ ਹਾਲਤ ਵਿਚ ਹੈ।

ਸਮਾਂ—੧੯ਵੀਂ ਸਦੀ ਬਿ.। ਲਿਖਾਰੀ—ਨਾਮਾਲੂਮ।

ਆਰੰਭ-(ਮੁੱਢ ਵਿਚ ਇਕ ਪੱਤਰਾ ਤੱਤਕਰੇ ਦਾ ਛੱਡ ਕੇ) ੧ੴ ਸਤਿਗੁਰ ਪ੍ਰਸਾਦਿ। ਪਰਚੀ ਭਾਈ ਸੇਵਾ ਰਾਮ ਜੀ ਕੀ।
ਦੋਹਰਾ ॥ ਸਕਲ ਪਦਾਰਥ ਸੁਲਭ ਹਰਿ, ਰਾਜ ਜੋਬਨੁ ਧਨੁ ਮਾਨ।
ਦੁਰਲਭ ਸੰਤ ਕੋ ਸੰਗੁ ਹੈ; ਜਿਨਿ ਪ੍ਰਭੁ ਜਾਨੀ ਜਾਨ ॥੧॥
ਚਉਪਈ ॥ ਅਬ ਸੁਨਹੁ ਸੰਤ ਸੇਵੇ ਕੀ ਗਾਥਾ। ਬ੍ਰਹਮ ਅਨੰਦਿ ਭੀਨਾ ਜਿਸੁ ਮਾਥਾ।
ਪ੍ਰਭ ਕਉ ਦ੍ਰਿੜ ਕਰਿ ਮਨ ਮਹਿ ਗਹਾ। ਆਨ ਬਾਨ ਸਕਲੀ ਕਉ ਦਹਾ।
ਅਪਨ ਆਪ ਹਰਿ ਅਰਪਨ ਕੀਨਾ। ਭ੍ਰਮ ਭਉ ਮੇਟਿ ਭਏ ਲਿਵ ਲੀਨਾ।
ਅੰਤਰਿ ਬਾਹਿਰ ਪ੍ਰਭੁ ਬਿਰਾਜੇ। ਸਕਲੀ ਬਿਧਿ ਹਰਿ ਹਰਿ ਹਰਿ ਛਾਜੇ।
ਜੈਸੇ ਖਾਂਡ ਪੁਤਰਾ ਹੋਈ। ਸਕਲੇ ਅੰਗ ਖਾਂਡ ਕੇ ਸੋਈ ॥੧॥ (ਪੱਤਰਾ ੧)

ਅੰਤ— ਅਡਣ ਨਾਮ ਥਾ ਸੰਤ ਕਾ ਤਿਨ ਹੀ ਸਿਉ ਸੰਤ ਬੋਲਿ।
ਉਨ ਬਾਤਾ ਉਹ ਸਮਝਤੇ; ਅਉਰ ਨ ਆਵੈ ਕੋਲਿ ॥੧॥
ਚਉਪਈ ॥ ਅਉਰੁ ਨ ਆਵੈ ਤਿਨ ਦੁਹ ਮਾਹੀ। ਉਆਂ ਕੋ ਬਾਤ ਬੂਝੇ ਕੋਊ ਨਾਹੀ।
ਦੇ ਦੇ ਕਾਨ ਸੁਨਹਿ ਜਨ ਅਉਰ। ਨਹਿ ਪਾਵਹਿ ਸਮਝਨ ਕੀ ਠਉਰ।

*ਇਸ ਪਰਚੀ ਵਿਚ ਸਾਈਂ ਅੱਡਣ ਸ਼ਾਹ ਦੀਆਂ ਸਾਖੀਆਂ ਹਨ।

ਆਪਸ ਮਹਿ ਦੂਹੂੰ ਚਰਚਾ ਠਾਨੀ । ਦੋਨੋ ਥੇ ਇਕ ਰੂਪੁ ਗਿਆਨੀ ।
ਪ੍ਰਸਨ ਉਤਰ ਕਹੂੰ ਨੈਕ ਨਾ ਲਾਖੇ । ਜਿਉ ਉਨ ਦੂਹੂੰ ਆਪਸ ਮਹਿ ਭਾਖੇ ।
ਏਕਤਾ ਬਾਤ ਬਹੁਤੁ ਤਬ ਚਲੀ । ਇਹ ਪਦ ਮਹਿ ਸੰਤ ਰਸਨਾ ਹਲੀ ॥੪੨੪॥
ਦੋਹਰਾ ॥ ਬਹੁੜਿ ਸੰਤੁ ਕਰਿ ਚੁਪ ਰਹਿਓ, ਕੋਠੀ ਬੈਠਿ ਇਕੰਤ ।
ਤੀਨਿ ਦਿਵਸ ਤਹਿ ਬੈਠਿ ਕਰਿ, ਤਜਿਓ ਦੇਹ ਮਹੰਤ ॥੧॥
ਚਉਪਈ ॥ ਸ਼ਕਲੇ ਜਨਾ ਭਏ ਉਨਮਨੇ । ਜਬ ਦੇਹ ਤਜਿਆ ਦੂਸਿਆ ਹਰਿ ਜਨੇ ।
ਅਪਨੀ ਠਉਰਿ ਸਕਲ ਹੋਇ ਆਏ । ਜਗ ਦੇਖਤ ਕੋ ਹੇਝੁ ਨ ਪਾਏ ।
ਤਾ ਪਾਛੈ ਅਗ ਲਕਰੀ ਮਾਹੀ । ਹਤਿ ਜਨ ਲੋਥ ਜਰਾਈ ਤਾਹੀ ।
ਮੜ੍ਹੀ ਸਮਾਧ ਤਹ ਕਛੂ ਨ ਹੋਈ । ਹਰਿ ਜਨ ਜੀਵਤ ਵਰਜੀ ਸੋਈ ।
ਪਰਚੀ ਪੂਰਨ ਸੰਤ ਕੀ ਭਈ । ਸੁਨਿ ਰਿਦਿ ਰਾਖੁ ਪ੍ਰਸੰਨ ਹੋਇ ਦਈ ॥੪੨੫॥ (ਪੱਤਰਾ ੧੫੦)

(ਅ) ਮੋਖਦਾਇਕ ਪ੍ਰਕਰਣ—ਪਾਰਸ ਭਾਗ (ਅੱਡਣ ਸ਼ਾਹ)

ਆਰੰਭ—ੴ ਸਤਿਗੁਰ ਪ੍ਰਸਾਦਿ । ਅਥ ਮੋਖਦਾਇਕ ਪ੍ਰਕਰਣ ਕੇ ਆਦਿ ਸਰਗ ਵਿਖੇ ਤਿਆਗ ਕਾ ਵਰਨਨੁ ਹੋਵੈਗਾ । ਤਾਂ ਤੇ ਜਾਣੁ ਤੂੰ ਜੋ ਜਗਿਆਸੀ ਕੀ ਆਦਿ ਅਵਸਥਾ ਪਾਪੋਂ ਕਾ ਤਿਆਗੁ ਹੈ । (ਪੱਤਰਾ ੧੫੩)

ਅੰਤ— ...ਸ਼ਿਬਲੀ ਕਉ ਬੰਦੀ ਖਾਨੇ ਵਿਖੇ ਜਬ ਮਿਤ੍ਰ ਮਿਲਣੇ ਆਏ ਥੇ ਤਬ ਸ਼ਿਬਲੀ ਨੇ ਪਰੀਖਿਆ ਕੇ ਨਮਿਤਿ ਉਨ ਕਉ ਪਾਥਰ ਮਾਰੇ । ਤਬ ਵਹੁ ਭਾਗਿ ਗਏ । ਬਹੁੜਿ ਸ਼ਿਬਲੀ ਕਹਾ ਜੋ, "ਤੁਮ ਝੂਠੇ ਮਿਤ੍ਰ ਹੋ" ਕਾਹੇ ਤੇ ਜੋ ਮਿਤ੍ਰ ਕੇ ਦੁਖ ਦੇਣੇ ਵਿਖੇ ਮਿਤ੍ਰ ਕਉ ਦੁਖ ਨਹੀਂ ਭਾਸਤਾ । ਅਬ ਧਿਆਉ ਪ੍ਰੀਤਿ ਕਾ ਸਪੂਰਨੁ ਹੂਆ । ਪਾਰਸ ਭਾਗ ਸੰਪੂਰਨੰ । (ਪੱਤਰਾ ੫੨੨)

(ੲ) ਸੁਖ਼ਨ ਫ਼ਕੀਰਾਂ ਕੇ (ਅੱਡਣ ਸ਼ਾਹ)

ਆਰੰਭ—ੴ ਸਤਿਗੁਰ ਪ੍ਰਸਾਦਿ । ਬਚਨੁ ਹੈ ਹਜਰਤਿ ਅਲੀ ਸਿਰਦਾਰ ਧਰਮ ਵਾਲੇ ਦਾ ਜੋ ਇਕ ਦਿਨ ਉਪਰਿ ਖਜਾਨੇ ਦੇ ਸਤਿ ਸਤਰਾਂ ਨਸੀਹਤਿ ਦੀਆਂ ਲਿਖੀਆਂ ਹੋਈਆਂ ਡਿਠੀਆਂ ਮੈਂ ।... (ਪੱਤਰਾ ੫੨੨)

ਅੰਤ—ਦਸ ਖਸਲਤਾ ਕੁਤੇ ਦੀਆਂ ਹੈਨਿ ।... (ਪੱਤਰਾ ੧੩੮)
ਜੋ ਕੋਈ ਉਸ ਦੀ ਓਰ ਨਜਰਿ ਕਰਦਾ ਹੈ ਤਾਂ ਉਹ ਉਪਰਿ ਜਿਮੀਂ ਦੇ ਦ੍ਰਿਸਟਿ ਰਖਦਾ ਹੈ । ਏਹ ਖਸਲਤ ਮਜੂਬਾ ਦੀ ਹੈ । (ਪੱਤਰਾ ੧੩੯)

੨੭. ਪਰਚੀ ਮਹਾਂ ਸੁੰਦਰ ਸਚਿਆਰ ਜੀ ਕੀ (ਨੰ. ੫੦੩੮, ਸਿ. ਰੈ. ਲਾ.)

ਲੇਖਕ— ਨਾਮਾਲੂਮ । ਆਕਾਰ—6¾" × 4", ਲਿਖਤ 5¼" × 3" ।

ਵੇਰਵਾ— ਪੱਤਰੇ ੨੬੧; ਪ੍ਰਤੀ ਸਫ਼ਾ ੭ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੯੯ ਬਿ. । ਲਿਖਾਰੀ—ਨਾਮਲੂਮ ।

ਆਰੰਭ— ੴ ਸਤਿਗੁਰ ਪ੍ਰਸਾਦਿ । ਅਥ ਪਰਚੀ ਮਹਾ ਸੁੰਦਰ ਸਚਿਆਰ ਜੀ ਕੀ । ਵਾਰਤਾ ਹੈ ਜੋ ਏਕ ਸਮੇ ਅਰਾਰਜ ਆਪਨੇ ਦੁਇ ਬਾਲਕਹੁ ਸਾਥ ਪ੍ਰੀਤ ਕਰਤਾ ਥਾ । ਤਿਸੀ ਸਮੇ ਉਸ ਕਉ ਆਕਾਸ ਬਾਣੀ ਹੂਈ ਜੋ ਤੂੰ ਇਨ ਕੇ ਸਾਥ ਪ੍ਰੀਤ ਨ ਕਰਿ । ਕਾਹੇ ਤੇ ਜੋ ਏਕ ਕਉ ਵਿਖ ਦੇਇ ਮਾਰਹਿਗੇ ਅਰੁ ਦੂਸਰੇ ਕਾ ਉਦਿਆਨ ਮਹਿ ਸਿਰ ਕਾਟਹਿਗੇ... (ਪੱਤਰਾ ੧)

ਅੰਤ— ਅਜੀ ਆਤਮਾ ਰਾਮ ਸਭ ਮਾਹਿ ਰਵਿ ਰਹਿਓ, ਆਤਮ ਰਾਮ ਬਿਨ ਨਾਹਿ ਦੂਜੋ ।
ਜਬੈ ਗਿਆਨ ਕੇ ਨੈਨ ਉਘਾੜ ਦੇਖਉ ਤਬੈ ਆਤਮਾ ਰਾਮ ਰਿਦ ਮਾਹਿ ਬੂਝੈ ।
ਜਲ ਥਲ ਮਾਹਿ ਤਾਹਿ ਜੋਤਿ ਜਾਗ੍ਰਿਤ ਸਦਾ, ਘਟਿ ਘਟਿ ਮਾਹਿ ਰਮਤਾ ਰਾਮ ਸੂਝੈ ।
ਵਾ ਬਿਨਾ ਨਹੀਂ ਦੂਸਰੋ ਦੇਖੀਐ ਜੀ, ਮਨ ਬਚਨ ਕਰਮ ਕਰਿ ਤਾਹਿ ਪੂਜੋ ।
ਅਥ ਪਰਚੀ ਮਹਾ ਸੁੰਦਰ ਸਚਿਆਰ ਜੀ ਕੀ ਸਮਾਪਤੰ । ਸਪੂਰਨੰ ।
ਸ੍ਰੀ ਰਾਮ ਜੀ ਸਤ ॥ ਦੋਹਰਾ ॥
ਮਨ ਕੀ ਵਾਗ ਨ ਹਾਥ ਹੈ, ਦਉੜਤ ਦਹਿ ਦਿਸ ਠਉਰ ।
ਅਖਰ ਵਧ ਘਟ ਸੋਧ ਕੇ, ਖਿਮਾ ਕਰੋ ਮਮ ਓਰ ॥
੧੮੯੯ ਅਸੂ ਦਿਨ ੮ (ਪੱਤਰਾ ੨੬੧)

ਇਹ ਪੁਸਤਕ, ਜੋ ਪੁਰਾਣੇ ਪੰਜਾਬੀ ਗੱਦ ਦਾ ਨਮੂਨਾ ਹੈ, ਅਜੇ ਤਕ ਪ੍ਰਕਾਸ਼ਿਤ ਨਹੀਂ ਹੋਈ।

२੮. (ੲ) ਫੱਕੜ ਸੁਥਰਾ ਜੀ ਕਾ (ੳਪਨਿਖਦਾਂ ਸਮੇਤ) (ਨੰ. ੬੧, ਪ੍ਰੋ. ਪ੍ਰੀ. ਸਿ.)

ਲੇਖਕ—ਸੁਥਰਾ ਸ਼ਾਹ।

ਆਕਾਰ—8", × 5½", ਲਿਖਤ 6½" × 4½"।

ਵੇਰਵਾ— ਪੱਤਰੇ ਫੱਕੜ ਸੁਥਰਾ ਜੀ ਕਾ ੪, ਈਸਾ ਵਾਸਜ ਉਪਨਿਖਦ ੫-੮, ਅਮ੍ਰਿਤ ਬਿੰਦੂ ੯-੧੨ ਅਥਰਵ ਸ਼ਿਖਾ ੧੨, ਛੁਰਕਾ ੨, ਆਤਮ ਪ੍ਰਬੋਧ ੨, ਹੰਸ ਨਾਦ ੩, ਸ਼੍ਰਵਜ ੩, ਚੋਟਕਾ ੨, ਨਾਰਾਯਣੀ ੨, ਧਯਾਨ ਬਿੰਦੂ ੨, ਵਿਚਾਰ ਸਾਰ ੩, ਬ੍ਰਹਮ ਪ੍ਰਕਾਸ਼ ਆਤਮ ਪ੍ਰਬੋਧ ੨, ਵਿਚਾਰ ਸਾਰੀਰਕ ੬, ਗਰਭ ੨, ਕਠਵੱਲੀ ੧੪, ਵ੍ਰਿਹਦਾਰਣਜਕ ੪, ਕੁਲ ਪੱਤਰੇ ੭੦;* ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਬੜੀ ਸਿੱਧੀ ਸਾਦੀ, ਜੋ ਬੇਪਰਵਾਹੀ ਨਾਲ ਲਿਖੀ ਹੋਣ ਕਰ ਕੇ ਬੜੀ ਅਸ਼ੁੱਧ ਹੈ; ੨੧ਵੇਂ ਪੱਤਰੇ ਤੇ ਆਤਮ ਪ੍ਰਬੋਧ ਉਪਨਿਖਦ ਦਾ ਕੁਝ ਪਾਠ ਲਿਖ ਕੇ ਹੜਤਾਲ ਨਾਲ ਕੱਟਿਆ ਹੋਇਆ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰੇ ਕਿਰਮ ਖ਼ੁਰਦਾ ਹੋਣ ਕਰ ਕੇ ਨੁੱਕਰਾਂ ਤੋਂ ਭੁਰੇ ਹੋਏ ਤੇ ਹੇਠੋਂ—ਉਤੋਂ ਸਿਉਂਕ ਦੇ ਖਾਧੇ ਹੋਏ, ਜਿਸ ਕਰ ਕੇ ਹਾਸ਼ੀਆ ਕੁਦਰਤੀ ਤੌਰ ਤੇ ਘਟ ਗਇਆ ਹੈ; ਅੰਤਲੇ ਪੱਤਰੇ ਗ਼ੁਮ ਹੋਣ ਕਰ ਕੇ ਪੁਸਤਕ ਅਧੂਰੀ ਤੇ ਕਿਰਮ ਖ਼ੁਰਦਾ ਹੋਣ ਕਰ ਕੇ ਖ਼ਸਤਾ ਹਾਲਤ ਵਿਚ ਹੈ।

ਸਮਾਂ— ਮੁੱਢਲੇ ਵਾਧੂ ਪੱਤਰੇ ਦੀ ਲਿਖਤ ਅਨੁਸਾਰ ਸੰਮਤ ੧੯੪੭ ਬਿ.। ਲਿਖਾਰੀ—ਨਾਮਾਲੂਮ।

ਆਰੰਭ— ਅਥ ਫਕੜ ਸੁਥਰਾ ਜੀ ਕਾ ਲਿਖਤੇ। ਏਕ ਦਿਨ ਸੁਥਰਾ ਜੀ ਬੂਆ ਮੂੰਦ ਕਰ ਜੋਗੀ ਕੀ ਮਛੀ ਮੈਂ ਬੈਠ ਰਹਾ। ਜੋਗੀ ਆਯਾ: "ਕਉਨ ਹੈ ਵੇ? ਕਿਥਉ ਸੋ ਆਯਾ ਹੈ? ਕਿਥੇ ਜਾਇਗਾ? ਕਿਹਿੰਦਾ ਹੈ? ਕੀ ਚਾਹਦਾ ਹੈ? ਕੀ ਮੰਗਦਾ ਹੈ?" ਤਬ ਸੁਥਰਾ ਬੋਲਾ "ਤੁਹਾਡੀ ਕੁੜੀ ਚਾਹਦਾ ਹਉ, ਅਰ ਚੁਤ ਵਿਚਉ ਆਯਾ ਹਉ, ਅਰ ਰਾਮ ਕਾ ਬੰਦਾ ਹਉ, ਅਰ ਚੁਤ ਵਿਚ ਜਾਈਗਾ, ਅਰ ਅੰਨ ਪਾਨੀ ਦਾ ਹਉ।" ਤਬ ਜੋਗੀ ਕਹਤ ਭਯਾ: "ਅਵੇ ਸੁਥਰਾ! ਬਾਜ ਆ ਵੇ।" ਸੁਥਰਾ ਜੀ ਕਹਦੇ ਹੈ: "ਅਵੇ ਸਹੁਰਾ! ਬੁਰਾ ਕਿਉ ਮਾਨਦਾ ਹੈ? ਤੁਸਾਡੇ ਕਿਥੇ ਹੈ ਬੇਟੀ?" (ਪੱਤਰਾ ੧)

ਅੰਤ— ...ਪਵਨ ਅਕਾਸ ਤੇਜ ਜਲ ਧਰਨੀ ਇਨ ਸੈ ਕਿਯੋ ਪਚ ਜਲੀਐ।
ਜਬ ਤੂੰ ਮਨ ਕਉ ਰੋਕੇ ਭਾਈ ਤਬ ਹੀ ਅਲਖ ਲਖਾਵੇ। ਸੁਥਰਾ ਮਨਮੁਖ ਬਹੁਤੇ ਭਾਈ, ਗੁਰਮੁਖ ਗੁਰਮੁਖ ਭਾਵੈ॥
ਇਤੀ ਫਕੜ ਸੁਥਰਾ ਜੀ ਕਾ ਸੰਪੂਰਨ ਸਮਾਪਤੰ। (ਪੱਤਰਾ ੪)

(ਅ) ਈਸਾ ਵਾਸਜ ਉਪਨਿਖਦ (ਅਨੁਵਾਦਕ-ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਉਪਨਿਖਦ ਈਸਾ ਵਾਸ ਜੁਜੁਰਬੇਦ ਕੀ। ਈਸਾ ਵਾਸ ਅਰਥ ਯਹ। ਜੋ ਈਸੁਰ ਮੈ ਸਰਬ ਗੁਝ ਹੈ।... (ਪੱਤਰਾ ੫)

ਅੰਤ— ਆਤਮਾ ਨਿਰਗੁਨ ਹੈ ਸੋ ਮੈ ਹੀ ਹਉ, ਅਰ ਬ੍ਰਿਹਮ ਜੋ ਉਤਪਤ ਸਰਬ ਕਾ ਹੈ ਸੋ ਮੈ ਹੀ ਹਉ। ਇਤੀ ਗੰਮਭੀਰ ਬ੍ਰਿਹਮ ਬਿਦਿਆ ਨਾਮ ਉਪਨਿਸਦ ਈਸਾ ਬਾਸ ਸਮਾਪਤੰ। (ਪੱਤਰਾ ੮)

੨੯. ਫੁਟਕਲ ਬਾਣੀ-ਸੰਗ੍ਰਹ (ਨੰ. ×, ਪ੍ਰੋ. ਪ੍ਰੀ. ਸਿ.)

ਲੇਖਕ— ਭਗਤ ਮਹਾਦਾਸ ਆਦਿ। ਆਕਾਰ—6" × 8", ਲਿਖਤ 5" × 7"।

ਵੇਰਵਾ— ਪੱਤਰ ੨੮੦; ਪ੍ਰਤੀ ਸਫ਼ਾ ੧੪-੧੮ ਸਤਰਾਂ; ਕਾਗਜ਼ ਦੇਸੀ; ਲਿਖਤ ਕਈ ਥਾਵੀਂ ਸਾਫ਼ ਸ਼ੁੱਧ ਦਮਦਮੀ ਤੇ ਕਈ ਥਾਵੀਂ ਸ਼ਿਕਸਤਾ ਜੋ ਮੁਸ਼ਕਿਲ ਨਾਲ ਪੜ੍ਹੀ ਜਾ ਸਕਦੀ ਹੈ, ਪਰ ਕਈ ਪੱਤਰਿਆਂ ਉਤੇ ਅਜਿਹੀ ਪੁਰਾਤਨ ਗੁਰਮੁਖੀ ਹਥ ਲਿਖਿਤ ਹੈ ਜੋ ਲੰਡਿਆਂ ਨਾਲ ਮਿਲਦੀ ਜੁਲਦੀ ਹੋਣ ਕਰ ਕੇ ਪੜ੍ਹੀ ਨਹੀਂ ਜਾ ਸਕੀ, ਤੇ ਕੰਨਿਆਂ ਦੀ ਥਾਵੇਂ ਨੁਕਤੇ (ਬਿੰਦੇ) ਲੱਗੇ ਹੋਏ ਹਨ; ਕਾਗਜ਼ ਪੁਰਾਣਾ ਤੇ ਪੱਤਰੇ ਕੁਝ ਭੁਰੇ ਹੋਏ; ਹਾਸ਼ੀਆ ਸਾਦਾ ਲਕੀਰਾਂ ਵਾਲਾ, ਪਰ ਕਈ ਥਾਵੇਂ ਬਿਨਾ ਲਕੀਰਾਂ ਦੇ ਵੀ ਹੈ; ਪੁਸਤਕ ਖ਼ਸਤਾ ਹਾਲਤ ਵਿਚ; ਜਿਲਦ ਟੁੱਟੀ ਹੋਣ ਕਰ ਕੇ ਕੁਝ ਪੱਤਰੇ ਗਵਾਚੇ ਹੋਏ ਵੀ ਹਨ।

ਸਮਾਂ— ਪੁਸਤਕ ਤਿੰਨ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— (ਮੁੱਢਲੇ ਤਿੰਨ ਪੱਤਰੇ ਤਤਕਰੇ ਦੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ। ਸ੍ਰੀ ਰਾਮ ਜੀ॥ ਛੰਦ॥
ਤੂ ਰਾਮ ਚੰਦ ਕਾ ਰੂਪ ਭਇਆ।
ਤੈ ਲਛਮਨ ਅਪਨੇ ਸੰਗ ਲੀਆ।
ਰਿਪੁ ਮਾਰ ਬਿਭੀਛਨ ਰਾਜ ਦੀਆ।

---

*ਇਹ ਪੱਤਰੇ ਨਵੀਂ ਗਿਣਤੀ ਦੇ ਅਨੁਸਾਰ ਹਨ, ਪਰ ਪੁਰਾਣੇ ਅੰਕ ੮੭ ਹਨ ਜਿਸ ਕਰ ਕੇ ਵਿਚੋਂ ਕੁਝ ਉਪਨਿਖਦਾਂ ਗ਼ੁਮ ਹੋਈਆਂ ਜਾਪਦੀਆਂ ਹਨ।

ਤੂ ਗੁਰੂਅਨ ਕਾ ਗੁਰੂ ਨਾਨਕ ਜੀ ॥ ੧ ॥...
ਵਡਹੰਸ ਛੰਤ ਭਗਤ ਮਹਾਦਾਸੁ ।
ਰਾਮ ਮੇਰਾ ਅਟਲ ਸੁਹਾਗੁ ਸੁਹਾਵਾ । ਸਤਿਗੁਰਿ ਕੀਤਾ ਹੈ ਸਹਜਿ ਮਿਲਾਵਾ ।
ਜਾ ਗੁਰਿ ਕੀਤਾ ਸਹਜਿ ਮਿਲਾਵਾ, ਪਾਏ ਵਰ ਅਬਨਾਸੀਆ ।
ਮੇਰੇ ਰੋਮਿ ਰੋਮ ਮਨਿ ਆਨਦੁ ਉਪਤਿਆ, ਕਾਟੀ ਜਮ ਕੀ ਫਾਸੀਆ ।
ਬੰਧਨ ਕਾਟਿ ਕੀਏ ਗੁਰਿ ਮੁਕਤੇ, ਸੰਤਾ ਮੰਗਲੁ ਗਾਵਾ ।
ਮਹਾਦਾਸ ਮਾਣਹੁ ਸੁਖ ਰਲੀਆ, ਮੇਰਾ ਅਟਲੁ ਸੁਹਾਗੁ ਸੁਹਾਵਾ ॥.. (ਪੱਤਰੇ ੧-੨)

ਅੰਤ— ਮਹਾਪੁਰਖਾ ਕਾ ਬੋਲਣਾ ਹੋਵੈ ਕਿਤੈ ਪਰਥਾਇ ।
ਉਇ ਅੰਮ੍ਰਿਤ ਭਰੇ ਭਰਪੂਰਿ ਹਹਿ, ਉਨਾ ਤਿਲੁ ਨ ਤਮਾਇ ੮ ॥
ਗੁਣਕਾਰੀ ਗੁ... (ਪੱਤਰਾ ੧੮੦)
ਅੰਤਲੇ ਪੱਤਰੇ ਗਵਾਚੇ ਹੋਣ ਕਰ ਕੇ ਪੁਸਤਕ ਅਧੂਰੀ ਹੈ । ਭਗਤ ਮਹਾਦਾਸ ਤੇ ਸਿੱਖ ਗੁਰੂਆਂ ਤੋਂ ਇਲਾਵਾ ਇਸ ਬਾਣੀ-ਸੰਗ੍ਰਹ ਵਿਚ ਕੁਝ ਸ਼ਬਦ ਭਗਤ ਰਵਿਦਾਸ, ਕਬੀਰ, ਨਾਮ ਦੇਵ ਤੇ ਭਗਤ ਜਲ੍ਹਣ ਦੇ ਵੀ ਹਨ ।

੩੦. ਬਚਨ ਗੋਵਿੰਦ ਲੋਕਾਂ ਕੇ (ਨਾ-ਮੁਕੰਮਲ) (ਨੰ. ੩੯੩, ਪੰ ਆ.)

ਲੇਖਕ— ਨਾਮਾਲੂਮ । ਆਕਾਰ—$5\frac{1}{2}'' \times 4\frac{1}{2}''$, ਲਿਖਤ $4'' \times 3''$ ।

ਵੇਰਵਾ— ਪੱਤਰੇ ੧੬੨; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਸਿੱਧੀ ਸਾਦੀ ਜੋ ਕਈ ਥਾਵੀਂ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਕਾਗ਼ਜ਼ ਪੁਰਾਣਾ ਹੋਣ ਕਰ ਕੇ ਪੁਸਤਕ ਕੁਝ ਖ਼ਸਤਾ ਹਾਲਤ ਵਿਚ ਹੈ ।

ਸਮਾਂ— ਪੁਸਤਕ ਸਵਾ ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਵਚਨ ਗੋਵਿੰਦ ਲੋਕਾਂ ਕੇ । ਮਨ ਰੂਪੀ ਏਕ ਬਿਲਾ ਹੈ । ਜੈਸੇ ਬਿਲਾ ਭੋਜਨੁ ਹਤਿਆ ਕਾ ਕਰਤਾ ਹੈ ਤੈਸੇ ਮਨ ਭੀ ਨਾਨਾ ਪਰਕਾਰ ਕਾ ਪਰਪੰਚ ਕਰ ਕੈ ਭੋਗ ਭੋਗਤਾ ਹੈ । ਪਾਪ ਕਰਮੁ ਕਰ ਕੇ ਪਰਸੰਨ ਹੋਤਾ ਹੈ । ਇਸ ਕਰ (ਕੇ) ਗੁਰਮੁਖਿ ਮਨ ਅਪਨੈ ਪਰ ਪਹਰਾ ਦੇਤੇ ਹੈ '... (ਪੱਤਰਾ ੧)

ਅੰਤ— ...ਰਬ ਸਾਧ ਉਨ ਕੀ ਬੇਨਤੀ ਮਾਨ ਕਰ ਉਨ ਕੀ ਨਗਰੀ ਮਹਿ ਆਏ । ਉਨਹੁ... (ਪੱਤਰਾ ੧੬੨)
ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ, ਜਿਸ ਕਰ ਕੇ ਪੁਸਤਕ ਅਧੂਰੀ ਹੈ ।
ਇਸ ਪੁਸਤਕ ਵਿਚ ਗੋਵਿੰਦ ਲੋਕਾਂ ਦੇ ੧੭੯ ਵਚਨ ਤੇ ੧ ਸਾਖੀ ਦਰਸ਼ਨ ਭਗਤ ਦੀ ਤੇ ੨ ਸਾਖੀਆਂ ਅੱਡਣ ਸ਼ਾਹ ਦੀਆਂ ਦਰਜ ਹਨ, ਪਰ ਪਿਛਲੀ ਸਾਖੀ ਪੱਤਰੇ ਫਟੇ ਹੋਣ ਕਰ ਕੇ ਮੁਕੰਮਲ ਨਹੀਂ ਹੈ ।

੩੧. ਬਚਨ ਬਿਲਾਸ (ਨੰ. ੩੯੨, ਪੰ. ਆ.)

ਲੇਖਕ— ਨਾਮਾਲੂਮ । ਆਕਾਰ—$6\frac{3}{4}'' \times 4\frac{1}{2}''$, ਲਿਖਤ $2\frac{1}{2}'' \times 2''$ ।

ਵੇਰਵਾ— ਪੱਤਰੇ ਬਚਨ ਬਿਲਾਸ ਦੇ, ਜਿਸ ਵਿਚ ਗੁਰ ਪ੍ਰਣਾਲੀ ਗੋਸਟਿ ਮੱਕਾ ਤੇ ਸ਼ਰਧਾ ਪੂਰਣ ਵੀ ਸ਼ਾਮਲ ਹਨ ੧੦; ਆਸਾ ਦੀ ਵਾਰ ੬੫, ਸ਼ਲੋਕ ਮਹਲਾ ੯ ਪੱਤਰੇ ੬੫-੮੨ ਕੁਲ ਜੋੜ ੯੨; ਪ੍ਰਤੀ ਸਫ਼ਾ ੭ ਸਤਰਾਂ; ਕਗ਼ਜ਼ ਦੇਸੀ; ਲਿਖਤ ਸਾਫ਼, ਪਰ ਕਈ ਥਾਂਵੀਂ ਸ਼ਿਕਸਤਾ ਤੇ ਅਸ਼ੁੱਧ ਵੀ ਹੈ; ਹਾਸ਼ੀਆਂ ਰੰਗੀਨ ਲਕੀਰਾਂ ਵਾਲਾ; ਪੁਸਤਕ ਫਟੀ ਹੋਣ ਕਰ ਕੇ ਦੋਬਾਰਾ ਟਿਸ਼ੂ ਪੇਪਰ ਲਾ ਕੇ ਨਵੇਂ ਵਿਗਜਾਨਕ ਢੰਗ ਨਾਲ ਮੁਰੰਮਤ ਕੀਤੀ ਹੋਈ, ਜਿਸ ਕਰ ਕੇ ਹਾਸ਼ੀਆ ਅੱਧਾ ਜਾਂ ਪੌਣਾ-ਪੌਣਾ ਇੰਚ ਦੀ ਥਾਵੇਂ ਵਧੇਰੇ ਵਧ ਗਿਆ ਹੈ; ਪੁਸਤਕ ਸਜਿਲਦ ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਨਿਸ਼ਚਿਤ ਨਹੀਂ । ਲਿਖਾਰੀ—ਨਾਮਾਲੂਮ।

ਆਰੰਭ— ਦੋਹਰਾ ॥ **ਬੇਦੀ ਕੁ**ਲ ਕਾਲੂ ਪਿਤਾ, ਮਾਤਾ ਤਿਪਰੋ ਤਾਸੁ ।
ਗੁਰੁ ਨਾਨਕ ਘੁਮੀ ਪਤੇ, ਸ੍ਰੀ ਚੰਦ ਲਖਮੀ ਦਾਸ ॥ ੧ ॥ (ਪੱਤਰਾ ੧)

ਅੰਤ— ਜਿਹ ਸਿਮਰਤ ਸੰਕਟ ਮਿਟੇ,, ਦਰਸੁ ਤੁਹਾਰੋ ਹੋਇ ॥ ੫੭ ॥ (ਪੱਤਰਾ ੮੨)
ਸਤਿਗੁਰ ਪ੍ਰਸਾਦਿ ।

(ਨੰ. ੨੨੪, ਪੰ. ਪ੍ਰੀ. ਸਿ.)

੩੨. ਬਾਣੀ ਮਹਿਮਾ ਸ਼ਾਹ ਦੀ

ਲੇਖਕ– ਸੰਤ ਮਹਿਮਾ ਸ਼ਾਹ, ਤੇ ਕਵੀ ਰੰਗਰੇਜ਼ । ਆਕਾਰ—$6\frac{1}{4}'' \times 5\frac{1}{4}''$, ਲਿਖਤ $5\frac{1}{4}'' \times 4\frac{1}{2}''$ ।

ਵੇਰਵਾ– ਪੱਤਰੇ ਸਿਫ਼ਤ ਗੁਰਾਂ ਕੀ ੧੬, ਕਵੀ ਰੰਗਰੇਜ਼ ਦੀ ਬਾਣੀ ਪੱਤਰੇ ੨੩, ਬਾਣੀ ਮਹਿਮਾ ਸ਼ਾਹ ਕੀ ੩੭੦, ਕੁੱਲ ਪੱਤਰੇ ੪੦੯; ਪ੍ਰਤੀ ਸਫ਼ਾ ੧੧-੧੨ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਬੇਪਰਵਾਹੀ ਨਾਲ ਲਿਖੀ ਹੋਣ ਕਰ ਕੇ ਬੜੀ ਅਸ਼ੁੱਧ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਕਈ ਲਿਖਾਰੀਆਂ ਦੀ ਲਿਖੀ ਹੋਈ, ਜਿਸ ਕਰ ਕੇ ਕਈ ਥਾਵੀਂ ਹਸਤਾਖਰ ਬਦਲੇ ਹੋਏ ਹਨ ਤੇ ਅੱਖਰ ਵੀ ਮੋਟੇ-ਪਤਲੇ ਜਾਂ ਅਘੜ ਦੁਘੜੇ ਹਨ; ਜਿਲਦ ਉਖੜੀ ਹੋਈ, ਪੁਸਤਕ ਖ਼ਸਤਾ ਹਾਲਤ ਵਿਚ ਤੇ ਅੰਤਲੇ ਪੱਤਰੇ ਗੁੰਮ ਹੋਣ ਕਰ ਕੇ ਅਧੂਰੀ ਹਾਲਤ ਵਿਚ, ਪਰ ਫੇਰ ਵੀ ਜੇ ਇਸ ਦੀ ਕੋਈ ਸ਼ੁੱਧ ਪ੍ਰਤੀ ਮਿਲ ਜਾਵੇ ਤਾਂ ਇਹ ਹਥ ਲਿਖਤ ਪਾਠਾਂ ਦੇ ਨਿਰਣਯ ਲਈ ਸੰਪਾਦਨ ਦਾ ਅੱਛਾ ਕੰਮ ਦੇ ਸਕਦੀ ਹੈ ।

ਆਰੰਭ– (੧) ਸਤਿ ਸ੍ਰੀ ਮਹਿਮਾ ਕੇ ਸਾਹਿ ਜੀ । ਸਿਪਿਤਿ (ਸਿਫ਼ਤ) ਗੁਰਾ ਕੀ ।
ਨਾਮ ਪ੍ਰਤਾਪ ਜਿਸ ਮਸਤਕ ਪਰ ਤਿਲਿਕ ।
ਜੁਗਾ ਜੁਗੰਤ੍ਰ ਸਾਚੀ ਮਿਲਖ ।
ਖਾਵੇ ਭੂਚੇ, ਨਾਹ ਨਖੁਟੇ ਅਖੁਟਿ ਭੰਡਾਰਾ ।... (ਪੱਤਰਾ ੧)

ਅੰਤ– ...ਨੂਰ ਹੀ ਕਾ ਦੇਸ ਉਤੇ ਨੂਰ ਹੀ ਬਪਾਰ ਸਾਰੇ,
ਨੂਰ ਹੀ ਕਾ ਖਾਣ ਪਾਣੁ ਦੇਖ ਕੇ ਅਘਾਮਣਾ ॥ (ਪੱਤਰਾ ੧੬)

ਆਰੰਭ– (੨) ੧ਓ ਸਤਿ ਸ੍ਰੀ ਮਹਮਾ ਕੇ ਸਾਹਿ ਮਹਾਕਾਲ ਜੀ ।
ਦਮ ਦਰ ਦਮ ਦਰ ਉਡੀਆ ਪਹੁਚੀ ਧੁਰ ਦਰਬਾਰ ।
ਅਗੇ ਸਹਵ ਛੈਲ ਛਿਬੀਲੇ, ਨੂਰ ਭਰਿਆ ਦੀਦਾਰ ।... (ਪੱਤਰਾ ੧)

ਅੰਤ— ਸਭਿ ਕੌਤਕਿ ਏਕਿ ਅਕਾਲ ਬਲੀ, ਜਿਉ ਧਾਗਾ ਮਾਲਾ ਖੜਕਨਿ ਹੈ । (ਪੱਤਰਾ ੨੩)

ਆਰੰਭ— (੩) ਸਤਿ ਸ੍ਰੀ ਮਹਿਮਾ ਕੇ ਸਾਹਿ ਜੀ । (ਪੱਤਰਾ ੧)
(ਏਥੇ ਇਹੋ ਪਾਠ ਲਿਖ ਕੇ ਬਾਕੀ ਪੱਤਰਾ ਖਾਲੀ ਹੈ ।)
ਆਤਸਿ ਆਗ ਸਿਰੀਰਿ ਸੰਮੁਦ੍ਰਿ ਭੋਗਿਸਿ ਰੂਪਿ ਅਘਾਨਾ ਬੁਝਾ ਰੇ । (ਪੱਤਰਾ ੨)

ਅੰਤ– ਵਾਹਿ ਵਾਹਿ ਗੁਰ ਖਿਮਾ ਤੁਮਾਰੀ, ਕਾਲ ਜਾਲ ਸਭ ਡਰ ਡਰਪੈਇ ।
ਵਾਹਿ ਗਿਰੀਬੀ ਧੰਨਿ ਗਿਰੀਬੀ, ਤਰਲੋਕੀ ਵਿਚਿ ਮੋਠੀ ਲੈਇ ।
ਸ੍ਰੀ ਮਹਿਮਾ ਸਾਹਿ ਵਦੇਹੀ ਸਤਿਗੁਰ ਜੀ ਮਨ ਮੋਹਿ ਕਿਤਿ ਦਿਖਾਲੀ ਲੈਇ ॥ (ਪੱਤਰਾ ੩੭੦)
ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਪਾਠ ਇਸ ਪੁਸਤਕ ਦਾ ਨਹੀਂ ਮਿਲਦਾ ।

(ਨੰ. ੩੪੩, ਭਾ. ਵਿ.)

੩੩. ਭਗਤਿ ਪਦਾਰਥ

ਲੇਖਕ—ਸਾਧੂ ਚਰਨ ਦਾਸ । ਆਕਾਰ– $7\frac{3}{4}'' \times 6\frac{1}{4}''$, ਲਿਖਤ $5'' \times 4''$ ।

ਵੇਰਵਾ– ਪੱਤਰੇ ੧੪੪; ਪ੍ਰਤੀ ਸਫ਼ਾ ੮ ਤੋਂ ੧੪ ਤਕ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਬੇਪਰਵਾਹੀ ਨਾਲ ਲਿਖੀ ਹੋਣ ਕਰ ਕੇ ਕਈ ਥਾਵੀਂ ਅਸ਼ੁੱਧ; ਹਾਸ਼ੀਆ ਸਾਦਾ ਕਾਲੀਆਂ, ਲਾਲ ਤੇ ਰੰਗੀਨ ਲਕੀਰਾਂ ਵਾਲਾ; ਲਕੀਰਾਂ ਵੱਖੋ ਵੱਖ ਢੰਗ ਦੀਆਂ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ– ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਇਤੀ ਅਰਥੁ ਭਗਤਿ ਪਦਾਰਥਿ ਲਿਖ੍ਯਤੇ ॥੧॥ ਦੋਹਰਾ ॥
ਪ੍ਰਣਾਮ ਸ੍ਰੀ ਮੁਨਿ ਬਿਆਸ ਜੀ, ਮਮ ਹਿਰਦੇ ਮੈਂ ਆਇ ।
ਭਗਤਿ ਪਦਾਰਥੁ ਕਹਿਤ ਹੌਂ, ਤੁਮ ਹੀ ਕਰੈ ਸਹਾਇ ॥੧॥ (ਪੱਤਰਾ ੧)

ਅੰਤ— ਕਥਾ ਬਾਚੀ ਸਬ ਹੀ ਸੁਨੈ, ਕਹਾ ਪੁਰਖਿ ਕਹਾ ਬਾਮੁ ।
ਨੇਹਚੇ ਮੰਨ ਮੇ ਲਾਈਐ, ਜਬੁ ਪਾਵੈ ਸੁਖ ਧਾਮੁ ॥੬੦੭॥
ਕਹੇ ਸਨੇ ਜੋ ਪ੍ਰੇਮ ਸਉ, ਬਰਖੈ ਅੰਮ੍ਰਿਤਿ ਆਦਿ ।
ਚਰਨ ਦਾਸ ਨੇ ਵਿਦ ਕਹੀ, ਬੰਨ ਹੋ ਪੂਰੈ ਸਾਧ ॥੬੦੮॥

ਇਤੀ ਸ੍ਰੀ ਚਰਨਦਾਸ ਜੀ ਕ੍ਰਿਤ ਭਗਤਿ ਪਦਾਰਥ ਸੰਪੂਰਣੰ ।
ਬੋਲੋ ਭਾਈ ਜੀ ਸ੍ਰੀ ਵਾਹੁਗੁਰ ਜੀ । (ਪੱਤਰਾ ੧੪੪)

੩੪. ਭ੍ਰਮ ਕਰਖਨ ਵਿਵਰਜਨ (ਅਧੂਰਾ) (ਨੰ. ੭੫੭, ਪੰ. ਯੂ. ਚੰ.)

ਲੇਖਕ— ਸਾਧੂ ਗੋਬਿੰਦ ਪ੍ਰਕਾਸ਼, ਗ਼ਰੀਬ ਦਾਸੀਆ । ਆਕਾਰ—8" × 12¾", ਲਿਖਤ 6" × 11" ।

ਵੇਰਵਾ—ਸਫ਼ੇ ੩੬੫; ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਸਫ਼ੈਦ ਵਲਾਇਤੀ; ਲਿਖਤ ਬੜੀ ਮੋਟੀ ਜੋ ਅਨਜਾਣ ਲਿਖਾਰੀ ਦੀ ਲਿਖੀ ਹੋਣ ਕਰ ਕੇ ਬਹੁਤ ਅਸ਼ੁੱਧ ਹੈ; ਕਈ ਥਾਵੇਂ ਉਕਾਈਆਂ ਦੀ ਸੁਧਾਈ ਅਸਲ ਇਬਾਰਤ ਦੇ ਨਾਲੋਂ ਨਾਲ ਜਾਂ ਸਫ਼ਿਆਂ ਉਤੇ ਟੇਢੀਆਂ ਸਤਰਾਂ ਦੇ ਕੇ ਕੀਤੀ ਹੋਈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ; ਜਿਸ ਕਰ ਕੇ ਪੱਤਰੇ ਫੱਟਣ ਦੇ ਕਾਰਣ ਅਧੂਰੀ ਤੇ ਖ਼ਸਤਾ ਹਾਲਤ ਵਿਚ ਹੈ ਤੇ ਕਵਿਤਾ ਵੀ ਇਸ ਦੀ ਅੱਛੀ ਨਹੀਂ ਹੈ ।

ਸਮਾਂ— ਪੁਸਤਕ ਪੰਜਾਹ-ਸੱਠ ਵਰ੍ਹੇ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— (ਮੁੱਢਲੇ ਚਾਰ ਸਫ਼ਿਆਂ ਦੇ ਦੋ ਪੱਤਰੇ ਛੱਡ ਕੇ) ਭਾਸ ਸਿਧਾਂਤ ॥੪॥
ਘਰ ਘਰ ਅਰਪੇ ਬ੍ਰਿਧੀ, ਮਖ ਆਟਾ ਰੰਡੀਆਂ ਖਾ ।
ਸੁਰਮਾ ਪਾਇ ਸੁਹਾਗਨੀ ਨਕ ਤੀਲੇ ਲੌਂਗ ਪਾ । ਨਕ ਬੁਲਾਕ ਨਥ... (ਸਫ਼ਾ ੫)

ਅੰਤ— ...ਬੈਲ ਸੀਂਗ ਇਕ ਉਪਰ ਵਾਗਨੀ, ਤਲੇ ਕ੍ਰਿਤ ਸੋਲਾ ॥੬੪॥ (ਸਫ਼ਾ ੩੬੫)
ਇਸ ਤੋਂ ਅੱਗੇ ਪੱਤਰੇ ਫਟੇ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ। ਇਸ ਪੁਸਤਕ ਦੇ ਸਫ਼ਾ ੧੩੯ ਪਰ ਗ੍ਰੰਥ ਵ੍ਰਿਤੀ ਪ੍ਰਭਾਕਰ ਤੇ ਵੈਰਾਗ ਸ਼ਤਕ, ਸਫ਼ਾ ੧੪੨ ਪਰ ਮਹੰਤ ਮਨੋਹਰ ਦਾਸ ਤੇ ਸਫ਼ਾ ੧੬੮ ਪਰ ਬਰਕਤ ਸਿੰਘ, ਮਨੋਹਰ ਸਿੰਘ ਆਦਿ ਦੇ ਨਾਂ ਆਉਂਦੇ ਹਨ, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਸ ਦਾ ਲੇਖਕ ਇਕ ਗ਼ਰੀਬ ਦਾਸੀਆ ਸਾਧੂ ਹੋਣ ਕਰ ਕੇ ਅੱਛੀ ਖ਼ਾਸੀ ਲੋਕ-ਪ੍ਰਤਿਸ਼ਟਾ ਦਾ ਮਾਲਿਕ ਸੀ ।

੩੫. ਵਚਨ ਗੋਬਿੰਦ ਲੋਕਾਂ ਕੇ (ਨੰ. ੯੯, ਪੰ. ਯੂ. ਚੰ.)

ਲੇਖਕ— ਸਾਈਂ ਅੱਡਣ ਸ਼ਾਹ । ਆਕਾਰ—5½" × 3¾", ਲਿਖਤ 4" × 2½" ।

ਵੇਰਵਾ— ਪੱਤਰੇ ੧੪੭; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰਲੇਖ ਤੇ ਕ੍ਰਮ ਅੰਕਾਂ-ਵਾਸਤੇ ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿੱਚ ਹੈ; ਮੁੱਢਲਾ ਪੱਤਰਾ ਸੁਨਹਿਰੀ ਰੰਗ ਦੇ ਮੱਧਮ ਬੇਲ-ਬੂਟਿਆਂ ਨਾਲ ਸਜਿਆ ਹੋਇਆ।

ਸਮਾਂ— ਸੰਮਤ ੧੯੦੨ ਬਿ. । ਲਿਖਾਰੀ—ਭਾਈ ਖੀਵਣ ਸਿੰਘ । ਸਥਾਨ—ਲਾਹੌਰ (ਪਾਕਿਸਤਾਨ) ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਵਚਨ ਗੋਬਿੰਦ ਲੋਕਾਂ ਕੇ । ਅਸੰਖ ਜੀਵ ਮੋਹ ਮਾਇਆ ਕੀ ਨਿੰਦ੍ਰਾ ਮਹਿ ਸੂਤੇ ਪੜੇ ਹੈ । ਕੋਈ ਵਿਰਲਾ ਪੁਰਖੁ ਇਸ ਨਿੰਦ੍ਰਾ ਤੇ ਜਾਗਿਆ ਹੈ । ਜੋ ਜਾਗਿਆ ਹੈ ਤਿਸ ਕੇ ਹਿਰਦੇ ਮਹਿ ਪਰਮੇਸਰ ਭਜਨ ਰੂਪੀ ਖੇਤ ਜਮਾਇਆ ਹੈ । ਤਿਸ ਭਜਨ ਰੂਪੀ ਖੇਤ ਕਾ ਫਲੁ ਪਰਮੇਸਰ ਕਾ ਦਰਸਨੁ ਹੈ ।... (ਪੱਤਰਾ ੧)

ਅੰਤ— ਅਉਰ ਬਚਨ ਇਹੁ ਹੈ, ਜੇਹਾ ਹੈ ਤੇਹਾ ਅਖਾਇ । ਹਿਕੋ ਜੇਹਾ ਅਖਾਇਦਾ ਹੈ ਤੇਹਾ ਹੋ । ਦੁਹ ਬਾਤਾ ਵਿਚਹੁ ਹਿਕੁ ਚੁਣ ਲੇਵਹੁ ॥੨੫੨॥ ਬਚਨ ਗੋਬਿਦ ਲੋਕਾਂ ਕੇ ਸਮਾਪਤੰ ॥ ਦੋਹਰਾ ॥
ਸੰਮਤ ਸਸਿ ਰਸ ਸੂਨ ਜਗ, ਕੁੰਭ ਮਾਸ ਸਸਿ ਵਾਰ ।
ਪੂਰਨ ਮਾਸੀ ਤਿੱਥ ਸੁਭ, ਪੋਥੀ ਭਈ ਤਿਯਾਰ ॥੧॥
ਰਾਮ ਕੇਸਰੀ ਪਠਨ ਹਿਤ, ਲਿਖਵਾਈ ਕਰਿ ਪ੍ਰੀਤਿ ।
ਦਸਖਤ ਖੀਵਣ ਸਿੰਘ ਨਿਜ, ਲਿਖੀ ਸੁ ਮਨ ਧਰ ਚੀਤ ॥੨॥ (ਪੱਤਰਾ ੧੪੭)

ਸਿੱਖ-ਸਾਹਿੱਤ

(ੳ) ਆਦਿ ਬਾਣੀ ਤੇ ਉਸ ਦੇ ਟੀਕੇ

੧. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਆਦਿ ਬੀੜ) (ਨੰ. ×, ਸਿ. ਰੈ. ਲਾ.)

ਲੇਖਕ– ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਸੰਪਾਦਕ—ਸ੍ਰੀ ਗੁਰੂ ਅਰਜਨ ਦੇਵ ਜੀ ।

ਆਕਾਰ—10″ × 13¼″, ਲਿਖਤ 6½″ × 9½″ ।

ਵੇਰਵਾ– ਪੱਤਰੇ ੨੧+੯੨੧ = ੯੪੨; ਪ੍ਰਤੀ ਸਫ਼ਾ ੨੦-੨੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਜੋ ਕਈ ਹੱਥਾਂ ਦੀ ਲਿਖੀ ਹੋਈ ਹੈ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੱਤਰੇ ਫਟਣ ਕਰ ਕੇ ਕਈ ਥਾਵੀਂ ਨਵੇਂ ਸਿਰੇ ਮੁਰੰਮਤ ਕੀਤੇ ਹੋਏ ਤੇ ਕਈ ਪੱਤਰੇ ਥਾਉਂ ਥਾਈਂ ਨਵੇਂ ਲਿਖ ਕੇ ਪਾਏ ਹੋਏ; ਗ੍ਰੰਥ ਸਜਿਲਦ, ਜੋ ਆਦਿ ਤੋਂ ਅੰਤ ਤਕ ਅੱਛੀ ਹਾਲਤ ਵਿਚ ਹੈ। ਸਭ ਤੋਂ ਪੁਰਾਣੀ ਲਿਖਤ ਵਿੱਚ, ਜੋ ਇਸ ਪ੍ਰੋਥੀ ਸਾਹਿਬ ਵਿਚ ਸ਼ਾਮਲ ਹੈ, ਕੰਨੇ ਬਿੰਦੀਆਂ ਦੀ ਤਰ੍ਹਾਂ ਲੱਗੇ ਹੋਏ ਹਨ ।

ਸਮਾਂ— ਸੰਮਤ ੧੬੬੧ ਬਿ. । ਲਿਖਾਰੀ—ਨਾਮਾਲੂਮ ।

ਆਰੰਭ– (ਤਤਕਰੇ ਦੇ ੨੧ ਪੱਤਰੇ ਛੱਡ ਕੇ) ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥੧॥ ਸਲੋਕੁ ॥ ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ ਜਪੁ॥
ਸੋਚੈ ਸੋਚਿ ਨ ਹੋਵਈ, ਜੇ ਸੋਚੀ ਲਖਵਾਰ । ਚੁਪੈ ਚੁਪ ਨ ਹੋਵਈ, ਜੇ ਲਾਇ ਰਹਾ ਲਿਵਤਾਰ।... (ਪੱਤਰਾ ੧)

ਅੰਤ– (ਸਲੋਕ ਫਰੀਦ ਜੀ ਕੇ) ਇਕੁ ਫਿਕਾ ਨ ਗਾਲਾਇ, ਸਭਨਾ ਮੈ ਸਾਚਾ ਧਣੀ ।
ਹਿਆਉ ਨ ਕੈਹੀ ਠਾਹਿ, ਮਾਣਕ ਸਭ ਅਮੋਲਵੇ ॥੧੨੯॥
ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ ।
ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ ॥੧੩੦॥ (ਪੱਤਰੀ ੯੧੬)

ਇਸ ਤੋਂ ਅੱਗੇ ਪੱਤਰਾ ੯੧੬ ਤੋਂ ੯੨੧ ਤਕ ਹੋਰ ਕ਼ਲਮ ਨਾਲ ਸਲੋਕ ਮਹਲਾ ੧ 'ਜਿਤੁ ਦਰਿ ਲਖ ਮੰਹਮਦਾ...', ਸਲੋਕ ਮਹਲਾ ੧ ਬਾਇ ਆਤਸ ਆਬ..., ਰਤਨ ਮਾਲਾ ਮਹਲਾ ੧, ਹਕੀਕਤ ਰਾਹ ਮੁਕਾਮ ਸਿਵਨਾਭ ਰਾਜੇ ਕੀ, ਤੇ ਰਾਗ ਮਾਲਾ ਦਰਜ ਕੀਤੀ ਹੋਈ ਹੈ । ਇਨ੍ਹਾਂ ਵਾਧੂ ਬਾਣੀਆਂ ਦਾ ਤਤਕਰੇ ਵਿਚ ਕਿਤੇ ਜ਼ਿਕਰ ਨਹੀਂ ਹੈ। ਨੌਵੇਂ ਮਹਲੇ ਦੀ ਬਾਣੀ ਦੇ ਸ਼ਬਦ ਤੇ ਸ਼ਲੋਕ ਹੋਰ ਕ਼ਲਮ ਨਾਲ ਪਿਛੋਂ ਚਾੜ੍ਹੇ ਹੋਏ, ਤੇ ਭੱਟਾਂ ਦੇ ਸਵੈਯੇ ਸ਼ਲੋਕ ਕਬੀਰ-ਫ਼ਰੀਦ ਤੋਂ ਪਹਿਲਾਂ ਦਿੱਤੇ ਹੋਏ; ਮੁੱਢ ਵਿਚ ਵੱਡਾ-ਛੋਟਾ ਤਤਕਰਾ ਦੋਵੇਂ ਸ਼ਾਮਲ ਹਨ । ਤਤਕਰੇ ਦੇ ਅੰਤ ਸ੍ਰੀ ਗੁਰੂ ਨਾਨਕ ਤੋਂ ਲੈਕੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਅੱਠਵੇਂ ਸਿਖ ਗੁਰੂ ਤਕ ਸਭਨਾਂ ਪਾਤਸ਼ਾਹੀਆਂ ਦੇ ਜੋਤੀ ਜੋਤ ਸਮਾਉਣ ਦੇ ਚਰਿਤ੍ਰ ਦਰਜ ਹਨ ਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦੁਰ (ਤਿਆਗ ਚੰਦ) ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ਼ ਸੰਮਤ ੧੭੩੨ ਮੱਘਰ ਸੁਦੀ ੫ ਹੋਰ ਕ਼ਲਮ ਨਾਲ ਲਿਖ ਕੇ ਸ਼ਾਮਲ ਕੀਤੀ ਹੋਈ ਹੈ ਤੇ ਨਾਲ ਹੀ ਲਿਖਿਆ ਹੈ—"ਲਿਖਤ ਹਰਿ ਗੋਵਿੰਦ ਜੀ ਪਾਤਸਾਹੀ ੬ ਸ੍ਰੀ ਸੰਮਤ ੧੬੬੧", ਜਿਸ ਤੋਂ ਇਹ ਅੰਤਲੀ ਲਿਖਤ ਮਸਨੂਈ ਸਿੱਧ ਹੁੰਦੀ ਹੈ ਕਿਉਂਕਿ ਸ੍ਰੀ ਗੁਰੂ ਹਰਿ ਗੋਬਿੰਦ ਜੀ, ਜਿਵੇਂ ਕਿ ਇਸੇ ਲਿਖਤ ਤੋਂ ਤਿੰਨ ਸਫ਼ਰਾਂ ਉਪਰ ਲਿਖਿਆ ਹੈ, ਸੰਮਤ ੧੭੦੧ ਵਿਚ ਜੋਤੀ ਜੋਤ ਸਮਾ ਚੁੱਕੇ ਸਨ ।

੨. ਸ੍ਰੀ ਗੁਰੂ ਗ੍ਰੰਥ ਸਾਹਿਬ (ਖਾਰੀ ਬੀੜ ਦਾ ਉਤਾਰਾ) (ਨੰ. ੩੪੧, ਪ. ਆ.)

ਲੇਖਕ—ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਸੰਪਾਦਕ—ਸ੍ਰੀ ਗੁਰੂ ਅਰਜੁਨ ਦੇਵ ਜੀ ।

ਆਕਾਰ—10¼″ × 13¾″ ਲਿਖਤ—7¾″ × 10¾″ ।

ਵੇਰਵਾ– ਪੱਤਰੇ ੫੭੯; ਤਤਕਰੇ ਦੇ ਪੱਤਰੇ ੨੨, ਕੁਲ ਜੋੜ ੬੦੧; ਪ੍ਰਤੀ ਸਫ਼ਾ ੨੪ ਸਤਰਾਂ; ਕਾਗ਼ਜ਼ ਪੁਰਾਣਾ ਦੇਸੀ; ਪੱਤਰੇ ਕੁਝ ਫੱਟੇ ਹੋਣ ਤੇ ਨਵਾ-ਪੁਰਾਣਾ ਕਾਗ਼ਜ਼ ਲਾ ਕੇ ਮੁਰੰਮਤ ਕੀਤੇ ਹੋਏ; ਲਿਖਤ ਪੁਰਾਣੇ ਢੰਗ ਦੀ ਸ਼ਿਕਸਤਾ ਜਿਹੀ,

ਜੋ ਕਈ ਥਾਵੀਂ ਅਸ਼ੁੱਧ ਹੋਣ ਕਰ ਕੇ ਹਾਸ਼ੀਏ ਉੱਤੇ ਹੋਰ ਕ਼ਲਮ ਨਾਲ ਸੁਧਾਈ ਕੀਤੀ ਹੋਈ, ਤੇ ਕਈ ਥਾਵੀਂ ਹੜਤਾਲ ਫੇਰ ਕੇ ਕੁਝ ਲਿਖਤਾਂ ਕੱਟੀਆਂ ਹੋਈਆਂ ਵੀ ਹਨ; ਹਾਸ਼ੀਆ ਰੰਗੀਨ ਲਾਲ-ਊਦੀਆਂ ਲਕੀਰਾਂ ਵਾਲਾ; ਆਰੰਭ ਵਿਚ ਸ੍ਰੀ ਗੁਰੂ ਹਰਿ ਗੋਬਿੰਦ ਜੀ ਪਾਤਸ਼ਾਹੀ ੬ ਦੇ ਮੂਲਮੰਤ੍ਰ ਦੇ ਦਸਤਖਤਾਂ ਦਾ ਸੁਤੰਤ੍ਰ ਪੱਤਰੇ ਉੱਤੇ ਨਿਸ਼ਾਨ :

"ੴ ਸਤਿਗੁਰੂ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲੁ ਮੂਰਤਿ ਅਜੂਨੀ ਸੈਭੰ ਗੁਰੁ ਪਰਸਾਦਿ ॥" ਜਿਸ ਦੇ ਇਰਦ ਗਿਰਦ ਸੁਨਹਿਰੀ ਵੇਲ ਚੜ੍ਹੀ ਹੋਈ ਹੈ। ਇਹ ਪੱਤਰਾ ਪਹਿਲਾਂ ਲਿਖੇ ਕਿਸੇ ਆਦਿ ਗ੍ਰੰਥ ਦੀ ਬੀੜ ਵਿਚੋਂ ਕੱਢ ਕੇ ਪਿਛੋਂ ਜੋੜਿਆ ਜਾਪਦਾ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਪਾਤਸ਼ਾਹੀ ੯ ਦੀ ਬਾਣੀ ਇਸ ਗ੍ਰੰਥ ਜੀ ਵਿਚ ਦਰਜ ਨਹੀਂ ਹੈ ਤੇ ਮੁੱਢ ਵਿਚ ੨੨ ਪੱਤਰਿਆਂ ਦਾ ਤਤਕਰਾ ਹੋਰ ਕਲ਼ਮ ਤੋਂ ਹੈ।

ਸਮਾਂ— ਸਮਤ ੧੭੨੩ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ਸੂਚੀ ਪਤ੍ਰ ਪੋਥੀ ਕਾ, ਤਤਕਰਾ ਰਾਗਾ ਕਾ । ਪਤਿ ੩੩ ਜੋਤੀ ਜੋਤਿ ਸਮਾਵਣੇ ਕਾ ਚਲਿਤ੍ਰ ਸੰਬਤੁ ੧੭੨੩ ਹਾੜੋ ਦਿਨੀ ੨੦ ਪੋਥੀ ਲਿਖਿ ਪਹੁਚੇ ਨੀਸਾਣੁ ਗੁਰੂ ਜੀਉ ਕੇ ਦਸਤਖਤ ਮ: ੬, ੨੫ ਜਪੁ ਗੁਰੂ ਰਾਮਦਾਸ ਜੀਉ ਕੇ ਨਕਲੁ ਕਾ ਨਕਲੁ, ੨੯ ਸੋਦਰੁ ਪੰਚ ਸਬਦ, ੩੦ ਸੋਹਿਲਾ ਆਰਤੀ ਪੰਚ ਸਬਦ । (ਪੱਤਰਾ ੧)

ੴ ਸਤਿਗੁਰ ਪ੍ਰਸਾਦਿ । ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ । ਜਪੁ । ਆਦਿ ਸਚੁ ਜੁਗਾਦਿ ਸਚੁ । ਹੈਭੀ ਸਚੁ ਨਾਨਕ ਹੋਸੀ ਭੀ ਸਚੁ । ਸੋਚੈ ਸੋਚਿ ਨ... (ਪੱਤਰਾ ੧)

ਅੰਤ— (ਸਲੋਕ ਮਹਲਾ ੫) ਸਜਣੁ ਸਚਾ ਪਾਤਿਸਾਹੁ, ਸਿਰਿ ਸਾਹਾਂ ਦੇ ਸਾਹੁ ।
ਜਿਸ ਪਾਸਿ ਬਹਿਠਿਆ ਸੋਹੀਐ, ਸਭਨਾ ਦਾ ਵੇਸਾਹੁ ॥੧੨॥...
ਨਾਨਕ ਨਾਮੁ ਮਿਲੈ ਤਾਂ ਜੀਵਾਂ, ਤਨੁ ਮਨੁ ਥੀਵੈ ਹਰਿਆ ॥੧॥੧੫੫॥ (ਪੱਤਰਾ ੫੭੬)

ਇਸ ਤੋਂ ਬਾਦ ਸ਼ਲੋਕ ਮਹਲਾ ੧ 'ਜਿਤੁ ਦਰਿ ਲਖ ਮੁਹੰਮਦਾ...। (ਪੱਤਰਾ ੫੭੬) ਸ਼ਲੋਕ ਮਹਲਾ ੧ 'ਬਾਇ ਆਤਸਿ ਆਬ—' (ਪੱਤਰਾ ੫੭੭), ਰਾਗੁ ਰਾਮਕਲੀ ਰਤਨ ਮਾਲਾ ਮਹਲਾ ੧ (ਪੱਤਰੇ ੫੭੭-੭੯), ਹਕੀਕਤ ਰਾਹ ਮੁਕਾਮ ਸਿਵ ਨਾਭ ਰਾਜੇ ਕੀ (ਪੱਤਰੇ ੫੭੮-੭੯), ਰਾਗ ਮਾਲਾ (ਪੱਤਰਾ ੫੭੯) ਤੇ ਸਿਆਹੀ ਕੀ ਬਿਧੀ (ਪੱਤਰਾ ੫੭੯) ਦਰਜ ਹਨ ।

ਇਸ ਬੀੜ ਦੇ ਆਦਿ-ਅੰਤ ਕੇਸਰ ਦੇ ਨਿਸ਼ਾਨ ਥਾਂ ਪਰ ਥਾਂ ਲਗੇ ਹੋਏ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਸ ਦੇ ਪਾਠ ਵੀ ਹੁੰਦੇ ਰਹੇ ਹਨ, ਤੇ ਇਹ ਬੀੜ ਇਤਿਹਾਸਿਕ ਹੋਣ ਕਰ ਕੇ ਸੰਭਾਲ ਕੇ ਰੱਖਣ ਦੇ ਜੋਗ ਹੈ।

ਸੰਮਤ ੧੭੨੩ ਬਿ. ਦਰ ਅਸਲ ਤਤਕਰਾ ਕਾਰ ਦਾ ਸਮਾਂ ਦਸਦਾ ਹੈ ਜੋ ਹੋਰ ਕ਼ਲਮ ਤੋਂ ਹੋਣ ਕਰ ਕੇ ਬਾਣੀ ਦੀ ਲਿਖਤ ਨਾਲ ਮੇਲ ਨਹੀਂ ਖਾਂਦਾ, ਜਿਸ ਕਰ ਕੇ ਇਹ ਬੀੜ ਉਸ ਤੋਂ ਵੀ ਪਹਿਲਾਂ ਦੀ ਲਿਖੀ ਜਾਪਦੀ ਹੈ ।

੩. ਆਦਿ ਗੁਰੂ ਗ੍ਰੰਥ ਜੀ (ਖਾਰੀ ਬੀੜ) (ਨੰ. x, ਤਖ਼ਤ ਹ. ਮੰ. ਪਟਨਾ – (ਬਿਹਾਰ)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਸੰਪਾਦਕ—ਸ੍ਰੀ ਗੁਰੂ ਅਰਜਨ ਦੇਵ ਜੀ ।

ਆਕਾਰ—9¼" × 13", ਲਿਖਤ 6¼" × 10¼" ।

ਵੇਰਵਾ— ਪੱਤਰੇ ਤਤਕਰਾ ਆਦਿ ੪੦, ਬਾਣੀ ਦੇ ਪੱਤਰੇ ੭੩੬, ਕੁੱਲ ਜੋੜ ੭੭੬; ਪ੍ਰਤੀ ਸਫ਼ਾ ੨੫ ਸਤਰਾਂ; ਕਾਗਜ਼ ਵਧੀਆ ਸਿਆਲ ਕੋਟੀ; ਲਿਖਤ ਸਾਫ਼ ਤੇ ਸ਼ੁੱਧ, ਪਰ ਕਿਤੇ ਕਿਤੇ ਕੁਝ ਉਕਾਈਆਂ ਵੀ ਹਨ ਜੋ ਹੜਤਾਲ ਫੇਰ ਕੇ ਸੋਧੀਆਂ ਹੋਈਆਂ; ਕਈ ਥਾਵੀਂ ਪੱਤਰੇ ਫਟਣ ਕਰ ਕੇ ਮੁੜ ਨਵੇਂ ਸਿਰਿਓਂ ਮੁਰੰਮਤ ਕੀਤੇ ਹੋਏ ਤੇ ਬਾਣੀ ਦੇ ਪਾਠ ਹੋਰ ਕ਼ਲਮ ਨਾਲ ਲਿਖ ਕੇ ਚੇਪੀਆਂ ਲਾ ਕੇ ਦਰੁਸਤ ਕੀਤੇ ਹੋਏ; ਪੱਤਰੇ ੪੫-੪੬ ਉੱਤੇ 'ਆਸਾ ਮਹਲਾ ੪ ਸੋ ਪੁਰਖੁ' ਦਾ ਪਾਠ ਲਿਖ ਕੇ ਹੜਤਾਲ ਫੇਰੀ ਹੋਈ; ਹਾਸ਼ੀਆ ਰੰਗੀਨ ਬਾਰੀਕ ਲਕੀਰਾਂ ਵਾਲਾ, ਜੋ ਅਤਿ ਸੁੰਦਰ ਹੈ; ਗ੍ਰੰਥ ਜੀ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ; ਆਮ ਪ੍ਰਚਲਿਤ ਬੀੜਾਂ ਨਾਲੋਂ ਇਸ ਹਥ ਲਿਖਤ ਗ੍ਰੰਥ ਜੀ ਵਿਚ ਬਹੁਤ ਸਾਰੇ ਛੋਟੇ ਛੋਟੇ ਪਾਠ ਭੇਦ ਹਨ।

ਸਮਾਂ— ਸੰਮਤ ੧੭੪੮ ਬਿ. । ਲਿਖਾਰੀ—ਨਾਮਾਲੂਮ ।

ਆਰੰਭ-(ਤਤਕਰਾ) ਸੂਚੀ ਪਤ੍ਰ ਪੋਥੀ ਤਤਕਰਾ ਰਾਗ ਕਾ, **ਜੋਤੀ ਜੋਤਿ ਸਮਾਵਣੇ ਕਾ, ਚਲਿਤ੍ਰ ਸੰਬਤੁ ੧੭੪੮ ਮਿਤੀ ਅਸਾੜ ਵਦੀ** ਤ੍ਰਿਉਦਸੀ ਗਿਰੰਥੁ ਲਿਖਿਆ ਨੀਸਾਣੁ, ਗੁਰੂ ਜੀ ਕੇ ਦਸਤਖਤ ਮਹਲਾ ੧੦, ਨੀਸਾਣੁ ਗੁਰੂ ਜੀ ਕੇ ਦਸਖਤ ਮਹਲਾ (ਪੱਤਰਾ ੧)

(ਨੀਸਾਣ ਸ੍ਰੀ ਦਸ਼ਮੇਸ਼ ਜੀ ਦੇ ਦਸਤਖ਼ਤਾਂ ਦਾ) ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ । (ਪੱਤਰਾ ੩੯)

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ॥ ਆਦਿ ਸਚੁ ਜੁਗਾਦਿ ਸਚੁ ।... (ਪੱਤਰਾ ੧)

ਅੰਤ— ਦੋਹਰਾ ॥ ਬਲ ਟੂਟਿਓ ਬੰਧਨ ਪਰਿਓ, ਰਹਿਓ ਨ ਕਛੂ ਉਪਾਇ ।
ਕਹਿ ਨਾਨਕ ਅਬ ਓਟ ਹਰਿ, ਗਜਿ ਜਿਉ ਹੋਇ ਸਹਾਇ ॥੫੩॥
ਮ: ੧੦(॥) ਬਲੁ ਹੂਓ ਬੰਧਨ ਛੁਟੈ, ਸਭੁ ਕਛੁ ਹੋਤ ਉਪਾਇ ।
ਸਭ ਕਿਛੁ ਤੁਮ੍ਹਰੈ ਹਾਥ ਮੈ, ਤੁਮ ਹੀ ਹੋਇ ਸਹਾਇ ॥੫੪॥
ਮਹਲਾ (੯॥) ਰਾਮ ਨਾਮ ਉਰ ਮੈ ਗਹੋ, ਜਾ ਕੀ ਸਮ ਨਹੀਂ ਕੋਇ ।
ਜਿਹ ਸਿਮਰਤ ਸੰਕਟ ਮਿਟੇ, ਦਰਸ ਤਿਹਾਰੋ ਹੋਇ ॥੫੫॥
ਬੰਧ ਸਖਾ ਸਭ ਤਜਿ ਗਏ, ਦੀਓ ਨ ਕਾਹੂ ਸਾਥ ।
ਕਹੁ ਨਾਨਕ ਇਹ ਬਿਪਤ ਮਹਿ, ਏਕ ਓਟ ਰਘੁਨਾਥ ॥੫੬॥ (ਪੱਤਰਾ ੭੩੪)

ਇਸ ਤੋਂ ਅੱਗੇ ਰਾਗ ਰਾਮ ਕਲੀ ਰਤਨ ਮਾਲਾ ਮਹਲਾ ੧ (ਪੱਤਰਾ ੭੩੪ ਤੋਂ ੭੩੫ ਤਕ), ਹਕੀਕਤ ਰਾਹ ਮੁਕਾਮ ਰਾਜੇ ਸਿਵ ਨਾਭ ਕੀ (ਪੱਤਰਾ ੭੩੫ ਤੋਂ ੭੩੬ ਤਕ) ਅਤੇ 'ਰਾਗ ਮਾਲਾ' ਤਥਾ 'ਸਿਆਹੀ ਕੀ ਬਿਧਿ' (ਪੱਤਰਾ ੭੩੬ ਪਰ) ਸ਼ਾਮਲ ਹਨ । ਪੱਤਰਾ ੬੪੯ ਪਰ ਰਾਗ ਸਾਰੰਗ ਵਿਚ ਸੂਰਦਾਸ ਦੇ ਸ਼ਬਦ ਦੀ ਇਕ ਤੁਕ–ਛਾਡਿ ਮਨ ਹਰਿ ਬਿਮੁਖਨ ਕੋ ਸੰਗ' ਲਿਖ ਕੇ ਬਾਕੀ ਸਾਰਾ ਸ਼ਬਦ ਹੋਰ (ਬਾਰੀਕ) ਕਲਮ ਨਾਲ ਮੁਕੰਮਲ ਕੀਤਾ ਹੋਇਆ ਹੈ, ਇਸੇ ਤਰ੍ਹਾਂ ਪੱਤਰਾ ੫੮੦ ਪਰ ਰਾਗ ਮਾਰੂ ਵਿਚ ਮੀਰਾਂ ਬਾਈ ਦਾ ਸਾਰਾ ਸ਼ਬਦ "ਮਨੁ ਹਮਾਰੋ ਬਾਂਧਿਓ ਮਾਈ ਕਵਲ ਨੈਨ ਅਪਨੇ ਗੁਨ..." ਤੇ ਪੱਤਰੇ ੪੯੬-੯੭ ਪਰ ਰਾਮਕਲੀ ਮਹਲਾ ੫ ਦੇ ਸਿਰਲੇਖ ਹੇਠ 'ਰਣ ਝੁਝਨੜਾ ਗਾਉ ਸਖੀ' ਪੂਰੇ ਸ਼ਬਦ ਦਰਜ ਹਨ ।

ਤਤਕਰੇ ਤੋਂ ਬਾਦ ੪ ਪੱਤਰੇ ਤੇ ਜੋਤੀ ਜੋਤ ਸਮਾਉਣ ਦੇ ਚਰਿਤ੍ਰ ਤੇ ਸ੍ਰੀ ਗੁਰੂ ਦਸ਼ਮੇਸ਼ ਜੀ ਦੇ ਨੀਸਾਣ ਤੋਂ ਅੱਗੇ-ਪਿਛੇ ਦੋ ਪੱਤਰੇ ਖਾਲੀ ਛੱਡੇ ਹੋਏ ਹਨ ।

੪. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** (ਖਾਰੀ ਬੀੜ) (ਨੰ. ×, ਬਾ. ਹ. ਸਿੰ. ਵ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਸੰਪਾਦਕ—ਸ੍ਰੀ ਗੁਰੂ ਅਰਜਨ ਦੇਵ ਜੀ ।

ਆਕਾਰ— $10\frac{1}{2}'' \times 13''$, ਲਿਖਤ $7\frac{1}{4}'' \times 11''$ ।

ਵੇਰਵਾ— ਪੱਤਰੇ ੬੯੦; ਪ੍ਰਤੀ ਸਫ਼ਾ ੨੧-੨੬ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ, ਪਰ ਕਿਤੇ ਕਿਤੇ ਉਕਾਈਆਂ ਵੀ ਹਨ, ਜੋ ਹਾਸ਼ੀਏ ਉਤੇ ਹੋਰ ਕਲਮ ਨਾਲ ਜਾਂ ਹੜਤਾਲ ਫੇਰ ਕੇ ਸੋਧੀਆਂ ਹੋਈਆਂ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੱਤਰੇ ਕੁਝ ਫਟਣ ਕਰ ਕੇ ਕਈ ਥਾਵੀਂ ਨਵੇਂ ਸਿਰਿਓਂ ਚੇਪੀਆਂ ਲਾ ਕੇ ਮੁਰੰਮਤ ਕੀਤੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਹੱਥ ਲਿਖਤ ਹੈ । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ।
ਜਪੁ ॥ ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥ (ਪੱਤਰਾ ੧)

ਅੰਤ— ਖਸਟ ਰਾਗ ਉਨਿ ਗਾਏ, ਸੰਗਿ ਰਾਗਨੀ ਤੀਸ ।
ਸਭੈ ਪੁਤ੍ਰ ਰਾਗਨ ਕੇ, ਆਠਾਰਹ ਦਸ ਬੀਸ ॥ ੧ ॥ ੧ ॥ (ਪੱਤਰਾ ੬੯੦)

ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਮਹਲੇ ਦੇ ਸ਼ਬਦ—ਸ਼ਲੋਕ ਤੇ ਰਾਗ ਮਾਰੂ ਦੇ ਅੰਤ ਪੱਤਰਾ ੫੪੬ ਪਰ ਮੀਰਾਂ ਬਾਈ ਦਾ ਸ਼ਬਦ (ਮਨੁ ਹਮਾਰੋ ਬਾਂਧਿਓ ਮਾਈ ਕਵਲ ਨੈਨ ਅਪਨੇ ਗੁਨ..), ਰਾਗ ਸਾਰੰਗ ਵਿਚ ਪੱਤਰਾ ੬੧੩ ਪਰ ਸੂਰ ਦਾਸ ਦਾ ਸ਼ਬਦ (ਹਰਿ ਕੇ ਸੰਗ ਬਸੇ ਹਰਿ ਲੋਕ...) ਅਤੇ ਅੰਤ ਵਿਚ "ਜਿਤੁ ਦਰਿ ਲਖ ਮੁਹੰਮਦਾ..." (ਸਲੋਕ ਮਹਲਾ ੧), "ਬਾਇ ਆਤਸ ਆਬ..." (ਸਲੋਕ ਮਹਲਾ ੧), ਹਕੀਕਤ ਰਾਹ ਮੁਕਾਮ ਰਾਜੇ ਸ਼ਿਵ ਨਾਭ ਕੀ, ਰਾਗ ਰਾਮਕਲੀ ਰਤਨ ਮਾਲਾ ਮਹਲਾ ੧ ਤੇ ਰਾਗ ਮਾਲਾ ਦਰਜ ਹਨ । ਇਸ ਤੋਂ ਬਿਨਾ ਇਸ ਵਿਚ ਲਿਖਾਰੀ ਨੇ ਅੰਕ ੨ ਦੀ ਥਾਵੇਂ ਥਾਉਂ ਥਾਈਂ 'ਦ' ਅੱਖਰ ਹੀ ਵਰਤਿਆ ਹੈ । ਅੰਤ ਵਿਚ ਇਕ ਵਾਧੂ ਪੱਤਰੇ ਉਤੇ ਸ੍ਰੀ ਗੁਰੂ ਨਾਨਕ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਤਕ ੯ ਗੁਰੂਆਂ ਦੇ ਜੋਤੀ-ਜੋਤਿ ਸਮਾਉਣ ਦੇ ਸਨ-ਸੰਮਤ ਦਿੱਤੇ ਹਨ, ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸੁਰਗਵਾਸ

ਹੋਣ ਦਾ ਸੰਮਤ ੧੭੬੫ ਕਿਸੇ ਹੋਰ ਮੋਟੀ ਕਲਮ ਨਾਲ ਲਿਖਿਆ ਹੋਇਆ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਹੱਥ ਲਿਖਤ ਹੈ।

੫. ਸ੍ਰੀ ਗੁਰੂ ਗ੍ਰੰਥ ਸਾਹਿਬ (ਖਾਰੀ ਬੀੜ) (ਨੰ. ੬੧੮੫, ਵਿ. ਵੈ. ਰੀ. ਇ. ਹੋ)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ। ਸੰਪਾਦਕ—ਸ੍ਰੀ ਗੁਰੂ ਅਰਜਨ ਦੇਵ ਜੀ।

ਆਕਾਰ–6½" × 9¾", ਲਿਖਤ 5" × 8"।

ਵੇਰਵਾ— ਪੱਤਰੇ ੫੬੮; ਪ੍ਰਤੀ ਸਫ਼ਾ ੩੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਲਿਖਤ ਦੋ ਲਿਖਾਰੀਆਂ ਦੀ ਬਾਰੀਕ ਕਲਮ ਦੀ, ਜੋ ਕਿਤੇ ਕਿਤੇ ਅਸ਼ੁੱਧ ਵੀ ਹੈ; ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ; ਤਤਕਰੇ ਦੇ ਪੱਤਰੇ ਪੁਰਾਣਾ ਕਾਗਜ਼ ਹੋਣ ਕਰ ਕੇ ਖ਼ਸਤਾ ਹਾਲਤ ਵਿਚ ਤੇ ਬਾਕੀ ਮੂਲ ਪੁਸਤਕ ਦੇ ਪੱਤਰੇ ਵਿਚੋਂ ਕੁਝ ਕਿਰਮ ਖ਼ੁਰਦਾ ਹੋਣ ਤੇ ਵੀ ਅੱਛੀ ਹਾਲਤ ਵਿਚ; ਪੁਸਤਕ ਸਜਿਲਦ ਜੋ ਹਰ ਤਰ੍ਹਾਂ ਪੂਰਣ ਹੈ।

ਸਮਾਂ— ਗ੍ਰੰਥ ਦ ਕੁ ਸੌ ਵਰ੍ਹੇ ਪੁਰਾਣਾ ਜਾਪਦਾ ਹੈ। ਲਿਖਾਰੀ—ਨਾਮਾਲੂਮ।

ਆਰੰਭ– ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ, ਜੁਗਾਦਿ ਸਚੁ। ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ।... (ਪੱਤਰਾ ੪੧)

ਅੰਤ— ਦੋਹਰਾ ॥ ਬਲ ਟੂਟਿਓ ਬੰਧਨ ਪਰਿਓ, ਰਹਿਓ ਨ ਕਛੂ ਉਪਾਇ।
ਕਹਿ ਨਾਨਕ ਅਬ ਓਟ ਹਰਿ, ਗਜ ਜਿਉ ਹੋਇ ਸਹਾਇ ॥ ੫੩ ॥
ਮਹਲਾ ਦਸਵਾ ੧੦।
ਬਲੁ ਹੂਓ ਬੰਧਨ ਛੁਟੇ, ਸਭੁ ਕਛੁ ਹੋਤ ਉਪਾਇ
ਸਭ ਕਛੁ ਤੁਮਰੇ ਹਾਥ ਮੈ, ਤੁਮ ਹੀ ਹੋਇ ਸਹਾਇ ॥ ੫੪ ॥
ਮਹਲਾ ਨਾਵਾ ੯
ਰਾਮ ਨਾਮ ਉਰ ਮੈ ਗਹੋ, ਜਾਕੀ ਸਮ ਨਹ ਕੋਇ।
ਜਿਹ ਸਿਮਰਤ ਸੰਕਟ ਮਿਟੇ, ਦਰਸੁ ਤਿਹਾਰੋ ਹੋਇ ॥ ੫੫ ॥
ਬੰਧ ਸਖਾ ਸਭ ਤਜਿ ਗਏ, ਦੀਓ ਨ ਕਾਹੂ ਸਾਥ।
ਕਹੁ ਨਾਨਕ ਇਹ ਬਿਪਤਿ ਮਹਿ, ਏਕ ਓਟ ਰਘੁਨਾਥ ॥ ੫੬ ॥
ਨਾਮੁ ਰਹਿਓ ਸਾਧੂ ਰਹਿਓ, ਰਹਿਓ ਗੁਰੁ ਗੋਬਿੰਦ।
ਕਹੁ ਨਾਨਕ ਇਹ ਜਗਤ ਮਹਿ ਕਿਨੇ ਜਪਿਓ ਗੁਰ ਮੰਤ ॥ ੫੭ ॥ (ਪੱਤਰਾ ੫੬੫)

ਇਸ ਤੋਂ ਅੱਗੇ ਵਾਧੂ ਬਾਣੀਆਂ, 'ਸਲੋਕ ਮਹਲਾ ੧ ਜਿਤੁ ਦਰਿ ਲਖ ਮੁਹੰਮਦਾ... ਸਲੋਕ ਮਹਲਾ ੧ ਬਾਇ ਆਤਸ ਆਬ, ਰਾਗੁ ਰਾਮਕਲੀ ਰਤਨ-ਮਾਲਾ ਮਹਲਾ ੧, ਹਕੀਕਤਿ ਰਾਹੁ ਮੁਕਾਮ ਰਾਜੇ ਸਿਵ ਨਾਭ ਕੀ, ਰਾਗ ਮਾਲਾ ਤੇ ਸਿਆਹੀ ਕੀ ਬਿਧਿ' ਪੱਤਰਾ ੫੬੮ ਤਕ ਕ੍ਰਮ-ਅਨੁਸਾਰ ਦਰਜ ਹਨ। ਇਹ ਬੀੜ ਬਾਵਾ ਮੂਲ ਸਿੰਘ ਜੀ ਇਨਸਪੈਕਟਰ ਆਫ਼ ਸਕੂਲਜ਼ ਫ਼ਰੀਦ ਕੋਟ ਨੇ, ਕਈ ਸਾਲ ਹੋਏ, ਸਾਧੂ ਆਸ਼੍ਰਮ ਹੋਸ਼ਿਆਰ ਪੁਰ ਨੂੰ ਪ੍ਰੇਮ ਨਾਲ ਦਿੱਤੀ ਸੀ।

੬. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਖਾਰੀ ਬੀੜ) (ਨੰ. ੩੦੧, ਭਾ. ਵਿ.)

ਲੇਖਕ—ਸ੍ਰੀ ਗੁਰੂ ਨਾਨਕ ਦੇਵ ਜੀ ਆਦਿ। ਸੰਪਾਦਕ—ਸ੍ਰੀ ਗੁਰੂ ਅਰਜਨ ਦੇਵ ਜੀ।

ਆਕਾਰ—12½" × 12", ਲਿਖਤ 9½" × 10"।

ਵੇਰਵਾ—ਪੱਤਰੇ ਤੱਤਕਰੇ ਦੇ ੨-੨੪ (੨੩) ਅਤੇ ਗੁਰਬਾਣੀ ਦੇ ੮੨੫, ਕੁੱਲ ਜੋੜ ੮੪੮; ਪ੍ਰਤੀ ਸਫ਼ਾ ੨੪ ਸਤਰਾਂ; ਕਾਗਜ਼ ਕਸ਼ਮੀਰੀ; ਪੱਤਰੇ ੭੪੮ ਤੋਂ ੭੬੯ ਤਕ ਉਪਰਲੇ ਹਾਸ਼ੀਏ ਦੇ ਮੁੱਢਲੇ ਪਾਸਿਓਂ ਦੀਮਕ (ਸਿਉਂਕ) ਦੇ ਚੱਟੇ ਹੋਏ, ਜਿਸ ਕਰ ਕੇ ਆਰ-ਪਾਰ ਛੇਕ ਹਨ; ਲਿਖਤ ਸਾਫ਼ ਤੇ ਸ਼ੁੱਧ, ਪਰ ਸਿੱਧੀ ਸਾਦੀ; ਹਾਸ਼ੀਆ ਦੁਪਾਸੀਂ ਸੁੰਦਰ ਰੰਗੀਨ ਲਕੀਰਾਂ ਵਾਲਾ, ਕੁੱਝ ਪੱਤਰੇ ਹੇਠਲੇ ਪਾਸਿਓਂ ਭੁਰਨ ਕਰ ਕੇ ਦੋਬਾਰਾ ਚੇਪੀਆਂ ਲਾ ਕੇ ਮੁਰੰਮਤ ਕੀਤੇ ਹੋਏ; ਪੱਤਰਾ ਅੰਕ ੩੮੧ ਅੱਧ ਵਾਟਿਓਂ ਫਟਿਆ ਹੋਇਆ; ਇਸੇ ਤਰ੍ਹਾਂ ਅੰਤਲਾ ਪੱਤਰਾ ੮੨੫, ਜਿਸ ਪਰ ਰਾਗ ਮਾਲਾ ਦਰਜ ਹੈ, ਫਟ ਕੇ ਗਵਾਚਣ ਕਰ ਕੇ ਨਵੇਂ ਸਿਰਿਓਂ ਲਿਖ ਕੇ ਲਗਾਇਆ ਹੋਇਆ; ਤਤਕਰੇ ਦੇ ਅੰਤ ਵਿਚ ਦਸਾਂ ਪਾਤਸ਼ਾਹੀਆਂ ਦੇ ਜੋਤੀ ਜੋਤਿ ਸਮਾਉਣ ਦੇ ਚਰਿਤ੍ਰ ਦਿੱਤੇ ਹੋਏ ਹਨ।

ਸਮਾਂ— ਲਗ ਭਗ ੧੯ਵੀਂ ਸਦੀ ਬਿ.। ਲਿਖਾਰੀ— ਨਾਮਾਲੂਮ।

ਆਰੰਭ—੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ॥ ਆਦਿ ਸਚੁ, ਜੁਗਾਦਿ ਸਚੁ। ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥੧॥ (ਪੱਤਰਾ ੧)

ਅੰਤ— ਸਭੇ ਪੁਤ੍ਰ ਰਾਗਨ ਕੇ ਅਠਾਰਹਿ ਦਸ ਬੀਸ ॥੧॥੬॥ (ਪਤਰਾ ੮੨੫)

ਇਸ ਬੀੜ ਵਿਚ ਖਾਰੀ ਬੀੜ (ਭਾਈ ਬੰਨੋ ਜੀ) ਦੇ ਅਨੁਸਾਰ ਆਮ ਪ੍ਰਚਲਿਤ ਬਾਣੀ ਤੋਂ ਬਿਨਾ ਸ਼ਲੋਕ ਮਹਲਾ ੯ ਤੋਂ ਬਾਦ ਸ਼ਲੋਕ ਮਹਲਾ ੧ "ਜਿਤ ਦਰ ਲਖ ਮਹੰਮਦਾ..." ਸ਼ਲੋਕ ਮਹਲਾ ੧ "ਬਾਇ ਆਤਸ ਆਬ..." ਸ਼ਲੋਕ ਤਥਾ ਗੋਸਟਿ ਮਲਾਰ ਨਾਲ ਮ: ੧, ਰਤਨ ਮਾਲਾ ਮਹਲਾ ੧, ਤੇ ਹਕੀਕਤ ਰਾਜੇ ਸਿਵ ਨਾਭ ਕੀ ਪੱਤਰਾ ੮੨੧ ਤੋਂ ੮੨੪ ਤਕ ਦਰਜ ਹਨ ।

੭. ਸ੍ਰੀ ਗੁਰੂ ਗ੍ਰੰਥ ਸਾਹਿਬ (ਦਮਦਮੀ ਬੀੜ) (ਨੰ. ੩੬੪, ਭਾ. ਵਿ.)

ਲੇਖਕ- ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਸੰਪਾਦਕ—ਸ੍ਰੀ ਗੁਰੂ ਅਰਜਨ ਦੇਵ ਜੀ ।

ਆਕਾਰ—$14\frac{3}{4}'' \times 12\frac{3}{4}''$, ਲਿਖਤ $10\frac{1}{2}'' \times 10\frac{1}{4}''$ ।

ਵੇਰਵਾ—ਪੱਤਰੇ ੪੨+੭੧੨ = ੭੫੪; ਪ੍ਰਤੀ ਸਫ਼ਾ ੨੧ ਸਤਰਾਂ; ਕਾਗਜ਼ ਖ਼ਾਕੀ ਕਸ਼ਮੀਰੀ; ਲਿਖਤ ਸਿੱਧੀ-ਸਾਦੀ ਸਾਫ਼, ਪਰ ਕਿਤੇ ਕਿਤੇ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਪੱਤਰਾ ੩੧ ਤਕ ਲਾਲ ਤੇ ਕਾਲੀਆਂ ਲਕੀਰਾਂ ਵਾਲਾ, ਤੇ ਬਾਕੀ ਕੇਵਲ ਕਾਲੀਆਂ ਲਕੀਰਾਂ ਵਾਲਾ; ਗ੍ਰੰਥ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ- ਸੰਮਤ ੧੮੯੪ ਬਿ. । ਲਿਖਾਰੀ—ਨਾਮਾਲੂਮ ।

ਆਰੰਭ—(ਮੁੱਢ ਵਿਚ ਤੱਤਕਰੇ ਦੇ ੪੨ ਪੱਤਰੇ ਛੱਡ ਕੇ) ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ॥ ਆਦਿ ਸਚੁ ਜੁਗਾਦਿ ਸਚੁ ।... (ਪੱਤਰਾ ੧)

ਅੰਤ— ...ਸਭੇ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੧॥੬॥

(ਲਿਖਾਰੀ ਵਲੋਂ) ਸੰਮਤ ਅਠਾਰਾਂ ਸੈ ਚੁਰਾਨਵਾ, ਜੇਠ ਸੁਦੀ ਚੌਥ ਥਿਤ ਜਾਨ ।
ਗ੍ਰੰਥ ਸਪੂਰਨ ਤਿਸ ਸਮੇ, ਭਇਆ ਜੁ ਨੀਕੇ ਮਾਨ ॥
ਰਾਮ ਨਾਮ ਹੀ ਸਾਰ ਹੈ, ਭਗਤਿ ਸਹਿਤ ਜੇ ਹੋਇ ।
ਗੁਰਮੁਖ ਕੇ ਹੁਏ ਬਿਨਾ, ਜਨਮ ਜਾਹਿਗੋ ਖੋਇ ॥
ਰਾਮ, ਰਾਮ, ਰਾਮ ਹਰੇ ਰਾਮ ॥ (ਪੱਤਰਾ ੭੧੧)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਹ ਬੀੜ ਦਮਦਮੀ ਹੈ, ਜਿਵੇਂ ਕਿ ਇਸ ਦੀਆਂ ਬਾਣੀਆਂ ਦੀ ਤਰਤੀਬ ਤੋਂ ਪਤਾ ਲਗਦਾ ਹੈ । ਇਸ ਵਿਚ ਸਾਰੰਗ ਮਹਲਾ ੫ ਸੂਰਦਾਸ "ਛਾਡਿ ਮਨ ਹਰਿ ਬਿਮੁਖਨ ਕੋ ਸੰਗੁ" ਤੁਕ ਤੋਂ ਅੱਗੇ ਪੂਰਾ ਸ਼ਬਦ ਹੈ, ਜੋ ਹੋਰ ਆਮ ਬੀੜਾਂ ਵਿਚ ਨਹੀਂ ਮਿਲਦਾ । ਉਹ ਸ਼ਬਦ ਇਹ ਹੈ —

੧ਓ ਸਤਿਗੁਰ ਪ੍ਰਸਾਦਿ ।
ਹਰਿ ਕੇ ਸੰਗ ਬਸੇ ਹਰਿ ਲੋਕ ।
ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥੧॥
ਰਹਾਉ ॥ ਦਰਸਨੁ ਪੇਖਿ ਭਏ ਨਿਰਬਿਖਈ, ਪਾਏ ਹੈ ਸਗਲੇ ਥੋਕ ।
ਆਨ ਬਸਤੁ ਸਿਉ ਕਾਜੁ ਨ ਕਛੂਐ, ਸੁੰਦਰ ਬਦਨ ਅਲੋਕ ॥੧॥
ਸਿਆਮ ਸੁੰਦਰ ਤਜਿ ਆਨ ਜੁ ਚਾਹਤ, ਜਿਉ ਕੁਸਟੀ ਤਨਿ ਜੋਕ ।
ਸੂਰ ਦਾਸ ਮਨੁ ਪ੍ਰਭਿ ਹਥਿ ਲੀਨੋ, ਦੀਨੋ ਇਹੁ ਪਰਲੋਕ ॥੨॥੧॥੭॥ (ਪੱਤਰਾ ੬੨੬)

੮. ਸ੍ਰੀ ਗੁਰੂ ਗ੍ਰੰਥ ਸਾਹਿਬ (ਦਮਦਮੀ ਬੀੜ) (ਨੰ. ×, ਗੁ. ਦੂ. ਨਿ. ਪ.)

ਲੇਖਕ–ਸ੍ਰੀ ਗੁਰੂ ਨਾਨਕ ਜੀ ਆਦਿ । ਸੰਪਾਦਕ—ਸ੍ਰੀ ਗੁਰੂ ਅਰਜਨ ਦੇਵ ਜੀ । ਆਕਾਰ—$9\frac{1}{2}'' \times 13\frac{3}{4}''$, ਲਿਖਤ $7\frac{1}{2}'' \times 11\frac{1}{2}''$ ।

ਵੇਰਵਾ— ਪੱਤਰੇ ੭੦੫; ਪ੍ਰਤੀ ਸਫ਼ਾ ੨੫—੨੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਪੁਰਾਣੇ ਢੰਗ ਦੀ ਸਾਫ਼ ਤੇ ਸ਼ੁੱਧ; ਹਾਸ਼ੀਆ ਚਾਰ ਚਾਰ ਲਕੀਰਾਂ ਵਾਲਾ; ਹਾਸ਼ੀਏ ਦੇ ੯ ਪੱਤਰੇ ਤੇ ਪੱਤਰੇ ੮੨, ੧੯੬,੭੦੪,੭੦੫ ਨਵੇਂ ਸਿਰਿਓਂ ਲਿਖ ਕੇ ਜੋੜੇ ਹੋਏ, ਪੱਤਰੇ ੮੨.੧੯੬ ਬਿਨਾ ਲਕੀਰਾਂ ਦੇ ਸਾਦੇ ਹਾਸ਼ੀਏ ਵਾਲੇ ਤੇ ਬਾਕੀ ਨਵੇਂ ਪੱਤਰੇ ਸਾਰੇ ਦੇ ਸਾਰੇ ਰੰਗੀਨ ਹਾਸ਼ੀਏ ਵਾਲੇ; ਪੁਰਾਣੇ ਪੱਤਰੇ ਫਟੇ ਹੋਣ ਕਰ ਕੇ ਕੁਝ ਪੱਤਰੇ ਚੇਪੀਆਂ ਲਾ ਕੇ ਨਵੇਂ ਸਿਰਿਓਂ ਮੁਰੰਮਤ ਕੀਤੇ ਹੋਏ; ਹਥ ਲਿਖਿਤ ਵੈਸੇ ਆਦਿ ਤੋਂ ਅੰਤ ਤਕ ਅੱਛੀ ਹਾਲਤ ਵਿਚ ਹੈ, ਪਰ ਪਿੱਛੋਂ ਕਿਸੇ ਨੇ ਅਖ਼ੀਰ ਤੇ ਜਾ ਕੇ ਬਾਣੀਆਂ ਦੀ ਤਰਤੀਬ ਬਦਲ ਦਿੱਤੀ ਹੈ ।

ਸਮਾਂ- ੧੮ਵੀਂ ਸਦੀ ਬਿ. । ਲਿਖਾਰੀ-ਨਾਮਾਲੂਮ ।

ਆਰੰਭ— (ਮੁੱਢ ਵਿਚ ਤਤਕਰੇ ਦੇ ੨੨ ਪੱਤਰੇ ਛੱਡ ਕੇ) ੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ, ਜੁਗਾਦਿ ਸਚੁ । ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ।... (ਪੱਤਰਾ ੧)

ਅੰਤ—ਨਾਮੁ ਰਹਿਓ ਸਾਧੂ ਰਹਿਓ, ਰਹਿਓ ਗੁਰੁ ਗੋਬਿੰਦ ।
ਕਹੁ ਨਾਨਕ ਇਹ ਜਗਤ ਮਹਿ, ਕਿਨੈ ਜਪਿਓ ਗੁਰ ਮੰਤ ॥੫੭॥੨੦੩॥ (ਪੱਤਰਾ ੭੦੩)

ਇਸ ਤੋਂ ਅੱਗੇ ਨਵੀਂ ਕਲਮ ਤੇ ਨਵੀਂ ਸਿਆਹੀ ਨਾਲ ਨਵੇਂ ਪੱਤਰਿਆਂ ਉਤੇ ਮੁੰਦਾਵਣੀ ਮਹਲਾ ੫, ਸਲੋਕ ਮਹਲਾ ੫ ਜੋ ਇਸ ਤੋਂ ਪਹਿਲਾਂ ਪੱਤਰਾ ੭੦੨ ਉਤੇ ਦਰਜ ਸਨ ਉਥੋਂ ਕੱਟ ਕੇ ਹੜਤਾਲ ਫੇਰ ਕੇ ਇਥੇ ਤਰਤੀਬ ਬਦਲਨ ਲਈ ਰਾਗ ਮਾਲਾ ਸਮੇਤ ਨਵੇਂ ਸਿਰੇ ਦਰਜ ਕੀਤੇ ਹਨ ਤੇ ਇਸ ਗੱਲ ਨੂੰ ਲੁਕਾਉਣ ਲਈ ਕਿਤਨੇ ਹੀ ਪੱਤਰਿਆਂ ਦੇ ਅੰਕ ਵੀ ਬਦਲ ਦਿੱਤੇ ਹਨ । ਮਾਲੂਮ ਹੁੰਦਾ ਹੈ ਕਿ ਇਸ ਨਵੀਂ ਲਿਖਤ ਵਿਚ ਤੇ ਤਤਕਰੇ ਦੇ ਅੰਤਲੇ ਪੱਤਰੇ ਬਦਲਨ ਵਿਚ ਕਿਸੇ ਲਿਖਾਰੀ ਦੀ ਹਥ-ਫੇਰੀ ਹੈ । ਨੌਵੇਂ ਮਹਲੇ ਦੇ ਸ਼ਬਦ-ਸ਼ਲੋਕ ਇਸ ਬੀੜ ਵਿਚ ਮੌਜੂਦ ਹਨ, ਪਰ ਮੁੱਢਲੇ ਸੰਖੇਪ ਤਤਕਰੇ ਵਿਚ ਰਾਗ ਮਾਲਾ ਦਾ ਜ਼ਿਕਰ ਨਹੀਂ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਇਹ ਕਿਸੇ ਦਮਦਮੀ ਬੀੜ ਦਾ ਉਤਾਰਾ ਹੈ ਤੇ ਰਾਗ ਮਾਲਾ ਇਸ ਬੀੜ ਵਿਚ ਪਹਿਲਾਂ ਨਹੀਂ ਸੀ ਜੋ ਕਿਸੇ ਲਿਖਾਰੀ ਨੇ ਪਿੱਛੋਂ ਸ਼ਾਮਲ ਕੀਤੀ ਹੈ ।

੯. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਦਮਦਮੀ ਬੀੜ) (ਨੰ. ×, ਬਾ. ਹ. ਸਿੰ. ਵ.)

ਲੇਖਕ—ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਸੰਪਾਦਕ—ਸ੍ਰੀ ਗੁਰੂ ਅਰਜਨ ਦੇਵ ਜੀ ।

ਆਕਾਰ—$14\frac{1}{2}'' \times 13\frac{1}{2}''$, ਲਿਖਤ $9\frac{3}{4}'' \times 9\frac{3}{4}''$ ।

ਵੇਰਵਾ—ਪੱਤਰੇ ੨੪+੬੧੫ ਜੋੜ ੬੩੯; ਪ੍ਰਤੀ ਸਫ਼ਾ ੨੪ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸਾਧਾਰਣ; ਜੋ ਕਿਤੇ ਕਿਤੇ ਅਸ਼ੁੱਧ ਹੈ, ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ; ਗ੍ਰੰਥ ਸਜਿਲਦ, ਪਰ ਜਿਲਦ ਉਖੜੀ ਹੋਈ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸਵਾ ਕੁ ਸੌ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ।... (ਪੱਤਰਾ ੧)

ਅੰਤ—ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੧॥੬॥ (ਪੱਤਰਾ ੬੧੫)

ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀਆਂ ਦੀ ਤਰਤੀਬ ਦਮਦਮੀ ਬੀੜ ਦੇ ਅਨੁਸਾਰ ਹੈ ਤੇ 'ਰਤਨ ਮਾਲਾ' ਆਦਿ ਵਾਧੂ ਬਾਣੀਆਂ ਨਹੀਂ ਦਿੱਤੀਆਂ ਹੋਈਆਂ ਤੇ ਨੌਵੇਂ ਮਹੱਲੇ ਦੇ ਸ਼ਬਦ ਤੇ ਸ਼ਲੋਕ ਵੀ ਕ੍ਰਮ ਅਨੁਸਾਰ ਥਾਉਂ ਥਾਂਈਂ ਦਰਜ ਹਨ ।

੧੦. ਜਪੁਜੀ (ਨੰ. ੧੦੬, ਭਾ. ਵਿ.)

ਲੇਖਕ— ਗੁਰੂ ਨਾਨਕ । ਆਕਾਰ—$4\frac{1}{2}'' \times 3\frac{3}{4}''$, ਲਿਖਤ $3\frac{1}{2}'' \times 2\frac{1}{2}''$ ।

ਵੇਰਵਾ— ਪੱਤਰ ੨੬; ਪ੍ਰਤੀ ਸਫੇ ਤੇ ੭ ਸਤਰਾਂ; ਲਿਖਤ ਪ੍ਰਾਚੀਨ; ਕਾਗਜ਼ ਦੇਸੀ; ਲਿਖਾਈ ਸਾਫ਼ ਤੇ ਸ਼ੁੱਧ; ਹਾਸ਼ੀਆ ਲਕੀਰਾਂ ਵਾਲਾ (ਦੋਹੀਂ ਪਾਸੀਂ ਦੋ ਦੋ ਕਾਲੀਆਂ ਲਕੀਰਾਂ) ।

ਸਮਾਂ— ੧੬ ਵੀਂ ਸਦੀ ਬਿਕ੍ਰਮੀ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਆਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ, ਜੁਗਾਦਿ ਸਚੁ ॥ ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥ ੧ ॥

ਅੰਤ— ਸਲੋਕ ਪਵਣ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ।
ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ।
ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ।
ਕਰਮੀ ਆਪੋ ਆਪਣੀ, ਕੇ ਨੇੜੈ ਕੇ ਦੂਰਿ ।
ਜਿਨੀ ਨਾਮੁ ਧਿਆਇਆ ਗਏ ਮੁਸਕਤਿ ਘਾਲਿ ।
ਨਾਨਕ ਤੇ ਮੁਖ ਉਜਲੇ ਕੇਤੇ ਛੁਟੀ ਨਾਲਿ ॥"

(ਨੰ. ৪੯੯, ਸੈਂ. ਪ. ਲਾ.)

੧੧. **ਜਪੁਜੀ**

ਲੇਖਕ— ਗੁਰੂ ਨਾਨਕ। ਆਕਾਰ—5½" × 7¾", ਲਿਖਤ 3¾" × 6¼"।

ਵੇਰਵਾ—ਪੱਤਰੇ ੧੯; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਦੇਸੀ; ਲਿਖਾਈ ਸਿੱਧੀ ਸਾਦੀ; ਅੱਖਰ ਰਤਾ ਮੋਟੇ ਤੇ ਲਿਖਤ ਪੁਰਾਣੀ; ਹਾਸ਼ੀਆ ਰੰਗੀਨ, ਪਰ ਸਿੱਧਾ ਸਾਦਾ, ਜਿਸ ਵਿੱਚ ਕਈ ਥਾਵੀਂ ਅਸ਼ੁੱਧੀਆਂ ਵੀ ਹਨ।

ਸਮਾਂ— ਸੰਮਤ ੧੮੩੧ ਬਿ.। ਲਿਖਾਰੀ— ਟਹਿਲ ਦਾਸ।

ਆਰੰਭ— (ਕੁਝ ਵਾਧੂ ਲਿਖਤ ਤੇ ਤੱਤਕਰੇ ਆਦਿ ਤੋਂ ਬਾਅਦ)

"੧ ਓ ਸ੍ਰੀ ਸਤਿਗੁਰ ਪ੍ਰਸਾਦਿ॥ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੋਨੀ ਸੈਭੰ ਗੁਰ ਪ੍ਰਸਾਦਿ॥
ਜਪੁ ਮ: ੧ ਸਲੋਕ॥ ਆਦਿ ਸਚੁ ਜੁਗਾਦਿ ਸਚੁ॥

ਅੰਤ— ਨਾਨਕ ਤੇ ਮੁਖੁ ਉਜਲੇ ਕੇਤੀ ਛੁਟੀ ਨਾਲ।
ਗੁਰੂ ਗੁਰੂ ਸਤਿਗੁਰੂ ਧਨ ਗੁਰ॥

੧੨. **ਆਦਿ ਗੁਰੂ ਗ੍ਰੰਥ ਜੀ ਦੀ ਬਾਣੀ** (ਸੰਗ੍ਰਹਿ) (ਨੰ. ੭੯, ਭਾ. ਵਿ.)

ਲੇਖਕ— ਸ੍ਰੀ ਗੁਰੂ ਨਾਨਕ ਜੀ ਆਦਿ। ਆਕਾਰ—5½" × 3" ਲਿਖਤ 3¾" × 2¼"।

ਵੇਰਵਾ—ਪੱਤਰੇ ੩੧੫; ਪ੍ਰਤੀ ਸਫ਼ਾ ਸਤਰਾਂ ਦੀ ਔਸਤ ੬; ਲਿਖਤ ਪ੍ਰਾਚੀਨ; ਹਾਸ਼ੀਆ ਪੌਣਾ ਪੌਣਾ ਇੰਚ (ਰੰਗੀਨ ਲਕੀਰਾਂ ਵਾਲਾ); ਸਿਰਲੇਖ ਤੇ ਸ਼ਬਦਾਂ ਦੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਕਾਗਜ਼ ਕਿਰਮ ਖ਼ੁਰਦਾ।

ਸਮਾਂ— ੧੭ ਵੀਂ ਸਦੀ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ਸਲੋਕ ਸਹਸ ਕ੍ਰਿਤੀ ਮਹਲਾ ੧॥
ਪੜ ਪੁਸਤਕ ਸੰਧਿਆ ਬਾਦੰ॥ ਸਿਲ ਪੂਜਿਸਿ ਬਗੁਲ ਸਮਾਧੰ॥
ਮੁਖ ਝੂਠੁ ਬਿਭੂਖਨ ਸਾਰੰ॥ ਤ੍ਰੈਪਾਲ ਤਿਹਾਲ ਬਿਚਾਰੰ॥ ਗਲਿ ਮਾਲਾ ਤਿਲਕੁ ਲਿਲਾਟੰ॥ ਦੁਇ ਧੋਤੀ ਬਸਤ੍ਰ ਕਪਾਟੰ॥ ਜੋ ਜਾਨਸਿ ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚੇ ਕਰਮੰ॥ ਕਹੁ ਨਾਨਕ ਨਿਸਚੌ ਧਿਆਵੈ॥ ਬਿਨੁ ਸਤਿਗੁਰ ਬਾਟ ਨ ਪਾਵੈ॥ ੧।

ਅੰਤ— ੧ਓ ਸਤਿਗੁਰ ਪ੍ਰਸਾਦਿ॥ ਸਿਆਹੀ ਕੀ ਬਿਧਿ॥ ਸਿਰਸਾਹੀ ਕਾਜਲੁ ਵਜਨੁ ੧, ਬੋਲੁ ਸਿਰਸਾਹੀ ੨, ਗੂੰਦ ਕਿਕਰ ਦਾ ਸਿਰਸਾਹੀ ੧, ਇਕੁ ਰਤੀ ਲਾਜ ਵਰਦੁ ੧, ਇਕੁ ਰਤੀ ਸੁਇਨਾ, ੧ ਬਿਜੈ ਸਾਰ ਕਾ ਪਾਣੀ, ਤਾਂਬੇ ਕਾ ਭਾਂਡਾ, ਨਿਮ ਕੀ ਲਕਰੀ ਕਾ ਡੰਡਾ, ਦੂਰ ਕਾ ਕਾਜਲੁ ਦਿਨ ਵੀਹ ਘਸਣੀ, ਰਵਾਲ ਰਖਣੀ॥

ਗੁਰਬਾਣੀ ਦਾ ਇਹ ਚੋਣਵਾਂ ਸੰਗ੍ਰਹਿ ਹੈ ਤੇ ਇਸ ਵਿਚ ਸ੍ਰੀ ਗੁਰ ਗ੍ਰੰਥ ਸਾਹਿਬ ਦੀਆਂ ਨਿਮਨ ਲਿਖਤ ਬਾਣੀਆਂ ਹਨ:—ਸਲੋਕ ਸਹਸ ਕ੍ਰਿਤੀ ਮ: ੧, ਗਾਥਾ ਮ: ੫, ਫੁਨਹੇ ਮ: ੫, ਚਉਬੋਲੇ ਮ: ੫, ਸਲੋਕ ਭਗਤ ਕਬੀਰ ਜੀਉ ਕੇ, ਸਲੋਕ ਸੇਖ ਫਰੀਦ ਕੇ, ਸਵੈਯੇ ਸ੍ਰੀ ਮੁਖ ਬਾਕ੍ਯ ਮ: ੫, ਭੱਟਾਂ ਦੇ ਸਵੈਯੇ (ਮਹਲਾ ੧ ਤੋਂ ੫ ਤਕ); ਸਲੋਕ ਵਾਰਾਂ ਤੇ ਵਧੀਕ, ਮੁੰਦਾਵਣੀ, ਸਲੋਕ ਮ: ੫, ਸਲੋਕ ਮਹਲਾ ੯,* ਸਲੋਕ ਮਹਲਾ ੧ (ਜਿਤ ਦਰਿ ਲਖ ਮੁਹੰਮਦਾ), ਸਲੋਕ ਮ: ੧ (ਬਾਇ ਆਤਸ ਆਬ...), ਰਾਮਕਲੀ ਰਤਨੁ ਮਾਲਾ ਮਹਲਾ ੧, ਹਕੀਕਤ ਰਾਹ ਮੁਕਾਮ ਰਾਜੇ ਸਿਉਨਾਭ ਕੀ, ਰਾਗ ਮਾਲਾ ਅਤੇ ਸਿਆਹੀ ਕੀ ਬਿਧਿ, ਬਸ ਇਥੇ ਹੀ ਇਸ ਹਥ-ਲਿਖਤ ਦਾ ਅੰਤ ਹੋ ਜਾਂਦਾ ਹੈ।

੧੩. **ਆਦਿ ਗ੍ਰੰਥ ਜੀ ਦੀ ਬਾਣੀ** (ਨੰ. ×, ਸ਼. ਸਿੰ. ਅੰ.)

ਲੇਖਕ—ਸ੍ਰੀ ਗੁਰੂ ਨਾਨਕ ਦੇਵ ਜੀ ਆਦਿ। ਆਕਾਰ—6" × 8½", ਲਿਖਤ 4" × 6½"।

ਵੇਰਵਾ—ਪਤਰੇ ਤੱਤਕਰੇ ਸਮੇਤ ੩+੬੬੪=੬੬੭; ਅੰਤ ਵਿਚ ਮਹਲਾ ੯ ਦੇ ਸ਼ਬਦ—ਸ਼ਲੋਕ, ਸ਼ਲੋਕ ਕਬੀਰ-ਫ਼ਰੀਦ ਤੇ ਵਿਚਿਤ੍ਰ ਨਾਟਕ (ਪਾਤਸ਼ਾਹੀ ੧੦), ਪੱਤਰੇ ੬੯, ਕੁੱਲ ਜੋੜ ੭੩੬; ਪ੍ਰਤੀ ਸਫ਼ਾ ੧੩—੧੪ ਸਤਰਾਂ; ਕਾਗਜ਼ ਦੇਸੀ ਤੇ

*ਇਸ ਤੋਂ ਅੱਗੇ ਸਭ ਬਾਣੀਆਂ ਖਾਰੀ ਬੀੜ ਦੀਆਂ ਹਨ।

ਪੱਤਰੇ ਕੁਝ ਭੁਰੇ ਹੋਏ ; ਲਿਖਤ ਦੋ ਤਿੰਨ ਕਿਸਮ ਦੀ ਜੁਦੇ ਜੁਦੇ ਹੱਥਾਂ ਦੀ ਲਿਖੀ ਹੋਈ, ਜੋ ਸਾਫ਼ ਤੇ ਸ਼ੁੱਧ ਹੈ, ਕਾਗਜ਼ ਪੁਰਾਣਾ ਹੋਣ ਕਰ ਕੇ ਖ਼ਸਤਾ ਹਾਲਤ ਵਿਚ, ਤੇ ਪੱਤਰੇ ਭਿੱਜਣ ਕਰ ਕੇ ਕਈ ਥਾਈਂ ਪਾਣੀ ਦੇ ਕੁਝ ਨਿਸ਼ਾਨ ਲੱਗੇ ਹੋਏ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਜਿਲਦ, ਪਰ ਜਿਲਦ ਟੁੱਟੀ ਹੋਈ. ਜਿਸ ਕਰਕੇ ਅੱਛੀ ਹਾਲਤ ਵਿਚ ਨਹੀਂ ਹੈ।

ਸਮਾਂ—ਸੰਮਤ ੧੭੯੨ ਬਿ. । ਲਿਖਾਰੀ—ਨਾਮਾਲੂਮ ।

ਆਰੰਭ—(ਮੁੱਢ ਵਿਚ ੩ ਪੱਤਰੇ ਤੱਤਕਰੇ ਦੇ ਤੇ ਬਾਕੀ ੧੧ ਪੱਤਰੇ ਖ਼ਾਲੀ ਛੱਡ ਕੇ) ੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ। ਨਾਨਕ ਹੋਸੀ ਭੀ ਸਚੁ ॥੧॥ ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰਿ। ...... (ਪੱਤਰਾ ੧)

ਅੰਤ—ਨਾਨਕ ਹਉ ਪਿਰੁ ਭਾਲਿਆ। ਆਪਨਾ ਸਤਿਗੁਰ ਨਾਲਿ ਦਿਖਾਲਿਆ ॥ ੪ ॥ (ਪੱਤਰਾ ੬੬੪)

ਇਸ ਤੋਂ ਅੱਗੇ ਪੱਤਰਾ ੧ ਤੋਂ ੨੪ ਤਕ ਸ਼ਬਦ—ਸ਼ਲੋਕ ਮਹਲਾ ੯, ਪੱਤਰਾ ੨੪ ਤੋਂ ੪੭ ਤਕ ਸ਼ਲੋਕ ਕਬੀਰ ਜੀ ਕੇ, ਪੱਤਰਾ ੪੭ ਤੋਂ ੫੯ ਤਕ ਸ਼ਲੋਕ ਸ਼ੇਖ ਫ਼ਰੀਦ ਜੀਉ ਕੇ, ਪੱਤਰਾ ੬੦ ਤੋਂ ੬੨ ਤਕ ਗੋਸ਼ਟਿ (ਤਿਲੰਗ) ਮਹਲਾ ੧ ਕਾਜ਼ੀ ਰੁਕਨ ਦੀਨ ਪਰਥਾਇ, ਪੱਤਰਾ ੬੩ ਤੋਂ ੬੯ ਤਕ ਸ੍ਰੀ ਦਸ਼ਮੇਸ਼ ਜੀ ਕ੍ਰਿਤ ਵਿਚਿਤ੍ਰ ਨਾਟਕ ਦੇ ਦੋ ਪਹਿਲੇ ਅਧੂਰੇ ਅਧਿਆਇ ਦਰਜ ਹਨ । ਇਨ੍ਹਾਂ ਪਿਛਲੇ ੬੯ ਪੱਤਰਿਆਂ ਦੀ ਲਿਖਤ ਤੇ ਖ਼ਸਤਾ ਜਿਹਾ ਕਾਗਜ਼ ਪਹਿਲੇ ੬੬੪ ਪੱਤਰਿਆਂ ਨਾਲੋਂ ਬਿਲਕੁਲ ਜੁਦਾ ਹੈ ਜੋ ਕਿਸੇ ਹੋਰ ਲਿਖਾਰੀ ਦੀ ਲਿਖਤ ਹੈ । ਪਹਿਲੇ ਭਾਗ ਵਿਚ ਕੁਝ ਪੱਤਰੇ ਫੱਟੇ ਹੋਏ ਵੀ ਹਨ ।

ਬਾਣੀਆਂ ਦਾ ਕ੍ਰਮ ਇਸ ਗ੍ਰੰਥ ਵਿਚ ਜਪੁ, ਸੋਦਰ, ਸੋਹਲਾ, ਰਾਗ ਰਾਮਕਲੀ ਓਅੰਕਾਰ ਦਖਨੀ, ਸਿਧ ਗੋਸ਼ਟਿ ਮਹਲਾ ੧, ਗਉੜੀ ਬਾਵਨ ਅਖਰੀ ਮਹਲਾ ੫, ਗਉੜੀ ਸੁਖਮਨੀ ਮਹਲਾ ੫, ਆਦਿ ਗ੍ਰੰਥ ਜੀ ਦੀਆਂ ਵਾਰਾਂ (ਵਾਰ ਆਸਾ, ਮਲਾਰ, ਮਾਝ, ਮਾਰੂ, ਸੂਹੀ, ਗੂਜਰੀ ਆਦਿ), ਸਤੇ ਬਲਵੰਡ ਦੀ ਵਾਰ, ਗੁਰੂ ਨਾਨਕ ਜੀ ਇਕ ਸਾਖੀ (ਹੋਰ ਕਲਮ ਨਾਲ ਲਿਖੀ ਹੋਈ), ਮਾਰੂ ਸੋਲਹੇ, ਗਉੜੀ ਥਿਤੀ, ਰਾਗ ਬਿਲਾਵਲ ਦੀ ਵਾਰ, ਰਾਗ ਤੁਖਾਰੀ ਬਾਰਾਂ ਮਾਹਾਂ, ਰਾਗ ਮਾਝ ਬਾਰਾਂ ਮਾਹਾਂ, ਰਾਮਕਲੀ, ਆਸਾ, ਫੁਨਹੇ, ਸਲੋਕ ਸਹਿਸਕ੍ਰਿਤੀ, ਗਾਥਾ, ਸਵੈਯੇ ਮਹਲਾ ੫, ਗਉੜੀ ਬਾਵਨ ਅਖਰੀ ਕਬੀਰ ਜੀ ਕੀ, ਵਾਰ ਕਬੀਰ ਜੀਉ ਕੇ, ਸ੍ਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ ਦੇਵ ਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ ਛੰਤ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਬਿਭਾਸ, ਪ੍ਰਭਾਤੀ, ਸਲੋਕ ਵਾਰਾਂ ਤੇ ਵਧੀਕ । ਇਨ੍ਹਾਂ ਬਾਣੀਆਂ ਵਿਚ ਹੋਰ ਛਪੀਆਂ ਹੋਈਆਂ ਬੀੜਾਂ ਦੇ ਮੁਕਾਬਲੇ ਤੇ ਕਈ ਤਰ੍ਹਾਂ ਦੇ ਕੁਝ ਪਾਠ ਭੇਦ ਹਨ, ਜੋ ਵਿਚਾਰਨ ਯੋਗ ਹਨ

੧੪. ਆਦਿ ਗ੍ਰੰਥ ਜੀ ਦੀ ਬਾਣੀ (ਜਾਪੁ ਪਾਤਸ਼ਾਹੀ ੧੦ ਸਮੇਤ) (ਨੰ. ×, ਸ਼. ਸਿੰ. ਅ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ—6" × 10", ਲਿਖਤ $4\frac{1}{2}$" × $7\frac{3}{4}$" ।

ਵੇਰਵਾ—ਪੱਤਰੇ ੬੩੩; ਪ੍ਰਤੀ ਸਫ਼ਾ ੧੭ ਸਤਰਾਂ; ਕਾਗ਼ਜ਼ ਦੇਸੀ (ਸ਼ਿਆਲ ਕੋਟੀ); ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਬਗ਼ੈਰ ਲਕੀਰਾਂ ਤੇ ਰੰਗੀਨ ਲਕੀਰਾਂ ਵਾਲਾ; ਬਹੁਤ ਥਾਵੀਂ ਹਾਸ਼ੀਆ ਫਟਣ ਕਰ ਕੇ ਚੇਪੀਆਂ ਲਾ ਕੇ ਨਵਾਂ ਹਾਸ਼ੀਆ ਹੋਰ ਕਾਗਜ਼ ਦਾ ਚਾੜ੍ਹਿਆ ਹੋਇਆ, ਜਿਸ ਕਰ ਕੇ ਅਨੇਕ ਥਾਵੀਂ ਹਾਸ਼ੀਏ ਦੀਆਂ ਲਕੀਰਾਂ ਵੀ ਕਟ ਗਈਆਂ ਹਨ; ਜਿਲਦ ਪੁਰਾਣੀ ਚਮੜੇ ਦੀ ਪਰ ਉਖੜੀ ਹੋਈ ਤੇ ਪੱਤਰੇ ਕੁਝ ਹੇਠਾਂ-ਉਪਰੋਂ ਅਥਵਾ ਨੁੱਕਰਾਂ ਤੋਂ ਫਟਣ ਕਰ ਕੇ ਨਵੀਆਂ ਚੇਪੀਆਂ ਲਾ ਕੇ ਪਾਠ ਹੋਰ ਕਲਮ ਨਾਲ ਮੁਕੰਮਲ ਕੀਤੇ ਹੋਏ; ਅੰਤਲੇ ਪੱਤਰਿਆਂ ਉਤੇ ਰਾਗ ਰਾਮ ਕਲੀ ਰਤਨ ਮਾਲਾ, ਰਾਗ ਮਾਲਾ ਤੇ ਸਿਆਹੀ ਦੀ ਵਿਧਿ ਹੋਰ ਕਲਮ ਨਾਲ ਲਿਖ ਕੇ ਨਵੇਂ ਸਿਰਿਓਂ ਸ਼ਾਮਲ ਕੀਤੀਆਂ ਹੋਈਆਂ ।

ਸਮਾਂ— ਪੁਸਤਕ ਲਗ ਭਗ ਡੇਢ ਕੁ ਸੌ ਸਾਲ ਪੁਰਾਣੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—੧ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ॥ ਆਦਿ ਸਚੁ, ਜੁਗਾਦਿ ਸਚੁ । ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ । ਸੋਚੈ ਸੋਚਿ ਨ ਹੋਵਈ, ਜੇ ਸੋਚੀ ਲਖ ਵਾਰ ।.. (ਪੱਤਰਾ ੧)

ਅੰਤ— (ਸਿਆਹੀ ਕੀ ਬਿਧਿ)... ਇਕ ਰਤੀ ਸੁਇਨਾ । ਬਿਜੇ ਸਾਰ ਕਾ ਪਾਣੀ । ਤਾਮੇ ਕਾ ਭਾਂਡਾ । ਨਿਮ ਕੀ ਲਕੜੀ । ਦੂਰ ਕਾ ਕਜਲੁ । ਰਵਾਲ ਰਖਨੀ । ਦਿਨ ਵੀਹ ਘਸਣੀ । (ਪੱਤਰਾ ੬੩੩)

ਇਸ ਗ੍ਰੰਥ ਵਿੱਚ ਕੁੱਲ ਸ਼ਬਦਾਂ ਤੇ ਬਾਣੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ— ਜਪੁ ਪੱਤਰੇ ੧-੮, ਜਾਪੁ

ਪਾਤਸ਼ਾਹੀ ੧੦ ਪੱਤਰੇ ੯-੧੮, ਸੋਦਰ ੧੯-੨੨, ਸੋਹਿਲਾ ੨੩-੨੪, ਰਾਮਕਲੀ ਦਖਣੀ ਓਅੰਕਾਰ ੨੫-੩੨, ।ਸਧ ਗੋਸਟਿ ੩੩-੪੦, ਆਨੰਦ ੪੧-੪੬, ਪਉੜੀ ਬਾਵਨ ਅਖਰੀ ਮਹਲਾ ੫, ੪੭-੫੯, ਗਉੜੀ ਸੁਖਮਨੀ ੫੯-੯੪, ਆਸਾ ਦੀ ਵਾਰ ੯੫-੧੦੮, ਵਾਰ ਮਾਝ ੧੦੮-੨੧, ਵਾਰ ਰਾਮ ਕਲੀ ੧੨੧-੩੧, ਬਿਹਾਗੜੇ ਕੀ ਵਾਰ ੧੩੧-੩੯, ਕਾਨੜੇ ਦੀ ਵਾਰ ੧੩੯-੪੫, ਰਾਗ ਗੂਜਰੀ ਮਹਲਾ ੫, ਜੈਤਸਰੀ ਕੀ ਵਾਰ, ਗਉੜੀ ਕੀ ਵਾਰ, ਮਾਰੂ ਕੀ ਵਾਰ, ਬਸੰਤ ਕੀ ਵਾਰ, ਰਾਮਕਲੀ ਕੀ ਵਾਰੂ (ਰਾਇ ਬਲਵੰਡ ਤਥਾ ਸਤੈ ਡੂਮ ਕੀ), ਸ੍ਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ ਦੇਵ ਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ, ਵਿਭਾਸ, ਜੈਜਾਵੰਤੀ, ਸ੍ਰੀ ਰਾਗ ਅਸ਼ਟਪਦੀਆਂ, ਮਾਝ ਗਉੜੀ, ਆਸਾ, ਗੂਜਰੀ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਰੂ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ, ਸ੍ਰੀ ਰਾਗ ਛੰਤ, ਗਉੜੀ, ਆਸਾ, ਬਿਹਾਗੜਾ, ਵਡਹੰਸ, ਮਾਰੂ ਸੋਲਹੇ, ਸਹੰਸ੍ਰ ਨਾਮਾ, ਆਸਾ ਪਟੀ, ਫੁਨਹੇ, ਚਉਬੋਲੇ, ਮੰਤ੍ਰ ਬਾਬੇ ਨਾਨਕ ਜੀ ਕਾ, ਸਲੋਕ ਕਬੀਰ ਤੇ ਫਰੀਦ ਜੀ ਕੇ, ਸਵੈਯੇ (ਭਟਾਂ ਦੇ), ਰਤਨ ਮਾਲਾ, ਹਕੀਕਤ ਰਾਹ ਮੁਕਾਮ ਰਾਜੇ ਸਿਵਨਾਭ ਕੀ, ਰਾਗ ਮਾਲਾ ਤੇ ਸਿਆਹੀ ਕੀ ਬਿਧਿ ਪੱਤਰਾ ੩੪੫ ਤੋਂ ੬੩੩ ਤਕ ਦਰਜ ਹਨ ।

ਇਸ ਪੋਥੀ ਵਿਚ ਮਹਲਾ ੯ ਦੇ ਸ਼ਬਦ ਤੇ ਸ਼ਲੋਕ ਹਰੇਕ ਰਾਗ ਵਿਚ ਕ੍ਰਮ ਅਨੁਸਾਰ ਨਾਲੋਂ ਨਾਲ ਦਿੱਤੇ ਹਨ ਤੇ ਇਸ ਤੋਂ ਪਹਿਲੀ ਪੋਥੀ ਅੰਕ ੧੩ ਵਾਗੂ ਅਲਹਿਦਾ ਕਰ ਕੇ ਨਹੀਂ ਲਿਖੇ । ਇਸ ਤੋਂ ਪਤਾ ਲਗਦਾ ਹੈ ਕਿ ਇਹ ਪੋਥੀ ਉਸ ਤੋਂ ਪਿਛੋਂ ਦੀ ਹੈ ।

੧੫. ਆਦਿ ਬਾਣੀ ਦੀ ਪੋਥੀ (ਨੰ. ੭੧੩, ਸੈਂ. ਪ. ਲਾ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ—$4\frac{3}{4}" \times 3\frac{1}{2}"$, ਲਿਖਤ $3\frac{3}{4}" \times 2\frac{1}{2}"$ ।

ਵੇਰਵਾ— ਪੱਤਰੇ ੧੯੪; ਪ੍ਰਤੀ ਸਫ਼ਾ ੬-੭ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਿੱਧੀ ਸਾਦੀ, ਪਰ ਸਾਫ਼ ਅਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਅੱਖਰਾਂ ਦੀ ਲਿਖਤ ਕੋਈ ਖ਼ਾਸ ਪੁਰਾਣੀ ਨਹੀਂ ਜਾਪਦੀ ।

ਸਮਾਂ— ਨਿਸ਼ਚਿਤ ਨਹੀਂ ! ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸਤਿਨਾਮੁ ਕਰਤਾ ਪੁਰਖੁ...

ਅੰਤ— ਕਹੈ ਅਰਜ਼ ਬੰਦਗੀ ਬਾਬਾ ਨਾਨਕ ਸ਼ਾਹ ।
ਐਸੇ ਆਲਮ ਸਿਉ ਤੇਰੀ ਪਨਾਹ ॥ ੧੭ ॥
ਇਤਿ ਨਸੀਹਤ ਨਾਮਾ ਸੰਪੂਰਨ ਹੋਇਆ ॥ ੮ ॥

ਇਸ ਪੋਥੀ ਵਿਚ ਜਪੁ, ..ਰੇ ਦੇ ਸ਼ਬਦ, ਰਹਿ ਰਾਸ, ਨੌਵੇਂ ਮਹਲੇ ਦੇ ਸ਼ਬਦ—ਸ਼ਲੋਕਾਂ ਤੋਂ ਬਿਨਾ ਜਾਪ ਪਾਤਸਾਹੀ ੧੦, ਪਾਂਡਵ ਗੀਤਾ, ਸਾਰ ਗੀਤਾ ਤੇ ਨਸੀਹਤ ਨਾਮਾ (ਗੁਰੂ ਨਾਨਕ) ਵੀ ਦਰਜ ਹਨ ।

੧੬. ਆਦਿ ਬਾਣੀ ਦੇ ਸ਼ਬਦ (ਨੰ: ੧੫੨, ਮੋ. ਬਾ.)

ਲੇਖਕ— ਸ੍ਰੀ ਗੁਰੂ ਨਾਨਕ ਜੀ ਆਦਿ । ਆਕਾਰ $7\frac{1}{2}" \times 4"$, ਲਿਖਤ $5\frac{1}{2}" \times 2\frac{1}{2}"$ ।

ਵੇਰਵਾ— ਪੱਤਰੇ ੧੭੦; ਪ੍ਰਤੀ ਸਫ਼ਾ ੫ ਸਤਰਾਂ, ਕਾਗ਼ਜ਼ ਵਧੀਆ, ਕਸ਼ਮੀਰੀ; ਲਿਖਾਈ ਨਿਹਾਇਤ ਹੀ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ (ਚੌਕੋਰ) ਲਕੀਰਾਂ ਵਾਲਾ, ਜੋ ਅਤਿ ਸੁੰਦਰ ਹੈ; ਸਿਰਲੇਖ, ਅੰਕ ਤੇ ਰਹਾਉ ਆਦਿ ਲਾਲ ਸਿਆਹੀ ਨਾਲ ਅੰਕਿਤ ਪੁਸਤਕ ਅੱਛੀ ਹਾਲਤ ਵਿਚ ਹੈ, ਪਰ ਜਿਲਦ ਟੁੱਟੀ ਹੋਈ; ਪਹਿਲੇ ਪੱਤਰੇ ਤੇ ਹਾਸ਼ੀਆ ਡਬਲ !

ਸਮਾਂ— ਸੰਮਤ ੧੯੦੦ ਬਿ. । ਲਿਖਾਰੀ—ਮਹਾਰਾਜਾ ਨਰਿੰਦ੍ਰ ਸਿੰਘ, ਪਟਿਆਲੇ ਵਾਲਾ । ਸਥਾਨ—ਪਟਿਆਲਾ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਰਾਗੁ ਸਿਰੀ ਰਾਗੁ ਮਹਲਾ ਪਹਿਲਾ ੧ ਘਰੁ ॥ ੧ ॥
ਮੋਤੀ ਤ ਮੰਦਰ ਊਸਰਹਿ......"

ਅੰਤ— ਨਾਮ ਸਾਰ, ਹੀਏ ਧਾਰੁ, ਤਜੁ ਬਿਕਾਰ, ਮਨ ਗਯੰਦ ਸਿਰੀ ਗੁਰੁ ਸਿਰੀ ਗੁਰੁ ਸਿਰੀ ਗੁਰੁ ਸਤਿ ਜੀਉ ॥੫॥੧੦॥
ਸ਼ੁਭਮਸਤੂ ॥ ਸੰਨ ੧੯੦੦ ॥

੧੭. ਆਨੰਦ, ਜਪੁ ਜੀ ਆਦਿ (ਨੰ. ੬੭੫, ਸ੍ਰੈ. ਪ. ਲਾ.)

ਲੇਖਕ– ਸ੍ਰੀ ਗੁਰੂ ਨਾਨਕ ਦੇਵ ਜੀ ਆਦਿ। ਆਕਾਰ—4" × 6" ਲਿਖਤ 3" × 4½" ।

ਵੇਰਵਾ– ਪੱਤਰੇ (ਗੁਰਮੁਖੀ), ੮੫, ਨਾਗਰੀ ੧੪, ਗੁਰਮੁਖੀ ੧੯, ਨਾਗਰੀ ੩੭, ਫ਼ਾਰਸੀ ਅੱਖਰ ੧੩੮, ਖ਼ਾਲੀ ੩+ ੩; ਕੁੱਲ ਜੋੜ—੨੨੯; ਪ੍ਰਤੀ ਸਫ਼ਾ ੧੫ ਸਤਰਾਂ (ਗੁਰਮੁਖੀ); ੯ ਸਤਰਾਂ ਨਾਗਰੀ; ੧੩ ਸਤਰਾਂ ਫ਼ਾਰਸੀ; ਅੱਖਰ, ਲਿਖਤ ਗੁਰਮੁਖੀ ਤੇ ਹਿੰਦੀ ਸਿੱਧੀ ਸਾਦੀ, ਪਰ ਉਰਦੂ ਲਿਪੀ ਅੱਛੇ ਲਿਖਾਰੀ ਦੀ ਲਿਖੀ ਹੋਈ ਉਰਦੂ ਲਿਖਤ ਵਿਚ ਵਿਸ਼ਰਾਮ-ਚਿੰਨ੍ਹ ਤੇ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਸਜਿਲਦ ।

ਸਮਾਂ— ਸੰਮਤ ੧੯੩੬ ਬਿ. । ਲਿਖਾਰੀ—(ਗੁਰਮੁਖੀ ਤੇ ਹਿੰਦੀ) ਨਾਮਾਲੂਮ । ਫ਼ਾਰਸੀ ਅੱਖਰਾਂ ਦੀ ਰਚਨਾ ਦਾ ਲਿਖਾਰੀ ਜਗੰਨਾਥ ਪੁਤ੍ਰ ਸੁਖਾਨੰਦ, ਸਰੋਜ ਬ੍ਰਾਹਮਣ, ਸੁਨਾਮ ਨਿਵਾਸੀ ।

ਆਰੰਭ– (ਗੁਰਮੁਖੀ)—੧ਓ ਸਤਿਗੁਰ ਪ੍ਰਸਾਦਿ ॥ ਰਾਗੁ ਰਾਮਕਲੀ ਮਹਲਾ । ੩।
ਆਨੰਦ ॥ ਅਨੰਦੁ ਭਇਆ ਮੇਰੀ ਮਾਏ..."

ਅੰਤ— ਤੂ ਸਚਾ ਸਾਹਿਬ ਨਿਰਮਲਾ, ਪ੍ਰਭ ਸਰਨਾ ਤੇਰਾ ।

ਇਸ ਹੱਥ-ਲਿਖਤ ਵਿਚ ਗੁਰਮਖੀ ਤੇ ਹਿੰਦੀ ਦੀਆਂ ਨਿਮਨ ਲਿਖਤ ਰਚਨਾਵਾਂ ਹਨ:—ਆਨੰਦ (ਰਾਮਕਲੀ ਮਹਲਾ ੩, ਜਪੁਜੀ, ਸ਼ਬਗੁਣੀ (ਮਹਲਾ ੧ ਦੇ ਸਿਰਲੇਖ ਹੇਠ ਕਿਸੇ ਕਵੀ ਦੀ ਰਚੀ ਹੋਈ ਕਾਲਪਨਿਕ ਗੁਰਬਾਣੀ), ਸੋਦਰ, ਸੋਹਿਲਾ ਤੇ ਮਾਰੂ ਮਹਲਾ ਪ ਤਥਾ ਭਗਤਾਂ ਦੇ ਸ਼ਬਦ । ਇਸ ਦੇ ਮੁਕਾਬਲੇ ਤੇ ਫ਼ਾਰਸੀ ਅੱਖਰਾਂ ਵਿਚ ਸੁਖਮਨੀ (ਗਉੜੀ), ਜਿਸ ਵਿਚ ਹਰੇਕ ਪਉੜੀ ਤੋਂ ਪਿਛੋਂ ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ ॥ ਭਗਤ ਜਨਾਂ ਕੇ ਮਨ ਬਿਸ੍ਰਾਮ ॥ ਦੋਵੇਂ ਤੁਕਾਂ ਦੁਹਰਾਈਆਂ ਹੋਈਆਂ ਮਿਲਦੀਆਂ ਹਨ ਤੇ ਇਸ ਤੋਂ ਅੱਗੇ ਮੁਨਾਜਾਤ ਬਾਬਾ ਨਾਨਕ ਜੀਉ 'ਏਕ ਨਾਮ ਹਿਰਦੇ ਧਰਹੁ ਤਜੋ ਸਕਲ ਜੰਜਾਲ' ਨਾਮੀ ਸਾਰਾ ਸ਼ਬਦ, ਜੋ ਗੁਰੂ ਨਾਨਕ ਦੇ ਨਾਮ ਹੇਠ ਲਿਖਿਆ ਹੋਇਆ ਹੈ; ਫ਼ਕਰ ਨਾਮਾ, ਨਸੀਹਤ ਨਾਮਾ, ਕਾਫ਼ਰ ਨਾਮਾ, ਤੌਬਾਨਾਮਾ (ਸ਼ਾਹ ਮੁਰਾਦ ਕਾ) ਅਤੇ ਅਜੂਬਾ ਮਰਗ਼ੂਬਾ ਨਾਮੀ ਰਚਨਾਵਾਂ ਦਰਜ ਹਨ।

ਇਸ ਹੱਥ ਲਿਖਤ ਵਿਚੋਂ ਕਈ ਰਚਨਾਵਾਂ ਅਜਿਹੀਆਂ ਹਨ ਜੋ ਅਜੇ ਤਕ ਕਿਤੇ ਛਪੀਆਂ ਨਹੀਂ ।

੧੮. ਸੁੰਦਰ ਗੁਟਕਾ (ਬਾਣੀ-ਸੰਗ੍ਰਹ) (ਨੰ. ੮੧, ਭਾ. ਵਿ.)

ਲੇਖਕ—ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ—9¾" × 7½", ਲਿਖਤ 7¾" × 6" ।

ਵੇਰਵਾ– ਪੱਤਰੇ ੧੪੪; ਪ੍ਰਤੀ ਸਫ਼ਾ ੧੪ ਸਤਰਾਂ; ਕਾਗ਼ਜ਼ ਸਿੱਧਾ ਸਾਦਾ ਦੇਸੀ; ਲਿਖਤ ਵੀ ਸਿੱਧੀ ਸਾਦੀ, ਜਿਸ ਵਿਚ ਕਈ ਥਾਵੀਂ ਬਹੁਤ ਸਾਰੀਆਂ ਅਸ਼ੁੱਧੀਆਂ ਹਨ; ਹਾਸ਼ੀਆ ੧" × ੧", ਹਾਸ਼ੀਏ ਉਤੇ ਤਿੰਨ ਤਿੰਨ ਲਕੀਰਾਂ (ਦੋ-ਦੋ ਕਾਲੀਆਂ ਤੇ ਵਿਚਕਾਰ ਇਕ-ਇਕ ਲਾਲ); ਵਿਸ਼ਰਾਮ-ਚਿਨ੍ਹ, ਕ੍ਰਮ-ਅੰਕ, ਸਿਰਲੇਖ ਤੇ ਛੰਦਾਂ ਦੇ ਨਾਂ ਲਾਲ ਸਿਆਹੀ ਨਾਲ ਲਿਖੇ ਹੋਏ ।

ਸਮਾਂ— ਸੰਮਤ ੧੯੭੮ ਬਿ. । **ਲਿਖਾਰੀ**—ਰਤਨ ਸਿੰਘ, ਮਾਈ ਪੱਤਰਾ ।

ਆਰੰਭ— ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ । ਹੈਭੀ ਭੀ ਸਚੁ, ਨਾਨਕ ਹੋਸੀ ਭੀ ਸਚੁ ॥ ੧ ॥

ਅੰਤ— ਇਸ ਪੁਸਤਕ ਦਾ ੧੪੩ ਵਾਂ ਸਫ਼ਾ ਗੁਮ ਹੈ, ਜਿਸ ਕਰਕੇ ਇਸ ਦਾ ਅੰਤ ਦਾ ਪਾਠ ਨਹੀਂ ਮਿਲਦਾ । ਪੱਤਰਾ ਅੰਕ ੧੪੪ ਤੋਂ 'ਦੇਵ ਚਰਿਤ੍ਰ' ਸ਼ੁਰੂ ਹੁੰਦਾ ਹੈ ਜੋ ਅਧੂਰਾ ਹੈ ਤੇ ਅੰਤ ਵਿਚ ਲਿਖਿਆ ਹੈ—"ਸੰਮਤ ੧੯੦੦੭੮ (੧੯੭੮) ਵਿਚ ਮਿਤੀ ਹਾੜੋਂ ਦਿਨੇ ੨੬ ਪੋਥੀ ਸੰਪੂਰਨ ਹੋਈ, ਅਖਰ ਲੇਉ ਮਾਤ੍ਰ ਵਾਧਾ ਘਾਟਾ ਭੁਲ ਚੁਕ ਬਖਸਿੰਦ ਗੁਰੂ ਜੀ ॥ ਦਸਤਖਤ ਰਤਨ ਸਿੰਘ ਮਾਈ ਪੋਤਰਾ ਸੁਭ ਸਿੰਘ ਮਾਈ ਪੋਤਰੇ ਦਾ ਪੁੱਤਰ ॥

ਇਸ ਤੋਂ ਪਿੱਛੋਂ ਇਸ ਪੋਥੀ ਦੀਆਂ ਬਾਣੀਆਂ ਦਾ ਤੱਤਕਰਾ ਦਿੱਤਾ ਹੈ, ਜੋ ਇਸ ਪ੍ਰਕਾਰ ਹੈ:—

"ਪ੍ਰਿਥਮੇ ਜਪੁਜੀ ਸਾਹਿਬ ॥ ੨ ॥ ਸੋਦਰ ॥ ੩ ॥ ਸੁਣ ਵਡਾ ॥ ੪ ॥ ਸੋ ਪੁਰਖ ॥ ੫ ॥ ਅਨੰਦ ਛੋਟਾ ॥ ੬ ॥ ਮੁਦਾਵਣੀ ॥ ੭ ॥ ਸੋਹਿਲਾ ॥ ੮ ॥ ਓਅੰਕਾਰ ॥ ੯ ॥ ਸਿਧ ਗੋਸਟਿ ॥ ੧੦ ॥ ਅਨੰਦ ਜੀ ਸਾਹਿਬ ॥ ੧੧ ॥ ਬਾਵਨ ਅੱਖਰੀ ॥ ੧੨ ॥ ਸੁਖਮਨੀ ਸਾਹਿਬ ॥ ੧੩ ॥ ਆਸਾ ਦੀ ਵਾਰ ॥ ੧੪ ॥ ਬਿਲਾਬਲ ਦੇ ਸਬਦ ਦੋ ॥ ੧੫ ॥ ਸਬਦ ਸੂਹੀ ਦਾ ਜਿਕਰ ॥ ੧੬ ॥ ਫੁਨਹੇ ॥ ੧੭ ॥ ਸਹਸਕ੍ਰਿਤੀ ॥ ੧੮ ॥ ਗਾਥਾ ॥ ੧੯ ॥ ਜਾਪਜੀ ॥ ੨੦ ॥ ਸਲੋਕ ਸੇਖ ਫਰੀਦ ਜੀ ਕੇ ॥ ੨੧ ॥ ਨਾਵੇਂ ਮਹਲ ਦੇ ਸਬਦ ॥ ੨੨ ॥ ਪ੍ਰੀਛਾ ਸਾਹਿਬ ।"

(ਨੰ. ੨੬੫, ਭਾ. ਵਿ.)

੧੯. ਗੁਰਬਾਣੀ—ਸੰਗ੍ਰਹ ।

ਲੇਖਕ—ਗੁਰੂ ਨਾਨਕ ਜੀ ਆਦਿ । ਆਕਾਰ—$6\frac{1}{4}'' \times 8\frac{3}{4}''$, ਲਿਖਤ $5'' \times 7\frac{1}{2}''$ ।

ਵੇਰਵਾ—ਪੱਤਰੇ ੪੪੯ ਤੇ ਪੱਤਰਾ ੪੬੮ (ਕੁੱਲ ੪੫੦) ; ਪ੍ਰਤੀ ਸਫ਼ਾ ੧੮ ਸਤਰਾਂ ; ਕਾਗਜ਼ ਦੇਸੀ ; ਲਿਖਤ ਸਾਫ਼, ਸਾਧਾਰਣ ਤੇ ਕਈ ਥਾਵੀਂ ਅਸ਼ੁੱਧ, ਜਿਸ ਕਰ ਕੇ ਗ਼ਲਤੀਆਂ ਹਾਸ਼ੀਏ ਉਤੇ ਸੋਧੀਆਂ ਹੋਈਆਂ ਹਨ ; ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ ; ਸਿਰਲੇਖ, ਰਹਾਉ ਤੇ ਸ਼ਬਦਾਂ ਦੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ ; ਜਿਲਦ ਟੁੱਟਣ ਕਰ ਕੇ ਕਈ ਪੱਤਰੇ ਕੁਝ ਫਟੇ ਹੋਏ, ਪਰ ਇਸ ਕਮੀ ਦੇ ਬਾਵਜੂਦ ਵੀ ਪੁਸਤਕ ਅੱਛੀ ਹਾਲਤ ਵਿਚ ਹੈ ।

ਸਮਾਂ—ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—(ਇਕ ਪੱਤਰੇ ਦਾ ਤੱਤਕਰਾ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ ॥੧॥ ਰਾਗ ਸਿਰੀ ਰਾਗ ਮਹਲਾ ੧ ਘਰ ੧ ਚਉਪਦੇ ।
ਮੋਤੀ ਤ ਮੰਦਰ ਊਸਰਹਿ, ਰਤਨੀ ਤ ਹੋਇ ਜੜਾਉ । ...... (ਪੱਤਰਾ ੧)

ਅੰਤ—ਆਵਣ ਜਾਣਾ ਹੁਕਮੁ ਸਭੁ ਨਿਹਚਲ ਤੁਧ ਥੇਹੁ ।
ਨਾਨਕ ਮੰਗੈ ਦਾਨੁ ਕਰਿ ਕ੍ਰਿਪਾ ਨਾਮ ਦੇਹੁ ॥੨੦॥੮॥ (ਪੱਤਰਾ ੪੪੯)

ਇਸ ਤੋਂ ਅੱਗੇ ਇਸੇ ਪੱਤਰੇ ਪਰ—"ਪ੍ਰਿਥਮੇ ਚੰਡੀ ਆਦਿ ਕੁਆਰੀ । ਚੰਡੀ ਸਿਮਰਿ ਗਤਿ ਹੋਇ ਹਮਾਰੀ" । ਲਿਖ ਕੇ ਦੁਰਗਾ ਦੀ ਉਸਤਤਿ ਕੀਤੀ ਹੈ ਜੋ ਅਗਲੇ ਪੱਤਰੇ ਗੁਮ ਹੋਣ ਕਰ ਕੇ ਅਧੂਰੀ ਰਹਿ ਗਈ ਹੈ ਤੇ ਫੇਰ ਪੱਤਰਾ ੪੬੮ ਪਰ "ਓਅਕਾਰ ਜੀ ਕੀ ਰਛਿਆ" ਪਾਠ ਹੈ ।

ਇਸ ਪੁਸਤਕ ਵਿਚ ਸ੍ਰੀ ਰਾਗ, ਗਉੜੀ, ਮਾਝ, ਆਸਾ, ਗੂਜਰੀ, ਵਡਹੰਸ, ਦੇਵ ਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਜੈਜੈਵੰਤੀ, ਗੋਂਡ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਨਟ ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ ਦੇ ਚੋਣਵੇਂ ਸ਼ਬਦਾਂ ਤੋਂ ਬਿਨਾ ਜਾਪੁ, ਬਚਿਤ੍ਰ ਨਾਟਕ, ਜਨਮ ਸਾਖੀ ਪਾਤਸ਼ਾਹੀ ੧੦, ਚੰਡੀ ਚਰਿਤ੍ਰ, ਅਕਾਲ ਉਸਤਤਿ, (ਪਾਤਸ਼ਾਹੀ ੧੦), ਗਿਆਨ ਤਿਲਕ ਰਾਮਾਨੰਦ ਕਬੀਰ ਕਾ, ਰਾਮ ਰਛਿਆ ਰਾਮਾਨੰਦ ਜੀ ਕੀ, ਗਿਆਨ ਪ੍ਰਬੋਧ ਪਾਤਸ਼ਾਹੀ ੧੦, ਵੈਦਕ ਦੇ ਨੁਸਖ਼ੇ, ਕਥਾ ਸਤਿਜੁਗ ਕੀ, ਵਾਰ ਆਸਾ ਮ : ੧, ਵਾਰ ਮਾਝ, ਵਾਰ ਸਾਰੰਗ ਕੀ, ਵਾਰ ਸੋਰਠਿ ਕੀ, ਵਾਰ ਗਉੜੀ ਕੀ, ਵਾਰ ਰਾਮਕਲੀ ਦੀ, ਵਾਰ ਗੂਜਰੀ ਦੀ (ਬਗ਼ੈਰ ਧੁਨਾਂ ਤੋਂ) ਤੇ ਵਾਰ ਜੈਤਸਰੀ ਦੀ ਸ਼ਾਮਲ ਹਨ । ਇਸ ਤੋਂ ਬਿਨਾ ਰਾਗ ਮਲਾਰ ਦੀ ਵਾਰ ਮਹਲਾ ੭ (ਕਾਇਆ ਗੜਿ ਵਿਚ ਪੰਚ ਦੂਤ......), ਰਾਗ ਬਿਲਾਵਲ ਤੇ ਧਨਾਸਰੀ (ਕਵਿ ਈਸਨ ਦੀਆਂ) ਜਕੜੀਆਂ ਪੱਤਰਾ ੨੧੮ ਤੋਂ ੨੩੧ ਤਕ ਦਰਜ ਹਨ । ਇਨ੍ਹਾਂ ਵਿਚੋਂ ਮਹਲਾ ੭ ਦੀ ਬਾਣੀ ਸੋਢੀ ਮਿਹਰਬਾਨ ਦੀ ਆਪਣੀ ਕ੍ਰਿਤਿ ਹੈ ਜੋ ਪ੍ਰਿਥੀ ਚੰਦ ਦਾ ਪੁਤ੍ਰ ਤੇ ਗੁਰੂ ਅਰਜਨ ਦੇਵ ਜੀ ਪੰਚਮ ਪਾਤਸ਼ਾਹ ਦਾ ਭਤੀਜਾ ਸੀ ।

੨੦. ਨਾਨਕ ਜੀ ਕੀ ਸਾਖੀ (ਗੁਰਬਾਣੀ-ਦੇਵਨਾਗਰੀ ਅੱਖਰ) (ਨੰ. ੨੪੪੪/੧੪੦੯, ਨਾ. ਪ੍ਰ. ਸਭਾ, ਕਾਸ਼ੀ)

ਲੇਖਕ—ਸ੍ਰੀ ਗੁਰੂ ਨਾਨਕ ਦੇਵ ਜੀ । ਆਕਾਰ—$6\frac{3}{4}'' \times 11\frac{1}{4}''$, ਲਿਖਤ $5'' \times 9''$ ।

ਵੇਰਵਾ—ਪੱਤਰੇ ੨੬੪–੨੯੩ (੩੦); ਪ੍ਰਤੀ ਸਫ਼ਾ ੩੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ, ਅੰਕ ਤੇ ਵਿਸ਼ਰਾਮ-ਚਿੰਨ੍ਹ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਇਸ ਸੰਗ੍ਰਹਿ ਵਿਚ ਗੁਰਬਾਣੀ ਤੋਂ ਇਲਾਵਾ ਮੁੱਢ ਵਿਚ ਦਾਦੂ ਦਿਆਲ, ਭਗਤ ਕਬੀਰ, ਨਾਮ ਦੇਵ, ਰੈਦਾਸ (ਰਵਿਦਾਸ), ਗ਼ਰੀਬ ਦਾਸ, ਰਾਮਾਨੰਦ, ਸੁਖਾਨੰਦ, ਆਸਾਨੰਦ, ਕ੍ਰਿਸ਼ਨਾਨੰਦ, ਧੰਨਾ, ਸੈਨ, ਪੀਪਾ, ਸੋਝਾ, ਪਰਸ, ਸਧਨਾ, ਕਮਾਲ, ਰਾਣਾ, ਜੈਦੇਵ, ਗਜਾਨ, ਤਿਲੋਕ, ਛੀਤਮ, ਬਹਮਲ, ਰਹੋਵਾ, ਫ਼ਰੀਦ, ਕਾਜ਼ੀ, ਮਹਮੂਦ, ਸ਼ੇਖ਼ ਬਹਾਵਦੀ (ਬਹਾਉੱਦੀਨ), ਤ੍ਰਿਲੋਚਨ, ਸੋਮ, ਨਰਸੀ ਮਹਤਾ, ਭੀਮ, ਬਛਨਾਗਰ, ਬੀਸਾ, ਮਛਿੰਦ੍ਰ, ਕੀਤਾ, ਬੇਣੀਦਾਸ, ਮੁਕੰਦ, ਸੰਤ ਦਾਸ, ਪਰਮਾਨੰਦ, ਸੂਰਦਾਸ ਆਦਿ, ਤੇ ਅੰਤ ਵਿਚ ਗੋਰਖ ਨਾਥ, ਗੋਪੀ ਚੰਦ, ਨਾਗਾਰਜੁਨ, ਚੁਣਕਰ ਨਾਥ, ਸਿੱਧ ਹਰਤਾਲੀ, ਪ੍ਰਿਥਵੀ ਨਾਥ, ਪੂਰਣ ਦਾਸ, ਜਗ ਜੀਵਨ ਦਾਸ, ਜੈਮਲ, ਮੋਹਨ ਦਾਸ, ਸੁੰਦਰ ਦਾਸ, ਬਖਨਾ, ਰੱਜਬ, ਸਾਧੂ, ਖੇਮ ਦਾਸ, ਭਗਤ ਕਾਨ੍ਹਾ ਆਦਿ ਦੀਆਂ ਬਾਣੀਆਂ ਸ਼ਾਮਲ ਹਨ ।

ਸਮਾਂ— ਸੰਮਤ ੧੭੭੧ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ਅਬ ਨਾਨਿਕ ਜੀ ਕੀ ਸਾਖੀ ਲਿਖਤੰ ।
ਤੀਰਥ ਨਾਾਯਾ ਇਕ ਫਲ, ਸੰਤ ਮਿਲੇ ਫਲ ਚਾਰਿ ।
ਸਤਿਗੁਰ ਮਿਲੇਂ ਅਨੰਤ ਫਲ, ਨਾਨਿਕ ਕਹੈ ਬਿਚਾਰਿ ॥੧॥ (ਪੱਤਰਾ ੨੬੪)

ਅੰਤ— ਗੁਰ ਚਰਨੋਂ ਮਨ ਲਾਗਾ । ਤਾਂ ਜਮ ਕਾ ਮਾਰਗ ਭਾਗਾ ।
ਭੈ ਬਿਚਿ ਨਿਰਭਯ ਪਾਇਯਾ । ਤਾਂ ਸਹਜੈ ਕੈ ਘਰਿ ਆਇਯਾ ।
ਭਣਤਿ ਨਾਨਕ ਬੂਝੈ ਕੋ ਬੀਚਾਰੀ । ਇਸ ਜਗ ਮਹਿ ਕਰਣੀ ਸਾਰੀ ।
ਕਰਣੀ ਕੀਰਤਿ ਹੋਈ । ਜਾਂ ਆਪੇ ਮਿਲਿਆ ਸੋਈ ॥੪॥੯॥ ਰਾਮ ਜੀ ਸਤਿ । (ਪੱਤਰਾ ੨੯੩)

੨੧. ਨਾਨਕ ਪ੍ਰਕਾਸ਼ (ਸੁਖਮਨੀ-ਦੇਵ ਨਾਗਰੀ) (ਨੰ. ੨੪੬੦/੧੪੨੦, ਨਾ. ਪ੍ਰ. ਸਭਾ, ਕਾਸ਼ੀ)

ਲੇਖਕ— ਸ੍ਰੀ ਗੁਰੂ ਅਰਜਨ ਦੇਵ ਜੀ । ਆਕਾਰ—5" × 6½", ਲਿਖਤ 3½"×5" ।

ਵੇਰਵਾ— ਪੱਤਰੇ ੨-੭੦ (੬੯); ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਦੇਸੀ; ਲਿਖਤ ਕੈਥੀ ਲਿਪੀ ਦੀ ਹੋਈ, ਜੋ ਕੁੱਝ ਅਸ਼ੁੱਧ ਵੀ ਹੈ ਤੇ ਮੁਸ਼ਕਿਲ ਨਾਲ ਪੜ੍ਹੀ ਜਾਂਦੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾਂ; ਜਿਲਦ ਟੁੱਟੀ ਹੋਈ ਜਿਸ ਕਰ ਕੇ ਆਦਿ-ਅੰਤ ਦੇ ਪੱਤਰੇ ਗੁਮ ਹਨ ਤੇ ਪੁਸਤਕ ਨਾ-ਮੁਕੰਮਲ ਹੈ ।

ਸਮਾਂ— ਲਗ ਭਗ ਦੋ ਸੌ ਸਾਲ ਪੁਰਾਣੀ ਹੱਥ ਲਿਖਤ ਹੈ । ਲਿਖਾਰੀ—ਨਾਮਾਲਮ ।

ਆਰੰਭ— ... ਨਾਨਕਿ ਊਨ੍ਹ ਸੰਗ ਮੌਹੀ ਉਧਾਰੌ ॥੧॥
ਸੁਖਮਨੀ ਸੁਖ ਅੰਬ੍ਰੀਤ ਪ੍ਰਭੁ ਨਾਮ ।
ਭਗਤ ਜਨਾ ਕੇ ਮਨ ਬੀਸਰਾਮ ।
ਪ੍ਰਭੁ ਕੈ ਸੁਮੀਰਨ ਗਰਭ ਨ ਬਸੈ ।
ਪ੍ਰਭੁ ਕੈ ਸੁਮੀਰਨ ਜਮ ਦੁਖ ਨਸੈ ।
ਪ੍ਰਭੁ ਕੈ ਸੁਮੀਰਨ ਕਾਲ ਪਰੀਹਰੈ ।
ਪ੍ਰਭੁ ਕੈ ਸੁਮੀਰਨ ਦੁਖ ਸਭ ਟਰੈ ।... (ਪੱਤਰਾ ੨)

ਅੰਤ— ਇਸਲੋਕ ॥ ਸਰਗੁਨ ਨੀਰਗੁਨ ਨੀਰਾਕਾਰ, ਸੁਨ ਸਮਾਧੀ ਆਪੀ ।
ਅਪਨੀ ਕੀਆ ਨਾਨੀਕਾ, ਆਪ ਹੀ ਫਿਰਸੀ ਜਾਪੀ ॥੨੧॥...
ਅਸਟਪਦੀ ॥ ਜਬ ਆਕਾਰੁ ਐਹੁ ਕਛੁ ਨੈ ਦੀਸਟੇਤਾ ।
ਪਾਪ ਪੁਨ ਤਬ ਕਹਾ ਤੇ ਹੋਤਾ ।
ਜਬ ਧਾਰੀ ਆਪੁਨ ਸੁਨ ਸਮਾਧੀ ।
ਤਬ ਬੈਰ ਬੀਰੋਧ ਕਾਂ ਸੁਨਿ ਸਮਾਧੀ ।
ਜਬ ਐਸ ਕਾ ਬਰਨ ਚੀਹਨ ਨਾ ਜਾਪਤ ।
ਤਬ ਹਰਖ ਸੋਗ ਕਹੁ ਕੀਸ ਹੀ ਬੇਆਪਤ ।
ਜਬ ਆਪਨ ਆਪੇ ਪਾਰ ਬ੍ਰਹਮ ।
ਤਬ ਮੋਹ ਕਹਾ ਕੀਸ ਹੋਤ ੬ਾਮ ।
ਆਪਨ ਖੇਲੁ ਆਪ ਵਰਤੀਜਾ ।
ਨਾਨੀਕ ਕਰਨੀਹਾਰ ਨਹੀ ਦੂਜਾ ॥੧੬੧॥*
ਜਬ ਹੋਅਤ ਪ੍ਰਭ ਕੇਵਲ ਧਨੀ ।
ਤਬ ਬੰਧ ਮੁਕਤੀ ਕਹੁ ਕੀਸ ਕਉ ਗਨੀ ।
...ਬ ਏਕ ਹੀ ਹਰੀ ਅਗਮ ਅਖਾਰ ।
...ਬ ਨਰਕ ਸਰਗ ਕਹੁ ਕੌਨ ਅਉਤਾਰ ॥ (ਪੱਤਰਾ ੭੦)

ਰਾਗ ਗਉੜੀ ਸੁਖਮਨੀ (ਮਹਲਾ ੫) ਦੀ ਇਕ ਹੋਰ ਪ੍ਰਤੀ ਇਸੇ ਪੁਸਤਕਾਲੇ ਵਿਚ ਨੰ. ੮੭੩ ਦੇ ਪੁਸਤਕ-ਸੰਗ੍ਰਹ (ਦੇਵਨਾਗਰੀ) ਵਿਚ ਪੱਤਰਾ ੫੬੧ ਤੋਂ ਮਿਲਦੀ ਹੈ, ਜੋ ਦਾਦੂ ਦਿਆਲ ਦੀ ਬਾਣੀ ਨਾਲ ਸ਼ਾਮਲ ਕੀਤੀ ਹੋਈ ਹੈ ।

'ਗਉੜੀ ਸੁਖਮਨੀ' ਦਾ ਸਿਰਲੇਖ ਏਥੇ 'ਨਾਨਕ ਪ੍ਰਕਾਸ਼' ਠੀਕ ਨਹੀਂ ਹੈ, ਪਰ ਨਾਗਰੀ ਪ੍ਰਚਾਰਿਣੀ ਸਭਾ ਬਨਾਰਸ ਦੇ ਰਜਿਸਟਰ ਵਿਚ ਇਹੋ ਸਿਰਲੇਖ ਦਿੱਤਾ ਹੋਇਆ ਹੈ, ਜੋ ਏਥੇ ਬਦਲਨਾ ਵਾਜਬ ਨਹੀਂ ਸਮਝਿਆ ਗਿਆ ।

੨੨. ਪੰਜ ਗ੍ਰੰਥੀ (ਗੁਰਬਾਣੀ-ਸੰਗ੍ਰਹ) (ਨੰ. ×, ਸੇ. ਸਿੰ. ਗਿ. ਤ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ—6" × 4", ਲਿਖਤ 5" × 3" ।

ਵੇਰਵਾ— ਪੱਤਰੇ ੪੦੭; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ

*ਪਦਾਂ ਦੇ ਇਹ ਕ੍ਰਮ-ਅੰਕ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਸੁਖਮਨੀ ਦੇ ਹੋਰ ਪ੍ਰਚਲਿਤ ਛਪੇ ਜਾਂ ਅਣਛਪੇ ਗੁਟਕਿਆਂ ਵਿਚ ਨਹੀਂ ਹਨ ।

ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ–ਸੰਮਤ ੧੯੯੧ ਬਿ. । ਲਿਖਾਰੀ—ਸ. ਗੁਰਦਿੱਤ ਸਿੰਘ, ਢਿੱਲੋਂ । ਸਥਾਨ–ਪਿੰਡ ਝਬਾਲ, **ਜ਼ਿਲਾ ਅਮ੍ਰਿਤਸਰ ।**

ਆਰੰਭ– ੧ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ॥ ਆਦਿ ਸਚੁ, ਜੁਗਾਦਿ ਸਚੁ । ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥੧॥... (ਪੱਤਰਾ ੧)

ਅੰਤ— ੧ੳ ਸਲੋਕ । ਸਤਿਗੁਰ ਜਾਣੀ ਜਾਣੁ ਹੈ, ਸਭ ਜਲ ਥਲ ਜੀਆ ਜਾਣਦਾ ।
ਜੁਗੁ ਜੁਗੁ ਆਪਣੇ ਸੰਤ ਨੂੰ, ਪ੍ਰਭ ਆਪੇ ਆਪ ਪਛਾਣਦਾ ।
ਲਖ ਚਉਰਾਸੀ ਮੇਦਨੀ, ਪ੍ਰਭ ਦੁਧੋ ਪਾਣੀ ਛਾਣਦਾ ।
ਜੀ ਤੂ ਬਹੁ ਬਿਧਿ ਰੰਗੀ ਖੇਡਦਾ, ਕਿਆ ਅੰਤੁ ਤੇਰੇ ਦੀਬਾਣ ਦਾ ।
ਸੰਤ ਦਾਸ ਸਰਣੀ ਪਇਆ, ਤੇਰੇ ਨਿਸ ਦਿਨ ਗੁਣ ਵਖਾਣਦਾ ।
ਸੰਮਤ ਸਤਾਰਹ ਸੈ ਠਾਹਟੇ, ਸੰਗ ਗੋਪੀ ਸਭ ਰੰਗ ਮਾਣਦਾ ।
ਗੁਰ ਗੋਬਿੰਦ ਨਾਨਕ ਸਾਹ ਦਾ, ਸਿਰਿ ਸਿਕਾ ਲੇਖ ਲਿਖਾਣ ਦਾ ।
ਵਾਹ ਵਾਹ ਜੀ ਕੋ ਨਾਹੀ ਤੇਰੇ ਤਾਣਦਾ, ਕੋ ਨਾਹੀ ਤੇਰੇ ਤਾਣ ਦਾ ॥੨॥
ਪੋਥੀ ਪੰਜ ਗ੍ਰਿੰਥੀ ਸੰਪੂਰਣ ਹੋਈ । ਸੰਮਤ ੧੯੯੧ । ਕਤਕਿ ਸੁਦੀ ਪੰਚਿਮੀ ॥੫॥ ਭੁਲ ਚੁਕ ਅਖਰ ਮਾਤ੍ਰਾ ਕੀ ਬਖਸਣੀ ਦਾਸ ਲਿਖਾਰੀ ਕੋ, ਸਦਕਾ ਸਾਧ ਸੰਗਤਿ ਕਾ । ਟਹਲਿ ਕੀਤੀ ਗੁਰਦਿਤਿ ਸਿੰਘ ਝਬਾਲੀਏ ਢਿਲੋਂ । ਮਸਤਿ ਸੁਭਿ ਮਸਤਿ ॥੧॥ (ਪੱਤਰੇ ੪੦੬-੦੭)

ਇਸ ਗ੍ਰੰਥ ਵਿਚ ਕ੍ਰਮ ਅਨੁਸਾਰ ਇਹ ਬਾਣੀਆਂ ਤੇ ਰਚਨਾਵਾਂ ਹਨ—

(ਨੰ. ੬੮੧, ਸੈਂ. ਪ. ਲਾ.)

੨੩. ਪੰਜ ਗ੍ਰੰਥੀ

ਲਖਕ– ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ—8″ × 5¼″, ਲਿਖਤ 6¼″ × 4″ ।

ਵੇਰਵਾ— ਪੱਤਰੇ ੨੦੮; ਪੂਰੀ ਸਫ਼ਾ ੯ ਸਤਰਾਂ, ਕਾਗਜ਼ ਦੇਸੀ, ਜੋ ਬੜਾ ਪੁਰਾਣਾ ਤੇ ਰੇਸ਼ਮੀ ਰੰਗ ਦਾ ਹੈ; ਲਿਖਤ ਸਿੱਧੀ ਸਾਦੀ ਤੇ ਕਈ ਥਾਵੀਂ ਅਸ਼ੁੱਧ; ਕੁਝ ਪੱਤਰੇ ਫਟੇ ਹੋਣ ਕਰ ਕੇ ਦੁਬਾਰਾ ਜੋੜੇ ਹੋਏ; ਕਈ ਪੱਤਰੇ ਇਕ ਪਾਸੇ ਲਿਖੇ ਹੋਏ, ਜਿਵੇਂ ੧੩੦ ਅੰਕ ਵਾਲਾ ਪੱਤਰਾ; ੮੧ ਅੰਕ ਦਾ ਪੱਤਰਾ ਖ਼ਾਲੀ ਛੱਡਿਆ ਹੋਇਆ; ਹਾਸ਼ੀਆ ਸਾਦਾ, ਕਾਲੀਆਂ ਲਕੀਰਾਂ ਵਾਲਾ; ਸਿਆਹੀ ਫਿੱਕੀ ਕਾਲੀ; ਪੁਸਤਕ ਸਜਿਲਦ ।

ਸਮਾਂ— ਲਗ ਭਗ ੧੯ ਵੀਂ ਸਦੀ ਬਿਕ੍ਰਮੀ । **ਲਿਖਾਰੀ**— ਨਾਮਾਲੂਮ ।

ਆਰੰਭ— "੧ਓ ਸ੍ਰੀ ਸਤਿਗੁਰ ਪ੍ਰਸਾਦਿ ॥ ੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ..."

ਅੰਤ— ਨਾਨਕ ਏਕੀ ਬਾਹਰੀ ਹੋਰ ਦੂਜੀ ਨਾਹੀ ਜਾਇ ।
ਸੋ ਕਰੇ ਜਿ ਤਿਸੈ ਰਜਾਇ ॥ ੨੪ ॥
ਭੁਲਿਆ ਚੁਕਿਆ ਬਖਸਿ ਲੈਣਾ ॥

੨੪. ਪੰਜ ਗ੍ਰੰਥੀ (ਨੰ: ੬੮੨, ਸੈਂ. ਪ. ਲਾ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ—4¾" × 5¾" ਲਿਖਤ 3" × 4¾" ।

ਵੇਰਵਾ- ਪੱਤਰੇ ੩੮੧; ਪ੍ਰਤੀ ਸਫ਼ਾ ੭,੮,੯,੧੦ ਅਤੇ ੧੧ ਸਤਰਾਂ; ਕਾਗਜ਼ ਦੇਸੀ; ਲਿਖਤ ਸਾਦੀ ਤੇ ਕਈ ਹੱਥਾਂ ਦੀ ਲਿਖੀ ਹੋਈ, ਜਿਸ ਕਰ ਕੇ ਕਈ ਥਾਵੀਂ ਮੋਟੀ ਤੇ ਬਾਰੀਕ ਵੀ ਹੋ ਗਈ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਸਜਿਲਦ ।

ਸਮਾਂ— ੧੯ਵੀਂ ਸਦੀ ਬਿਕ੍ਰਮੀ । ਲਿਖਾਰੀ—ਨਾਮਾਲੂਮ ।

ਆਰੰਭ- ੧ਓ ਸਤਿਨਾਮੁ ਕਰਤਾ ਪੁਰਖੁ... ।

ਅੰਤ— ਜਿਨਿ ਜਾਨਿਓ ਪ੍ਰਭ ਆਪਨਾ, ਨਾਨਕ ਤਿਸਹਿ ਰਵਾਲ ॥ ੧੭ ॥ ੧ ॥

੨੫. ਪੰਜ ਗ੍ਰੰਥੀ (ਨੰ. ੬੯੬, ਸੈਂ. ਪ. ਲਾ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ—5" × 3¾" ਲਿਖਤ 4¼" × 3¼" ।

ਵੇਰਵਾ— ਪੱਤਰੇ ੨੪੦; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ; ਹਾਸ਼ੀਆ ਸਾਦਾ ਲਕੀਰਾਂ ਵਾਲਾ, ਪੁਸਤਕ ਸਜਿਲਦ; ਆਦਿ ਅੰਤ ਦੀ ਕੁਝ ਲਿਖਤ ਕਿਸੇ ਹੋਰ ਕਲਮ ਨਾਲ ਲਿਖੀ ਹੋਈ ।

ਸਮਾਂ— ਲਗਭਗ ੧੯ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ- ੧ਓ ਸਤਿਨਾਮੁ ਕਰਤਾ ਪੁਰਖੁ... (ਜਪੁ)

ਅੰਤ— ਬਸੀ ਕਰਨ ਛੰਦ ॥ ਕਾਜਲੁ ਕਮਲ ਪਤ੍ਰ ਗੋਰੋਚਨੁ ਚੰਦਨ ਪਤ੍ਰਜ ਲੀਜੈ ।
ਏ ਸਮ ਭਾਗ ਪੀਸਿ ਕੇ ਛਾਨੋ ਬਹ ਮਹੀਨ ਸੋ ਕੀਜੈ ।... (ਅੱਗੇ ਪੱਤਰੇ ਗੁਮ ਹਨ)।

ਇਸ ਪੁਸਤਕ ਵਿਚ ਜਪੁ, ਸੋਦਰ, ਸੋਹਿਲਾ, ਦਖਣੀ ਓਅੰਕਾਰ, ਸਿਧ ਗੋਸਟਿ, ਆਨਦ, ਬਾਵਨ ਅਖਰੀ, ਸੁਖਮਨੀ, ਸਲੋਕ ਮਹਲਾ ੯ ਅਤੇ ਵੈਦਕ ਨੁਸਖ਼ੇ ਦਰਜ ਹਨ ।

੨੬. ਪੰਜ ਗ੍ਰੰਥੀ, ਦਸ਼ਮ ਬਾਣੀ ਆਦਿ (ਨੰ. ੬੯੪, ਸੈਂ. ਪ. ਲਾ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ—6" × 4¼" ਲਿਖਤ 4" × 3" ।

ਵੇਰਵਾ— ਪੱਤਰੇ ੨੧੭ + ੭੧ = ੨੮੮; ਪ੍ਰਤੀ ਸਫ਼ਾ ੮, ੯, ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਦੀ ਤੇ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਹਾਸ਼ੀਆ ਸਿੱਧਾ ਸਾਦਾ ਲਕੀਰਾਂ ਵਾਲਾ; ਸਿਆਹੀ ਫਿੱਕੀ ਕਾਲੀ; ਪੁਸਤਕ ਸਜਿਲਦ ।

ਸਮਾਂ— ਲਗਭਗ ੧੯੦੦ ਬਿ.। ਲਿਖਾਰੀ— ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ॥ ਸਤਿਨਾਮੁ ਕਰਤਾ ਪੁਰਖੁ..."

ਅੰਤ- ਲਖ ਚਉਰਾਸੀ ਜਾਤਿ, ਤੇਰਾ ਅੰਤੁ ਨ ਕਿਨ ਹੀ ਪਾਇਆ ।
ਜਪਤ ਰਹੇ ਦਿਨ ਰਾਤਿ, ਸਤਿਗੁਰ ਸੰਸਾ ਮੇਟਿਆ ।"

ਇਸ ਹੱਥ ਲਿਖਤ ਵਿਚ ਪੰਜ ਗ੍ਰੰਥੀ ਤੋਂ ਬਿਨਾਂ ਕਵਿ ਸ਼ਾਹ ਹੁਸੈਨ, ਕਲਕੀ ਅਵਤਾਰ ਪਾ: ੧੦, ਭਗਉਤੀ ਦੀ ਵਾਰ; ਅਸਫੋਟਕ ਕਬਿੱਤ ਪਾ: ੧੦, ਤੇ ਸੰਸਾ ਹਰ ਸੁਖਮਨਾ ਪਾਤਸਾਹੀ ੧੦ ਨਾਮੀ ਰਚਨਾਵਾਂ ਸਾਮਲ ਹਨ ।

੨੭. ਪੰਜ ਗ੍ਰੰਥੀ ਮਏ ਬਾਈ ਵਾਰਾਂ (ਨੰ. ੬੬੭, ਸੈਂ. ਪ. ਲਾ.)

ਲੇਖਕ—ਸ੍ਰੀ ਗੁਰੂ ਨਾਨਕ ਦੇਵ ਆਦਿ । ਆਕਾਰ— 9" × 13¼", ਲਿਖਤ—5½" × 9½" ।

ਵੇਰਵਾ—ਪੱਤਰੇ ੨੧੦; ਪ੍ਰਤੀ ਸਫ਼ਾ ੨੦ ਸਤਰਾਂ; ਕਾਗਜ਼ ਦੇਸੀ, ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ; ਪੁਸਤਕ ਸਜਿਲਦ ।

ਸਮਾਂ—ਲਗਭਗ ੧੭ਵੀਂ ਸਦੀ ਬਿਕ੍ਰਮੀ । ਲਿਖਾਰੀ— ਨਾਮਾਲੂਮ ।

ਆਰੰਭ–(ਦੋ ਸਫ਼ਿਆਂ ਦੇ ਤਤਕਰੇ ਤੋਂ ਬਾਅਦ) ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ਜਪੁ॥ ਆਦਿ ਸਚੁ, ਜੁਗਾਦਿ ਸਚੁ । ਹੈਭੀ ਸਚੁ, ਨਾਨਕ ਹੋਸੀ ਭੀ ਸਚੁ ॥੧॥

ਅੰਤ— ਆਪ ਤਰਹਿ ਸੰਗੀ ਤਰਾਹਿ, ਸਭ ਕੁਟੰਬੁ ਤਰਾਵੈ ॥
ਜਨੁ ਨਾਨਕੁ ਤਿਸੁ ਬਲਿਹਾਰਣੈ, ਜੋ ਮੇਰੇ ਹਰਿ ਪ੍ਰਭ ਭਾਵੈ ॥੧੫॥੧॥

ਇਸ ਪੁਸਤਕ ਵਿਚ ਬਾਣੀਆਂ ਦੀ ਤਰਤੀਬ ਇਸਤਰ੍ਹਾਂ ਹੈ: ੧. ਜਪੁ, ੨. ਸੋਦਰ ਤੇ ਬੇਨਤੀ ਚਉਪਈ ਪਾਤਸ਼ਾਹੀ ੧੦, ੩. ਸੋਹਿਲਾ, ੪. ਦੱਖਣੀ ਓਅੰਕਾਰ, ੫. ਸਿੱਧ ਗੋਸ਼ਟਿ, ੬. ਗਉੜੀ ਬਾਵਨ ਅੱਖਰੀ ੭. ਸੁਖਮਨੀ ੮. ਰਾਮਕਲੀ ਆਨੰਦ ਅਤੇ ੯. ਬਾਈ ਵਾਰਾਂ (ਵਾਰ ਸ੍ਰੀ ਰਾਗ ਤੋਂ ਕਾਨੜੇ ਦੀ ਵਾਰ ਤਕ)।

ਇਸ ਤੋਂ ਬਿਨਾਂ ਅੰਤ ਵਿਚ ਕਿਸੇ ਹੋਰ ਕ਼ਲਮ ਨਾਲ ਲਿਖੀ ਹੋਈ ਸ੍ਰੀ ਦਸ਼ਮੇਸ਼ ਕ੍ਰਿਤ ਪ੍ਰੇਮ ਅੰਬੋਧ (ਅਰਥਾਤ-ਪਰਚੀਆਂ ਭਗਤਾ ਕੀਆਂ) ਨਾਮੀ ਪੁਸਤਕ ਪੱਤਰਾ ੨੧੨ ਤੋਂ ੨੭੭ ਤਕ ਹੈ ਜਿਸ ਵਿਚ ਭਗਤ ਸਧਨੇ ਦੇ ਜੀਵਨ ਪਰ ਇਸ ਪੁਸਤਕ ਦੀ ਸਮਾਪਤੀ ਹੋ ਜਾਂਦੀ ਹੈ । ਪ੍ਰੇਮ ਅਬੋਧ ਦਾ ਆਦਿ ਅੰਤ ਇਸ ਪ੍ਰਕਾਰ ਹੈ :—

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਮਹਲਾ ੧੦॥ ਪਰਚੀਆਂ ਪ੍ਰੇਮ ਭਗਤਾਂ ਕੀਆਂ । ਪ੍ਰੇਮ ਅੰਬੋਧ ਪੋਥੀ ਕਾ ਨਾਉਂ ॥
ਦੋਹਰਾ ॥ ਓਅੰ ਨਮੋ ਪਰਮਾਤਮਾ, ਪੂਰ ਰਹਯੋ ਸਭ ਅੰਗ ॥ (ਪੱਤਰਾ ੨੧੨)

ਅੰਤ— ਗੁਦਾ ਘ੍ਰਾਣ ਪ੍ਰਿਥਵੀ ਤੇ ਭਏ । ਬਿਸਰ ਗਿਰੀ... (ਅਗਲੇ ਪੱਤਰੇ ਗੁਮ ਹਨ, ਜਿਸ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ ।)

੨੮. ਪੰਜ ਗ੍ਰੰਥੀ ਮਏ ਬਾਈ ਵਾਰਾਂ । (ਨੰ. ੬੬੮ ਸੈਂ. ਪ. ਲਾ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ–11¾″×9¼″, ਲਿਖਤ 8″×5¾″ ।

ਵੇਰਵਾ— ਪੱਤਰੇ ੨੬੦; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਸਿਆਲ ਕੋਟੀ ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਰਲੇਖ ਤੇ ਅੰਕ ਲਾਲ ਸਿਆਹੀ ਨਾਲ ਅੰਕਿਤ ; ਪੁਸਤਕ ਸਜਿਲਦ ।

ਸਮਾਂ— ਲਗਭਗ ਸੰ. ੧੯੦੦ ਬਿ. । ਲਿਖਾਰੀ—ਧਰਮ ਸਿੰਘ । ਸਥਾਨ—ਪਟਿਆਲਾ ।

ਆਰੰਭ— ੧ਓ ਸਤਿਨਾਮੁ...... (ਜਪੁ) ।

ਅੰਤ— ਸਚੁ ਪੂਰੈ ਗੁਰ ਉਪਦੇਸਿਆ, ਨਾਨਕ ਸੁਣਾਵੈ ॥੩॥੭॥੨੨॥ (ਬਸੰਤ ਕੀ ਵਾਰ) (ਪੱਤਰਾ ੨੬੦)

ਬਾਣੀਆਂ ਦੀ ਤਰਤੀਬ ਅੰਕ ੨੭੮ ਦੀ ਹੱਥ ਲਿਖਤ ਵਾਂਗ ਹੈ ; ਫ਼ਰਕ ਕੇਵਲ ਇਹ ਹੈ ਕਿ ਬਾਈ ਵਾਰਾਂ ਦਾ ਭੋਗ ਬਸੰਤ ਕੀ ਵਾਰ ਉਤੇ ਹੀ ਪੈ ਜਾਂਦਾ ਹੈ । ਕਾਰਣ ਸ਼ਾਇਦ ਇਹੋ ਹੈ ਕਿ ਮਹਲਾ ੧, ੩ ਅਤੇ ੪ ਦੀਆਂ ਵਾਰਾਂ ਪਹਿਲਾਂ ਤੇ ਮਹਲਾ ੫ ਦੀਆਂ ਵਾਰਾਂ ਸਭ ਤੋਂ ਪਿੱਛੋਂ ਦਰਜ ਕੀਤੀਆਂ ਗਈਆਂ ਹਨ ।

੨੯. ਪੰਜ ਗ੍ਰੰਥੀ ਤੇ ਬਾਈ ਵਾਰਾਂ । (ਨੰ: ੬੭੦, ਸੈਂ. ਪ. ਲਾ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ—10¼″×6¾″, ਲਿਖਤ 7½″×5″ ।

ਵੇਰਵਾ— ਪੱਤਰੇ ੩੧੫ ; ਪ੍ਰਤੀ ਸਫ਼ਾ ੧੧ ਸਤਰਾਂ ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ ।

ਸਮਾਂ— ਸੰਮਤ ੧੮੮੧ ਬਿ. । ਲਿਖਾਰੀ—ਨਾਮਾਲੂਮ ।

ਆਰੰਭ— (੮ ਪੱਤਰਿਆਂ ਦੀ ਵਿਸ਼ੇ-ਸੂਚੀ ਤੋਂ ਬਾਦ) ੧ਓ ਸਤਿਨਾਮੁ...... (ਜਪੁ)

ਅੰਤ— ਸਚੁ ਪੂਰੈ ਗੁਰ ਉਪਦੇਸਿਆ, ਨਾਨਕ ਸੁਣਾਵੈ ॥੩॥੭॥ (ਬਸੰਤ ਕੀ ਵਾਰ)

ਇਸ ਹੱਥ ਲਿਖਤ ਵਿਚ ਮਹਲਾ ੧, ੩, ੪ ਦੀਆਂ ਵਾਰਾਂ ਪਹਿਲਾਂ ਤੇ ਮਹਲਾ ੫ ਦੀਆਂ ਵਾਰਾਂ ਸਭ ਤੋਂ ਪਿਛੋਂ ਦਿੱਤੀਆਂ ਹਨ, ਜਿਸ ਕਰ ਕੇ ਬਸੰਤ ਕੀ ਵਾਰ ਅੰਤ ਵਿਚ ਆਈ ਹੈ ।

੩੦. (ੳ) ਬਾਣੀ-ਸੰਗ੍ਰਹ ਗੁਰੂ ਸਾਹਿਬਾਨ । (ਝੂਲਨੇ ਵਲੀ ਰਾਮ ਆਦਿ ਸਮੇਤ) (ਨੰ. ੪੬੮, ਪੰ. ਆ.)

ਲੇਖਕ— ਗੁਰੂ ਅਰਜਨ ਜੀ ਆਦਿ । ਆਕਾਰ—6¾″×4½″, ਲਿਖਤ ਗੋਲਾਕਾਰ 2½″×2½″ ।

ਵੇਰਵਾ— ਪੱਤਰੇ ੪੫੪ ; ਪ੍ਰਤੀ ਸਫ਼ਾ ੬-੭ ਸਤਰਾਂ ; ਕਾਗਜ਼ ਕਸ਼ਮੀਰੀ ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਗੋਲ ਤੀਹਰੀਆਂ-

ਚੌਹਰੀਆਂ ਰੰਗੀਨ ਲਕੀਰਾਂ ਵਾਲਾ ; ਸਿਰਲੇਖ, ਸ਼ਲੋਕਾਂ, ਪਉੜੀਆਂ, ਛੰਦਾਂ ਦੇ ਨਾਮ ਆਦਿ ਕਈ ਥਾਵੀਂ ਲਾਲ ਸਿਆਹੀ ਨਾਲ ਲਿਖੇ ਹੋਏ; ਸਾਰੀ ਪੁਸਤਕ ਟਿਸ਼ੂ ਪੇਪਰ ਲਾ ਕੇ ਨਵੇਂ ਵਿਗਿਆਨਕ ਢੰਗ ਨਾਲ ਮੁਰੰਮਤ ਕੀਤੀ ਹੋਈ, ਜਿਸ ਕਰ ਕੇ ਹਾਸ਼ੀਆ ਵਧਿਆ ਹੋਇਆ ਹੈ ।

ਸਮਾਂ— ਸੰਮਤ ੧੮੩੬ ਬਿ. । ਲਿਖਾਰੀ—ਸੀਤਲ ।

ਆਰੰਭ—੧ਓ ਸਤਗੁਰ ਪ੍ਰਸਾਦਿ । ਚਲਿਤ੍ਰ ਜੋਤੀ ਜੋਤ ਸਮਾਉਣ ਕਾ ਸੰਮਤ ੧੫੯੬ ਅਸੂ ਵਦੀ ੧੦ ਸ੍ਰੀ ਗੁਰੂ ਨਾਨਕ ਦੇਵ ਜੀ ਸਮਾਣੇ ।... (ਪੱਤਰਾ ੧)

੧ਓ ਸਤਿਗੁਰ ਪ੍ਰਸਾਦਿ । ਰਾਗ ਗਉੜੀ ਪੂਰਬੀ ਸੁਖਮਨੀ ਮਹਲਾ ੫ ਸਲੋਕੁ । ਆਦਿ ਗੁਰਏ ਨਮਹ । (ਪੱਤਰਾ ੫)

ਅੰਤ— ਨਾਨਕ ਇਹ ਗੁਣਿ ਨਾਮ ਸੁਖਮਨੀ ॥੮॥੨੪॥
ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ ।
ਭਗਤ ਜਨਾ ਕੇ ਮਨਿ ਬਿਸ੍ਰਾਮ । ਸੁਖਮਨੀ ਸੰਪੂਰਨ ਹੋਈ ।...
ਸਮਤ ੧੮੩੮ । ਮਿਤੀ ਜੇਠ ਸੁਦੀ ੧੪ ਲਿਖੀ ॥ਦੋਹਰਾ॥
ਸਤਿਗੁਰ ਕੇ ਗੁਣ ਬਹੁਤ ਹੈ, ਕਿਤਿ ਮੁਖ ਲਿਖਿਓ ਬਨਾਇ ।
ਦਾਸ ਸੀਤਲ ਕੀ ਬੇਨਤੀ ਰਾਖਉ ਚਰਨੀ ਲਾਇ ॥ (ਪੱਤਰਾ ੧੪੬)

ਇਸ ਤੋਂ ਅਗਲੇ ਪੱਤਰੇ ੧੪੭ ਤੋਂ ੧੫੧ ਤਕ ਗੁਮ ਹੋਣ ਕਰ ਕੇ ਅਗਲਾ ਪਾਠ ਨਹੀਂ ਮਿਲਦਾ । ਫੇਰ ਪੱਤਰਾ ੧੫੨ ਤੋਂ ਪਾਤਸ਼ਾਹੀ ੯ ਦੇ ਸ਼ਲੋਕ ਤੇ ਸ਼ਬਦ ੨੪੨ ਤਕ. ਪਾਤਸ਼ਾਹੀ ੧੦ ਦੀ ਬਾਣੀ ਚੌਪਈ ਤੇ ਜਾਪੁ ਪੱਤਰਾ ੨੪੩ ਤੋਂ ੨੮੬ ਤਕ ਦਰਜ ਹਨ ।

(ਅ) ਝੂਲਨੇ ਵਲੀ ਰਾਮ ਕੇ ।

ਆਰੰਭ— (ਚੂਕ) ਕੋਇ ਕਬ ਲੇਹੁ ਸੁਧਾਰੋ (ਬੇਨਤੀ ਚੌਪਈ ਦੀ ਤੁਕ) ।

੧ਓ ਸਤਿਗੁਰ ਪ੍ਰਸਾਦਿ । ਝੂਲਣੇ ਵਲੀ ਰਾਮ ਜੀ ਕੇ ।
ਯਹ ਬਰਫ ਕਾ ਪੁਤਲਾ ਨਿਤ ਵਲੀ,ਕੈਸੇ ਜੋਗ ਕਮਾਇ ਕਮਾਇ ਰਹਾ ।... (ਪੱਤਰਾ ੨੯੧)

ਅੰਤ— ...ਸੁ ਬਿਚਾਰ ਕੋ ਕਿਉ ਤਜਿ ਰਹਤਾ ਹੈ, ਮਨ ਕੋ ਭਲੇ ਸਮਝਾਈਐ ਜੀ ॥੬੧॥
ਝੂਲਣੇ ਵਲੀ ਰਾਮ ਕੇ ਸੰਪੂਰਣਹੁ । ਬੋਲਹੁ ਭਾਈ ਜੀ ਵਾਹੁਗੁਰੂ ਜੀ । (ਪੱਤਰਾ ੩੨੦)

ਇਸ ਤੋਂ ਅੱਗੇ ਗੀਤਾ ਸਾਰ ੩੨੧-੩੩੮, ਵਿਚਾਰ ਮਾਲਾ (ਅਨਾਥ ਪੁਰੀ) ੩੩੯-੩੮੪, ਉਪਦੇਸ਼ ਚਿਤਾਵਨੀ ਦਾ ਅੰਗ (ਸੁੰਦਰ ਦਾਸ) ੩੮੪-੪੨੯, ਗਉੜੀ ਬਾਣੀ ਭਗਤਾਂ ਕੀ ੪੨੯-੪੪੬, ਗਾਥਾ ਮਹਲਾ ਪੰਜ ੪੪੭-੪੫੨ ਤੇ ਹਕੀਕਤ ਰਾਹ ਮੁਕਾਮ ਰਾਜੇ ਸ਼ਿਵ ਨਾਭ ਕੀ ੪੫੩-੪੫੫ ਤਕ ਦਰਜ ਹਨ ਛੇ ਅੰਤਲੀ ਹੱਥ ਲਿਖਤ ਅਧੂਰੀ ਹੈ ।

(ਨੰ. ੮੨, ਡਾ. ਵਿ.)

੩੧. ਬਾਈ ਵਾਰਾਂ

ਲੇਖਕ– ਸ੍ਰੀ ਗੁਰੂ ਨਾਨਕ ਦੇਵ ਜੀ ਆਦਿ । ਆਕਾਰ—6¾" × 4¾", ਲਿਖਤ 4¼" × 3½" ।

ਵੇਰਵਾ— ਪੱਤਰੇ ੫੪੦; ਪ੍ਰਤੀ ਸਫ਼ਾ ਸਤਰਾਂ ਦੀ ਔਸਤ ੯; ਦੋ-ਦੋ ਲਾਈਨਾਂ ਰੰਗੀਨ ਤੇ ਇਕ-ਇਕ ਕਾਲੀ: ਹਾਸ਼ੀਆ 1½" × 1½"; ਲਿਖਤ ਸਾਫ਼ ਤੇ ਸ਼ੁੱਧ ।

ਸਮਾਂ— ੧੬ਵੀਂ ਤੋਂ ੧੭ਵੀਂ ਸਦੀ ਤਕ ।

ਆਰੰਭ– ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲੁ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧ ॥

੨੧ਵੇਂ ਪੱਤਰੇ ਤੇ ਜਪੁਜੀ ਸਮਾਪਤ ਹੋ ਕੇ ਫੇਰ ਸ੍ਰੀ ਰਾਗ ਦੀ ਵਾਰ ਸ਼ੁਰੂ ਹੁੰਦੀ ਹੈ:—

"੧ਓ ਸਤਿਗੁਰ ਪ੍ਰਸਾਦਿ ॥ ਸਿਰੀ ਰਾਗ ਕੀ ਵਾਰ ਮਹਲਾ ੪ ॥ ਸਲੋਕਾਂ ਨਾਲਿ ॥ ਸਲੋਕ ਮ: ੩ ॥ ਰਾਗਾਂ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥ ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰ ॥......"

ਅੰਤ— ...ਸਲੋਕ ਮ: ੪ ॥ ਹਉ ਢੂਢੇਦੀ ਸਜਣਾ, ਸਜਣੁ ਮੈਡੈ ਨਾਲਿ ॥
ਜਨ ਨਾਨਕ ਅਲਖੁ ਨ ਲਖੀਐ, ਗੁਰਮੁਖਿ ਦੇਹਿ ਦਿਖਾਲਿ ॥ ੧ ॥

ਮ: ੪ ॥ ਨਾਨਕ ਪ੍ਰੀਤਿ ਲਾਈ ਤਿਨਿ ਸਚੈ, ਤਿਸੁ ਬਿਨੁ ਰਹਣੁ ਨ ਜਾਈ ।
ਸਤਿਗੁਰੁ ਮਿਲੈ ਤ ਪੂਰਾ ਪਾਈਐ, ਹਰਿ ਰਸਿ ਰਸਨ ਰਸਾਈ ॥ ੨ ॥

ਪਉੜੀ ॥ ਕੋਈ ਗਾਵੈ ਕੋ ਸੁਣੈ, ਕੋ ਉਚਰਿ ਸੁਣਾਵੈ ।
ਜਨਮ ਜਨਮ ਕੀ ਮਲੁ ਉਤਰੈ, ਮਨਿ ਚਿੰਦਿਆ ਪਾਵੈ ।

ਆਵਣ ਜਾਣਾ ਮੇਟੀਐ, ਹਰਿ ਕੇ ਗੁਣ ਗਾਵੈ ।
ਆਪਿ ਤਰਹਿ ਸੰਗੀ ਤਰਹਿ, ਸਭ ਕੁਟੰਬੁ ਤਰਾਵੈ ।
ਜਨ ਨਾਨਕੁ ਤਿਸ ਬਲਿਹਾਰਣੈ, ਜੋ ਮੇਰੇ ਹਰਿ ਪ੍ਰਭੁ ਭਾਵੈ ॥ ੧੫॥ ੧ ॥ ੨੨ ॥ ਸੁਧ ॥

੩੨. ਮਹਲਾ ੯ ਦੇ ਸ਼ਬਦ-ਸ਼ਲੋਕ (ਨੰ. ੧੭੪, ਭਾ. ਵਿ.)

ਲੇਖਕ— ਸ੍ਰੀ ਗੁਰੂ ਤੇਗ ਬਹਾਦੁਰ ਜੀ । ਆਕਾਰ—$7\frac{1}{2}'' \times 5\frac{1}{4}''$ ਲਿਖਤ $4\frac{3}{4}'' \times 3''$ ।

ਵੇਰਵ— ਪੱਤਰੇ ੩੮; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸੁੰਦਰ ਚੌਕੋਰ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਕੁਝ ਤੁਕਾਂ ਤੇ ਰਾਗਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ਦੋ ਸਫ਼ੇ ਰੰਗੀਨ ਦੂਹਰੇ ਹਾਸ਼ੀਏ ਵਾਲੇ ਤੇ ਪਹਿਲੇ ਸਫ਼ੇ ਦੇ ਅੱਖਰ ਸੁਨਹਿਰੀ; ਇਸ ਪੁਸਤਕ ਦੇ ਨਾਲ ਇਕੋ ਜਿਲਦ ਵਿਚ ਸਾਧੂ ਸੁੰਦਰ ਦਾਸ ਜੀ ਦੀ ਬਾਣੀ ਵੀ ਸ਼ਾਮਲ ਹੈ, ਜੋ ੧੭੮ ਪੱਤਰਿਆਂ ਦੀ ਹੈ ।

ਸਮਾਂ— ਸੰਮਤ ੧੯੨੮ ਬਿ. । ਲਿਖਾਰੀ—ਪਿਆਰਾ ਸਿੰਘ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਰਾਗ ਗਉੜੀ ਮਹਲਾ ੯ ॥ ਸਾਧੋ ! ਮਨ ਕਾ ਮਾਨ ਤਿਆਗਉ ।
ਕਾਮ ਕਰੋਧ ਸੰਗਤਿ ਦੁਰਜਨ ਕੀ, ਤਾ ਤੇ ਅਹਿਨਿਸ ਭਾਗਉ ।... (ਪੱਤਰੇ ੧-੨)

ਅੰਤ— ਰਾਮ ਨਾਮ ਉਰ ਮੈ ਗਹਿਓ, ਜਾ ਕੈ ਸਮ ਨਹੀਂ ਕੋਇ ।
ਜਿਹ ਸਿਮ੍ਰਤ ਸੰਕਟ ਮਿਟੈ, ਦਰਸ ਤੁਹਾਰੋ ਹੋਇ ॥ ੫੭ ॥ ੧ ॥ (ਪੱਤਰਾ ੩੧)

ਇਸ ਤੋਂ ਅੱਗੇ ਪੱਤਰਾ ੩੨ ਤੋਂ ੩੮ ਤਕ ਰਾਗ ਤਿਲੰਗ ਮਹਲਾ ੧ ਤੇ ਮਹਲਾ ੫ ਦੇ ਚਾਰ ਸ਼ਬਦ ਤੇ ਪੰਜਵਾਂ ਨਸੀਹਤ ਨਾਮਾ ਮਹਲਾ ੧ ਦਰਜ ਹੈ, ਜਿਨ੍ਹਾਂ ਵਿਚੋਂ ਮਹਲਾ ੧ ਦੇ ਅੱਗੇ ਲਿਖੇ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਆਏ—

(ੳ) ਤਿਲੰਗ ਮਹਲਾ ੧

ਅਵਲਾ ਅਵਲ ਏਕ ਖੁਦਾਈ । ਦੂਸਰੀ ਕੁਦਰਤ ਸਾਜ ਦਿਖਾਈ ॥ ੧ ॥

ਕੁਦਰਤ ਕਲਮਾ ਕੂਕ ਸੁਣਾਇਆ । ਏਕ ਅਲਾਹੀ ਰਾਹੁ ਬਤਾਇਆ ॥੧॥ਰਹਾਉ॥
ਕੁਦਰਤ ਸਿਰਜੇ ਆਦਮ ਹਵਾ । ਤਿਨਾ ਭਿ ਕੀਤਾ ਬਹੁਤਾ ਦਾਵਾ ॥ ੨ ॥
ਸਾਤ ਚੀਜ ਜਿਨਾ ਮਿਲੈ ਬਕਾਈ । ਸੇ ਭੀ ਮਉਤੇ ਕੀਏ ਫਨਾਈ ॥ ੩ ॥
ਯਾਰ ਮਸਾਇਕ ਬੁਜਰਗ ਲਾਇਕ । ਮਿਹਤਰ ਸਿਲੇਮਾਨ ਕੋ ਹੋਈ ਇਨਾਇਤ ॥ ੪ ॥
ਪਰੀਆ ਦੇਵ ਜਿਨ ਬੰਦੀ ਦੀਨੇ । ਸੋ ਭੀ ਮਉਤ ਹਿਲਾਕਤ ਕੀਨੇ ॥ ੫ ॥...

(ਅ)...ਤਾਜ ਕੁਲਹ ਸਿਰ ਦਾਨੇ ਬੀਨੇ । ਖਾਲਕ ਸੋ ਪਸ ਪਰਦੇ ਕੀਨੇ ।
ਯਾਰ ਮੁਹੰਮਦ ਨਿਕਟ ਖੁਦਾਈ । ਸੋ ਭੀ ਮਉਤੇ ਕੀਆ ਫਨਾਈ ॥ ੫ ॥

ਮੁਰਤਜਾ ਅਲੀ ਸੇਰ ਖੁਦਾਈ । ਖਾਲਕ ਜਾ ਕੋ ਦੀਆ ਤਾਈ ॥
ਯਾਰ ਮੁਹੰਮਦੀ ਅਰ ਬੰਧ ਭਾਈ । ਸੋ ਭੀ ਮਉਤੇ ਕੀਏ ਫਨਾਹੀ ॥ ੬ ॥

ਲੌਹ ਕਲਮ ਜਿਮੀ ਅਸਮਾਨਾ । ਖਾਲਕ ਰੂਹ ਰਖੇ ਅਮਾਨਾ ।
ਮਰਣ ਜੀਵਨ ਕੀ ਗਮੀ ਨ ਕਾਈ । ਸੇ ਭੀ ਮਉਤੇ ਕੀਏ ਫਨਾਈ ॥ ੭ ॥
ਖਾਨ ਮਲੂਕ ਉਮਰੇ ਸਿਰਦਾਰਾ । ਸੇ ਭੀ ਮੁਸਾਫਰ ਚਲਨੇ ਹਾਰਾ ।

ਢੱਲ ਦਮਾਮੇ ਗਏ ਵਜਾਈ । ਸੇ ਭੀ ਮਉਤੇ ਕੀਏ ਫਨਾਈ ॥ ੮ ॥
ਕਰਹਿ ਤਕਬਰੀ ਖ਼ੁਦੀ ਜਨਾਵਹਿ । ਆਦ ਜੁਗਾਦ ਮਨੀਅਤ ਪਾਵਹਿ
ਨਾਨਕ ਜੇ ਕੋ ਏਕ ਪਛਾਨੈ । ਤਾ ਕਛ ਪੰਦ ਨਸੀਹਤ ਜਾਣੈ ॥ ੯ ॥

(ੲ) ਤਿਲੰਗ ਮਹਲਾ ੧ ਰਸਾਲ

ਆਵੈ ਕਾਲ ਕਹਾਂ ਕੋ ਜਾਇ । ਜਲ ਥਲ ਮਹੀਅਲ ਕਾਲ ਸਮਾਇ ।
ਪਾਣੀ ਪਉਣ ਅਗਨ ਫੁਨ ਕਾਲ । ਧਰਤੀ ਕਾਲ ਪਸਾਰਿਓ ਜਾਲ ॥ ੧ ॥
ਰਵਿ ਸਸਿ ਤਾਰਾ ਮੰਡਲ ਹੂਏ । ਧ੍ਰਹ ਪ੍ਰਹਲਾਦ ਅਟਲ ਹੋਇ ਮੂਏ ।
ਜਤੀ ਸਤੀ ਨਉ ਨਾਥ ਕਹਾਏ । ਸਿਧ ਚਉਰਾਸੀ ਕਾਲ ਪਚਾਏ ॥ ੨ ॥
ਨਿਸ ਬਾਸਰ ਤਟ ਦੇਵ ਦਿਵਾਲਾ । ਕਾਲ ਨ ਛੋਡੈ ਕਾਨ ਗੁਆਲਾ ।
ਮੋਨੀ ਜੋਨੀ ਫਿਰ ਫਿਰ ਥਾਕੇ । ਸੁਰ ਨਰ ਮੂਏ ਕਾਲ ਕੇ ਚਾਪੇ ॥ ੩ ॥
ਰਾਣਾ ਰੰਕ ਨ ਕੋਈ ਰਹੈ ।.. ...* ।
ਖਾਨੀ ਚਾਰ ਨ ਰਹਸੀ ਜਗ ਮੈ । ਕਾਲ ਪਸਾਰਿਓ ਬੰਧਨ ਪਗ ਮੇ । ੪ ॥
ਮੀਰ ਪੀਰ ਸਾਇਕ ਅਰ ਸਾਲਕ । ਖਲਕਤ ਮਰੈ ਸਦਾ ਥਿਰ ਖਾਲਕ ।
ਜੋ ਦੀਸੈ ਸੋ ਸਕਲ ਸਿਧਾਵੈ । ਕਾਲ ਸਬਲ ਨਹੀਂ ਛੂਟਨ ਪਾਵੈ ॥ ੫ ॥
ਕਾਲ ਜਲਾਦ ਸਭਾ ਚੁਨ ਮਾਰੀ । ਰਿਖੀ ਮੁਨੀਸਰ ਅਰ ਸੰਸਾਰੀ ।
ਜੋ ਦੀਸੈ ਸੋ ਸਕਲ ਖਪਾਵੈ । ਤ੍ਰੈ ਲੋਕ ਮਹਿ ਬਚਨ ਨ ਪਾਵੈ ॥ ੬ ॥
ਚਉਦਹ ਤਬਕ ਕਾਲ ਕੇ ਵਸ । ਕਾਲ ਛਾਡ ਕਤ ਜਾਈਐ ਨਸ ।
ਕਾਲ ਵਸ ਭਏ ਰਾਮ ਰਸੂਲ । ਬਰ ਸਰ ਨਾਨਕ ਕਾਲ ਕਬੂਲ ॥ ੭ ॥ (ਪੱਤਰੇ ੩੩-੩੫)

੩੩. (ੳ) ਸ਼ਲੋਕ ਭਗਤ ਕਬੀਰ ਜੀ ਕੇ (ਸ਼ਲੋਕ ਸ਼ੇਖ ਫ਼ਰੀਦ ਜੀ, ਕਥਾ ਸਤਿਜੁਗ ਆਦਿ ਸਮੇਤ)
(ਨੰ. ੧੯੨, ਪ੍ਰੋ. ਪ੍ਰੀ. ਸਿੰ.)

ਲੇਖਕ— ਭਗਤ ਕਬੀਰ ਜੀ । ਆਕਾਰ—$4\frac{3}{4}'' \times 4''$, ਲਿਖਤ $4'' \times 3''$ ।

ਵੇਰਵਾ— ਪੱਤਰੇ ਸ਼ਲੋਕ ਭਗਤ ਕਬੀਰ ਜੀ ਕੇ ੩੬, ਸ਼ਲੋਕ ਸ਼ੇਖ ਫ਼ਰੀਦ ਕੇ ੩੭-੫੫, ਕਥਾ ਸਤਿਜੁਗ ਕੀ ੫੬-੧੨੩, ਉਦਾਸ਼ੀ ਰਾਜੇ ਗੋਪੀ ਚੰਦ ਕੀ ੧੨੩-੯੩, ਸ਼ਲੋਕ ਬਜੀਦ ਕੇ ੧੯੪-੨੦੪, ਗਰਭ ਗੀਤਾ ੨੦੪-੩੯, ਸੱਸੀ ਪੁੰਨੂੰ (ਆਡਿਤ) ੨੩੯-੫੨, ਮਾਰੂ ਨਸੀਹਤ ਨਾਮਾ ੨੫੩-੫੬, ਰਾਗ ਗਉੜੀ ਵਾਰ ਦਸਾਂ ਅਵਤਾਰਾਂ ਕੀ (ਮਹਲਾ ੭) ੨੫੬-੭੩, ਰਾਗ ਬਿਲਾਵਲ ਵਾਰ ਪੀਰਾਂ ਕੀ (ਮਹਲਾ ੭) ੨੭੪-੮੮, ਰਾਗ ਮਾਲ ਕੋਸ ਕੀ ਵਾਰ (ਮਹਲਾਂ ੭) ੨੮੮-੯੫, ਰਾਗ ਤਿਲੰਗ ਕੀ ਵਾਰ (ਮਹਲਾ ੮) ੨੯੫-੩੧੨, ਰਾਗ ਸੋਰਠਿ ਕੀ ਵਾਰ (ਮਹਲਾ ੮) ੩੧੨-੩੧, ਵਾਰ ਸ੍ਰੀ ਭਗਉਤੀ ਜੀ ਕੀ (ਪਾਤਸ਼ਾਹੀ ੧੦) ੩੩੧-੫੧, ਕਥਾ ਸੁਖਦੇਵ ਕੇ ਜਨਮ ਕੀ (ਗਾਥਾ) ੩੫੧-੯੪, ਗੋਸ਼ਟਿ ਪਰਮਾਰਥ ਮਾਰਕੰਡੇ ਪੁਰਾਣ ਕਾ ੩੯੪-੪੦੯, ਸਾਖੀ ਰਾਜੇ ਨਿਰਮੋਹਿ ਕੀ ੪੧੦-੧੩, ਰਾਗ ਤਿਲੰਗ ਠੁਠਾ (ਹਰੀਆ ਬਾਲਾ) ੪੧੪-੨੪, ਰਾਗ ਟੋਡੀ (ਹਰੀਆ) ੪੨੫-੩੦; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਦੀ, ਪਰ ਸਾਫ਼ ਤੇ ਸ਼ੁੱਧ, ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਸੌ ਸਾਲ ਤੋਂ ਵੱਧ ਪੁਰਾਣੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— (ਦੋ ਪੱਤਰਿਆਂ ਦੀ ਵਿਸ਼ੇ-ਸੂਚੀ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ । ਸਲੋਕ ਭਗਤ ਕਬੀਰ ਜੀ ਕੇ ।
ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ ।... (ਪੱਤਰਾ ੧)

ਅੰਤ— ਕਬੀਰ ਜਉ ਗ੍ਰਿਹਿ ਕਰਹਿ ਤ ਧਰਮੁ ਕਰਿ, ਨਾਹੀ ਤ ਕਰੁ ਬੈਰਾਗ ।
ਬੈਰਾਗੀ ਬੰਧਨੁ ਕਰੈ, ਤਾ ਕੋ ਬਡੋ ਅਭਾਗ ॥੨੪੩॥ (ਪੱਤਰਾ ੩੬)

(ਅ) ਸ਼ਲੋਕ ਸ਼ੇਖ ਫ਼ਰੀਦ ਜੀ ਕੇ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਲੋਕ ਸੇਖ ਫਰੀਦ ਕੇ । ਜਿਤ ਦਿਹਾੜੇ ਧਨਵਰੀ:...। (ਪੱਤਰਾ ੩੭)

ਅੰਤ— ...ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀ ਦਾ ॥੧੩੦॥
ਸਲੋਕ ਸੇਖ ਫਰੀਦ ਕੇ ਸਪੂਰਣ ਹੋਏ । ਬੋਲਹੁ ਵਾਹਗੁਰੂ ਜੀ । ਬੋਲਹੁ ਵਾਹਗੁਰੂ ਜੀ । (ਪੱਤਰਾ ੫੫)

---

*ਐਥੇ ਇਕ ਤੁਕ ਅਸਲ ਹੱਥ-ਲਿਖਤ ਪ੍ਰਤੀ ਵਿਚ ਨਹੀਂ ਹੈ ।

(ਝ) ਕਥਾ ਸਤਿਜੁਗ ਕੀ

ਆਰੰਭ—੧ਓ ਸਤਿਗੁਰ ਪ੍ਰਸਾਦਿ । ਕਥਾ ਸਤਿਜੁਗ ਕੀ ਜਬ ਰਾਜੇ ਜਨਮੇਜੇ ਕਉ ਅਠਾਰਹ ਕੁਸਟਿ ਹੂਏ ਥੇ ਬ੍ਰਹਮਣੁ ਮਾਰੇ ਤੇ । ਤਬ ਕੁਸਟਿ ਉਤਾਰਨੇ ਕੇ ਨਿਮਿਤ ਗੁਸਾਈ ਬਿਆਸੁ ਕਥਾ ਸੁਣਾਵਣੇ ਲਾਗਾ ।... (ਪੱਤਰਾ ੫੬)

ਅੰਤ— ਰਾਜੇ ਜਨਮੇਜੇ ਕਉ ਏਹੀ ਕਥਾ ਸੁਨਾਈ ਥੀ । ਬਿਆਸ ਗੁਸਾਈ ਕੁਸਟ ਉਤਾਰਣੇ ਕੇ ਨਿਮਿਤੁ । ਤਿਸ ਕਾ ਕੁਸਟ ਉਤਰਿ ਗਇਆ ॥੧॥ ਕਥਾ ਤੇਰਵੀ ਸਤਿਜੁਗ ਕੀ ਸੰਪੂਰਨ ਹੋਈ, ਗੁਰ ਪ੍ਰਸਾਦਿ । ਬੋਲੋ ਜੀ ਧਨ ਰਾਮ ਜੀ । ਧਨ ਕਰਤਾਰ ਜੀ । ਧਨ ਪਰਮੇਸਰ ਜੀ । ਧਨੁ ਪਾਰਬ੍ਰਹਮ ਜੀ । ਧਨੁ ਨਾਰਾਇਣੁ ਜੀ । ਧਨੁ ਭਗਵਾਨ ਜੀ । (ਪੱਤਰਾ ੧੨੩)

(ਸ) ਓਦਾਸੀ ਰਾਜੇ ਗੋਪੀ ਚੰਦ 'ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਰਾਗੁ ਰਾਮਕਲੀ ॥ ਸਲੋਕੁ ॥ ਉਦਾਸੁ ਰਾਜੇ ਗੋਪੀ ਚੰਦ ਰਾਜੇ ਮੰਜ ਗੋਵਿੰਦੁ ਕਾ ਬੇਟਾ ਅਰੁ ਮੈਣਾਵੰਤੀ ਮਾਉ ।
ਏਕ ਸਮੈ ਗੋਪੀ ਚੰਦ ਦੇਖਿਆ, ਮਜਨੁ ਕਰੰਤਾ ਰਾਨੀ ।... (ਪੱਤਰਾ ੧੨੩)

ਅੰਤ— ...ਗੋਪੀ ਚੰਦੁ ਤਾ ਅਟਲ ਦ੍ਰਿੜੁ ਜੋਗੀ ਹੋਆ, ਟਲੈ ਨਹੀਂ ਰੀ ਮਾਈ !
ਧਰਨਿ ਗਗਨਿ ਲਗਿ ਨਿਹਚਲੁ ਹੂਆ, ਦੇਹੀ ਧਰਨਿ ਨ ਪਾਈ ॥੩੪੮॥
ਧਿਆਉ ਚਾਰਿ ਲਿਖੇ ॥੪॥ (ਪੱਤਰਾ ੧੯੩)

(ਹ) ਸ਼ਲੋਕ ਬਜੀਦ ਕੇ

ਆਰੰਭ—੧ਓ ਸਤਿਗੁਰ ਪ੍ਰਸਾਦਿ । ਸਲੋਕ ਬਜੀਦ ਕੇ ॥
ਦੁਇ ਦੁਇ ਭਾਰ ਉਠਾਇ ਲੇ ਸਭਨਾ ਤੇ ਮੁਹਰੇ ।... (ਪੱਤਰਾ ੧੯੪)

ਅੰਤ— ...ਸਾਹਾ ਦੇ ਪੁਤ੍ਰ ਫਕੀਰ, ਫਕੀਰਾਂ ਦੇ ਦੁਨੀਦਾਰੁ ।
ਮੁਗਲ ਪਠਾਣ ਰਯਤਿ, ਖਤ੍ਰੀ ਫਉਜਦਾਰ ।
ਕੰਚਨ ਕੀਜੇ ਵਸਿ, ਲੋਹੇ ਸੰਗਿ ਤੋੜੀਐ ।
ਬਜੀਦਾ ਕਲਮ ਰਬਾਣੀ ਵਗੀ, ਕਿਨੈ ਨ ਮੋੜੀਐ ॥੩੭॥ (ਪੱਤਰਾ ੨੦੪)

(ਕ) ਗਰਭ ਗੀਤਾ

ਆਰੰਭ—ਓਅੰ ਸ੍ਰੀ ਗਣੇਸਾਇ ਨਮਹ । ਗਰਭ ਗੀਤਾ । ਅਰਜਨ ਸ੍ਰੀ ਕ੍ਰਿਸਨ ਪਾਸਹੁ ਪ੍ਰਸਨ ਪੂਛਤਾ ਹੈ, ਸ੍ਰੀ ਕ੍ਰਿਸਨ ਉਤਰ ਦੇਤਾ ਹੈ। (ਪੱਤਰਾ ੨੦੪)

ਅੰਤ— ...ਇਤੁ ਸ੍ਰੀ ਗਰਭ ਗੀਤਾ ਵੈਸਨਵਾ ਲਖਣ ਪੁੰਨ ਪਾਪੁ ਬੀਚਾਰੇ । ਸ੍ਰੀ ਕ੍ਰਿਸਨ ਅਰਜਨ ਸੰਬਾਦੇ ਗਰਭ ਗੀਤਾ ਸੰਪੂਰਨ ਸਮਾਪਤੀ ॥੫੧॥ (ਪੱਤਰਾ ੨੩੯)

(ਖ) ਸੱਸੀ ਪੁੰਨੂੰ (ਆਡਿਤ)

ਆਰੰਭ— ੧ਓ ਸਤਿਗੁਰੂ ਪ੍ਰਸਾਦਿ । ਸਸੀ ਲਿਖੀ ।
ਆਡਿਤ ਕਰਿ ਫੁਲਾ ਸੇਜ ਵਿਛਾਈ, ਸਸੀ ਹੌਤ ਪਿਆਲੇ ਪੀਤੇ ।
ਦੇ ਗਲਿ ਬਾਂਹਿ ਸੁਤੀ ਸਹਿ ਸੇਤੀ, ਓਨਾ ਕਰੰਹਿ ਤਯਾਰੀ ਕੀਤੇ ।... (ਪੱਤਰਾ ੨੩੯)

ਅੰਤ— ਹੋਹੁ ਸਤਾਰੁ ਤੂ ਸਚੇ ਸਾਈ, ਅਸੀ ਪਿਰੀ ਦੀਦਾਰੁ ਕਰਾਹੇ ।
ਦੁਖੀ ਮਾਹਿ ਕੀਤੇ ਦਰ ਮਾਂਦੇ, ਲਹੇ ਅਜਾਬੁ ਮਿਲਾਹੇ ।
ਪਾਟੀ ਗੋਰ ਹੋਈ ਦੁਹੁ ਥਾਈ, ਦੇ ਮਿਲਿਆ ਗਲਿ ਬਾਹੇ ।
ਆਡਿਤ ਦੁਹਾਂ ਨੇਹੁ ਸਚਾਵਾ, ਪਏ ਕਬੂਲ ਦਰਗਾਹੇ ॥ ੪੪ ॥ (ਪੱਤਰਾ ੨੫੨)

(ਗ) ਮਾਰੂ ਨਸੀਹਤ ਨਾਮਾ (ਮਹਲਾ ੧)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਮਾਰੂ ਨਸੀਹਤਿ ਨਾਮਾ ॥ ੧ ॥

ਕੀਚੇ ਨੇਕ ਨਾਮੀ ਜੁ ਦੇਵੈ ਖੁਦਾਇ । ਜੁ ਦੀਸੈ ਜਿਮੀ ਪਰਿ ਸ ਹੋਸੀ ਫਨਾਹਿ । (ਪੱਤਰਾ ੨੫੩)

ਅੰਤ— ਤੋਬਾ ਨ ਕੀਤੀ ਕਰਦਿਆ ਗੁਨਾਹਿ ।

ਕਹੈ ਅਰਜ ਬੰਦਗੀ ਨਾਨਕ ਐਸੇ ਆਲਮੁ ਕਉ ਤੇਰੀ ਪਨਾਹਿ ॥ (ਪੱਤਰਾ ੨੫੬)

(ਘ) **ਰਾਗ ਗਉੜੀ ਵਾਰ ਦਸਾਂ ਅਵਤਾਰਾਂ ਕੀ** (ਮਹਲਾ ੭)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਰਾਗੁ ਗਉੜੀ ਵਾਰ ਦਸਾਂ ਅਵਤਾਰਾਂ ਕੀ ਮਹਲਾ ੭ ।...
ਏਕ ਨਿਰੰਜਨ ਆਦਿ ਦੂਜਾ ਨਹੀਂ ਕੋਇ ।... (ਪੱਤਰਾ ੨੫੬)

ਅੰਤ— ...ਗੁਰ ਮਿਲਿ ਭਜਹਿ ਮੁਰਾਰੀ, ਤਿਨ ਕੀ ਪਰਮ ਗਤਿ ।
ਇਕਿ ਮਹਾ ਦੈਤ ਅਹੰਕਾਰੀ, ਤਿਨ ਕੀ ਪਸੂ ਮਤਿ ।
ਇਕਨਾ ਬਾਜੀ ਹਾਰੀ, ਢੋਈ ਨਾ ਲਹੰਨਿ ।
ਨਾਨਕ ਦਾਸ ਸਰਨਿ ਤੁਮਾਰੀ, ਰਾਖਹੁ ਹਾਥ ਦੇਇ ॥ ੩੦ ॥ ੧ ॥ (ਪੱਤਰਾ ੨੭੩)

(ਙ) **ਰਾਗ ਬਿਲਾਵਲ ਵਾਰ ਪੀਰਾਂ ਕੀ** (ਮਹਲਾ ੭)

ਆਰੰਭ— ੧ਓ ਸਤਿਗੁਰੂ ਪ੍ਰਸਾਦਿ । ਰਾਗੁ ਬਿਲਾਵਲੁ ਵਾਰ ਪੀਰਾਂ ਕੀ ਮਹਲਾ ੭ ।
ਸੁਲਤਾਨ ਪੋਰੋ ਸਾਹ ਸੇਖ ਖੋਖਰ ਕੀ ਧੁਨਿ ਗਾਵਣੀ ॥ ਸਲੋਕੁ ॥
ਪਾਕੁ ਬੇ ਐਬੁ ਅਲਖੁ ਤੂੰ ਅਲਹੁ ਏਕ ਅਪਾਰੁ ।... (ਪੱਤਰਾ ੨੭੪)

ਅੰਤ— ...ਜਿਨੀ ਪੂਰਾ ਬੁਝਿਆ, ਹਉ ਤਿਨ੍ਹਾ ਵਿਟਹੁ ਕੁਰਬਾਣੁ ।
ਨਾਨਕ ਦਾਸ ਤੁਮਾਰਾ ਤ੍ਰਾਣੁ ॥ ੨੪ ॥ ੨ ॥ (ਪੱਤਰਾ ੨੮੮)

(ਚ) **ਰਾਗ ਮਾਲ ਕੌਸ ਕੀ ਵਾਰ** (ਮਹਲਾ ੭)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਰਾਗੁ ਮਾਲ ਕੌਸ ਕੀ ਵਾਰ ਮਹਲਾ ੭ ।
ਜਗ ਉਪਰਿ ਸਾਜੇ ਖੁਦਾਇ, ਵਡੀ ਹੂੰ ਵਡੇ ਅਸਹਿੰਦੇ ।... (ਪੱਤਰਾ ੨੮੮)

ਅੰਤ— ...ਨਾਨਕ ਦਾਸ ਕੀ ਬੇਨਤੀ, ਢਾਢੀ ਕਹਿ ਅਰਦਾਸਿ ਸੁਣਾਈ ।
ਦੀਜੈ ਨਾਮੁ ਦਾਨੁ ਵਡਿਆਈ ॥ ੧੮ ॥ ਵਾਹੁਗੁਰੂ, ਸਤਿਗੁਰੂ ਬਾਬਾ ਨਾਨਕੁ । (ਪੱਤਰਾ ੨੯੫)

(ਛ) **ਰਾਮ ਤਿਲੰਗ ਕੀ ਵਾਰ** (ਮਹਲਾ ੮)

ਆਰੰਭ— ੧ਓ ਸਤਿਗੁਰੂ ਪ੍ਰਸਾਦਿ । ਰਾਗ ਤਿਲੰਗ ਕੀ ਵਾਰ ਘਰ ਨਵੇ ਖੁਦਾਇ ਦੇ ਕੀ ਸਿਫਤਿ ਮਹਲਾ ੮ ॥
ਸਲੋਕੁ ॥ ਅਗਮ ਅਗੋਚਰੁ ਅਲਖੁ ਹੈ, ਰੂਪੁ ਨ ਲਖਿਆ ਜਾਇ ।
ਜੋਤਿ ਕਹੀ ਦੀਦਾਰ ਦੀ, ਆਖੈ ਕੋ ਅਲਾਇ ।... (ਪੱਤਰਾ ੨੯੫)

ਅੰਤ— ...ਤੇਰੀ ਗਤਿ ਮਿਤਿ ਨਾ ਪਵੈ, ਕਿਵ ਤੁਧੁ ਪਛਾਣਾ ।
ਪਵੈ ਕਬੂਲ ਖਸੰਮ ਦਰਿ, ਜੋਤਿ ਸਬਦੁ ਨੀਸਾਣਾ ।
ਸੁਬਾਹੀ ਕਰੀ ਕਲਾਣ ਉਠਿ, ਖੈਰੁ ਦੇਹਿ ਸੁਜਾਣਾ ।
ਜਨ ਨਾਨਕ ਦੀਜੈ ਦਰਸੁ ਦਾਨੁ, ਜਸੁ ਕਰੀ ਰਬਾਣਾ ॥ ੨੮ ॥ ੪ ॥ (ਪੱਤਰੇ ੩੧੧-੧੨)

(ਜ) **ਰਾਗ ਸੋਰਠਿ ਕੀ ਵਾਰ** (ਮਹਲਾ ੮)

ਆਰੰਭ— ੧ਓ ਸਤਿਗੁਰੂ ਪ੍ਰਸਾਦਿ । ਰਾਗੁ ਸੋਰਠਿ ਕੀ ਵਾਰ ਮਹਲਾ ੮ ॥
ਸਲੋਕੁ ॥ ਕਠਨੁ ਏਕ ਗੜੁ ਲੀਆ ਨ ਜਾਇ । ਤਿਸੁ ਗੜ੍ਹ ਮਹਿ ਮਨੁ ਬਸਿਓ ਆਇ ।... (ਪੱਤਰਾ ੩੧੨)

ਅੰਤ— ...ਜਨ ਨਾਨਕ ਗੁਰਦੇਵ ਪਹਿ, ਕਹਿ ਬਿਨਉ ਸੁਨਾਈ ।
ਦਾਨੁ ਮਿਲੇ ਅਣਮੰਗਿਆ, ਸਦ ਮਹਲਿ ਬੁਲਾਈ ॥ ੨੮ ॥ ੫ ॥
ਵਾਹੁਗੁਰੂ ਜੀ, ਧਨਿ ਗੁਰੂ ਜੀ, ਬਾਬਾ ਨਾਨਕ ਜੀ । (ਪੱਤਰਾ ੩੩੧)

(ਝ) ਵਾਰ ਸ੍ਰੀ ਭਗਉਤੀ ਜੀ ਕੀ (ਚੰਡੀ ਦੀ ਵਾਰ ਪਾਤਸ਼ਾਹੀ ੧੦)

ਆਰੰਭ— ੧ਓ ਵਾਹਗੁਰੂ ਜੀ ਕੀ ਫਤੇ। ਸ੍ਰੀ ਭਗਉਤੀ ਜੀ ਸਹਾਇ। ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸਾਹੀ ੧੦।
ਪ੍ਰਿਥਮ ਭਗਉਤੀ ਸਿਮਰ ਕੈ, ਗੁਰ ਨਾਨਕ ਲਈ ਧਿਆਇ।... (ਪੱਤਰਾ ੩੩੧)

ਅੰਤ— ...ਦੁਰਗਾ ਪਾਠ ਬਣਾਇਆ ਸਭੇ ਪਉੜੀਆ।
ਫੇਰ ਨ ਜੂਨੀ ਆਇਆ, ਜਿਨ ਇਹ ਗਾਇਆ॥ ੫੫ ॥ (ਪੱਤਰਾ ੩੫੧)

(ਞ) ਕਥਾ ਸੁਖਦੇਵ ਕੇ ਜਨਮ ਕੀ (ਗਾਥਾ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਕਥਾ ਸੁਖਦੇਵ ਕੇ ਜਨਮ ਕੀ ਗਾਥਾ। ਸ੍ਰੀ ਗਣੇਸਾਇ ਨਮਹਿ। ਬਿਆਸ ਗਾਥਾ। ਨਾਰਦ ਗਾਥਾ ਪਵਿਤ੍ਰ ਬਚਨ। ਸੁਨੰਤ ਲੋਕਾ।
ਏਕ ਦਿਨਿ ਨਾਰਦਿ ਸ੍ਰੀ ਮਹਾਦੇਵ ਕੇ ਗ੍ਰਿਹ ਗਏ, ਆਗੇ ਪਾਰਬਤੀ ਬੈਠੀ ਥੀ।... (ਪੱਤਰਾ ੩੫੧)

ਅੰਤ— ...ਤਬ ਬਾਬਾ (ਨਾਨਕ) ਜੀ ਚਲੇ ਦਰਗਾਹ ਕਉ। ਸਮਤੁ ੧੫੯੪ ਵੈਸਾਖ ਵਦੀ ਦਸਮੀ ॥ ੧੦ ॥ ਬਾਬਾ ਜੀ ਸਿਧਾਰੇ। ਇਕੀ ਪੀੜੀਆ ਰਾਜੁ ਕੀਆ ਕਲਜੁਗ ਕਾ। ਕੁਦਰਤਿ ਨਾਨਕ ਜੀ ਕਿਨੈ ਨਾ ਲਖੇ, ਹਿੰਦੂ ਮੁਸਲਮਾਨ ਦੁਹਾਂ ਤੇ ਅਲੇਪੁ ਰਹੇ। ਕਥਾ ਸਪੂਰਨ ਭਈ ਧਿਆਉ ਚਉਥਾ ॥ ੪ ॥ (ਪੱਤਰਾ ੩੯੪)

(ਟ) ਗੋਸ਼ਟਿ ਪਰਮਾਰਥ ਮਾਰਕੰਡੇ ਪੁਰਾਣ ਕਾ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਗੋਸਟਿ ਪਰਮਾਰਥ ਮਾਰਕੰਡੇ ਪੁਰਾਣ ਕਾ। ਰੇ ਪੁਤ੍ਰ! ਤੂ ਜੇ ਮਹੀਨੇ ਕੀ ਉਮਰਿ ਵਿਚਿ ਕਹਾ ਚਲਿਆ ਹੈ? ਤੈਨੂ ਬਿਰਹੁ ਕਿਆ ਕਰਿ ਕੈ ਬਿਆਪਿ ਹੈ?... (ਪਤਰਾ ੩੯੪)

ਅੰਤ— ...ਉਥੇ ਕਾਲ ਕਾ ਡਉਰੂ ਦੂਰਿ ਹੋਇਆ ਹੈ। ਗੋਸਟਿ ਮਾਰਕੰਡੇ ਕੁਮਾਰ ਕੀ ਸੰਪੂਰਨੁ ਹੋਈ। (ਪੱਤਰਾ ੪੦੯)

(ਠ) ਸਾਖੀ ਰਾਜੇ ਨਿਰਮੋਹਿ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸਾਖੀ ਰਾਜੇ ਨਿਰਿਮੋਹਿ ਕੀ, ਏਕੁ ਰਾਜਾ ਥਾ। ਪਰਮੇਸਰ ਕੀ ਭਗਤਿ ਕਰਤਾ ਥਾ। (ਪੱਤਰਾ ੪੧੦)

ਅੰਤ— ...ਤਪਸੀ ਅਪਣੈ ਘਰਿ ਆਇਆ, ਰਾਜੇ ਕਾ ਬੇਟਾ ਅਪਣੈ ਘਰਿ ਗਇਆ। ਸਾਖੀ ਪੂਰਨੁ ਹੋਈ ॥੧॥ (ਪੱਤਰਾ ੪੧੩)

(ਡ) ਰਾਗ ਤਿਲੰਗ ਠੂਠਾ (ਹਰੀਆ ਬਾਲਾ ਜੀ)

ਆਰੰਭ—੧ਓ ਸਤਿ ਬਾਬਾ ਨਾਨਕੁ। ਰਾਗੁ ਤਿਲੰਗ ਠੂਠਾ। ਕਲਜੁਗੁ ਆਇਆ ਮਹਾ ਗੁਬਾਰੋ।...
ਕੋ ਵਿਰਲਾ ਜਪੈ ਹਰਿ ਹਰਿ ਸਾਰੋ। ਲਬੁ ਲੋਭੁ ਮੁਚੁ ਅਹੰਕਾਰੋ।
ਗਰਬਿ ਗੁਮਾਨਿ ਸਿਗਲ ਮੁਠੀ, ਮੇਰੇ ਲਾਲਨਾ ਤਰੀਐ ਕਾਈ ਤਾਰੀ ॥੧॥
ਹਉ ਸਾਹਿਬ ਵਿਟਹੁ ਵਾਰੀ ॥੧॥ ਰਹਾਉ।
ਅਹਿਲਿ ਦੀਵਾਨਿਓ ਘਿੰਨਿਹੁ ਠੂਠਾ।
ਪਾਕ ਪਕੀਰੁ ਕਦੇ ਨ ਝੂਠਾ।
ਬਾਲੇ ਪੀਰ ਮੁਖਹੁ ਅਲਾਇਆ ਠੂਠਾ, ਘਿੰਨਿਹੁ ਕਾਰੀ ॥੨॥... (ਪੱਤਰਾ ੪੧੪)

ਅੰਤ— ...ਕਲਜਗੁ ਲਾਦੀ ਠੂਠੇ ਮਲੀ।
ਅਹਿਲਿ ਦਿਵਾਨੇ ਘਤਨਿ ਜਲੀ।
ਕੰਨੀ ਕਾ ਨਾ ਜਾਈ ਠਲੀ।
ਹਰੀਆ ਸਾਹਿਬੁ ਸੋ ਤ੍ਰੂਠੁ ਹੋਆ, ਸੰਗਤਿ ਸਭ ਨਿਸਤਾਰੀ ॥੫੭॥ (ਪੱਤਰਾ ੪੨੪)

(ਢ) ਰਾਗ ਤੋਡੀ (ਹਰੀਆ ਜੀ)

ਆਰੰਭ— ੧ਓ ਸਤਿ ਬਾਬਾ ਨਾਨਕ। ਰਾਗੁ ਤੋਡੀ।
ਕੋਈ ਮੇਲੇ ਨੰਦ ਦੁਲਾਰਾ। ਨਿਸ ਦਿਨ ਸਿਕ ਸਿਕੇਂਦਾ ਮਨੂਆ, ਕਾਰਣ ਤਿਸ ਦੀਦਾਰਾ।... (ਪਤਰਾ ੪੨੫)

ਅੰਤ— ...ਵੀਵਾਹਿ ਗੋਪੰਗਨਾ ਘਰਿ ਲੈ ਆਇਆ, ਜਾਤਿ ਜਨਮ ਤੇ ਨਿਆਰਾ।
ਹਰੀਆ ਜੋ ਜਨ ਕਾਨ ਕ ਗਾਵੈ, ਪਾਵੈ ਮੋਖ ਦੁਆਰਾ ॥੮॥ ॥੬॥ (ਪੱਤਰਾ ੪੩੦)

੩੪. ਸ਼ਲੋਕ ਸ਼ੇਖ ਫ਼ਰੀਦ ਜੀ (ਨੰ. ੨੬੭, ਭਾ. ਵਿ.)

ਲੇਖਕ— ਸ਼ੇਖ ਫ਼ਰੀਦ ਜੀ। ਆਕਾਰ—4¾"×6", ਲਿਖਤ 3¼"×4¼"।

ਵੇਰਵਾ— ਪੱਤਰੇ ੨੦; ਪ੍ਰਤੀ ਸਫ਼ਾ ੧੧ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਅਤੇ ਸ਼ੁੱਧ; ਹਾਸ਼ੀਆ ਰੰਗੀਨ, ਸੁੰਦਰ ਲਕੀਰਾਂ ਵਾਲਾ ਤੇ ਮੁੱਢਲਾ ਵਰਕਾ ਸੁੰਦਰ ਦੂਹਰੇ ਹਾਸ਼ੀਏ ਵਾਲਾ; ਸ਼ੁਰੂ ਦਾ ਸਿਰਲੇਖ ਤੇ ਸ਼ਲੋਕਾਂ ਦੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਇਹ ਹਥ ਲਿਖਿਤ ਅਨੇਕ ਵੇਰ ਛਪ ਚੁਕੀ ਹੈ ਜਿਸ ਕਰ ਕੇ ਏਨੀ ਦੁਰਲਭ ਨਹੀਂ ਕਹੀ ਜਾ ਸਕਦੀ।

ਸਮਾਂ— ਇਕ ਸੌ ਸਾਲ ਤੋਂ ਕੁਝ ਉੱਪਰ ਪੁਰਾਣੀ ਲਿਖਤ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸਲੋਕ ਸੇਖ ਫਰੀਦ ਕੇ।
ਜਿਤੁ ਦਿਹਾੜੈ ਧਨ ਵਰੀ, ਸਾਹੇ ਲਏ ਲਿਖਾਇ।
ਮਲਕੁ ਜਿ ਕੰਨੀ ਸੁਣੀਦਾ, ਮੁਹੁ ਦੇਖਾਲੇ ਆਇ।... (ਪੱਤਰਾ ੧)

ਅੰਤ— ...ਸਭਨਾ ਮਨ ਮਾਣਕ, ਠਾਹਣੁ ਮੂਲਿ ਮਚਾਂਗਵਾ।
ਜੇ ਤਉ ਪਿਰੀਆ ਦੀ ਸਿਕਿ, ਹਿਆਉ ਨ ਠਾਹੇ ਕਹੀਦਾ। ੧੩੦ ॥੧॥ (ਪੱਤਰਾ ੨੦)

(ਅ) ਹੋਰ ਵਾਧੂ ਬਾਣੀ

੩੫. ਪ੍ਰਾਣ ਸੰਗਲੀ (ਨਾ-ਮੁਕੰਮਲ) (ਨੰ. ੨੪੮, ਭਾ. ਵਿ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ। ਆਕਾਰ—6¼"×8¼", ਲਿਖਤ 4½"×7"।

ਵੇਰਵਾ— ਪੱਤਰੇ ੩੮੯ ਤੋਂ ੪੪੫ ਤਕ (੫੭); ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਅਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਸਿਆਹੀ ਫਿੱਕੀ ਕਾਲੀ।

ਸਮਾਂ— ਨਿਸ਼ਚਿਤ ਨਹੀਂ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰੂ ਪ੍ਰਸਾਦਿ ॥ ਰਾਗੁ ਆਸਾ ਮਹਲਾ ੧ ॥
ਪ੍ਰਾਨ ਸੰਗਲੀ ਸੁੰਨ ਮਹਲ ਕੀ ਕਥਾ ਨਿਰੰਕਾਰ ਕਾ ਧਿਆਨੁ ॥ ਗੁਹਜੀ ਬਾਣੀ ਬਾਬੇ ਕਾ ਬੋਲਣਾ ॥ ਪਿੰਡ ਪ੍ਰਾਣ ਕਾ ਮਥੰਤ ॥ ਸਮੁੰਦ੍ਰ ਕੈ ਪਾਰਿ ਹੋਈ ਰਾਜੇ ਸਿਵ ਨਾਭ ਸਾਥਿ, ਤਦਹੁ ਬਾਬਾ ਪਾਉਣੁ ਅਹਾਰੀਥਾ ॥ ਧਿਆਉ ਪਹਿਲਾ ॥... (ਪੱਤਰਾ ੩੮੯)

ਅੰਤ— ਆਦਿ ਅੰਤਿ ਧੁਰਿ ਸਚੀ ਬਾਣੀ ॥ ਸਚਹੁ ਉਪਜੀ ਸਚਿ ਸਮਾਣੀ ॥ ਸਚੁ ਅਚਰਜੁ ਅਕਥੁ ਕਿਆ ਕਥੀਐ ਨਾਨਕ ਸਿਫਤੀ ਰਾਤਾ ਹੇ ॥ ੮੨ ॥ (ਪੱਤਰਾ ੪੪੫)

ਇਹ ਪੁਸਤਕ ਗੁਰਮੁਖੀ (ਪੰਜਾਬੀ) ਅਤੇ ਦੇਵਨਾਗਰੀ ਅੱਖਰਾਂ ਵਿਚ ਛਪ ਚੁੱਕੀ ਹੈ।

੩੬. ਪ੍ਰਾਣ ਸੰਗਲੀ (ਨੰ. ੭੬੫, ਪੰ. ਯੂ. ਚੰ)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ। ਆਕਾਰ—6½"×9½", ਲਿਖਤ 4½"×7¾"।

ਵੇਰਵਾ— ਪਤਰੇ ੨੭੪; ਪ੍ਰਤੀ ਸਫ਼ਾ ੧੮ ਸਤਰਾਂ; ਕਾਗਜ਼ ਸਿਆਲ ਕੋਟੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਕਈ ਥਾਵੀਂ ਸਿਰਲੇਖ ਆਦਿ ਦੇਂਦਿਆ ਲਾਲ ਸਿਆਹੀ ਵੀ ਵਰਤੀ ਹੈ; ਪੱਤਰਾ ੨੬੭ ਤੋਂ ੨੭੪ ਤਕ ਸੱਜੇ ਪਾਸੇ ਦੇ ਹਾਸ਼ੀਏ ਕੋਲੋਂ ਸਿਲ ਵਿਚ ਆਉਣ ਕਰ ਕੇ ਪੱਤਰੇ ਭੁਰੇ ਹੋਏ; ਪੁਸਤਕ ਸਜਿਲਦ, ਜੋ ਵੈਸੇ ਆਦਿ ਤੋਂ ਅੰਤ ਤਕ ਅੱਛੀ ਹਾਲਤ ਵਿਚ ਹੈ।

ਸਮਾਂ— ਨਕਲ—ਸੰਮਤ ੧੯੫੩ ਬਿ.। ਲਿਖਾਰੀ—ਭਾਈ ਅਮੀਰ ਸਿੰਘ। ਸਥਾਨ—ਸੁਧਾ ਸਰੋਵਰ (ਸ੍ਰੀ ਅੰਮ੍ਰਿਤਸਰ)।

ਆਰੰਭ— ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ। ਲਿਖਤੰ ਪ੍ਰਾਨ ਸੰਗਲੀ। ਸੁੰਨ ਮਹਲ ਕੀ ਕਥਾ, ਨਿਰੰਕਾਰ ਕਾ ਧਿਆਨ। ਗੁਹਜ ਬਾਣੀ ਬਾਬੇ ਕਾ ਬੋਲਣਾ। ਪ੍ਰਾਣ ਪਿੰਡ ਕਾ ਮਥੰਤੁ ਸਮੁੰਦ ਕੈ ਪਰ ਹੋਇਆ ਰਾਜੇ ਸਿਉ ਨਾਭ ਸਾਥ, ਤਦਹੁ ਬਾਬਾ ਨਾਨਕ ਪਉਣ ਅਹਾਰੀ ਥਾ।... (ਪੱਤਰਾ ੧)

ਅੰਤ— ਕਾਇਆ ਪਿਡ ਕਾ ਕੀਆ ਬਿਚਾਰ। ਅਲਖ ਪੁਰਖ ਕਾ ਪਾਇਆ ਪਾਰੁ।
ਜੋ ਜਨ ਏਸ ਕਾ ਕਰੈ ਬਖਿਆਨੁ। ਸਾਧੈ ਪਿੰਡੁ ਹੋਵੈ ਪਰਵਾਨੁ।

ਅਨਭੈ ਪ੍ਰਗਾਸੁ ਧਿਆਉ ਪ੍ਰਗਟਾਇਆ । ਨਾਨਕ ਗੁਰ ਕ੍ਰਿਪਾ ਤੇ ਨਾਉ ਬਤਾਇਆ ॥ ੩੨ ॥ ੧ ॥ ੩੫॥
ਧਿਆਉ ਸਪੂਰਨ ਲਿਖਿਆ ਅਨਭੈ ਪ੍ਰਗਾਸ ਕਾ ।
ਪਉੜੀਆ ੩੨ ਬਤੀਸ ਕਾ । ਪ੍ਰਾਨ ਸੰਗਲੀ ਸੰਪੂਰਣ ਹੋਈ। (ਪੱਤਰਾ ੨੭੪)

ਇਸ ਤੋਂ ਅੱਗੇ ਇਸੇ ਪੱਤਰੇ ਦੇ ਦੂਜੇ ਵੰਨੇ ਲਿਖਾਰੀ ਵਲੋਂ ਇਹ ਤੁਕਾਂ ਦਰਜ ਹਨ—

ੴ ॥ ਦੋਹਰਾ ॥

ਭੇਖ ਉਦਾਸੀ ਮੈ ਮਹਤ, ਨਾਮ ਜੋ ਬਾਲਕ ਰਾਮ ।
ਤਿਨ ਕੇ ਜਗਜਾਸੂ ਭਏ, ਮਾਣਕ ਚੰਦ ਜਿਹ ਨਾਮ ॥
ਸਿਵ ਸਰੂਪ ਵਤ ਜਿਨ੍ਹੋਂ ਕਾ, ਸੁੰਦਰ ਵਡੋ ਸਰੀਰ ।
ਬਿਭੂਤਿ ਚੜ੍ਹਾਵੈ ਗਜਾਨ ਕੀ, ਸਮਾਧੀ ਗਹਿਰ ਗੰਭੀਰ ॥
ਦਾਮਨਿ ਵਤ ਝਲਕਤ ਸਦਾ, ਸਿਰ ਪਰ ਜਟਾ ਧਰਾਨ ।
ਤਿਨ ਹੀ ਕੇ ਪ੍ਰਤਾਪ ਤੇ, ਪੂਰਨ ਭਯੋ ਮਹਾਨ ॥
ਸੰਬਤ ਸਸਿ ਗ੍ਰਿਹ ਤਤੁ ਗੁਣ, ਸੁਧਾ ਸਰੋਵਰ ਧਾਮੁ ।
ਲੇਖਕ ਸੰਤਨ ਦਾਸ ਜੋ, ਅੰਬੀਰ ਮ੍ਰਿਗੇਂਦ੍ਰ ਜਿਹ ਨਾਮੁ ॥
ਮਾਸ ਮਕਰ ਕੀ ਸੁਦੀ ਮੈ, ਪੂਰਣਮਾ ਤਿਥ ਜਾਨ ।
ਕੁੰਭ ਮਾਸ ਕੀ ਸਿਧਿ ਅਰੁ ਬੁਧਵਾਰ ਪਹਿਚਾਨ॥
ਸੰਪੂਰਣ ਸੁਭਮਸਤੁ । ਸ੍ਰੀ ਨਿਰੰਕਾਰ ਜੀ, ਸ੍ਰੀ ਨਿਰੰਕਾਰ ਜੀ ।

੩੭. ਪ੍ਰਾਣ ਸੰਗਲੀ (ਨੰ. ੯੧, ਪ੍ਰੋ. ਪ੍ਰੀ. ਸਿੰ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ । 5½″ × 7½″, ਲਿਖਤ 4″ × 6½″ ।

ਵੇਰਵਾ— ਪੱਤਰੇ ੨੯੯ ਤੋਂ ੪੮੫ ਤਕ (੧੮੭); ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਦੇ ਮੁੱਢ ਵਿਚ ਪਰੀਛਾ ਪੱਤਰੇ ੧੨੬-੩੫ ਤਕ, ਭਗਵਤ ਗੀਤਾ (ਕਿਸ਼ੋਰਦਾਸ) ਪੱਤਰੇ ੧੩੫ ੨੮੯ ਤਕ ਅਤੇ ਗਰਭ ਗੀਤਾ ਪੱਤਰੇ ੨੮੯ ਤੋਂ ੨੯੬ ਤਕ ਦਰਜ ਹਨ ਤੇ ਫੇਰ ਇਸ ਤੋਂ ਅੱਗੇ ਪ੍ਰਾਣ ਸੰਗਲੀ ਸ਼ੁਰੂ ਹੁੰਦੀ ਹੈ ਜੋ ਅਸਲ ਪੁਸਤਕ ਦਾ ਕੁਝ ਭਾਗ ਹੈ ਤੇ ਸਾਰੀ ਪ੍ਰਾਣ ਸੰਗਲੀ ਮੁਕੰਮਲ ਨਹੀਂ ਹੈ ।

ਸਮਾਂ— ਲਗਭਗ ੧੯ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਰਾਗੁ ਆਸਾ ਮਹਲਾ ੧ । ਪ੍ਰਾਨ ਸੰਗਲੀ । ਸੁੰਨ ਮੰਡਲ ਕੀ ਕਥਾ ਨਿਰੰਕਾਰ ਕਾ ਧਿਆਨੁ । ਗੁਹਜੀ ਬਾਣੀ ਬਾਬੇ ਕਾ ਬੋਲਣਾ ਪ੍ਰਾਣ ਪਿੰਡ ਕਾ ਮਬੇਤ । ਸਮੁੰਦ ਕੇ ਪਾਰਿ ਹੋਈ, ਰਾਜੇ ਸਿਵ ਨਾਭ ਸਾਥਿ ਹੋਈ । ਤਦਹੁ ਬਾਬਾ ਪਉਣੁ ਅਹਾਰੀ ਥਾ ॥੧॥ ਧਿਆਉ ਪਹਿਲਾ ॥੧॥ ਸਲੋਕ ॥
ਅਗਮ ਨਿਗਮ ਕੀ ਕਥਾ ਕੋ, ਮੋਹਿ ਸੁਣਾਵੈ ਆਇ ।
ਜਿਨਿ ਕੀਆ ਪ੍ਰਗਾਸ ਸੁੰਨ ਤੇ ਨਾਨਕ ਰੰਗ ਬਨਾਇ ॥੧॥... (ਪੱਤਰਾ ੨੯੯)

ਅੰਤ— ...ਗਿਆਨ ਖੜਗੁ ਲੇ ਮਨ ਸਿਉ ਲੂਝੈ । ਮਰਮੁ ਦਸ ਪੰਚਾ ਕਾ ਬੂਝੈ ।
ਜਿਹਬਾ ਇੰਦ੍ਰੀ ਤਿਆਗੈ ਬਾਕਾ । ਪ੍ਰਣਵਤੁ ਨਾਨਕ ਦਰਿ ਨਾਹੀ ਠਾਕਾ ॥੨੪॥੨੬॥ (ਪੱਤਰਾ ੩੫੦)

ਇਸ ਤੋਂ ਅੱਗੇ ਕੁਝ ਪੱਤਰੇ ਰਾਗ ਰਾਮਕਲੀ ਮਹਲਾ ੧, ਸੂਹੀ ਛੰਤ ਮਹਲਾ ੫, ਤਿਲੰਗ, ਪ੍ਰਭਾਤੀ ਮਹਲਾ ੧ ਤੇ ਬਸੰਤ ਮਹਲਾ ੪ ਦੇ ਸ਼ਬਦਾਂ ਦੇ ਹਨ । ਇਸ ਪ੍ਰਾਣ ਸੰਗਲੀ ਦੇ ਅਧਿਆਵਾਂ ਦੇ ਕੁਲ ਸਿਰਲੇਖ ਇਹ ਹਨ—ਸੁੰਨ ਮਹਲ ਦੀ ਕਥਾ, ਧਿਆਉ ਹਟਾ ਕਾ, ਰੰਗ ਮਾਲਾ, ਰਾਗ ਰਾਮਕਲੀ ਓਅੰਕਾਰ ਵਡਾ, ਧਿਆਉ, ਪੰਜ ਤਤ ਕਾ (ਪਹਿਲਾ ਦੂਜਾ ਤੇ ਤੀਜਾ) ਧਿਆਉ ਨਾੜੀਆ ਕਾ, ਧਿਆਨ, ਕੁੰਗ, ਜੋਬਨ ਤੇ ਬਿਰਧ ਅਵਸਥਾ, ਰਤਨਮਾਲਾ ਵੱਡੀ ਤੇ ਛੋਟੀ ਜੁਗਾਵਲੀ, ਧਿਆਉ ਵਾਹ ਵਾਹ ਕਾ ਮਹਲ, ਧਿਆਨ ਪ੍ਰੇਮ ਅੱਛਰੀ, ਮਾਰੂ ਸਹੰਸ੍ਰ ਨਾਮ, ਅਸ਼ਟਾਂਗ ਜੋਗ, ਗੋਸ਼ਟਿ ਸਿੱਧਾਂ ਦੀ, ਰਾਗ ਰਾਮਕਲੀ ਸਿੱਧ ਗੋਸ਼ਟਿ ਵੱਡੀ, ਨਿਰਜੋਗ, ਭਗਤੀ ਆਦਿ । ਇਹ ਪ੍ਰਾਣ ਸੰਗਲੀ ਸੋਢੀ ਮਿਹਰਬਾਨ ਦੀਆਂ ਰਚਨਾਵਾਂ ਨਾਲ ਇੰਜ ਟਾਕਰਾ ਖਾਂਦੀ ਹੈ ਜਿਵੇਂ ਇਹ ਉਨ੍ਹਾਂ ਦੀ ਆਪਣੀ ਹੀ ਰਚਨਾ ਹੋਵੇ । ਪ੍ਰਮਾਣ ਵਜੋਂ 'ਵਡਾ ਓਅੰਕਾਰ' ਜਾਂ 'ਵਡੀ ਸਿਧ ਗੋਸ਼ਟਿ' ਦੇ ਉਦਾਹਰਣ ਲਏ ਜਾ ਸਕਦੇ ਹਨ ।

੩੮. ਬਿਹੰਗਮ ਬਾਣੀ (ਨੰ: ੧੩੫, ਭਾ. ਵਿ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ। ਆਕਾਰ—7" × 5¼", ਲਿਖਤ 5" × 3¾"।

ਵੇਰਵਾ— ਪੱਤਰੇ ੬੧; ਪ੍ਰਤੀ ਸਫ਼ਾ ਸਤਰਾਂ ਦੀ ਔਸਤ ੯; ਲਿਖਤ ਪ੍ਰਾਚੀਨ; ਹਾਸ਼ੀਆ ਲਕੀਰਾਂ ਵਾਲਾ, ਇਕ ਇਕ ਕਾਲੀ ਤੇ ਦੋ ਦੋ ਲਾਲ ਲਕੀਰਾਂ; ਲਕੀਰਾਂ ਤੋਂ ਬਾਹਰ ਇਕ-ਇਕ ਇੰਚ ਹਾਸ਼ੀਆ।

ਸਮਾਂ— ਮਿਤੀ ਮੱਘਰ ਸੁਦੀ, ਸੰਮਤ ੧੭੯੩ ਬਿ.। ਲਿਖਾਰੀ—ਨਾਮਾਲੂਮ।

ਆਰੰਭ— ਇਸ ਲਿਖਤ ਦੇ ੭੬ ਤੋਂ ਪਹਿਲੇ ਪੱਤਰੇ ਗਵਾਚੇ ਹੋਏ ਹਨ, ਇਸ ਲਈ ਇਸ ਦਾ ਸ਼ੁਰੂ ਦਾ ਪਾਠ ਨਹੀਂ ਮਿਲਦਾ।

ਅੰਤ— ਪਉੜੀ ॥ ਸਰਬ ਕੀ ਰੇਨਿ ਇਹੁ ਮਨੁ ਕਰਿ ਜਾਨਹੁ।
ਅੰਮ੍ਰਿਤ ਨਾਮ ਮਨ ਮਾਹਿ ਪਛਾਨਹੁ।
ਹਉਮੈ ਦੂਰਿ ਕਰਹੁ ਚਿਤੁ ਲਾਵਹੁ।
ਜੋ ਜੋ ਹੁਕਮੁ ਸੋਈ ਕਮਾਵਹੁ।
ਬਚਨ ਸਪੂਰਨ ਮਨੁ ਮਹਿ ਧਰਹੁ।
ਕਰਮ ਬਿਕਰਮ ਪੇਖ ਅਜਰੁ ਜਰਹੁ।
ਹੋਇ ਨਿਰਾਮਲ ਸਬਦ ਕਮਾਵਹੁ।
ਜਨ ਨਾਨਕ ਤਤੁ ਬਿਹੰਗਮ ਪਾਵਹੁ। ੨ ॥ ੫ ॥ ੧ ॥

ਬਿਹੰਗਮ ਬਾਣੀ ਸੰਪੂਰਨੁ ਹੋਈ ॥ ਆਖਹੁ ਵਾਹਿਗੁਰੂ, ਵਾਹਿਗੁਰੂ। ਸੰਮਤ ॥ ੧੭੯੩ ॥ ਮਿਤੀ ਮੱਘਰ ਸੁਦੀ ੭ ਸਨਿ ਵਾਰ ॥ ਸਲੋਕ ॥

ਲਿਖਿਆ ਲੇਖੁ ਕਾਗਦ ਰਹੈ, ਜਬ ਲਗ ਧਰਤਿ ਅਕਾਸ।
ਲਿਖਣਹਾਰੇ ਕਉ ਨਹੀਂ, ਏਕ ਘੜੀ ਕੀ ਆਸ ॥ ੧ ॥
ਸਤਿ ਨਾਨਕ ਸ੍ਰੀ ਗੁਰ ਦੇਵ ਜੀ ਵਾਹਿਗੁਰੂ ॥" ਇਹ ਪੁਸਤਕ ਸਿਰਫ਼ ਇਸ ਬਾਣੀ ਦਾ ਇੱਕੋ ਹੀ ਅਧਿਆਇ ਹੈ।

੩੯. ਬਾਣੀ ਬਿਹੰਗਮ (ਨੰ. ੧੬੯, ਭਾ. ਵਿ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ। ਆਕਾਰ 8½"×6", ਲਿਖਤ 6" × 4"।

ਵੇਰਵਾ— ਪੱਤਰੇ ੨੩੮; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ (ਸੁੰਦਰ); ਛੰਦਾਂ ਦੇ ਨਾਮ ਤੇ ਸਿਰਲੇਖ ਲਾਲ ਸਿਆਹੀ ਨਾਲ ਅੰਕਿਤ।

ਸਮਾਂ— ੧੯੦੦ ਬਿ. ਦੇ ਕਰੀਬ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਰਾਗੁ ਰਾਮਕਲੀ ਮਹਲਾ ੧ ॥
ਬਾਣੀ ਬਿਹੰਗਮ। ਤਦਿ ਬਾਬਾ ਬਿਹੰਗਮ ਪੰਖੀ ਕੇ ਰੂਪ ਥਾ।

ਅੰਤ— ਦ੍ਰਿਸਟਿ ਮਾਹਿ ਸਾਰਾ ਜਗੁ ਦੇਖ।...

੪੦. (ੳ) ਧਿਆਉ ਬਿਹੰਗਮ ਕਾ (ਜੁਗਾਵਲੀ, ਗੋਸ਼ਟਿ ਅਜਿੱਤੇ ਰੰਧਾਵੇ ਕੀ ਆਦਿ ਸਮੇਤ) (ਨੰ. ੩੪੭, ਭਾ. ਵਿ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ। ਆਕਾਰ—14" × 12¾", ਲਿਖਤ 10¼" × 10"।

ਵੇਰਵਾ— ਪੱਤਰੇ ਧਿਆਉ ਬਿਹੰਗਮ ਕਾ ੮੫, ਜੁਗਾਵਲੀ ਮਹਲਾ ੧, ੪੧੭-੧੯ ਗੋਸ਼ਟਿ ਅਜਿੱਤੇ ਰੰਧਾਵੇ ਕੀ ੪੧੯-੩੪, ਜਪੁ ਪਰਮਾਰਥ (ਅਧੂਰਾ) ੪੩੫-੪੪ ਸਾਖੀਆਂ ਭਾਈ ਗੁਰਦਾਸ ਜੀ ਵਾਰ ਯਾਰ੍ਹਵੀਂ (ਗੁਰ ਸਿੱਖਾਂ ਦੀ ਭਗਤ ਮਾਲ) ੪੪੪-੫੬ ਪੰਜ ਪੱਤਰੇ ਖਾਲੀ, ਗੁਰ ਰਤਨਾਵਲੀ ੩੭੩;੧੬੬ ਤੋਂ ੧੭੩ ਤਕ ੮ ਪੱਤਰੇ ਗੁਮ, ਪੱਤਰਾ ੨੭੨ ਤੋਂ ੩੭੩ ਤਕ ਸਾਖੀ (ਗੋਸ਼ਟਿ) ਮਕੇ ਮਦੀਨੇ ਦੀ; ਗੁਰ ਸਿੱਖਾਂ ਦੀ ਭਗਤ ਮਾਲ (ਮਨੀ ਸਿੰਘ) ੫੭੭-੬੨੫ ਸਹੰਸ੍ਰ ਨਾਮਾ ਸੁਖਮਨਾ ੬੨੫-੩੧, ਦੇਵੀ ਜੂ ਕੀ ਉਸਤਤਿ (ਛਕੇ ੬੩੩-੩੯, ਕੁੱਲ ਜੋੜ ੫੭੧ ਪੱਤਰੇ; ਪ੍ਰਤੀ ਸਫ਼ਾ ੨੧ ਸਤਰਾਂ: ਕਾਗਜ਼ ਦੇਸੀ (ਸਿਆਲ ਕੋਟੀ); ਲਿਖਤ ਸਾਫ਼, ਪਰ ਕਈ ਥਾਵੀਂ ਕਾਫ਼ੀ ਅਸ਼ੁੱਧ ਜਿਸ ਕਰ ਕੇ ਉਕਾਈਆਂ ਦੀ ਸ਼ੁੱਧੀ ਹਾਸ਼ੀਏ ਉਤੇ ਕੀਤੀ ਹੋਈ; ਹਾਸ਼ੀਆ ਸਾਦਾ ਤੇ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਮੰਗਲਾਚਰਣ ਦੀਆਂ ਤੁਕਾਂ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਕਈ ਥਾਵੀਂ ਪੱਤਰਿਆਂ ਦੇ ਦੂਹਰੇ ਅੰਕ, ਜੋ ਕ੍ਰਮ-ਅੰਕਾਂ

ਦੇ ਨਾਲ ਵੱਖੋ ਵੱਖ ਰਚਨਾਵਾਂ ਦੇ ਅੰਕ ਹਨ, ਹਾਸ਼ੀਏ ਉਤੇ ਗੋਲ ਚਕ੍ਰ ਦੇ ਕੇ ਜਾਂ ਸਾਦੇ ਢੰਗ ਨਾਲ ਦਿੱਤੇ ਹੋਏ; ਇਸ ਸੰਗ੍ਰਹ ਦੀਆਂ ਕਈ ਰਚਨਾਵਾਂ, ਜਿਨ੍ਹਾਂ ਦੇ ਪੱਤਰ-ਅੰਕ ਪਰਸਪਰ ਨਹੀਂ ਮਿਲਦੇ, ਕੁਝ ਅਧੂਰੀਆਂ ਵੀ ਹਨ ।

ਸਮਾਂ— ਸੰਮਤ ੧੮੨੩ ਬਿ. । ਲਿਖਾਰੀ— ਦਯਾ ਰਾਮ, ਅਬਰੋਲਾ । ਸਥਾਨ—ਸਰਖ਼ ਪੁਰ ਦੀ ਧਰਮਸਾਲਾ ।

ਆਰੰਭ—(ਮੁੱਢਲੇ ੨੨ ਪੱਤਰੇ ਗੁਮ, ਜਿਸ ਕਾਰਨ ਕੋਈ ਰਚਨਾ ਇਸ ਵਿਚੋਂ ਲੁਪਤ ਹੈ) ੧ਓ ਸਤਿਗੁਰ ਪ੍ਰਸਾਦਿ ॥ ਮਹਲਾ ੧ ॥
ਸਤਿਨਾਮੁ ਕਰਤਾ ਪੁਰਖੁ...
ਬਿਹੰਗਮ ਕਾ ਧਿਆਉ ਚਲਿਆ ॥ ਮਹਲਾ ੧ ॥ ਚੌਪਈ ॥
ਸੁਲਤਾਨ ਪੁਰ ਨਗਰ ਬਾਬਾ ਜੀ ਰਹੈ । ਤਿਸ ਨਗਰ ਪਾਸ ਬੇਈਂ ਨਿਤ ਬਹੈ ।... (ਪੱਤਰਾ ੨੩)

ਅੰਤ— ...ਸਰਬ ਕੀ ਰੇਨ ਇਸੁ ਮਨ ਕੌ ਜਾਨਹੁ । ਅੰਮ੍ਰਿਤ ਨਾਮ ਮਨ ਮਾਹਿ ਪਛਾਨਹੁ ।
ਹੌ ਮੈ ਦੂਰ ਕਰੋ ਚਿਤੁ ਲਾਵਹੁ । ਜੋ ਜੋ ਹੁਕਮ ਸੋਈ ਸੋਈ ਕਮਾਵਹੁ ।
ਬਚਨੁ ਸੰਪੂਰਨ ਮਨਿ ਮਾਹਿ ਧਰਹੁ । ਕਰਮੁ ਬੇ ਕਰਮੁ ਪੇਖ ਅਜਰ ਜਰਹੁ ।
ਹੋਇ ਨਿਰਲੋਭ ਗੁਰੁ ਸਬਦੁ ਕਮਾਵਹੁ । ਜਨੁ ਨਾਨਕ ਤਤੁ ਬਿਹੰਗਮੁ ਪਾਵਹੁ ॥

ਬਿਹੰਗਮੁ ਬਾਨੀ ਸੰਪੂਰਨ ਹੋਈ । ਸੰਮਤ ੧੭੯੦, ਮਿਤੀ ਮਾਘੁ ਸੁਦੀ ਦੂਜ, ਸਨਿਵਾਰੁ ਸੰਪੂਰਨ ਹੋਈ । ਪਹਿਲੇ ਦਇਆ ਰਾਮ ਅਬਰੋਲਾ ਲਿਖੀ । ਉਤਾਰੁ ਕੀਤਾ ਸੰਮਤ ੧੮੨੩ ਸਾਵਣ ਸੁਦੀ ਤੀਜ ਨੂ ਸਰਖ਼ ਪੁਰ ਵਿਚ, ਧਰਮ ਸਾਲਾ ਅੰਦਰ । (ਪੱਤਰਾ ੪੫)

(ਅ) ਧਿਆਉ ਬਿਹੰਗਮ ਕਾ (ਦੂਜਾ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਧਿਆਉ ਬਿਹੰਗਮੁ ॥ ਰਾਗੁ ਰਾਮ ਕਲੀ ਮੈ ॥ ਸੁਲਤਾਨ ਪੁਰ ਵਿਚ ਬਾਬਾ ਜੀ ਦੇਹ ਬੂਨ ਕੌ ਸੌਪ ਕੈ ਆਪੁ ਬਿਹੰਗਮ ਰੂਪ ਧਾਰ ਕੇ ਨਿਰੰਕਾਰ ਜੋਤੀ ਸਰੂਪ ਜੀ ਪਾਸ ਗਏ । ਭੇਖ ਜਾਪੁ ਮੰਤ੍ਰਿ ਲੈਨਿ ਕੌ । ਜਾਇ ਕਰ ਨਿਮਸਕਾਰ ਕਰੀ ॥ ੧ ॥
ਦੋਹਰਾ ॥ ਹਾਥ ਜੋੜ ਬਿਨਤੀ ਕਰੀ, "ਸ੍ਰੀ ਭਗਿਵਾਨ ਦਿਆਲੁ !
ਜਗਤੁ ਉਧਾਰਨ ਕਾਰਨੈ, ਉਚਰੋ ਬਾਕ ਰਸਾਲੁ" ॥ ੨ ॥
ਦੋਹਰਾ ॥ ਸੁਣ ਬਾਬੇ ਕੀ ਬੇਨਤੀ, ਉਤਰ ਦੀਆ ਨਿਰੰਕਾਰ :
"ਧਰਮੁ ਉਪਦੇਸੁ ਜਗੁ ਮੈ ਕਰੋ, ਸਭ ਸੁਣ ਉਤਰੇ ਪਾਰ ॥ ੩ ॥
ਦੋਹਰਾ ॥ ਆਦ ਉਤਪਤੀ ਸਰਬ ਕੀ, ਤੋਹਿ ਦੇਹੂ ਸਮਿਝਾਇ ।
ਬ੍ਰਹਿਮੰਡ ਪਿੰਡ ਉਤਪਤੁ ਭਏ, ਚਾਰ ਜੁਗ ਚਾਰ ਖਾਨ ਇਤੁ ਭਾਇ" ॥ ੪ ॥ (ਪੱਤਰਾ ੪੬)

ਅੰਤ— ਦਸਿ ਅਵਿਤਾਰੁ ਸਤਿਜੁਗ ਵਿਚ ਹੋਏ । ਚੌਦਾ ਅਵਿਤਾਰੁ ਤ੍ਰਿਹੁ ਜੁਗਾ ਮੈ ਹੋਇ ਬੂਤੇ । ਸੋਈ ਦਸੁ ਅਵਿਤਾਰੁ ਤੇਰੇ ਜੇਹੇ ਤੇਰੇ ਹੋਵਨਗੇ । ਚੌਦਾ ਫਿਰਕੇ ਤੇਰੇ ਸੰਸਾਰ ਵਿਚ ਅਵਿਤਾਰੁ ਹੋਵਨਿਗੇ । ਚਵੀ ਕਲੂ ਕਾਲ ਵਿਚ ਤੇਰੇ ਅਵਿਤਾਰ ਹੋਨਗੇ । ਸਾਰਾ ਕਲਿਜੁਗੁ ਤੇਰਾ ਬਰਿਤਾਰਾ ਬਰਤੇਗਾ । ਜੋ ਤੈਨੂ ਜਾਣੈਗਾ ਸੋਈ ਮੈਨੂ ਜਾਣੈਗਾ । ਜੋ ਦੁਐਤੁ ਰਖੈਗਾ ਸੋ ਗਿਆ ਦੋਹੀ ਜਹਾਨੀ । ਤੇਰੀ ਛਾਇਆ ਸਾਰੈ ਬਰਤਿ ਜਾਵੈਗੀ । ਬਹਤ੍ਰ ਫਿਰਕੇ ਤੇਰੇ ਹੋਵਨਗੇ, ਬਰਤੈਗੇ ।
(ਪੱਤਰਾ ੬੨)

(ੲ) ਧਿਆਉ ਬਿਹੰਗਮ ਕਾ (ਤੀਜਾ)

ਆਰੰਭ— ੧ਓ ਸਤਿਨਾਮੁ ਕਰਤਾ ਪੁਰਖ ॥ ਰਾਗੁ ਰਾਮ ਕਲੀ ਮਹਲਾ ੧ ॥ ਧਿਆਉ ਬਿਹੰਗਮੁ ਕਾ ਲਿਖਿਯਤੇ । ਨਿਰੰਕਾਰ ਸਾਥ ਬਾਬੇ ਜੀ ਕਰੀ ॥ ੧ ॥ ਚੌਪਈ ॥
ਨਾਹੀ ਪਉਣ ਪਾਣੀ ਬੈਸੰਤ੍ਰ । ਨਾ ਪਾਤਾਲੁ ਆਕਾਸ ਗਗਨੰਤ੍ਰ ।
ਸੂਰਜ ਚੰਦ ਨਾਹੀ ਕੋ ਸੇਸਾ । ਨਾ ਸੀ ਬ੍ਰਹਮਾ ਬਿਸਨ ਮਹੇਸਾ ॥ ੨ ॥
ਹੈ ਸੀ ਆਪੇ ਏਕ ਨਿਰੰਕਾਰਾ । ਸਿਵ ਸਗਤੀ ਨਾਹੀ ਆਕਾਰਾ ।
ਇਕ ਸੌ ਚਉਤਾਲੀ ਜੁਗ ਵਰਿਤਾਏ । ਵਾਹੁਗੁਰੂ ਧੁਨ ਪ੍ਰਗਟੁ ਆਏ ।
ਧੁੰਧੂਕਾਰ ਮੈ ਪ੍ਰਗਟੁ ਹੂਆ । ਨੌ ਨੌ ਜੁਗ ਕਾ ਮੇਰੂ ਸਭੂ ਕੀਆ ।
ਹਰਿ ਸਿਮਰਨ ਕਾ ਤਿਸੈ ਅਧਾਰ । ਸੋ ਵਾਹਗੁਰੂ ਪ੍ਰਗਟੇ ਸੰਸਾਰ ।

ਇਨ ਅਛਰਹੁ ਕੀ ਜੁਗਤਿ ਬਤਾਈ। ਸੋ ਨਾਨਕ ਜੁਗਤ ਬਿਹੰਗਮੁ ਪਾਈ ॥ ੩ ॥ (ਪੱਤਰਾ ੬੩)

ਅੰਤ— ਵਾਹਿਗੁਰੂ ਗੁਰ ਮੰਤ੍ਰ ਹੈ ਸਦਾ ਸਿਮਰ ਰੇ ਮੀਤ!
ਗੁਰੂ ਗੋਬਿੰਦ ਗੋਬਿੰਦ ਗੁਰ, ਧਾਰ ਹੋਇ ਪ੍ਰਤੀਤ ॥
ਸ੍ਰੀ ਵਾਹੁਗੁਰੂ ਕੇ ਅਖਰ ਚਾਰ। ਜੋ ਸਿਮਰੈ ਸੋ ਉਤਰੈ ਪਾਰ।
ਜਬ ਦਰਗਾਹੋ ਬਾਬਾ ਮਾਤ ਲੋਕ ਆਏ।
ਸਗਲੁ ਜਗਤੁ ਕੋ ਏਹੁ ਫੁਰਮਾਏ।
"ਨਾਮੁ ਦਾਨੁ ਇਸਨਾਨੁ ਕਰਹੁ ਤੁਮ। ਸਾਧ ਸੇਵ ਭਾਉ ਭਗਤੁ ਰਚੋ ਤੁਮ।
ਦੀਨ ਦਿਆਲੁ ਕ੍ਰਿਪਾ ਤਬੁ ਕਰੈ। ਸਰਬ ਜਗਤ ਪਰ ਕਰੁਣਾ ਧਰੈ ॥" (ਪੱਤਰਾ ੮੫)

(ਸ) ਜੁਗਾਵਲੀ (ਮਹਲਾ ੧)

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਜੁਗਾਵਲੀ ਮਹਲਾ ੧ ॥ ਬਾਬਾ ਜੀ ਬਾਚ ਗੁਰੂ ਅੰਗਦ ਤਾਈ।
ਪਹਿਲੀ ਉਦਾਸੀ ਪੂਰਬ ਕੋ ਖਰੀ। ਪੌਣ ਅਹਾਰੁ ਕਰਾ ਗੁਰ ਹਰੀ ॥ ੨ ॥
ਦੂਜੀ ਉਦਾਸੀ ਉਤਰਾ ਖੰਡ ਕੀ ਕਰੀ। ਆਕ ਕੇ ਫੂਲ ਖਖੜੀ ਅਕੂ ਧਰੀ ॥ ੩ ॥
ਤੀਜੀ ਉਦਾਸੀ ਪਛਮੁ ਕੀ ਧਾਏ। ਪੌਣ ਅਹਾਰ ਬਾਬਾ ਬਿਗਸਾਏ ॥ ੪ ॥
ਚੌਥੀ ਉਦਾਸੀ ਜੁਗਾਵਲੀ ਚਲੀ। ਵਾਹੁਗੁਰੂ ਕੇ ਨਾਮ ਭਜਨੁ ਮ੍ਰਿਜਾਦਾ। ਚਹੁ ਅਖਰਾ ਕਾ ਜੋੜ ੪੦। ਜੁਗ ਬੈਠ ਕਰ ਮਿਹਨਤੁ ਕੀਤੀ।... (ਪੱਤਰਾ ੪੧੭)

ਅੰਤ— ਆਇਆ ਸਫਲ ਤਾਹੂ ਕੋ ਜਾਨੋ, ਜਿਨ੍ਹਾ ਏਕ ਪਛਾਨਿਆ ਮੰਤ।
ਆਈ ਪੰਥੀ ਕੀ ਕਥਾ, ਕੋਈ ਬਿਰਲਾ ਜਾਨੈ ਸੰਤ ॥
ਨਾਨਕ ਤੇ ਅਗਦ ਭਏ, ਜੋਤੀ ਜੋਤ ਮਿਲਾਇ।
ਨਾਨਕ ਆਈ ਕੇ ਏਹੁ ਗੁਣ, ਸਭ ਘਟ ਰਹੇ ਸਮਾਇ ॥
ਸ੍ਰੀ ਵਾਹਿਗੁਰੂ ਮੁਖ ਕਰਹੁ ਉਚਾਰੁ। ਹੋਇ ਦਇਆਲੁ ਕਰਿ ਲਏ ਉਧਾਰ ॥ (ਪੱਤਰਾ ੪੧੯)

(ਹ) ਗੋਸ਼ਟਿ ਅਜਿਤੇ ਰੰਧਾਵੇ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਆਗੇ ਸਾਖੀ ਗੋਸਟ੍ਰ ਅਜਿਤੇ ਰਿਧਾਵੇ ਨਿਰੂਪਨ ਹੋਇਗੀ। ਏਕ ਦਿਨ ਬਾਬਾ ਨਾਨਕ ਜੀ ਨਗਰ ਕਰਿਤਾਰੁ ਪੁਰ ਮੇ ਇਕੰਤ ਬੈਠ ਕਰ ਇਕੁ ਮਨਿ ਹੋਇ ਬੈਰਾਗ ਮੇ ਸਬਦੁ ਅਲਾਪਿਆ। ਸ੍ਰੀ ਰਾਗ ਮਹਲਾ ੧। ਕੋਟਿ ਕੋਟੀ ਮੇਰੀ ਆਰਜਾ... (ਪੱਤਰਾ ੪੧੯)

ਅੰਤ— ਜੁਗਹਿ ਜੁਗੰਤਰ ਸਤਿਗੁਰੂ ਹੈ, ਦੂਸਰ ਹੋਆ ਨਾ ਹੋਗ।
ਚੋਰਾਸੀ ਜਾਮੇ ਪਹਿਰ ਕੈ, ਪਾਛੈ ਹੋਆ ਆਲੋਪ ॥
ਸਤ੍ਰ ਜਾਮੇ ਭਗਤੁ ਜਨ, ਚੌਦਾ ਸਤਿਗੁਰ ਰਾਇ।
ਗੁਰਮੁਖ ਹੋਗ ਸੋ ਮਿਲੁ ਬਹੈ, ਮਨਿਮੁਖਿ ਮਿਲੈ ਸਜਾਇ ॥
ਭਰਿ ਬੇੜੇ ਲੈ ਜਾਨਗੇ, ਸਾਧ ਜਨਾ ਕੇ ਪੂਰ।
ਬੇਮੁਖ ਤੁਟੇ ਤੁਟ ਮੂਏ, ਸਨਿਮੁਖ ਭਏ ਕਬੂਲ ॥
ਗੁਰਮੁਖਿ ਜਿਨੀ ਹੈ ਜਾਣਿਆ, ਤਿਨ ਮਿਟਿ ਗਿਆ ਆਵਣ ਜਾਣ।
ਨਾਨਕ ਜਾਤਾ ਖਸੁਮ ਜਿਨਾ, ਸੇ ਆਏ ਪਰਿਵਾਣ ॥ ੪੯ ॥

ਤਿਸ ਕਾ ਅਰਥੁ। ਜੁਗਹਿ ਜੁਗੰਤ੍ਰ ਗੁਰੂ ਅਟਲੁ ਹੈ, ਦੂਸਰਾ ਨਾ ਕੋਈ ਹੋਇਆ, ਨਾ ਕੋਈ ਹੋਇਗਾ। ਗੁਰੂ ਚੋਰਾਸੀ ਜਾਮੇ ਪਹਿਰਸੀ॥੮੪॥ ਤਿਸ ਵਿਚੋਂ ਸਤ੍ਰ ਜਾਮੇ ਭਗਤਿ ਹੋਵਿਨਗੇ। ਚੌਦਾ ਜਾਮੇ ਗੁਰੂ ਆਪੁ ਪਹਿਨੇਗਾ। ਆਪੁ ਪਰਮੇਸਰ ਨਿਹਕੇਵਲਿ।... ਅਜਿਤੇ ਰਿਧਾਵੇ ਅਰਿਦਾਸ ਕੀਤੀ, "ਸਚੇ ਪਾਤਸਾਹ! ਤੇਰਾ ਬਚਨੁ ਹੈ ਜੋ ਏਸ ਮਹਿਲ ਕਾ ਦਰਸਨੁ ਕਰੇਗਾ ਸੋ ਮੁਕਤ ਹੋਵੈ। (ਪੱਤਰਾ ੪੩੪)

(ਕ) ਜਪੁ ਪਰਮਾਰਥ (ਟੀਕਾਕਾਰ-ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਰਾਗੁ ਗੂਜਰੀ ਵਿਚ ਜਪੁ ਕੀਤਾ ਬਾਬੇ ਨਾਨਕ ਜੀ ਕਾ, ਗੁਰੂ ਅੰਗਦ ਜੀ ਕਹਿਆ ਜਗਤੁ ਵਿਚ

ਬਾਬੇ ਨਾਨਕ ਜੀ ਕੈ ਹੁਕਮ ਨਾਲ ਮਹਲਾ ੧ ਸਹਿਤ ਪਰਮਾਰਥੁ । ਬਚਨੁ ਹੈ ਬਾਬੈ ਨਾਨਕ ਜੀ ਕਾ, ਜੋ ਇਸ ਜਪੁ ਨੂੰ ਪੜ੍ਹੇਗਾ, ਪੜ੍ਹਾਵੇਗਾ, ਸਿਖੈਗਾ, ਸਿਖਾਵੈਗਾ, ਤਿਸ ਕੀ ਪਰਮਗਤਿ ਹੋਵੈਗੀ । (ਪੱਤਰਾ ੪੩੫)

ਅੰਤ– ਬਿਨਾ ਸਿਫਤ ਪਰਮੇਸਰ ਦੀ ਮੁਕਤ ਨਾਹੀ ਹੋਦਾ ਮਾਨੁਖ । ਪਰਮੇਸਰ ਕਿਸੇ ਡਿਠਾ ਨਾਹੀ । ਕੁਦਰਤੀ ਸੰਜਜਾਪ ਦਾ ਹੈ ॥ ੪ ॥ (ਪੱਤਰਾ ੪੩੬)

ਇਸ ਤੋਂ ਅੱਗੇ ਜਪੁ ਜੀ ਦੀ ਮਹਿਮਾ, ਜਪੁ-ਫਲ (ਸ਼ਰਧਾ ਪੂਰਨ) ਦਰਜ ਹੈ ਤੇ ਅੰਤ ਵਿਚ ਲਿਖਿਆ ਹੈ :

ਜਿਉ ਧੰਨੇ ਕੀ ਗਾਇ ਕੋ, ਠਾਕੁਰ ਚਾਰੈ ਨਿਤ ।
ਕਰਿ ਪ੍ਰਤੀਤ ਜਪੁਜੀ ਪੜ੍ਹੈ, ਸੋ ਤਿਉ ਸਤਿਗੁਰ ਮਿਤ ॥ ੬ ॥
ਸ੍ਰੀ ਵਾਹਿਗੁਰੂ ਮੁਖ ਕਰਹੁ ਉਚਾਰੁ । ਹੋਇ ਦਿਆਲ ਕਰ ਲਏ ਉਧਾਰ ॥ ੭ ॥ (ਪੱਤਰਾ ੪੪੪)

(ਖ) **ਗੁਰ ਸਿੱਖਾਂ ਦੀ ਭਗਤ ਮਾਲ** (ਭਾਈ ਮਨੀ ਸਿੰਘ)

ਆਰੰਭ– ੧ਓ ਸਤਿਗੁਰ ਪ੍ਰਸਾਦਿ । ਸਾਖੀਆ ਭਾਈ ਗੁਰਦਾਸ ਜੀ ਕੀ ਵਾਰ ਯਾਰਵੀ ॥ ੧੧ ॥ ਵਾਰ ਕੀ ਟੀਕਾ ਸਹਿਤ । ਸਿਖਾ ਦੀ ਭਗਤੁ ਧਰਮੁ ਸਾਲਾ ਕਹੀ(?) ।... (ਪੱਤਰਾ ੪੪੪)

ਅੰਤ– ...ਸੋ ਭਗੀਰਥ ਬਾਬੇ ਦਾ ਸਿਖ ਹੂਆ । ਲਗਾ ਸੰਤਾਂ–ਸਾਧਾਂ ਦੀ ਸੇਵਾ ਕਰਨਿ, ਤੌ ਉਸ ਦਾ ਉਧਾਰੁ ਭੈਆ ॥ ੨੪ ॥ ਸਾਖੀ ਚਵਵੀ ਚਲੀ ॥ ੨੪ ॥ (ਪੱਤਰਾ ੪੫੬)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ ।

(ਗ) **ਜਪੁ ਪਰਮਾਰਥ** (ਟੀਕਾਕਾਰ-ਨਾਮਾਲੂਮ)

ਆਰੰਭ– ੧ਓ ਸਤਿਗੁਰ ਪ੍ਰਸਾਦਿ । ਰਾਗੁ ਗੂਜਰੀ ਵਿਚ ਕੀਤਾ ਜਪੁ ਗੁਰੂ ਬਾਬੇ ਨਾਨਕ ਜੀ ਕਾ ਮਹਲਾ ੧ ਸਹਿਤ ਪਰਮਾਰਥ ਦੇ ਲਿਖਿਆ ਹੈ । ਜੋ ਏਸ ਜਪੁ ਕੋ ਪੜ੍ਹੈਗਾ, ਲਿਖੈਗਾ, ਸਿਖੈਗਾ-ਸਿਖਾਵੈਗਾ, ਤਿਸ ਕੀ ਪਰਮਗਤਿ ਹੋਇਗੀ । ਬਚਨ ਹੈ ਬਾਬੇ ਨਾਨਕ ਜੀ ਕਾ । ਆਗੈ ਸਾਖੀ ਚਲੀ । ਬਾਬਾ ਨਾਨਕ ਏਕ ਦਿਨ ਧਰਤੀ ਪੰਜਾਬੁ ਕੀ, ਰਾਵੀ ਕੇ ਕਿਨਾਰੇ ਕਰਤਾਰ ਪੁਰ ਨਗਰ ਬਧਾ, ਧਰਮ ਸਾਲਾ ਪਾਈ, ਤਹਾਂ ਬੈਠੇ ਸੇ ।.. (ਪੱਤਰਾ ੬੪੪)

ਅੰਤ– ...ਬਾਬੇ ਜੀ ਦਾ ਖਜਾਨਾ ਬਾਬੈ ਜੀ ਦੀ ਬਾਣੀ । ਸੋ ਖਜਾਨਾ ਬਾਬੇ ਅੰ(ਗਦ)... (ਪੱਤਰਾ ੬੪੫)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਪਰਮਾਰਥ ਦਾ ਨਹੀਂ ਮਿਲਦਾ ।

(ਘ) **ਗੁਰੂ ਰਤਨਾਵਲੀ** (ਲੇਖਕ—ਨਾਮਾਲੂਮ)

ਆਰੰਭ– ੧ਓ ਸਤਿਗੁਰ ਪ੍ਰਸਾਦਿ । ਅਥ ਗੁਰ ਰਤਨਾਵਲੀ ਮਹਲਾ ੧ ।
ਦੋਹਰਾ ॥ ਓਅੰ ਨਮੋ ਕਰਤਾਰ ਗੁਰ, ਨਿਰਗੁਨ ਸਰਗੁਨ ਰੂਪ ।
ਬ੍ਰਹਮ ਨਾਮ ਦਾਤਾ ਮੁਕਤਿ, ਸੁਰ ਨਰ ਮੁਨਿ ਜਪੈ ਭੂਪ ॥ ੧ ॥
ਸੋਰਠਾ ॥ ਨਮੋ ਵਾਹਿਗੁਰੂ ਵਾਹਿ, ਸਤਿਨਾਮੁ ਕਰਤਾ ਪੁਰਖ ।
ਨਿਰਭੈ ਨਿਰਵੈਰੀਰਾਹੁ, ਮੂਰਤਿ ਅਕਾਲ ਅਜੋਨ ਸੁਭ ॥੨॥
ਦੋਹਰਾ ॥ ਨਮੋ ਅਨੰਤ ਮੂਰਤ ਸਹਿਸ, ਨੈਨ ਪਾਦ ਸਿਰ ਬਾਹ ।
ਸਹਸ ਨਾਮ ਪੂਰਨ ਪ੍ਰਭੂ, ਰਚੇ ਅਨੰਤ ਯੁਗ ਜਾਹਿ ॥ ੩ ॥ (ਪੱਤਰਾ ੧)

ਅੰਤ– ...ਕਾਰੂ ਸਿਉ ਬਿਦਿਆ ਲਈ, ਮਦੀਨਿਉ ਤੁਰੇ ਬਿਅੰਤ ।
ਦੇਸ ਪੰਜਾਬੁ ਚਿਤਵਨ ਕੀਆ, ਪਹੁਚੇ ਜਲਦੂ ਅਨੰਤ ।... (ਪੱਤਰਾ ੩੭੩)

ਇਸ ਪੁਸਤਕ ਵਿਚ ਪੱਤਰਾ ੩੩ ਤਕ ਦਸ ਸਿੱਖ ਗੁਰੂਆਂ ਦਾ ਸੰਖੇਪ ਜੀਵਨ ਹੈ ਤੇ ਇਸ ਤੋਂ ਅੱਗੇ ਪੱਤਰਾ ੩੪ ਤੋਂ ੩੭੩ ਤਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਕਵਿਤਾ ਵਿਚ ਹੈ, ਜਿਸ ਵਿਚ ਮੱਕੇ-ਮਦੀਨੇ ਦੀ ਗੋਸ਼ਟਿ ਵੀ ਪੱਤਰਾ ੨੭੨ ਤੋਂ ੩੭੩ ਤਕ ਸ਼ਾਮਲ ਹੈ । ਅੰਤ ਵਿਚ ਦੋ ਵਾਧੂ ਪੱਤਰੇ ੩੭੪-੭੫ ਮਕੇ ਮਦੀਨੇ ਦੀ ਗੋਸ਼ਟਿ ਦੇ ਹੋਰ ਹਨ ।

(ਙ) **ਗੁਰ ਸਿੱਖਾਂ ਦੀ ਭਗਤ ਮਾਲ** (ਭਾਈ ਮਨੀ ਸਿੰਘ)

ਆਰੰਭ– ਪੱਤਰਾ ੫੭੭—੨੦ ਭਗਤ ਮਾਲ ਦਾ ਵਾਧੂ ਛੱਡਕੇ) ਏਸ ਸਮੇ ਭਾਈ ਅਜਿਤਾ ਰਿੰਧਾਵਾ ਬਾਬੇ ਪਾਸ ਆਇਆ । ਬੇਨਤੀ ਕਰੀ, "ਜੀ, ਮੈਂ ਬਹੁਤਿ ਸਾਧਾਂ-ਸੰਤਾਂ ਦਾ ਦਰਸਨੁ ਕੀਤਾ ਹੈ । ਸੋ ਮੇਰੇ ਮਨ ਦਾ ਸੰਸਾ ਨਹੀਂ ਮਿਟਿਆ । ਤੁਸੀਂ ਕ੍ਰਿਪਾ ਕਰ ਕੇ ਮੇਰਾ

ਸਹਿਸਾ ਨਿਵਰਤ ਕਰੌਂ ਜੋ ਮੁਝੇ ਸਾਂਤ ਪ੍ਰਾਪਤਿ ਹੋਇ। (ਪੱਤਰਾ ੫੭੮/੧੧)

ਅੰਤ— ...ਪਾਨ ਸੁਪਾਰੀ ਕਥੁ ਚੂਨਾ ਏਸੁ ਮੇਲ ਖਾਏ ਤਾਂ ਮੁਖ ਲਾਲੁ ਹੋਂਦਾ ਹੈ। ਨਿਰੇ ਪਾਨ ਖਾਏ ਤਾਂ ਰੰਗ ਨਹੀਂ ਚੜ੍ਹਦਾ। ਜਿਨਾ ਅਪੁਨਾ ਅਭਿਮਾਨ ਕ੍ਰਿਆ ਦਾ ਛੋਡਿਆ ਹੈ ਸੋਈ ਗੁਰਮੁਖ ਹੈਨ ॥੧੩੪੦॥੦੦॥ ਸਾਖੀਆਂ ਦਾ ਤਤਕਰਾ ॥ ਗੁਰੂ ਨਾਨਕ ਜੀ ॥੧॥੧੩॥ ਗੁਰੂ ਅੰਗਦ ਜੀ ॥੨॥੯॥ ਗੁਰੂ ਅਮਰ ਦਾਸ ਜੀ ॥੩॥੨॥ ਗੁਰੂ ਰਾਮ ਦਾਸ ਜੀ ॥ ੪ ॥੫॥ ਗੁਰੂ ਅਰਜਨ ਜੀ ॥੫॥੫॥ ਗਰੂ ਹਰਿ ਗੋਬਿੰਦ ਜੀ ॥੬॥੭॥ ਗੁਰੂ ਹਰਿ ਰਾਇ ਜੀ ॥ ੭ ॥ ੮ ॥ ਗੁਰੂ ਹਰਿ ਕ੍ਰਿਸ਼ਨ ਜੀ ॥ ੮ ॥੮॥ ਗੁਰੂ ਤੇਗ ਬਹਾਦੁਰ ਜੀ ॥੯॥੭॥ ਗੁਰੂ ਗੋਬਿੰਦ ਸਿੰਘ ਜੀ ॥੧੦॥੭॥ ਇਕ ਸੌ ਸੋਲਾਂ ਸਾਖੀਆਂ ਪੂਰੀਆਂ ਹੋਈਆਂ ॥ (ਪੱਤਰਾ ੬੨੫/੯੮)

(ਚ) ਸਹੰਸ੍ਰ ਨਾਮਾ ਸੁਖਮਨਾ (ਪਾਤਸ਼ਾਹੀ ੧੦)

ਆਰੰਭ- ੧ੴ ਸਤਿਗੁਰ ਪ੍ਰਸਾਦਿ। ਅਕਾਲ ਸਹਾਇ ਸਹੰਸ੍ਰਨਾਮਾ ਸੁਖਮਨਾ ਪਾਤਸਾਹੀ ੧੦। ਸ੍ਰੀ ਅਕਾਲ ਪੁਰਖ ਸਹਾਇ ॥੧੦॥
ਗਉੜੀ ਰਾਗ ਵਿਚ।
ਪ੍ਰਿਥਮੈ ਸ੍ਰੀ ਨਿਰੰਕਾਰ ਕੌ ਪ੍ਰਣਵੈ। ਫਨ ਕਿਛੁ ਭਗਤੁ ਰੀਤ ਕਰ ਬਰਨੈਂ।
ਦੀਨ ਦਿਆਲ ਪੁਰਖ ਅਤਿ ਸੁਆਮੀ। ਭਗਤੁ ਵਛਲ ਹਰਿ ਅੰਤਰਜਾਮੀ।
ਘਟਿ ਘਟਿ ਰਹੈ ਦੇਖੈ ਨਹੀਂ ਕੋਈ। ਜਲੁਥਲੁ ਰਹੈ ਸਰਬਮੈ ਸੋਈ।
ਬਹੁ ਬਿਅੰਤ ਅੰਤ ਨਹੀਂ ਪਾਵੈ। ਪੜ੍ਹਿ ਪੜ੍ਹਿ ਪੰਡਿਤ ਰਹੁ ਬਤਾਵੈ ॥੧॥
ਸਲੋਕੁ ॥ ਗਹਿਰੁ ਗੰਭੀਰੁ ਗਹੀਰ ਹੈ, ਅਪਰੰਪਰ ਅਪਰੁ ਅਪਾਰ।
ਜਿਨ ਸਿਰਜਿਆ ਤਿਨ ਪਾਇਆ, ਗੋਬਿੰਦ ਕ੍ਰਿਸਨ ਮੁਰਾਰ ॥੨॥
ਸੋਰਠਾ ॥ ਬਾਚੇ ਵੇਦ ਕਤੇਬੁ, ਪੰਡਿਤਿ ਸੇਖੁ ਬਖਾਨਈ।
ਰਾਹੁ ਜੋ ਪਾਵਹਿ ਬੇਗ, ਮਨੂਆ ਹਰਿ ਚਰਨੀ ਪਰਹਿ ॥੩॥ (ਪੱਤਰਾ੬੨੫/੫੭)

ਅੰਤ— ਪਉੜੀ ॥ ਸੁਨਹੁ ਸੰਤਹੁ ! ਤੁਮ ਸਾਚੀ ਬਾਨੀ। ਗੁਰੂ ਅਪਨੇ ਕਉ ਹਰਿ ਜਨੁ ਜਾਨੀ।
ਜਾਹਿਰੁ ਹੋਵੈ ਸਦਾ ਸਹਾਈ। ਧਰਮ ਬਿਲਾਸ ਪਰਮ ਗਤਿ ਪਾਈ।
ਪਾਖੰਡ ਛਾਡਿ ਬ੍ਰਹਮੰਡ ਮਨਧਰੌ। ਆਨ ਕੋ ਛਾਡ ਸਿਮਰਨ ਨਿਤ ਕਰੌ।
ਸੁਚ ਕ੍ਰਿਪਾ ਅਰੁ ਹਰਿ ਹਰਿ ਭਜੌ। ਝੂਠਾ ਪੈਰੀ ਪਉਣਾ ਤਜੌ ॥੧੨੩॥
ਸਲੋਕ ॥ ਜੋ ਤੁਮ ਸਾਚੇ ਸਿਖ ਹੋ, ਤਜਹੁ ਕੁਬੁਧੀ ਮਤਿ।
ਹਰਿਜਨ ਹਰਿ ਕਾ ਭਜਨੁ ਭਜੁ, ਤਬੁ ਹੋਇ ਤੁਮਾਰੀ ਗਤਿ ॥੧੨੪॥
ਸੋਰਠਾ ॥ ਜੋ ਤੁਮ ਰਾਖਹੁ ਸਾਚੁ, ਬਚਨੁ ਹਮਾਰਾ ਮਾਨ ਲੇਹੁ।
ਗੁਰ ਕਾ ਹੋਇ ਸਰਾਪੁ, ਜੇ ਤੁਮ ਹੋਵਹੁ ਅਧਰਮੁ ਮੈ ॥੧੨੫॥ (ਪੱਤਰਾ ੬੩੧/੧੦੩)

ਇਸ ਤੋਂ ਅੱਗੇ ਦਸਾਂ ਗੁਰਾਂ ਦਾ ਆਰਤਾ ਦਰਜ ਹੈ :—

੧ੴ ਸਤਿਗੁਰ ਪ੍ਰਸਾਦਿ। ਹਜੂਰ ਗੁਰੂ ਗੋਬਿੰਦ ਜੀ ਕੇ ਦਸਾਂ ਗੁਰਾਂ ਦਾ ਆਰਤਾ ਭਾਈ ਗੁਰਦਾਸ ਜੀ ਕਹਾ। ਪਾਤਸਾਹੀ ੧੦।
ਗੁਰੂ ਨਾਨਕ ਕ੍ਰਿਪਾਲ ਭਜੁ ਮਨੁ, ਸਕਲ ਦੂਖ ਬਿਨਾਸਨੰ।
ਸ੍ਰੀ ਗੁਰੂ ਚਰਨ ਕਵਲੁ ਬਲਿਹਾਰ, ਨਾਨਕ ਸਕਲਿ ਸੁਖ ਨਿਵਾਸਨੰ।
ਜਹਿ ਜਪਤੁ ਸਿਧ ਚੌਰਾਸਿ, ਖਟੁ ਜਤਿ ਧਿਆਨੁ ਧਰਤ ਮਹੇਸ੍ਵਰੰ।
ਭਜੁ ਦੀਨ ਬੰਧੁ ਗੁਰਦੇਵ, ਨਾਨਕ ਵਿਸ੍ਵਨਾਥ ਵਿਸ੍ਵੇਸਰੰ ॥੧॥
ਜਿਹ ਜਪਤੁ ਸਿਨਿ ਜਨਿ ਤੁਰਕੁ ਹਿੰਦਨ... (ਪੱਤਰਾ ੬੩੧/੧੦੩)

ਇਸ ਤੋਂ ਅੱਗੇ ਪੱਤਰਾ ੬੩੩ ਤੋਂ ੬੩੯ ਤਕ ਛਕੇ ਦੇਵੀ ਜੀ ਕੇ ਪਾਤਸ਼ਾਹੀ ੧੦ ਲਿਖੇ ਹੋਏ ਹਨ, ਜੋ ਛਪੇ ਹੋਏ ਵੀ ਮਿਲਦੇ ਸਨ।

੪੧. (ੳ) ਪੈਂਤੀਂਸ ਅੱਖਰੀ (ਧਿਆਉ ਗੀਤਾ ਕਾ, ਧ੍ਰੂਅ ਸਤੋਤ੍ਰ ਆਦਿ ਸਮੇਤ) (ਨੰ. ੧੩, ਗੌ. ਸਿੰ. ਲਾ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ। ਆਕਾਰ—$6\frac{1}{4}'' \times 4''$, ਲਿਖਤ $4\frac{1}{2}'' \times 2\frac{3}{4}''$।

ਵੇਰਵਾ— ਪੱਤਰੇ ਪੈਂਤੀਸ ਅੱਖਰੀ ਮਹਲਾ ੧, ੩੧-੩੪, ਧਿਆਉ ਗੀਤਾ ਕਾ ਅਠਵਾਂ ੩੫-੫੦, ਗੀਤਾ ਮਹਾਤਮ ੫੧-੫੮, ਧ੍ਰੂਅ ਸਤੋਤ੍ਰ ੫੯-੬੨, ਮੰਤ੍ਰ ਬਾਬੇ ਨਾਨਕ ਜੀ ਕਾ ੬੨-੬੫, ਕਮਲ ਨੇਤ੍ਰ ਸਤੋਤ੍ਰ ੬੬-੬੮, ਅਸਤੋਤ੍ਰ ਜਿੰਦ ਪੀਰ ਜੂ ਕੌ ੬੮-੭੪, ਭਗਉਤੀ ਸਤੋਤ੍ਰ ੭੫-੭੭, ਕ੍ਰਿਸ਼ਨ ਸਤੋਤ੍ਰ ੭੮-੮੨, ਗੁਰਬਾਨੀ (ਆਦਿ ਗ੍ਰੰਥ ਤੇ ਦਸ਼ਮ ਗ੍ਰੰਥ ਵਿਚੋਂ)

੯੨-੧੨੦, ਸੰਸਕ੍ਰਿਤ ਸਤੋਤ੍ਰ (ਗੁਰਮੁਖੀ ਅੱਖਰਾਂ ਵਿਚ) ੧੨੦-੧੨੫, ਫੁਟਕਲ ਛੰਦ (ਫੁਟਕਲ ਕਵੀਆਂ ਦੇ) ੧੪੦-੧੪੩, ਸਾਖੀ ਭਾਈ ਲਾਲੋ ਕੀ ੧੪੩-੧੪੭, ਰਾਮ ਰਿਦਾ ਸਤੋਤ੍ਰ, ਪ੍ਰਤੀ ਸਫ਼ਾ ਮੁੱਢ ਵਿਚ ੭ ਸਤਰਾਂ, ਤੇ ਅੰਤ ਵਿਚ ੧੦ ਸਤਰਾਂ; ਕਾਗਜ਼ ਦੇਸੀ; ਜਿਲਦ ਟੁੱਟਣ ਕਰ ਕੇ ਪੱਤਰੇ ਕੁਝ ਫਟੇ ਹੋਏ ਤੇ ਹਾਲਤ ਖ਼ਸਤਾ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਲਿਖਤ ਦੀ ਸਜਾਵਟ ਵਾਸਤੇ ਕਈ ਥਾਵੀਂ ਲਾਲ ਸਿਆਹੀ ਵੀ ਵਰਤੀ ਹੈ ।

ਸਮਾਂ— ਸੰਮਤ ੧੯੧੬ ਬਿ. । ਲਿਖਾਰੀ—ਨਾਮਾਲੂਮ ।

ਆਰੰਭ— (ਮੁੱਢ ਵਿਚ ੧੯ ਤੋਂ ੩੧ ਤਕ ੧੨ ਪੱਤਰੇ ਆਦਿ ਗ੍ਰੰਥ ਜੀ ਦੀ ਬਾਣੀ ਦੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ ।
ਅਥ ਪੈਂਤੀਸ ਅਖਰੀ ਮਹਲਾ ੧ ।
ਓਅੰਕਾਰ ਸਰਬ ਪ੍ਰਕਾਸੀ । ਆਤਮ ਸੁਧ ਅਕ੍ਰੈ ਅਬਿਨਾਸੀ ।
ਈਸ ਜੀਵ ਮੈ ਭੇਦ ਨ ਮਾਨੋ । ਸਾਧ ਚੋਰ ਸਭ ਬ੍ਰਹਮ ਪਛਾਨੋ ।
ਹਸਤੀ ਚੀਟੀ ਤ੍ਰਿਣ ਲੌ ਆਦੰ । ਏਕ ਅਖੰਡਤਿ ਬਸੈ ਅਨਾਦੰ ॥੧॥ (ਪੱਤਰੇ ੩੧-੩੨)

ਅੰਤ— ੜਾੜ ਮਿਟੀ ਆਤਮ ਦਰਸਾਨਾ । ਪ੍ਰਗਟਿਓ ਗਿਆਨ ਜੋਤ ਤਬ ਭਾਨਾ ।
ਲਿਵ ਲੀਨ ਭਏ ਆਤਮ ਮਧ ਐਸੇ । ਜਿਉ ਜਲ ਜਲਹਿ ਭੇਦ ਕਹੁ ਕੈਸੇ ।
ਵਾਸਦੇਵ ਬਿਨ ਅਵਰ ਨ ਕੋਊ । ਨਾਨਕ ਓਅੰ ਸੋਹੰ ਆਤਮ ਸੋਊ ॥

ਯਾਰਾਲਾਵਾੜਾ ॥੭॥੭॥੭॥ ੧੧੮ ਇਕ ਸੌ ਅਠਾਰਾ ਵਾਰ ਪੜ੍ਹਨਾ । ਮਹਲ ਦਸਵੇਂ ਦੁਰਗਾ ਮੰਤ੍ਰ ਨਾਲ ਰਲਾਇ ਲਿਖਿਆ ਮਹਲਾ ੧ । ਓਅੰ ਹਰੀਅੰ ਸਿਰੀਅੰ... ਪੈਤੀਂਸ ਅੱਖਰੀ ਸੁਵਰਨ ਬੀਚ ਮੜ੍ਹਾਇ ਪਹਰਨੀ । ਪਹਿਲੇ ਮਹਲ ਸਾਹਿਬ ਜੀ ਕੀ ਆਗਿਆ ਹੈ । ਬਹੁੜ ਸ੍ਰੀ ਗੋਬਿੰਦ ਸਿੰਘ ਜੀ ਕੀ ਆਗਿਆ ਹੈ । ਵਰਤ ਪੂਰਨਮਾਸੀ ਕਾ ਰਖਣਾ । ਤੀਸਰੇ ਪਹਿਰ ਗੁਰਪੁਰਬ ਕਰਨਾ । ਫੇਰ ਪ੍ਰਸਾਦਿ ਪਾਵਨਾ । ਸਕਲ ਮਨੋਰਥ ਸ੍ਰੀ ਗੁਰੂ ਜੀ ਪੂਰੇ ਕਰੇਗਾ ॥੧॥ ਪੈਂਤੀਸ ਅੱਖਰੀ ਪੂਰੀ ਹੋਈ । (ਪੱਤਰੇ ੩੩-੩੪)

ਇਸ ਤੋਂ ਅੱਗੇ ਪੱਤਰਾ ੩੫ ਤੋਂ ੫੦ ਤਕ—ਗੀਤਾ ਦਾ ੮ਵਾਂ ਅਧਿਆਇ ਤੇ ਫੇਰ ੫੧ਵਾਂ ਪੱਤਰਾ ਗੁਮ ਛੱਡ ਕੇ ੫੨ ਤੋਂ ੫੮ ਤਕ ਗੀਤਾ ਮਹਾਤਮ—ਦੋ ਅਧੂਰੀਆਂ ਰਚਨਾਵਾਂ ਹਨ ।

(ਅ) ਧ੍ਰੂਅ ਅਸਤੋਤ੍ਰ (ਲੇਖਕ—ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਧ੍ਰੂਹ ਅਸਤੋਤ੍ਰ ਲਿਖਤੇ ।
ਦੋਹਰਾ॥ ਧ੍ਰੂਹ ਸਤੋਤ੍ਰ ਕੋ ਕੀਓ, ਅਨੰਭੈ ਭਇਓ ਪ੍ਰਕਾਸ ।
ਜਿਸ ਪੜ੍ਹ ਸੁਣਿ ਪ੍ਰਾਨੀ ਪਾਵ ਹੈ, ਪਰਮਾਨੰਦ ਬਿਲਾਸ ॥੧॥ (ਪੱਤਰਾ ੫੯)

ਅੰਤ— ਤੂੰ ਹੀ ਤੂੰ ਹੀ ਦੇਖਤਾ, ਤੂੰ ਹੀ ਦੇਇ ਦਿਖਾਇ ।
ਤੂੰ ਹੀ ਤੂੰ ਹੀ ਬਨ ਰਹਾ, ਬਹੁ ਬਿਧਿ ਬਨਤ ਬਨਾਇ ॥੧੨॥
ਚੌਪਈ ॥ ਜਬ ਉਸਤਤਿ ਬਹੁ ਧ੍ਰੂਹ ਉਚਾਰੀ । ਹੁਇ ਪ੍ਰੇਮ ਮਗਨ ਹਰਿ ਹਿਰਦੇ ਧਾਰੀ ।
ਪੁਨਿ ਹਰਿ ਬੋਲੇ ਧ੍ਰੂਹ ਸਿਉ ਬੈਂਤ । ਏ ਅਸਤੋਤ੍ਰ ਤੁਮ ਕੀਓ ਗਿਆਤ ।
ਜੇ ਕੋਈ ਇਸ ਕੋ ਪੜ੍ਹੈ ਪੜ੍ਹਾਵੈ । ਪ੍ਰੇਮ ਸਿਉ ਸੁਨ ਉਤਸਾਹ ਬਢਾਵੈ ।
ਨਿਤ ਅਵਗਾਹਨ ਤਿਸ ਕਾ ਕਰਈ । ਕੋਈ ਕਾਮਨਾ ਮਨ ਨਹੀ ਧਰਹੀ ।
ਵਾਹੀ ਜਨਮ ਮਿਲੈ ਮੁਹਿ ਆਇ । ਅੰਭੈ ਮੈ ਜਿਉ ਅੰਭ ਸਮਾਇ ॥੩੨॥
ਦੋਹਰਾ ॥ ਜੋ ਨਿਤ ਅਸਤੋਤ੍ਰ ਕੋ ਪੜ੍ਹੈ, ਕੋਈ ਕਾਮਨਾ ਧਾਰ ।
ਏਕ ਜਨਮ ਲੋ ਸਭ ਲਹੈ, ਪੁਨਿ ਪਾਵੈ ਤਤ੍ਵ ਬੀਚਾਰ ॥੧੪॥.. (ਪੱਤਰੇ ੬੧-੬੨)

(ੲ) ਮੰਤ੍ਰ ਬਾਬੇ ਨਾਨਕ ਜੀ ਕਾ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਮੰਤ੍ਰ ਬਾਬੇ ਨਾਨਕ ਜੀ ਕਾ ਲਿਖਿਆ ਵਾਰੀ ਤ੍ਰੈ ਪੜ੍ਹਨਾ ॥੩॥ ਆਪਿ ਤੇਜ ਵਾਇ ਪ੍ਰਿਥਮੀ ਅਕਾਸ ਹੈ । ਉਤਪਤਿ ਪਰਲੋ ਹੈ । ਇਸ ਕਾ ਬਲ ਇਹੁ ਹੈ । ਇਕ ਲਖ ਅਸੀ ਹਜਾਰ ਭੂਤਿ ਮਨਿ ਅੰਦਰ ਵਸਦਾ ਹੈ । ਤਿਸ ਕੀ ਉਤਪਤਿ ਪਉਣ ਹੈ । ਇਸ ਕਾ ਫਲ ਇਹੁ ਹੈ ।
ਬਾਂਧੋ ਸੁਰਤਿ ਮਨ ਚਿਤ ਲਾਇ । ਤ੍ਰੈ ਲੋਕੀ ਬਾਂਧੋ ਮਨ ਚਿਤ ਲਾਇ ।
ਰਾਜਾ ਪ੍ਰਜਾ ਬਾਂਧੋ ਮਨ ਚਿਤ ਲਾਇ । ਨਾਨਕ ਪੜ੍ਹਿਆ ਨਾਮਾ ਚਾਰ ।... (ਪੱਤਰੇ ੬੨-੬੩)

ਅੰਤ— ...ਨਾਨਕ ਦਾਸ ਕੀਤਾ ਆਕਾਰ । ਆਗਿਆ ਕੀਨੀ ਆਪ ਨਿਰੰਕਾਰ ।
ਬਚਨ ਤੇਰਾ ਬਾਹਰ ਖਾਇ ਸਿਰ ਮਾਰ । ਜਨ ਨਾਨਕ ਤੇਰੀ ਰਖਿ ।
ਸੰਤਿ ਕੇ ਦੋਖੀ ਕਉ ਆਨ ਮੁਖ ਭਖਿ । ਫੁਰਹੋ ਮੰਤ੍ਰ ਸਬਦ ਸਾਚਾ, ਪਿੰਡ ਕਾਚਾ ॥
ਮੰਤ੍ਰ ਬਾਬੇ ਨਾਨਕ ਜੀ ਦਾ ਸੰਪੂਰਨ ਹੋਇਆ । (ਪੱਤਰਾ ੬੪)

ਇਸ ਤੋਂ ਅੱਗੇ ਇਸ ਮਤ੍ਰ ਦਾ ਵਿਧਿ-ਵਿਧਾਨ ਦੱਸ ਕੇ ਅੰਤ ਵਿਚ ਇਕ ਹੋਰ ਮੰਤ੍ਰ ਲਿਖਿਆ ਹੈ—

ਹਾਕਣੀ ਡਾਕਣੀ ਭਾਖ ਸੰਖਾਰੀ । ਗੁਰੂ ਨਿਰੰਕਾਰ ਕੈ ਸਬਦਿ ਸਿਉ ਬਾਂਧ ਡਾਰੀ । ਦ੍ਰਿਸਟਿ ਕਰੈ । ਮੁਸਟ ਕਰੈ । ਵੈਰ ਕਰੈ । ਕਾਲ ਕਰੈ । ਨਜਰ ਕਰੈ । ਜਾਦੂ ਕਰੈ । ਟੂਣਾ ਕਰੈ । ਬਲ ਕਰੈ । ਕਾਮਣ ਕਰੈ । ਭੈਰੋਂ ਕਰੈ । ਉਲਟਿ ਵਾਹੂ ਸਿਰ ਪਰੈ । ... ਸ੍ਰੀ ਗੁਰੂ ਰਾਮ ਦਾਸ ਜੀ ਸਦਾਈ ਸਹਾਈ ਰਹੋ । ਸੁਭੰ ਸਰਬਤ ਦਾ ਭਲਾ ।

(ਪੱਤਰਾ ੬੭)

ਇਸ ਤੋਂ ਅੱਗੇ ਪੱਤਰਾ ੬੬ ਤੋਂ ੬੮ ਤਕ ਕਮਲ ਨੇਤ੍ਰ ਸਤੋਤ੍ਰ ਹੈ ।

(ਸ) ਅਸਤੋਤ੍ਰ ਸ੍ਰੀ ਜਿੰਦ ਪੀਰ ਜੂ ਕੋ (ਲੇਖਕ-ਨਾਮਾਲੂਮ)

ਆਰੰਭ—੧ੴ ਸਤਿਗੁਰ ਪ੍ਰਸਾਦਿ । ਅਸਤੋਤ੍ਰ ਸ੍ਰੀ ਜਿੰਦ ਪੀਰ ਜੂ ਕੋ ਵਰਨਨੰ । ਸੁਵਸਤਿ ਸ੍ਰੀ ਗਣੇਸਾਇ ਨਮ: । ਸ੍ਰੀ ਭਵਾਨੀ ਜੀ ਕੋ ਨਮਹਿ ।
ਸਤਿ ਸਰੂਪ ਅਸਥਿਰ ਅਤਿ ਅਥਾਹਿ ਅਗਾਧਿਅੰ ।
ਆਦਿ ਪੁਰਖ ਅਪਾਰ ਲੀਲਾ, ਸਪਤ ਸਿੰਧ ਸਮਾਧਿਅੰ ।
ਦਇਆ ਸਿੰਧਿ ਦਿਆਲ ਪੂਰਣ, ਦਾਨ ਦੇਇ ਅਪਦਾ ਹਰੋ ।
ਸ੍ਰੀ ਜਿੰਦ ਪੀਰ ਅਟਲ ਜੁਗੋ ਜੁਗ, ਕਿਰਪਾ ਨਾਥ ! ਕਿਰਪਾ ਕਰੋ ॥ ੧ ॥ (ਪੱਤਰੇ ੬੮-੬੯)

ਅੰਤ— ...ਕਰਿ ਪ੍ਰੀਤ ਇਹੁ ਅਸਤੋਤ੍ਰ, ਜੋ ਨਰ ਪਢੇ ਲਾਇ ਧਿਆਨ ਸੋ ।
ਵਰ ਮਾਂਗ ਹੈ ਸੋਈ ਪਾਵ ਹੈ, ਰਿਦ ਨਾਸ ਹੈ ਅਗਿਆਨ ਕੋ ।
ਜੀਵਨ ਮੁਕਤਿ ਯਗ ਪਾਵ ਹੈ, ਨਹਿ ਗਰਭ ਜੋਨੰ ਤਹਿ ਧਰੋ ।
ਸ੍ਰੀ ਜਿੰਦ ਪੀਰ ਅਟਲ ਜੁਗੋ ਜੁਗ, ਕ੍ਰਿਪਾ ਨਾਥ ਕਿਰਪਾ ਕਰੋ ॥ ੧੪ ॥
ਇਦੰ ਅਸਤੋਤ੍ਰ ਸ੍ਰੀ ਜਿੰਦ ਪੀਰ ਜੂ ਕੋ ਸੰਪੂਰਨੰ ਸਮਾਪਤੰ ।
ਸੁਭੰਮਸਤੰ ।... (ਪੱਤਰੇ ੭੩-੭੪)

ਇਸ ਤੋਂ ਅੱਗੇ ਪੱਤਰਾ ੭੫ ਤੋਂ ੭੭ ਤਕ ਭਗਉਤੀ ਸਤੋਤ੍ਰ ਹੈ ।

(ਹ) ਕ੍ਰਿਸ਼ਨ ਸਤੋਤ੍ਰ (ਲੇਖਕ—ਨਾਮਾਲੂਮ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸ੍ਰੀ ਕ੍ਰਿਸਨਾਇ ਨਮ: । ਸ੍ਰੀ ਗੁਰਦੇਵਾ ਨਮ: । ਸ੍ਰੀ ਭਵਾਨੀ ਜੀ ਨਮ: ।
ਉਦਤਿ ਤੇਜ ਅਪਾਰ, ਅਦਭੁਤਿ ਉਗ੍ਰ ਰੂਪ ਪ੍ਰਕਾਸਨੰ ।
ਅਚਲ ਅਮਰ ਅਡੋਲ, ਅਦ੍ਵੈਤ ਆਧ ਵਿਆਧ ਵਿਨਾਸਨੰ ।
ਓਅੰਕਾਰ ਅਚਿਤ ਅਨਭਉ ਅਪ੍ਰਮਦੀ ਐ ਅਘ ਹਰੋ ।
ਸ੍ਰੀ ਕ੍ਰਿਸਨ ਦੇਵ ਕਿਸੋਰ ਕੇਸਵ ਕਮਲ ਨੈਨ ਕ੍ਰਿਪਾ ਕਰੋ ॥ ੨ ॥ (ਪੱਤਰਾ ੭੮)

ਅੰਤ— ...ਸਲੋਕ ਦੁਆਦਿਸ ਆਦਿ ਅਖਰ, ਪ੍ਰੀਤਿ ਕਰ ਨਰ ਜੋ ਪੜ੍ਹੈ ।
ਪ੍ਰੇਮ ਪੂਰਨ ਪਾਇ ਪਦਵੀ, ਜਨਮ ਜਨਮ ਮਾਰਗ ਕਟੈ ।
ਭੁਗਤਿ ਮੁਕਤਿ ਸਥਾਨ ਸੰਪਤ, ਸੁਫਲ ਸੰਤਤਿ ਤੈ ਘਰੋ ।
ਸ੍ਰੀ ਕ੍ਰਿਸਨ ਦੇਵ ਕਿਸੋਰ ਕੇਸੋ ਕਮਲ ਨੈਨ ਕਿਰਪਾ ਕਰੋ ॥ ੧੩ ॥
ਇਤ ਸ੍ਰੀ ਕ੍ਰਿਸਨ ਅਸਤੋਤ੍ਰ ਸਮਾਪਤੰ । ਸੁਭੰ । (ਪੱਤਰਾ ੮੨)

ਇਸ ਤੋਂ ਅੱਗੇ ਪੱਤਰੇ ੮੨ ਤੋਂ ੧੨੦ ਤਕ ਆਦਿ ਗ੍ਰੰਥ ਤੇ ਦਸ਼ਮ ਗ੍ਰੰਥ ਜੀ ਦੀ ਕੁਝ ਬਾਣੀ ਦਰਜ ਹੈ ਤੇ ਫੇਰ ਪੱਤਰਾ ੧੨੫ ਤਕ ਸੰਸਕ੍ਰਿਤ ਸਤੋਤ੍ਰ ਅਤੇ ਅੱਗੇ ੧੫ ਪੱਤਰੇ ਗੁਮ ਤੇ ਫੇਰ ੧੪੦ ਤੋਂ ੧੪੩ ਤਕ ਕੁਝ ਫੁਟਕਲ ਛੰਦ ਦਿੱਤੇ ਹੋਏ ਹਨ ।

(ਕ) **ਸਾਖੀ ਭਾਈ ਲਾਲੋ ਕੀ**

ਆਰੰਭ– ਸਾਖੀ ਭਾਈ ਲਾਲੋ ਕੀ । ੧ਓ ਸਤਿਗੁਰ ਪ੍ਰਸਾਦਿ ।
ਪਾਤਸਾਹੀ ਤੀਸਰੀ ਕੀ । ਤੀਸਰੀ ਪਾਤਸਾਹੀ ਗੁਰੂ ਅਮਰ ਦਾਸ ਜੀ ਗੋਇੰਦ ਵਾਲ ਬੈਠੇ ਸੇ, ਆਪਣੇ ਰੰਗ ਮਹਲ ਵਿਚ ਬੈਠੇ ਸੇ ਤਾ ਇਕ ਮਾਈ ਨੇ ਚੀਕ ਮਾਰੀ । ਤਾਂ ਗੁਰੂ ਜੀ ਨੇ ਪੁਛਿਆ, "ਖਬਰ ਲੇਵੋ, ਕੈਸਾ ਸਬਦਿ ਹੋਇਆ ਹੈ।" (ਪੱਤਰਾ ੧੪੩)

ਅੰਤ— ...ਤਾ ਤੇਈਏ (ਤਾਪ) ਕਹਿਆ, "ਮੇਰਾ ਬਚਨ ਹੋਇਆ, ਜਿਥੇ ਕੋਈ ਇਸ ਸਾਖੀ ਨੂ ਪੜ੍ਹੈਗਾ ਅਰ ਜਿਸ ਨੂ ਮੈ ਚੜ੍ਹਿਆ ਹੋਵਾਂਗਾ ਤਿਸ ਨੂ ਏਹ ਸਾਖੀ ਸੁਣਾਇ ਦੇਣੀ । ਤਿਸ ਨੂ ਮੈ ਛਡ ਜਾਵਾਂਗਾ । ਜਿਸ ਤਰਾਂ ਮੈਨੂ ਛਡਿਆ ਹੈ ਤਿਸ ਤਰਾਂ ਮੈ ਭੀ ਛਡ ਜਾਵਾਂਗਾ।" ਬੋਲਹੁ ਭਾਈ ਜੀ ਵਾਹਿਗੁਰੂ । ਸਾਖੀ ਸੰਪੂਰਨ ਹੋਈ । ਜਥਾਸਕਤਿ ਗੁਰੂ ਕਾ ਪ੍ਰਸਾਦਿ ਦੇਵਣਾ । ਸ੍ਰੀ ਰਾਮ ਜੀ । ਗੁਰੂ ਜੀ । ਸੰਮਤ ੧੬੧੬ ਮਿਤੀ ਕਤਿਓ ਦਿਨ ੧੮. ਥਿਤ ਸਤਮੀ ਮੰਗਲਵਾਰ ਪੋਥੀ ਪੂਰੀ ਹੋਈ, ਭੁਲ ਚੁਕ ਬਖਸਣੀ । (ਪੱਤਰਾ ੧੪੬–੪੭)

ਇਸ ਤੋਂ ਅੱਗੇ ਇਕ ਪੱਤਰੇ ਉਤੇ ਹਰੜ ਦੇ ਗੁਣ ਦੱਸੇ ਹਨ ।

(ਖ) **ਰਾਮ ਰਿਦਾ ਸਤੋਤ੍ਰ** (ਲੇਖਕ—ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸੂਰਜ ਵੰਸ ਵਿਖੇ ਤਨ ਮਾਨਸ... (ਪੱਤਰਾ ੧੪੯)

ਅੰਤ— ਸ੍ਰੀ ਮਹਾਦੇਵੋਵਾਚ।
ਪਾਰਬਤੀ ਯਹਿ ਰਾਮ ਰਿਦੇ ਅਤਿ ਗੋਪ ਮਯਾ ਤੁਮ ਪਾਸ ਉਚਾਰੇ ।
ਆਹਿ ਸੁ ਪਾਵਨ ਔ ਰਿਦਅੰਗਮ, ਪਾਪ ਸੁਨੇ ਖਿਨ ਮਾਹਿ ਨਿਵਾਰੇ ।... (ਪੱਤਰਾ ੧੫੪)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਅੰਤਲਾ ਪਾਠ ਇਸ ਕਾਵਿ-ਰਚਨਾ ਦਾ ਨਹੀਂ ਮਿਲਦਾ ।

੪੨. (ੳ) **ਬਹਿਰ ਤਵੀਲ ਬਾਬਾ ਨਾਨਕ ਕੀ** (ਸੀਹਰਫ਼ੀ ਸ੍ਰੀ ਮੁਖ ਵਾਕ ਮ: ੧ ਆਦਿ ਸਮੇਤ) (ਨੰ. × , ਸਿੱ. ਕੰ. ਮ. ਵਿ. ਫ਼ੀ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ । ਆਕਾਰ-$5\frac{1}{2}'' \times 4\frac{1}{4}''$, ਲਿਖਤ $3\frac{3}{4}'' \times 2\frac{3}{4}''$ ।

ਵੇਰਵਾ– (ਆਦਿ ਗ੍ਰੰਥ ਜੀ ਦੀ ਬਾਣੀ ਦੇ ੩੭੨ ਪੱਤਰੇ ਛੱਡ ਕੇ) ਬਹਿਰ ਤਵੀਲ ੩੭੩–੮੯, ਸੀਹਰਫ਼ੀ ਸ੍ਰੀ ਮੁਖ ਵਾਕ ਮਹਲਾ ੧, ਪੱਤਰੇ ੩੮੯–੯੨, ਕਥਾ ਸੋਰਠਿ ਬੀਜੇ ਕੀ (ਕਵੀ ਚੰਦੂ ਭਾਨ) ੩੯੩–੪੦੭, ਸੱਸੀ ਪੁੰਨੂੰ (ਆਡਿਤ) ੪੦੭–੩੦ ਸੀਹਰਫ਼ੀ ਮੀਰਨ ਕੀ ੪੩੦–੪੦; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਉੱਤੇ ਛੇਕ ਪਏ ਹੋਏ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ– ਪੁਸਤਕ ਡੇਢ ਕੁ ਸੌ ਸਾਲ ਪੁਰਾਣੀ ਹੈ । ਲਿਖਾਰੀ–ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਬਹਿਰ ਤਵੀਲ । ਸ੍ਰੀ ਮੁਖ ਵਾਕ ਸਤਿਗੁਰ ਦਿਆਲ ਗੁਰ ਬਾਬਾ ਨਾਨਕ ਸਾਹ ਸਾਹਿਬ ਜੀ ਮਹਲਾ ੧ । ਲਾਇਕਾਨਸਤ ਸਜ਼ਾਵਰਹੁਮਾਨਸਤ ।... (ਪੱਤਰਾ ੩੭੪)

ਅੰਤ– ਨਾਨਕ ਗਰੀਬ ਸਾਈਂ ਤੂੰ ਬਖਸ ਖਤਾਰ । ਪੂਰੀ ਹੋਈ ਬਹਰ ਤਵੀਲ । ਸੰਪੂਰਨੰ । ਸਮਾਪਤੰ । (ਪਤਰਾ ੩੮੯)

(ਅ) **ਸੀਹਰਫ਼ੀ ਸ੍ਰੀ ਮੁਖ ਵਾਕ ਮਹਲਾ ੧**

ਅੰਤ– ੧ਓ ਸਤਿਗੁਰ ਪ੍ਰਸਾਦਿ । ਸਿਹਰਫੀ ਸ੍ਰੀ ਮੁਖ ਵਾਕ ਮਹਲਾ ੧ ॥ ਸਲੋਕ ॥
ਅਲਫੁ ਅਲਹ ਕੌਂ ਯਾਦਿ ਕਰੁ, ਗਫਲਤ ਮਨਹੁ ਵਿਸਾਰ ।
ਸਾਸੁ ਪਲਟਹਿ ਨਾਮੁ ਬਿਨੁ, ਧ੍ਰਿਗੁ ਜੀਵਣੁ ਸੰਸਾਰ ॥੧॥ (ਪੱਤਰਾ ੩੮੯)

ਅੰਤ— ...ਯੇ ਯਾਰੀ ਕਰੁ ਰਬ ਸਿਉ, ਜਿਸ ਦਾ ਅਬਚਲ ਰਾਜ਼ ।
ਇਕੁ ਇਕੇਲਾ ਨਾਨਕਾ, ਕਿਸੇ ਨ ਹੋਇ ਮੁਹਤਾਜੁ ॥੩੦॥੧॥ ਸੰਪੂਰਨੰ ਸਮਾਪਤੰ । (ਪੱਤਰਾ ੩੯੨)

(ੲ) **ਕਥਾ ਸੋਰਠਿ ਬੀਜੇ ਕੀ** (ਕ੍ਰਿਤ ਕਵੀ ਚੰਦੂ ਭਾਨ)

ਆਰੰਭ– ੧ਓ ਸਤਿਗੁਰ ਪ੍ਰਸਾਦਿ । ਅਬ ਕਥਾ ਸੋਰਠਿ ਬੀਜੇ ਕੀ ॥ ਸਲੋਕੁ ॥ ਰਾਗੁ ਸੋਰਠਿ ॥
ਕੀਚੈ ਬਾਤ ਸਨੇਹ ਕੀ, ਜੇ ਕੋ ਕਰੇ ਸਨੇਹ ।

ਧਿਆਨ ਧਰੇ ਹਰਿ ਨਾਮੁ ਕਾ, ਤਾਂ ਤੇ ਉਧਰ ਸਦੇਹ ॥੧॥
ਰਾਮ ਨਾਮ ਸ੍ਰੀ ਜਪੀਏ, ਭੇਦ ਕਹੀ ਨ ਦੇਹਿ ।
ਪੁਛ ਸਹੀ ਕਰਿ ਚੰਦੂ ਭਾਨ, ਪ੍ਰੀਤ ਕਾ ਪੈਂਡਾ ਏਹ ॥੨॥
ਦੁਹਿਤਾ ਰਾਜੇ ਕਛੁ ਕੀ, ਪਰਨੀ ਰਾਇ ਖੰਘਾਰ ।
ਲਿਖਿਆ ਲੇਖੁ ਨ ਮਿਟਦਾ, ਆਈ ਹਥ ਕੁਭਾਰਿ ॥੩॥
ਸ੍ਰਿਸਟਿ ਰਚੀ ਪਾਰਬ੍ਰਹਮੁ, ਮੁਲਖ ਵਸੇ ਚਉ ਧਾਰ ।
ਦਖਣ ਦਿਸਾ ਪੂਰਬ, ਗੜ੍ਹ ਭਲੋ ਗਿਰਿਨਾਰ ॥੪॥
ਇਹੀ ਸਭਾਗੇ ਦੇਸ ਮੋ, ਸੁਣਿਆ ਹਿਕ ਦਾਤਾਰ ।
ਹਿਕੁ ਦਾਤਾ ਬਿਆ ਸੂਰਮਾ, ਕਹੀਏ ਰਾਇ ਖੰਘਾਰ ॥੫॥... (ਪੱਤਰਾ ੩੯੩)

ਅੰਤ— ਦੋਨੋ ਸਮਾਲੇ ਗਡ, ਸੋਰਠਿ ਤੇ ਖੰਘਾਰਿ ।
ਤੂੰ ਲੋਕੀ ਵਿਚ ਚੰਦੂ ਭਾਨਿ, ਹੋਇ ਰਹਿਆ ਜੈ ਕਾਰਿ ॥੮੨॥
ਧੰਨਿ ਰਾਜਾ ਤੂੰ ਸੂਰਮਾ, ਦਿਤਾ ਈ ਸਿਰਿ ਦਾ ਦਾਨਿ ।
ਸੁਣਿ ਸਖਾਵਤਿ ਤਹੀ ਵੀ, ਸਿਫਤਿ ਕਰੇ ਚੰਦੂ ਭਾਨਿ ॥੮੩॥੧॥ ਸੰਪੂਰਨੰ । (ਪੱਤਰਾ ੪੦੭)

(ਸ) ਸੱਸੀ ਪੁੰਨੂੰ (ਕ੍ਰਿਤ ਕਵੀ ਆਡਿਤ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਕਵਿ ਕ੍ਰਿਤ ਆਡਿਤ ਜੀ ਕੀ । ਦੋਹੜੇ ਸਸੀ ਪੁੰਨੂੰ ਕੇ । (ਪੱਤਰਾ ੪੦੭)
ਫੁਲਾ ਸੇਜ ਵਿਛਾਈ ਸਸੀ, ਹੋਤ ਪਿਆਲੇ ਪੀਤੇ ।...

ਅੰਤ— ਜੇ ਕੂੰ ਪ੍ਰੀਤਮ ਮਿਲਿਆ ਪਿਆਰਾ, ਸਦਾ ਸੁਹਾਗਣਿ ਨਾਰੀ ।
ਬਿਨ ਪ੍ਰੀਤਮ ਦੇ ਡਿਠੇ ਬਾਝੂ, ਅਠੇ ਪਹਿਰ ਖੁਆਰੀ ।
ਹਾਰ ਸੀਗਾਰ ਬਣੇ ਤਿਸ ਨੀਕੇ, ਜੋ ਧਨ ਕੰਤਿ ਪਿਆਰੀ ।
ਸਾਈ ਫਜਲੁ ਕਰੇ ਕੋਈ ਅਪਣਾ, ਕੂਕੇ ਨਿਰਗੁਨੀਆਰੀ ॥੮੭॥
ਸਲੋਕ ਸਸੀ ਪੁੰਨੂੰ ਦੇ ਸੰਪੂਰਨ ਹੋਏ । (ਪੱਤਰੇ ੪੨੯-੩੦)

(ਹ) ਸੀਹਰਫੀ ਮੀਰਨ ਜੀ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸੀਹਰਫੀ ਮੀਰਨ ਜੀ ਕੀ ।
ਅਲਫ ਆਇ ਕੇ ਇਸਕ ਲਖਾਉ ਕੀਤਾ, ਤਾ ਮੈ ਮੰਜੜੇ ਚਾਇ ਬੀਮਾਰ ਸੁੱਟੀ ।... (ਪੱਤਰਾ ੪੩੦)

ਅੰਤ— ...ਮੀਰਨ ਚਲ ਘਰਾਂ ਨੂੰ ਕੀ ਮੰਗਨਾ ਹੈਂ, ਕੋਈ ਇਸਕ ਪਨੀਰ ਤੇ ਨਾਨ ਨਾਹੀ ॥੩੧॥
ਦੋਹਰਾ ॥ ਨਿਜ ਕਰਿ ਅਛਰਿ ਪਠੇ ਹੈਂ, ਦਸ ਇਕ ਮਾਨੋ ਬੀਸ ।
ਅਧਿਕ ਪ੍ਰੇਮੁ ਤਾ ਮੈ ਬਸੈ, ਜਾਨਤ ਹੈ ਜਗਦੀਸ ॥੧॥
ਸੀਹਰਫੀ ਮੀਰਨ ਜੀ ਕੀ ਸੰਪੂਰਨ ਹੋਈ । ਅਖਰ ਸੋਧ ਪੜ੍ਹਨਾ ॥੧॥
ਬੋਲਹੁ ਭਾਈ ਜੀ, ਵਾਹਗੁਰੂ ਜੀ ਸਤਿ । (ਪੱਤਰਾ ੪੪੦)

(ੲ) ਗੁਰਬਾਣੀ-ਪੜਚੋਲ ਤੇ ਟੀਕੇ

੪੩. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੀ ਉੱਥਾਨਕਾ (ਨੰ. ੭੫੮, ਪੰ. ਯੂ. ਚੰ.)

ਲੇਖਕ— ਨਾਮਾਲੂਮ । ਆਕਾਰ—7" × 5", ਲਿਖਤ 4¼" × 3¾" ।

ਵੇਰਵਾ— ਪੱਤਰੇ ੨੯੮; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸੁੰਦਰ ਰੰਗੀਨ ਲਕੀਰਾਂ ਵਾਲਾ; ਸਿਰਲੇਖ ਲਾਲ ਸਿਆਹੀ ਨਾਲ ਅੰਕਿਤ; ਪੱਤਰੇ ਖੁਲ੍ਹੇ, ਬਿਨਾ ਜਿਲਦ, ਜਿਸ ਕਰ ਕੇ ਪੁਸਤਕ ਖ਼ਸਤਾ ਹਾਲਤ ਵਿਚ ਹੈ ।

ਸਮਾਂ— ਸੌ ਕੁ ਸਾਲ ਪੁਰਾਣੀ ਲਿਖਤ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ।...ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਕੀ)ਉਥਾਨਕਾ ਸਹਿਤ ਪ੍ਰਿਯਾ ਲਿਖਤੇ । ਦਸਮੀ ਪਾਤਸਾਹੀ ਤੇ ਭਾਈ ਮਨੀ ਸਿੰਘ ਜੀ ਪੜ੍ਹੇ ।... (ਪੱਤਰਾ ੧)

ਅੰਤ— ਢਾਢੀਆਂ ਨੇ ਵਾਰ ਬਨਾਈ, ਗੁਰੂ ਨੇ ਕਹਾ, "ਮੂਸੇ ਕੀ ਧੁਨ ਪਰ ਗਾਵਨੀ" ॥੯॥
ਇਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਕੀਆ ਧੁਨਾ ਸਮਾਪਤੰ । ਸੰਪੂਰਣੰ । ਰਾਮ ਰਾਮ ਦਾਸ । (ਪੱਤਰਾ ੨੯੮)

(ਨੰ. ×, ਸਿੱ. ਕੰ. ਮ. ਵਿ. ਛੀ.)

੪੪. ਜਪੁ ਪਰਮਾਰਥ*

ਟੀਕਾਕਾਰ–ਸੋਢੀ ਮਿਹਰਵਾਨ । ਆਕਾਰ—$10\frac{1}{4}'' \times 6''$, ਲਿਖਤ $7'' \times 4\frac{1}{4}''$ ।

ਵੇਰਵਾ— ਪੱਤਰੇ ਜਪੁ ਪਰਮਾਰਥ ਦੇ ੭੫, ਪਾਕ ਨਾਮਾ ਸਾਖੀ ਮੱਕੇ ਦੀ ੭੬—੨੦੬; ਪ੍ਰਤੀ ਸਫ਼ਾ ੧੦-੧੧ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਅਨੇਕ ਥਾਵੀਂ ਅਸ਼ੁੱਧ ਹੈ; ਹਾਸ਼ੀਆ ਸਾਦਾ ਲਾਲ-ਕਾਲੀਆਂ ਲਕੀਰਾਂ ਵਾਲਾ; ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਸਿਆਹੀ ਖ਼ਰਾਬ ਹੋਣ ਕਰ ਕੇ ਪੱਤਰਿਆਂ ਉੱਤੇ ਥਾਂ ਪਰ ਕੁਝ ਧੱਬੇ ਲੱਗੇ ਹੋਏ; ਪੁਸਤਕ ਸਜਿਲਦ, ਜੋ ਸਾਧਾਰਣ ਹਾਲਤ ਵਿਚ ਹੈ ।

ਸਮਾਂ— ਪੁਸਤਕ ੭੦-੮੦ ਵਰ੍ਹੇ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਰਾਗ ਆਸਾ ਮਹਲਾ ਪਹਿਲਾ । ਜਪੁ ਗੂਜਰੀ ਮਹਲਾ ੧ । ਜਪੁ ਅਰਥ ਨਾਲ ਲਿਖਿਆ ।... (ਪੱਤਰਾ ੧)

ਅੰਤ— ...ਜੋ ਮਨਸਾ ਮਨ ਮੇ ਧਰੈ, ਸੋ ਪੂਰਨੁ ਕਰੈ ਭਗਵਾਨੁ ।
ਅਹਨਿਸ ਜਪੁ ਜਾਪਦਾ ਰਹੈ, ਦਾਸ ਨਾਨਕ ਦੀਜੈ ਦਾਨ ॥
ਬੋਲਹੁ ਭਾਈ ਵਾਹਿਗੁਰੂ, ਬਾਬਾ ਨਾਨਕ ਸਤਿਗੁਰੂ... (ਪੱਤਰਾ ੭੫)

ਇਸ ਤੋਂ ਅੱਗੇ ਪੱਤਰਾ ੭੬ ਤੋਂ ੨੦੬ ਤਕ ਪਾਕ ਨਾਮਾ ਅਰਥਾਤ—ਸਾਖੀ ਮੱਕੇ ਦੀ ਸ਼ਾਮਲ ਹੈ, ਜੋ ਆਮ ਛਪੀ ਹੋਈ ਮਿਲਦੀ ਹੈ ।

੪੫. (ੳ) ਜਪੁਜੀ ਸਟੀਕ (ਜ਼ਫ਼ਰ ਨਾਮਾ ਸਟੀਕ ਆਦਿ ਸਮੇਤ) (ਨੰ. ੩੪੬, ਭਾ. ਵਿ.)

ਲੇਖਕ– ਸੋਢੀ ਮਿਹਰਵਾਨ । ਆਕਾਰ—$6\frac{1}{2}'' \times 3\frac{1}{2}''$, ਲਿਖਤ $4\frac{1}{2}'' \times 2\frac{1}{2}''$ ।

ਵੇਰਵਾ— ਪੱਤਰੇ ਜਪੁਜੀ ਸਟੀਕ ੧੨੨, ਜ਼ਫ਼ਰ ਨਾਮਾ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ਸਟੀਕ ੨੪੮, ਕਥਾ ਅਹੀਰੀ ਕੀ ੨੪੯-੫੮, ਕਥਾ ਰਾਜੇ ਨਿਰਮੋਹੀ ਕੀ ੨੫੮-੬੦, ਕੁੱਲ ਜੋੜ ੩੮੨; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਕਾਲੀਆਂ ਤੇ ਲਾਲ ਲਕੀਰਾਂ ਵਾਲਾ; ਪੁਸਤਕ ਸਜਿਲਦ, ਪਰ ਜਿਲਦ ਉੱਖੜੀ ਹੋਈ, ਵੈਸੇ ਹੱਥ-ਲਿਖਤ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਡੇਢ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ– ੧ਓ ਸਤਿਗੁਰ ਪ੍ਰਸਾਦਿ । ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ । ਜਪੁ । ਮਹਲਾ ੧ । ਅਰਥਿ ਨਾਲਿ ਲਿਖਿਆ । ਜੇ ਕੋਈ ਇਸ ਜਪੁ ਨੋ ਪੜ੍ਹੇਗਾ, ਲਿਖੈਗਾ, ਸਿਖੈਗਾ, ਤਿਸ ਕੀ ਪਰਮਗਤਿ ਹੋਵੈਗੀ । ਵਚਨੁ ਹੈ ਸਿਰੀ ਸਤਿਗੁਰੂ ਬਾਬੇ ਨਾਨਕ ਜੀ ਕਾ । ਬੋਲੋ ਭਾਈ ਵਾਹੁਗੁਰੂ । ਤਬ ਗੁਰੂ ਬਾਬਾ ਨਾਨਕ ਜੀ ਏਕ ਦਿਨਿ ਪੰਜਾਬ ਕੀ ਧਰਤੀ ਨਗਰ ਕਰਤਾਰ ਪੁਰਿ ਬੈਠਾ ਥਾ । ਅਰੁ ਦਰਗਹ ਪਰਮੇਸਰ ਕੀ ਬੁਲਾਇਆ । ਤਬ ਫੇਰ ਹੁਕਮੁ ਪਰਮੇਸਰ ਕਾ ਲੈ ਆਇਆ ਏਸ ਜਹਾਨ ਵਿਚਿ... (ਪੱਤਰਾ ੧)

ਅੰਤ— ...ਏਹੁ ਜਪੁ ਕਰਤੇ ਪੁਰਖੁ ਕਾ, ਸਚੁ ਨਾਨਕ ਕੀਆ ਵਖਿਆਨੁ ।
ਜਗਤ ਉਧਾਰਨ ਕਾਰਨੇ, ਧੁਰਹੁ ਹੋਆ ਫੁਰਮਾਨ ।
ਅੰਮ੍ਰਿਤ ਵੇਲਾ ਸਚੁ ਨਾਮੁ, ਜਪੁ ਜਪੀਐ ਕਰਿ ਇਸਨਾਨੁ ।
ਹਿਤ ਕਰਿ ਜਪੁ ਕਉ ਜੋ ਪੜ੍ਹੈ, ਸੋ ਦਰਗਹਿ ਪਾਏ ਮਾਨੁ ।
ਜੰਮਣ ਮਰਣਾ ਕਟੀਐ, ਜੇ ਜਪਿ ਸੰਗਿ ਲਾਏ ਧਿਆਨੁ ।
ਜਿਵ ਕਿਵ ਕਰਿ ਜਪ ਕਉ ਪੜ੍ਹੈ, ਅਉਸਰ ਤਰੈ ਨਿਦਾਨੁ ।
ਜੋ ਮਨਸਾ ਮਨ ਮੇ ਕਰੈ, ਪੂਰਨ ਕਰੈ ਭਗਵਾਨ ।
ਅਹਿਨਿਸਿ ਜਪੁ ਜਪਤਾ ਰਹੈ, ਦਾਸ ਨਾਨਕ ਦੀਜੈ ਦਾਨੁ ॥
ਬੋਲਹੁ ਭਾਈ ਵਾਹਗੁਰੂ ਬਾਬਾ ਨਾਨਕੁ । ਧੰਨ ਗੁਰੂ, ਸਤਿਗੁਰੂ । (ਪੱਤਰੇ ੧੨੦-੨੧)

---

* ਇਸ ਪੁਸਤਕਾਲਯ ਵਿਚ ਸੋਢੀ ਮਿਹਰਵਾਨ ਕ੍ਰਿਤ ਇਸ ਟੀਕਾ ਦਾ ਇਕ ਹੱਥ-ਲਿਖਤ ਨੁਸਖ਼ਾ ਹੋਰ ਵੀ ਹੈ ।

ਇਸ ਤੋਂ ਅੱਗੇ ਪੱਤਰਾ ੧੨੨ ਤਕ ਦੋ ਸ਼ਬਦ ਰਾਗ ਤਿਲੰਗ ਮਹਲਾ ੧ (ਯਕ ਅਰਜ ਗੁਫਤਮ...) ਤੇ ਰਾਗ ਤਿਲੰਗ ਬਾਣੀ ਭਗਤ ਕਬੀਰ ਜੀ ਕੀ (ਬੇਦ ਕਤੇਬ ਇਫਤਰਾ ਭਾਈ...) ਦਰਜ ਹਨ।

(ਅ) ਜ਼ਫ਼ਰ ਨਾਮਾ ਪਾਤਸ਼ਾਹੀ ੧੦ ਸਟੀਕ (ਟੀਕਾਕਾਰ—ਨਾਮਾਲੂਮ)

ਆਰੰਭ—੧ਓ ਹੁਕਮੁ ਸਤਿ ਸ੍ਰੀ ਵਾਹਗੁਰੂ ਜੀ ਕੀ ਫਤੇ ਹੈ। ਜਫਰ ਨਾਮਹਿ ਸ੍ਰੀ ਮੁਖ ਬਾਕ ਪਾਤਿਸਾਹੀ ੧੦।

ਕਮਾਲੇ ਕਰਾਮਾਤ ਕਾਇਮ ਕਰੀਮ। ਰਜ਼ਾ ਬਖਸ਼ ਰਾਜ਼ਕ ਰਿਹਾਕੋ ਰਹੀਮ ॥੧॥

ਟੀਕਾ। ਹੇ ਔਰੰਗਜੇਬ ! ਤੂ ਜੋ ਕਰਾਮਾਤ ਸਾਥੋ ਮੰਗਦਾ ਹੈ ਸੋ ਬਡੀ ਭਾਰੀ ਕਰਾਮਾਤ ਵਾਹਗੁਰੂ ਪਾਸਿ ਹੈ। ਸੋ ਕਾਯਮ ਹੈ। ਕਿਰਪਾ ਕਰਨ ਵਾਲਾ ਹੈ। ਰਜਾ ਕਰ ਕੇ ਬਖਸਦਾ ਹੈ। ਰਿਜਕ ਦੇਣ ਵਾਲਾ ਹੈ। ਮੁਕਤ ਕਰਦਾ ਹੈ। ਦਇਆ ਕਰਨ ਵਾਲਾ ਹੈ।... (ਪੱਤਰਾ ੧)

ਅੰਤ— ਲਬਾਲਬ ਬਕੁਨ, ਦਮਬਦਮ ਨੋਸ਼ ਕੁਨ।

ਗਮੇ ਹਰਦੁ ਆਲਮ ਫਰਾਮੋਸ਼ ਕੁਨ ॥ (੨੧॥)

ਟੀਕਾ। ਪੂਰ ਕੇ ਬਡਾ ਤਰਾਤਰੀ ਪਿਆਲਾ ਦੇਹੁ ਜੋ ਮੈਂ ਪੀਵਾਂ। ਏਹੁ ਕੈਸਾ ਹੈ ਜੋ ਇਸ ਲੋਕ ਤੇ ਪਰਲੋਕ ਦੀ ਚਿਤਾਂ ਗਵਾਇ ਦੇਦਾ ਹੈ। ਸਭ ਚਿੰਤਾ ਦੂਰ ਕਰਦਾ ਹੈ। ਸੋ ਏਹੁ ਭਜਨ ਦਾ ਪਿਆਲਾ ਹੈ। ਜਿਨਾ ਪੀਤਾ ਹੈ ਤਿਨਾ ਨੂ ਬਡਾ ਸੁਖ ਦੇਦਾ ਹੈ। ਹਮੇਸਾ ਰੰਗੁ ਚੰਗਾ ਰਖਦਾ ਹੈ। ਬੁਧ ਬਡੀ ਉਜਲ ਕਰਦਾ ਹੈ ॥੨੧॥੮੬੮॥੨॥

ਜ਼ਫ਼ਰ ਨਾਮਹ ਸਮਾਪਤ ਭਇਆ। (ਪੱਤਰੇ ੨੪੪-੪੫)

ਇਸ ਤੋਂ ਅੱਗੇ ਪੱਤਰਾ ੨੪੮ ਤਕ ਇਸ ਜ਼ਫ਼ਰ ਨਾਮੇ ਨਾਲ ਸੰਬੰਧ ਰੱਖਣ ਵਾਲੀ ਇਕ ਸਾਖੀ ਭਾਈ ਦਇਆ ਸਿੰਘ, ਮੁਹਕਮ ਸਿੰਘ ਆਦਿ ਪੰਜਾਂ ਪਿਆਰਿਆਂ ਦੇ ਇਹ ਜ਼ਫ਼ਰ ਨਾਮਾ ਸ਼ਾਹ ਔਰੰਗਜ਼ੇਬ ਪਾਸ ਲੈ ਜਾਣ ਦੀ ਹੈ, ਜੋ ਇਸ ਪ੍ਰਕਾਰ ਹੈ—

"ਜੋ ਕੋਈ ਗੁਰੂ ਕਾ ਸਿਖੁ ਪੜ੍ਹਦਾ ਹੈ ਤਿਸ ਨੂ ਗੁਰੂ ਸਿਖੀ ਬਖਸਦਾ ਹੈ। ਮੁਕਤ ਪ੍ਰਾਪਤ ਹੋਤੀ ਹੈ। ਜਨਮ ਮਰਨ ਤੋਂ ਰਹਤ ਹੋਤਾ ਹੈ। ਦਇਆ ਸਿੰਘ ਸੋਫਤੀ ਲਾਹੌਰ ਦੀ ਵਾਸੀ, ਮੁਹਕਮ ਸਿੰਘ ਛੀਬਾ ਸਿਖੁ ਦੁਆਰਕਾ ਦੀ ਵਾਸੀ, ਤੀਜਾ ਸਾਹਿਬ ਸਿੰਘ ਸ਼ਹੀਦ ਬਿਦਰ ਦੀ ਵਾਸੀ, ਧਰਮ ਸਿੰਘ ਹਠੀਲਾ ਜਟੁ ਸਿਖ ਹਸਤਨਾਪੁਰ ਦੀ ਵਾਸੀ, ਪੰਜਵਾ ਹਿੰਮਤ ਸਿੰਘ ਝੀਵਰ ਜਗਨ ਨਾਥ ਦੀ ਵਾਸੀ, ਏ ਪੰਜ ਸਿੰਘ ਖਤ ਲੈ ਕੇ ਅਰੰਗੇ ਪਾਸ ਗਏ। ਅਗੇ ਅਰੰਗਾ ਪਲਘ ਉਪਰ ਬੈਠਾ ਥਾ, ਕਿਆ ਵੇਖੇ ਜੋ ਪੰਜ ਸਿੰਘ ਹੈ, ਸਿਆਮ ਬਸਤ੍ਰ ਹੈਨ, ਹਥਿਆਰਾ ਨਾਲ ਹੈਨ। ਆਏ ਜੈਸੇ ਸੇਰ ਆਵਤੇ ਹੈਨ। ਵੇਖ ਕੇ ਅਰੰਗਾ ਕੰਬਿਆ ਤਾ ਸਿਖਾ ਕਹਿਆ, "ਬੋਲ, ਵਾਹਗੁਰੂ ਜੀ ਕਾ ਖਾਲਸਾ ਵਾਹਗੁਰੂ ਜੀ ਕੀ ਫਤੇ ਹੈ।" ਤਾ ਤੀਨ ਸਿੰਘ ਸਿਰਾਦੀ ਤੇ ਦੁਇ ਪਵਾਦੀ ਬੈਠ ਗਏ ਤੇ ਅਰੰਗਾ ਕੰਬਿਆ, ਕਹਨ ਲਗਾ : "ਖ਼ਾਲਸਾ ਹੂਆ ?" ਸਿਖਾਂ ਕਹਿਆ, "ਹੂਆ।" ਫੇਰ ਅਰੰਗੇ ਕਹਿਆ, "ਹੂਆ ?" ਤਾ ਸਿਖਾਂ ਕਹਿਆ, "ਹੂਆ।" ਫੇਰ ਤੀਜੀ ਬਾਰ ਕਹਿਆ, "ਹੂਆ ?" ਤਾ ਸਿਖਾਂ ਭੀ ਤੀਜੀ ਬਾਰ ਕਹਿਆ, "ਹੂਆ।" ਤਾਂ ਅਰੰਗੇ ਕਹਿਆ, "ਗੁਰੂ ਗੋਬਿੰਦ ਸਿੰਘ ਨੇ ਬਡੀ ਕਾਹਲ ਕੀਨੀ ਹੈ। ਸੋ ਬਰਸ ਖਾਲਸੇ ਕਾਹਲੀ ਕੀਤੀ ਹੈ ਅਗਦੀ, ਬਡਾ ਦੁਖੁ ਖਾਲਸਾ ਪਾਏਗਾ।" ਤਾ ਸਿਖਾਂ ਕਹਿਆ, "ਏਹੁ ਖਤੁ ਗੁਰੂ ਜੀ ਤੇਨੂੰ ਦਿਤਾ ਹੈ। ਤੂੰ ਪੜ੍ਹ।" ਤਾਂ ਅਰੰਗਾ ਖਤੁ ਲੈ ਕੇ ਮਹਲ ਦੇ ਅੰਦਰ ਜਾਇ ਪੜ੍ਹਨੇ ਲਗਾ, ਜਿਵੇਂ ਜਿਵੇਂ ਪੜ੍ਹੇ ਤਿਵੇਂ ਤਿਵੇਂ ਰੰਗ ਜਰਦ ਹੋਵੇ। ਜੋ ਸੰਪੂਰਨ ਪੜ੍ਹ ਰਹਿਆ ਤਾ ਲਗਾ ਤੜਫਨੇ, ਪਰੁ ਜਿੰਦ ਨਿਕਲੇ ਨਾਹੀ। ਤਾਂ ਅਰੰਗੇ ਦੀ ਬੇਟੀ ਪਾਸ ਆਈ। ਉਸ ਕਹਿਆ, "ਬਾਪ ਜੀ ! ਏਹ ਕਿਆ ਬਾਤ ਹੈ ?" ਤਾ ਅਰੰਗੇ ਕਹਿਆ, "ਐ ਬੇਟੀ ! ਮੈ ਗੁਰੂ ਤੋਂ ਬੇਮੁਖ ਹਾਂ। ਮੈ ਮਥੇ ਗੁਰੂ ਦੇ ਲਗ ਨਹੀਂ ਸਕਦਾ। ਓਨਾਂ ਦੇ ਬਚਨ ਮੈ ਪੜ੍ਹੇ ਹੈਨ, ਸੋ ਮੇਰੇ ਕਲੇਜੇ ਨੂੰ ਬੇਧ ਗਏ ਹੈਨ। ਮੈ ਨ ਮਰ ਸਕਦਾ ਹਾਂ, ਨਾ ਮੈ ਜੀਵ ਸਕਦਾ ਹਾਂ। ਏਕ ਨਾਉ ਖੁਦਾਇ ਦਾ ਹੈ, ਜੇ ਮੈ ਓਹੁ ਲਵਾਂ ਤਾਂ ਮੇਰੀ ਜਿੰਦ ਨਿਕਲੇਗੀ, ਨਹੀਂ ਤਾਂ ਮੈਂ ਤੜਫਦਾ ਰਹਾਂਗਾ। ਸੋ ਮੈਂ ਲੈਂਦਾ ਨਾਹੀ, ਕਿਉਂ ਜੋ ਮੈਂ ਕਾਫਰ ਹੋਂਦਾ ਹਾਂ। ਇਸ ਕਰ ਕੇ ਮੁਖੋਂ ਮੈ ਲੈਂਦਾ ਨਹੀਂ।" ਤਾਂ ਬੇਟੀ ਕਹਿਆ, "ਭਲਾ ਜੀ, ਜੇ ਮੁਖੋਂ ਤੁਸੀਂ ਲੈਂਦੇ ਨਹੀਂ ਤਾਂ ਲਿਖ ਵਿਖਾਲੋ ਜੋ ਐਸਾ ਨਾਉ ਹੈ।" ਤਾਂ ਅਰੰਗੇ ਕਹਿਆ, "ਭਲੀ ਬਾਤ। ਕਾਗਦ ਸਿਆਹੀ ਅਣਵਾਇ ਮੈਂ ਲਿਖਦਾ ਹਾਂ।" ਤਾਂ ਕਾਗਦ ਸਿਆਹੀ ਆਣ ਦੀਨੀ। ਤਾਂ ਅਰੰਗੇ ਚਾਰ ਅਛਰ "ਵਾਹਗੁਰੂ" ਦੇ ਨਾਉਂ ਦੇ ਲਿਖੇ। ਸੋ ਅਛਰ ਤਾ ਲਿਖੀਦੇ ਹੈਨ ਜੋ ਜੀਅ ਵਿਚ ਆਂਵਦੇ ਹੈਨ। ਜਿਤ ਵੇਲੇ ਜੀਅ ਵਿਚ ਆਏ ਤਿਤੇ ਵੇਲੇ ਪ੍ਰਾਨ ਛੁਟ ਗਏ। ਤਾਂ ਗੁਰੂ ਸਾਹਿਬ ਬੈਠੇ ਹੈਸਨ ਧੌਲੇ ਕਾਂਗੜ, ਸਵਾ ਪਹੁਰੁ ਦਿਨੁ ਚੜ੍ਹਿਆ ਸੀ, ਜੋ ਗੁਰੂ ਸਾਹਿਬ ਬਚਨ ਕੀਤਾ, "ਮਾਰਿਆ ਅਰੰਗਾ, ਪਰੁ ਕਾਫਰ ਕਰ ਕੇ ਮਾਰਿਆ।" ਸਿਖਾ ਕਹਿਆ, "ਸਚੇ ਪਾਤਸਾਹ ! ਏਹੁ ਕਿਆ ਬਚਨੁ ਕੀਤਾ ?" ਗੁਰੂ ਫੇਰ ਕਹਿਆ, "ਭਾਈ ਸਿਖੋ !

ਅਰੰਗੇ ਨੂੰ ਅਸਾਂ ਮਾਰਿਆ ਕਾਫਰ ਕਰ ਕੇ ਦਿਲੀ ਵਿਚ।" ਸੁਣ ਕੇ ਸਿਖ ਅਸਚਰਜ ਹੋਏ ਹੋਏ। ਤਾ ਹੀ ਚੌਥੇ ਦਿਨ ਉਪਰੰਤ ਸਿਖ ਆਏ। ਓਨਾਂ ਆਇ ਕਹਿਆ, "ਜੀ, ਅਰੰਗਾ ਮਾਰਿਆ।" ਬੋਲੋ ਵਾਹਗੁਰੂ ਜੀ ਕੀ ਫਤੇ। ਜੋ ਕੋਈ ਗੁਰੂ ਕਾ ਸਿਖੁ ਸੁਣੇਗਾ, ਪੜ੍ਹੇਗਾ, ਵਿਚਾਰੇਗਾ, ਉਸ ਦੀ ਸਰਬ ਭਾਵਨਾ ਪੂਰੀ ਹੋਵੇਗੀ, ਮੁਕਤ ਹੋਵੇਗਾ, ਜਨਮ ਮਰਨ ਤੀ ਛੁਟੇਗਾ, ਬਡਾ ਫਲੁ ਹੈ, ਇਜੇਹਾ ਅਵਰ ਫਲੁ ਕੋਈ ਨਾਹੀ। ਜਫਰ ਨਾਮਾ ਪੜ੍ਹੇ, ਸੁਣੇ ਤੇ ਜੰਗ ਵਿਚ ਜਾਵੇ ਤਿਸ ਦੀ ਫਤੇ ਹੋਵੇਗੀ। ਜਿਵੇਂ ਅਰੰਗੇ ਨੂੰ ਮਾਰ ਫਤੇ ਪਾਈ ਤਿਵੇਂ ਸੁਣਨ ਪੜ੍ਹਨ ਵਾਲਾ ਫਤੇ ਪਾਵੇਗਾ। ਬੋਲੋ ਜੀ ਵਾਹਗੁਰੂ, ਵਾਹਗੁਰੂ, ਵਾਹਗੁਰੂ, ਵਾਹਗੁਰੂ, ਵਾਹਗੁਰੂ ਜੀ।" (ਪੱਤਰੇ ੨੪੫-੪੮)

(ਦ) ਕਥਾ ਅਹੀਰੀ ਕੀ (ਲੇਖਕ—ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਕਥਾ ਅਹੀਰੀ ਕੀ ਲਿਖਤੇ।
ਬਚਨ ਸ੍ਰੀ ਵਸਿਸਟ ਜੀ ਕੇ। ਸ੍ਰੀ ਰਾਮ ਚੰਦ੍ਰ ਜੀ ਪ੍ਰਸਨ ਪੂਛੈ ਹੈ।
ਸ੍ਰੀ ਵਸਿਸਟ ਜੀ ਉਪਦੇਸ ਕਰਤੇ ਹੈ।... (ਪੱਤਰਾ ੨੪੯)

ਅੰਤ— ਦੋ ॥ ਪਾਛੇ ਬਹੁ ਪੁਸਤਕ ਪੜੇ, ਕਹਿਨ ਸੁਨਨ ਕੋ ਬਾਦ।
ਜਿਉ ਸਾਲਨ ਕੜਛੀ ਫਿਰੈ, ਏਕ ਨ ਪਾਵੈ ਸਾਦ ॥
ਇਤ ਅਹੀਰੀ ਕੀ ਕਥਾ ਸਮਾਪਤੰ। (ਪੱਤਰਾ ੨੫੮)

(ਸ) **ਕਥਾ ਰਾਜੇ ਨਿਰਮੋਹੀ ਕੀ** (ਲੇਖਕ-ਨਾਮਾਲੂਮ)

ਆਰੰਭ—੧ਓ ਸਤਿਗੁਰ ਪ੍ਰਸਾਦਿ। ਅਥ ਕਥਾ ਰਾਜੇ ਨਿਰਮੋਹੀ ਕੀ ਲਿਖਤੇ। ਏਕ ਰਾਜਾ ਨਿਰਮੋਹੀ ਥਾ, ਤਿਸ ਕਾ ਬੇਟਾ ਸਿਕਾਰ ਖੇਡਣੇ ਗਇਆ ਥਾ, ਇਕੇਲਾ ਹੀ ਸਿਕਾਰ ਕੋ ਗਇਆ ਥਾ। (ਪੱਤਰਾ ੨੫੮)

ਅੰਤ— ਧੰਨ ਹੋ ਰਾਜਾ, ਧੰਨ ਤੂੰ, ਧੰਨ ਤੁਮਾਰਾ ਦੇਸ।
ਧੰਨ ਤੁਮਾਰਾ ਸਤਿਗੁਰੂ, ਜਿਨ ਤੁਮ ਕੋ ਕੀਆ ਉਪਦੇਸੁ ॥
ਨ੍ਰਿਪਤਿ ਨਿਰਮੋਹੀ ਕੇ ਵਚਨ ਸੁਣ ਕਰ, ਤਪਸੀ ਪ੍ਰਸੰਨ ਭਯਾ। ਰਾਜ ਕਉਰ ਕਉ ਸਵਾਰ ਕੈ ਰਾਜੇ ਨਿਰਮੋਹੀ ਕੇ ਪਾਸ ਭੇਜ ਦੀਆ। ਇਤਿ ਸ੍ਰੀ ਨਿਰਮੋਹੀ ਕੀ ਕਥਾ ਸਮਾਪਤੰ। (ਪੱਤਰਾ ੨੬੦)

੪੬. (ੳ) ਜਪੁਜੀ ਸਟੀਕ (ਵਿਚਾਰ ਮਾਲਾ ਸਮੇਤ) (ਨੰ. ੧੭੯, ਖ਼ਾ. ਕਾ. ਪ.)

ਟੀਕਾਕਾਰ—ਰਾਮ ਕ੍ਰਿਸ਼ਨ, ਸੇਵਾ ਪੰਥੀ। ਆਕਾਰ-$7\frac{1}{2}'' \times 5\frac{1}{2}''$, ਲਿਖਤ $5\frac{1}{2}'' \times 4\frac{1}{4}''$।

ਵੇਰਵਾ—ਪੱਤਰੇ ਜਪੁਜੀ ਸਟੀਕ (ਸੇਵਾ ਦਾਸ) ੧੦੨, ਤੇ ਵਿਚਾਰ ਮਾਲਾ (ਅਨਾਥ ਪੁਰੀ) ੧੮, ਕੁੱਲ ਜੋੜ ੧੨੦; ਪ੍ਰਤੀ ਸਫ਼ਾ ੯-੧੦ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ ਜਿਸ ਕਰ ਕੇ ਉਕਾਈਆਂ ਕਈ ਥਾਵੀਂ ਹੋਰ ਕਲਮ ਨਾਲ ਦਰੁਸਤ ਕੀਤੀਆਂ ਹੋਈਆਂ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਵਿਚ ਵਿਚ ਕਈ ਥਾਵੀਂ ਲਾਲ ਸਿਆਹੀ ਵੀ ਵਰਤੀ ਹੈ।

ਸਮਾਂ— ਸੰਮਤ ੧੮੫੩ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਦੋਹਰਾ ॥
ਸ੍ਰੀ ਗੁਰ ਨਾਨਕ ਚਰਨ ਰਜ, ਰਾਮ ਕ੍ਰਿਸਨ ਉਰਧਾਰ।
ਜਪ ਪਰਮਾਰਥ ਕਹਤ ਹਉ, ਜਥਾ ਬੁਧ ਅਨੁਸਾਰ ॥੧॥
ਭਵ ਸਾਗਰ ਕੋ ਸੇਤ ਹੈ, ਸ੍ਰੀ ਨਾਨਕ ਸੁਭ ਨਾਮ।
ਨਾਮ ਅੰਸ ਤੇ ਬਪੁ ਧਰੋ, ਮਹਿਮਾ ਨਾਮ ਬਖਾਨ ॥੨॥ (ਪੱਤਰਾ ੧)

ਅੰਤ— ਜਪ ਪਰਮਾਰਥ ਯਹ ਕਹਯੋ, ਸਰਬ ਗ੍ਰਿੰਥ ਕੋ ਸਾਰ।
ਸੁਨੈ ਸੁਨਾਵੈ ਚਿੱਤ ਦੈ, ਸੋ ਭਵ ਸਾਗਰ ਪਾਰ ॥੧੦॥...
ਸ੍ਰੀ ਗੁਰ ਸੇਵਾਦਾਸ ਸਿਖ, ਰਾਮ ਕ੍ਰਿਸਨ ਉਰਧਾਰ।
ਜਪੁ ਪਰਮਾਰਥ ਯਹ ਕਹਯੋ, ਜਥਾ ਬੁਧ ਅਨੁਸਾਰ ॥੧੨॥
ਇਤਿ ਸ੍ਰੀ ਜਪ ਪਰਮਾਰਥ ਸੰਪੂਰਣੰ ਸੁਭਮਸਤੁ। (ਪੱਤਰਾ ੯੯)

ਇਸ ਤੋਂ ਅੱਗੇ ਪੱਤਰਾ ੧੦੦ ਤਕ ਗੁਰੂ ਨਾਨਕ ਸਤੋਤ੍ਰ, ਪੱਤਰਾ ੧ ਤੋਂ ੧੮ ਤਕ ਵਿਚਾਰ ਮਾਲਾ ਅਨਾਥ ਪੁਰੀ ਤੇ ਫੇਰ ੪ ਪੱਤਰਿਆਂ ਉਤੇ ਸੂੰਧਾ ਪੂਰਨ ਦਰਜ ਹੈ ।

(ਨੰ. ੩੩੯੬. ਸਿ. ਰੈ. ਲਾ.)

੪੭. ਜਪੁ ਪਰਮਾਰਥ

ਲੇਖਕ— ਰਾਮ ਕ੍ਰਿਸ਼ਨ, ਸੇਵਾ ਪੰਥੀ । ਆਕਾਰ—$6\frac{1}{2}'' \times 4\frac{3}{4}''$, ਲਿਖਤ $4\frac{1}{2}'' \times 3\frac{1}{4}''$ ।

ਵੇਰਵਾ— ਪੱਤਰੇ ੧੩੧; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਲਿਖਾਰੀ ਨੇ ਖ਼ੂਬਸੂਰਤੀ ਲਈ ਬਹੁਤ ਥਾਵੀਂ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਮੁਕੰਮਲ ਤੇ ਪੂਰਣ ਹੈ ।

ਸਮਾਂ— ਸੰਮਤ ੧੮੫੩ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਦੋਹਰਾ ॥
ਸ੍ਰੀ ਗੁਰੂ ਨਾਨਕ ਚਰਣ ਰਜ, ਰਾਮ ਕ੍ਰਿਸਨ ਉਰ ਧਾਰ ।
ਜਪੁ ਪਰਮਾਰਥ ਯਹ ਕਹਜੋ, ਜਥਾ ਬੁਧ ਅਨੁਸਾਰ ॥੧॥
ਭਵ ਸਾਗਰ ਕੋ ਸੇਤੁ ਹੈ, ਸ੍ਰੀ ਨਾਨਕ ਸੁਭ ਨਾਮ ।
ਨਾਮ ਅੰਸ ਤੇ ਬਪੁ ਧਰਜੋ, ਮਹਿਮਾ ਨਾਮ ਬਖਾਨ ॥੨॥ (ਪੱਤਰਾ ੧)

੧ਓ ਸਤਿਨਾਮੁ ਕਰਤਾ ਪੁਰਖ × × × ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥ ਇਸ ਕਾ ਅਰਥੁ । ਸਤਨਾਮ ਕਰਤਾ ਪੁਰਖ, ਯਹ ਨਾਮ ਪਰਮਾਤਮਾ ਕਾ ਹੈ । ਸਤ ਕਹੀਯੇ ਜਾਗਤ ਸੁਪਨ ਸਖੋਪਤਿ ਯਹ ਤੀਨ ਅਵਸਥਾ ਕੇ ਪ੍ਰਨਾਮ ਵਿਖੇ ਜਿਉਂ ਕਾ ਤਿਉਂ ਤੀਨੋ ਕਾਲ ਵਿਖੇ ਸਾਖੀ ਸਰੂਪ ਅਬਿਨਾਸੀ ਹੈ ।...

(ਪੱਤਰਾ ੨)

ਅੰਤ— ਸ੍ਰੀ ਗੁਰ ਸੇਵਾ ਦਾਸ ਸਿਖ, ਰਾਮ ਕ੍ਰਿਸਨ ਉਰਧਾਰ ।
ਜਪ ਪਰਮਾਰਥ ਯਹ ਕਹਜੋ, ਯਥਾ ਬੁਧ ਅਨਸਾਰ ॥੧੨॥

ਇਤ ਸ੍ਰੀ ਜਪ ਪਰਮਾਰਥ ਸੰਪੂਰਣੰ ਸੁਭਮਸਤੁ ॥ ਦੋਹਰਾ ॥
ਪੋਥੀ ਸੰਪੂਰਣ ਭਈ, ਜਪੁ ਪਰਮਾਰਥ ਜਾਨ ।
ਭੂਲ ਚੂਕ ਅੱਖਰ ਛਿਮਹ, ਤੁਮ ਹੋ ਸੰਤ ਸੁਜਾਨ ॥੧॥... (ਪੱਤਰਾ ੧੩੧)

੪੮. (ੳ) ਜਪੁਜੀ ਸਟੀਕ (ਧਿਆਉ ਬਿਹੰਗਮ ਕਾ ਆਦਿ ਸਮੇਤ) (ਨੰ. ਪ੯. ਪ੍ਰੋ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ—$9\frac{1}{2}'' \times 5\frac{1}{2}''$, ਲਿਖਤ $7'' \times 4''$ ।

ਵੇਰਵਾ— ਪੱਤਰੇ ਜਪੁਜੀ ਸਟੀਕ ੨-੪੦, ਧਿਆਉ ਬਿਹੰਗਮ ਕਾ ੪੦-੭੬, ਮਾਤ੍ਰਾ ਬਾਬੇ ਗੁਰਦਿੱਤੇ ਕੀ ੭੭-੭੮, ਮਾਤ੍ਰਾ ਬਾਬੇ ਸ੍ਰੀ ਚੰਦ ਕੀ ੭੮-੭੯, ਗੋਸ਼ਟਿ ਅਜਿਤੇ ਰੰਧਾਵੇ ਕੀ ੮੧-੮੩; ਪ੍ਰਤੀ ਸਫ਼ਾ ੧੩ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਪੱਤਰਾ ੨ ਤੋਂ ੬੦ ਤਕ ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ, ਤੇ ਬਾਕੀ ਅੱਗੇ ਹਾਸ਼ੀਆ ਲਕੀਰਾਂ ਵਾਲਾ; ਸਿਉਂਕ ਲੱਗਣ ਕਰ ਕੇ ਪੱਤਰੇ ਕਈ ਥਾਵਾਂ ਤੋਂ ਕਟੇ ਹੋਏ, ਜਿਸ ਕਰ ਕੇ ਪੱਤਰਾ ੭੭ ਦਾ ਨਿਚਲਾ ਕੁਝ ਪਾਠ ਦੀਮਕ ਦੀ ਭੇਟ ਚੜ੍ਹ ਗਇਆ ਹੈ; ਪੁਸਤਕ ਖੁਲ੍ਹੇ ਪੱਤਰਿਆਂ ਦੀ, ਜੋ ਆਦਿ-ਅੰਤ ਦੇ ਪੱਤਰੇ ਗੁਮ ਹੋਣ ਕਰ ਕੇ ਅਧੂਰੀ ਤੇ ਖ਼ਸਤਾ ਹਾਲਤ ਵਿਚ ਹੈ ।

ਸਮਾਂ— ੧੯ ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ...ਸਿਫਤਿ ਪਰਮੇਸਰ ਕੀ ਕਾ ਮੰਤਰੁ ਜਪੁ ਹੋਇ । ਜੇ ਭਾਵੇ ਮੈਥੇ ਆਵੇ ਭਾਵੇ ਨਾ ਆਵੇ । ਪਰ ਪੁਰਖ ਐਥੀ ਪਿਛੈ ਜੋ ਕੋਈ ਏਹੁ ਜਪੁ ਪੜੈਗਾ ਸੁ ਮੈਨੋ ਆਇ ਮਿਲੈਗਾ ।... (ਪੱਤਰਾ ੨)

ਅੰਤ— ਮਹਾ ਅਨੰਦ ਰੂਪੀ ਪਰਮੇਸੁਰੁ ਹੈ । ਮਹਾ ਕਰੜਾ ਹੈ, ਲੀਆ ਨਾਹੀ ਜਾਤਾ । ਸਾਰੂ ਵਸਤੁ ਹੈ, ਖਰਾ ਕਠਨੁ ਹੈ । ਕਹੇ ਜਿਸ ਕਾ ਮਕਸੂਦੁ ਉਸੀ ਸਾਥਿ ਹੋਵੈ ਅਰੁ ਉਸ ਹੀ ਕੋ ਲੀਆ ਚਾਹੈ । ਸੋ ਕਿਤੇ ਉਪਾਇ ਜਤਨ ਕਰ ਕੇ ਉਹੁ ਪ੍ਰਾਪਤਿ ਭੀ ਹੋਇ ਕਿ ਨਾ ਹੋਇ ॥ ੩੮ ॥ ਬੋਲਹੁ ਭਾਈ ਵਾਹਗੁਰੂ । ਮੂਲ । ਜਤ ਪਹਾਰਾ ਧੀਰਜੁ ਸੁਨਿਆਰੁ । ਅਹਰਣਿ ਮਤੁ ਵੇਦ ਹਥੀਆਰੁ ।... ਤਿਸ ਕਾ ਪਰਮਾਰਥੁ । ਕਹੇ ਜੋ ਭਾਈ ਜੋ ਤਿਸੁ ਸਚੇ ਸਾਹਿਬੁ ਕੋ ਕੋਈ... (ਇਸ ਤੋਂ ਅਗਲਾ ਪਾਠ ਨਹੀਂ ਮਿਲਦਾ)

...(ਭਾ)ਈ ਵਾਹਗੁਰੂ । ਜਪੁ ਸੰਪੂਰਨ ਲਿਖਿਆ ਪਰਮਾਰਥੁ ਸੰਜੁਗਤੁ । ਸੋਧ ਪੜ੍ਹਨਾ, ਭੂਲ ਬਖਸਣੀ । ਸ੍ਰੀ ਵਾਹਗੁਰੂ । ਸ੍ਰੀ ਵਾਹਗੁਰੂ ।... (ਪੱਤਰੇ ੩੯-੪੦)

(ਅ) ਧਿਆਉ ਬਿਹੰਗਮ ਕਾ ਸਟੀਕ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਰਾਗ ਰਾਮੁਕਲੀ ਮਹਲਾ ੧

ਧਿਆਉ ਬਿਹੰਗਮ ਕਾ ਅਰਥ ਸੰਜੁਗਤੁ ਲਿਖਿਆ, ਤਦ ਧਰਤੀ ਆਕਾਸੁ ਕੁਛ ਨਾ ਸੀ । ਪਉਣ ਪਾਣੀ ਭੀ ਨਾ ਸੀ, ਚੰਦ ਸੂਰਜ ਭੀ ਨਾ ਸੀ । ਏਕੁ ਨਿਰੰਜਨ ਤਾ ਕਾ ਦਾਸ ॥੧॥ ਤਬ ਬਾਬਾ ਬਿਹੰਗਮ ਪੰਖੀ ਕੇ ਰੂਪ ਥਾ । ਏਕ ਨਾਮ ਕਾ ਅਧਾਰ ਥਾ । ਖਾਤਾ ਪੀਤਾ ਕਿਛੁ ਨ ਥਾ । ਪੰਚ ਤਤੁ ਨਿਰਬਾਣ ਥੇ, ਉਨ੍ਹਾ ਕੀ ਦੇਹੀ ਥੀ ਬਾਬੇ ਕੀ ਤਦਿ ।... (ਪੱਤਰਾ ੪੦)

ਅੰਤ— ਪਉੜੀ ।. ਸਰਬ ਦੀ ਰੇਨ ਇਸੁ ਮਨ ਕਉ ਜਾਨਹੁ ।
ਅੰਮ੍ਰਿਤ ਨਾਮੁ ਮਨ ਮਾਹਿ ਪਛਾਨਹੁ ।
ਹਉ ਮੈ ਦੂਰ ਕਰਹੁ ਚਿਤੁ ਲਾਵਹੁ ।
ਜੋ ਜੋ ਹੁਕਮੁ ਸੋਈ ਕਮਾਵਹੁ ।
ਬਚਨ ਸਪੂਰਨ ਮਨ ਮਹਿ ਧਰਹ ।
ਕਰਮ ਅਕਰਮ ਪੇਖਿ ਅਜਰੁ ਜਰਹੁ ।
ਹੋਇ ਨਿਰਾਲਮੁ ਸਬਦੁ ਕਮਾਵਹੁ ।
ਨਾਨਕ ਤਤੁ ਬਿਹੰਗਮ ਪਾਵਹੁ ॥ ੨ ॥ (ਪੱਤਰਾ ੭੬)

(ੲ) ਮਾਤ੍ਰਾ ਸ੍ਰੀ ਬਾਬੇ ਗੁਰਦਿੱਤੇ ਜੀ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਮਾਤ੍ਰਾ । ਸ੍ਰੀ ਬਾਬੇ ਗੁਰਦਿਤੇ ਜੀ ਕੀ ।
ਟੋਪੀ ਕਹੈ ਖਿਮਾ ਨਾਉ ਮੇਰਾ । ਹਮਰਾ ਧਰਤੀ ਮਾਹਿ ਬਸੇਰਾ ।
ਧਰਤ ਮਾਰਗ ਕੋ ਲੇਹੁ ਪਛਾਨਾ । ਹਰਖ ਸੋਗ ਨਹੀਂ ਮਨ ਮਹਿ ਆਨਾ ।
ਯਹਿ ਮਾਰਗ ਟੋਪੀ ਕਾ ਭਾਈ । ਨਾਨਕ ਜੋ ਚਾਹੈ ਸੋ ਲੈ ਸਿਰ ਪਾਈ ॥ ੧ ॥ (ਪੱਤਰਾ ੭੭)

ਅੰਤ— ਬਿਨ ਸੁਹਾਗ ਜੋ ਚੂੜਾ ਪਾਵੈ । ਦੁਰਾਚਾਰ ਵਹ ਨਾਰ ਕਹਾਵੈ ।
ਹੋਇ ਪਵਿਤ੍ਰ ਪ੍ਰਿਆ ਸੰਗ ਲਗਾਵੈ । ਨਾਨਕ ਥਿਰ ਸੁਹਾਗ ਕੋ ਸੋਈ ਪਾਵੈ ॥ ੧੪ ॥
ਇਤਿ ਸ੍ਰੀ ਗੁਰੂ ਮਾਤ੍ਰਾ ਸੰਪੂਰਨੰ ਸਮਾਪਤੰ । (ਪੱਤਰਾ ੭੮)

(ਸ) ਮਾਤ੍ਰਾ ਬਾਬੇ ਸ੍ਰੀ ਚੰਦ ਜੀ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਮਾਤ੍ਰਾ ਬਾਬੇ ਸ੍ਰੀ ਚੰਦ ਜੀ ਕੀ ।
ਬਾਲੇ ! ਕਿਨ ਤੂ ਮੂੰਡਿਆ, ਕਿਨ ਮੂੰਡਾਇਆ । ਕਿਸ ਕਾ ਭੇਜਿਆ ਨਗਰੀ ਆਇਆ ॥ ੧ ॥ (ਪੱਤਰਾ ੭੮)

ਅੰਤ— ਨਾਨਕ ਪੂਤਾ ਸ੍ਰੀ ਚੰਦੁ ਬੋਲੈ । ਜੁਗਤਿ ਪਛਾਣੈ ਤਤੁ ਬਿਰੋਲੈ ॥ ੩੭ ॥
ਐਸੀ ਮਾਤ੍ਰਾ ਪਹਰੈ ਕੋਇ । ਆਵਾ ਗੋਣ ਮਿਟਾਵੈ ਸੋਇ ॥ ੩੮ ॥
ਮਾਤ੍ਰਾ ਬਾਬੇ ਸ੍ਰੀ ਚੰਦ ਜੀ ਕੀ ਸੰਪੂਰਣੰ ।... (ਪੱਤਰਾ ੭੯)

ਇਸ ਤੋਂ ਅੱਗੇ ਤਿੰਨ ਪੱਤਰਿਆਂ ਉਤੇ ਗੋਸ਼ਟਿ ਅਜਿੱਤੇ ਰੰਧਾਵੇ ਦੀ ਹੈ, ਜੋ ਨਾ-ਮੁਕੰਮਲ ਹੈ ।

੪੯. (ੳ) **ਜਪੁ ਪਰਮਾਰਥ** (ਗਊ ਸਿੰਘ ਕੀ ਕਥਾ ਆਦਿ ਸਮੇਤ) (ਨੰ. ੧੨੯, ਮੋ. ਲਾ. ਨ. ਮਜੂ. ਪ. ਲਾ.)

ਲੇਖਕ— ਨਾਮਾਲੂਮ । ਆਕਾਰ—9¼" × 6¾", ਲਿਖਤ 7¾" × 5¼" ।

ਵੇਰਵਾ— ਪੱਤਰੇ ਜਪੁ ਪਰਮਾਰਥ ੧,੨੦-੫੬, ਸਿੰਘ ਗਊ ਕੀ ਕਥਾ ੫੬-੬੪, ਮੱਕੇ ਦੀ ਗੋਸ਼ਟਿ, ਨਸੀਹਤਿ ਨਾਮਾ ੬੫—੧੭੪, ਗੁਰਬਾਣੀ (ਆਦਿ ਗੁਰੂ ਗ੍ਰੰਥ ਜੀ ਵਿਚੋਂ) ੧੭੫-੨੨੮, ਦਸ਼ਮ ਗ੍ਰੰਥ ਦੀ ਬਾਣੀ ੨੨੯-੫੦ ਆਦਿ ਗ੍ਰੰਥ ਜੀ ਦੇ ਸ਼ਬਦ ੨੫੧-੫੩, ਮਾਤ੍ਰਾ ਅਲਮਸਤ ਕੀ ਤੇ ਮਾਤ੍ਰਾ ਮਹਲਾ ੧, ੨੫੨-੫੫, ਸ਼ਬਦ-ਸ਼ਲੋਕ ਗੁਰੂਆਂ ਤੇ ਭਗਤਾਂ ਦੇ ੨੫੫-੮੮, ਗੋਸ਼ਟਿ ਅਜਿੱਤੇ ਰੰਧਾਵੇ ਦੀ ੨੮੯-੩੪੫, ਰਣਾਕਾ ਸ਼ਾਸਤ੍ਰ (ਕਵੀ ਸੈਨਾਪਤਿ) ੩੪੫—੫੮, ਗਰਭ ਗੀਤਾ ੩੫੮-੬੭, ਪਰਚੀਆਂ ਗੁਰੂ ਗੋਬਿੰਦ ਸਿੰਘ ਜੀ ਕੀਆਂ (ਸੇਵਾ

ਦਾਸ) ੩੬੯-੪੫੦(੮੨), ਯੋਗ ਵਸਿਸ਼ਟ ਵਿਚੋਂ ਉਪਸ਼ਮ ਪ੍ਰਕਰਣ ਦਾ ਜੀਵਨ ਮੁਕਤਿ ਨਾਮੀ ਸਰਗ ੪੫੦-੬੦, ਚਹੁੰ ਜੁਗਾਂ ਦੀ ਆਰਜਾ ੪੬੦-੬੧; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਕਾਗ਼ਜ਼ ਕਿਰਮ ਖ਼ੁਰਦਾ ਜਿਸ ਕਰ ਕੇ ਕਈ ਥਾਵੇਂ ਪੱਤਰੇ ਸੁਰਾਖ਼ਦਾਰ, ਭੁਰੇ ਹੋਏ ਤੇ ਜਿਲਦ ਉੱਖੜੀ ਹੋਈ; ਮੁੱਢਲੇ ਜਪੁ ਪਰਮਾਰਥ ਦੇ ੧੮ ਪੱਤਰੇ ਗੁਮ ਹੋਣ ਕਰ ਕੇ ਪੁਸਤਕ ਅਧੂਰੀ ਹੈ ।

ਸਮਾਂ— ੧੯ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਤਤਕਰਾ ਲਿਖਿਆ ਪੋਥੀ ਕਾ ਸੂਚੀ ਪਤ੍ਰੀ । ਪ੍ਰਿਥਮੇ ਜਪੁ ਪਰਮਾਰਥ ਸਹਿਤ... ਪਹੁਚਾਇਦਾ ਹੈ । ਨਿਰਗੁਣਿਆਰੇ ਕਉ ਭੀ ਦੇਂਦਾ ਹੈ । ਤਿਸ ਦੇ ਗੁਣ ਕਿਆ ਕਿਆ ਕਹੀਅਹਿ ਜੀ । (ਅੱਠਵੀਂ ਪਉੜੀ ਜਪੁ ਜੀ ਦੇ ਪਰਮਾਰਥ ਵਿਚੋਂ*) (ਪੱਤਰਾ ੨੦)

ਅੰਤ— ...ਨਿਰੰਜਨੁ ਜੋ ਹੈ ਸੋ ਏਹੀ ਆਤਮਾ ਰਾਮੁ ਹੈ ਜੋ ਘਟਿ ਘਟਿ ਵਾਸੀ ਸਰਬ ਨਿਵਾਸੀ ਰਮਿ ਰਹਿਆ ਹੈ ॥੩੮॥ ਸਲੋਕੁ ॥ ਪਉਣ ਗੁਰੂ ਪਾਣੀ ਪਿਤਾ... ਕੇਤੀ ਛੁਟੀ ਨਾਲਿ ॥੧॥ ਬੋਲਹੁ ਭਾਈ ਜੀ ਵਾਹਗੁਰੂ, ਵਾਹਗੁਰੂ, ਵਾਹਗੁਰੂ ਜੀ । (ਪੱਤਰਾ ੫੬)

(ਅ) ਸਿੰਘ ਗਊ ਦੀ ਕਥਾ (ਦੇਵੀ ਦਾਸ)

ਆਰੰਭ— ੧ਓ ਸ੍ਰੀ ਗਣੇਸਾਯ ਨਮਹ । ਅਥ ਸਿੰਘ ਗਊ ਕੀ ਕਥਾ ਲਿਖਤੇ । ਇਤਿਹਾਸ ਪੁਰਾਣ ਕਾ ਮਤੁ । ਰਾਜਾ ਜੁਧਿਸਟਰ ਪ੍ਰਸਨ ਕਰਤਾ ਹੈ ਭੀਖਮ ਪਿਤਾਮਾ ਪਹ, "ਹੇ ਪੁਰਖੋਂ ਬਿਖੈ ਉਤਮ ਪੁਰਖ ! ਭਾਖੀਐ ਸੁਰਤ ਪੁਰਾਨ ਕਾ ਮਤੁ, ਦਿੜ ਬਿਸਾਸ ਤੁਮਰੇ ਭਾਖੇ ਤੇ ਸਕਲ ਦੁਰਮਤਿ ਮਿਟ ਗਏ । ਕਛੁਕ ਅਭਲਾਖਾ ਹੈ ਮੁਕਤ ਕਾ ਮਾਰਗੁ ਦੇਹ ਬਤਾਇ ਅਰ ਦੇਹੀ ਮਧ ਬ੍ਰਹਮ ਕਸਟ ਨ ਪਾਵੈ । ਅਲਪ ਕਮਾਈਐ । ਦੇਹੀ ਬ੍ਰਹਮ ਪਛਾਨੀਏ । ਕਵਨ ਚਿਹਨ ਜਾ ਤੇ ਮਨੁ ਮਾਨੈ ।

ਦੋਹਰਾ ॥ ਧਰਮ ਪੁਤ੍ਰ ਜੁਧਿਸਟਰ ਅਤਿ, ਸ੍ਰੇਸਟ ਪ੍ਰਸਨ ਕੀਨ ।
ਲਿਖਿਆ ਇਤਿਹਾਸ ਪੁਰਾਨ ਮੈ, ਭਾਖਤ ਹੈ ਕਰ ਚੀਨ ॥੧॥... (ਪੱਤਰਾ ੫੬)

ਅੰਤ— ਦਇਆ ਬਚਨੁ ਜਾ ਕਾ ਰਹੈ, ਸੋ ਬੈਕੁੰਠੈ ਜਾਇ ।
ਸਾਧੁ ਸੰਗਿ ਮਨੁ ਤ੍ਰਿਪਤੀਏ, ਆਦਿ ਅੰਤਿ ਸੁਖ ਪਾਇ ॥੫੭॥
ਇਤਿ ਸ੍ਰੀ ਇਤਿਹਾਸ ਪੁਰਾਣੇ ਬੈਕੁੰਠ ਪ੍ਰਵੇਸੰ ਗਊ ਸਿੰਘ ਸੰਬਾਦੇ ਸਪਤਮੋ ਧਿਆਉ ਸਮਾਪਤੰ । ਮਸਤ ਸੁਭਮਸਤੁ ॥੭।੧॥ (ਪੱਤਰਾ ੯੪)

(ੲ) ਸਾਖੀ ਮੱਕੇ ਕੀ ਗੋਸ਼ਟਿ, ਨਸੀਹਤਿ ਨਾਮਾ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਾਖੀ ਮਕੇ ਦੀ ਗੋਸਟਿ ਨਸੀਹਤਿ ਨਾਮਾ ਕਾਜੀ ਰੁਕਨ ਦੀਨ ਨਾਲਿ ਬਾਬੇ ਨਾਨਕ ਜੀ ਕੀਤਾ । ਰਾਗੁ ਤਿਲੰਗੁ ਮਹਲਾ ੧ । ਬਾਬੇ ਨਾਨਕ ਜੀ ਤਮਾਮ ਆਲਮ ਤਾਰਨੇ ਕੇ ਨਮਿਤਿ ਸਭਿ ਧਰਤੀ ਕਾ ਸੈਰੁ ਕੀਤਾ । ਸਭਨਾ ਠਉੜਾ ਵਿਖੈ ਆਪਣੇ ਆਸਣਿ ਮੁਕਾਮ ਥਾਪੇ ।... (ਪੱਤਰਾ ੯੫)

ਅੰਤ— ...ਬਾਬੇ ਖੜਉਸਿ ਉਤਾਰੀ ਪੈਰ ਤੇ, ਰਖਹੁ ਨਿਸਾਨੀ ਏਹ ।
ਜੋ ਕਰਗੁ ਜਾਰਤਿ ਖੜਉਸਿ ਦੀ, ਫੇਰਿ ਨ ਜਨਮੁ ਧਰੇਹ ॥੧੬੭॥
ਗੋਸਟਿ ਮਕੇ ਦੀ ਪੂਰੀ ਹੋਈ ॥੧॥ (ਪੱਤਰਾ ੧੭੪)

ਇਸ ਤੋਂ ਅੱਗੇ ਪੱਤਰਾ ੨੨੮ ਤਕ ਆਦਿ ਗ੍ਰੰਥ ਜੀ ਦੀ ਬਾਣੀ, ਪੱਤਰਾ ੨੫੨ ਤਕ ਦਸ਼ਮ ਗ੍ਰੰਥ ਤੇ ਆਦਿ ਗ੍ਰੰਥ ਦੀ ਬਾਣੀ ਤਥਾ ਸ਼ਬਦ ਦਰਜ ਹਨ ।

(ਸ) ਮਾਤ੍ਰਾ ਅਲਮਸਤ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਮਾਤ੍ਰਾ ਅਲਮਸਤ ਕੀ ।
ਖਫਨੀ ਕਰਿ ਕਰਿ ਤਨੁ ਖਫਨਾਵੈ । ਹਰਖ ਸੋਗ ਤਨ ਮਾਹਿ ਮਿਟਾਵੈ । (ਪੱਤਰਾ ੨੫੨)

ਅੰਤ— ਮਾਗੋ ਨਗਰੀ ਭਾਂਡਿਆ ਗਾਉ । ਕਉਨੁ ਪੁਰਖੁ ਕਾ ਸਿਮਰੋ ਨਾਉ ।
ਮਾਗੀ ਨਗਰੀ ਤਰਿਆ ਗਾਮ । ਨਾਨਕ ਅਲਖ ਪੁਰਖ ਕਾ ਸਿਮਰਿਆ ਨਾਮ ।।
ਬਾਵੇ ਅਲਮਸਤ ਕੀ ਮਾਤ੍ਰਾ ਸੰਪੂਰਨ ਹੋਈ । ਪੜੰਤੇ ਸੁਣੰਤੇ ਮੋਛ ਮੁਕਤ ਲਹੰਤੇ, ਸ੍ਰੀ ਗੁਰੂ ਜੀ ਕੇ ਚਰਨਾਰਬਿੰਦ ਨਮਸਤੇ ਨਮਸਤੇ, ਨਮਸਤੇ । (ਪੱਤਰੇ ੨੫੩-੫੪)

(ਹ) ਮਾਤ੍ਰਾ ਗੁਰੂ ਨਾਨਕ ਜੀ ਕੀ

ਆਰੰਭ– ੧ੴ ਸਤਿਗੁਰ ਪ੍ਰਸਾਦਿ । ਮਾਤ੍ਰਾ ਮਹਲਾ ੧ ।
ਟੋਪੀ ਕਹੈ ਖਿਮਾ ਨਾਮੁ ਮੇਰਾ । ਧਰਤੀ ਮਾਹਿ ਬਸੇਰਾ ਮੇਰਾ ।
ਧਰਤੁ ਮਾਰਗੁ ਕੋ ਲੇਹੁ ਪਛਾਨ । ਹਰਖ ਸੋਗੁ ਨਾ ਮਨ ਮੇ ਆਨ ।
ਏਹੁ ਮਾਰਗੁ ਟੋਪੀ ਕਾ ਭਾਈ । ਨਾਨਕ ਜੋ ਚਲੈ ਸੋਈ ਸਿਰਿ ਪਾਈ ॥੧॥ (ਪੱਤਰਾ ੨੫੪)

ਅੰਤ– ਜੇ ਕੋ ਲੇ ਪਹਰੈ ਜੰਜੀਰੁ । ਦੁਖੁ ਸੁਖੁ ਕੁੰਭੀ ਸਹੈ ਸਰੀਰੁ ।
ਅਹਰਣ ਨਿਆਈ ਮਨੁ ਦ੍ਰਿੜ ਕਰੈ । ਸਬਦਿ ਹਥੌੜਾ ਲੈ ਹਥ ਧਰੈ ।
ਲੋਹੇ ਵਾਗੂ ਮਨ ਕਉ ਘੜੈ । ਨਾਨਕ ਸਤਿਗੁਰੁ ਮਿਲੈ ਤਾਂ ਸੋਝੀ ਪੜੈ ॥੧॥ (ਪੱਤਰਾ ੨੫੫)

ਇਸ ਤੋਂ ਅੱਗੇ ਪੱਤਰਾ ੨੮੮ ਤਕ ਸ਼ਬਦ-ਸ਼ਲੋਕ ਗੁਰੂਆਂ ਤੇ ਭਗਤਾਂ ਦੇ ਭੱਟਾਂ ਦੇ ਕੁਝ ਸਵੈਯਾਂ ਸਮੇਤ ਦਰਜ ਹਨ।

(ਕ) ਗੋਸ਼ਟਿ ਅਜਿੱਤੇ ਰੰਧਾਵੇ ਕੀ

ਆਰੰਭ– ੧ੴ ਸਤਿਗੁਰ ਪ੍ਰਸਾਦਿ । ਸਾਖੀ ਮਹਲਾ ੧ ਗੋਸਟਿ ਗੁਰੂ ਬਾਬੇ ਨਾਨਕ ਜੀ ਦੀ ਅਜਿਤੈ ਰੰਧਾਵੇ ਨਾਲਿ ਹੋਈ ਨਗਰ ਕਰਤਾਰ ਪੁਰ ਵਿਚ । ਏਕ ਸਮੇ ਬਾਬਾ ਨਾਨਕ ਜੀ ਇਕਲਾ ਇਕੰਤ ਬੈਠਾ ਥਾ ਬਹੁਤੁ ਬੈਰਾਗ ਦੇ ਘਰ ਵਿਚੁ । ਤਿਤੁ ਸਮੈ ਇਕ ਸਬਦੁ ਸ੍ਰੀ ਰਾਗੁ ਵਿਚ ਬੋਲਿਆ । ਸ੍ਰੀ ਰਾਗੁ ਮਹਲਾ ੧ । ਕੋਟਿ ਕੋਟੀ ਮੇਰੀ ਆਰਜਾ... (ਪੱਤਰਾ ੨੮੯)

ਅੰਤ— ...ਜੋ ਕੋਈ ਆਪਣੀ ਭਾਵਨੀ ਪ੍ਰੀਤਿ ਨਾਲਿ ਸੁਣੈ ਤਿਸ ਦੇ ਅਗੈ ਗੁਰੂ ਕੇ ਬਚਨ ਪੜ੍ਹਨੇ। ਨਾ ਤਰਿ ਗੁਹਜ ਰਖਣੀ, ਬਹੁਤ ਜਾਹਰੁ ਨਾਹੀ ਕਰਨੀ । ਏਹੁ ਗੁਰੂ ਕੇ ਬਚਨ ਅਮੋਲਕ ਹੈਨਿ । ਮਨ ਵਿਚਿ ਵਸਾਵਣੇ, ਕਮਾਵਣੇ । ਅੰਤ ਸਮੈ ਸਹਾਈ ਹੋਵਣਗੇ । ਸੁਖਾਲੀ ਸਾਸੀ ਗੁਰੂ ਚਿਤ ਆਵੈਗਾ । ਸਾਖੀ ਸੰਪੂਰਨ ਹੋਈ ਗੁਰ ਪ੍ਰਸਾਦਿ । ਸਾਧ ਸੰਗਤਿ ਭੁਲ ਚੁਕ ਬਖਸਣੀ ਵਿਦਿਆ ਗੁਰ ਆਦਿ ॥੫।੭॥ ਵਾਹਗੁਰੂ ਜੀ, ਧੰਨ ਗੁਰੂ ਜੀ, ਸਤਿਗੁਰੂ ਜੀ । (ਪੱਤਰਾ ੩੪੫)

ਇਸ ਤੋਂ ਅੱਗੇ ਪੱਤਰਾ ੩੫੮ ਤਕ ਕਵਿ ਸੈਨਾਪਤਿ ਕ੍ਰਿਤ ਚਣਾਕਾ ਸ਼ਾਸਤ੍ਰ ਤੇ ਫੇਰ ਪੱਤਰਾ ੩੬੭ ਤਕ ਗਰਭ ਗੀਤਾ (ਭਾਖਾ) ਹੈ ।

(ਖ) ਪਰਚੀਆਂ ਗੁਰੂ ਗੋਬਿੰਦ ਸਿੰਘ ਜੀ ਕੀਆਂ (ਸੇਵਾ ਦਾਸ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਅਥ ਪਰਚੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ ਪਾਤਿਸਾਹੀ ਦਸੁ ॥੧੦॥
ਪ੍ਰਥਮੇ ਦਸਾਂ ਮਹਲਾ ਕੇ ਨਾਮ ਲਿਖੇ ।... (ਪੱਤਰਾ ੩੬੯)
ਸਚਖੰਡ ਸਤਿਗੁਰ ਵਸੈ, ਸੁਧ ਸਾਤਕੀ ਦੇਸ ।...

ਅੰਤ— ...ਸਾਖੀਆਂ ਪੰਜਾਹ ਸਪੂਰਨ ਲਿਖੀਆਂ ।...
ਸੇਵਾ ਦਾਸ ਉਦਾਸੀ ਕੀਨੀ ਇਹੁ ਪਰਚੀ ।
ਗੁਰ ਉਸਤਤਿ ਕੀ ਪੋਥੀ ਪ੍ਰੇਮ ਕੇਸਰ ਚਰਚੀ ।
ਗੁਰ ਉਸਤਤਿ ਬੇਅਤ ਅਗਮ ਅਪਾਰ ਜੀ ।
ਕਛੁਕ ਅਪਨੇ ਭਲੇ ਕਉ ਕੀਨਾ ਛੁਦ੍ਰ ਉਚਾਰ ਜੀ ॥੧॥
ਇਤਿ ਪਰਚੀਆਂ ਗੁਰੂ ਗੋਬਿੰਦ ਸਿੰਘ ਜੀ ਕੀਆਂ ਸੰਪੂਰਨੰ ਸਮਾਪਤੰ ।...
ਭਗਵਾਨ ਸੰਤਾ ਕਾ ਸਹਾਈ । ਆਦਿ ਜੁਗਾਦਿ ਜਿਨਿ ਪੈਜ ਰਖਾਈ ॥ (ਪੱਤਰਾ ੪੫੦)

ਇਸ ਤੋਂ ਅੱਗੇ ਪੱਤਰਾ ੪੬੦ ਤਕ ਯੋਗ ਵਸਿਸ਼ਟ ਦੇ ਉਪਸ਼ਮ ਪ੍ਰਕਰਣ ਵਿਚੋਂ ਜੀਵਨ ਮੁਕਤ ਨਾਮੀ ਸਰਗ ਤੇ ਫੇਰ ਪੱਤਰਾ ੪੬੧ ਤਕ ਚਹੁੰ ਜੁਗਾਂ ਦੀ ਆਰਜਾ, ਜੋ ਕਿ ਜਨਮ ਸਾਖੀ ਭਾਈ ਬਾਲਾ ਦਾ ਇਕ ਪੁਰਾਣਿਕ ਅੰਗ ਹੈ, ਦਰਜ ਹੈ ।

(ਨੰ. ੧੭੬, ਪ੍ਰੋ. ਪ੍ਰੀ. ਸਿੰ.)

੫੦. ਜਪੁ ਗੂਢਾਰਥ ਦੀਪਿਕਾ ਟੀਕਾ (ਪੰਜਾਬੀ-ਸੰਸਕ੍ਰਿਤ)

ਲੇਖਕ– ਸੰਤ ਨਿਹਾਲ ਸਿਘ, ਥੋਹਾ (ਰਾਵਲ ਪਿੰਡੀ) । ਆਕਾਰ—$13\frac{1}{4}'' \times 5\frac{1}{2}''$, ਲਿਖਤ $9\frac{1}{2}'' \times 3\frac{1}{2}''$ ।

ਵੇਰਵਾ— ਪੱਤਰੇ ੧੦੩; ਪ੍ਰਤੀ ਸਫ਼ਾ ੧੨–੧੩ ਸਤਰਾਂ; ਕਾਗ਼ਜ਼ ਕਸ਼ਮੀਰੀ—ਰੰਗ ਭਗਵਾਂ ਤੇ ਖ਼ਾਕੀ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ, ਜਿਵੇਂ–'ਸਤਜਨਾਮੁ ਕਰਤਾ ਪੁਰਸ਼ ਨਿਰਭਵ...ਅਦਿ ਸ਼ਬਦਾਂ ਤੋਂ ਪਤਾ ਲਗਦਾ ਹੈ ਤੇ ਲਿਖਤ ਕੁਝ ਬੇ-ਪਰਵਾਹੀ ਨਾਲ ਲਿਖੀ ਹੋਣ ਕਰ ਕੇ ਕਈ ਥਾਵੇਂ ਤੁਕਾਂ ਵੀ ਰਹਿ ਗਈਆਂ ਹਨ, ਜਿਵੇ –– 'ਸੁਣੀਐ ਅੰਧੇ ਪਾਵਹ ਰਾਹ । ਸੁਣੀਐ ਹਾਥ ਹੋਵੈ ਅਸਗਾਹ ।" ਇਸ ਤੋਂ ਅੱਗੇ "ਨਾਨਕ ਭਗਤਾ ਸਦਾ ਵਿਗਾਸ" ਦੀ ਥਾਵੇਂ "ਮੰਨੇ ਕੀ ਗਤਿ ਕਹੀ ਨ ਜਾਇ..." ਪਾਠ ਸ਼ੁਰੂ ਕਰ ਦਿੱਤਾ ਗਇਆ ਹੈ ।

(ਦੇਖੋ, ਪੱਤਰਾ ੩੨) ਇਸੇ ਤਰ੍ਹਾਂ ਪੱਤਰਾ ੨੭ ਪਰ "ਗੁਰਾ ਇਕ ਦੇਹ ਬੁਝਾਈ" ਦੀ ਥਾਵੇਂ "ਗੁਰੁਆ ਇਕ ਦੇਹ ਬੁਝਾਈ" ਅਸ਼ੁੱਧ ਪਾਠ ਹੈ; ਕਈ ਥਾਵੇਂ ਉਕਾਈਆਂ ਹਾਸ਼ੀਏ ਉਤੇ ਦਰਜ ਕੀਤੀਆਂ ਹੋਈਆਂ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੱਤਰੇ ਖੁਲ੍ਹੇ; ਪੁਸਤਕ ਵੈਸੇ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿੱਚ ਹੈ। ਇਹ ਪੁਸਤਕ ਬਾਵਾ ਬੰਧ ਸਰੂਪ ਨਾਮੀ ਕਿਸੇ ਉਦਾਸੀ ਸਾਧੂ ਨੇ ਲਿਖਾਰੀ ਤੋਂ ਤਿਆਰ ਕਰਵਾਈ ਸੀ।

ਸਮਾਂ— ਮਿਤੀ ਜੇਠ ਸੁਦੀ ੧੧, ਸੰਮਤ ੧੮੯੬ ਬਿ.। ਲਿਖਾਰੀ—ਪੰਡਿਤ ਚੰਦ੍ਰ ਭਾਨੁ, ਕਸ਼ਮੀਰੀ।

ਆਰੰਭ— ਓਂ ਸ੍ਰੀ ਗਣੇਸਾਯ ਨਮ: ਓਂ ਸ੍ਰੀ ਸਰਸੁਤ੍ਯੈ ਨਮ:। ਓਂ ਸ੍ਰੀ ਕ੍ਰਿਸ਼ਣ ਚਰਣ ਕੰਜ ਸ੍ਰੀ ਸੁਸ਼੍ਰੂਖੇਖੁਛਿਪਜਮਾਹਿ ਸਾ।... (ਪੱਤਰਾ ੧)

ਅੰਤ— ਸ੍ਰੀ ਕ੍ਰਿਸ਼ਣਸਜ ਪ੍ਰਸਾਦੇਨ ਗੁਰੂਰਗੁਰੋਰਜਯਸਜਤੁ।
ਯਥਾ ਧੀ ਧੀ ਪ੍ਰਦਾ ਸਾਰਾ ਕ੍ਰਿਤਾ ਗੂਢਾਰਥ ਦੀਪਿਕਾ ॥੧॥..
...ਸ੍ਰੀ ਮੁਸ਼ਤਾਕ ਸਿੰਹੇਪਜੇਤੇ ਗੁਰੁਵੇ ਨਿਬੋਧਕਾ ॥੭॥
ਤੇਸ਼ਾਂਚੇਯੰ ਪ੍ਰਭਾਵੇਨ ਕ੍ਰਿਤਾ ਵਜਾਖਜਾ ਜਪਸਜ ਹਿ।
ਕ੍ਰਿਤਸਨਾ ਨਿਹਾਲ ਸਿੰਹੇਨ, ਨਾਮਨਾ ਗੂਢਾਰਥ ਦੀਪਿਕਾ ॥੮॥
ਪ੍ਰਦਾਯਕਾ ਵਿਚਾਰਤ: ਪ੍ਰਭਾਂ ਪਰਸਜ ਤਤ੍ਵੰਗਾ।
ਇਯੰ ਪ੍ਰਦੀਪਿਕਾ ਸ਼ੁਭਾਂ, ਵਿਚਿੰਤਜਤਾਂ ਵਿਚਿੰਤਜਤਾਂ ॥੯॥...

ਇਤਿ ਸ੍ਰੀ ਸਰਵੇਸ੍ਵਰ ਸ੍ਰੀ ਕ੍ਰਿਸ਼ਣ ਮੂਰਤਿ ਸ੍ਰੀ ਗੁਰੂ ਨਾਨਕ ਤ੍ਰਿਤੀਯ ਸਥਾਨਕ ਸ੍ਰੀ ਗੁਰਵਮਰ ਦਾਸ ਵੰਸ਼ੋਦਭਵ ਸ੍ਰੀ ਮੁਸ਼ਤਾਕ ਸਿੰਹ ਸ੍ਰੀ ਮੰਨਿਰਮਲ ਸ੍ਰਿਤਾਨ ਵਰਤਿ ਸ੍ਰੀ ਗੁਰਦਤ ਸਿੰਹਯੋ: ਸ੍ਰੀ ਚਰਣ ਸ਼ਿਖਜੇਣ ਸ੍ਰੀ ਮੰਨਿਹਾਲ ਸਿੰਹੇਨ ਵਿਰਚਿਤਾਯ: ਸਰਵੋਪਨਿਖਦਰਥ ਸੂਤ੍ਰ ਭੂਤ ਜਪੁ ਨਿਬੰਧ ਗੂਢਾਰਥ ਦੀਪਿਕਾਯਾਂ, ਦ੍ਵਿਤੀਯਾਰਧ: ਸ਼ੁਭਮਸਤੁ ਸਰਬ ਜਗਤਾਂ। ਸੰਮਤ ੧੮੯੬ ਜਜੇਸ਼ਠ ਸੁਦੀ ਏਕਾਦਸ਼ੀ ਸਮਾਪਤ ਹੋਯੀ ਟੀਕਾ ਜਪੁਜੀ ਦੀ ਲਿਖਿਤੰ ਚੰਦ੍ਰ ਭਾਨੁ ਪੰਡਿਤ ਕਾਸ਼ਮੀਰੀ ਲਿਖਾਈ ਬਾਵਾ ਬੰਧ ਸਰੂਪ। (ਪੱਤਰਾ ੧੦੩)

੫੧. ਜਪੁ ਨਿਬੰਧ ਗੂਢਾਰਥ ਦੀਪਿਕਾ ਟੀਕਾ (ਨੰ. ×, ਭਾ. ਮ. ਸਿੰ, ਅੰ. ਖਾ. ਸ.)

ਲੇਖਕ— ਸੰਤ ਨਿਹਾਲ ਸਿੰਘ, ਥੋਹਾ (ਰਾਵਲ ਪਿੰਡੀ)।

ਅਨੁਵਾਦਕ—ਭਾਈ ਸੋਭਾ ਸਿੰਘ, ਇੰਦ੍ਰ ਪ੍ਰਸਥੀ (ਦਿੱਲੀ ਵਾਲਾ)। ਆਕਾਰ—5¾"×12", ਲਿਖਤ 3¾"×10"।

ਵੇਰਵਾ— ਪੱਤਰੇ ੨-੯੦ (੮੯); ਪ੍ਰਤੀ ਸਫ਼ਾ ੧੧ ਸਤਰਾਂ, ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਲੰਮੇ ਦਾਉ ਕਰਕੇ ਲਿਖੀ ਹੋਈ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਮੁੱਢ ਵਿਚ ਦੋ ਪੱਤਰਿਆਂ ਉਤੇ ਬਖ਼ੂਸੂਰਤੀ ਵਧਾਉਣ ਲਈ ਕੁਝ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਪੁਸਤਕ ੯੦ ਕੁ ਵਰ੍ਹੇ ਪੁਰਾਣੀ ਜਾਪਦੀ ਹੈ। ਲਿਖਾਰੀ—ਦੇਵੀ ਦਾਸ, ਬ੍ਰਾਹਮਣ। ਸਥਾਨ—ਬਾੜੀਆ ਨਗਰ (?)।

ਆਰੰਭ— ...ਪ੍ਰਣਵੋ ਨਾਨਕ ਜੀਹ ॥ ੨ ॥
ਅਰਥ। ਗਨੇਸ ਜੀ ਨੂ ਅਰ (ਸਰ)ਸ੍ਵਤੀ ਜੀ ਨੂ ਅਰ ਪਸਪਤ ਸਿਵਕਾਰਨੋਂ ਵਿਖੇ ਵਰ ਤਿਨਾ ਨੂ ਨਮਸਕਾਰ ਕਰੋ ਹੋ। ਅਰ ਬ੍ਰਹਮਾ ਨਿਖਲ ਜਗਤ ਕਾ ਜਨਕ ਸਭ ਕੋ ਸਰਬ ਓਰ ਤੇ ਹਿਤ ਕੇ ਦੇਣੇ ਵਾਲਾ ਅਰ ਪ੍ਰਮੇਸ੍ਰ ਅਵਤਾਰ ਜੋ ਹੈ ਵਿਆਸ ਜੀ ਪ੍ਰਗਟ ਮਹਿਮਾ ਵਾਲਾ ਅਰ ਸੰਕਰ ਸੁਾਮੀ ਇਸ ਜਗਤ ਮੈ ਅਰੁ ਜੋ ਸ੍ਰੀਮਾਨ ਹੈ ਹਮਾਰੇ ਪ੍ਰਸਿਧ ਸਗੁਣ ਨਿਰਗੁਣ ਨੂੰ ਪ੍ਰਾਪਤ ਗੁਰੂ ਨਾਨਕ ਜੀ ਨੂ ਨਮਸਕਾਰ ਕਰੋ ਹੋਂ। (ਪੱਤਰਾ ੨)

੧ਓ ਸਤਿਨਾਮ ਕਰਤਾ ਪੁਰਖ × × × ਗੁਰ ਪ੍ਰਸਾਦਿ। ਜਪੁ। ਸਤਿ ਇਹਾਂ ਆਦਿ ਪਦ ਕਾ ਅਧਜਾਹਾਰ ਕਰਿ ਕੈ ਸਤਜਾਦਿ ਇਹ ਜਾਨਣਾ। ਤਥਾਚ। ਸਤਜਾਦਿ ਇਤਨੇ ਕਰਿ ਕੈ ਸਤਜ ਹੈ ਆਦਿ ਜਿਸ ਕੇ... (ਪੱਤਰਾ ੩)

ਅੰਤ— ਸੋਰਠਾ ॥ ਕ੍ਰਿਸਨ ਕਰੈ ਸੁਭ ਆਢ, ਕਿਉ ਆਕਰ ਹੈ ਕ੍ਰਿਪਾ ਕੀ।
ਕੰਜ ਪਾਦ ਕੰਜਾਢ, ਕਿੰਕਰ ਮੈ ਭਗਤੀ ਕਰਣ ॥ ੧ ॥

ਇਤਿ ਸ੍ਰੀ ਸਰਬੇਸ੍ਵਰ ਸ੍ਰੀ ਕ੍ਰਿਸਨ ਮੂਰਤਿ ਸ੍ਰੀ ਗੁਰ ਨਾਨਕ ਤ੍ਰਿਤੀਯ ਸਥਾਨਕ ਸ੍ਰੀ ਗੁਰ ਅਮਰ ਦਾਸ ਬੰਸੋਦਭਵ ਸ੍ਰੀ ਮੁਸਤਾਕ ਸਿੰਹ ਸ੍ਰੀ ਮੰਨਿਰਮਲ ਸੁਤਾਨ ਬਰਤਿ ਸ੍ਰੀ ਗੁਰ ਗੁਰਦਤ ਸਿੰਘਯੋ: ਸ੍ਰੀ ਚਰਣ ਸਿਖਜੇਣ ਸ੍ਰੀ ਮੰਨਿਹਾਲ ਸਿੰਹੇਨ

ਬਿਰਚਿਤਾਯਾਂ ਸਰਬੋਪਨਿਖਦਰਥ ਸੂਤ੍ਰ ਭੂਤ ਜਪ ਨਿਬੰਧ ਗੂਢਾਰਥ ਦੀਪਿਕਾਯਾ ਪੂਰਬਾਰਥ : ਸਮਾਪਤ: ੧

ਭਾਖਾਕਾਰ ਬਾਕ ॥ ਛਪੈ ॥

ਸੰਸਕ੍ਰਿਤਿ ਮੈ ਕਹਿਯੋ ਸੋਈ ਭਾਖਾ ਕਰ ਦੀਨੋ ।

ਨਯੂਨ ਅਧਿਕ ਨਹਿ ਕੀਓ, ਸਗਮ ਹਿਤ ਐਸੇ ਚੀਨੋ ।

ਕਥਨ ਕਠਨਿ ਜਿਹ ਲਹਿਓ, ਤਹਾਂ ਸੋਈ ਸਰਲ ਸੁਧਾਰਿਯੋ ।

ਗੁਰ ਪ੍ਰਸਾਦਿ ਇਹੁ ਭਯੋ, ਜਥਾਮਤਿ ਸਮਝ ਉਚਾਰਿਯੋ ।

ਅਰਥ ਅਧਿਕ ਗੌਰਵ ਜੋਈ ਸੋਈ ਸਮਝਿ ਚਿਤ ਮੇ ਧਰੋ ।

ਗੁਰ ਲੱਛ ਬਿਨਾ ਨਿਜ ਬੁਧਿ ਬਲ, ਯਾਹਿ ਬਿਖੈ ਨਹਿ ਸੰਚਰੋ ॥ ੧ ॥...

ਦੋਹਰਾ ॥ ਸਮਝ ਪੜ੍ਹੈ ਜੁ ਸੁਧਾਰ ਕੈ, ਤਾ ਪਰ ਪ੍ਰਭ ਕੋ ਪਯਾਰ ।

ਗਯਾਨ ਲਭੈ ਸੁਖ ਪਾਇ ਹੈ, ਨਭ ਨਿਧਿ ਉਤਰਸਿ ਪਾਰ ॥

ਇਤਿ ਸ੍ਰੀ ਮਤ ਜਗਦਗੁਰੂ ਸ੍ਰੀ ਗੁਰ ਨਾਨਕ ਦੇਵ ਦਾਸਾਨ ਦਾਸ... ਸੋਭਾ ਸਿੰਘ ਇੰਦ੍ਰ ਪ੍ਰਸਥੀ ਕ੍ਰਿਤ ਸ੍ਰੀ ਮੰਨਿਹਾਲ ਸਿੰਘ ਰਚਿਤ ਸ੍ਰੀ ਜਪ ਪ੍ਰਦੀਪਕਾਯਾਂ ਜਥਾ ਤਥਾ ਮਾਨੁਖ ਗਿਰਾ ਰੂਪ ਸ੍ਰੀ ਜਪੁ ਟੀਕਾ ਗਯਾਨ ਪ੍ਰਕਾਸੇ ਪੂਰਬਾਰਧ : ਸਮਾਪਤੰ ਸੁਭੰ ਭੂਯਾਤ ਸ੍ਰੀ ਸਤਿਗੁਰੂ ਅਰਪਣੰ । ਲੇਖਕ ਦੇਵੀ ਦਾਸ ਬ੍ਰਾਹਮਣ ਬਾੜੀਏ ਨਗਰ ਸੰਪੂਰਣੰ । (ਪੱਤਰਾ ੯੦)

ਇਹ ਪੁਸਤਕ ਜਪੁ ਜੀ ਗੂਢਾਰਥ ਦੀਪਕਾ ਟੀਕਾ ਦਾ ਪਹਿਲਾ ਅੱਧ ਹੈ (੧੯ ਪਉੜੀਆਂ ਤਕ), ਜਿਵੇਂ ਕਿ ਇਸ ਦੇ ਉਪਰੋਕਤ ਵੇਰਵੇ ਤੋਂ ਪਤਾ ਲਗਦਾ ਹੈ । ਪਹਿਲਾਂ ਇਹ ਟੀਕਾ ਸੰਤ ਨਿਹਾਲ ਸਿੰਘ, ਨਿਰਮਲੇ, ਥੋਹਾ (ਰਾਵਲ ਪਿੰਡੀ) ਵਾਲਿਆਂ ਨੇ ਸੰਸਕ੍ਰਿਤ ਵਿਚ ਲਿਖਿਆ ਸੀ, ਜੋ ਪੰਜਾਬ ਤੋਂ ਬਾਹਰ ਇਕ ਵੇਰ ਕਿਤੇ ਛਪਿਆ ਵੀ ਸੀ, ਤੇ ਪਿੱਛੋਂ ਉਸੇ ਟੀਕੇ ਨੂੰ ਭਾਈ ਸੋਭਾ ਸਿੰਘ ਦਿੱਲੀ (ਇੰਦ੍ਰ ਪ੍ਰਸਥ) ਵਾਲਿਆਂ ਪੰਜਾਬੀ ਵਿਚ ਅਨੁਵਾਦ ਕੀਤਾ, ਜਿਸ ਦੀ ਇਹ ਪਹਿਲੀ ਅਧੂਰੀ ਪ੍ਰਤੀ ਮਿਲੀ ਹੈ ਤੇ ਦੂਜੀ ਪ੍ਰਤੀ ਅਜੇ ਤਕ ਕਿਤੇ ਦੇਖਣ ਵਿਚ ਨਹੀਂ ਆਈ ।

੫੨. (ੳ) **ਸਿੱਧ ਗੋਸ਼ਟਿ ਸਟੀਕ** (ਖਿਲ ਪ੍ਰਕਰਣ ਸਮੇਤ) (ਨੰ. ੨੦੯, ਭਾ. ਵਿ.)

ਟੀਕਾਕਾਰ—ਨਾਮਾਲੂਮ । ਆਕਾਰ—$7\frac{3}{4}'' \times 5\frac{1}{2}''$ ਲਿਖਤ $6\frac{1}{4}'' \times 4''$ ।

ਵੇਰਵਾ— ਪੱਤਰੇ ੫-੯੦, ੮੫—੧੬੪ ਪ੍ਰਤੀ ਸਫ਼ਾ ੫ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਅਸ਼ੁੱਧ ਵੀ ਹੈ; ਸਿਰਲੇਖ, ਵਿਸ਼੍ਰਾਮ-ਚਿੰਨ੍ਹ ਤੇ ਕਿਤੇ ਕਿਤੇ ਕੁਝ ਸਤਰਾਂ ਲਾਲ ਸਿਆਹੀ ਨਾਲ ਅੰਕਿਤ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੱਤਰੇ ਸਾਰੀ ਪੁਸਤਕ ਦੇ ਸਿਰਿਆਂ ਤੋਂ ਕਟੇ ਹੋਏ ਜਿਸ ਕਰ ਕੇ ਕਈ ਥਾਵੀਂ ਪੁਸਤਕ ਦਾ ਮਜ਼ਮੂਨ ਵੀ ਨਾਲ ਹੀ ਕਟ ਗਿਆ ਹੈ; ਆਦਿ ਅੰਤ ਦੇ ਪੱਤਰੇ ਫਟੇ ਹੋਏ ਤੇ ਪੁਸਤਕ ਅਧੂਰੀ ।

ਸਮਾਂ— ਪੁਸਤਕ ਡੇਢ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ...(ਤਿ)ਸ ਕਾ ਪਰਮਾਰਥ । ਤਵ ਗੁਰੂ ਬਾਬੇ ਨਾਨਕ ਜੀ ਕਹਿਆ ਜੋ, "ਸਿਧੋ ਜੀ ! ਪੌਣ ਕਾ ਮੂਲ ਪੌਣ ਹੀ ਕਾ ਅਰੰਭੁ ਹੈ ਅਰ ਤਿਸੁ ਪੌਣ ਹੀ ਕੇ ਅਰੰਭ ਕਰਿ ਕਰਿ ਜੋਗ ਸੰਪੂਰਣ ਕੀਆ ਹੈ ।... (ਪੱਤਰਾ ੪)

ਅੰਤ— ਅਬਿਨਾਸੀ ਪ੍ਰਭੁ ਖੇਲ ਰਚਾਇਆ, ਗੁਰਮੁਖ ਸੋਝੀ ਹੋਈ ।
ਨਾਨਕ ਸਭ ਜਗ ਆਪੇ ਵਰਤੈ, ਦੂਜਾ ਅਵਰ ਨ ਕੋਈ ॥ ੮੨ ॥
ਤਿਸ ਕਾ ਪਰਮਾਰਥ । ਤਵ ਗੁਰੂ ਬਾਗੇ ਨਾਨਕ ਜੀ ਕਹਿਆ ਜੋ ਸਿਧੋ ਜੀ ਆਪਣੀ ਕੀਮਤ ਤਾ ਆਪੇ ਪਰਮੇਸਰ ਜਾਣੈ ਅਉਰ ਦੂਸਰਾ ਕੋਈ ਨਹੀ ਜਾਣਤਾ । ਅਰ ਜੁ ਕੋਈ ਜਾਣ ਵਖਿਯਾਨ ਕਰੇ ਸੁ ਕਿਆ ਕਰੇ । ਇਹ ਆਪੇ ਗੁਪਤਾ ਹੈ ਅਰੁ ਆਪੇ ਪ੍ਰਗਟ ਹੈ ਅਰੁ ਆਪੇ ਸਭ ਰੰਗ ਮਾਣਦਾ ਹੈ... ਸਭਨਾ ਜੁਗਾ ਵਿਚ ਆਪੇ ਵਰਤਦਾ ਔਰ ਦੂਸਰਾ ਕੋਈ ਨਹੀਂ, ਨ ਹੋਆ, ਨ ਹੋਇਗਾ ।" ਤਬ ਸਿਧੋ ਕਹਿਆ ਜੁ, "ਨਾਨਕ ਜੀ ! ਤੁਮ ਕੌ ਹਮਾਰਾ ਨਮਸਕਾਰ ਹੈ ।" ਤਵ ਸਭਨੋ ਸਿਧੋ ਗੁਰੂ ਬਾਬੇ ਨਾਨਕ ਜੀ ਕਉ ਨਮਸਕਾਰ ਕੀਆ ਅਰ ਕਹਿਆ, "ਧੰਨ ਹੋ ਨਾਨਕ ! ਧੰਨ ਹੋ ਨਾਨਕ !" ਸਿਧਾਂ ਕੀ ਗੋਸਟਿ ਪੂਰੀ ਹੋਈ । ਵਾਹਿਗੁਰੂ ਜੀ... (ਪੱਤਰਾ ੮੫)

(ਅ) **ਖਿਲ ਪ੍ਰਕਰਣ** (ਮਹਾ ਰਾਮਾਇਣ)

ਆਰੰਭ— ੧ੳ ਸਤਿਗੁਰੋਵਾਚ । ਅਥ ਖਿਲ ਪ੍ਰਕਰਣ ਲਿਖਯਤੇ । ਬਾਲਮੀਕੋਵਾਚ । ਹੇ ਭਾਰਦ੍ਵਾਜ ! ਮਹਾ ਰਾਮਾਇਣ ਲਖ ਸਲੋਕ ਹੈ ਇਸ ਵਿਖੇ ਇਹ ਬਾਲ ਕਾਂਡ ਮੋਖ ਉਪਾਇ ਬਤੀਸ ਸਹੰਸ੍ਰ ਸਲੋਕ ਵਸਿਸਟ ਜੀ ਉਪਦੇਸ ਕੀਆ ਹੈ, ਸੋ ਤੁਮ ਕੋ

ਸ੍ਰਵਨ ਕਰਾਇਆ ਹੈ । ਨਿਰਬਾਣ ਜੋ ਉਪਦੇਸ ਕੀਆ ਹੈ ਸੋ ਸਰਬਤ੍ਰ ਤੁਝ ਕੋ ਕਰਮ ਕਰ ਕੈ ਕਹਾ ਹੈ । ਤਿਸ ਕੇ ਉਪਰਾਂਤ ਖਿਲ ਪ੍ਰਕਰਣ ਜੋ ਵਚਨ ਆਗੇ ਕਹੇ ਹੈ ਅਰੁ ਜੋ ਨਹੀ ਕਹੇ ਤਿਸ ਕੋ ਸਮੂਚੇ ਕਰ ਕਹਤੇ ਹੈ । ਇਸੀ ਤੇ ਇਸ ਕਾ ਨਾਮ ਖਿਲ ਪ੍ਰਕਰਨ ਹੈ ।... (ਪੱਤਰਾ ੮੬)

ਅੰਤ— ...ਸਚੇ ਕਉ ਕੋਊ ਜਾਣ ਨਹੀ ਸਕਤਾ ਜੈਸੇ ਸ... (ਪੱਤਰਾ ੧੬੪)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਅੰਤਲਾ ਪਾਠ ਨਹੀ ਮਿਲਦਾ ।

(ਸ) ਸ੍ਰੀ ਦਸ਼ਮੇਸ਼-ਬਾਣੀ ਤੇ ਸਾਹਿੱਤ

(ਨੰ. ੩੬੨, ਭਾ. ਵਿ)

੫੩. ਸ੍ਰੀ ਦਸ਼ਮ ਗ੍ਰੰਥ ਸਾਹਿਬ

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਦਿ । ਆਕਾਰ—14½" × 13¾", ਲਿਖਤ 10¼" × 10" ।

ਵੇਰਵਾ— ਪੱਤਰੇ ੭੧੧; ਪ੍ਰਤੀ ਸਫ਼ਾ ੨੧ ਸਤਰਾਂ; ਕਾਗਜ਼ ਦੇਸੀ (ਖ਼ਾਕੀ); ਲਿਖਤ ਸਾਫ਼ ਤੇ ਸ਼ੁੱਧ, ਪਰ ਕਿਤੇ ਕਿਤੇ ਅਸ਼ੁੱਧੀਆਂ ਵੀ ਹਨ ਜੋ ਹਾਸ਼ੀਏ ਉਤੇ ਦਰੁਸਤ ਕੀਤੀਆਂ ਹੋਈਆਂ ਹਨ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੱਤਰੇ ਕਈ ਥਾਵੀਂ ਥੋੜੇ-ਬਾਹਲੇ ਫਟੇ ਤੇ ਭੁਰੇ ਹੋਏ ਹੋਣ ਕਰ ਕੇ ਨਵੇਂ ਸਿਰਿਓਂ ਹੋਰ ਕਾਗਜ਼ ਜੋੜ ਕੇ ਜਾਂ ਚੇਪੀਆਂ ਲਾ ਕੇ ਮੁਰੰਮਤ ਕੀਤੇ ਹੋਏ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਲਗ ਭਗ ਡੇਢ ਸੌ ਸਾਲ ਪੁਰਾਣੀ ਲਿਖਤ ਹੈ । ਲਿਖਾਰੀ—ਨਾਮਾਲੂਮ ।

ਆਰੰਭ— (੬ ਪੱਤਰੇ ਤੱਤਕਰੇ ਦੇ ਤੇ ੪ ਵਾਧੂ ਖ਼ਾਲੀ ਪੱਤਰੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ ।ਜਾਪੁ। ਸ੍ਰੀ ਮੁਖ ਵਾਕ ਪਾਤਸਾਹੀ ੧੦॥ ਛਪੈ ਛੰਦ ॥ ਤ੍ਵ ਪ੍ਰਸਾਦਿ । ਚਕ੍ਰ ਚਿਹਨ ਅਰੁ ਬਰਨ ।... (ਪੱਤਰਾ ੧)

ਅੰਤ— ਲਬਾਲਬ ਬਕੁਨ ਦਮ ਬਦਮ ਨੋਸ਼ ਕੁਨ ।
ਗਮੇ ਹਰ ਦੁ ਆਲਮ ਫ਼ਰਾਮੋਸ਼ ਕੁਨ ॥੨੧॥ (ਪੱਤਰਾ ੭੧੧)

ਇਸ ਗ੍ਰੰਥ ਵਿਚ ਕੁੱਲ ਰਚਨਾਵਾਂ ਹੇਠ ਲਿਖੇ ਕ੍ਰਮ ਅਨੁਸਾਰ ਹਨ :—

(੧)	ਜਾਪੁ	ਪੱਤਰੇ ੧– ੫
(੨)	ਅਕਾਲ ਉਸਤਤਿ	,, ੫-੧੮
(੩)	ਬਚਿਤ੍ਰ ਨਾਟਕ	,, ੧੮-੩੩
(੪)	ਚੰਡੀ ਚਰਿਤ੍ਰ ਉਕਤਿ ਬਿਲਾਸ	,, ੩੩-੪੫
(੫)	ਚੰਡੀ ਚਰਿਤ੍ਰ (ਦੂਜਾ)	,, ੪੫-੫੪
(੬)	ਵਾਰ ਸ੍ਰੀ ਭਗਉਤੀ ਜੀ ਕੀ	,, ੫੪-੫੮
(੭)	ਗਿਆਨ ਪ੍ਰਬੋਧ	,, ੫੮-੭੧
(੮)	ਚੌਬੀਸ ਅਉਤਾਰ (ਬਿਸ਼ਨੁ ਦੇ)	,, ੭੧-੨੯੯
(੯)	ਸੱਤ ਅਵਤਾਰ (ਬਹਮਾ ਦੇ)	,, ੨੯੯-੩੧੧
(੧੦)	ਦੋ ਅਵਤਾਰ (ਰੁਦ੍ਰ ਦੇ)	,, ੩੧੧-੩੪੮
(੧੧)	ਸਵੈਯੇ ਪਾਤਸ਼ਾਹੀ ੧੦ (੩੨)	,, ੩੪੯-੩੫੧
(੧੨)	ਸਵੈਯੇ (ਜੋ ਕਿਛ ਲੇਖੁ ਲਿਖਯੋ ਬਿਧਨਾ... ਤੇ ਸ਼ਬਦ ਹਜ਼ਾਰੇ ਦੇ ਪਾਤਸ਼ਾਹੀ ੧੦)	,, ੩੫੧-੫੨
(੧੩)	ਸ਼ਸਤ੍ਰ ਨਾਮ ਮਾਲਾ ਪੁਰਾਣ	,, ੩੫੩-੩੯੮
(੧੪)	ਪਖਿਆਨ ਚਰਿਤ੍ਰ	,, ੩੯੮-੬੮੯
(੧੫)	ਸਫ਼ੋਟਕ ਕਬਿਤ	,, ੬੮੯-੬੯੩
(੧੬)	ਜ਼ਫ਼ਰ ਨਾਮਹ ਪਾਤਸ਼ਾਹੀ ੧੦	,, ੬੯੩-੭੧੧

(ਨੰ. ੩੬੩, ਭਾ. ਵਿ.)

੫੪. ਸ੍ਰੀ ਦਸ਼ਮ ਗ੍ਰੰਥ ਸਾਹਿਬ

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਦਿ । ਆਕਾਰ—14½" × 13¼", ਲਿਖਤ 10¼" × 10" ।

ਵੇਰਵਾ— ਪੱਤਰੇ ੪੮੩; ਪ੍ਰਤੀ ਸਫ਼ਾ ੨੨–੨੩ ਸਤਰਾਂ, ਕਾਗਜ਼ ਖ਼ਾਕੀ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ, ਜੋ ਬੜੀ ਸਾਫ਼ ਪੜ੍ਹੀ

ਜਾਂਦੀ ਹੈ, ਪਰ ਕਿਤੇ ਕਿਤੇ ਕੁਝ ਅਸ਼ੁੱਧੀਆਂ ਵੀ ਹਨ ਜੋ ਹਾਸ਼ੀਏ ਤੇ ਸੋਧੀਆਂ ਹੋਈਆਂ ਹਨ; ਲਿਖਤ ਕਈ ਕਲਮਾਂ ਦੀ, ਜੋ ਕਈ ਥਾਵੀਂ ਬੜੀ ਵਧੀਆ ਤੇ ਕੁੱਝ ਬਾਰੀਕ; ਪਰ ਕਈ ਥਾਵੀਂ ਮੋਟੀ; ਸਿਰਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਬੜਾ ਖ਼ੂਬਸੂਰਤ (ਰੰਗੀਨ) ਲਕੀਰਾਂ ਵਾਲਾ; ਗ੍ਰੰਥ ਜੰਗ ਨਾਮਾ ਕੁਝ ਅਧੂਰਾ, ਤਤਕਰੇ ਵਿਚ ਜੰਗਨਾਮਾ ਗੁਰਮੁਖੀ ਤੇ ਫ਼ਾਰਸੀ ਦੋਵੇਂ ਦਰਜ ਹਨ, ਪਰ ਗ੍ਰੰਥ ਦੇ ਅੰਤ ਵਿਚ ਕੇਵਲ ਜੰਗ ਨਾਮਾ ਗੁਰਮੁਖੀ ਹੀ ਦਰਜ ਹੈ, ਉਹ ਵੀ ਅਧੂਰਾ ਤੇ ਉਸ ਦੇ ਨਾਲ ਜੰਗ ਨਾਮਾ ਫ਼ਾਰਸੀ ਨਹੀਂ ਹੈ; ਗ੍ਰੰਥ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ- ਸੰਮਤ ੧੮੯੦ ਬਿ. । ਲਿਖਾਰੀ-ਨਾਮਾਲੂਮ ।

ਆਰੰਭ- (ਮੁੱਢ ਵਿਚ ੮ ਪੱਤਰੇ ਤੱਤਕਰੇ ਦੇ ਤੇ ਦੋ ਪੱਤਰੇ ਖ਼ਾਲੀ ਛੱਡ ਕੇ) ੧ੴ ਸਤਿਗੁਰ ਪ੍ਰਸਾਦਿ । ਸ੍ਰੀ ਅਕਾਲ ਪੁਰਖ ਜੀ ਤ੍ਵ ਪ੍ਰਸਾਦਿ । ਜਾਪ ਪਾਤਸਾਹੀ ੧੦ ਤ੍ਵ ਪ੍ਰਸਾਦਿ ॥ ਛਪੈ ਛੰਦ ॥ ਚਕ੍ਰ ਚਿਹਨ ਅਰ ਬਰਨ...। (ਪੱਤਰਾ ੧)

ਅੰਤ— ਬਖ਼ੂਬੀ ਦਰਾਮਦ ਗੁਲੇ ਬੋਸਤਾਂ । ਬ ਐਸੇ ਦਰਾਮਦ ਦਿਲੇ ਦੋਸਤਾਂ ।
ਜਿ ਦੇਵਾਰ ਓ ਅੰਦਰ ਮੂਸ ਹਸਤ । ਜਿ ਦੇਵਾਰ ਓ ਹਮਚੁ ਸੁਰਾਖ ਗਸ਼ਤ ॥੨੦॥੬੦੭॥ (ਹੋਰ ਕਲਮ ਨਾਲ ਭਾਈ ਗੁਰਮੁਖ ਸਿੰਘ ਲਿਖਿਆ ਹੋਇਆ) । (ਪੱਤਰਾ ੪੮੩)

ਇਸ ਤੋਂ ਅੱਗੇ ਜੰਗ ਨਾਮਾ ਪਾਤਸ਼ਾਹੀ ੧੦ ਦਾ ਬਾਕੀ ਪਾਠ ਨਹੀਂ ਮਿਲਦਾ, ਜਿਸ ਕਰ ਕੇ ਇਹ ਹੱਥ-ਲਿਖਤ ਅਧੂਰੀ ਹੈ ।

ਇਸ ਗ੍ਰੰਥ ਵਿਚ ਜ਼ਫ਼ਰ ਨਾਮੇ ਦੀ ਥਾਂ ਜੰਗ ਨਾਮਾ (ਮ: ੧੦) ਪਾਠ ਹੈ ਤੇ ਜੰਗ ਨਾਮੇ ਦੇ ਪਾਠ ਵਿਚ ਹੋਰਨਾਂ ਜੰਗ ਨਾਮਿਆਂ ਨਾਲੋਂ ਕਿਤਨੇ ਹੀ ਪਾਠ-ਭੇਦ ਵੀ ਹਨ । ਕੁੱਲ ਰਚਨਾਵਾਂ ਦਾ ਵੇਰਵਾ ਇਸ ਗ੍ਰੰਥ ਵਿਚ ਹੇਠ ਲਿਖੇ ਕ੍ਰਮ ਅਨੁਸਾਰ ਹੈ:-

(੧)	ਜਾਪ	ਪੱਤਰੇ	੧-੪
(੨)	ਬਚਿਤ੍ਰ ਨਾਟਕ	,,	੪-੧੬
(੩)	ਚੰਡੀ ਚਰਿਤ੍ਰ ਉਕਤਿ ਬਿਲਾਸ .	,,	੧੬-੨੬
(੪)	ਚੰਡੀ ਚਰਿਤ੍ਰ (ਦੂਜਾ)	,,	੨੬-੩੩
(੫)	ਚਉਬੀਸ ਅਵਤਾਰ (ਬਿਸ਼ਨੂ ਦੇ)	,,	੩੩-੧੯੫
(੬)	ਛੇ ਉਪ ਅਵਤਾਰ (ਬ੍ਰਹਮਾ ਦੇ)	,,	੧੯੫-੨੦੨
(੭)	ਦੋ ਅਵਤਾਰ (ਦੱਤ ਤੇ ਪਾਰਸ ਨਾਥ ਰੁਦ੍ਰ ਦੇ)	,,	੨੦੨-੨੨
(੮)	ਸ੍ਰੀ ਨਾਮ ਮਾਲਾ (ਸ਼ਸਤ੍ਰ ਨਾਮ ਮਾਲਾ)	,,	੨੨੨-੪੯
(੯)	ਉਸਤਤਿ ਅਕਾਲ ਜੀ ਕੀ	,,	੨੪੯-੫੭
(੧੦)	ਗਿਆਨ ਪ੍ਰਬੋਧ	,,	੨੫੭-੬੫
(੧੧)	ਵਾਰ ਦੁਰਗਾ ਕੀ (੫੩-੫੪ ਪਉੜੀ ਦੇ ਵਿਚਕਾਰ ਕੁਝ ਥਾਂ ਖ਼ਾਲੀ ਛੱਡੀ ਹੋਈ)	,,	੨੬੫-੬੮
(੧੨)	ਪਖਜਾਨ ਚਰਿਤ੍ਰ (ਤ੍ਰਿਯਾ ਚਰਿਤ੍ਰ)	,,	੨੬੯-੪੭੧
(੧੩)	ਅਸਫ਼ੋਟਕ ਕਬਿੱਤ	,,	੪੭੧-੭੩
(੧੪)	ਤੇਤੀ ਸਵੈਯੇ	,,	੪੭੩-੭੫
(੧੫)	ਸ਼ਬਦ ਹਜ਼ਾਰੇ ਦੇ ਪਾਤਸ਼ਾਹੀ ੧੦	,,	੪੭੫-੭੬
(੧੬)	ਜੰਗ ਨਾਮਾ [1]ਪਾਤਸ਼ਾਹੀ ੧੦ (ਅਧੂਰਾ)	,,	੪੭੬-੮੩

੫੫. ਸ੍ਰੀ ਦਸ਼ਮ ਗ੍ਰੰਥ ਸਾਹਿਬ (ਨੰ. ੩੦੨, ਭਾ. ਵਿ.)

ਲੇਖਕ- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਦਿ । ਆਕਾਰ—$13\frac{1}{4}'' \times 12\frac{1}{2}''$, ਲਿਖਤ $9\frac{1}{2}'' \times 9\frac{1}{4}''$ ।

ਵੇਰਵਾ—ਪੱਤਰੇ ੧੦+੭੪੨ = ੭੫੨; ਪ੍ਰਤੀ ਸਫ਼ਾ ੨੧ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਪਰ ਕਿਤੇ ਕਿਤੇ ਉਕਾਈਆਂ

[1]ਸਹੀ ਨਾਮ "ਜ਼ਫ਼ਰ ਨਾਮਾ" ।

ਹਾਸ਼ੀਏ ਉਤੇ ਸੋਧੀਆਂ ਹੋਈਆਂ; ਹਾਸ਼ੀਆਂ ਰੰਗੀਨ ਲਕੀਰਾਂ ਵਾਲਾ; ਲਿਖਤ ਕਈ ਹੱਥਾਂ ਦੀ ਬਦਲਵੀਂ; ਪੁਸਤਕ ਸਜਿਲਦ, ਜੋ ਹਰ ਤਰਾਂ ਮੁਕੰਮਲ ਤੇ ਅੱਛੀ ਹਾਲਤ ਵਿੱਚ ਹੈ ।

ਸਮਾਂ– ੧੯ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ—(ਮੁੱਢਲੇ ੬ ਪੱਤਰੇ ਤੱਤਕਰੇ ਦੇ ਤੇ ੪ ਪੱਤਰੇ ਖ਼ਾਲੀ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ । ਜਾਪੁ ਸ੍ਰੀ ਮੁਖ ਵਾਕ ਪਾਤਿਸਾਹੀ ੧੦ ॥ ਛਪੈ ਛੰਦ ॥ ਤ੍ਵ ਪ੍ਰਸਾਦਿ । ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤ ਨਹਿਨ ਜਿਹ ।... (ਪੱਤਰਾ ੧)

ਅੰਤ— ਲਬਾ ਲਬ ਬਕੁਨ ਦਮ ਬਦਮ ਨੋਸ ਕੁਨ ।
ਗਮੇ ਹਰ ਦੂ ਆਲਮ ਫ਼ਰਾਮੋਸ ਕੁਨ ॥੨੧॥੮੫੭॥ (ਪੱਤਰਾ ੭੪੨)

ਇਸ ਬੀੜ ਵਿਚ ਕੁੱਲ ਬਾਣੀਆਂ ਤੇ ਕਾਵਿ-ਰਚਨਾਵਾਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ—

(੧)	ਜਾਪੁ	ਪੱਤਰੇ	੧-੫
(੨)	ਅਕਾਲ ਉਸਤਿਤ	,,	੫-੧੯
(੩)	ਬਿਚਿਤ੍ਰ ਨਾਟਕ	,,	੨੦-੩੬
(੪)	ਚੰਡੀ ਚਰਿਤ੍ਰੋਕਤਿ ਬਿਲਾਸ	,,	੩੬-੪੯
(੫)	ਚੰਡੀ ਚਰਿਤ੍ਰ (ਦੂਜਾ)	,,	੪੯-੫੮
(੬)	ਵਾਰ ਸ੍ਰੀ ਭਗਉਤੀ ਜੀ ਕੀ	,,	੫੮-੬੩
(੭)	ਗਜਾਨ ਪ੍ਰਬੋਧ	,,	੬੩-੭੭
(੮)	ਚਉਬੀਸ ਅਵਤਾਰ (ਵਿਸ਼ਨੂ ਦੇ)	,,	੭੭-੩੧੦
(੯)	ਸੱਤ ਉਪ ਅਵਤਾਰ (ਬ੍ਰਹਮਾ ਦੇ)	,,	੩੧੦-੧੮
(੧੦)	ਦੋ ਅਵਤਾਰ (ਰੁਦ੍ਰ ਦੇ)	,,	੩੧੯-੫੭
(੧੧)	ਜੋ ਕਿਛ ਲੇਖ ਲਿਖਿਓ ਵਿਧਨਾ...	,,	੩੫੭-੫੮
(੧੨)	ਸਵੈਯੇ ਸ੍ਰੀ ਮੁਖ ਵਾਕ ਪਾਤਸ਼ਾਹੀ ੧੦	,,	੩੫੮-੬੦
(੧੩)	ਸ਼ਸਤ੍ਰ ਨਾਮ ਮਾਲਾ ਪੁਰਾਣ	,,	੩੬੦-੪੦੭
(੧੪)	ਪਖਿਆਨ ਚਰਿਤ੍ਰ	,,	੪੦੭-੭੨੫ (੩੨੫ਵੇਂ ਚਰਿਤ੍ਰ ਦਾ ਪੱਤਰਾ ੬੬੮ ਖ਼ਾਲੀ ਛੱਡਿਆ ਹੋਇਆ ।)
(੧੫)	ਜ਼ਫ਼ਰ ਨਾਮਾ ਪਾਤਸ਼ਾਹੀ ੧੦	,,	੭੨੬-੪੨

ਸਵੋਟਕ ਕਬਿੱਤ ਇਸ ਬੀੜ ਵਿਚ ਨਹੀਂ ਹਨ ।

੫੬. ਸ੍ਰੀ ਦਸ਼ਮ ਗ੍ਰੰਥ ਸਾਹਿਬ (ਨੰ. ×, ਗੁ. ਮੋ. ਬਾ.)

ਲੇਖਕ– ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਦਿ । ਆਕਾਰ— 12″×12½″, ਲਿਖਤ 8½″×9½″ ।

ਵੇਰਵਾ— ਪੱਤਰੇ ੫੪੨; ਪ੍ਰਤੀ ਸਫ਼ਾ ੨੩ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸੁੱਧ; ਮੁੱਢਲਾ ਪੱਤਰਾ ਰੰਗੀਨ ਵੇਲਦਾਰ ਤੇ ਬਾਕੀ ਪੱਤਰਿਆਂ ਦਾ ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ; ਪੱਤਰਾ ੫੪੩ ਤੋਂ ਸ਼ੁਰੂ ਹੋਣ ਵਾਲਾ ਜੰਗ ਨਾਮਾ ਬੈਤ ਫ਼ਾਰਸੀ, ਜਿਸ ਦਾ ਕਿ ਤਤਕਰੇ ਵਿਚ ਜ਼ਿਕਰ ਹੈ, ਬੀੜ ਵਿਚੋਂ ਕਿਸੇ ਵਿਅਕਤੀ ਨੇ ਫਾੜ ਲਿਆ ਹੈ ਜਿਸ ਕਰ ਕੇ ਉਸ ਦੀਆਂ ਫਟੀਆਂ ਜੁਜ਼ਾਂ ਦੇ ਨਿਸ਼ਾਨ ਬਾਕੀ ਦਿਸਦੇ ਹਨ ।

ਸਮਾਂ– ਪੁਸਤਕ ਦੋ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਵਾਹਗੁਰੂ ਜੀ ਕੀ ਫਤੇਹ । ਜਾਪ ਸ੍ਰੀ ਮੁਖ ਵਾਕ ਪਾਤਿਸਾਹੀ ੧੦ ॥ ਤ੍ਵ ਪ੍ਰਸਾਦਿ ॥ ਛਪੈ ਛੰਦ ॥ ਚੱਕ੍ਰ ਚਿਹਨ ਅਰ ਬਰਨ ਜਾਤਿ ਅਰ ਪਾਤਿ ਨਹਿਨ ਜਿਹ । ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ।... ਪੱਤਰਾ ੧)

ਅੰਤ– ...ਜ਼ਿ ਦੇਵਾਰ ਓ ਅੰਦਰੂੰ ਮੂਸ਼ ਹਸਤ । ਜ਼ਿ ਦੇਵਾਰ ਓ ਹਮਚੂ ਸੂਰਾਖ ਗਸ਼ਤ ॥ ੨੦ ॥ ੬੦੭ ॥ (੧੧) ॥
(ਪੱਤਰਾ ੫੪੨)

ਇਸ ਤੋਂ ਅੱਗੇ ੧੨ ਵੀਂ ਹਿਕਾਯਤ ਜ਼ਫ਼ਰ ਨਾਮੇ ਦੀ ਦਰਜ ਨਹੀਂ ਹੈ, ਨਾਲੇ ਅਗਲੇ ਫ਼ਾਰਸੀ ਜੰਗ ਨਾਮੇ ਦੇ ਪੱਤਰੇ ਫਟੇ ਹੋਏ ਹਨ ਜਿਸ ਕਰ ਕੇ ਦਸ਼ਮ ਗ੍ਰੰਥ ਜੀ ਇਹ ਬੀੜ ਅਧੂਰੀ ਹੈ ।

ਇਸ ਬੀੜ ਵਿਚ ਜਾਪੁ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ ਉਕਤਿ ਬਿਲਾਸ, ਚੰਡੀ ਚਰਿਤ੍ਰ (ਦੂਜਾ), ੨੪ ਅਵਤਾਰਾਂ

ਦੀ ਕਥਾ, ਬ੍ਰਹਮਾ ਦੇ ੭ ਅਵਤਾਰ-ਸ਼ਿਵ ਜੀ ਦੇ ਦੋ ਅਵਤਾਰ-ਰੁਦ੍ਰ ਤੇ ਪਾਰਸ ਨਾਥ, ਸ਼ਸਤ੍ਰ ਨਾਮ ਮਾਲਾ, ਉਸਤਤਿ ਅਕਾਲ ਜੀ ਕੀ (ਅਕਾਲ ਉਸਤਤਿ), ਗਿਆਨ ਪ੍ਰਬੋਧ, ਵਾਰ ਦੁਰਗਾ ਕੀ (ਚੰਡੀ ਦੀ ਵਾਰ), ਚਰਿਤ੍ਰੋਪਾਖਯਾਨ, ਅਸਫੋਟਕ ਕਬਿੱਤ, ਅਸਫੋਟਕ ਸਵੈਯੇ (੩੩ ਸਵੈਯੇ), ਬਿਸ਼ਨ ਪਦੇ (ਸ਼ਬਦ ਹਜ਼ਾਰੇ ਦੇ ਪਾ: ੧੦) ਤੇ ਜੰਗ ਨਾਮਾ ਬੈਤ ਗੁਰਮੁਖੀ ਦਰਜ ਹਨ ।

(ਨੰ. ੭੭, ਭਾ. ਵਿ.)

੫੭. ਦਸ਼ ਗ੍ਰੰਥੀ

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਦਿ । ਆਕਾਰ—$5\frac{1}{2}'' \times 3''$ ਲਿਖਤ $4'' \times 2''$ ।

ਵੇਰਵਾ— ਪੱਤਰੇ ੩੩੬; ਪ੍ਰਤੀ ਸਫ਼ਾ ਸਤਰਾਂ ਦੀ ਔਸਤ ੭; ਕਾਗਜ਼ ਦੇਸੀ; ਲਿਖਤ ਪੁਰਾਣੀ; ਵਿਸ਼੍ਰਾਮ-ਚਿੰਨ੍ਹ, ਅੰਕ ਤੇ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਰੰਗੀਨ ਲਕੀਰਾਂ ਵਾਲਾ ਪੌਣਾ ਪੌਣਾ ਇੰਚ ।

ਸਮਾਂ— ੧੮ ਵੀਂ ਸਦੀ । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਜਾਪੁ ॥ ਸ੍ਰੀ ਮੁਖ ਵਾਕ ਪਾਤਿਸਾਹੀ ॥ ੧੦ ॥
ਛਪੈ ਛੰਦ ॥ ਤਵ ਪ੍ਰਸਾਦਿ । ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ ਨ ਕਹਿ ਸਕਤਿ ਕਿਹ । ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿਜੈ ॥ ਕੋਟਿ ਇੰਦ੍ਰ ਇੰਦ੍ਰਾਣਿ ਸਾਹਾ ਸਾਹਾਣਿ ਗਣਿਜੈ... ॥੧॥

ਅੰਤ— ਤੈਸ ਹੀ ਮਖ ਕੀਜੀਐ, ਸੁਨਿ ਰਾਜ ਰਾਜ ਪ੍ਰਚੰਡ ॥
ਜੀਤ ਦਾਨਵ ਦੇਸ ਕੇ ਬਲਵਾਨ ਪੁਰਖ ਅਖੰਡ ॥
ਤੈਸ ਹੀ ਮਖ ਮਾਰ ਕੈ ਸਿਰ ਇੰਦ੍ਰ ਛਤ੍ਰ ਫਿਰਾਇ ॥
ਜੈਸ ਸੁਰ ਸੁਖ ਪਾਇਓ ਤਿਵ ਸੰਤ ਹੋਹੁ ਸਹਾਇ ॥ ੩ ॥ ੩੩੬ ॥

ਦਸ਼ਮ ਗ੍ਰੰਥ ਦੇ ਇਸ ਸੰਗ੍ਰਹ ਵਿਚ ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ ਉਕਤਿ ਬਿਲਾਸ, ਚੰਡੀ ਚਰਿਤ੍ਰ ਤੇ ਗਿਆਨ ਪ੍ਰਬੋਧ ਨਾਮੀ ਛੇ ਰਚਨਾਵਾਂ ਸ਼ਾਮਲ ਹਨ।

(ਨੰ. ੨੧੭, ਭਾ. ਵਿ.)

੫੮. ਦਸ਼ ਗ੍ਰੰਥੀ

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਦਿ । ਆਕਾਰ—$7\frac{1}{4}'' \times 4\frac{3}{4}''$ ਲਿਖਤ $5'' \times 3\frac{1}{2}''$ ।

ਵੇਰਵਾ—ਪੱਤਰੇ ੪੯੧; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਜਿਸ ਕਰ ਕੇ ਹਾਸ਼ੀਏ ਉਤੇ ਸੁਧਾਈ ਕੀਤੀ ਹੋਈ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰ ਲੇਖ, ਛੰਦਾਂ ਦੇ ਨਾਮ ਤੇ ਅੰਕ ਅਤੇ ਕੁਝ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ ।

ਸਮਾਂ— ਸੰਮਤ ੧੮੯੭ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਮੁਖਾਰਬਿੰਦ ਵਾਕ ਪਾਤਸਾਹੀ ਦਸਵੀ । ੧੦ । ਜਾਪੁ । ਛਪੈ ਛੰਦ ॥ ਤ੍ਵ ਪ੍ਰਸਾਦਿ । ਚਕ੍ਰ ਚਿਹਨ ਅਰੁ ਬਰਨ... (ਪੱਤਰਾ ੧)

ਅੰਤ— ਸੋਰਠਾ ॥ ਅਮਰ ਲੋਕ ਤੇ ਫੂਲ ਬਰਖੇ ਨੰਦ ਕਿਸੋਰ ਪੈ ।
ਮਿਟਗੇ ਸਕਲ ਬ੍ਰਿਜ ਸੂਲ, ਕਮਲ ਨੈਨ ਕੇ ਨੈਨ ਤੇ ॥ ੧੦੦੪ ॥
ਦੋਹਰਾ ॥ ਦੁਸਟ ਅਰਿਸਟ ਨਿਵਾਰ ਕੈ ਲੀਨੋ ਸਕਲ ਸਮਾਜ ।
ਮਥਰਾ ਮੰਡਲ ਕੋ ਦਯੋ ਉਗ੍ਰਸੈਨ ਕੋ ਰਾਜ ॥ ੧੦੦੫ ॥
ਸਾਲ ਠਾਰਾ ਸੈ ਸਤਾਨਵਾ । ਸੁਕਲ ਪਖ ਵਾਰ ਮੰਗਲ ਥਿਤ ਤਰੋਦਸੀ ਕੋ ਪੂਰਾ ਹੋਇਆ ਹੈ ਜੀ । ਦੋ ਘੜੀ ਦਿਨ ਰਹਦੇ ਨਾਲ, ਪੁਸਤ(ਕ) । (ਪੱਤਰੇ ੪੯੦-੯੧)

ਇਸ ਪੁਸਤਕ ਵਿਚ ਜਾਪੁ (੧੯੬ ਛੰਦ), ਉਸਤਤਿ ਅਕਾਲ ਜੀ ਕੀ (੧੬-੫੯ ਪੱਤਰੇ) ਸਵੈਯੇ ਪਾਤਸ਼ਾਹੀ ੧੦ (ਸਤ ਸਦੈਵ ਸਰੂਪ ਸਤੋਬ੍ਰਤ...। ੧੪ ਸਵੈਯੇ), ਬਚਿਤ੍ਰ ਨਾਟਕ (੧੪ ਅਧਿਆਇ), ਚੰਡੀ ਚਰਿਤ੍ਰ ਉਕਤਿ ਬਿਲਾਸ (੮ ਅਧਿਆਇ), ਚੰਡੀ ਚਰਿਤ੍ਰ ਦੂਜਾ (੮ ਅਧਿਆਇ), ਵਾਰ ਸ੍ਰੀ ਭਗਉਤੀ ਜੀ ਕੀ (੫੫ ਪਉੜੀਆਂ), ਗਿਆਨ ਪ੍ਰਬੋਧ (੩੩੭ ਛੰਦ) ਤੇ ਚਉਬੀਸ ਅਵਤਾਰਾਂ ਦੀ ਕਥਾ (ਮੱਛ ਅਵਤਾਰ, ਕ੍ਰਿਸ਼ਨਾਵਤਾਰ ਅਧੂਰਾ) ਦਰਜ ਹਨ । ਕਈ ਥਾਵੇਂ ਪੱਤਰਿਆਂ ਦੇ ਅੰਕ ਗ਼ਲਤ ਲਗੇ ਹੋਏ, ਜਿਵੇਂ ੨੨੦-੩੧ ਤੇ ੨੩੬-੩੭ ਹਨ । ਇਸੇ ਤਰ੍ਹਾਂ ਬਚਿਤ੍ਰ ਨਾਟਕ ਚੰਡੀ ਚਰਿਤ੍ਰ ਆਦਿ ਦੇ ਛੰਦ-ਅੰਕ ਵੀ ਕੁਝ ਵਧਵੇਂ-ਘਟਵੇਂ ਹਨ ।

੫੯. ਦਸ਼ਮ ਗ੍ਰੰਥੀ

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਦਿ । ਆਕਾਰ—$6\frac{1}{2}'' \times 9\frac{1}{4}''$, ਲਿਖਤ $4\frac{1}{4}'' \times 7\frac{1}{4}''$ ।

ਵੇਰਵਾ—ਪੱਤਰੇ ੨੯੮; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਸਿਆਲ ਕੋਟੀ, ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਉਤੇ ਛੇਕ ਪਏ ਹੋਏ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਸਾਧਾਰਣ ਹਾਲਤ ਵਿਚ ਹੈ ।

ਸਮਾਂ— ਸੌ ਕੁ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਜਾਪੁ । ਸ੍ਰੀ ਮੁਖ ਵਾਕ ਪਾਤਿਸਾਹੀ ੧੦ ॥ ਛਪੈ ਛੰਦ ॥ ਤ੍ਵ ਪ੍ਰਸਾਦਿ । ਚਕ੍ਰ ਚਿਹਨ ਅਰੁ ਬਰਨ, ਜਾਤ ਅਰੁ ਪਾਤ ਨਹਿਨ ਜਿਹ ।... (ਪੱਤਰਾ ੧)

ਅੰਤ— ...ਚੇਤ ਰੇ ਚੇਤ ਅਚੇਤ ਮਹਾ ਪਸੁ, ਅੰਤ ਕੀ ਬਾਰ ਅਕੇਲੋ ਈ ਜੈ ਹੈ ॥ ੩੨ ॥ (ਪੱਤਰਾ ੨੯੮)

ਇਸ ਹੱਥ-ਲਿਖਤ ਗ੍ਰੰਥ ਵਿਚ ਕ੍ਰਮ ਅਨੁਸਾਰ ਹੇਠ ਲਿਖੀਆਂ ਰਚਨਾਵਾਂ ਹਨ—

(੧) ਜਾਪੁ ਪੱਤਰੇ ੧-੧੬, ਛੰਦ ੧੯੮ ।
(੨) ਅਕਾਲ ਉਸਤਤਿ ,, ੧੬-੬੪, ਛੰਦ ੨੭੧ ।
(੩) ਬਚਿਤ੍ਰ ਨਾਟਕ ,, ੬੪-੧੧੯, ਛੰਦ ੪੭੧ ।
(੪) ਚੰਡੀ ਚਰਿਤ੍ਰ ਉਕਤਿ ਬਿਲਾਸ ,, ੧੧੯-੧੬੩, ਛੰਦ ੨੩੩ ।
(੫) ਚੰਡੀ ਚਰਿਤ੍ਰ (ਛੋਟਾ) ੧੬੩-੧੯੪, ਛੰਦ ੨੬੨ ।
(੬) ਵਾਰ ਸ੍ਰੀ ਭਗਉਤੀ ਜੀ ਕੀ. ੧੯੪-੨੦੮, ਪਉੜੀਆਂ ੫੫ ।
(੭) ਗਿਆਨ ਪ੍ਰਬੋਧ, ੨੦੮-੨੫੪, ਛੰਦ ੩੩੬ ।
(੮) ਚਉਬੀਸ ਅਉਤਾਰ, ਮੱਛ ਅਵਤਾਰ (ਕਥਾ) ੨੫੪-੨੬੧, ਛੰਦ ੫੪ ।
(੯) ਸਵੈਯੇ ਸ੍ਰੀ ਮੁਖਵਾਕ ਪਾ: ੧੦; ਪੱਤਰੇ ੨੬੧-੨੯੮, ਛੰਦ ੩੨ ।

੬੦. ਜਾਪੁ ਜੀ ਸਟੀਕ (ਅਧੂਰਾ) (ਨੰ. ੨੯੬, ਭਾ. ਵਿ.)

ਟੀਕਾਕਾਰ— ਨਾਮਾਲੂਮ । ਆਕਾਰ—$8\frac{3}{4}'' \times 5\frac{1}{4}''$, ਲਿਖਤ $6\frac{3}{4}'' \times 3\frac{3}{4}''$ ।

ਵੇਰਵਾ—ਪੱਤਰੇ ੨੭; ਪ੍ਰਤੀ ਸਫ਼ਾ ੧੪ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਅਸ਼ੁੱਧ ਹੋਣ ਕਰ ਕੇ ਹਾਸ਼ੀਏ ਤੇ ਸੁਧਾਈ ਕੀਤੀ ਹੋਈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰੇ ਖੁਲ੍ਹੇ, ਜੋ ਕਈ ਥਾਵੀਂ ਫਟੇ ਹੋਏ ਵੀ ਹਨ ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਦੋਹਰਾ ॥
ਬੰਦੋ ਸ੍ਰੀ ਗੁਰ ਪਦ ਪਦਮ, ਜੰਗਮ ਤੀਰਥ ਰਾਜ ।
ਭਵ ਭਵ ਨਿਧ ਕੇ ਤਰਨ ਹਿਤੁ, ਜਨ ਜਗ ਜੁਗਲ ਜਹਾਜ ॥ ੧ ॥
ਪਾਂਚ ਦੇਵ ਪਦ ਪ੍ਰਨਮ ਕਰ, ਸੁਧਾ ਸਰੋਵਰ ਬੰਦ ।
ਕਲਰਵ ਆਤਪ ਤਪਤ ਚਿਤ, ਸੀਤ ਹੋਤ ਲਖ ਚੰਦ ॥ ੨ ॥
ਆਦਿ ਗ੍ਰੰਥ ਗੁਰ ਵੇਦ ਸਮ, ਸੁਧਾਸਾਰ ਮਯ ਨਾਮ ।
ਚਤੁਰ ਵਰਨ ਫਲ ਚਤੁਰ ਦੈ, ਅਧਿਕਾਰੀ ਨਰ ਬਾਮ ॥ ੩ ॥
ਦੁਤੀ ਗ੍ਰਿੰਥ ਭਾਰਥ ਸਮਾ, ਸ੍ਰੁਤ ਆਗਮ ਮਯ ਜਾਨ ।
ਨੀਤ ਕੂਟ ਵਿਦਯਾ ਸਕਲ, ਗਾਥਾ ਸਕਲ ਪੁਰਾਨ ॥ ੪ ॥
ਤਿਨ ਮੈ ਪ੍ਰਿਥਮ ਜੋ ਜਾਪੁ ਜੀ, ਵਿਸਨੁ ਸਹੰਸ੍ਰ ਸਮਾਨ ।
ਤਿਹ ਕਰਤਾ ਗੁਰ ਬੰਦ ਹੋ, ਮੰਗਲ ਚਰਨ ਬਖਾਨ ॥ ੫ ॥... (ਪੱਤਰਾ ੧)

ਅੰਤ— ਨਮੋ ਰਾਜਸੰ ਤਾਮਸੰ ਸਾਂਤ ਰੂਪੇ । ਨਮੋ ਪਰਮ ਤਤੰ ਅਤਤੰ ਸਰੂਪੇ ।
ਨਮੋ ਜੋਗ ਜੋਗੇਸੁਰੰ ਗਿਆਨ ਗਿਆਨੇ । ਨਮੋ ਮੰਤ੍ਰ ਮੰਤ੍ਰੇ ਨਮੋ ਧਿਆਨ ਧਿਆਨੇ ॥ ੧੯੬ ॥

ਨਮਸਕਾਰ ਹੋਵੇ ਤਿਸ ਨੂ ਜੋ ਤਮੋ ਰਜੋ ਸਤੋ ਗੁਣ ਅਥਵਾ ਤਿਨ ਕਾ ਰੂਪ ਬਿਧ ਸਿਵ ਵਿਸਨ ਜੀ ਹੈ, ਪਰਮ ਤਤ ਬ੍ਰਹਮ ਅਰ ਅਤਤ ਜੀਵ ਕਾ ਰੂਪ ਹੈ ਅਥਵਾ ਤਤਾਂ ਕਾ ਪਰਾ ਰੂਪ ਹੈ-ਪੰਜਾਂ ਤਤਾਂ ਤੇ ਰਹਿਤ ਜਿਸ ਕਾ ਰੂਪ ਹੈ, ਜੋਗੀਆਂ

ਮੈ ਜੋਗੇਸੁਰ ਹੈ ਅਥਵਾ ਸਿਵ ਹੈ ਅਰ ਗਿਆਨੀਓ ਮੈ ਗਿਆਨੀ ਹੈ ਅਥਵਾ ਗਯਾਨ ਕਰ ਕੈ ਜਿਸ ਨੂ ਗਯਾਨੀ ਜਾਨਤੇ ਹੈ, ਮੰਤ੍ਰੋਂ ਮੈ ਮੂਲ ਮੰਤ੍ਰ ਹੈ।... (ਪੱਤਰਾ ੨੭)

ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਇਹ ਪੁਸਤਕ ਅਧੂਰੀ ਹੈ।

੬੧. ਟੀਕਾ ਸ੍ਰੀ ਜਾਪੁ ਜੀ ਕਾ (ਨੰ. ੩੨੧, ਭਾ. ਵਿ.)

ਲੇਖਕ—ਕਵੀ ਮੋਹਰ ਸਿੰਘ (ਕਨਕ ਮੁਦ੍ਰਿਕਾ ਸਿੰਘ)। ਆਕਾਰ—9" × 5¼", ਲਿਖਤ 6½" × 3½"।

ਵੇਰਵਾ—ਪੱਤਰੇ ੪੨; ਪ੍ਰਤੀ ਸਫ਼ਾ ੧੩ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਪਰ ਵਿਸ਼੍ਰਾਮ-ਚਿੰਨ੍ਹ ਬੜੀ ਬੇ-ਪਰਵਾਹੀ ਨਾਲ ਲਾਏ ਹੋਏ; ਹਾਸ਼ੀਆ ਸਾਦਾ ਲਾਲ ਲਕੀਰਾਂ ਵਾਲਾ; ਪੱਤਰੇ ਖੁੱਲ੍ਹੇ।

ਸਮਾਂ— ਸੰਮਤ ੧੯੧੦ ਬਿ. ਤੇ ਨਕਲ— ਸੰਮਤ ੧੯੨੩ ਬਿ.। ਲਿਖਾਰੀ–ਸ੍ਰੀ ਪਤਿ ਹਰਿ ਅਰਥਾਤ-ਬਿਸ਼ਨ ਸਿੰਘ। ਸਥਾਨ—ਵਟਾਲਾ (ਜ਼ਿਲਾ ਗੁਰਦਾਸ ਪੁਰ)।

ਆਰੰਭ— ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ। ਟੀਕਾ ਸ੍ਰੀ ਜਾਪੁ ਜੀ ਕਾ ਪ੍ਰਗਟ ਕਰਯੋ ਹੈ ਕਨਕ ਮੁਦ੍ਰਿਕਾ ਸਿੰਘ ਜਥਾਮਤਿ ਬ੍ਰਹਮ ਬਿਲਾਸ ਜਗਯਾਸੀਓਂ ਪ੍ਰਤਿ ਲਿਖਯਤੇ ॥ਦੋਹਰਾ॥

ਅਚਲ ਅਮਰ (ਸ੍ਰੀ) ਗੁਰੁ ਗੋਬਿੰਦ ਸਤ ਚਿਤ ਆਨਦ ਰੂਪ।
ਤਿਹ ਪਗ ਬੰਦਨ ਕਰ ਰਚੋਂ, ਟੀਕਾ ਜਾਪੁ ਅਨੂਪ ॥੧॥
ਸ੍ਰੀ ਮੁਖ ਬਚਨ ਅਗਾਧ ਅਤਿ, ਕਿਹ ਬਲ ਬਰਨਯੋ ਜਾਇ।
ਕਰੈ ਕ੍ਰਿਪਾ ਸ੍ਰੀ ਆਪ ਗੁਰ, ਤੌ ਕਛੁ ਅਰਥ ਸੁਨਾਇ ॥੨॥
ਸੋ ॥ ਸਤ ਚਿਤ ਆਨਦ ਰੂਪ, ਨਿਰਵਿਕਲਪ ਅਕ੍ਰੈ ਅਮਲ।
ਬ੍ਰਹਮ ਅਦ੍ਵੈਤ ਸਰੂਪ, ਯਾ ਮੈ ਪਠ ਸਿਧ ਹੋਤ ਹੈ ॥੩॥

ਉਥਾਨਕਾ ਵਾਰਤਕ। ਏਕ ਸਮੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਰਨਾ ਨਿਧਾਨ ਆਨੰਦ ਪੁਰ ਮਹ ਰਤਨ ਸਿੰਘਾਸਨ ਪਰ ਅੰਮ੍ਰਿਤ ਛਕਾਯ ਕੈ ਇਸਥਤ ਹੂਏ ਥੇ ਪੂਰਨਮ ਚੰਦ੍ਰਮਾ ਵਤ ਪ੍ਰਕਾਸਮਾਨ ਸ੍ਰਬ ਸਿਖ ਉਡਗਨ ਪਰਵਾਰਤ ਅਤਿ ਆਨੰਦ ਯੁਤ ਬਹੂ ਭਾਂਤ ਪ੍ਰਸਪੋਂ ਪ੍ਰਸਪਤ ਰਤਨ ਭੂਖਨ ਪਟੈ ਸੁੰਦ੍ਰ ਸੈ ਭਖਤ ਪਰਮਾਨੰਦ ਕਰ ਕੈ ਆਨੰਦ ਇਸਥਤ ਬਿਰਾਜਮਾਨ ਥੇ। ਤਿਸ ਸਮੇ ਸੰਪੂਰਨ ਸਿਖੋਂ ਕੇ ਮੱਧ ਮੈ ਸਿਖੋ ਨੈ-ਦੂਆਦਸ ਸਿਖੋ ਨੈ-ਸ੍ਰੀ ਗੁਰੂ ਜੀ ਕੋ ਆਨੰਦ ਯਤ ਦੇਖ ਕੇ ਬਹੁ ਪ੍ਰਕਾਰ ਪ੍ਰਾਰਥਨਾ ਕਰੀ, "ਹੇ ਗੁਰੋ! ਹੇ ਕ੍ਰਿਪਾਲੋ!! ਏ ਸੰਸਾਰ ਚਕ੍ਰ ਮਹਾ ਦੁਸਤਰ ਤੇ ਤਾਰਣੇ ਜੋਗ ਇਸ ਸੰਸਾਰ ਜਨਮ ਮ੍ਰਿਤੁ ਕਾ ਪ੍ਰਵਾਹ ਰੂਪ ਅਤਿ ਭ੍ਰਮਣ ਰੂਪ ਚਕ੍ਰ ਕੀ ਨਿਵਰਤੀ ਕਾ ਉਪਾਵ ਕਹੋ।" ਤਬ ਸ੍ਰੀ ਗੁਰੂ ਜੀ... ਗਦ ਗਦ ਹੋਇ ਕੇ... ਸ੍ਰੀ ਜਾਪੁ ਜੀ ਕਾ ਉਪਦੇਸ ਕਰਤ ਭਏ...। (ਪੱਤਰਾ ੧)

ਪ੍ਰਥਮੇ ਸ੍ਰੀ ਗੁਰੂ ਮਹਾਰਾਜ ਜੀ ਗੁਰੂ ਗੋਬਿੰਦ ਸਿੰਘ ਜੀ, ਜਿਨ ਕਾ ਉਪਦੇਸ ਹੂਆ ਹੈ... ਜਿਨੋ ਕੋ ਉਪਦੇਸ ਪ੍ਰਥਮੇ ਹੂਆ ਹੈ ਤਿਨੋਂ ਸਿਖੋਂ ਕੇ ਨਾਮ... ਦਯਾ ਸਿੰਘ ਜੀ, ਮੁਹਕਮ ਸਿੰਘ ਜੀ, ਸਾਹਿਬ ਸਿੰਘ ਜੀ, ਧਰਮ ਸਿੰਘ ਜੀ, ਹਿੰਮਤ ਸਿੰਘ ਜੀ, ਪ੍ਰਥਜਾ ਸਿੰਘ ਸੀ, ਗੁਰਬਖ਼ਸ਼ ਸਿੰਘ, ਮਾਨ ਸਿੰਘ, ਜੀਵਣ ਸਿੰਘ ਜੀ, ਨਿਹਾਲ ਸਿੰਘ, ਬੁਧ ਸਿੰਘ, ਮੁਹਰ ਸਿੰਘ ਜੀ, ਇਨ ਦੁਆਦਸਿ ਸਿਖੋ ਕੋ ਪ੍ਰਥਮੇ ਸ੍ਰੀ ਗੁਰੂ ਜੀ ਜਾਪੁ ਜੀ ਕਾ ਉਪਦੇਸ ਕੀਆ ਹੈ... (ਪੱਤਰੇ ੧-੨)

ਅੰਤ– ਸੰਮਤ **ਸਰ** ਗੋ ਨਾਥਿ ਸਸਿ,[1] ਮੇਖ ਪੰਚ [2]ਤਿਥਿ ਜਾਨ।
ਤਿਲਕ[3] ਕੀਯੋ ਸ੍ਰੀ ਜਾਪੁ ਜੀ, ਮੋਹਰ ਸਿੰਘ ਕਵਿ ਮਾਨ ॥੧॥
ਨਗਰ ਵਟਾਲੇ ਕੇ ਵਿਖੇ, ਸ੍ਰੀ ਅੰਮ੍ਰਤ(ਸਰ) ਪਾਸ।
ਅਰਥ ਅਗਾਧ ਨ ਕਹ ਸਕੋ, ਇਹ ਸ੍ਰੀ ਗੁਰ ਕੋ ਭਾਸ[4] ॥੨॥

ਇਤਿ ਸ੍ਰੀ ਜਾਪੁ ਜੀ ਕੋ ਟੀਕਾ ਕ੍ਰਿਤ ਕਵਿ ਮੋਹਰ ਸਿੰਘ ਬਿਰਚਿਤੇ ਨਗਰ ਵਟਾਲੇ ਸਥਾਨੇ ਸੰਪੂਰਨੰ ॥

ਦੋਹਰਾ ॥ ਗੁਣ ਚਖ ਗ੍ਰਹ ਸਸਿ[5] ਅਬਦ[6] ਗਿਨ, ਅਸੁਰ ਗੁਰੂ [7]ਅਭਿਰਾਮ।
ਕੁੰਭ ਮਾਸ[8] ਇਕ ਬਿਸ[9] ਮਿਤਿ, ਪੂਰਨ ਕਿਯੋ ਸ੍ਰੀ ਰਾਮ ॥੧॥

---

[1]ਸੰਮਤ ੧੯੧੫ ਬਿ.। [2]ਵਿਸ਼ਾਖ ੫। [3]ਟੀਕਾ। [4]ਵਯਾਖਯਾ, ਅਰਥਾਤ—ਟੀਕਾ। [5]ਸੰਮਤ ੧੯੨੩ ਬਿ.। [6]ਸਾਲ। ਸੰਮਤ। [7]ਅਸੁਰ ਗੁਰੂ (ਦੈਂਤਾਂ ਦਾ ਗੁਰੂ) ਸ਼ੁਕ੍ਰ, ਅਰਥਾਤ—ਸ਼ੁਕ੍ਰਵਾਰ (ਦਿਨ)। [8]੧੧ਵੀਂ ਰਾਸ਼ਿ ਕੁੰਭ ਦਾ ਮਹੀਨਾ, ਭਾਵ-ਫੱਗਣ। [9]੨੧ ਪ੍ਰਵਿਸ਼ਟਾ।

ਸ੍ਰੀ ਪਤ ਹਰਿ[1] ਨਿਜ ਪਾਨ ਤੇ, ਲਿਖਯੋ ਗ੍ਰਿੰਥ ਸੁਭ ਆਪ ।
ਜੈ ਜੈ ਸ੍ਰੀ ਗੁਰ ਦਸਮ ਕੋ, ਜੋਇ ਹਰੇ ਅਘਿ ਤਾਪ ॥੧॥ (ਪੱਤਰਾ ੪੨)

੬੨. ਨਰ ਅਉਤਾਰ (ਨੰ ੧੧੪ ਭਾ.ਵਿ.)

ਲੇਖਕ–ਕਵਿ ਰਾਮ-ਸ਼ਯਾਮ । ਆਕਾਰ—4¾" × 8½", ਲਿਖਤ 3½" × 7" ।

ਵੇਰਵਾ–ਪੱਤਰੇ ੫੨; ਪ੍ਰਤੀ ਸਫ਼ਾ ੧੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਪੁਰਾਣੀ, ਜੋ ਸਾਫ਼ ਤੇ ਸੁੱਧ ਹੈ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਵਿਸ਼੍ਰਾਮ-ਚਿੰਨ੍ਹ, ਛੰਦ-ਅੰਕ ਤੇ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ ।

ਸਮਾਂ— ੧੮ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਅਥ ਨਰ ਅਉਤਾਰ ਕਥਨੰ ॥ ਚੌਪਈ ॥
ਅਥ ਬਾਈਸਵੋਂ ਗਨਿ ਅਵਤਾਰਾ ॥ ਜੈਸ ਰੂਪ ਕਹੁ ਧਰੇ ਮੁਰਾਰਾ ।...

ਅੰਤ— ਪਿਛਲੇ ਪੱਤਰੇ ਛੰਦ-ਅੰਕ ੫੮੨ ਤੋਂ ਅੱਗੇ ਗੁੰਮ ਹੋਣ ਕਰ ਕੇ ਇਸ ਦਾ ਅੰਤਲਾ ਪਾਠ ਨਹੀਂ ਮਿਲਦਾ ।

ਇਹ ਹਥ-ਲਿਖਤ ਦਸ਼ਮ ਗ੍ਰੰਥ ਦੇ ੨੪ ਅਵਤਾਰਾਂ ਦੀ ਕਥਾ ਨਾਲ ਸੰਬੰਧਿਤ ਹੈ ਤੇ ਇਸ ਵਿਚ ਨਰ ਅਵਤਾਰ ਤੋਂ ਇਲਾਵਾ ਬੌਧ ਅਤੇ ਨਿਹਕਲੰਕ ਅਵਤਾਰ ਦਾ ਵਰਣਨ ਵੀ ਹੈ । ਦਸ਼ਮ ਗ੍ਰੰਥ ਦੇ ਅਵਤਾਰ-ਕ੍ਰਮ ਦੇ ਅਨੁਸਾਰ ਨਰ ਅਵਤਾਰ ੨੨ਵਾਂ, ਬੌਧ ਅਵਤਾਰ ੨੩ਵਾਂ ਅਤੇ ਨਿਹਕਲੰਕ ੨੪ਵਾਂ ਅਵਤਾਰ ਹੈ ।

੬੩. ਕ੍ਰਿਸ਼ਨਾਵਤਾਰ (ਅਧੂਰਾ) (ਨੰ. ੨੪੬, ਭਾ. ਵਿ.)

ਲੇਖਕ— ਕਵੀਰਾਮ-ਸ਼ਯਾਮ । ਆਕਾਰ 7" × 9¼", ਲਿਖਤ 4½" × 7" ।

ਵੇਰਵਾ— ਪੱਤਰੇ ੯੭; ਪ੍ਰਤੀ ਸਫ਼ਾ ੨੦ ਸਤਰਾਂ; ਕਾਗ਼ਜ਼ ਸਿਆਲ ਕੋਟੀ; ਲਿਖਤ ਸਾਫ਼; ਪਰ ਕਿਤੇ ਕਿਤੇ ਅਸ਼ੁੱਧ, ਜਿਸ ਕਰ ਕੇ ਕਈ ਥਾਵੀਂ ਹਾਸ਼ੀਏ ਉਤੇ ਸੋਧਾਂ ਕੀਤੀਆਂ ਹੋਈਆਂ ਹਨ; ਹਾਸ਼ੀਆ ਲਾਲ ਲਕੀਰਾਂ ਵਾਲਾ; ਪੱਤਰਾ ੧੨੪ ਤੋਂ ਅੱਗੇ ਛੰਦਾਂ ਦੇ ਅੰਕ ਤੇ ਹੋਰ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ੭੫੫ ਛੰਦ-ਅੰਕਾਂ ਪਰ ਸਮਾਪਤ ਹੋਣ ਕਰ ਕੇ ਅਧੂਰੀ ਹੈ ।

ਸਮਾਂ— ਰਚਨਾ ਕਾਲ-ਸੰਮਤ ੧੭੪੫ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਅਥ ਕ੍ਰਿਸਨ ਅਵਤਾਰ ਇਕੀਸਮੋ ਕਥਨੰ ॥ ਚਉਪਈ ॥
ਅਥ ਬਰਨੌ ਕ੍ਰਿਸਨਾ ਅਵਤਾਰੂ ॥ ਜੈਸੁ ਭਾਂਤਿ ਬਪੁ ਧਰਾ ਮੁਰਾਰੂ ।... (ਪੱਤਰਾ ੧)

ਅੰਤ— ਬਿਨਤਿ ਕਰੋ ਦੋਊ ਜੋਰ ਕਰਿ, ਸੁਨੋ ਜਗਤ ਕੇ ਰਾਇ ।
ਮੋ ਮਸਤਕ ਤੁ ਚਰਨਨ ਸਦਾ, ਰਹੈ ਦਾਸ ਕੇ ਭਾਇ ॥੭੫੫॥

ਇਸ ਤੋਂ ਅਗਲਾ ਪਾਠ ਪੁਸਤਕ ਅਧੂਰੀ ਹੋਣ ਕਰ ਕੇ ਇਸ ਪ੍ਰਤੀ ਵਿਚ ਦਰਜ ਨਹੀਂ ਹੈ ।

੬੪. ਪਾਰਸ ਨਾਥ-ਰੁਦ੍ਰ ਅਵਤਾਰ (ਦਸ਼ਮ ਗ੍ਰੰਥ ਵਿਚੋਂ) (ਨੰ. ੭੪੭. ਸੈਂ.੫.ਲਾ,)

ਲੇਖਕ–ਕਵੀ ਰਾਮ-ਸ਼ਯਾਮ । ਆਕਾਰ—7¼" × 10", ਲਿਖਤ 5" × 8" ।

ਵੇਰਵਾ– ਪੱਤਰੇ ੪੨; ਪ੍ਰਤੀ ਸਫ਼ਾ ੧੭ ਸਤਰਾਂ; ਕਾਗ਼ਜ਼ ਦੇਸੀ; ਲਿਖਤ ਪੁਰਾਣੀ, ਸਾਫ਼, ਪਰ ਕਈ ਥਾਵੀਂ ਅਸ਼ੁੱਧ; ਹੇਠਾਂ ਉਤੇ ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਆਹੀ ਫਿੱਕੀ ਕਾਲੀ; ਜਿਲਦ ਉਖੜੀ ਹੋਈ ਤੇ ਪੱਤਰੇ ਕੰਨੀਆਂ ਤੋਂ ਫਟੇ ਹੋਣ ਕਰ ਕੇ ਨਵੇਂ ਸਿਰੇ ਮੁੱਢੋਂ ਲਾ ਕੇ ਹਰੇਕ ਪੱਤਰੇ ਦੀ ਹੋਰ ਪੱਤਰਾ ਜੋੜ ਕੇ ਮੁਰੰਮਤ ਕੀਤੀ ਹੋਈ; ਅੰਤ ਵਿਚ 'ਚਰਿਤ੍ਰ ਰਾਜ ਪਰੀ ਕਾ' ਨਾਮੀ ਇਕ ਹੋਰ ਚਰਿਤ੍ਰ ਸ਼ਾਮਲ ਹੈ ।

ਸਮਾਂ— ਲਗ-ਭਗ ਦੋ ਕੁ ਸੋ ਸਾਲ ਪੁਰਾਣੀ ਲਿਖਤ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥੁ ਪਾਰਸ ਨਾਥ ਰੁਦ੍ਰ ਅਵਤਾਰ ਕਥਨੰ ॥ ਪਉੜੀ ॥ ਇਹ ਬਿਧ ਦੱਤ ਰੱਦ੍ਰ ਅਵਤਾਰ ।

[1] ਸ੍ਰੀ (ਲੱਛਮੀ) ਪਤਿ (ਵਿਸ਼ਨੂ) ਹਰਿ(ਸਿੰਘ) ਅਰਥਾਤ—ਬਿਸ਼ਨ ਸਿੰਘ ।

ਪੂਰਣ ਮਤ ਕੇ ਕੀਨ ਪਸਾਰ । ਅਤ ਜੋਤਿ ਸੋ ਜੋਤਿ ਮਿਲਾਨੀ । ਜਿਹ ਬਿਧਿ ਪਾਰ ਬ੍ਰਹਮ ਭਵਾਨੀ ॥੧॥੬੧੭੭॥
(ਪੱਤਰਾ ੧)

ਅੰਤ— ਤਬਿ ਜਰੀ ਅਗਨਿ ਬਿਸੇਖ। ਤ੍ਰਿਣਕਾ ਸੱਟ ਘ੍ਰਿਤ ਅਸੇਖ।
ਤਬ ਜਰਿਯੋ ਤਾ ਮਹਿ ਰਾਇ । ਭਈ ਭਸਮ ਅਦਭੁਤ ਕਾਇ ॥੩੫੭॥
.. ਦਿਵਸ ਬਰਖ ਪਰਮਾਨ । ਸਲੁ ਜਰਾ ਜੋਗ ਮਹਾਨ । ੑ
ਭਈ ਭੂਤ ਭਸਮੀ ਦੇਹ । ਧਨ ਧਾਮ ਛਾਡਿਯੋ ਨੇਹ ॥੩੫੮॥ (ਪੱਤਰਾ ੪੨)

(ਅ) **ਚਰਿਤ੍ਰ ਰਾਜ ਪਰੀ ਕਾ**

ਆਰੰਭ— ੧ਓ ਵਾਹਗੁਰੂ ਜੀ ਕੀ ਫਤੈ। ਚਰਿਤ੍ਰ ਰਾਜ ਪਰੀ ਕਾ । ਪਾਤਸਾਹੀ ਦਸਵੀਂ ॥੧੦॥
ਦੋਹਰਾ॥ ਨ੍ਰਿਪਤਿ ਬਿਚਛਨ ਸੈਨ ਕੇ ਮਤੀ ਸੁਲੱਛਨ ਨਾਰ ।
ਦਛਨ ਕੇ ਰਾਜਾ ਰਹੈ, ਧਨਕ ਭਰੇ ਭੰਡਾਰ ॥੧॥... (ਪੱਤਰਾ ੧)

ਅੰਤ— ਇਕ ਦਿਨ ਧਾਮ ਪਰੀ ਕੇ ਦੈਂਤ ਪਠਾਇ ਕੈ ।
ਇਕ ਦਿਨ ਆਪ ਕਲੋਲ ਕਰਤ ਸੁਖ ਪਾਇ ਕੈ ।
ਅਰਧਾ ਅਰਧ ਬਟਾਵਤ ਐਸੇ ਰੈਨ ਦਿਨ ।
ਹੋ, ਮੂਰਖ ਬਾਤ ਨ ਪਾਈ ਰਾਜੇ ਮੂਲ ਇਨ ॥੮੫॥
ਇਤ ਸ੍ਰੀ ਚਰਿਤ੍ਰ ਪਖਿਆਨੇ ਤ੍ਰਿਆ ਚਰਿਤ੍ਰੇ ਸਮਾਪਤ । (ਪੱਤਰਾ ੭)
(ਨੰ. ੮, ਭਾ. ਵਿ.)

੬੫. ਚਰਿਤ੍ਰੋਪਾਖਯਾਨ (ਤ੍ਰਿਯਾ ਚਰਿਤ੍ਰ)
ਲੇਖਕ— ਕਵਿ ਰਾਮ, ਸ਼ਯਾਮ । ਆਕਾਰ—$7\frac{1}{2}'' \times 4\frac{3}{4}''$, ਲਿਖਤ $4\frac{1}{2}'' \times 3\frac{1}{4}''$ ।
ਵੇਰਵਾ—ਪੱਤਰੇ ੬੪੭; ਪ੍ਰਤੀ ਸਫ਼ਾ ੮ ਸਤਰਾਂ; ਲਿਖਤ ਪ੍ਰਾਚੀਨ, ਪਰ ਸਿੱਧੀ ਸਾਦੀ; ਹਾਸ਼ੀਆ ਲਕੀਰਾਂ ਵਾਲਾ (ਤਿੰਨ ਤਿੰਨ ਲਕੀਰਾਂ ਵਿਚੋਂ ਦੋ ਦੋ ਲਾਲ ਤੇ ਇਕ ਇਕ ਕਾਲੀ); ਪੁਸਤਕ ਆਦਿ-ਅੰਤ ਦੋਹਾਂ ਪਾਸਿਆਂ ਤੋਂ ਅਧੂਰੀ ।
ਸਮਾਂ— ਨਿਸ਼ਚਿਤ ਨਹੀਂ । ਲਿਖਾਰੀ—ਨਾਮਾਲੂਮ ।
ਆਰੰਭ-ਸ਼ੁਰੂ ਦੇ ੪੧ ਪੱਤਰੇ ਗਵਾਚੇ ਹੋਣ ਕਰ ਕੇ ਇਸ ਦਾ ਮੁੱਢਲਾ ਪਾਠ ਨਹੀਂ ਮਿਲਦਾ ।
ਅੰਤ— ਚਰਿਤ੍ਰ ਨੰ. ੪੦੪ ਤੇ ਛੰਦ-ਅੰਕ ੩੬੨ ਦੀਆਂ ਅੰਤਲੀਆਂ ਦੋ ਤੁਕਾਂ ਤੋਂ ਲੈ ਕੇ ਬਾਕੀ ਦੇ ਸਾਰੇ ਪੱਤਰੇ ਗੁਮ ਹਨ, ਇਸ ਲਈ ਅੰਤਲਾ ਪਾਠ ਨਹੀਂ ਮਿਲਦਾ । ਇਸ ਪੁਸਤਕ ਵਿਚ ਇਸਤ੍ਰੀਆਂ ਤੇ ਪੁਰਸ਼ਾਂ ਦੇ ੪੦੪ ਚਰਿਤ੍ਰ ਲਿਖੇ ਹਨ ।

੬੬. ਚਰਿਤ੍ਰੋਪਾਖਯਾਨ (ਤ੍ਰਿਯਾ ਚਰਿਤ੍ਰ) (ਨੰ. ੭੮੩, ਪੰ. ਯੂ. ਚੰ.)
ਲੇਖਕ—ਕਵੀ ਰਾਮ, ਸਯਾਮ । ਆਕਾਰ—$8\frac{1}{2}'' \times 4\frac{3}{4}''$, ਲਿਖਤ $4\frac{1}{2}'' \times 1\frac{3}{4}''$ ।
ਵੇਰਵਾ—ਪੱਤਰੇ ਤੱਤਕਰੇ ਦੇ ੯ ਤੇ ਮੂਲਪਾਠ ਦੇ ੩੦੧-੮੪੨ (੫੪੨); ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ ਤੇ ਬਗ਼ੈਰ ਲਕੀਰਾਂ ਦੇ; ਹਰੇਕ ਚਰਿਤ੍ਰ ਦੇ ਮੁੱਢ ਵਿਚ ਉਸ ਦਾ ਸਿਰਲੇਖ ਲਾਲ ਸਿਆਹੀ ਨਾਲ ਦਿੱਤਾ ਹੋਇਆ; ਚੁਤਰਫ਼ੀਂ ਨਵੇਂ ਸਿਰੇ ਵੱਡਾ ਹਾਸ਼ੀਆ ਪੁਰਾਣੇ ਕਾਗ਼ਜ਼ ਦਾ ਚੇਪ ਕੇ ਕਿਤਾਬ ਮੁਰੰਮਤ ਕੀਤੀ ਹੋਈ; ਕਈ ਥਾਵੇਂ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਜਿਲਦ ਟੁੱਟੀ ਹੋਈ; ਮੁੱਢਲੇ ਪੱਤਰੇ ੩੦੦ ਤੇ ਅੰਤਲੇ ਪੱਤਰੇ ੮੩੭-੪੧ ਗੁੰਮ ਹੋਣ ਕਰ ਕੇ ਪੁਸਤਕ ਅਧੂਰੀ, ਪਰ ਫੇਰ ਵੀ ਬਾਕੀ ਨੁਸਖ਼ਾ ਅੱਛੀ ਹਾਲਤ ਵਿਚ ਹੈ ।
ਸਮਾਂ— ਸੰਮਤ ੧੭੮੦ ਬਿ. । ਲਿਖਾਰੀ—ਭਾਈ ਛੈਨਾ ਸਿੰਘ ।
ਆਰੰਭ—(ਮੁੱਢ ਵਿਚ ਤਤਕਰੇ ਦੇ ੯ ਪੱਤਰੇ ਛੱਡ ਕੇ) ਤਾ ਕੇ ਘਰ ਜਬ ਨ੍ਰਿਪ ਪਗ ਧਾਰਿਯੋ । ਬਿਖ ਦੈ ਤਾਹਿ ਮਾਰ ਹੀ ਡਾਰਿਯੋ । ਦੀਨ ਬਚਨ ਤਬ ਤ੍ਰੀਅਹਿ ਉਚਾਰੇ । ਮੋਹਿ ਤਿਆਗਗੇ ਰਾਜ ਤੁਮਾਰੇ ॥੫॥ ਚਰਿਤ੍ਰ ੬੧ ॥ (ਪੱਤਰਾ ੩੦੧)
ਅੰਤ— ਕਹੀ ਪਰੇ ਹਾਥਨ ਕੇ ਸੁੰਡਾ । ਬਾਜੀ ਰਥੀ ਗਜਨ ਕੇ ਮੁੰਡਾ ।
ਝੁੰਡ ਪਰੇ ਕਹੀ ਜੂਝ ਜੁਝਾਰੇ । ਤੀਰ ਤੁਫੰਗ ਤੁਕਨ ਕੇ ਮਾਰੇ ॥੩੫੦॥ (ਪੱਤਰਾ ੮੩੬)
ਇਸ ਤੋਂ ਅੱਗੇ ਪੱਤਰੇ ੮੩੭-੪੧ ਗੁਮ ਹੋਣ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ ।
ਇਤ ਸ੍ਰੀ ਚਰਿਤ੍ਰੋਪਾਖਯਾਨ ਸ੍ਰੀ ਮੁਖਿ ਵਾਕ ਮਿਤੀ ਵੈਸਾਖੋ ੬ ਸੰਮਤ ੧੭੮੦ ਤਾਰੀਕ ੫ ਰਜਬ ਸਨ ਮੁਹੰਮਦ

ਸਾਹ ਪਾਤਸਾਹ ਕੇ ਪੂਰਨ ਹੋਆਂ, ਲੇਖਕ ਛੋਨਾ ਸਿੰਘ ਭਾਈ ਸੰਗਤਿ ਸਿੰਘ ਤਰਕਸ ਕੀ ਪੋਥੀ ਤੇ ਲਿਖਿ ਲਈ ॥੧॥
(ਪੱਤਰਾ ੮੪੨)

ਇਸ ਤੋਂ ਅੱਗੇ ਇਸੇ ਪੱਤਰੇ ਉਤੇ ਹੋਰ ਕਲਮ ਨਾਲ ਇਹ ਪਾਠ ਲਿਖਿਆ ਹੋਇਆ ਹੈ—

"ਸੰਮਤ ਸਤਰਹ ਸਹੰਸ ਭਨਿਜੈ ।
ਅਰਧ ਸਹੰਸ ਪੁਨ ਤੀਨ ਕਹਿਜੈ ।
ਭਾਦੋਂ ਸੁਦੀ ਅਸਟਮੀ ਰਵਿ ਵਾਰਾ ।
ਤੀਰ ਸਤਦ੍ਰਵ ਗ੍ਰਿੰਥ ਸੁਧਾਰਾ ॥

੬੭. (ੳ) **ਜ਼ਫ਼ਰ ਨਾਮਾ** (ਸਾਰੁਕਤਾਵਲੀ ਸਮੇਤ) (ਨੰ. ੭੯੩, ਪੰ. ਆ.)

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ । ਆਕਾਰ— 5" × 8¼", ਲਿਖਤ 3" × 6" ।

ਵੇਰਵਾ— ਪੱਤਰੇ ੧੩੨; ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ, ਜਿਸ ਕਰ ਕੇ ਅਸ਼ੁੱਧੀਆਂ ਹਾਸ਼ੀਏ ਉਤੇ ਸੋਧੀਆਂ ਹੋਈਆ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਅੰਕਿਤ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਲਿਖਤ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ੳ ਸ੍ਰੀ ਵਾਹਿਗੁਰੂ ਜੀ ਕੀ ਫਤੇ । ਹੁਕਮ ਸਤਿ । ਜਫਰ ਨਾਮਹ ਸ੍ਰੀ ਮੁਖ ਵਾਕ ਪਾਤਸਾਹੀ ੧੦ ।
ਕਮਾਲੇ ਕਰਾਮਾਤ ਕਾਯਮ ਕਰੀਮ ।
ਰਜ਼ਾ ਬਖ਼ਸ਼ ਰਾਜ਼ਿਕ ਰਹਾ ਕੋ ਰਹੀਮ ॥ ੧ ॥ (ਪੱਤਰਾ ੧)

ਅੰਤ— ਲਬਾਲਬ ਬਕੁੱਨ, ਦਮਬਦੱਮ ਨੋਸ਼ ਕੁਨ ।
ਗ਼ਮੇ ਹਰ ਦੁ ਆਲਮ ਫਰਾਮੋਸ਼ ਕੁਨ ॥ ੨੧ ॥ (ਪੱਤਰਾ ੭੯)

(ਅ) **ਸਾਰੁਕਤਾਵਲੀ** (ਹਰਿ ਦਯਾਲ) ਸੰਮਤ ੧੮੮੦ ਬਿ. ।

ਆਰੰਭ— ੧ੳ ਸਤਿਗੁਰ ਪ੍ਰਸਾਦਿ । ਅਥ ਸ੍ਰੀ ਸਾਰੁਕਤਾਵਲੀ ਭਾਖਾ ਲਿਖਜਤੇ॥ ਦੋਹਰਾ ॥
ਸ੍ਰੀ ਪਤਿ ਪ੍ਰਥਮ ਨਮਾਮ ਮਮ, ਯੋਗੀ ਰਿਦਯ ਨਿਵਾਸ ।... (ਪੱਤਰਾ ੭੯)

ਅੰਤ— ਦੋਹਰਾ ॥ ਨਵ ਸ੍ਵੈਯੇ ਸੋਰਠ ਇਕ, ਤ੍ਰੈ ਕਬਿਤ ਲਲਿਤੇਕ ।
ਦੋਹੇ ਪਾਂਚ ਨਰਾਜ ਦੁਇ, ਇਕੀ ਛੰਦ ਬਿਬੇਕ ॥ ੧ ॥
ਇਤਿ ਸ੍ਰੀ ਸਾਰੁਕਤਾਵਲੀ ਪੰਦ੍ਰਸ ਮਿਸ੍ਰਿਤ ਪਾਠ ਸਭਾਜਿਤ ਕੇ ਛੰਦ ਹੈ, ਸਬਦੋ ਸੈ ਪਾਚਵ ਆਠ ॥੧੫॥ ਸਪੂਰਣ ॥
੨੧੩ ॥ ਕੁਲ ਜੋੜ ਛੰਦੋ ਕਾ ।... (ਪੱਤਰੇ ੧੧੧-੧੨)
ਇਸ ਤੋਂ ਅੱਗੇ ਕਈ ਪੱਤਰਿਆਂ ਉਤੇ ਪਿੰਗਲ ਦੇ ਚਿਤ੍ਰ ਦਿੱਤੇ ਹੋਏ ਹਨ ।

(ੲ) **ਖਟ ਸ਼ਾਸਤ੍ਰ** (ਆਦਿ ਉਪਦੇਸ਼)

ਆਰੰਭ— ੧ੳ ਸਤਿਗੁਰ ਪ੍ਰਸਾਦਿ ॥ ਦੋਹਰਾ ॥
ਖਟ ਸਾਸਤ੍ਰ ਉਪਦੇਸ ਖਟ, ਖਟ ਕਰਤਾ ਕੋ ਨਾਮ ।
ਬਰਣੋ ਤਾਹਿ ਬਿਚਾਰ ਕੈ, ਦੋਇ ਛੰਦਾ ਅਭਿਰਾਮ ॥ ੧ ॥ (ਪੱਤਰਾ ੧੨੯)

ਅੰਤ— ਲੋਕ ਸਤ । ਭੂਰਾ ੧, ਭੁਵਰ ੨, ਸ੍ਵਰ ੩, ਮਹਰ ੪, ਜਨ ੫, ਤਪ ੬,ਸਤ ੭ ॥ ਇਤਿ ਸਪਤ ਲੋਕਹ ॥
(ਪੱਤਰਾ ੧੩੨)

੬੮. **ਜ਼ਫ਼ਰ ਨਾਮਾ ਪਾਤਸ਼ਾਹੀ ੧੦** (ਨੰ. ੮੪, ਭਾ. ਵਿ.)

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ । ਆਕਾਰ—5½" × 4", ਲਿਖਤ 4" × 2¾" ।

ਵੇਰਵਾ— ਪੱਤਰੇ ੮੯; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੱਤਰੇ ਖੁਲ੍ਹੇ, ਬਿਨਾ ਜਿਲਦ ।

ਸਮਾਂ— ਲਿਖਤ ਸੌ ਕੁ ਸਾਲ ਪੁਰਾਣੀ ਹੈ। ਲਿਖਾਰੀ—ਨਾਮਾਲੂਮ ।

ਆਰੰਭ— ੧ੴ ਸਤਿਗੁਰ ਪ੍ਰਸਾਦਿ ॥ ੧ ॥ ਹੁਕਮ ਸ੍ਰੀ ਵਾਹਗੁਰੂ ਜੀ ਕੀ ਫਤੇ ਹੈ । ਬਤਰਫ, ਆਲਮਗੀਰ ਬਾਦਸਾਹ ਨਾਮੇ ਨਿਵਸਤਹ । ਜਫਰ ਨਾਮਹ ਸ੍ਰੀ ਮੁਖ ਵਾਕ ਪਾਤਸਾਹੀ ॥ ੧੦ ॥

ਕਮਾਲੇ ਕਰਾਮਾਤ ਕਾਇਮ ਕਰੀਮ ।

ਰਜਾ ਬਖਸ ਰਾਜਕ ਰਹਾ ਕੋ ਰਹੀਮ ॥

ਅਮਾ ਬਖਸ ਬਖਸਿੰਦ ੳ ਦਸਤਗੀਰ ।

ਰਜਾ ਬਖਸ ਰੋਜੀ ਦਿਹੋ ਦਿਲਪਜੀਰ ॥ ੨ ॥ (ਪੱਤਰਾ ੧)

ਅੰਤ— ਕਿ ਖੂਬ ਅਸਤ ਦਰ ਵਕਤ ਖਸਮ ਅਫਗਨੀ ।

ਕਿ ਯਕ ਕੁਰਤੀ ਅਜ਼ ਫੀਲ ਰਾਪੈ ਕੁਨੀ ॥ ੮੩੮ ॥

ਅਫਜੂ । ਵਾਹਗੁਰੂ ਜੀ ਕੀ ਫਤਹ । ਹਿਕਾਯਤ ।... (ਪੱਤਰਾ ੮੪)

ਬਹੈਰਤ ਆਂ ਦਰਾਮਦ ਫਗਾਨੇ ਰਹੀਮ ।

ਚਸ਼ੀਦਨ ਯਕੇ ਤੇਗ ਗੁਰ ਰਾ ਅਜੀਮ ॥ ੧੫ ॥ ੧੨ ॥ ੮੫੬ ॥ (ਪੱਤਰਾ ੮੬)

੬੯. (ੳ) **ਜ਼ਫ਼ਰ ਨਾਮਹ** (ਜ਼ਿੰਦਗੀ ਨਾਮਾ ਸਮੇਤ) (ਨੰ. ੭੫੪, ਸੈਂ. ਪ. ਲਾ.)

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ । ਆਕਾਰ—$4\frac{3}{4}'' \times 2\frac{3}{4}''$, ਲਿਖਤ $3\frac{1}{2}'' \times 1\frac{1}{2}''$ ।

ਵੇਰਵਾ— ਪੱਤਰੇ ੨੦੧; ਜ਼ਿੰਦਗੀ ਨਾਮਾ (ਨੰਦ ਲਾਲ) ੨੦੧ ਤੋਂ ੩੧੭ ਤਕ (੧੧੭); ਪ੍ਰਤੀ ਸਫ਼ਾ ੫ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ, ਅੰਕ ਤੇ ਵਿਸ਼ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ੴ ਹੁਕਮ ਸਤਿ ਸ੍ਰੀ ਵਾਹਿਗੁਰੂ ਜੀ ਕੀ ਫਤਹ । ਜ਼ਫ਼ਰ ਨਾਮਹ ਸ੍ਰੀ ਮੁਖ ਵਾਕ ਪਾਤਸਾਹੀ ੧੦ ।

ਕਮਾਲੇ ਕਰਾਮਾਤ ਕਾਯਮ ਕਰੀਮ । (ਪੱਤਰਾ ੧)

ਅੰਤ— ਲਬਾਲਬ ਬਕੁਨ ਦਮਬਦਮ ਨੋਸ ਕੁਨ ।

ਗਮੇ ਹਰ ਦੁ ਆਲਮ ਫ਼ਰਾਮੋਸ ਕੁਨ ॥੨੧॥੮੬੧॥ (ਪੱਤਰਾ ੨੦੧)

(ਅ) **ਬੈਂਤ ਭਾਈ ਨੰਦ ਲਾਲ ਜੀ** (ਜ਼ਿੰਦਗੀ ਨਾਮਾ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਆ ਖੁਦਾਵੰਦੇ ਜ਼ਮੀਨੋ ਆਸਿਮਾਂ ।... (ਪੱਤਰਾ ੨੦੧)

ਅੰਤ— ਦੀਦਹਿ ਅਜ਼ ਦੀਦਾਰ ਖੁਦ ਪੁਰ ਨੂਰ ਕੁਨ ।

ਗੈਰ ਹਕ ਅਜ਼ ਖਾਤਰੇ ਦਿਲ ਦੂਰ ਕੁਨ ॥੧੯੮॥

ਸੰਪੂਰਣ ਬੈਤ ਭਾਈ ਨੰਦ ਲਾਲ ਜੀ ਕੇ, ਵਾਕ ਰਸਨਾ ਕੇ । (ਪੱਤਰਾ ੩੧੭)

੭੦. **ਜ਼ਫ਼ਰ ਨਾਮਾ ਟਿੱਪਣੀਆਂ ਸਹਿਤ** (ਅਸ਼ਚਰਜ ਅੰਧੇਰ ਪ੍ਰਕਾਸ਼) (ਨੰ. ੨੨੧੮, ਖ਼ਾ. ਕਾ. ਅ.)

ਟਿੱਪਣੀਕਾਰ—ਭਾਈ ਕਾਲ੍ਹਾ ਸਿੰਘ । ਆਕਾਰ—$6\frac{1}{4}'' \times 7\frac{3}{4}''$, ਲਿਖਤ $4\frac{1}{2}'' \times 6''$ ।

ਵੇਰਵਾ— ਪੱਤਰੇ ੬੨; ਪ੍ਰਤੀ ਸਫ਼ਾ ੧੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਜ਼ਫ਼ਰ ਨਾਮੇ ਦੇ ਅਸਲ ਪਾਠ ਕਾਲੀ ਸਿਆਹੀ ਨਾਲ ਮੋਟੇ ਅੱਖਰਾਂ ਵਿਚ ਤੇ ਉਨ੍ਹਾਂ ਦੀਆਂ ਟਿੱਪਣੀਆਂ ਹਰੇਕ ਸ਼ਬਦ ਦੇ ਹੇਠ ਕ੍ਰਮ ਵਾਰ ਲਾਲ ਸਿਆਹੀ ਨਾਲ ਬਰੀਕ ਕਲਮ ਤੋਂ ਲਿਖੀਆਂ ਹੋਈਆਂ; ਕਾਗਜ਼ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਉਤੇ ਥਾਂ ਪਰ ਥਾਂ ਛੇਕ ਪਏ ਹੋਏ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਪੂਰਣ ਤੇ ਅੱਛੀ ਹਲਤ ਵਿਚ ਹੈ ।

ਸਮਾਂ— ਸੰਮਤ ੧੯੧੮ ਬਿ. । ਲਿਖਾਰੀ—ਲੇਖਕ ਖ਼ੁਦ ।

ਆਰੰਭ— ੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ।

ਅਸਚਰਜ ਅੰਧੇਰ ਪ੍ਰਕਾਸ ।

ਹੁਕਮ ਸਤਿ । ਜਫਰ ਨਾਮਹ ਮੁਖ ਸ੍ਰੀ ਬਾਕ ਪਾਤਸਾਹੀ ੧੦, ਫਤੇ ਕਾ ਖਤ ਹੈ ।
ਕਮਾਲੇ ਕਰਾਮਾਤ ਕਾਇਮ ਕਰੀਮ ।
ਬਡਾ ਸੰਪੂਰਨ ਹੈ ਇਸਥਿਤ ਕ੍ਰਿਪਾ
ਰਜਾ ਬਖਸ ਰਾਜਕ ਰਹਾ ਕੋ ਰਹੀਮ ॥੧॥
ਰਿਜਕ ਖਲਾਸੀ ਦਯਾ (ਪੱਤਰਾ ੧)

ਅੰਤ— ਲਬਾ ਲਬ ਬਕੁਨ ਦਮ ਬਦਮ ਨੋਸ ਕੁਨ ।
ਪੂਰਨ ਕਰ ਸ੍ਵਾਸ ਸ੍ਵਾਸ ਪੀਣਾ ਕਰਾਂ
ਗਮੇ ਹਰ ਦੁ ਆਲਮ ਫਰਾਮੋਸ ਕੁਨ ॥੨੧॥੧੨॥੮੬੭॥
ਗਮ ਦੋਨੋਂ ਜਹਾਨੋਂ ਕਾ ਭੁਲਾਵਣਾ ਕਰਾਂ
ਸੰਮਤ ਬਸੁ ਬਿਧੁ ਨਾਥ ਸਸਿ, ਵਿਸਾਖ ਕ੍ਰਿਸਨ ਡਿਰੀਆਲ ।
ਮਹਿਣ ਦੇਸ ਗਢ ਮਧ ਲਿਖੀ, ਕਾਲਾ ਹਰ ਗੁਰ ਖਜਾਲ ॥੧॥
ਸ੍ਰੀ ਗੁਰੂ ਜੀ ਸਹਾਇ । (ਪੱਤਰਾ ੯੨)

(ਨੰ. X, ਡਾ. ਗੰ. ਸਿੰ.)

੭੧. ਜ਼ਫ਼ਰ ਨਾਮਾ ਸਟੀਕ (ਨਾਮੁਕੰਮਲ)

ਟੀਕਾਕਾਰ—ਨਾਮਾਲੂਮ । ਆਕਾਰ—$6'' \times 3\frac{1}{4}''$, ਲਿਖਤ $4\frac{1}{4}'' \times 2\frac{3}{4}''$ ।

ਵੇਰਵਾ— ਪੱਤਰੇ ੪੦੮; ਪ੍ਰਤੀ ਸਫ਼ਾ ਮੁੱਢ ਵਿਚ ਪੱਤਰਾ ੮੧ ਤਕ ੭ ਸਤਰਾਂ; ਇਸ ਤੋਂ ਅੱਗੇ ਪ੍ਰਤੀ ਸਫ਼ਾ ੫ ਸਤਰਾਂ; ਕਾਗਜ ਦੇਸੀ (ਸਿਆਲ-ਕੋਟੀ) ਪਤਲਾ; ਹਾਸ਼ੀਆ ਸਾਦਾ ੮੧ ਪੱਤਰੇ ਤਕ ਬਗ਼ੈਰ ਲਕੀਰਾਂ ਦੇ ਤੇ ਪੱਤਰਾ ੧੪੧ ਤੋਂ ੨੯੦ ਤਕ ਕਈ ਥਾਵੀਂ ਪੱਤਰਾ-ਅੰਕ ਤੋਂ ਉੱਪਰ ਰੰਗੀਨ ਲਕੀਰਾਂ ਵਾਲਾ ਅਤੇ ਕਈ ਥਾਵੀਂ ਲਕੀਰਾਂ ਤੋਂ ਬਗ਼ੈਰ, ਬਾਕੀ ਇਸ ਤੋਂ ਅੱਗੇ ਪੱਤਰਾ ੨੯੧ ਤੋਂ ੪੦੮ ਤਕ (ਹਾਸ਼ੀਆ) ਬਿਨਾ ਲਕੀਰਾਂ ਦੇ (ਸਾਦਾ); ਲਿਖਤ ਸਾਫ਼ ਤੇ ਸ਼ੁੱਧ; ਸਿਰਲੇਖ ਤੇ ਸ਼ਿਅਰਾਂ ਦੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੱਤਰਾ ੮੧ ਤੋਂ ਅੱਗੇ ਪੱਤਰਾ ੧੪੧ ਅੰਕ ਸ਼ੁਰੂ ਹੁੰਦਾ ਹੈ ਜਿਸ ਕਰ ਕੇ ਵਿਚਕਾਰੋਂ ਕੁਝ ਪਾਠ ਨਾਮੁਕੰਮਲ ਹੈ; ਇਸੇ ਤਰ੍ਹਾਂ ਪੱਤਰਾ ੪੦੮ ਤੋਂ ਅੱਗੇ ਅੰਤਲੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਵੀ ਨਾਮੁਕੰਮਲ ਹੈ; ਕੁਝ ਪੱਤਰੇ ਹੇਠੋਂ-ਉਪਰੋਂ ਫਟਣ ਕਰ ਕੇ ਦੂਹਰੀ ਵਾਰ ਸਫ਼ੈਦ ਕਾਗਜ਼ ਦੀਆਂ ਚੇਪੀਆਂ ਲਗਾ ਕੇ ਮੁਰੰਮਤ ਕੀਤੇ ਹੋਏ; ਕਈ ਥਾਵੀਂ ਪੱਤਰੇ ਕੁਝ ਦੀਮਕ ਖ਼ੁਰਦਾ ਹੋਣ ਕਰ ਕੇ ਆਰ ਪਾਰ ਛੇਕੋ ਛੇਕ ਹੋਏ ਵੀ ਸਾਫ਼ ਨਜ਼ਰ ਆਉਂਦੇ ਹਨ ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਹੈ । ਲਿਖਾਰੀ-ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਵਾਹਿਗੁਰੂ ਜੀ ਕੀ ਫਤਹਿ । ਹੁਕਮ ਸਤਿ ।
ਜਫਰ ਨਾਮਾ ਸ੍ਰੀ ਮੁਖ ਵਾਕ ਪਾਤਿਸਾਹੀ ੧੦ ।
ਕਮਾਲੇ ਕਰਾਮਾਤ ਕਾਇਮ ਕਰੀਮ ।
ਰਜ਼ਾ ਬਖਸ ਰਾਜਕ ਰਹਾ ਕੋ ਰਹੀਮ ॥੧॥
(ਟੀਕਾ) ਹੇ ਔਰੰਗਜੇਬ ! ਤੂੰ ਜੋ ਕਰਾਮਾਤ ਸਾਥੋਂ ਮੰਗਦਾ ਹੈ, ਸੋ ਵਾਹੁਗੁਰੂ ਪਾਸ ਹੈ । ਸੋ ਕਾਇਮ ਹੈ, ਕ੍ਰਿਪਾ ਕਰਨ ਵਾਲਾ ਹੈ, ਰਿਜਕ ਦੇਵਨ ਵਾਲਾ ਹੈ, ਮੁਕਤਿ ਕਰਦਾ ਹੈ, ਦਇਆ ਕਰਨ ਵਾਲਾ ਹੈ ॥੧॥ (ਪੱਤਰਾ ੧)

ਅੰਤ— ਚੁ ਬਾ ਯਕ ਦਿਗਰ ਹਮ ਚੁਨੀ ਗਸਤ ।
ਚੁ ਪਾ ਅਜ਼ ਰਿਕਾਬੋ ਇਨਾਂ ਰਫਤ ਦਸਤ ॥੧੨॥
ਟੀਕਾ । ਐਸੇ ਇਕ ਦੂਜੇ ਨਾਲ ਮਿਲ ਕੇ ਮਸਤ ਹੋਇ ਗਏ । ਐਸੇ ਪੈਰਾ ਤੀ ਰਕਾਬਾ ਦੂਰ ਹੋਨ ਤੇ ਹਥਾ... (ਪੱਤਰਾ ੪੦੮)
ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਪਾਠ ੧੨ਵੀਂ ਹਿਕਾਯਤ ਦਾ ਨਹੀਂ ਮਿਲਦਾ ।

੭੨. ਜ਼ਿੰਦਗੀ ਨਾਮਾ (ਫ਼ਾਰਸੀ) (ਨੰ. ੧੦੪, ਭਾ. ਵਿ.)

ਲੇਖਕ— ਭਾਈ ਨੰਦ ਲਾਲ । ਆਕਾਰ—$5\frac{1}{2}'' \times 9\frac{3}{4}''$, ਲਿਖਤ $3\frac{1}{4}''$ $7\frac{1}{2}''$ ।

ਵੇਰਵਾ— ਪੱਤਰੇ ੧੦; ਪ੍ਰਤੀ ਸਫ਼ਾ ੨੧ ਸਤਰਾਂ, ਕਾਗਜ਼ ਦੇਸੀ, ਕਿਰਮ ਖ਼ੁਰਦਾ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਰ ਲੇਖ ਤੇ ਛੰਦਾਂ ਦੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ, ਖੁਲ੍ਹੇ ਪੱਤਰੇ ।

ਸਮਾਂ— ਇਕ ਸੌ ਸਾਲ ਤੋਂ ਵੱਧ ਪੁਰਾਣੀ ਲਿਖਤ ਹੈ । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਜਿੰਦਗੀ ਨਾਮਹ ਭਾਈ ਨੰਦ ਲਾਲ ਜੀ । ਆਂ ਖੁਦਾਵੰਦੇ ਜਿਮੀਨੋ ਆਸਮਾਂ... (ਪੱਤਰਾ ੧)

ਅੰਤ— ਉਮਰੇ ਦਿਲੇ ਆਗਹਿ ਯਾਫਤ ।... (ਪੱਤਰਾ ੧੦)

ਇਸ ਤੋਂ ਅੱਗੇ ਪੱਤਰੇ ਗੁਮ ਹਨ ਜਿਸ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ ।

੭੩. (ੳ) **ਜ਼ਿੰਦਗੀ ਨਾਮਾ ਸਟੀਕ** (ਭਾਵ ਰਸਾਮ੍ਰਿਤ ਆਦਿ) (ਨੰ. ੮੯੦, ਪੰ. ਆ.)

ਲੇਖਕ– ਭਾਈ ਨੰਦ ਲਾਲ । ਟੀਕਾਕਾਰ—ਨਾਮਾਲੂਮ । ਆਕਾਰ $7\frac{1}{2}'' \times 11\frac{1}{2}''$, ਲਿਖਤ $5\frac{1}{4}'' \times 9''$ ।

ਵੇਰਵਾ– ਪੱਤਰੇ ੧੫੧; ਪ੍ਰਤੀ ਸਫ਼ਾ ੨੦-੨੧ ਸਤਰਾਂ; ਕਾਗਜ਼ ਫਿੱਕਾ ਗੁਲਾਬੀ (ਦੇਸੀ), ਕਿਰਮ ਖ਼ੁਰਦਾ; ਲਿਖਤ ਦੋ ਤਰਾਂ ਦੀ; ਮੂਲ ਸ਼ਿਅਰਾਂ ਦੀ ਲਿਖਤ ਮੋਟੀ ਤੇ ਟੀਕਾ ਦੀ ਲਿਖਤ ਕ੍ਰਮ ਅਨੁਸਾਰ ਹਰੇਕ ਸ਼ਿਅਰ ਦੇ ਨੀਚੇ ਬਾਰੀਕ ਕਲਮ ਨਾਲ ਲਿਖੀ ਹੋਈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਹਰਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੪੪ ਬਿ. । ਲਿਖਾਰੀ–ਸਜਾਦਾ ਰਾਮ । ਸਥਾਨ— ਧਰਮ ਸਾਲਾ, ਪਟਿਆਲਾ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਜਿੰਦਗੀ ਨਾਮਹ ਭਾਈ ਨੰਦ ਲਾਲ ਜੀ ਕਾ ਸਟੀਕ ।
(ਮੂਲ) ਆਂ ਖ਼ੁਦਾਵੰਦੇ ਜ਼ਮੀਨੋ ਆਸਮਾਂ ।
(ਟੀਕਾ) ਉਹ ਅਕਾਲ ਪੁਰਖ ਮਾਲਿਕ ਹੈ ਪ੍ਰਿਥਵੀ ਅਤੇ ਅਕਾਸ ਦਾ
(ਮੂਲ) ਜ਼ਿੰਦਗੀ ਬਖਸੇ ਵਜੂਦੇ ਇਨਸ ਜਾਂ ॥ ੧ ॥
(ਟੀਕਾ) ਜ਼ਿੰਦਗੀ ਦੇਣੇ ਵਾਲਾ ਹੈ ਆਦਮੀਆਂ, ਜਨਾਵਰਾਂ ਅਤੇ ਦੇਵਤਿਆਂ ਨੂੰ । (ਪੱਤਰਾ ੧)

ਅੰਤ— (ਮੂਲ) ਦੀਦਹ ਅਜ ਦੀਦਾਰ ਹੱਕ ਪੁਰ ਨੂਰ ਕੁਨ ।
(ਟੀਕਾ) ਨੇਤ੍ਰਾਂ ਕੋ ਤਾਂਈ ਦੀਦਾਰ ਵਾਹਿਗੁਰੂ ਸੇ ਭਰੇ ਹੋਏ ਪ੍ਰਕਾਸ ਵਾਲੇ ਕਰ ।
(ਮੂਲ) ਗ਼ੈਰ ਹੱਕ ਅਜ਼ ਖਾਤਰੇ ਦਿਲ ਦੂਰ ਕੁਨ ॥ ੪੯੯ ॥
(ਟੀਕਾ) ਬਿਨਾ ਵਾਹਿਗੁਰੂ ਸੇ ਰਿਦੇ ਵਿਚੋਂ ਹੋਰ ਸਭ ਕਛ ਦੂਰ ਕਰ । (ਪੱਤਰਾ ੧੦੨)

(ਅ) **ਭਾਵ ਰਸਾਮ੍ਰਿਤ** (ਸਾਧੂ ਗੁਲਾਬ ਸਿੰਘ)

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਸਵੈਯਾ ॥ ਸੇਤ ਕਰੇ ਜਿਨ ਸਾਗਰ ਪੈ... (ਪੱਤਰਾ ੧੦੫)

ਅੰਤ— ...ਦਿਨ ਤਾਹਿ ਸਮਾਪਤਿ ਗ੍ਰੰਥ ਭਯੋ, ਹਰਿ ਕੇ ਪਦ ਪੰਕਜ ਭੇਟ ਚੜ੍ਹਾਈ ॥ ੧੩੦ ॥

ਇਤਿ ਸ੍ਰੀ ਮਤ ਮਾਨ ਸਿੰਘ ਚਰਣ ਸਿਖਜਤ ਗੁਲਾਬ ਸਿੰਘੇਨ ਗੌਰੀ ਰਾਇ ਆਤਮਜੇਨ ਵਿਰਚਿਤ ਭਾਵ ਰਸਾਮ੍ਰਿਤ ਸਮਾਪਤੰ ਸੁਭੰ ਭੂਯਾਤ ।

ਉਕਤ ਲਿਖਾਰੀ ਕੀ ॥ ਦੋਹਰਾ ॥

ਸੰਮਤ ਬੇਦ ਸੁ ਭੁਜ ਹਰੀ, ਨਾਥ ਮਾਥ ਸਿਵ ਜਾਨ ।
ਚੇਤ ਸੁਕਲ ਪੱਖ ਅਸਟਮੀ, ਬਾਰ ਸੁਕ੍ਰ ਪਹਿਚਾਨ ॥ ੧ ॥

ਲਿਖੀ ਸਜਾਦੇ ਰਾਮ ਨੇ, ਦੇਵੇ ਕੋ ਤਨੁਜੋਇ ।
ਸਹਿਰ ਪਟਿਯਾਲੇ ਬੀਚ ਮੇ, ਧਰਮ ਸਾਲ ਮਧ ਸੋਇ ॥ ੨ ॥ (ਪੱਤਰਾ ੧੩੬)

ਇਸ ਤੋਂ ਅੱਗੇ ਕਿਤਨੇ ਹੀ ਪੱਤਰੇ ਖ਼ਾਲੀ ਛੱਡੇ ਹੋਏ ਹਨ ।

(ੲ) **ਫ਼ੌਜੀ ਸਿਖਲਾਈ** (ਲੇਖਕ—ਨਾਮਾਲੂਮ)

ਆਰੰਭ– ੧ਓ ਸਤਿਗੁਰ ਪ੍ਰਸਾਦਿ । ਸਿਖ ਸਪਾਹੀ ਕਾ ਪੁਜੀਸਨ । ਸਪਾਹੀ ਕਾ ਅਸਲ ਕਾਮ ਯੇ ਹੈ ਕਿ ਉਸ ਕੇ ਕੰਧੇ ਔਰ ਬੰਦਨ ਠੀਕ ਬਰਾਬਰ ਚੌਰਸ ਫਰੰਟ ਕੋ... (ਪੱਤਰਾ ੧੪੫)

ਅੰਤ— ...ਜਿਸ ਤਰਫ ਹੁਕਮ ਮਿਲੇ ਉਸੀ ਤਰਫ ਕੋ ਥ੍ਰੀ ਕੁਆਟਰਸ ਐਸਾ ਫਿਰ ਜਾਓ ਜਿਸ ਤਰਹ ਅਬੌਟ ਕੇ ਫਿਰਨੇ ਮੇ ਕੀਆ ਗਿਆ । ਜ... (ਪੱਤਰਾ ੧੫੦)

ਇਸ ਤੋਂ ਅੱਗੇ ਪੱਤਰੇ ਖ਼ਾਲੀ ਛਡੇ ਹੋਏ ਹਨ ਤੇ ਅੰਤਲਾ ਪਾਠ ਨਹੀਂ ਮਿਲਦਾ ਜਿਸ ਕਰ ਕੇ ਪੁਸਤਕ ਅਧੂਰੀ ਹੈ ।

੭੪. ਸਰਬ ਲੋਹ ਪ੍ਰਕਾਸ਼ (ਨੰ. ੪੨੮, ਖ਼ਾ. ਕਾ. ਅ.)

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ । ਆਕਾਰ— 14" × 13¼", ਲਿਖਤ 8¾" × 10" ।

ਵੇਰਵਾ— ਪੱਤਰੇ ਜਾਪੁ, ਅਕਾਲ ਉਸਤਤਿ ਆਦਿ ੨੧ ਤੇ ਸਰਵ ਲੋਹ ਪ੍ਰਕਾਸ਼ ੩੮੩, ਕੁੱਲ ਜੋੜ ੪੦੪; ਪ੍ਰਤੀ ਸਫ਼ਾ ੨੧ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ, ਅੰਕ ਤੇ ਵਿਸ਼ਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—(ਮੁੱਢ ਵਿਚ ਦਸ਼ਮ ਗ੍ਰੰਥ ਦੇ ਜਾਪੁ, ਅਕਾਲ ਉਸਤਤਿ ਆਦਿ ਦੇ ੨੨ ਪੱਤਰੇ ਛੱਡ ਕੇ) ੧ਓ ਸ੍ਰੀ ਵਾਹਗੁਰੂ ਜੀ ਕੀ ਫਤੇ । ਸ੍ਰੀ ਭਵਾਨੀ ਜੀ ਸਹਾਇ । ਸ੍ਰੀ ਮਾਇਆ ਲਛਮੀ ਜੀ ਸਹਾਇ । ਉਸਤਤ ਸ੍ਰੀ ਮਾਇਆ ਲਛਮੀ ਜੀ ਕੀ ਸ੍ਰੀ ਮੁਖ ਬਾਕ ਪਾਤਿਸਾਹੀ ੧੦ ॥ਦੋਹਰਾ॥ ਛਾਇਆ ਰੂਪੀ ਹੋਇ ਕੈ ਬਿਚਰਤ ਸ੍ਰੀ ਗੋਪਾਲ ।... (ਪੱਤਰਾ ੧)

ਅੰਤ— ਨਿਜ ਨਿੰਜ ਜਾਨ ਚੜ੍ਹੇ ਸਭ ਦੇਵਨ, ਰਿਸ ਮੁਨ ਨਰਨਿ ਨ੍ਰਿਪਾਲਾ ।
ਯੇ ਯੇ ਅਸਤੁਤ ਕੀਨ ਤਾ ਔਸਰ, ਭਾਖਤ ਕਬਿ ਬਿਜੈ ਜੁਾਲਾ ॥ ੧੮ ॥ ੧ ॥
ਇਤਿ ਸ੍ਰੀ ਸਰਬ ਲੋਹ ਭ੍ਰਮਨ ਸਾਤਕ ਲੋਕ ਸਰੇਸ ਸਮਾਜ ਸਹਿਤ ਗਵਨੰ ਸੁਭਮਸਤੁ ॥ ੧ ॥ ੩੦੨੯ ॥
(ਪੱਤਰਾ ੩੫੧)

ਯਹ ਲਾਲਚ ਗੁਣ ਤਵ ਕਹਿਓ, ਦਾਸ ਗੋਬਿੰਦ ਸਮਾਜ ।
ਫਤਹ ਹੋਵੈ ਸਤਿਗੁਰੂ ਕੀ, ਉਦੇ ਅਸਤ ਲੌ ਰਾਜ ॥ ੩ ॥
ਇਤ ਸ੍ਰੀ ਮੰਗਲਾਚਰਣ ਪੁਰਾਣੇ ਸਾਰਸ੍ਵਤੀ ਭਾਸੇ ਕਲਮਲ ਬਿਧੁੰਸਨੋ ਉਕਤਿ ਬਿਲਾਸ × × × ਸਰਬ ਲੋਹ ਭ੍ਰਮਨ ਸਾਂਤ ਲੋਕ ਗਵਨੇ ਬਿਮਲ ਜਸ ਉਦੇ ਬਰਨਨੋ ਸ੍ਰੀ ਮੰਗਲਾਚਰਣ ਸੰਪੂਰਣੰ ਨਾਮ ਪੰਚਮੋ ਅਧਿਆਯ ਸੁਭਮਸਤੁ ॥ ੫ ॥
(ਪੱਤਰਾ ੩੮੩)

੭੫. ਪ੍ਰੇਮ ਸੁਮਾਰਗ ਗ੍ਰੰਥ (ਨੰ. ×, ਪੰ. ਪ੍ਰੀ. ਸਿ.)

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ । ਆਕਾਰ— 7" × 5", ਲਿਖਤ 4¾" × 5" ।

ਵੇਰਵਾ— ਪੱਤਰੇ ੧੭; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੱਤਰੇ ਪਰਾਣੇ ਹੋਣ ਕਰ ਕੇ ਕੁਝ ਫਟੇ ਹੋਏ ਤੇ ਪੁਸਤਕ ਬਗੈਰ ਜਿਲਦ ।

ਸਮਾਂ— ਪੁਸਤਕ ਲਗਭਗ ਸਵਾ ਸੌ ਸਾਲ ਪੁਰਾਣੀ ਹੈ । ਲਿਖਾਰੀ–ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਧਿਆਉ ਪਾਤਸਾਹੀ ੧੦ । ਅਥ ਪ੍ਰੇਮ ਸੁਮਾਰਗ ਗਿਰੰਥ ਲਿਖਤੇ । ਤ੍ਵ ਪ੍ਰਸਾਦਿ । ਆਗਿਆ ਸ੍ਰੀ ਗੁਰੂ ਅਕਾਲ ਪੁਰਖ ਕੀ ਸਿਉ । ਧਿਆਉ ਪਹਲਾ ਚਲਿਆ ਉਪਦੇਸ ਬੰਦਗੀ ਸਿਮਰਨ ਰਹਿਤ ਬਿਧਿ ਸ੍ਰੀ ਅਕਾਲ ਪੁਰਖ ਕੀ ਬਾਚ ਇਸ ਕੀਟ ਪ੍ਰਤਿ ।... (ਪੱਤਰਾ ੧)

ਅੰਤ— ਇਸ ਪ੍ਰਾਨੀ ਨੂ ਚਾਹੀਏ (ਜੋ) ਕਿਛੁ ਗੁਰੂ ਨੇ ਫੁਰਮਾਇਆ ਹੈ ਸੋਊ ਬਚਨ ਕਉ ਆਪਣੇ... ਬਿਖੈ ਪਿਆਰ ਰਖੈ ਅਉਰ ਬੀਚਾਰ ਕਿਸੀ ਬਾਤ ਕਾ ਨ ਕਰੈ । ਉਸ ਕੀ ਉਰੀ ਜਾਣੈ । ਇਸ ਕਾ ਇਸੀ ਮੋ ਭਲਾ ਹੈ ਜੋ ਖਾਲਸੇ ਦਿਆ ਸਿਖਾ ਨੂ ਖਵਾਏ, ਪਹਿਨਾਏ ਤਾਂ ਇਸ ਦਾ ਨਿਸਤਾਰਾ ਹੋਵੈਗਾ ॥ ੧ ।
ਧਿਆਉ ਪ੍ਰੇਮ ਸੁਮਾਰਗ ਗ੍ਰੰਥ ਸਮਾਪਤੰ ।... (ਪੱਤਰਾ ੧੭)

੭੬. (ੳ) ਮੁਕਤ ਨਾਮਾ (ਗ੍ਰਹੁ ਬਾਂਧਨ ਬਿਧਿ ਆਦਿ) (ਨੰ. ੧੧੬੨੭, ਮ. ਕਾ. ਪ.)

ਲੇਖਕ— ਪਾਤਸ਼ਾਹੀ ੧੦ । ਆਕਾਰ—4½" × 6½", ਲਿਖਤ 3" × 5" ।

ਵੇਰਵਾ— ਪੱਤਰੇ ਮੁਕਤ ਨਾਮਾ ੧੫, ਗ੍ਰਹੁ ਬਾਂਧਨ ਬਿਧਿ ੧੫-੧੮ (੩), ਅੰਗ ਫੁਰਨੀ ਦੀਪਕਾ ੧੮-੨੪ (੬), ਭਡਲੀ ਵਾਰਤਕ (ਨਕਲ ਮੇਘ ਮਾਲਾ ਕੀ) ਕ੍ਰਿਤ ਭਾਈ ਸੋਭਾ ਸਿੰਘ ੨੯, ਅਜੀਰਣ ਮੰਜਰੀ (ਦਿਆਲ ਸਿੰਘ) ੩੦-੩੯ (੧੦), ਗਣ ਗਣਿਤ ਨਿਧਿ ਸੇਤ (ਜਵਾਹਰ ਸਿੰਘ) ੧੫, ਕੁੱਲ ਜੋੜ: ੮੦; ਪ੍ਰਤੀ ਸਫ਼ਾ ੧੮-੧੯ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰਲੇਖ ਤੇ ਛੰਦਾਂ ਦੇ ਨਾਮ ਤੇ ਅੰਕ ਆਦਿ ਕਈ ਥਾਵੇਂ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੩੨ ਤੋ ੧੯੪੦ ਬਿ. । ਲਿਖਾਰੀ—ਨਾਮਾਲੂਮ । ਸਥਾਨ—ਕਿਲਾ ਸੁਹਾਣਾ, ਜ਼ਿਲਾ ਅੰਬਾਲਾ (ਪੰਜਾਬ) ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸ੍ਰੀ ਮੁਖ ਵਾਕ ਪਾਤਿਸਾਹੀ ੧੦ ।
ਸੁਣ ਸੁਰ ਸਿਖਾ ਮੁਕਤ ਨਾਮ, ਸਭ ਸਿਖਾਂ ਉਪਦੇਸੁ ।
ਜੋ ਨਾ ਕਰ ਹੈ ਗੁਰ ਉਕਤਿ, ਬੇ ਮੁਖ ਝੂਠਾ ਭੇਸ ॥ ੧ ॥ (ਪੱਤਰਾ ੧)

ਅੰਤ— ਤੁਰਕ ਤਨਿਕ ਭਰ ਟਿਕਣ ਨ ਪਾਵੈਂ । ਸਿੰਘ ਮਾਰ ਪਸੂਅਨ ਸਮ ਖਾਵੈਂ ।
ਪਾਂਚ ਬਰਸ ਇਕ ਕੰਪਨ ਹੋਈ । ਘਰ ਮਠ ਡਗ ਮਗ ਬਹੈ ਨ ਕੋਈ ॥ ੯ ॥ (ਪੱਤਰਾ ੧੫)

(ਅ) **ਗ੍ਰਹ ਬਾਂਧਨ ਬਿਧਿ** (ਸਾਧੂ ਮਹਿਤਾਬ ਸਿੰਘ) ਸੰ. ੧੯੨੫ ਬਿ. ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਅਥ ਗ੍ਰਹ ਬਾਂਧਨ ਬਿਧਿ ਲਿਖ੍ਯਤੇ ॥ ਦੋਹਰਾ ॥
ਸ੍ਰੀ ਗੁਰ ਗਨਪਤਿ ਗੌਰਿ ਪਤਿ, ਦਿਜ ਪਤਿ ਪਤਿਹਿ ਪ੍ਰਨਾਮ ।
ਰੁਚਿਰ ਰਚਿਤ ਗ੍ਰਿਹਾਰੰਭ ਬਿਧਿ, ਸਫਲ ਕਰਹੁ ਮਮ ਕਾਮ ॥ ੧ ॥ (ਪੱਤਰਾ ੧੫)

ਅੰਤ— ਸੰਮਤ ਉਨੀ ਸੈ ਬਰਖ, ਬਹੁਰਿ ਪਚੀਸ ਮਿਲਾਇ ।
ਮਾਘ ਸੁਦੀ ਦਸਮੀ ਸੁ ਤਿਥਿ, ਸੁਕਰ ਬਾਸਰ ਪਾਇ ॥ ੨੨ ॥
ਨਿਰਮਤ ਨਿਲੈ ਨਿਦਾਨ ਕ੍ਰਿਤ, ਲੇਹੁ ਸੁਧਾ ਰਸੁ ਧੀਰ ।
ਭੂਲ ਭੂਰਿ ਭਵ ਭਾਲ ਭਵ, ਮਤਿ ਮਤ ਮਾਨਹੁ ਧੀਰ ॥ ੨੩ ॥
ਇਤਿ ਸ੍ਰੀ ਮਤ ਨਿਰਮਲ ਸੰਗਿਕ ਸਾਧੂ ਮਹਤਾਬ ਸਿੰਘ ਕ੍ਰਿਤ ਨਿਲੈ ਨਿਰਮਤ ਔ ਪ੍ਰਸਥਾਨ ਬਿਧਿ ਸੁਭੰ ਭਵਤੂ ।
ਅਥ ਛੀਕ ਮੈ ਥਿਰ ਰਹਿਣਾ ਵਿਚਾਰ ॥ ਦੋ ॥
ਪਹਲੀ ਛੀਕੇ ਸ੍ਵਾਸ ਗਿਨ, ਗ੍ਯਾਰਹ ਰਹੇ ਸਿ ਥਾਇ ।
ਦੂਜੀ ਖੋੜਸ ਤੀਸਰੀ, ਇਕੀ ਸ੍ਵਾਸਹਿ ਪਾਇ ॥ ੧ ॥
ਚੌਥੀ ਛੀਕਹਿ ਪਰਤ ਹੀ, ਕਾਰਜ ਕਿਸੀ ਨ ਜਾਇ ।
ਤੀਨੋਂ ਕਾ ਯਹ ਯਤਨ ਹੈ, ਚਾਰਹੁ ਕਾ ਨਹਿ ਕਾਇ ॥ ੨ ॥
ਸੰਮਤ ੧੯੪੦ ਸ੍ਰਾਵਣ, ਲਿਖੀ ਸੁਹਾਣੇ ਕਿਲੇ ਮੈ । (ਪੱਤਰੇ ੧੭-੧੮)

(ੲ) **ਅੰਗ ਫੁਰਕਨੀ ਦੀਪਕਾ** (ਸਾਧੂ ਮਹਿਤਾਬ ਸਿੰਘ) ਸੰਮਤ ੧੯੨੬ ਬਿ. ।

ਆਰੰਭ—੧ੴ ਸਤਿਗੁਰ ਪ੍ਰਸਾਦਿ । ਅੰਗ ਫੁਰਕਨੀ ਦੀਪਕਾ ਲਿਖ੍ਯਤੇ ॥ ਦੋ ॥
ਬੰਦਨੀਯ ਬਾਨੀ ਬਿਮਲ, ਅਮਲ ਕਮਲ ਦਲ ਨੈਨ ।
ਕਰੋ ਮਨੋਰਥ ਸਫਲ ਮਮ, ਬਾਨੀ ਦਾਨੀ ਬੈਨ ॥ ੧ ॥... (ਪੱਤਰਾ ੧੮)

ਅੰਤ— ...ਉਨੀ ਸੈ ਛਬੀਸ ਮੈ, ਬਿਜੈ ਦਸੀ ਦਿਨ ਮਾਹਿ ।
ਸੰਪੂਰਨ ਪੂਰੀ ਭਈ, ਹਰਿ ਮਹਤਾਬ ਕਹਿ ਤਾਹਿ ॥ ੭੬ ॥
ਇਤਿ ਸ੍ਰੀ ਮਤ ਅੰਗ ਫੁਰਕਨੀ ਦੀਪਕਾ ਸੁਭਮਸਤੁ ॥ ਦੋ ॥
ਰਾਮ ਨਾਮ ਮਨਿ ਦੀਪ ਧਰ, ਜੀਹ ਦੇਹਰੀ ਦੁਆਰ ।
ਤੁਲਸੀ ਭੀਤਰ ਬਾਹਰੇ, ਜੌ ਚਾਹਸਿ ਉਜਿਆਰ ॥ ੧ ॥ (ਪੱਤਰਾ ੨੪)

ਇਸ ਤੋਂ ਅੱਗੇ ਪੱਤਰਾ ੨੫ ਪਰ ੯ ਛੰਦ ਅੰਗ ਫੁਰਨ ਦੇ (੩੮ ਤੋਂ ੪੬ ਤਕ) ਵਾਧੂ ਦਰਜ ਹਨ, ਜੋ ਪਹਿਲਾਂ ਆ ਚੁਕੇ ਹਨ ।

(ਸ) **ਭੱਡਲੀ ਵਾਰਤਕ** (ਭਾਈ ਸੋਭਾ ਸਿੰਘ)

ਆਰੰਭ— (ਮੁੱਢ ਵਿਚ ਦੋ ਪੱਤਰੇ ਤਤਕਰੇ ਦੇ ਤੇ ਬਾਕੀ ਦੋ ਪੱਤਰੇ ਖ਼ਾਲੀ ਛੱਡ ਕੇ) ੧ੴ ਸਤਿਗੁਰ ਪ੍ਰਸਾਦਿ । ਅਥ ਭਡਲੀ ਵਾਰਤਕ ਨਕਲ ਮੇਘ ਮਾਲਾ ਕੀ ਕਰੀ ਭਾਈ ਸੋਭਾ ਸਿੰਘ ਜੀ । ਕਾਤਕ ਤੇ ਸਮੇ ਕੀਨੀ ਵਧਰੀ ਜਾਤੀ ਹੈ । ਸੋ ਜੋ ਕਾਤਕ ਸੁਦੀ ੨ ਕੋ ਚੰਦ੍ਰਮਾ ਚੜ੍ਹਨੇ ਕੇ ਸਮੇ ਪਸਚਮ ਦਿਸਾ ਮੈ ਲਾਲ ਬਾਦਲ ਹੋਵੈ ਤੋ ਸਮਾ ਅੱਛਾ ਜਾਨਣਾ, ਗਰਭ ਰਹਿਆ ਸਮਝਣਾ । (ਪਤਰਾ ੧)

ਅੰਤ– ਅੰਗ ਫਲ ਕਿਰਲੀ ਕਾ ।...ਪਗ ਤਰਿ ਹਾਨੀ ਕਰੈ । ਅੰਗੂਠੇ ਪਰ ਸੋਕ ਹੋਇ ।
ਵਾ ਚੋਰ ਭਯ । ਏਹ ਅੰਗ ਪੁਰਖ ਕੇ ਦਾਹਨੇ ਇਸਤ੍ਰੀ ਕੇ ਬਾਮੇ ਜਾਨਣੇ ।
ਇਤਿ ਭੌਂਡਲੀ ਵਾਰਤਕ ਭਾਈ ਸੋਭਾ ਸਿੰਘ ਜੀ ਕ੍ਰਿਤ ਨਕਲ ਮੇਘਮਾਲਾ ਕੀ ਸਮਾਪਤ ॥ ੧ ॥ (ਪੱਤਰਾ ੨੯)

(ਹ) ਅਜੀਰਣ ਮੰਜਰੀ (ਦਿਆਲ ਸਿੰਘ) ਸੰ. ੧੯੯੯ ਬਿ. ।

ਆਰੰਭ– ੧ਓ ਸ੍ਰੀ ਗਣੇਸਾਯ ਨਮ: । ਓਂ ਕਾਸੀ ਰਾਜ ਨਮ: । ਓਂ ਸਾਰਸ੍ਵਤੇ ਨਮ: । ਓਂ ਸ੍ਰੀ ਗੁਰਵੇ ਨਮ: । ਅਥ ਅਜੀਰਣ ਮੰਜਰੀ ਪ੍ਰਾਰੰਭਜਤੇ । ਯੋ ਰਾਵਣੰ ਰਣ ਮੁਖੇ ਭਵਨੈਕ ਭਾਰੰ ਹਤ੍ਵਾ ਚਕਾਰ ਜਗਤ ।... (ਪੱਤਰਾ ੩੦)

ਅੰਤ– ਸੰਤ ਧਰੈਂ ਚਿਤ ਦੋਖ ਹਰੈਂ, ਉਪਕਾਰ ਕਰੈਂ ਨਿਤ ਆਨੰਦ ਪਾਈ ।
ਅੰਮ੍ਰਿਤ ਨਾਮ ਅਜੀਰਨ ਮੰਜਰੀ, ਕੀਨ ਸਟੀਕ ਸੁਧੰ ਵਡਰਾਈ ।
ਸੰਮਤ ਅੰਕ ਭੁਜੰਗ ਬਸੂ ਧਰ, ਸੋ ਗੁਰ ਦੱਤ ਕਹੀ ਨਿਪੁਨਾਈ ।
ਬਾਲ ਬਿਸਾਲ ਮਨੀਖ ਲਹੈ, ਇਮ ਦਯਾਲ ਹਰੀ ਇਤਿ ਭਾਖ ਸੁਨਾਈ ॥ ੧ ॥
ਇਤਿ ਸ੍ਰੀ ਭਵਾਨਜਨੁਚਰਾਤਮਜ ਕ੍ਰਿਤ ਭਾਖਾ ਟੀਕਾਯਾਮਯਮਮ੍ਰਿਤ ਅਜੀਰਣ ਮੰਜਰੀ ਗ੍ਰੰਥ ਸਮਾਪਤਮ । ਸ੍ਰੀ ਰਾਮਾਯ ਨਮ: । (ਪੱਤਰਾ ੩੯)

(ਕ) ਗਣ ਗਣਿਤ* ਨਿਧਿ ਸੇਤ (ਜਵਾਹਰ ਸਿੰਘ) ਸੰਮਤ ੧੯੩੨ ਬਿ. ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਅਥ ਗਣ ਗਣਿਤ ਨਿਧਿ ਸੇਤ ਕ੍ਰਿਤ ਕਵਿ ਜਵਾਹਰ ਸਿੰਘ ਲਿਖਯਤੇ ॥ ਦੋਹਰਾ ॥
ਪ੍ਰਥਮ ਮਨਾਵੋਂ ਗਣਪਤੀ... (ਪੱਤਰਾ ੧)

ਅੰਤ— ...ਕਿਯੋ ਸਮਾਪਤ ਗ੍ਰੰਥ ਕੋ, ਸ੍ਰੀ ਅੰਮ੍ਰਿਤਸਰ ਆਨ ।
ਕਟੜੇ ਸ੍ਰੀ ਪਤਿ ਗੜ੍ਹ ਵਿਖੇ, ਅਟਲ ਗੁਰੂ ਨਿਕਟਾਨ ॥ ੨੪ ॥
ਖੰਡਲ...... ਜੋਤਸੀ, ਮਮ ਗੁਰ ਈਸ ਸੁ ਮਾਨ ।
ਤਾ ਕੀ ਕ੍ਰਿਪਾ ਕਟਾਖ ਤੇ, ਰਚਜੋਂ ਗਣਿਤ ਨਿਧਿ ਆਨ ॥ ੨੫ ॥
ਕਾਸਟ ਸਾਧਕ ਕੁਲ ਵਿਖੇ, ਦਯਾ ਸਿੰਘ ਕੇ ਧਾਮ ।
ਜਵਾਹਰ ਸਿੰਘ ਕੀ ਭੂਲ ਕੋ, ਬਖਸੰ ਦਿਜ ਅਭਿਰਾਮ ॥ ੨੬ ॥
ਰਚਜੋਂ ਗਣਿਤ ਨਿਧਿ ਸੇਤ ਕੋ, ਭਾਖਾ ਛੰਦ ਬਨਾਇ ।
ਪੜ੍ਹੈ ਜੁ ਹਿਤ ਲਾਇ ਕੈ, ਜੋਤਿਸ ਮਾਰਗ ਪਾਇ ॥ ੨੭ ॥
ਨੈਨ ਗੈਨ ਭਵ ਨਾਥ ਸਸਿ, ਸਰਤ ਨਵਮ ਤਿਥਿ ਸ੍ਵੇਤ ।
ਚੰਦ ਦਿਵਸ ਸਿੰਘ ਮਾਸ ਮਧਿ, ਰਚਜੋਂ ਗਣਿਤ ਨਿਧਿ ਸੇਤ ॥ ੨੮ ॥
ਇਤਿ ਸ੍ਰੀ ਗਨਤ ਨਿਧ ਸੇਤ ਜਵਾਹਰ ਸਿੰਘ ਕ੍ਰਿਤ ਪ੍ਰਸੂਤਾ ਪਰੀਖਯਾ ਤ੍ਰਿਤਿਯੋ ਅਧਯਾਯ ਸਮਾਪਤ ॥ ੧ ॥
ਸੰਮਤ ੧੯੩੨ ਫਗਨ ਪ੍ਰਵਿਸਟਾ ੨੫ ਸਨਿਵਾਰੇ ਸੁਦੀ ੯ (ਪੱਤਰੇ ੧੪-੧੫)

੭੭. ਭਗਉਤੀ ਖਸ਼ਟਕ (ਛੱਕੇ) (ਨੰ. ੪੦੦, ਪੰ. ਆ.)

ਲੇਖਕ–ਪਾਤਸ਼ਾਹੀ ੧੦ । ਆਕਾਰ—$4\frac{1}{2}'' \times 3\frac{3}{4}''$, ਲਿਖਤ $3'' \times 2\frac{3}{4}''$ ।

ਵੇਰਵਾ– ਪੱਤਰੇ ੨੩; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ, ਜਿਸ ਕਰ ਕੇ ਦਰੁਸਤੀਆਂ ਹਾਸ਼ੀਏ ਉਤੇ ਕੀਤੀਆਂ ਹੋਈਆਂ ਹਨ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਦੇ ਆਦਿ-ਅੰਤ ਹੋਰ ਕ਼ਲਮ ਨਾਲ ਕੁਝ ਯਾਦਦਾਸ਼ਤਾਂ ਲਿਖੀਆਂ ਹੋਈਆਂ, ਜੋ ਇਸ ਪੁਸਤਕ ਨਾਲ ਕੋਈ ਸੰਬੰਧ ਨਹੀਂ ਰਖਦੀਆਂ ।

ਸਮਾਂ— ਪੁਸਤਕ ਸਵਾ ਦੋ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਵਾਹਿਗੁਰੂ ਜੀ ਕੀ ਫਤੇ ॥ ਛਕਾ ਛੰਦ ॥ ਸ੍ਰੀ ਦੇਵੀ ਜੀ ਕੀ ਉਸਤਤਿ, ਸ੍ਰੀ ਦੇਵੀ ਜੀ ਸਹਾਇ । ਪਾਤਸਾਹੀ ੧੦ । ਨਮੋ ਉਗ੍ਰਦੰਤੀ ਅਨੰਤੀ ਸਵੈਯਾ ।... (ਪੱਤਰਾ ੧)

ਅੰਤ— ਇਹ ਬਿਧਿ ਦੁਰਗੇ ਕ੍ਰਿਪਾ ਧਾਰੀ । ਅਪਨੇ ਦਾਸ ਕਉ ਲੀਓ ਉਬਾਰੀ ॥੬॥

---

*ਇਹ ਪੁਸਤਕ ਹੋੜਾ ਚਕ੍ਰ (ਜੋਤਿਸ਼) ਦਾ ਭਾਸ਼ਾ-ਅਨੁਵਾਦ ਹੈ, ਜਿਵੇਂ ਕਿ ਲਿਖਿਆ ਹੈ–
ਪੜ੍ਹੈ ਗ੍ਰੰਥ ਚਿਤ ਲਾਯ ਕੈ, ਹੋਇ ਨ ਕਬਹੂੰ ਵਕ੍ਰ ।
ਜੋਤਸ ਮਾਰਗ ਸੁਗਮ ਹ੍ਵੈ, ਬਰਨੋ ਹੋੜਾ ਚਕ੍ਰ ॥੪॥

ਇਤ ਸ੍ਰੀ ਗੋਬਿੰਦ ਸਿੰਘ ਬਿਰਚਿਤ ਭਗਉਤੀ ਛੰਦ ਖਸਟਕ ਸਮਾਪਤੰ ਮਸਤ ਸੁਭਮਸਤੁ। ਸੰਪੂਰਨੰ । ਅਸਤੋਤ੍ਰ ਦੇਵੀ ਜੀ ਕਾ ਸੰਪੂਰਨ ਭਇਆ । (ਪੱਤਰਾ ੨੩)

ਇਹ ਸਤੋਤ੍ਰ 'ਉਗ੍ਰਦੰਤੀ ਦਾ ਪਾਠ' ਨਾਂ ਨਾਲ ਮਸ਼ਹੂਰ ਹੈ, ਜੋ ਕਈ ਵਾਰ ਛਪ ਚੁੱਕਾ ਹੈ।

੮. ਸ੍ਰੀ ਗੁਰੂ ਦਸ਼ਮ ਮਹਾਰਾਜ ਕੇ ਸਲੇਸ਼ ਛਪਯ (ਨੰ. ×, ਭਾ. ਵਿ.)

ਲੇਖਕ–ਕਵੀ ਪਾਲ ਸਿੰਘ, ਸੋਢੀ। ਆਕਾਰ—$4\frac{1}{4} \times 3''$ ਲਿਖਤ—$2\frac{1}{2}'' \times 1\frac{3}{4}''$ ।

ਵੇਰਵਾ— ਪੱਤਰੇ ੮; ਪ੍ਰਤੀ ਸਫ਼ਾ ੯ ਸਤਰਾਂ, ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਕੁਝ ਤੁਕਾਂ, ਸ਼ਬਦ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ।

ਸਮਾਂ— ਨਿਸ਼ਚਿਤ ਨਹੀਂ। ਲਿਖਾਰੀ–ਨਾਮਾਲੂਮ।

ਆਰੰਭ—੧ੴ ਸਤਿ ਸ੍ਰੀ ਅਸਿਕੇਤ ਜੂ ਸਹਾਇ। ਅਥ ਸ੍ਰੀ ਗੁਰੂ ੧੦ ਮਹਾਰਾਜ ਜੂ ਕੇ ਸਲੇਸ਼ ਛਪਯ ਬਰਨਨੰ। ਸੋਢੀ ਸਾਹਿਬੁ
ਪੰਕਤਿ ਮ੍ਰਿਗਿੰਦ ਕ੍ਰਿਤ ॥ ਛਪਯ ॥ ਸਹਜ ਸਲੇਸ।
ਤੇਜ ਚੰਡ ਕਰ ਚੰਡ ਬਲਬੰਡ ਮੰਡ ਦਿਸ।
ਦੁਰਮਤਿ ਸਮ ਤਮ ਹਰਨ, ਪਾਵਨ ਸੁਪੰਥ ਜਸ।
ਨਿਤ ਪ੍ਰਤਿ ਗੌ ਗਤਿ ਪ੍ਰੀਤ ਨੀਤ, ਬਿਦਸਾ ਬਿਨੀਤ ਅਤਿ।
ਕੁਵਲਯ ਸਦ ਮਦ ਹਰਨ, ਧਰਨ ਬਰ ਉਗ੍ਰ ਸਕਤਿ ਰਤਿ।
ਅਤਿ ਅਦਭੁਤ ਚਿਤ੍ਰ ਚਰਿਤ੍ਰ ਬਰ, ਅਤਿ ਪਵਿਤ੍ਰ ਸੁੰਦਰ ਸਰਸ।
ਪੰਕਤਿ ਮ੍ਰਿਗੇਂਦ੍ਰ ਜਯ ਭਨਤ ਸ੍ਰੀ ਗੋਬਿੰਦ ਸਿੰਘ ਦਿਨ ਮਣਿ ਦਰਸ ॥੧॥ (ਪੱਤਰਾ ੧)

ਅੰਤ— ਕਬਿੱਤ ॥ ਸੀਖਨਾ ਵਿਚਾਰ ਕੀਨੋਂ ਲਾਲ ਹਾ ਮਿਲਯੈ ਆਜ,
ਨਵਲ ਅਨੂਪ ਰੂਪ ਬਰਨੀ ਨ ਜਾਤ ਹੈ।
ਬਾਤਨ ਭਰਾਏ ਸੇਜ ਸਾਜਤੀ ਸਿੰਗਾਰਤੀ ਪੈ,
ਭੂਖਨ ਕੀ ਬਨਕ ਤਨਿਕ ਨ ਸੁਹਾਤ ਹੈ।
ਭਰਤ ਉਸਾਸੇ ਕਹੂੰ ਪਰ ਤਨ ਧੀਰਜ ਕੋ,
ਡਰਤ ਹਿਯੇ ਮੈ ਕਾਨ ਧਕ ਧਕੀ ਆਧੀ ਰਾਤ ਹੈ।
ਬਾਰ ਬਾਰ ਮੁਸਕਾਤ, ਕਾਨ ਡਰ ਕੁਮਲਾਤ,
ਤਜੋ ਤਜੋ ਪਿਯਰਾਤ ਜੋ ਜੋ ਰਾਤ ਨਿਯਰਾਤ ਹੈ ॥੨੧॥
ਸਵੈਯਾ। ਹਸ ਬੋਲਨਿ ਚਾਲ... (ਪੱਤਰਾ ੮)

ਇਸ ਤੋਂ ਅੱਗੇ ਪੱਤਰਾ ਗੁਮ ਹੋਣ ਕਰ ਕੇ ਬਾਕੀ ਨਹੀਂ ਨਿਲਦਾ।

੯. ਦਸ਼ਮ ਗ੍ਰੰਥ ਕਿਸ ਨੇ ਬਣਾਯਾ ? (ਨੰ. ੨੮੪, ਭਾ. ਵਿ.)

ਲੇਖਕ–ਭਾਈ ਬਿਸ਼ਨ ਸਿੰਘ, ਗਯਾਨੀ। ਆਕਾਰ—$6\frac{3}{4}'' \times 6\frac{1}{2}''$, ਲਿਖਤ $4\frac{1}{2}'' \times 4\frac{1}{2}''$ ।

ਵੇਰਵਾ—ਪਤਰੇ ੨੯; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਵਿਲਾਇਤੀ; ਲਿਖਤ ਸਾਫ਼ ਤੇ ਸ਼ੁੱਧ, ਪਰ ਸਿੱਧੀ ਸਾਦੀ ਪਦ-ਛੇਦ ਤੋਂ ਰਹਿਤ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ ਸਾਧਾਰਣ ਹਾਲਤ ਵਿਚ ਲਿਖੀ ਹੋਈ ਤੇ ਵਿਸ਼ਰਾਮ-ਚਿੰਨ੍ਹ ਅਕਸਰ ਉਰਦੂ-ਫ਼ਾਰਸ਼ੀ ਵਾਂਗੂ ਡੈਸਾਂ ਦੀ ਸ਼ਕਲ ਵਿਚ ਲੱਗੇ ਹੋਏ; ਲੇਖਕ ਨੇ ਇਸ ਵਿਚ ਕਈ ਥਾਵੇਂ ਬਰੈਕਟਾਂ ਦੀ ਵਰਤੋਂ ਵੀ ਕੀਤੀ ਹੈ।

ਸਮਾਂ–ਸੰਮਤ ੧੯੫੯ ਬਿ.। ਲਿਖਾਰੀ–ਭਾਈ ਉੱਤਮ ਸਿੰਘ। ਸਥਾਨ—ਸੰਗਰੂਰ (ਪੰਜਾਬ)।

ਆਰੰਭ—੧ੴ ਸਤਿਗੁਰ ਪ੍ਰਸਾਦਿ ॥ (੧) ਕਈ ਆਧੁਨਿਕ ਮਹਾ ਪੁਰਖੋਂ ਕੋ ਯੇਹ ਨਿਸਚਯ ਹੋ ਰਹਾ ਹੈ ਕਿ ਦਸਮ ਪਾਤਸ਼ਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬਥਾ ਸ੍ਰੀ ਮੁਖ ਵਾਕ ਨਹੀਂ ਹੈ ਔਰ ਉਨ ਕੇ ਕਥਨ ਸੇ ਬਹੁਤ ਸੇ ਸਰਲ ਚਿੱਤੋਂ ਕੇ ਅੰਤਸਕਰਨ ਸੰਸ਼ਯ ਯੁਕਤ ਹੋ ਰਹੇ ਹੈਂ... (ਪੱਤਰਾ ੧)

ਅੰਤ—ਜੋ ਪੁਰਖ ਪੜ੍ਹਾ ਲਿਖਾ ਹੋ ਕਰ ਭੀ ਹਠ ਧਰਮੀ ਕਰੇ ਵੁਹ ਭੀ ਰਾਵਣ ਦੁਰਯੋਧਨਾਦਿ ਵਤ ਮੂਰਖੋਂ ਮੇਂ ਹੀ ਗਿਣਾ ਜਾਤਾ ਹੈ ॥ ਇਤੀ ॥ ੧ ॥

ਪੁਨ: ਦੂਸਰੇ ਸਲੋਕ ਮੇ ਭਰਥਰੀ ਜੀ ਕਹਤੇ ਹੈਂ ਕਿ ਪੱਛੀ ਕੇ ਦੰਦਾਂ ਵਿਚੋਂ ਨਹੀਂ ਨਿਕਲਦੀ ਕਦਾਚਿਤ

ਵੁਹ ਭੀ ਮਿਲ ਜਾਵੇ ਔਰ ਸਮੁੰਦ੍ਰ ਦੀਆਂ ਲਹਿਰਾਂ ਮੈਂ ਤੈਰ ਨਹੀਂ ਸਕੀਦਾ, ਕਦਾਚਿਤ ਤੈਰ ਜਾਵੈ ਔਰ ਕਾਲੇ ਸਰਪ ਕੋ ਕੋਈ ਪਕੜ ਨਹੀਂ ਸਕਦਾ, ਕਦਾਚਿਤ ਉਸ ਕੋ ਭੀ ਨਿਰਯਤਨ ਹੀ ਪਕੜ ਲੇਵੇ ਪਰੰਤੂ ਹਠ ਧਰਮੀ ਪੁਰਖ ਕੋ ਕੋਈ ਬੀ ਹਟਾ ਨਹੀਂ ਸਕਦਾ ॥ ਇਤੀ ॥

ਯਿਹ ਪੁਸਤਕ ਭਾਈ ਬਿਸ਼ਨ ਸਿੰਘ ਜੀ ਗਯਾਨੀ ਸੁਪੁਤ੍ਰ ਭਾਈ ਗੁਰਦਯਾਲ ਸਿੰਘ ਸਾਹਿਬ ਗਯਾਨੀ ਆਨੰਦਪੁਰ ਜੀ ਸਾਹਿਬ ਕੇ ਨਿਵਾਸੀ ਨੇ ਵਿਦ੍ਵਾਨੋਂ ਕੇ ਅਵਿਲੋਕਨਾਰਥ ਤਯਾਰ ਕਰੀ ਹੈ, ਪਨ: ਭਾਈ ਉਤਮ ਸਿਘ ਮਹੰਤ ਭਾਈ ਅਤਰ ਸਿੰਘ ਜੀ ਗਯਾਨੀ ਕੇ ਸੁਪੁਤ੍ਰ ਨੇ ਅਪਨੇ ਵਿਚਾਰਾਰਥ ਮਿਤੀ ਮਘਰ ਸੁਦੀ ੫ ਸੰਮਤ ੧੯੫੯ ਮੇਂ ਮੁਕਾਮ ਸੰਗਰੂਰ ਮੇਂ ਲਿਖੀ ਹੈ । (ਪੱਤਰੇ ੨੮-੨੯)

(ਹ) ਸਾਖੀਆਂ, ਵਾਰਾਂ ਤੇ ਸਿੱਖ-ਇਤਿਹਾਸ

੮੦. (ੳ) ਸਾਖੀਆਂ ਗੁਰੂ ਜੀ ਦੀਆਂ (ਪ੍ਰਾਣ ਸੰਗਲੀ ਸਮੇਤ) (ਨੰ. ੧੧੦, ਪੰ. ਪ੍ਰੀ. ਸਿ.)

ਲੇਖਕ—ਸ੍ਰੀ ਗੁਰੂ ਨਾਨਕ ਦੇਵ ਜੀ । ਆਕਾਰ—6"×8¼", ਲਿਖਤ 4½"×7" ।

ਵੇਰਵਾ—ਪੱਤਰੇ ਪਹਿਲੀ ਜਿਲਦ ੧੯੧-੩੯੧ (੨੦੧), ਦੂਜੀ ਜਿਲਦ ੩੯੨-੫੪੪ (੧੫੩), ਕੁੱਲ ਜੋੜ ੩੫੪; ਪ੍ਰਤੀ ਸਫ਼ਾ ੨੦-੨੨ ਸਤਰਾਂ; ਕਾਗਜ਼ ਦੇਸੀ; ਲਿਖਤ ਪੁਰਾਣੇ ਢੰਗ ਦੀ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਸਿਆਹੀ ਫਿੱਕੀ ਕਾਲੀ; ਕਈ ਥਾਵੀਂ ਸ਼ਬਦਾਂ ਦੇ ਅੱਖਰ ਹਾਸ਼ੀਏ ਤੋਂ ਬਾਹਰ ਲਿਖੇ ਹੋਏ, ਜੋ ਲਿਖਾਰੀ ਦੀ ਅਸਾਵਧਾਨੀ ਦੇ ਸੂਚਕ ਹਨ; ਪਹਿਲੀ ਜਿਲਦ ਪੱਤਰਾ ੧੯੧ ਤਕ ਗੁਮ, ਜਿਸ ਕਰ ਕੇ ਪੁਸਤਕ ਅਧੂਰੀ, ਪਰ ਇਕ ਦੋ ਥਾਵੀਂ ਸਾਖੀ ਪੂਰੀ ਕਰਨ ਲਈ ਕੁਝ ਪੱਤਰੇ ਹੋਰ ਕ਼ਲਮ ਨਾਲ ਲਿਖੇ ਹੋਏ, ਤੇ ਦੂਜੀ ਜਿਲਦ ਦੇ ੩੨੪ ਤੋਂ ੩੬੧ ਤਕ ਪੱਤਰੇ ਤੀਜੀ ਜਿਲਦ ਨਾਲ ਲੱਗੇ ਹੋਏ ।

ਸਮਾਂ—ਸੰਮਤ ੧੭੬੬ ਬਿ. । ਲਿਖਾਰੀ—ਨਾਮਾਲੂਮ ।

ਆਰੰਭ—(ਪਹਿਲੀ ਜਿਲਦ) ੧ਓ ਸਤਿਗੁਰ ਪ੍ਰਸਾਦਿ । ਰਾਗ ਆਸਾ ਜਪੁ ਅਰਥ ਨਾਲਿ ਪਹਿਲਾ ੧ ਅਨੂਪ ਮੰਤ੍ਰ ਗੋਸਟਿ ਗੁਰੂ ਬਾਬੇ ਨਾਨਕ ਜੀ ਦੀ । ਇਕ ਦਿਨ (ਗੁਰੂ ਬਾਬਾ) ਪੰਜਾਬ ਦੀ ਧਰਤੀ ਨਗਰ ਕਰਤਾਰ ਪੁਰ ਬੈਠਾ ਥਾ ਅਰ ਦਰਗਾਹ ਪਰਮੇਸਰ ਦੀ ਬੁਲਾਇਆ ਤਾ ਫੇਰ ਹੁਕਮ ਆਇਆ ਪਰਮੇਸਰ ਕਾ ਲਇ ਆਏ ਏਸ਼ ਜਹਾਨ ਵਿਚ । ਤਬ ਇਕਸ ਅੰਗਦ ਸਿਖ ਨੋ ਬੁਲਾਇ ਕੇ ਗੁਰੂ ਬਾਬਾ ਨਾਨਕ ਜੀ ਕਹਿਆ ਜਿ, "ਪੁਰਖਾ ਅੰਗਦਾ! ਪਾਰ ਬ੍ਰਹਮ ਕੀ ਆਗਿਆ ਹੋਈ ਹੈ ਜਿ ਮੇਰੀ ਸਿਫਤਿ ਕਰਣੀ ਅਰ ਲੋਕਾਂ ਤੇ ਕਰਾਵਣੀ ।... (ਪੱਤਰਾ ੧੯੧)

ਅੰਤ— ਉਨਮਨਿ ਮਾਇਆ ਮਮਤਾ ਨਹਿ ਹੋਤੀ ।
ਉਨਮਨਿ ਸੁੰਨ ਦੇਹੁਰੀ ਨਾ ਹੋਤੀ ।
ਉਨਮਨਿ ਗਿਆਨੁ ਧਿਆਨੁ .. ਚਾਰੇ । (ਪੱਤਰਾ ੩੯੧)

(ਅ) ਪ੍ਰਾਣ ਸੰਗਲੀ (ਗੁਰੂ ਨਾਨਕ)

ਆਰੰਭ—(ਜਿਲਦ ਦੂਜੀ) ਉਨਮਨਿ ਮੁਕਤਿ ਬੈਕੁੰਠਨ ਤਾਰੇ ।
ਉਨਮਨਿ ਭਾਇ ਭਗਤਿ ਨਹਿ ਕਾਈ ।
ਨਾਨਕ ਉਨਮਨਿ ਸਿਉ ਬਨਿ ਆਈ ॥੨॥ (ਪੱਤਰਾ ੩੯੨)

ਅੰਤ— ਸਰਬ ਕੀ ਰੇਨ ਇਸ ਮਨ ਕਉ ਕਰਿ ਜਾਨਹੁ ।
ਅੰਮ੍ਰਿਤ ਨਾਮ ਮਨ ਮਾਹਿ ਪਛਾਨਹੁ ।
ਹਉਮੈ ਦੂਰਿ ਕਰਹੁ ਚਿਤੁ ਲਾਵਹੁ ।
ਜੋ ਜੋ ਹੁਕਮ ਸੋਈ ਕਮਾਵਹੁ ।
ਬਚਨ ਸੰਪੂਰਨ ਅੰਤਰ ਧਰਹੁ ।
ਕਰਮ ਬਿਕਰਮ ਪੇਖ ਅਜਰ ਜਰਹੁ ।
ਹੋਇ ਨਿਰਲੰਬ, ਸਬਦੁ ਕਮਾਵਹੁ ।
ਨਾਨਕ ਤਤੁ ਬਿਹੰਗਮ ਜਾਵਹੁ ॥੨੧॥ (ਪੱਤਰਾ ੫੪੪)
ਬਿਹੰਗਮ ਬਾਨੀ ਸੰਪੂਰਨੁ ਹੋਈ । ਅਖਰੁ ਭੁਲ ਚੁਕ ਬਖਸਣੀ ।

ਇਸ ਪੁਸਤਕ ਵਿਚ ਕ੍ਰਮ-ਅਨੁਸਾਰ ਹੇਠ ਲਿਖੀਆਂ ਸਾਖੀਆਂ ਤੇ ਹੋਰ ਰਚਨਾਵਾਂ ਸ਼ਾਮਲ ਹਨ—(ਦੂਜੀ ਜਿਲਦ

ਵਿਚ) ਜਪੁ ਅਰਥ ਨਾਲ, ਕਥਾ ਨਾਸਕੇਤ ਕੀ, ਸਾਖੀ ਹੋਰ, ਗੋਸਟਿ ਕਬੀਰ—ਰਵਿਦਾਸ, ਗੋਸਟਿ ਰਾਮਾਨੰਦ ਕੀ, ਗੋਸਟਿ ਮਰਦਾਨੇ ਰਬਾਬੀ ਕੀ, ਸਿਧ ਗੋਸਟਿ ਅਰਥ ਨਾਲ, ਆਦਿ ਕਥਾ ਰਾਜੇ ਭਰਥਰੀ ਕੀ, ਗੋਸਟਿ ਸਮੁੰਦਰ ਪਾਰ ਹੋਈ ਸਿਧਾਂ ਨਾਲਿ, ਫੁਨਹੇ ਮਹਲਾ ੫, ਓਅੰਕਾਰ ਪਰਮਾਰਥ ਨਾਲ, ਪ੍ਰਾਨ ਸੰਗਲੀ-ਸੁਨ ਮੰਡਲ ਬੀ ਕਥਾ, ਧਿਆਉ ਹਟਾਂ ਕਾ, ਰੰਗ ਮਾਲਾ, ਓਅੰਕਾਰ ਵਡਾ, ਪੰਜਾਂ ਤਤਾਂ ਕਾ ਧਿਆਉ, ਭਵਨ, ਧਿਆਉ ਪਰਮ ਤਤ ਕਾ, ਦੂਜਾ ਧਿਆਉ ਤਤ ਕਾ ਕਲਬੂਤ, ਧਿਆਉ ਨਉ ਨਾੜੀਆਂ ਕਾ, ਧਿਆਨ, ਕੁੰਗ, ਚਾਰ ਬਾਰੀਆਂ, ਦੁਆਰ, ਧਿਆਉ ਜੋਬਨ-ਬਿਰਧ-ਅਵਸਥਾ, ਰਤਨ ਮਾਲਾ, ਧਿਆਉ ਸਹੰਸ੍ਰ ਨਾਮ, ਧਿਆਓ ਨਿਹਸੰਸਨੀ, ਰਤਨ ਮਾਲਾ ਛੋਟੀ, ਜੁਗਾਵਲੀ, ਧਿਆਉ ਵਾਹ ਵਾਹ ਕਾ, ਮਹਲ, ਸਰਬ ਗੁਣੀ, ਪ੍ਰੇਮ ਅਛਰੀ, ਅਸਟਾਂਗ ਜੋਗ, ਜੋਗ ਉਪਦੇਸ਼, ਜੋਗ ਮਾਰਗ, ਨਿਰਜੋਗ ਭਗਤਿ, ਧਿਆਉ ਕਿਦਾਰੇ ਕਾ, ਰਾਗ ਮਾਰੂ ਧਿਆਉ, ਰਾਗ ਬਿਲਾਵਲ ਕੀ ਵਾਰ (ਵਾਰ ਪੀਰਾਂ ਕੀ ਮਹਲਾ ੭) ਤੇ ਧਿਆਉ ਬਿਹੰਗਮ ਕਾ। ਪ੍ਰਾਣ ਸੰਗਲੀ ਤੋਂ ਬਿਨਾ ਲਗਭਗ ਸਾਰੀਆਂ ਹੀ ਰਚਨਾਵਾਂ ਸੋਢੀ ਮਿਹਰਬਾਨ ਦੀ ਕ੍ਰਿਤ ਜਾਪਦੀਆਂ ਹਨ।

ਇਨ੍ਹਾਂ ਤੋਂ ਬਿਨਾਂ ਪਹਿਲੀ ਜਿਲਦ ਦੀਆਂ ਰਚਨਾਵਾਂ, ਜੋ ਗੁਮ ਹਨ, ਜਿਲਦ ਦੀ ਮੁੱਢਲੀ ਸੂਚੀ ਦੇ ਅਨੁਸਾਰ ਇਹ ਹਨ—ਸਾਖੀ ਪਹਿਲੀ, ਰਾਗ ਮਾਲਾ ਪਟੀ ਮਹਲਾ ੧, ਸ੍ਰੀ ਰਾਗ, ਸੂਹੀ, ਸੋਰਠਿ, ਆਸਾ, ਮਲਾਰ, ਗਉੜੀ, ਸ੍ਰੀ ਰਾਗ, ਆਸਾ, ਧਨਾਸਰੀ, ਮਾਰੂ, ਸ੍ਰੀ ਰਾਗ, ਤਿਲੰਗ, ਗਉੜੀ, ਸੂਹੀ ਮਹਲਾ ੧ ਦੇ ਸ਼ਬਦ, ਗੋਸਟਿ ਸ਼ੇਖ ਸਰਫ ਦੀ, ਦੇਵ ਗੰਧਾਰੀ ਮਹਲਾ ੧, ਪਹਿਲੀ ਉਦਾਸੀ ਪੂਰਬ ਕੀਂ (ਗੁਰੂ ਨਾਨਕ ਦੀ), ਰਾਗ ਬਸੰਤ ਮਹਲਾ ੧. ਗੋਸਟਿ ਸਿਧਾਂ ਨਾਲ ਹੋਈ ਨਾਨਕ ਮਤੇ, ਰਾਂਗ ਸੂਹੀ ਮ: ੧, ਸਾਖੀ ਵਣਜਾਰਿਆਂ ਦੇ ਦੇਸ ਦੀ ਰਾਗ ਗਉੜੀ, ਮਾਰੂ, ਸ੍ਰੀ ਰਾਗ ਦੇ ਸ਼ਬਦ, ਜਨਮ ਸਾਖੀ ਦੀਆਂ ਬਾਕੀ ਚਾਰ ਉਦਾਸੀਆਂ ਦੇ ਹਾਲ, ਗੋਸਟਿ ਅੰਗਦ ਜੀ ਕੀ, ਗੋਸਟਿ ਜਪੁ ਕੀ, ਗੋਸਟਿ ਰਾਜੇ ਜਨਕ ਕੀ, ਗੋਸਟਿ ਅਜਿਤੇ ਰੰਧਾਵੇ ਦੀ, ਗੋਸਟਿ ਕਬੀਰ ਆਦਿ।

੯੧. ਜਨਮ ਸਾਖੀ ਗੁਰੂ ਨਾਨਕ ਜੀ ਕੀ (ਨੰ. ੧੦੬, ਮੋ. ਬਾ.)

ਲੇਖਕ– ਭਾਈ ਪੈੜਾ ਮੋਖਾ। ਆਕਾਰ— $9'' \times 6\frac{1}{4}''$, ਲਿਖਤ $7'' \times 4\frac{3}{4}''$ ।

ਵੇਰਵਾ— ਪੱਤਰੇ ੩੬੪; ਪ੍ਰਤੀ ਸਫ਼ਾ ੧੧ ਸਤਰਾਂ; ਲਿਖਾਈ ਸਾਫ਼ ਤੇ ਸ਼ੁੱਧ; ਕਾਗਜ਼ ਦੇਸੀ; ਹਾਸ਼ੀਆ ਸਾਦਾ ਕਾਲੀਆਂ ਲਕੀਰਾਂ ਵਾਲਾ।

ਸਮਾਂ— ਸੰਮਤ ੧੯੪੦ ਬਿ.। ਲਿਖਾਰੀ— ਸਿਪਾਹਾ ਸਿੰਘ (ਮਿਤੀ ਹਾੜ੍ਹ ਸੁਦੀ ੧, ਦਿਨ ਵੀਰ ਵਾਰ)।

ਆਰੰਭ– (੮ ਪੱਤਰਿਆਂ ਦੇ ਤਤਕਰੇ ਤੋਂ ਬਾਅਦ)—

> ੧ਓ ਸਤਿਗੁਰ ਪ੍ਰਸਾਦਿ ॥ ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ॥ ਸੰਮਤੁ ਪੰਦ੍ਰਾ ਸੈ ਬਿਆਸੀਆ ੧੫੮੨ ॥ ਮਿਤੀ ਵੈਸਾਖ ਸੁਦੀ ਪੰਚਮੀ ॥ ੫ ॥
>
> ਪੋਥੀ ਲਿਖੀ ਪੈੜੇ ਮੋਖੇ ਸੁਲਤਾਨ ਪੁਰ ਕੇ ਖਤਰੇਟੇ ॥ ਗੁਰੂ ਅੰਗਦ ਦੀ ਲਿਖਵਾਈ ॥ ਪੈੜੇ ਲਿਖੀ ਮੁਖ ਬਾਲੇ ਸੰਧੂ ਜਟੇਟੇ ਕੀ।

ਅੰਤ– ...ਗੁਰ ਪ੍ਰਸਾਦਿ ਪੋਥੀ ਲਿਖੀ ॥ ਸੰਪੂਰਨ ਹੋਈ ॥ ਗੁਰੂ ਅੰਗਦ ਜੀ ਕਾ ਸਦਕਾ ॥ ਸੰਮਤ ੧੯੪੦ ॥ ਮਿਤੀ ਅਹਾੜ ਸੁਦੀ ਪਹਿਲੀ ॥ ੧ ॥ ਵੀਰ ਵਾਰ ਪਹਰਿ ਦਿਨ ਚੜ੍ਹੇ ਭੋਗ ਪਾਇਆ ॥

ਇਸ ਤੋਂ ਅੱਗੇ ਲਿਖਾਰੀ ਸਿਪਾਹਾ ਸਿੰਘ ਵਲੋਂ ਕੁਝ ਸ਼ਬਦ ਅਧੀਨਗੀ ਦੇ ਹਨ ਜੋ ਕੇਵਲ ਇਸ ਸਾਖੀ ਦੀ ਨਕ਼ਲ ਤੇ ਸ਼ੁੱਧੀ ਅਸ਼ੁੱਧੀ ਨਾਲ ਹੀ ਸੰਬੰਧ ਰਖਦੇ ਹਨ।

੯੨. ਜਨਮ ਸਾਖੀ ਗੁਰੂ ਨਾਨਕ ਜੀ ਕੀ (ਸਚਿਤ੍ਰ) (ਨੰ. ੨੩੧, ਮੋ. ਬਾ.)

ਲੇਖਕ– ਭਾਈ ਪੈੜਾ ਮੋਖਾ। ਆਕਾਰ $13\frac{1}{4}'' \times 11''$, ਲਿਖਤ $10\frac{1}{4}'' \times 8''$ ।

ਵੇਰਵਾ— ਪੱਤਰੇ ੧੩੭; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਸਿਆਲ ਕੋਟੀ; ਲਿਖਤ ਸਾਫ਼ ਤੇ ਸ਼ੁੱਧ; ਸਿਆਹੀ ਮੱਧਮ ਕਾਲੀ; ਹਾਸ਼ੀਆ ਰੰਗੀਨ; ਪੁਸਤਕ ਸਜਿਲਦ (ਚਮੜੇ ਦੀ ਜਿਲਦ ਵਾਲੀ); ਸਫ਼ਿਆਂ ਦੇ ਸਾਹਮਣੇ ਥਾਂ ਪਰ ਥਾਂ ਰੰਗੀਨ ਤਸਵੀਰਾਂ ਮੁਗ਼ਲ ਆਰਟ ਦੀਆਂ, ਜੋ ਏਨੀਆਂ ਚੰਗੀਆਂ ਨਹੀਂ ਹਨ।

ਸਮਾਂ— ਲਗ ਭਗ ੧੯ ਵੀਂ ਸਦੀ ਬਿ.। ਲਿਖਾਰੀ— ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ॥ ਸੰਮਤੁ ੧੫੮੨ ॥ ਪੰਦ੍ਰਹ ਸੈ ਬੈਆਸੀ ॥ ਮਿਤੀ ਵੈਸਾਖ ਸਦੀ ੫ ॥ ਪੰਚਮੀ ਪੋਥੀ ਲਿਖੀ ਪੈੜੇ ਮੋਖੇ ਸੁਲਤਾਨ ਪੁਰ ਕੇ ਖਤਰੇਟੇ, ਗੁਰੂ ਅੰਗਦ ਲਿਖਵਾਈ ਪੈੜੇ ਲਿਖੀ।...

(ਪੱਤਰਾ ੧ ੳ)

ਅੰਤ— ਤਾ ਗੁਰੂ ਅੰਗਦ ਆਖੇ, "ਭਾਈ ਸਿਖੋ ! ਭਾਈ ਬਾਲੇ ਅਤੇ ਗੁਰੂ ਨਾਨਕ ਵਿਚ ਭੇਦ ਕੋਈ ਨਾ ਆਹਾ । ਏਹੋ ਗੁਰੂ ਅਤੇ ਸਿਖ ਦਾ ਭੇਦ ਆਹਾ ॥ ਬੋਲਹੁ ਸਤਿ ਕਰਤਾਰ, ਬੋਲਹੁ ਸਤਿ ਕਰਤਾਰ, ਬੋਲਹੁ ਸਤਿ ਕਰਤਾਰ । (ਪੱਤਰਾ ੧੩੭)

੮੩. ਜਨਮ ਸਾਖੀ ਗੁਰੂ ਨਾਨਕ ਸਾਹਿਬ (ਸਚਿਤ੍ਰ) (ਨੰ. ੧੭੮, ਮੋ. ਬਾ.)

ਲੇਖਕ—ਭਾਈ ਪੈੜਾ ਮੋਖਾ । ਆਕਾਰ—$13\frac{3}{4}'' \times 10\frac{1}{4}''$, ਲਿਖਤ $8\frac{1}{2}'' \times 6''$ ।

ਵੇਰਵਾ— ਪੱਤਰੇ ਗੋਸਟਿ ਰਾਜਾ ਜਨਕ ਦੇ $6\frac{1}{2}$ ਤੇ ਜਨਮ ਸਾਖੀ ਦੇ ੭ ਤੋਂ ੨੪੬ ਤਕ (੨੪੦); ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਵਧੀਆ ਕਸ਼ਮੀਰੀ; ਲਿਖਤ ਬੜੀ ਸਾਫ਼ ਤੇ ਸ਼ੁੱਧ; ਲਿਖਤ ਤੋਂ ਪਹਿਲਾਂ ਹਰੇਕ ਪੱਤਰੇ ਤੇ ਕਾਫ਼ੀ ਹਾਸ਼ੀਆ ਛਡ ਕੇ ਅੱਧ ਅੱਧ ਇੰਚ ਚੌੜੀ ਸੁਨਹਿਰੀ ਵੇਲ, ਜਿਸ ਵਿਚ ਊਦੀ, ਲਾਲ, ਸੁਨਿਹਰੀ ਸਿਆਹੀ ਨਾਲ ਬੜਾ ਉਮਦਾ ਤੇ ਬਾਰੀਕ ਕੰਮ ਕੀਤਾ ਹੋਇਆ ਹੈ; ਵਿਚ ਵਿਚ ਕਈ ਥਾਵੇਂ ਕੁਝ ਸਿਰਲੇਖ ਸੁਨਹਿਰੀ ਅੱਖਰਾਂ ਵਿਚ ਲਿਖ ਹੋਏ; ਮੁੱਢ ਵਿਚ ਦੋ ਪੱਤਰੇ ਸੁਨਹਿਰੀ ਚਿਤ੍ਰਕਾਰੀ ਨਾਲ ਚੰਗੀ ਤਰ੍ਹਾਂ ਸੁਸੱਜਿਤ।

ਸਮਾਂ— ਸੰਮਤ ੧੮੯੫ ਬਿ. । ਸਥਾਨ—ਕਸ਼ਮੀਰ (ਗ਼ਾਲਬਨ ਸ੍ਰੀ ਨਗਰ) । ਲਿਖਾਰੀ— ਸਾਵਣ ਸਿੰਘ ।

ਆਰੰਭ—੧ਓ ਸਤਿਗੁਰ ਪ੍ਰਸਾਦਿ ॥ ਜਨਕ ਕੀ ਗੋਸਟਿ, ਬਾਬੇ ਨਾਨਕ ਜੀ ਕੀ ਓਸਿ ਜਨਮ ਕੀ । ਬਾਹੀ ਇਕਹਤਰਿ ਪੀੜੀਆ ਰਾਜ਼ ਕੀਤੋਨ ।... (ਪੱਤਰੇ ੧-੨, ਗੋਸ਼ਟਿ ਰਾਜਾ ਜਨਕ)

ਆਗੇ ਸਾਖੀ ਬਾਬੇ ਨਾਨਕ ਜੀ ਕੇ ਜਨਮ ਕੀ ॥ ੧ ॥

੧ਓ ਸਤਿਗੁਰ ਪ੍ਰਸਾਦਿ। ਸਾਖੀ ਮਹਲੇ ਪਹਲੇ ਕੀ । ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ਲਿਖੀ ॥ ਸੰਮਤ ੧੫੮੨ । ਥਿਤਿ ਪੰਚਮੀ ਪੋਥੀ ਲਿਖੀ ।... (ਪੱਤਰਾ ੭)

ਅੰਤ— ਹਾਸਲੁ ਬਹੁਤੁ ਖਰਚੁ ਕਿਛ ਨਾਹੀ, ਕਰੇ ਤਗੀਰੁ ਨ ਹੋਈ ।
ਨਾਨਕ ਐਸੀ ਉਸ ਦੀ ਖਿਜਮਤਿ, ਬਿਨ ਭਾਗਾ ਕਿਉਂ ਹੋਈ ॥੪॥੧॥
ਬੋਲਹੁ ਭਾਈ ਜੀ ਵਾਹਿਗੁਰੂ ਸਾਖੀ ਸੰਪੂਰਨ, ਮਸਤੁ ਸੁਭਮਸਤੂ ॥ ੯੯ ॥ (ਪੱਤਰਾ ੨੪੪)

ਇਸ ਤੋਂ ਅੱਗੇ ਪੱਤਰਾ ੨੪੫ ਤੇ ੨੪੬ ਪਰ ਇਸ ਪੁਸਤਕ ਦੇ ਕਸ਼ਮੀਰ ਵਿਚ ਉਤਾਰਾ ਕਰਵਾਏ ਜਾਣ ਦਾ ਕਵਿਤਾ ਵਿਚ ਜ਼ਿਕਰ ਹੈ ਤੇ ਅੰਤ ਹੇਠ ਲਿਖੇ ਦੋਹੇ ਵਿਚ ਉਤਾਰੇ ਦਾ ਸੰਮਤ ਦਿੱਤਾ ਹੈ:—

ਬਾਣ ਅੰਕ ਵਸੁ ਇੰਦ ਫੁਨਿ, ਸੰਬਤ ਇਹ ਪਹਿਚਾਨਿ ।
ਮਕਰ ਮਾਸ ਰਿਤ ਸਿਸਰ ਮੇਂ, ਹਰਿ ਤਿਥਿ ਭ੍ਰਿਗੁ ਦਿਨਿ ਜਾਨਿ ॥

੮੪. ਜਨਮ ਸਾਖੀ ਪੁਰਾਤਨ ਗੁਰੂ ਨਾਨਕ ਜੀ ਕੀ (ਨਾ-ਮੁਕੰਮਲ) (ਨੰ. ×, ਪ੍ਰੋ. ਪ੍ਰੀ. ਸਿ.)

ਲੇਖਕ–ਨਾਮਾਲੂਮ । ਆਕਾਰ—$7\frac{1}{4}'' \times 10\frac{1}{4}''$, ਲਿਖਤ $5'' \times 8''$ ।

ਵੇਰਵਾ– ਪੱਤਰੇ ੮੭—੪੮੭ (੪੦੧); ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆਂ ਸਾਦਾ ਲਕੀਰਾਂ ਵਾਲਾ; ਪੁਸਤਕ ਖ਼ਸਤਾ ਹਾਲਤ ਵਿਚ ਤੇ ਅੰਤਲਾ ਪੱਤਰਾ ਕੁਝ ਫਟਿਆ ਹੋਇਆ ।

ਸਮਾਂ— ਪੁਸਤਕ ਢਾਈ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ– (ਮੁੱਢਲੇ ੮੬ ਪੱਤਰੇ ਗੁਮ ਹਨ) ਨਵਾਬ ਜੀ ! ਕਾਜੀ ਤੋਂ ਵਛੇਰੇ ਕਉ ਘਰਿ ਸੰਭਾਲਣਿ ਗਇਆ ਥਾ । ਤਿ ਵਛੇਰਾ ਖਾਡਰਿ ਵਿਚਿ ਪਉਦਾ ਹੋਵੇ, ਤਾਂ ਦੁਹਾਂ ਨੂੰ ਪਰਤੀਤਿ ਆਈ। ਭਈਆ ਜੀ ! ਇਉ ਮੈਂ ਸੁਣਿ ਕੇ ਆਇਆ ਹਾਂ ।... (ਪੱਤਰਾ ੮੭)

ਅੰਤ— ...ਬੋਲਹੁ ਭਾਈ ਵਾਹਗੁਰੂ ਜੀ (ਅਗੇ ਸਾਖੀ) ਹੋਰ ਚਲੀ ॥੭੫॥ ਤਾਂ ਗੁਰੂ ਨਾਨਕ ਜੀ ਅਤੇ ਮੈ ਦੋਵੇ ਗੁਰੂ ਜੀ ! ਅਸੀ ਤਿਲਵੰਡੀ ਆਏ ਤਾਂ ਅਗੋਂ ਚਾਚਾ ਲਾਲੂ ਦਵੜਿਆ ਆਇਉ....... (ਪੱਤਰਾ ੪੮੭)

ਇਸ ਤੋਂ ਅੱਗੇ ਪੱਤਰਾ ਫਟਿਆ ਹੋਣ ਕਰ ਕੇ ਬਾਕੀ ਪਾਠ ਇਸ ਪੁਸਤਕ ਦਾ ਪੜ੍ਹਿਆ ਨਹੀਂ ਜਾਂਦਾ ਤੇ ਅਗਲੇ ਪੱਤਰੇ ਗੁਮ ਹੋਣ ਕਰ ਕੇ ਪੁਸਤਕ ਕੁਝ ਅਧੂਰੀ ਵੀ ਹੈ । ਕੁੱਲ ਸਾਖੀਆਂ ਇਸ ਪੁਸਤਕ ਦੀਆਂ ੬੨ ਹਨ ।

(ਨੰ. ੭੬੩, ਪੰ. ਯੂ. ਚੰ.)

੯੫. ਜਨਮ ਸਾਖੀ ਗੁਰੂ ਨਾਨਕ ਜੀ ਕੀ

ਲੇਖਕ— ਭਾਈ ਪੈੜਾ ਮੋਖਾ । ਆਕਾਰ—6" × 4½", ਲਿਖਤ 4¼" × 3¼" ।

ਵੇਰਵਾ - ਪੱਤਰੇ ੮੭੫; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਕਈ ਥਾਵੇਂ ਲਾਲ ਸਿਆਹੀ ਨਾਲ ਲਿਖੇ ਹੋਏ; ਜਿਲਦ ਟੁੱਟਣ ਕਰ ਕੇ ਅੰਤਲੇ ਪੱਤਰੇ ਖ਼ਸਤਾ ਹਾਲਤ ਵਿਚ ਹਨ ।

ਸਮਾਂ— ਸੰਮਤ ੧੯੪੪ ਬਿ. । ਲਿਖਾਰੀ-ਭਾਈ ਸਿਪਾਹਾ ਸਿੰਘ । ਸਥਾਨ—ਅੰਮ੍ਰਿਤਸਰ (ਪੰਜਾਬ) ।

ਆਰੰਭ—(ਮੁੱਢ ਵਿਚ ੬ ਪੱਤਰਿਆਂ ਦਾ ਤਤਕਰਾ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ । ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲੁ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ । ਸਮਤੁ ੧੫੮੨ ਮਿਤੀ ਵੈਸਾਖ ਸੁਦੀ ਪੰਚਮੀ ਪੋਥੀ ਲਿਖੀ ਪੈੜੇ ਮੋਖੇ ਸੁਲਤਾਨ-ਪੁਰ ਕੇ ਵਸਨੀਕ ਖਤਰੇਟੇ ਅਰੁ ਗੁਰੂ ਅੰਗਦ ਜੀ ਲਿਖਾਈ ਮੁਖਾਸਤਿ ਭਾਈ ਬਾਲੇ ਜਟੇਟੇ ਦੀ ।... (ਪੱਤਰਾ ੧)
ਸਾਖੀ ਹੋਰ ਚਲੀ ॥੧॥ ਜਨਮ ਪੱਤਰੀ ਨਾਨਕ ਵੇਦੀ ਕੀ ਲਿਖੀ । ਸਮਤੁ ੧੫੨੬ ਮਿਤੀ ਕਤਕ ਸੁਦੀ ਪੂਰਨਮਾਸੀ ਨਾਨਕ ਜਨਮੁ ਲੀਤਾ ।... (ਪੱਤਰਾ ੧੧)

ਅੰਤ— ਢਾਢੀ ਜਪ ਸੁਖ ਪਾਇਆ, ਚਰਨ ਕਮਾਲ ਲਿਉ ਲਾਇ ।
ਦਾਸਿ ਨਾਨਕ ਕੀ ਬੇਨਤੀ, ਮੁਹਿ ਰਾਖ ਲੇਹੁ ਸਰਨਾਇ ॥੧॥
ਬੋਲਹੁ ਭਾਈ ਜੀ ਵਾਹਿਗੁਰੂ । ਸਾਖੀ ਪੂਰੀ ਹੋਈ, ਭੁਲਿ ਚੂਕਿ ਬਖਸਣੀ । ਸੰਮਤ ੧੯੪੪ ਚੇਤ੍ ਸੁਦੀ ੧, ਵਾਰ ਮੰਗਲ ਪੋਥੀ ਲਿਖੀ ਸਿਪਾਹਾ ਸਿੰਘ. ਭਾਈ ਦੇਸਾ ਅੰਮ੍ਰਿਤਸਰ ਤੇ ਲਿਖੀ । ਅਖਰ ਵਾਧਾ ਘਾਟਾ ਸੋਧ ਪੜ੍ਹਣਾ । ਗੁਰੂ ਬਖਸਿੰਦ ਹੈ । (ਪੱਤਰਾ ੮੭੫)

ਇਸ ਜਨਮ ਸਾਖੀ ਵਿਚ ਗੁਰੂ ਨਾਨਕ ਦੀਆਂ ਕੁੱਲ ੯੬ ਸਾਖੀਆਂ ਹਨ, ਜਿਸ ਕਰ ਕੇ ਇਹ ਬੜਾ ਸੰਖੇਪ ਇਤਿਹਾਸ ਹੈ ।

੯੬. ਜਨਮ ਸਾਖੀ ਗੁਰੂ ਨਾਨਕ ਜੀ ਦੀ (ਤੇ ਹੋਰ ਸਾਖੀਆਂ ਆਦਿ) (ਨੰ. ੩੪੨, ਪੰ. ਆ.)

ਲੇਖਕ— ਭਾਈ ਪੈੜਾ ਮੋਖਾ । ਆਕਾਰ—6¼" × 8¾", ਲਿਖਤ 4½" × 6½" ।

ਵੇਰਵਾ— ਪੱਤਰੇ ੪੮੨; ਪ੍ਰਤੀ ਸਫ਼ਾ ੧੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਪਰ ਕਿਤੇ ਕਿਤੇ ਅਸ਼ੁੱਧੀਆਂ ਵੀ ਹਨ, ਜੋ ਹੜਤਾਲ ਫੇਰ ਕੇ ਸੋਧੀਆਂ ਹੋਈਆਂ ਹਨ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ ।

ਸਮਾਂ— ਸੰਮਤ ੧੯੫੬ ਬਿ. । ਲਿਖਾਰੀ—ਰਾਮ ਸਿੰਘ, ਲਾਹੌਰੀ । ਸਥਾਨ-ਫਗਵਾੜਾ (ਜਾਲੰਧਰ) ।

ਆਰੰਭ- (ਮੁੱਢ ਵਿਚ ੭ ਪੱਤਰਿਆ ਦਾ ਤਤਕਰਾ ਆਦਿ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ । ਜਨਮ ਪਤ੍ਰੀ ਗੁਰੂ ਬਾਬੇ ਨਾਨਕ ਜੀ ਕੀ । ਸੰਮਤੁ ਪੰਦ੍ਰਾਂ ਸੈ ਬਿਆਸੀਆ ॥ ੧੫੮੨ ॥ ਮਿਤੀ ਵੈਸਾਖ ਸੁਦੀ ਪੰਚਮੀ ॥੫॥ ਪੋਥੀ ਲਿਖੀ ਪੈੜੇ ਮੋਖੇ ਸੁਲਤਾਨ ਪੁਰ ਕੇ ਖਤਰੇਟੇ । ਗੁਰੂ ਅੰਗਦ ਜੀ ਲਿਖਵਾਈ, ਪੈੜੇ ਲਿਖੀ । (ਪੱਤਰਾ ੧)

ਸੰਮਤੁ ੧੫੨੬ ਮਿਤੀ ਕਤਕ ਸੁਦੀ ਪੂਰਨਮਾਸੀ ੧੫ ਗੁਰੂ ਨਾਨਕ ਜੀ ਜਨਮ ਲੀਤਾ ਕਾਲੂ ਵੇਦੀ ਦੇ ਘਰਿ । ਕਾਲੂ ਦਾ ਪਿਰੋਹਤ ਹਰ ਦਿਆਲ ਮਿਸਰ ਆਹਾ ।... (ਪੱਤਰਾ ੪)

ਅੰਤ— ...ਹਾਸਲ ਬਹੁਤੁ ਖਰਚੁ ਕੁਛੁ ਨਾਹੀ, ਕਰੇ ਤਗੀਰ ਨ ਕੋਈ ।
ਨਾਨਕ ਐਸੀ ਉਮਦੀ ਖਿਜਮਤਿ, ਬਿਨੁ ਭਾਗਾ ਕਿਉ ਹੋਈ ॥੪॥੧॥
ਏਹੁ ਸਬਦੁ ਤਲਵੰਡੀ ਹੋਇਆ ਆਹਾ । ਗੁਰ. ਪ੍ਰਸਾਦਿ ਪੋਥੀ ਜੀ ਲਿਖੀ, ਸੰਪੂਰਨ ਹੋਈ । ਗੁਰੂ ਸੰਗਤਿ ਜੀ ਕਾ ਸਦਕਾ । ਸੰਮਤ ੧੯੫੬ । ਮਿਤੀ ਜੇਠ ਸੁਦੀ ੫ । ਵਾਰ ਆਇਤ ਪੋਥੀ ਜੀ ਸੰਪੂਰਨ ਹੋਈ ਨਗਰ ਫਗਵਾੜੇ ਵਿਚਿ । ਲਿਖੀ ਸੰਗਤਿ ਕਾ ਗੁਲਾਮੁ ਸਿੰਘ ਰਾਮ ਵਾਸੀ ਲਾਹੌਰ ਕੀ, ਗੁਜਰੁ ਰੜਾ ਸਿਖ ਗੁਰੂ ਨਾਨਕ ਜੀ ਕੇ ਮੇਲੂ ਬਾਬਾ ਕੁੰਜਾਹੀ ਮਲ ਭਲੇ ਕਾ, ਗੁਰੂ ਅਮਰ ਦਾਸ ਜੀ ਕੇ ਸਾਹਿਬਜਾਦੇ । ਭੁਲਾ ਚੁਕਾ ਬਖਸ ਲੈਣਾ । ਗੁਰੂ ਦਸਵਾ ਪਾਤਿਸਾਹ ਸਹਾਈ ਗੁਰੂ ਗੋਬਿੰਦ ਸਿੰਘ ਸਾਹਿਬੁ । ਗੁਰੂ ਨਾਨਕ ਜੀ ਕੀ ਜਨਮੁ ਸਾਖੀ ਸੰਪੂਰਨ ਹੋਈ ਗੁਰ ਪ੍ਰਸਾਦਿ । (ਪੱਤਰਾ ੨੫੬)

ਇਸ ਤੋਂ ਅੱਗੇ ੪ ਸ਼ਬਦ ਮੀਰਾਂ ਬਾਈ ਤੇ ਸੂਰ ਦਾਸ ਦੇ ਹਨ ਤੇ ਫੇਰ ਅੱਗੇ ਹੋਰ ਕਲਮ ਨਾਲ ਗੁਰੂ ਨਾਨਕ ਦੀਆਂ ਪਿਛਲੀ ਉਮਰ ਦੀਆ ਸਾਖੀਆਂ ੧੨ ਪੱਤਰਿਆਂ ਉਤੇ ਦਰਜ ਹਨ । ਇਸ ਤੋਂ ਬਾਦ ਪੱਤਰਾ ੨੮੬ ਤਕ ਦਸ ਗੁਰੂਆਂ ਦੀਆਂ ਸਾਖੀਆਂ ਤੇ ਫੇਰ ੨੮੭ ਤੋਂ ੩੯੦ ਤਕ ਆਦਿ ਗੁਰੂ ਗ੍ਰੰਥ ਜੀ ਦੇ ਚੋਣਵੇਂ ਸ਼ਬਦ, ਤੇ ਇਸ ਤੋਂ ਬਾਦ ੩੯੬ ਤਕ ਗੁਰੂ ਦਸ਼ਮ ਪਾਤਸ਼ਾਹ ਦੀ ਬਾਣੀ, ਪੱਤਰਾ ੩੯੬ ਤੋਂ ੪੦੪ ਤਕ ਵਲੀ ਰਾਮ ਦੇ ੧੦੦ ਝੂਲਣੇ, ਪੱਤਰਾ ੪੦੪ ਤੋਂ ੪੩੨ ਤਕ ਆਂਜੜੇ ਰੰਧਾਵੇ ਦੀ ਗੋਸਟਿ (ਗੁਰੂ ਨਾਨਕ ਨਾਲ), ਫੇਰ ੪੩੨ ਤੋਂ ੪੩੩ ਤਕ ਨਸੀਹਤ ਨਾਮਾ

ਮਹਲਾ ੧, ੪੩੩ ਤੋਂ ੪੨੪ ਤਕ ਸ੍ਰੀ ਸਤਿਗੁਰ ਜੀ ਕੀ ਮਹਿਮਾ ਉਸਤਤਿ (ਗੁਰ ਪ੍ਰਣਾਲੀ), ੪੩੫ ਤੋਂ ੪੩੮ ਤਕ ਗਰੜ ਗੀਤਾ, ੪੩੯ ਤੋਂ ੪੫੬ ਤਕ ਭੱਟਾਂ ਦੇ ਸਵੈਯੇ ਤੇ ਆਦਿ ਗੁਰੂ ਗ੍ਰੰਥ ਜੀ ਦੀ (ਖਾਰੀ ਬੀੜ ਦੇ ਅਨੁਸਾਰ) ਕੁਝ ਅੰਤਲੀ ਬਾਣੀ, ੪੫੭ ਤੋਂ ੪੫੮ ਤਕ ਖਟ ਸ਼ਾਸਤ੍ਰ (ਵਲੀ ਰਾਮ), ੪੫੯ ਤੋਂ ੪੬੬ ਤਕ ਵਿਚਾਰ ਮਾਲਾ (ਅਨਾਥ ਪੁਰੀ), ੪੬੬ ਤੋਂ ੪੬੮ ਤਕ ਰਤਨ ਮਾਲਾ ਸੁਕ ਦੇਵ ਜੀਉ ਕੀ, ੪੬੯ ਤੋਂ ੪੭੪ ਤਕ ਜਾਪੁ ਪਾਤਸ਼ਾਹੀ ੧੦, ੪੭੫ ਤੋਂ ੪੭੮ ਤਕ ਬੇਨਤੀ ਚੌਪਈ (ਪਾਤਸ਼ਾਹੀ ੧੦), ਬਿਲਾਵਲ ਮਹਲਾ ੫ ਤੇ ਕਬੀਰ (ਬਿਲਾਵਲ) ਦੇ ਸ਼ਬਦ, ੪੭੯ ਤੋਂ ੪੮੧ ਤਕ ੭੫ ਸ਼ਲੋਕ ਭਗਤ ਕਬੀਰ ਜੀਉ ਕੇ, ਜੋ ਗੁਰੂ ਗ੍ਰੰਥ ਜੀ ਦੀ ਬਾਣੀ ਨਾਲ ਮੇਲ ਨਹੀਂ ਖਾਂਦੇ, ੪੮੨ ਤੋਂ ੪੮੩ ਤਕ ਬਜੀਦ ਜੀ ਦੇ ਸ਼ਲੋਕ (ਅਧੂਰੇ) ਦਰਜ ਹਨ। ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਇਹ ਪੁਸਤਕ ਅਧੂਰੀ ਹੈ।

੮੭. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (ਸਚਿਤ੍ਰ) (ਨੰ. ੭੫੯, ਪੰ. ਯੂ. ਚੰ.)

ਲੇਖਕ– ਭਾਈ ਪੈੜਾ ਮੋਖਾ। ਆਕਾਰ—$11\frac{3}{4}'' \times 5\frac{1}{2}''$, ਲਿਖਤ $8\frac{1}{2}'' \times 4''$।

ਵੇਰਵਾ— ਪੱਤਰੇ ੩੮੨; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਲਿਖਤ ਦੀ ਖ਼ੂਬਸੂਰਤੀ ਲਈ ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਚਿਤ੍ਰ ਤੇ ਚਿਤ੍ਰ ਸਾਰੇ ਦੇ ਸਾਰੇ ਰੰਗੀਨ ਮੁਗ਼ਲੇਈ ਕ਼ਲਮ ਦੇ, ਜੋ ਗਿਣਤੀ ਵਿਚ ੬੬ ਹਨ; ਪੁਸਤਕ ਸਜਿਲਦ, ਪਰ ਜਿਲਦ ਉੱਖੜੀ ਹੋਈ; ਅੰਤਲਾ ਪੱਤਰਾ ਕੁਝ ਫਟਿਆ ਹੋਇਆ।

ਸਮਾਂ— ਸੰਮਤ ੧੯੦੨ ਬਿ.। ਲਿਖਾਰੀ-ਬਾਵਾ ਈਸਰਾ ਸਿੰਘ। ਸਥਾਨ—ਫਗਵਾੜਾ, ਜ਼ਿਲਾ ਜਾਲੰਧਰ।

ਆਰੰਭ– ੴ ਸਤਿਗੁਰ ਪ੍ਰਸਾਦਿ। ਸ੍ਰੀ ਰਾਮ ਜੀ। ਸ੍ਰੀ ਗੁਰੂ ਬਾਬਾ ਨਾਨਕ ਨਿਰੰਕਾਰ ਜੀ। ਸ੍ਰੀ ਬਾਸਦੇਵ ਜੀ ॥੧॥ ਸਾਖੀ ਚਲੀ ਮਹਲਾ ॥੧॥ ਬੇਦ ਸਦਾਏ ਇਕ ਦਿਨ ਆਗਿਆ ਹੋਈ ਨਿਰੰਕਾਰ ਕੀ ਨਿਰੰਕਾਰ ਕਉ ਜੁ, "ਨਾਨਕ ਜੀ! ਚਾਰ ਜੁਗ ਪ੍ਰਗਟਾਏ ਹੈਨਿ, ਚਾਰੇ ਬੇਦ ਭੀ ਕੀਤੇ ਲੋੜੀਅਨਿ।"... (ਪੱਤਰਾ ੧)

ੴ ਸਤਿਗੁਰ ਪ੍ਰਸਾਦਿ। ਸ੍ਰੀ ਰਾਮ ਜੀ ॥੨॥ ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ਸੰਮਤੁ ੧੫੮੨ ਪੰਦਰਾਂ ਸੈ ਬਿਆਸੀ ਮਿਤੀ ਬੈਸਾਖ ਸੁਦੀ ਪੰਚਮੀ ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੇਟੇ, ਗੁਰੂ ਅੰਗਦਿ ਲਿਖਵਾਈ...

(ਪੱਤਰਾ ੫)

ਅੰਤ— ਸੰਮਤ ੧੫੯੫ ॥੧॥ ਵਰਖੇ ਮਾਹਿ ਅਸੂ ਦੀ ॥੧੦॥ ਦਸਮੀ ਕੇ ਦਿਨ ਬਾਬਾ ਨਾਨਕ ਜੀ ਦਰਗਾਹਿ ਗਏ ਕਰਤਾਰ ਪੁਰ ਵਿਚਿ, ਜਨਮ ਸਾਖੀ ਸੰਪੂਰਨ ਹੋਈ। ੧॥...ਨਗਰ ਫਗਵਾੜਾ ਸਹਿਰ ਦਿਸ ਉਤਮ ਠਵਰ ਗੁਰ ਨਾਨਕ ਜਨਮ ਸਾਖੀ ਈਸਰਾ ਸਿੰਘ ਸਾਹਵ ਲਿਖਜੋ ਗੁਰ ਨਾਨਕ ਕੀ ਅੰਸ ਬੇਦੀ ਵੰਸ ਫਗਵਾੜੇ ਦੀ ਵਾਸੀ, ਈਸਰਾ ਸਿੰਘ ਪੋਥੀ ਲਿਖੀ। ਸੰਮਤੁ ੧੯੦੨ ਮਹੀਨਾ ਮਾਘ ਚੜ੍ਹੇ ਤਿਨ ਮੇ ਪਰਵਿਸਟੇ ਜਨਮ ਸਾਖੀ ਸੰਪੂਰਨੰ।... (ਪੱਤਰੇ ੩੮੧-੮੨)

੮੮. ਜਨਮ ਸਾਖੀ ਗੁਰੂ ਨਾਨਕ ਜੀ ਕੀ (ਨੰ. ×, ਪੰ. ਸਾ. ਅ.)

ਲੇਖਕ– ਭਾਈ ਪੈੜਾ ਮੋਖਾ। ਆਕਾਰ—$13'' \times 10''$, ਲਿਖਤ—$10'' \times 7''$।

ਵੇਰਵਾ— ਪੱਤਰੇ ੩੭੨; ਪ੍ਰਤੀ ਸਫ਼ਾ ੧੬ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਲਿਖਤ ਦੀ ਖ਼ੂਬਸੂਰਤੀ ਵਾਸਤੇ ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ—ਸੰਮਤ ੧੯੨੭ ਬਿ.। ਲਿਖਾਰੀ—ਨਾਮਾਲੂਮ। ਸਥਾਨ—ਧਰਮਸਾਲਾ ਭਾਈ ਗੁਰਦਿੱਤ ਸਿੰਘ ਜੀ ਦੀ।

ਆਰੰਭ— ੴ ਸਤਿਨਾਮੁ ਕਰਤਾ ਪੁਰਖੁ... ਗੁਰ ਪ੍ਰਸਾਦਿ। ਅਥ ਜਨਮ ਸਾਖੀ ਮਹਲਾ ੧ ਅਮਰ ਕਥਾ। ਜੋ ਕੋਈ ਏਹੁ ਅਮਰ ਕਥਾ ਕੀ ਪੋਥੀ ਹਿਤ ਚਿਤ ਲਾਇ ਕੈ ਪੜ੍ਹੈ ਸੁਣੈਗਾ ਤਿਸ ਕਾ ਜਨਮੁ ਮਰਨ ਕਟੀਐਗਾ ਅਰ ਤਿਸ ਕੀ ਮੁਕਤਿ ਹੋਵੈਗੀ, ਅਮਰ ਹੋਵੈਗਾ। (ਪੱਤਰਾ ੧)

✓ ਸੰਬਤ ੧੫੨੬ ਮਿਤੀ ਕਤਕ ਦੀ ਪੂਰਨਮਾਸੀ। ਤਾਂ ਗੁਰੂ ਨਾਨਕ ਜੀ ਜਨਮ ਲੀਤਾ ਕਾਲੂ ਵੇਦੀ ਦੇ ਘਰ... (ਪੱਤਰਾ ੩੬)

ਅੰਤ— ਏਹੁ ਗੁਰੂ ਬਾਬੇ ਨਾਨਕ ਜੀ ਕੇ ਅਉਤਾਰ ਕੀ ਕਥਾ ਹੈ ਜੋ ਪੜ੍ਹੈ ਸੁਣੈਗਾ, ਸੁਣਾਵੈਗਾ ਸੋ ਸਭ ਹੀ ਮੁਕਤ ਕੋ ਪਾਵੈਗਾ।

ਫੇਰ ਚਉਰਾਸੀ ਲਖ ਜੀਆ ਕੀ ਜੂਨ ਮੈ ਨਾ ਆਵੈਗਾ ॥੨੩੧॥ ੧ਓ ਸਤਿਗੁਰ ਪ੍ਰਸਾਦਿ ।
ਸਲੋਕ ਮ: ੧ ॥ ਨਾਨਕ ਪੰਥੀ ਸੇ ਤਰੇ, ਜੋ ਆਏ ਪੰਥੇ ਮਾਹਿ ।
ਆਪ ਮਿਟਾਇ ਸੇਵਾ ਕਰਨ, ਨਾ ਚਲਨ ਦੂਜੇ ਰਾਹਿ ।
ਗੁਰ ਬਿਨ ਅਵਰ ਨ ਸੁਝਈ, ਜੰਮ ਕੇ ਪੰਥ ਨ ਪਾਹਿ ।
ਤਿਨ ਕੀ ਮਹਿਮਾ ਕਿਆ ਗਨੀ, ਉਸਤਤਿ ਕਹਿਨ ਨ ਜਾਇ ।
ਗੁਰ ਭਾਣੇ ਹਰਿ ਭਾਇਆ, ਹਰਿ ਕੈ ਸੰਗਿ ਸਮਾਇ ।
ਨਾਨਕ ਦਾਸ ਕੀ ਬੇਨਤੀ, ਤਿਨ ਕੈ ਸੰਗਿ ਮਿਲਾਇ ॥੧॥
ਸਲੋਕ ਮਹਲਾ ੧ ॥ ਕਿਆ ਹਉ ਪਾਪੀ ਅਧਮ ਕੀਟ, ਤੇਰੇ ਗੁਨ ਕਹਾ ਸੁਨਾਇ ।
ਕਥਤਾ ਬਕਤਾ ਆਪ ਹੀ, ਗੁਨ ਗਾਇ ਗਾਵੈ, ਸੁਣੈ, ਲਿਖੈ-ਪੜ੍ਹੈ ਚਿਤ ਲਾਇ ।
ਨੇ ਤਿਸ ਹਰਿ ਲੀਏ ਮਿਲਾਇ । ਹਉ ਢਾਢੀ ਦਰ ਮੰਗਤਾ ਦੀਜੈ ਦਾਨ ਰਜਾਇ ।
ਨਾਮ ਦਾਨ ਦੇਵਹੁ ਜਨ ਆਪਨੇ, ਰਜਾ ਤ੍ਰਿਪਤ ਅਘਾਇ ।
ਢਾਢੀ ਜਪੁ ਸੁਖ ਪਾਇਆ, ਚਰਨ ਕਮਲ ਮਨ ਲਾਇ ।
ਨਾਨਕ ਦਾਸ ਕੀ ਬੇਨਤੀ, ਮੋਹਿ ਰਾਖ ਲੇਹੁ ਸਰਨਾਇ ॥੨॥

ਬੋਲੋ ਭਾਈ ਜੀ ਵਾਹੁਗੁਰੂ, ਜਨਮ ਸਾਖੀ ਸੰਪੂਰਨ ਹੋਈ ਗੁਰੂ ਬਾਬੇ ਨਾਨਕ ਜੀ ਕੀ । ਗੁਰੂ ਨਾਨਕ ਨਿਰੰਕਾਰੀ ਧੰਨ ਹੈ । ਸੰਬਤ ਉਨੀ ਸੈ ਸਤਾਵੀ ੧੯੨੭, ਮਿਤੀ ਮਾਘ ਦਿਨੇ ਬਾਰਵੀ ੧੨, ਵਾਰ ਸੋਮ, ਪੋਥੀ ਸੰਪੂਰਨ ਹੋਈ । ਧਰਮ ਸਾਲ ਭਾਈ ਗੁਰਦਿਤ ਸਿੰਘ ਦੀ ਸੰਪੂਰਨ ਹੋਈ । ਭੂਲ ਚੁਕ ਬਖਸਣਾ ॥ ਧੰਨ ਗੁਰੂ ਨਾਨਕ ਦੇਵ । (ਪੱਤਰੇ ੩੭੧-੭੨)

੮੯. ਜਨਮ ਸਾਖੀ ਗੁਰੂ ਨਾਨਕ ਜੀ ਦੀ (ਨੰ. ੩੩੯, ਪੰ. ਆ.)

ਲੇਖਕ — ਭਾਈ ਪੈੜਾ ਮੋਖਾ । ਆਕਾਰ— $13\frac{1}{2}'' \times 9\frac{1}{2}''$, ਲਿਖਤ $10\frac{1}{2}'' \times 6\frac{3}{4}''$ ।

ਵੇਰਵਾ-ਪੱਤਰੇ ੩੬੫; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ, ਜਿਸ ਕਰ ਕੇ ਦਰੁਸਤੀਆਂ ਹਾਸ਼ੀਏ ਉੱਤੇ ਕੀਤੀਆਂ ਹੋਈਆਂ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਬੜੀ ਅੱਛੀ ਹਾਲਤ ਵਿਚ ਹੈ ।

ਸਮਾਂ- ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ-੧ਓ ਸਤਿਨਾਮੁ ਕਰਤਾ ਪੁਰਖੁ ਨਿ(ਰ)ਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ । ਅਬ ਜਨਮ ਸਾਖੀ ਮ: ੧ ਅਮਰ ਕਥਾ । ਜੇ ਕੋਈ ਇਹ ਅਮਰ ਕਥਾ ਦੀ ਪੋਥੀ ਹਿਤ ਚਿਤ ਲਾਇ ਕੈ ਪੜ੍ਹੈ-ਸੁਣੈਗਾ, ਤਿਸ ਕਾ ਜਨਮ ਮਰਨ ਕਟੀਐਗਾ ਅਰ ਤਿਸ ਕੀ ਮੁਕਤਿ ਹੋਵੈਗੀ ।... (ਪੱਤਰਾ ੧)

ਅੰਤ- ਏਹੁ ਗੁਰੂ ਬਾਬੇ ਨਾਨਕ ਜੀ ਕੇ ਅਉਤਾਰ ਕੀ ਕਥਾ ਹੈ । ਜੋ ਪੜ੍ਹੈ ਸੁਨੈਗਾ, ਸੁਨਾਵੈਗਾ ਸੋ ਸਭ ਹੀ ਫਲ ਪਾਵੈਗਾ । ਮੁਕਤ ਚਾਹੈ ਮੁਕਤ ਕੋ ਪਾਵੈਗਾ । ਫੇਰ ਚਉਰਾਸੀ ਲਖ ਜੀਅ ਕੀ ਜੂਨ ਮੈ ਨ ਆਵੇਗਾ ॥ ੨੨੫* ॥ ੧ਓ ਸਤਿਗੁਰ ਪ੍ਰਸਾਦਿ ।
ਸਲੋਕ ॥ ਨਾਨਕ ਪੰਥੀ ਸੇ ਤਰੇ, ਜੋ ਆਏ ਪੰਥੈ ਮਾਹਿ ।
ਆਪ ਮਿਟਾਇ ਸੇਵਾ ਕਰਨ, ਨ ਚਲਨ ਦੂਜੈ ਰਾਹਿ ।
ਗੁਰ ਬਿਨ ਅਵਰ ਨ ਸੁਝਈ, ਜਮ ਕੇ ਪੰਥ ਨ ਪਾਹਿ ।
ਤਿਨ ਕੀ ਮਹਿਮਾ ਕਿਆ ਗਨੀ, ਉਸਤਤਿ ਕਹਿਣ ਨ ਜਾਇ ।
ਗੁਰ ਭਾਣੈ ਹਰਿ ਭਾਇਆ, ਹਰਿ ਕੈ ਸੰਗ... (ਪੱਤਰਾ ੩੬੫)

ਇਸ ਤੋਂ ਅਗਲਾ ਪੱਤਰਾ ਗੁੰਮ ਹੋਣ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ ।

੯੦. ਜਨਮ ਸਾਖੀ ਬਾਬੇ ਨਾਨਕ ਜੀ ਕੀ (ਸਚਿਤ੍ਰ) (ਨੰ. ੨੫੧੨, ਸੈਂ. ਸਿੱ. ਮਜੂ.)

ਲੇਖਕ—ਭਾਈ ਪੈੜਾ ਮੋਖਾ । ਆਕਾਰ—$7'' \times 5\frac{1}{4}''$, ਲਿਖਤ $5\frac{1}{2}'' \times 3\frac{3}{4}''$ ।

ਵੇਰਵਾ— ਪੱਤਰੇ ੪੧੦; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਬੜੀ ਸਾਫ਼ ਤੇ ਸ਼ੁੱਧ; ਪੁਸਤਕ ਸਚਿਤ੍ਰ; ੧੯ ਚਿਤ੍ਰ

*ਇਸ ਪੁਸਤਕ ਵਿਚ, ਜਿਵੇਂ ਕਿ ਇਨ੍ਹਾਂ ਹਿੰਦਿਸਿਆਂ ਤੋਂ ਪਤਾ ਲਗਦਾ ਹੈ, ਕੁੱਲ ਸਾਖੀਆਂ ੨੨੫ ਹਨ ਜੋ ਹੋਰ ਸਾਖੀਆਂ ਨਾਲੋਂ ਮੁਕਾਬਲਤਨ ਵਧੀਕ ਹਨ ।

ਰੰਗੀਨ, ਜੋ ਗੁਰੂ ਨਾਨਕ ਜੀਵਨ ਸੰਬੰਧੀ ਮੁਗ਼ਲੇਈ ਚਿਤ੍ਰਕਾਰੀ ਦ ਸੁੰਦਰ ਨਮੂਨੇ ਹਨ; ਪੁਸਤਕ ਪਰ ਸਿਖ ਹਿਸਟਰੀ, ਸੁਸਾਇਟੀ ਅੰਮ੍ਰਿਤਸਰ ਦੀ ਮੁਹਰ ਲੱਗੀ ਹੋਈ; ਹਾਸ਼ੀਆ ਰੰਗੀਨ (ਚੋਕੋਰ) ਲਕੀਰਾਂ ਵਾਲਾ, ਸਿਰਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਕੁੱਲ ਸਾਖੀਆਂ, ਜੋ ਇਸ ਪੁਸਤਕ ਵਿੱਚ ਦਿੱਤੀਆਂ ਹੋਈਆਂ ਹਨ, ੭੬, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਹ ਸਾਖੀ ਪੁਰਾਤਨ ਜਨਮ ਸਾਖੀ ਤੋਂ ਬਗ਼ੈਰ ਹੋਰ ਜਨਮ ਸਾਖੀਆਂ ਨਾਲੋਂ ਬਹੁਤੀ ਸੰਖੇਪ ਹੈ; ਪੁਸਤਕ ਜਿਲਦਦਾਰ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਡੇਢ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ਲਿਖੀ। ਸੰਮਤੁ ੧੫੯੬ ਥਿਤਿ ਪੰਚਮੀ ਲਿਖੀ ਪੋਥੀ ਪੈੜੇ ਮੋਖੇ ਸੁਲਤਾਨ ਪੁਰ ਕੇ ਵਸਨੀਕ ਖਤਰੇਟੇ, ਲਿਖਾਈ (ਗੁਰੂ ਅੰਗਦ ਜੀ ਨੇ)। ਲਿਖੀ ਭਾਈ ਪੈੜੇ ਮੁਖਾ ਸਤਿ ਭਾਈ ਬਾਲੇ ਸੰਧੂ ਜਟੇਟੇ ਦੀ। ਜਨਮ ਪਤ੍ਰੀ ਗੁਰੂ ਨਾਨਕ ਦੇਵ ਜੀ ਕੀ ਲਿਖੀ। (ਪੱਤਰਾ ੧)

ਸੰਮਤੁ ੧੫੨੬ ਮਿਤੀ ਕਤਿਕ ਸੁਦੀ ਪੰਦ੍ਰਸਿ ੧੫ ਤਿਲਵੰਡੀ ਰਾਇ ਭੋਏ ਭਟੀ ਦੀ, ਬਾਬੇ ਨਾਨਕ ਜੀ ਜਨਮੁ ਲਇਆ। ਕਾਲੂ ਖਤ੍ਰੀ ਜਾਤਿ ਕਾ ਵੇਦੀ ਤਿਸ ਦੇ ਘਰਿ ਜਨਮੁ ਲਇਆ।...

(ਪੱਤਰੇ ੭-੮)

ਅੰਤ– ਹਾਸਲੁ ਬਹੁਤ ਖਰਚ ਕੁਛ ਨਾਹੀ, ਕਰੇ ਤਗੀਰ ਨ ਕੋਈ।
ਨਾਨਕ ਦਰਸਨ ਉਨ ਕੀ ਖਿਜਮਤਿ, ਭਾਗ ਵਡੇ ਤੇ ਹੋਈ ॥੪॥੧॥
ਤਾ ਏਹੁ ਸਬਦੁ ਤਿਲਵੰਡੀ ਹੋਇਆ ਸੀ ਜਾਂ ਰਾਇ ਪਾਸੋ ਲਾਲੂ ਅਖਵਾਇਆ ਸੀ ॥੭੬॥
ਬੋਲੋ ਭਾਈ ਜੀ ਵਾਹਗੁਰੂ ਜੀ।... (ਪੱਤਰਾ ੪੦੯)

ਇਸ ਤੋਂ ਅੱਗੇ ਪੱਤਰੇ ੪੦੯-੧੦ ਪਰ ਭਾਈ ਬਾਲੇ ਦੇ ਚੋਹਾਂਤ ਦੀ ਇਕ ਹੋਰ ਵਾਧੂ ਸਾਖੀ ਹੈ ਜਿਸ ਦੇ ਅੰਤਲੇ ਸ਼ਬਦ ਹਨ–

"ਜਾਂ ਦੂਇ ਮਹੀਨੇ ਪੂਰੇ ਹੋਏ ਤਾਂ ਬਾਲੀ (ਬਾਲੇ) ਦੀ ਦੇਹ ਛੁਟੀ। ਤਾਂ ਆਪਣੇ ਹਥੋ ਗੁਰੂ ਅੰਗਦ ਜੀ ਅਲੰਬੂ ਦਿਤਾ। ਸਭੇ ਸਿਖ ਹਥ ਪਕੜ ਰਹੇ ਤਾਂ ਗੁਰੂ ਅੰਗਦ ਆਖੇ, "ਭਾਈ ਸਿਖੋ! ਭਾਈ ਬਾਲੇ ਅਤੇ ਗੁਰੂ ਨਾਨਕ ਵਿਚਿ ਭੇਦ ਕਿਛੁ ਨਹੀਂ ਆਹਾ। ਏਹ ਗੁਰੂ ਅਤੇ ਸਿਖ ਦਾ ਭੇਦ ਆਹਾ। ਬੋਲੋ ਭਾਈ ਜੀ ਵਾਹਗੁਰੂ ਜੀ। ਬੋਲੋ ਭਾਈ ਜੀ ਸਤਿ ਕਰਤਾਰ। (ਪੱਤਰਾ ੪੧੦)

੯੧. ਜਨਮ ਸਾਖੀ ਗੁਰੂ ਨਾਨਕ ਜੀ ਕੀ (ਨੰ. ੧੯੭, ਪ੍ਰੋ. ਪ੍ਰੀ. ਸਿੰ.)

ਲੇਖਕ—ਭਾਈ ਪੈੜਾ ਮੋਖਾ। ਆਕਾਰ—$13\frac{3}{4}'' \times 9\frac{1}{2}''$, ਲਿਖਤ—$9\frac{1}{2}'' \times 7''$।

ਵੇਰਵਾ–ਪੱਤਰੇ ੪੬੦; ਪ੍ਰਤੀ ਸਫ਼ਾ ੧੮ ਸਤਰਾਂ; ਕਾਗ਼ਜ਼ ਦੇਸੀ (ਸਿਆਲਕੋਟੀ); ਲਿਖਤ ਸਾਫ਼ ਤੇ ਸ਼ੁੱਧ; ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ਦੋ ਸਫ਼ੇ ਰੰਗੀਨ ਬੇਲ ਨਾਲ ਸੁਸੱਜਿਤ; ਹਾਸ਼ੀਆ ਸੁੰਦਰ ਰੰਗੀਨ ਲਕੀਰਾਂ ਵਾਲਾ; ਜਿਲਦ ਟੁੱਟੀ ਹੋਈ ਤੇ ਖ਼ਸਤਾ ਹਾਲ, ਪਰ ਪੁਸਤਕ ਫੇਰ ਵੀ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ– ੨੩ ਚੇਤ੍ਰ, ਸੰਮਤ ੧੯੨੮ ਬਿ.। ਲਿਖਾਰੀ—ਜੱਸਾ ਸਿੰਘ, ਜੁਣੇਜਾ। ਸਥਾਨ—ਸੁਧਾ ਸਰ (ਅਮ੍ਰਿਤ ਸਰ)।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਜਨਮ ਸਾਖੀ ਮਹਲਾ ੧। ਅਮਰ ਕਥਾ ਗੁਰੂ ਨਾਨਕ ਸਾਹਿਬ ਕੀ। ਜੇ ਕੋਈ ਅਮਰ ਕਥਾ ਦੀ ਪੋਥੀ ਹਿਤ ਚਿਤ ਲਾਇ ਕੈ ਪੜ੍ਹੈਗਾ, ਤਿਸ ਕੀ ਮੁਕਤਿ ਹੋਵੈਗੀ, ਅਮਰ ਹੋਵੈਗਾ, ਮਿਰਤ ਤਿਸ ਕੋ ਨਾ ਗ੍ਰਸੈਗੀ। (ਪੱਤਰਾ ੧)

ਆਗੇ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ ਜਨਮ ਪਤ੍ਰੀ ਕਾ ਬਿਰਤੰਤ ਚਲਿਆ। ੧ਓ ਸਤਿਗੁਰ ਪ੍ਰਸਾਦਿ। ਜਨਮ ਪਤ੍ਰੀ ਗੁਰੂ ਬਾਬੇ ਨਾਨਕ ਜੀ ਕੀ, ਸੰਮਤ ਪੰਦ੍ਰਾ ਸੈ ਬਿਆਸੀ ॥੧੫੮੨॥ ਮਿਤੀ ਵਸਾਖ ਸੁਦੀ ਪੰਚਮੀ ਪੋਥੀ ਲਿਖੀ ਪੈੜੇ ਮੋਖੇ ਖਤਰੇਟੇ, ਗੁਰੂ ਅੰਗਦ ਜੀ ਲਿਖਵਾਈ। (ਪੱਤਰਾ ੩੯)

...॥ਸੰਮਤ ੧੫੨੬॥ ਪੰਦਰਾਂ ਸੈ ਛਬੀ, ਮਿਤੀ ਕਤਕ ਸੁਦੀ ਪੂਰਨਮਾਸੀ ॥੧੫॥ ਗੁਰੂ ਨਾਨਕ ਜੀ ਜਨਮ ਲੀਤਾ ਕਾਲੂ ਵੇਦੀ ਦੇ ਘਰੁ।.. (ਪੱਤਰਾ ੪੧)

ਅੰਤ— ਧੰਨ ਗੁਰੂ ਨਾਨਕ ਜੀ ਹੈ; ਧੰਨ ਗੁਰੂ ਅੰਗਦ ਜੀ ਹੈ ਜਿਸ ਨੇ ਕਲੀ ਕਾਲ ਮੇ ਸੰਸਾਰ ਸਮੁੰਦ੍ਰ ਕੇ ਤਾਰਨੇ ਕਾ ਬੇੜ

ਫੇਰ ਚਉਰਾਸੀ ਲਖ ਜੀਆ ਕੀ ਜੂਨ ਮੈ ਨਾ ਆਵੈਗਾ ॥੨੩੧॥ ੧ਓ ਸਤਿਗੁਰ ਪ੍ਰਸਾਦਿ ।

ਸਲੋਕ ਮ: ੧ ॥ ਨਾਨਕ ਪੰਥੀ ਸੇ ਤਰੇ, ਜੋ ਆਏ ਪੰਥੇ ਮਾਹਿ ।

ਆਪ ਮਿਟਾਇ ਸੇਵਾ ਕਰਨ, ਨਾ ਚਲਨ ਦੂਜੇ ਰਾਹਿ ।

ਗੁਰ ਬਿਨ ਅਵਰ ਨ ਸੁਝਈ, ਜੰਮ ਕੇ ਪੰਥ ਨ ਪਾਹਿ ।

ਤਿਨ ਕੀ ਮਹਿਮਾ ਕਿਆ ਗਨੀ, ਉਸਤਤਿ ਕਹਿਨ ਨ ਜਾਇ ।

ਗੁਰ ਭਾਣੇ ਹਰਿ ਭਾਇਆ, ਹਰਿ ਕੈ ਸੰਗਿ ਸਮਾਇ ।

ਨਾਨਕ ਦਾਸ ਕੀ ਬੇਨਤੀ, ਤਿਨ ਕੈ ਸੰਗਿ ਮਿਲਾਇ ॥੧॥

ਸਲੋਕ ਮਹਲਾ ੧ ॥ ਕਿਆ ਹਉ ਪਾਪੀ ਅਧਮ ਕੀਟ, ਤੇਰੇ ਗੁਨ ਕਹਾ ਸੁਨਾਇ ।

ਕਥਤਾ ਬਕਤਾ ਆਪ ਹੀ, ਗੁਨ ਗਾਇ ਗਾਵੈ, ਸੁਣੈ, ਲਿਖੈ-ਪੜ੍ਹੈ ਚਿਤ ਲਾਇ ।

ਨੈ ਤਿਸ ਹਰਿ ਲੀਏ ਮਿਲਾਇ । ਹਉ ਢਾਢੀ ਦਰ ਮੰਗਤਾ ਦੀਜੈ ਦਾਨ ਰਜਾਇ ।

ਨਾਮ ਦਾਨ ਦੇਵਹੁ ਜਨ ਆਪਨੇ, ਰਜਾ ਤ੍ਰਿਪਤ ਅਘਾਇ ।

ਢਾਢੀ ਜਪੁ ਸੁਖ ਪਾਇਆ, ਚਰਨ ਕਮਲ ਮਨ ਲਾਇ ।

ਨਾਨਕ ਦਾਸ ਕੀ ਬੇਨਤੀ, ਮੋਹਿ ਰਾਖ ਲੇਹੁ ਸਰਨਾਇ ॥੨॥

ਬੋਲੋ ਭਾਈ ਜੀ ਵਾਹੁਗੁਰੂ, ਜਨਮ ਸਾਖੀ ਸੰਪੂਰਨ ਹੋਈ ਗੁਰੂ ਬਾਬੇ ਨਾਨਕ ਜੀ ਕੀ । ਗੁਰੂ ਨਾਨਕ ਨਿਰੰਕਾਰੀ ਧੰਨ ਹੈ । ਸੰਬਤ ਉਨੀ ਸੈ ਸਤਾਵੀ ੧੯੨੭, ਮਿਤੀ ਮਾਘ ਦਿਨੇ ਬਾਰਵੀ ੧੨, ਵਾਰ ਸੋਮ, ਪੋਥੀ ਸੰਪੂਰਨ ਹੋਈ । ਧਰਮ ਸਾਲ ਭਾਈ ਗੁਰਦਿਤ ਸਿੰਘ ਦੀ ਸੰਪੂਰਨ ਹੋਈ । ਭੁਲ ਚੁਕ ਬਖਸਣਾ ॥ ਧੰਨ ਗੁਰੂ ਨਾਨਕ ਦੇਵ । (ਪੱਤਰੇ ੩੭੧-੭੨)

੮੯. ਜਨਮ ਸਾਖੀ ਗੁਰੂ ਨਾਨਕ ਜੀ ਦੀ (ਨੰ. ੩੩੯, ਪੰ. ਆ.)

ਲੇਖਕ — ਭਾਈ ਪੈੜਾ ਮੋਖਾ । ਆਕਾਰ— $13\frac{1}{2}'' \times 9\frac{1}{2}''$, ਲਿਖਤ $10\frac{1}{2}'' \times 6\frac{3}{4}''$ ।

ਵੇਰਵਾ–ਪੱਤਰੇ ੩੬੫; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ, ਜਿਸ ਕਰ ਕੇ ਦਰੁਸਤੀਆਂ ਹਾਸ਼ੀਏ ਉਤੇ ਕੀਤੀਆਂ ਹੋਈਆਂ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਤੇ ਵਿਸ਼ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਬੜੀ ਅੱਛੀ ਹਾਲਤ ਵਿਚ ਹੈ ।

ਸਮਾਂ– ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ–ਨਾਮਾਲੂਮ ।

ਆਰੰਭ–੧ਓ ਸਤਿਨਾਮੁ ਕਰਤਾ ਪੁਰਖੁ ਨਿ(ਰ)ਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ । ਅਥ ਜਨਮ ਸਾਖੀ ਮ: ੧ ਅਮਰ ਕਥਾ । ਜੇ ਕੋਈ ਇਹ ਅਮਰ ਕਥਾ ਦੀ ਪੋਥੀ ਹਿਤ ਚਿਤ ਲਾਇ ਕੈ ਪੜ੍ਹੈ-ਸੁਣੈਗਾ, ਤਿਸ ਕਾ ਜਨਮ ਮਰਨ ਕਟੀਐਗਾ ਅਰ ਤਿਸ ਕੀ ਮੁਕਤਿ ਹੋਵੈਗੀ ।... (ਪੱਤਰਾ ੧)

ਅੰਤ– ਏਹੁ ਗੁਰੂ ਬਾਬੇ ਨਾਨਕ ਜੀ ਕੇ ਅਉਤਾਰ ਕੀ ਕਥਾ ਹੈ । ਜੋ ਪੜ੍ਹੈ ਸੁਨੈਗਾ, ਸੁਨਾਵੈਗਾ ਸੋ ਸਭ ਹੀ ਫਲ ਪਾਵੈਗਾ । ਮੁਕਤ ਚਾਹੈ ਮੁਕਤ ਕੋ ਪਾਵੈਗਾ । ਫੇਰ ਚਉਰਾਸੀ ਲਖ ਜੀਅ ਕੀ ਜੂਨ ਮੈ ਨ ਆਵੈਗਾ ॥ ੨੨੫* ॥ ੧ਓ ਸਤਿਗੁਰ ਪ੍ਰਸਾਦਿ ।

ਸਲੋਕ ॥ ਨਾਨਕ ਪੰਥੀ ਸੇ ਤਰੇ, ਜੋ ਆਏ ਪੰਥੇ ਮਾਹਿ ।

ਆਪ ਮਿਟਾਇ ਸੇਵਾ ਕਰਨ, ਨ ਚਲਨ ਦੂਜੇ ਰਾਹਿ ।

ਗੁਰ ਬਿਨ ਅਵਰ ਨ ਸੁਝਈ, ਜਮ ਕੇ ਪੰਥ ਨ ਪਾਹਿ ।

ਤਿਨ ਕੀ ਮਹਿਮਾ ਕਿਆ ਗਨੀ, ਉਸਤਤਿ ਕਹਿਣ ਨ ਜਾਇ ।

ਗੁਰ ਭਾਣੇ ਹਰਿ ਭਾਇਆ, ਹਰਿ ਕੈ ਸੰਗ... (ਪੱਤਰਾ ੩੬੫)

ਇਸ ਤੋਂ ਅਗਲਾ ਪੱਤਰਾ ਗੁੰਮ ਹੋਣ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ ।

੯੦. ਜਨਮ ਸਾਖੀ ਬਾਬੇ ਨਾਨਕ ਜੀ ਕੀ (ਸਚਿਤ੍ਰ) (ਨੰ. ੨੫੧੨, ਸੈਂ. ਸਿੰ. ਮਯੂ.)

ਲੇਖਕ—ਭਾਈ ਪੈੜਾ ਮੋਖਾ । ਆਕਾਰ—$7'' \times 5\frac{1}{4}''$, ਲਿਖਤ $5\frac{1}{2}'' \times 3\frac{3}{4}''$ ।

ਵੇਰਵਾ— ਪੱਤਰੇ ੪੧੦; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਬੜੀ ਸਾਫ਼ ਤੇ ਸ਼ੁੱਧ; ਪੁਸਤਕ ਸਚਿਤ੍ਰ; ੧੯ ਚਿਤ੍ਰ

*ਇਸ ਪੁਸਤਕ ਵਿਚ, ਜਿਵੇਂ ਕਿ ਇਨ੍ਹਾਂ ਹਿੰਦਸਿਆਂ ਤੋਂ ਪਤਾ ਲਗਦਾ ਹੈ, ਕੁੱਲ ਸਾਖੀਆਂ ੨੨੫ ਹਨ ਜੋ ਹੋਰ ਸਾਖੀਆਂ ਨਾਲੋਂ ਮੁਕਾਬਲਤਨ ਵਧੀਕ ਹਨ ।

ਰੰਗੀਨ, ਜੋ ਗੁਰੂ ਨਾਨਕ ਜੀਵਨ ਸੰਬੰਧੀ ਮੁਗਲੇਈ ਚਿਤ੍ਰਕਾਰੀ ਦ ਸੁੰਦਰ ਨਮੂਨੇ ਹਨ; ਪੁਸਤਕ ਪਰ ਸਿਖ ਹਿਸਟਰੀ ਸੁਸਾਇਟੀ ਅੰਮ੍ਰਿਤਸਰ ਦੀ ਮੁਹਰ ਲੱਗੀ ਹੋਈ; ਹਾਸ਼ੀਆ ਰੰਗੀਨ (ਚੌਕੋਰ) ਲਕੀਰਾਂ ਵਾਲਾ, ਸਿਰਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਕੁੱਲ ਸਾਖੀਆਂ, ਜੋ ਇਸ ਪੁਸਤਕ ਵਿੱਚ ਦਿੱਤੀਆਂ ਹੋਟੀਆਂ ਹਨ, ੭੬, ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਹ ਸਾਖੀ ਪੁਰਾਤਨ ਜਨਮ ਸਾਖੀ ਤੋਂ ਬਗੈਰ ਹੋਰ ਜਨਮ ਸਾਖੀਆਂ ਨਾਲੋਂ ਬਹੁਤੀ ਸੰਖੇਪ ਹੈ; ਪੁਸਤਕ ਜਿਲਦਦਾਰ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਡੇਢ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ— ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ਲਿਖੀ। ਸੰਮਤੁ ੧੫੮੬ ਥਿਤਿ ਪੰਚਮੀ ਲਿਖੀ ਪੋਥੀ ਪੈੜੇ ਮੋਖੇ ਸੁਲਤਾਨ ਪੁਰ ਕੇ ਵਸਨੀਕ ਖਤਰੇਟੇ, ਲਿਖਾਈ (ਗੁਰੂ ਅੰਗਦ ਜੀ ਨੇ)। ਲਿਖੀ ਭਾਈ ਪੈੜੇ ਮੁਖਾ ਸਤਿ ਭਾਈ ਬਾਲੇ ਸੰਧੂ ਜਟੇਟੇ ਦੀ। ਜਨਮ ਪਤ੍ਰੀ ਗੁਰੂ ਨਾਨਕ ਦੇਵ ਜੀ ਕੀ ਲਿਖੀ। (ਪੱਤਰਾ ੧)

ਸੰਮਤੁ ੧੫੨੬ ਮਿਤੀ ਕਤਿਕ ਸੁਦੀ ਪੰਦ੍ਰਸਿ ੧੫ ਤਿਲਵੰਡੀ ਰਾਇ ਭੋਏ ਭਟੀ ਦੀ, ਬਾਬੇ ਨਾਨਕ ਜੀ ਜਨਮੁ ਲਇਆ। ਕਾਲੂ ਖਤ੍ਰੀ ਜਾਤਿ ਕਾ ਵੇਦੀ ਤਿਸ ਦੇ ਘਰਿ ਜਨਮੁ ਲਇਆ।... (ਪੱਤਰੇ ੭-੮)

ਅੰਤ— ਹਾਸਲੁ ਬਹੁਤ ਖਰਚ ਕੁਛ ਨਾਹੀ, ਕਰੇ ਤਗੀਰ ਨ ਕੋਈ।
ਨਾਨਕ ਦਰਸਨ ਉਨ ਕੀ ਖਿਜਮਤਿ, ਭਾਗ ਵਡੇ ਤੇ ਹੋਈ ॥੪॥੧॥
ਤਾ ਏਹੁ ਸਬਦੁ ਤਿਲਵੰਡੀ ਹੋਇਆ ਸੀ ਜਾਂ ਰਾਇ ਪਾਸੋ ਲਾਲੂ ਅਖਵਾਇਆ ਸੀ ॥੭੬॥
ਬੋਲੋ ਭਾਈ ਜੀ ਵਾਹਗੁਰੂ ਜੀ।... (ਪੱਤਰਾ ੪੦੯)

ਇਸ ਤੋਂ ਅੱਗੇ ਪੱਤਰੇ ੪੦੯-੧੦ ਪਰ ਭਾਈ ਬਾਲੇ ਦੇ ਚੇਹਾਂਤ ਦੀ ਇਕ ਹੋਰ ਵਾਧੂ ਸਾਖੀ ਹੈ ਜਿਸ ਦੇ ਅੰਤਲੇ ਸ਼ਬਦ ਹਨ-

''ਜਾਂ ਦੁਇ ਮਹੀਨੇ ਪੂਰੇ ਹੋਏ ਤਾਂ ਬਾਲੀ (ਬਾਲੇ) ਦੀ ਦੇਹ ਛੁਟੀ। ਤਾਂ ਆਪਣੇ ਹਥੈ ਗੁਰੂ ਅੰਗਦ ਜੀ ਅਲੰਬੂ ਦਿਤਾ। ਸਭੇ ਸਿਖ ਹਥ ਪਕੜ ਰਹੇ ਤਾਂ ਗੁਰੂ ਅੰਗਦ ਆਖੇ, ''ਭਾਈ ਸਿਖੋ! ਭਾਈ ਬਾਲੇ ਅਤੇ ਗੁਰੂ ਨਾਨਕ ਵਿਚਿ ਭੇਦ ਕਿਛੁ ਨਹੀਂ ਆਹਾ। ਏਹ ਗੁਰੂ ਅਤੇ ਸਿਖ ਦਾ ਭੇਦ ਆਹਾ। ਬੋਲੋ ਭਾਈ ਜੀ ਵਾਹਗੁਰੂ ਜੀ। ਬੋਲੋ ਭਾਈ ਜੀ ਸਤਿ ਕਰਤਾਰ। (ਪੱਤਰਾ ੪੧੦)

੯੧. ਜਨਮ ਸਾਖੀ ਗੁਰੂ ਨਾਨਕ ਜੀ ਕੀ (ਨੰ. ੧੯੭, ਪ੍ਰੋ. ਪ੍ਰੀ. ਸਿੰ.)

ਲੇਖਕ—ਭਾਈ ਪੈੜਾ ਮੋਖਾ। ਆਕਾਰ—$13\frac{3}{4}'' \times 9\frac{1}{2}''$, ਲਿਖਤ—$9\frac{1}{2}'' \times 7''$।

ਵੇਰਵਾ-ਪੱਤਰੇ ੪੬੦; ਪ੍ਰਤੀ ਸਫ਼ਾ ੧੮ ਸਤਰਾਂ; ਕਾਗਜ਼ ਦੇਸੀ (ਸਿਆਲਕੋਟੀ); ਲਿਖਤ ਸਾਫ਼ ਤੇ ਸ਼ੁੱਧ; ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ਦੋ ਸਫ਼ੇ ਰੰਗੀਨ ਬੇਲ ਨਾਲ ਸੁਸੱਜਿਤ; ਹਾਸ਼ੀਆ ਸੁੰਦਰ ਰੰਗੀਨ ਲਕੀਰਾਂ ਵਾਲਾ; ਜਿਲਦ ਟੁੱਟੀ ਹੋਈ ਤੇ ਖ਼ਸਤਾ ਹਾਲ, ਪਰ ਪੁਸਤਕ ਫੇਰ ਵੀ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ੨੩ ਚੇਤ੍ਰ, ਸੰਮਤ ੧੯੨੮ ਬਿ.। ਲਿਖਾਰੀ—ਜੱਸਾ ਸਿੰਘ, ਜੁਣੇਜਾ। ਸਥਾਨ—ਸੁਧਾ ਸਰ (ਅਮ੍ਰਿਤ ਸਰ)।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਜਨਮ ਸਾਖੀ ਮਹਲਾ ੧। ਅਮਰ ਕਥਾ ਗੁਰੂ ਨਾਨਕ ਸਾਹਿਬ ਕੀ। ਜੇ ਕੋਈ ਅਮਰ ਕਥਾ ਦੀ ਪੋਥੀ ਹਿਤ ਚਿਤ ਲਾਇ ਕੈ ਪੜ੍ਹੈਗਾ, ਤਿਸ ਕੀ ਮੁਕਤਿ ਹੋਵੈਗੀ, ਅਮਰ ਹੋਵੈਗਾ, ਮਿਰਤ ਤਿਸ ਕੋ ਨਾ ਗ੍ਰਾਸੈਗੀ। (ਪੱਤਰਾ ੧)

ਆਗੇ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ ਜਨਮ ਪਤ੍ਰੀ ਕਾ ਬਿਰਤੰਤ ਚਲਿਆ। ੧ਓ ਸਤਿਗੁਰ ਪ੍ਰਸਾਦਿ। ਜਨਮ ਪਤ੍ਰੀ ਗੁਰੂ ਬਾਬੇ ਨਾਨਕ ਜੀ ਕੀ, ਸੰਮਤ ਪੰਦ੍ਰਾ ਸੈ ਬਿਆਸੀ ॥੧੫੮੨॥ ਮਿਤੀ ਵਸਾਖ ਸੁਦੀ ਪੰਚਮੀ ਪੋਥੀ ਲਿਖੀ ਪੈੜੇ ਮੋਖੇ ਖਤਰੇਟੇ, ਗੁਰੂ ਅੰਗਦ ਜੀ ਲਿਖਵਾਈ। (ਪੱਤਰਾ ੩੯)
...॥ਸੰਮਤ ੧੫੨੬॥ ਪੰਦਰਾਂ ਸੈ ਛਬੀ, ਮਿਤੀ ਕਤਕ ਸੁਦੀ ਪੂਰਨਮਾਸੀ ॥੧੫॥ ਗੁਰੂ ਨਾਨਕ ਜੀ ਜਨਮ ਲੀਤਾ ਕਾਲੂ ਵੇਦੀ ਦੇ ਘਰੁ।.. (ਪੱਤਰਾ ੪੧)

ਅੰਤ— ਧੰਨ ਗੁਰੂ ਨਾਨਕ ਜੀ ਹੈ; ਧੰਨ ਗੁਰੂ ਅੰਗਦ ਜੀ ਹੈ ਜਿਸ ਨੇ ਕਲੀ ਕਾਲ ਮੇ ਸੰਸਾਰ ਸਮੁੰਦ੍ਰ ਕੇ ਤਾਰਨੇ ਕਾ ਬੇੜ

(ਤਿਆਰ ਕਰਾਇਆ) ...ਕਹਿ ਅਰ ਮੁਖ ਤੇ ਕਹਿ ਧੰਨ ਗੁਰੂ ਨਾਨਕ ਹੈ, ਧੰਨ ਗੁਰੂ ਨਾਨਕ ਹੈ। ਲੱਗੇ ਵਾਹਿਗੁਰੂ ਵਾਹਿਗੁਰੂ ਜਾਪ ਕਰਣੇ ॥੩੦੪॥ ਸਾਖੀ ਪੂਰੀ ਹੋਈ। ਬੋਲੋ ਭਾਈ ਜੀ ਵਾਹਗੁਰੂ। ਜਨਮ ਸਾਖੀ ਸੰਪੂਰਨੰ ਸਮਾਪਤੰ।... ਸੰਮਤ ੧੯੨੮॥ ਮਿਤੀ ਦੇਤ੍ਰੋਂ ੨੩ ਸੁਧਾ ਸਰੁ ਮੈ ਜੱਸਾ ਸਿੰਘ ਜੁਣੇਜੇ ਨੇ। (ਪੱਤਰਾ ੪੫੯)

ਇਸ ਤੋਂ ਅੱਗੇ ਇਕ ਪੱਤਰਾ (੪੬੦) ਕੋਰਾ ਛਡਿਆ ਹੋਇਆ ਹੈ। ਕੁੱਲ ਸਾਖੀਆਂ ਦੀ ਗਿਣਤੀ ਇਸ ਜਨਮ ਸਾਖੀ ਵਿਚ, ਜਿਵੇਂ ਕਿ ਅੰਤਲੇ ਉਦਾਹਰਣ ਤੋਂ ਪਤਾ ਲਗਦਾ ਹੈ, ੩੦੪ ਹੈ। ਇਤਨੀਆ ਸਾਖੀਆਂ ਕਿਸੇ ਜਨਮ ਸਾਖੀ ਵਿਚ ਸਿਵਾਇ ਸੋਢੀ ਮਿਹਰਵਾਨ ਦੀ ਜਨਮ ਸਾਖੀ ਦੇ ਹੋਰ ਕਿਤੇ ਦੇਖਣ ਵਿਚ ਨਹੀਂ ਆਈਆਂ। ਸਾਖੀਆਂ ਦਾ ਕ੍ਰਮ ਇਸ ਵਿਚ ਇਸ ਤਰ੍ਹਾਂ ਹੈ— (੧) ਅਮਰ ਕਥਾ, (੨) ਸਾਖੀ ਚਹੁ ਜੁਗਾ ਕੇ ਪਸਾਰੇ ਕੀ, (੩) ਸਾਖੀ ਚਹੁ ਬੇਦਾਂ ਕੀ, (੪) ਸਾਖੀ ਹੋਰ (੫) ਕਥਾ ਰਾਜੈ ਉਜੈਨ ਕੀ, (੬) ਸਤਿਜੁਗ ਕਾ ਬਿਰਤੰਤ, (੭) ਤ੍ਰੇਤੇ ਜੁਗ ਕਾ ਬਿਰਤੰਤ, (੮) ਕਥਾ ਸੀਤਾ ਕੀ ਉਤਪਤੀ ਕੀ, (੯) ਸਾਖੀ ਰਾਜੇ ਜਨਕ ਕੀ, (੧੦) ਸਾਖੀ ਸੁਖ ਦੇਉ ਕੀ, (੧੧) ਬਿਆਸ ਜੀ ਕਾ ਪ੍ਰਸੰਗ, (੧੨) ਕਥਾ ਰਾਜੇ ਇੰਦ੍ਰ ਕੀ, (੧੩) ਕਥਾ ਸੁਖ ਦੇਉ ਅਰ ਸ੍ਰੀ ਠਾਕੁਰ ਜੀ ਕੇ ਮਿਲਾਪ ਕੀ, (੧੪) ਬਿਆਸ ਸੁਖ ਦੇਉ ਜੀ ਕਾ ਮਿਲਾਪ, (੧੫) ਕਥਾ ਸੁਖ ਦੇਉ ਜੀ ਕੇ ਗੁਰੂ ਕਰਨ ਦੀ, (੧੬) ਨਾਰਦ ਜੀ ਕਾ ਕਥਾ-ਪ੍ਰਸੰਗ, (੧੭) ਕਥਾ ਸੁਖ ਦੇਉ ਅਰ ਰਾਜੇ ਜਨਕ ਕੀ, (੧੮) ਕਥਾ ਸੁਖ ਦਉ ਅਰ ਬਿਆਸ ਕੇ ਮਿਲਾਪ ਕੀ, (੧੯) ਕਥਾ ਰਾਜੇ ਪ੍ਰੀਛਤ ਕੀ, (੨੦) ਕਥਾ ਰਾਜੇ ਜਨਕ ਕੇ ਸਚਖੰਡ ਜਾਣੇ ਕੀ, (੨੧) ਰਾਜਾ ਜਨਕ ਤੇ ਧਰਮ ਰਾਇ ਦਾ ਮਿਲਾਪ, (੨੨) ਕਥਾ ਰਾਜਾ ਜਨਕ ਦੇ ਸੁਰਗ ਜਾਨੇ ਕੀ, (੨੩)ਕਥਾ ਰਾਜਾ ਜਨਕ ਕੇ ਪ੍ਰਬੋਧਨੇ ਕੀ, (੨੪) ਕਥਾ ਦਸਾ ਔਤਾਰਾਂ ਕੀ, (੨੫) ਤੀਜੇ ਜੁਗ ਦੁਆਪਰ ਕਾ ਬਿਰਤੰਤ, (੨੬) ਰਾਜੇ ਨਮਿਤ ਕੀ ਕਥਾ, (੨੭) ਕਥਾ ਰਾਣੀ ਕੇ ਕਾਸਟ ਲੈਣੇ ਕੀ, (੨੮) ਕਥਾ ਚੌਥੇ ਕਲਿਜੁਗ ਕੀ, (੨੯) ਸ੍ਰੀ ਠਾਕੁਰ ਜੀ ਅਰੁ ਦੇਵਤਿਆਂ ਕੇ ਮਿਲਾਪ ਕਾ ਪ੍ਰਸੰਗ, (੩੦) ਸਾਖੀ ਸ੍ਰੀ ਬਾਬੇ ਨਾਨਕ ਜੀ ਕੀ ਲੀਲਾ ਅਰੁ ਮਹਿਮਾ, (੩੧) ਸ੍ਰੀ ਗੁਰੂ ਬਾਬੇ ਨਾਨਕ ਜੀ ਕੀ ਜਨਮ ਪਤ੍ਰੀ ਕਾ ਬਿਰਤੰਤ, (੩੨) ਸਾਖੀ ਹੋਰ, (੩੩) ਸਾਖੀ ਗੁਰੂ ਨਾਨਕ ਜੀ ਕੇ ਅਉਤਾਰ ਧਾਰਨ ਕੀ, (੩੪) ਸਾਖੀ ਦੇਵਤਿਆਂ ਕੇ ਆਵਣ ਕੀ, (੩੫) ਸਾਖੀ ਹੋਰ (ਬਾਲ ਲੀਲਾ), (੩੬) ਸਾਖੀ ਗੋਪਾਲ ਪਾਧੇ ਦੀ ਆਦਿ।

੯੨. ਪੁਰਾਣੀ ਜਨਮ ਸਾਖੀ ਗੁਰੂ ਨਾਨਕ ਦੇਵ ਜੀ ਕੀ (ਅਧੂਰੀ) (ਨੰ. ੨੦੦੦, ਵਿ. ਵੈ. ਰੀ. ਇ., ਹੋ.)

ਲੇਖਕ— ਨਾ ਮਾਲੂਮ। ਆਕਾਰ—5½″×੮″, ਲਿਖਤ 4¼″×6″।

ਵੇਰਵਾ— ਪੱਤਰੇ ੭-੧੬੮ (੧੬੨); ਪ੍ਰਤੀ ਸਫ਼ਾ ੧੩ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਪੁਰਾਣੇ ਢੰਗ ਦੀ ਸਿੱਧੀ ਸਾਦੀ, ਜੋ ਕਿਤੇ ਕਿਤੇ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਜਿਲਦ ਤੋਂ ਬਗ਼ੈਰ ਹੋਣ ਕਰ ਕੇ ਖ਼ਸਤਾ ਹਾਲਤ ਵਿਚ ਤੇ ਆਦਿ-ਅੰਤ ਦੇ ਪੱਤਰੇ ਗਵਾਚਣ ਕਰ ਕੇ ਅਧੂਰੀ।

ਸਮਾਂ— ਪੁਸਤਕ ਲਿਖਣ-ਢੰਗ ਤੋਂ ਦੋ ਕੁ ਸੌ ਵਰ੍ਹੇ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ...ਡਾਰਾ। ਜਿਸੁ ਤੂ ਦੇਹਿ ਤਿਸੈ ਕਿਆ ਚਾਰਾ। ਨਾਨਕ ਸਚੁ ਸਵਾਰਣ ਹਾਰਾ॥" ਤਾ ਕਾਲੂ ਫੇਰਿ ਕਹਿਆ, "ਇਹ ਗਲੀਂ ਛਡੁ, ਲੋਕਾਂ ਦਾ ਰਾਹੁ ਪਕੜ। ਕਿਰਤਿ ਬਿਨਾ ਜੀਵਣੁ ਔਖਾ ਹੈ।" ਫੇਰਿ ਗੁਰੂ ਬਾਬਾ ਨਾਨਕ ਜੀ ਚੁਪ ਕਰਿ ਰਹਿਆ, ਪਿਤਾ ਕਾਲੂ ਉਠਿ ਗਇਆ, ਜਾਇ ਆਪਣੀ ਕਿਰਤਿ ਲਗਾ, ਆਖਿਓਸੁ, "ਏਹੁ ਅਸਾਡੇ ਕੰਮੋ ਕਾਜਹੁ ਗਇਆ ਹੈ, ਪਰ ਬਾਹਰ ਖੇਤੀ ਪਤੀ ਉਜੜੈ ਨਾਹੀਂ।" ਤਬ ਸਭ ਕੁਟੰਬੁ ਵੇਦੀਆ ਕਾ ਲਗਾ ਝੂਰਣ। ਸਭੇ ਆਖਣਿ ਲਗੇ ਜੋ, "ਵਡਾ ਹੈਫ ਹੋਆ ਜੋ ਕਾਲੂ ਦਾ ਪੁਤ ਦਿਵਾਨਾ ਹੋਇਆ।"... (ਪੱਤਰਾ ੭)

ਰਾਜੇ ਜਨਕ ਦਾ ਗੁਰੂ ਨਾਨਕ ਬਣ ਕੇ ਅਵਤਾਰ ਧਾਰਨ ਦਾ ਹਾਲ ਦੱਸ ਦੇ ਤਿਲਵੰਡੀ ਰਾਇ ਭੋਏ ਭਟੀ ਕੀ ਗੁਰੂ ਬਾਬੇ ਨਾਨਕ ਜੀ ਜਨਮੁ ਲਿਆ ਕਾਲੂ ਖਤ੍ਰੀ ਜਾਤ ਵੇਦੀ ਕੈ ਘਰਿ, ਜਨਮੁ ਲਇਆ ਕਲਿਜੁਗ ਵਿਚਿ ਨਾਨਕ ਨਾਉ ਧਰਾਇਆ, ਅਪਣਾ ਪੰਥੁ ਚਲਾਇਆ, ਕਲ ਸੰਮਤੁ ੧੫੨੬ ਬਾਬਾ ਨਾਨਕ ਜੀ ਜਨਮਿਆ ਵੈਸਾਖ ਦਿਨਿ ਤੀਜ ਚਾਨਣੀ ਰਾਤਿ ਅੰਮ੍ਰਿਤ ਵੇਲਾ, ਪਹਰ ਰਾਤਿ ਰਹਦੀ ਜਨਮੁ ਲਇਆ, ਅਨਹਦੁ ਸਬਦ ਬਾਬੇ ਨਾਨਕ ਜੀ ਕੇ ਦਰਬਾਰਿ ਵਜਿਆ।...

(ਪੱਤਰਾ ੧੯)

ਅੰਤ— ਬਾਬਰ ਨਾਲੋਂ ਵਿਦਾ ਹੋਇ ਰਾਵੀ ਚੰਨਾਉ ਪਟੀ ਜੰਗਲ ਦੇਸੁ ਵੇਖ ਕਰਿ ਪੰਜਾਬ ਕੀ ਧਰਤੀ ਉਪਰਿ ਟਿਕਣਿ ਕਉ ਆਤਮਾ ਕਰਿ ਚਲਿਆ ਆਵੰਦਾ ਆਵੰਦਾ ਇਕ ਠਉਰ ਦਰਿਆਇ ਰਾਵੀ ਕੇ ਊਪਰਿ ਬੈਠਿ ਗਿਆ। ਵਾਹਗੁਰੂ ਜੀ, ਸਾਖੀ

ਪੂਰੀ ਹੋਈ। ਸਾਖੀ ਹੋਰੁ ਚਲੀ ਤਾ ਉਥੈ ਬਹੁਤੁ ਗਉਗਾ ਚਲਿਆ ਜਿ ਕੋਈ ਸੁਣੈ ਸੋ ਸਭੁ ਦੇਖਣਿ ਆਵੈ, ਲੋਕਿ ਆਖਹਿ, "ਖੁਦਾਇ ਕਾ ਫਕੀਰੁ ਹੈ ਪੈਦਾ ਹੋਆ। ਨਾਨਕ ਨਾਉ ਹੈ ਸੁ ਆਪਣੇ ਸਾਹਿਬ ਨਾਲਿ ਰਤਾ ਹੈ।"...
(ਪੱਤਰਾ ੧੬੮)

ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਪੁਸਤਕ ਦਾ ਨਹੀਂ ਮਿਲਦਾ। ਜਨਮ ਸਾਖੀ ਗੁਰੂ ਨਾਨਕ ਦੇਵ ਦਾ ਇਹ ਸੰਖੇਪ ਰੂਪ ਹੈ।

੬੩. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (ਦੋ ਜਿਲਦਾਂ) (ਨੰ. ੪੨੭, ਖ਼ਾ. ਕਾ. ਅ.)

ਲੇਖਕ- ਸੋਢੀ ਮਿਹਰਵਾਨ*। ਆਕਾਰ—15" × 13½" ਲਿਖਤ 10½"×10"।

ਵੇਰਵਾ ਪੱਤਰੇ ਪਹਿਲੀ ਜਿਲਦ ੯+੩੦੧, ਦੂਜੀ ਜਿਲਦ ੩੦੨-੬੭੬ (੩੭੫), ਜੋੜ ੬੮੫; ਪ੍ਰਤੀ ਸਫ਼ਾ ੨੩ ਸਤਰਾਂ; ਕਾਗ਼ਜ਼ ਦੇਸੀ; ਲਿਖਤ ਬੜੀ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੱਤਰੇ ੧੨੧ ਤੋਂ ੧੨੫ ਤਕ ਫਟੇ ਹੋਏ, ਜੋ ਇਸ ਪੁਸਤਕ ਵਿਚ ਨਹੀਂ ਹਨ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਰਚਨਾ ਕਾਲ- ਸੰਮਤ ੧੭੦੮ ਬਿ., ਨਕਲ—ਸੰਮਤ ੧੮੮੫ ਬਿ.। ਲਿਖਾਰੀ—ਭਾਈ ਕੇਸੋ ਦਾਸ, ਬ੍ਰਾਹਮਣ। ਸਥਾਨ—ਨਾਮਾਲੂਮ।

ਆਰੰਭ- (੯ ਪੱਤਰਿਆਂ ਦੇ ਤਤਕਰੇ ਤੋਂ ਬਾਦ) ੧ਓ ਸ੍ਰੀ ਸਤਿਗੁਰੂ ਪ੍ਰਸਾਦਿ। ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।...ਪਤਿਤ ਪਾਵਨੁ, ਭਗਤ ਵਸਿਚਲੁ, ਅਨਾਥਹੁ ਕੇ ਨਾਥ... ਸ੍ਰੀ ਸਤਿਗੁਰ ਦੇਵ, ਸ੍ਰੀ ਗੋਵਿੰਦੁ, ਸ੍ਰੀ ਰਾਮੁ, ਸਤਿਗੁਰੂ ਸਤਿ ਸ੍ਰੀ ਸਤਿਗੁਰੂ ਪ੍ਰਸਾਦਿ ਸਚਖੰਡੁ ਪੋਥੀ ਲਿਖਣੇ ਕਾ ਅਰੰਭੁ ਭੈਆ। ਸ੍ਰੀ ਸਤਿਗੁਰੂ ਬਾਬੇ ਨਾਨਕ ਜੀ ਕਾ ਸੇਵਕੁ ਸ੍ਰੀ ਸਤਿਗੁਰੂ ਮਿਹਰਵਾਨੁ ਜੀ ਪੋਥੀ ਲਿਖੀ ਲਿਖਾਈ। ਇਸ ਪੋਥੀ ਨੁ ਸੁਣੈ, ਪੜ੍ਹੈ, ਗਾਵੈ, ਤਿਸ ਕੀ ਪਰਮਗਤਿ ਹੋਵੈ। ਵਚਨੁ ਹੈ ਸ੍ਰੀ ਸਤਿਗੁਰੂ ਮਿਹਰਵਾਨ ਜੀ ਕਾ...

੧ਓ ਸਤਿਗੁਰੂ ਪ੍ਰਸਾਦਿ। ਗੋਸਟਿ ਰਾਜੇ ਜਨਕ ਕੀ। ਤ੍ਰੇਤੇ ਜੁਗ ਮਹਿ ਰਾਜਾ ਜਨਕੁ ਹੂਆ ਅਰੁ ਮਿਥਲਾ ਨਗਰੀ ਮਹਿ ਰਹੈ। (ਪੱਤਰਾ ੧)

ਅੰਤ- ਸਬਦ ਸੁਰਤਿ ਕਰਿ ਸਮਝੀਐ, ਚਲੀਐ ਸਬਦ ਕੀ ਚਾਲ।
ਜਿਉ ਜਿਉ ਗੁਰ ਬਾਣੀ ਕਹੈ, ਸਾਈ ਪਕੜੈ ਢਾਲ।
ਦਾਸ ਨਾਨਕ ਤਿਨ ਕੇ ਸੰਗਿ ਮਿਲਿ, ਪਾਪੀ ਭੀ ਹੋਹਿ ਨਿਹਾਲੁ ॥ ੧ ॥
ਬੋਲਹੁ ਵਾਹਗੁਰੂ, ਗੁਰੂ ਗੁਰੂ, ਸਤਿਨਾਮੁ ਕਰਤਾ ਪੁਰਖੁ, ਸਤਿਗੁਰੂ ਪ੍ਰਸਾਦਿ।

੭੪ ॥ ੩੦੨ ॥ ੩੦੨ ॥ ਗੁਰੂ ਲਜਾ ਰਖੇਗਾ ੧ਓ

੧ਓ ਸਤਿਗੁਰੂ ਪ੍ਰਸਾਦਿ। ਸੰਬਤ ੧੭੦੮ ਵੈਸਾਖ ਵਦੀ ਏਕਮ ॥ ੧ ॥ ਨੁ ਚਤ੍ਰ ਭੋਜ ਪੋਥੀ ਪੂਰੀ ਹੋਈ, ਵਚਨਿ ਸ੍ਰੀ ਗੁਰੂ ਮਿਹਰਵਾਨ ਦੇ ਲਿਖਾਈ ਜੀ, ਲਿਖੀ ਭਾਈ ਕੇਸੋ ਦਾਸ ਬ੍ਰਹਮਨੁ ਸੇਵਕੁ ਗੁਰੂ ਦਾ, ਪੂਰੀ ਹੋਈ ॥ ੭੪ ॥ ਗੋਸਟੀ ਲਿਖੀਆ।...ਤਿਸੁ ਪੋਥੀ ਦਾ ਅਵਤਾਰੁ ਕੀਤਾ, ਏਹੁ ਪੋਥੀ ਸੰਬਤੁ ੧੮੮੫ ਅਸੂ ਸੁਦੀ ਦੁਆਦਿਸੀ ਐਤਿਵਾਰਿ ਪੋਥੀ ਪੂਰੀ ਹੋਈ ਗੁਰੂ ਕੇ ਪ੍ਰਸਾਦਿ ॥ ੧ ॥ (ਪੱਤਰਾ ੬੭੬)

ਇਸ ਪੁਸਤਕ ਦੇ ਪ੍ਰਮੁਖ ਭਾਗ ਪੰਜ ਹਨ—ਪਹਿਲਾ ਭਾਗ ਪੋਥੀ ਸਚ ਖੰਡ ਹੈ ਜੋ ੧੫੩ ਗੋਸ਼ਟਾਂ ਵਿਚ ਪੱਤਰਾ ੩੦੧ ਤਕ ਸਮਾਪਤ ਹੋਇਆ ਹੈ। ਦੂਜਾ ਭਾਗ ਹਰਿ ਜੀ ਪੋਥੀ ਹੈ, ਜਿਸ ਵਿਚ ੬੧ ਗੋਸ਼ਟਾਂ ਹਨ। ਇਹ ਭਾਗ ਇਸ ਪੁਸਤਕ ਦੀ ਦੂਜੀ ਜਿਲਦ ਦੇ ਪੱਤਰਾ ੫੨੪ ਤਕ ਸਮਾਪਤ ਹੋਇਆ ਹੈ। ਤੀਜਾ ਭਾਗ ਪੋਥੀ ਚਤੁਰ ਭੋਜ, ਜਿਸ ਵਿਚ ੭੪ ਗੋਸ਼ਟਾਂ ਹਨ, ਪੱਤਰਾ ੬੭੬ ਤਕ ਸਮਾਪਤ ਹੋ ਗਈ ਹੈ। ਇਹ ਦੋਵੇਂ ਜਿਲਦਾਂ, ਜਿਨ੍ਹਾਂ ਵਿਚ ਇਹ ਪੁਸਤਕ ਪੂਰੀ ਨਹੀਂ ਹੋਈ, ਏਥੇ ਹੀ ਸਮਾਪਤ ਹਨ ਤੇ ਬਾਕੀ ਇਸ ਪੁਸਤਕ ਦੇ ਦੋ ਭਾਗ ਹੋਰ ਹਨ, ਜਿਨ੍ਹਾਂ ਵਿਚ ਕੇਸੋ ਰਾਇ ਪੋਥੀ, ਅਭੈ ਪਦ ਪੋਥੀ ਤੇ ਪ੍ਰੇਮ ਪਦ ਪੋਥੀ ਦੀਆਂ ੨੬੩ ਗੋਸ਼ਟਾਂ ਸ਼ਾਮਲ ਹਨ, ਅਜੇ ਤਕ ਨਹੀਂ ਮਿਲੇ।

*ਸੋਢੀ ਮਿਹਰਵਾਨ ਸ੍ਰੀ ਗੁਰੂ ਅਰਜਨ ਦੇਵ ਜੀ (ਪੰਜਵੇਂ ਸਿੱਖ ਗੁਰੂ) ਦਾ ਭਤੀਜਾ ਤੇ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਦਾ ਪੁਤ੍ਰ ਸੀ।

੯੪. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (ਭਾਗ ਪਹਿਲਾ) (ਨੰ. ੨੧੯੦, ਖ਼ਾ. ਕਾ. ਅ.)

ਲੇਖਕ— ਸੋਢੀ ਮਿਹਰਵਾਨ । ਆਕਾਰ— 6″ × 10″, ਲਿਖਤ 5″ × 4¾″ ।

ਵੇਰਵਾ— ਪੱਤਰੇ ੬੪੭; ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਡੇਢ ਕੁ ਸੌ ਸਾਲ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ—ਬ੍ਰਾਹਮਣ ਸਿੱਖ । ਸਥਾਨ—ਲਾਹੌਰ ਸ਼ਹਿਰ ।

ਆਰੰਭ— ੧ੴ ਸਤਿਗੁਰੂ ਪ੍ਰਸਾਦਿ । ਗੋਸਟਿ ਰਾਜੇ ਜਨਕ ਜੀ ਕੀ । ਤਬ ਪਾਰਬ੍ਰਹਮ ਕੀ ਆਗਿਆ ਸ ਖਿ ਰਾਜਾ ਜਨਕੁ ਜੀ ਸਚਖੰਡ ਕਉ ਚਲੇ...। (ਪੱਤਰਾ ੧)

ਅੰਤ— ਜਿਤੁ ਘਟਿ ਹਰਿ ਕਾ ਨਾਮੁ ਨਾਹਿ, ਸੋਈ ਮੁਨਾਫਕੁ ਦੇਸੁ ।
ਦਾਸ ਨਾਨਕ ਸਿ ਘਟੁ ਕੀਜੀਏ, ਜਿਤੁ ਰਾਮੁ ਨਾਮੁ ਪਰਵੇਸੁ ॥ ੭੨ ॥
...ਲਿਖੰਤ ਟਹਲੀਆ ਬ੍ਰਾਹਮਣ ਸਿਖ ਗੁਰੂ ਕਾ ਵਾਸੀ ਲਹੌਰ ਸਹਰ, ਗੁਜਰ ਮਲਕ ਦੀ ਮੰਡੀ, ਖੁਸੀ ਕਰਣੀ, ਭੁਲ ਚੁਕ ਬਖਸਣੀ । ਧੰਨ ਗੁਰੂ । (ਪੱਤਰੇ ੬੪੬-੪੭)

ਇਸ ਪੁਸਤਕ ਵਿਚ ਗੁਰੂ ਨਾਨਕ ਦੀਆਂ ਕੇਵਲ ੭੨ ਸਾਖੀਆਂ, ਜਿਵੇਂ ਕਿ ਅੰਤਲੇ ਪ੍ਰਮਾਣ ਤੋਂ ਪਤਾ ਲਗਦਾ ਹੈ, ਦਰਜ ਹਨ ।

੯੫. ਪੁਰਾਤਨ ਗੋਸ਼ਟਿ-ਸੰਗ੍ਰਹ (ਨੰ. ੩੫੯, ਭਾ. ਵਿ.)

ਲੇਖਕ— ਸੋਢੀ ਮਿਹਰਵਾਨ । ਆਕਾਰ—9½″ × 12½″, ਲਿਖਤ 9″ × 11½″ ।

ਵੇਰਵਾ—ਪੱਤਰੇ ਗੋਸ਼ਟਿ ਸ੍ਰੀ ਗੋਰਖ ਨਾਥ ਕੀ ੪੪, ਗੋਸ਼ਟਿ ਸ੍ਰੀ ਗੋਰਖ ਬਿਆਸ ਕੀ ੪੫-੪੯, ਗੋਸ਼ਟਿ ਸ੍ਰੀ ਗੋਰਖ ਨਾਥ ਅਰੁ ਨਾਗਾਰਜੁਨ ਕੀ ੪੯-੫੧, ਗੋਸ਼ਟਿ ਸ੍ਰੀ ਗੋਪੀ ਚੰਦ ਕੀ ੫੧-੫੯, ਗੋਸ਼ਟਿ ਜੋ ਵਰਭੰਡੇ ਸੋਈ ਪਿੰਡੇ ਕੀ ੫੯-੬੬, ਗੁਰ ਉਪਦੇਸ਼ ੬੭-੭੧, ਕਥਾ ਆਦਿ ਨਿਰੰਜਨ ਕਰਤਾ ਪੁਰਖ ਕੀ ੭੧-੭੪, ਗੋਸ਼ਟਿ ਕਥਾ ਆਦਿ ਪੂਰਬਲੀ ੭੪-੮੦, ਆਦਿ ਕਥਾ ਰਾਜੇ ਭਰਥਰੀ ਕੀ ੮੧-੧੨੦, ਪੱਤਰੇ ੧੨੧-੨੩ (ਖ਼ਾਲੀ), ਮਿਰਜਾਦਾ ਭਗਤਾਂ ਕੀ ੧੨੪ (੧ ਪੱਤਰਾ), ਕਿੱਸਾ ਸਲੇਮੇ (ਸੁਲੇਮਾਨ) ਪਿਕੰਬਰ ਕਾ ੧੨੫-੩੫, ਗੁਫ਼ਤਾਰ ਸਾਦਕਾਂ ਕੀ ੧੩੫-੩੬, ਬੀਚਾਰ ਫ਼ਕੀਰੀ ਕਾ ੧੩੬-੩੯, ਪੱਤਰੇ ੧੪੦-੪੧ ਫਟੇ ਹੋਏ, (ਜੋ ਗੁੰਮ ਹਨ), ਚਾਰ ਬਾਤਾਂ ਆਤਮੇ ਕੀਆਂ ੧੪੨-੪੪, ਮਸਲਾ ਬਾਬੇ ਆਦਮ ਸ਼ਫ਼ੀ ਕਾ ੧੪੪-੬੦, ਮਸਲਾ ਹਸਨ ਹੁਸੈਨ ਕਾ ੧੬੦-੮੪, ਮਸਲਾ ਮੂਸੇ ਪੈਕੰਬਰ ਕਾ ੧੮੫-੯੦, ਗੋਸ਼ਟਿ ਸਧਨੇ ਗੁਸਾਈਂ ਕੀ ੧੯੦-੯੭, ਗੋਸ਼ਟਿ ਮਾਰਫ਼ਤ ਕੀ ੧੯੮-੯੯, ਮਸਲੇ ਸ਼ੇਖ਼ ਫ਼ਰੀਦ ਕੇ ੧੯੯-੨੫੬, ਗੋਸ਼ਟਿ ਫ਼ਕੀਰਨੀ ਸਾਦਿਕ ਦੀ ਡਖਣੇ ੨੫੬-੬੨, ੨੬੩ਵਾਂ ਪੱਤਰਾ ਖ਼ਾਲੀ, ਤੇ ਪੱਤਰੇ ੨੬੪ ਤੋਂ ੨੬੫ ਤਕ ਫਟੇ ਹੋਏ (ਜੋ ਗੁੰਮ ਹਨ), ਕਥਾ ਧੰਨੇ ਕੇ ਜਨਮ ਕੀ ੨੬੬-੬੭, ਰਾਗ ਗਉੜੀ ਕਾਨ੍ਹੇ ਕੇ ਪਦੇ ੨੬੮-੭੩, ਗੋਸ਼ਟਿ ਕਾਨ੍ਹੇ ਭਗਤ ਕੀ (ਆਦਿ ਕਥਾ-) ੨੭੩-੭੮, ਗੋਸ਼ਟਿ ਕਾਨ੍ਹੇ ਭਗਤ ਕੀ ੨੭੯ (ਇਕ ਪੱਤਰਾ), ਪੱਤਰੇ ੨੮੦-੮੭ ਫਟੇ ਹੋਏ (ਜੋ ਗੁੰਮ ਹਨ), ਪ੍ਰਯਾਯ ਵਾਚੀ ਕੋਸ਼ ੨੮੮-੯੮, ਪੱਤਰੇ ੨੯੯-੩੦੧ ਫਟੇ ਹੋਏ (ਜੋ ਗੁੰਮ ਹਨ), ਗੋਸ਼ਟਿ ਸ੍ਰੀ ਠਾਕੁਰ ਊਧਊ ਜੀ ਕੀ ੩੦੨-੧੪, ਬੀਚਾਰ ਦੇਹੀ ਕਾ ੩੧੪-੧੬, ਕਥਾ ਸ੍ਰੀ ਗੋਰਖ ਨਾਥ ਜੀ ਕੀ ੩੧੭-੧੯, ਦਸ ਅਵਤਾਰ ਕਾ ਵਿਉਰਾ ਤੇ ਨਉ ਭਗਤਿ ਕੇ ਪ੍ਰਕਾਰ ੩੧੯-੨੪, ਗੁਰ ਮਨ ਕੀ ਕਥਾ ੩੨੫-੩੮, ਪੰਦ੍ਰਹ ਥਿਤਿ ਗੋਰਖ ਨਾਥ ਕੀਆਂ (ਭਾਈ ਸੰਗਤੀਏ ਕੀ ਪੋਥੀ ਉਤੋਂ ਉਤਾਰਾ) ੩੩੮-੩੯, ਵਾਰ ਸ੍ਰੀ ਗੋਰਖ ਕੇ ੩੩੯ (ਇਕ ਪੱਤਰਾ), ਦਸ ਅਖਾਣ ਜੋਗ ਕੇ ੩੪੦-੪੧, ਚਾਰ ਮਹਲ ਆਤਮਾ ਕੇ ੩੪੧-੪੨, ਜੋਗ ੩੪੩-੪੪, ਖਿੰਥੜਾ ਪ੍ਰਬੰਧ ੩੪੫-੪੬ ੩੪੭ਵਾਂ ਪੱਤਰਾ ਖ਼ਾਲੀ, ਕਥਾ ਸ੍ਰੀ ਗੁਸਾਈਂ ਨਾਮ ਦੇਉ ਕੀ ੩੪੮-੪੯, ਕਥਾ ਸ੍ਰੀ ਗੁਸਾਈਂ ਕਬੀਰ ਜੀ ਕੀ ੩੪੯-੫੪, ਕਥਾ ਗੁਸਾਈਂ ਰਵਿਦਾਸ ਜੀ ਕੀ ੩੫੫-੫੮, ਕਥਾ ਗੁਸਾਈਂ ਧੰਨੇ ਕੀ ੩੫੯—੬੧, ਗੋਸ਼ਟਿ ਬੇਣੀ ਭਗਤ ਕੀ ੩੬੧—੬੨, ਕਥਾ ਸੂਰ ਗੁਸਾਈਂ ਕੀ ੩੬੩—੬੭, ਆਦਿ ਕਥਾ ਮੁਹੰਮਦ ਕੀ ੩੬੮—੭੧, ਮਸਲਾ ਹਜ਼ਰਤ ਰਸੂਲ ਕਾ ੩੭੧—੭੩, ਮਸਲਾ ਪੰਜਾਹਵਾਂ ਨਿਹਕਲੰਕੀ ਅਵਤਾਰ ਕਾ ੩੭੪—੭੭, ਗਿਆਨ ਤਿਲਕ ਰਾਮਾ ਨੰਦ ਗੁਸਾਈਂ ਕਾ, ਗੰਗਾ ਗਾਇਤ੍ਰੀ ਸਮੇਤ ੩੭੮—੮੦, ੩੮੧ਵਾਂ ਪੱਤਰਾ ਗੁੰਮ, ੩੮੨—੮੮ ਪੱਤਰੇ ਖ਼ਾਲੀ, ਗੋਸ਼ਟਿ

ਭਖਣੀ ਪੀਰ ਮੁਰੀਦੀ ਕੀ ੩੮੯—੯੩ ਤੇ ੩੯੪—੯੬ ਪੱਤਰੇ ਖ਼ਾਲੀ, ਗੋਸ਼ਟਿ ਗੋਰਖ ਗੁਸਾਈਂ ਕੀ ੩੯੭-੪੦੦, ਗੋਸ਼ਟਿ ਸ੍ਰੀ ਨਾਮੇ ਤ੍ਰਿਲੋਚਨ ਕੀ ੪੦੦—੦੮, ਇਨ੍ਹਾਂ ਤੋਂ ਬਿਨਾ ਹੋਰ ੧੦ ਵਾਧੂ ਪੱਤਰੇ ਗੋਸ਼ਟਿ ਤ੍ਰਿਲੋਚਨ ਆਦਿ ਨਾਲ ਸੰਬੰਧ ਰਖਦੇ ਹਨ; ਪ੍ਰਤੀ ਸਫ਼ਾ ੧੩ ਤੋਂ ੨੧ ਤਕ ਸਤਰਾਂ; ਕਾਗਜ਼ ਖ਼ਾਕੀ (ਦੇਸੀ, ਪਤਲਾ); ਹਾਸ਼ੀਆ ਸਾਦਾ ਕਿਤੇ ਲਕੀਰਾਂ ਵਾਲਾ ਤੇ ਕਿਤੇ ਲਕੀਰਾਂ ਤੋਂ ਬਗ਼ੈਰ; ਸਿਆਹੀ ਫਿੱਕੀ ਕਾਲੀ; ਲਿਖਤ ਬੜੀ ਪੁਰਾਣੀ, ਜਿਸ ਦੇ ਅੱਖਰਾਂ ਦੀ ਬਨਾਵਟ ਅੱਜ ਕਲ ਦੇ ਅੱਖਰਾਂ ਨਾਲ ਨਹੀਂ ਮਿਲਦੀ; ਵਿਸ਼ੇ-ਸੂਚੀ ਦੇ ਮੁੱਢਲੇ ਦੋ ਪੱਤਰੇ ਗ਼ੁਮ, ਤੇ ਅੰਤਲੇ ਪੱਤਰੇ ਵੀ ਗ਼ੁਮ ਤੇ ਕੁਝ ਫਟੇ ਹੋਏ, ਜੋ ਮੌਜੂਦ ਹਨ; ਜਿਲਦ ਟੁੱਟੀ ਹੋਈ, ਜਿਸ ਕਰ ਕੇ ਪੁਸਤਕ ਖ਼ਸਤਾ ਹਾਲਤ ਵਿਚ ਹੈ ।

ਸਮਾਂ— ੧੭ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ— (ਵਿਸ਼ੇ-ਸੂਚੀ ਦੇ ੩ ਪੱਤਰੇ ਛੱਡ ਕੇ) ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਸਤਿਗੁਰੂ ਪ੍ਰਸਾਦਿ । ਗੋਸਟਿ ਸ੍ਰੀ ਗੋਰਖ ਨਾਥ ਕੀ । ਜਦਿ ਪ੍ਰਥਮੇ ਨਿਰੰਜਨਿ ਨਿਰੰਕਾਰਿ ਅਪੁਨਾ ਆਕਾਰੁ ਕੀਆ ਤਬ ਬ੍ਰਹਮਾ ਬਿਸਨੁ ਮਹਾਦਿਉ ਪੈਦਾ ਕੀਏ, ਤਿਨ ਤੀ ਪੀਛੈ ਸ੍ਰਿਸਟਿ ਧਾਰੀ। ਅਪੁਨੀ ਕੁਦਰਤਿ ਅਗਾਧ ਬੋਧਿ ਪ੍ਰਗਟਾਈ । ਤਬ ਪਿੰਡੁ ਪ੍ਰਾਣ ਸਾਜਿਓ, ਤਬ ਜੀਆ ਜੂਨੀ ਸਾਜੀਆ, ਰੂਪ ਰੰਗੁ ਰਹਤਾ ਬਲੁ ਸਾਜਿਆ, ਤਬ ਪੰਚ ਤਤੁ ਪਚੀਸ ਪ੍ਰਕਿਰਤਿ ਬਨਾਈ, ਜੀਆ ਕਾ ਵਰਤਮਾਨ ਧਰੇ ਪਿੰਡ ਕਉ ਏ ਪੰਚ ਤਤੁ ਪਚੀਸ ਪ੍ਰਕਿਰਤਿ ਬਨਾਈਆ । ਜਿਮੀ ਅਸਮਾਨੁ ਚੰਦੁ ਸੂਰਜੁ ਪਉਨੁ ਪਾਨੀ, ਚਾਰਿ ਖਾਨੀ, ਚਾਰਿ ਬਾਨੀ, ਚਾਰਿ ਕੁੰਟ ਚਉਦਹ ਭ... ਬਨਾਏ, ਨਉਖੰਡ ਪ੍ਰਿਥਮੀ ਦੁਖੁ ਸੁਖੁ ਨਰਕੁ ਸੁਰਗੁ ਕੀਆ । ਇਸਤ੍ਰੀ ਪੁਰਖ ਤੀਨਿ ਲੋਅ ਪੁਰੀਆ ਪਤਾਲ ਕੀਏ । ਨਰਕ ਸੁਰਗੁ ਕਰਮ ਧਰਮ ਪਾਪੁ ਪੁੰਨੁ ਕੀਆ ।... (ਪੱਤਰਾ ੪)

ਅੰਤ— ਤਬ ਠਾਕੁਰ ਕੇ ਦੇਵਾਲੇ ਕਉ ਨਾਮਾ ਅਰ ਤਿਲੋਚਨੁ ਚਲੇ । ਜਬ ਚਲੇ ਤਬ ਆਗੈ ਥੇ ਮੁਗਲ ਕੈ ਰੂਪਿ ਆਇ ਗਇਆ । ਸਾਥਿ ਬਿਗਾਰੀ, ਸਿਰਿ ਪੋਟਲੀਐ, ਮੁਗਲ ਕੈ ਰੂਪਿ ਲੀਐ ਆਇ ਗਇਆ । ਤਬ ਨਾਮੇ ਕਹਿਆ ਜਿ, "ਏ ਈ ਤੇ ਰਾਮ, ਏ ਈ ਤੇ ਹਮ ਤੁਮ ਜਿਸੁ ਆਰਾਧੀਅਲੇ ॥ ਰਹਾਉ ॥" ਤਿਸ ਕਾ ਪਰਮਾਰਥੁ । ਤਬ ਨਾਮੇ ਜੀ ਕਹਿਆ ਜਿ, "ਏ ਤਿਲੋਚਨ ! ਜਿਸ ਕਉ ਹਮ ਆਰਾਧਤੇ ਥੇ ਸਿ ਏਹੁ ਮੁਗਲ ਕੈ ਰੂਪਿ ਕੀਐ ਇਹੁ ਹੈ ।... (ਪੱਤਰਾ ੪੦੮)

ਇਸ ਗੋਸ਼ਟਿ-ਸੰਗ੍ਰਹਿ ਵਿਚੋਂ "ਸੇਖ ਫ਼ਰੀਦ ਦੇ ਮਸਲੇ" ਨਾਮੀ ਪੁਸਤਕ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਲੋਂ ਸੰਨ ੧੯੬੨ ਈ. ਵਿਚ ਪ੍ਰਕਾਸ਼ਿਤ ਹੋ ਚੁੱਕੀ ਹੈ ।

੯੬. (ੳ) ਸਾਖੀ ਰਾਜੇ ਜਨਕ ਕੀ (ਸੋਭਾ ਸ੍ਰੀ ਅਮ੍ਰਿਤਸਰ ਜੀ ਕੀ ਆਦਿ) (ਨੰ. ੧੬੨, ਪ੍ਰੋ. ਪ੍ਰੀ. ਸਿੰ.)

ਲੇਖਕ— ਸੋਢੀ ਮਿਹਰਵਾਨ । ਆਕਾਰ—$6\frac{1}{2}'' \times 4\frac{3}{4}''$, ਲਿਖਤ $4\frac{1}{2}'' + 3\frac{1}{4}''$ ।

ਵੇਰਵਾ— ਪੱਤਰੇ ਸਾਖੀ ਰਾਜੇ ਜਨਕ ਕੀ ੧੮, ਪਰਚੀਆਂ ਪਾਤਸ਼ਾਹੀ ੧੦ (ਸੇਵਾ ਦਾਸ, ਉਦਾਸੀ) ਪੱਤਰੇ ੧੬੭, ਸੋਭਾ ਸ੍ਰੀ ਅਮ੍ਰਿਤਸਰ ਜੀ ਕੀ (ਕੇਸਰ ਸਿੰਘ, ਛਿੱਬਰ) ੧੬੭-੭੪, ਉਸਤਤਿ ਅੰਮ੍ਰਿਤਸਰ ਜੀ ਕੀ (ਕਵੀ ਸੌਂਧਾ) ੧੭੫-੮੦, ਬਾਰਾਂ ਮਾਹਾਂ ਗੁਰੂ ਗੋਬਿੰਦ ਸਿੰਘ ਜੀ ਕਾ (ਕਵੀ ਵੀਰ ਸਿੰਘ) ੧੮੧-੯੫, ਵਾਰ ਸ੍ਰੀ ਭਗਉਤੀ ਜੀ ਕੀ ੧੯੫—੨੨੫, ਪਰੀਛਿਆ ਪਾਤਸ਼ਾਹੀ ੧੦, ਪੱਤਰੇ ੨੨੫—੩੯, ਰਾਗ ਗਉੜੀ ਮਹਲਾ ੪ ਆਦਿ ਦੇ ਸ਼ਬਦ ੨੪੦—੭੩, ਜੈਤਸਰੀ ਕੀ ਵਾਰ ਮ: ੫ ਆਦਿ ਸ਼ਬਦ ਪੱਤਰੇ ੨੭੩—੩੦੦, ਸਾਖੀ ਰਹਿਤ ਦੀ ੩੦੧—੦੮; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਅੰਤਲੇ ਪਤਰੇ ਗ਼ੁਮ ਹੋਣ ਕਰ ਕੇ ਪੁਸਤਕ ਅਧੂਰੀ; ਵੈਸੇ ਹੋਰ ਹਰ ਤਰਾਂ ਪੁਸਤਕ ਅਛੀ ਹਾਲਤ ਵਿਚ ਹੈ ਤੇ ਸਜਿਲਦ ਹੈ।

ਸਮਾਂ— ਸੰਮਤ ੧੮੫੦ ਬਿ. । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਾਖੀ ਰਾਜੇ ਜਨਕ ਜੀ ਕੀ । ਸ੍ਰੀ ਗੁਰੂ ਨਾਨਕ ਜੀ ਸਤਿ ਹੈ। ਤਬ ਸ੍ਰੀ ਪਾਰਬ੍ਰਹਮ ਕੀ ਆਗਿਆ ਸਾਥਿ ਰਾਜਾ ਜਨਕੁ ਭਗਤਿ ਜੀ ਸਚ ਖੰਡ ਕਉ ਚਲੇ ।... (ਪੱਤਰਾ ੧)

ਅੰਤ— ...ਜੁਗ ਜੁਗਿ ਮਹਿ ਗੁਰੂ ਆਇਆ ।
ਤਿਨ ਅਚਿੰਤ ਨਾਮੁ ਧਿਆਇਆ ।
ਜਿਨ ਸੇਵਿਆ ਤਿਨ ਫਲੁ ਪਾਇਆ ।

ਦਾਸਿ ਨਾਨਕ ਪੰਥ ਚਲਾਇਆ ॥੨॥
ਸਾਖੀ ਪੂਰਨ ਹੋਈ, ਬੋਲਹੁ ਭਾਈ ਜੀ ਵਾਹਿਗੁਰੂ । (ਪੱਤਰਾ ੧੮)

(ਅ) **ਪਰਚੀਆਂ ਪਾਤਸ਼ਾਹੀ ੧੦** (ਸੇਵਾ ਦਾਸ, ਉਦਾਸੀ)

ਆਰੰਭ—ੴ ਸਤਿਗੁਰ ਪ੍ਰਸਾਦਿ । ਅਥ ਪਰਚੀਆਂ ਪਾਤਸਾਹੀ ਦਸਵੀਂ ਕੀ ਮਹਲਾ ੧੦ । ਪ੍ਰਿਥਮੇ ਦਸਾਂ ਮਹਲਾਂ ਕੇ ਨਾਮ ਲੀਖੇ ।... (ਪੱਤਰਾ ੧)

ਅੰਤ— ...ਸੇਵਾ ਦਾਸ ਉਦਾਸੀ ਕੀਨੀ ਪਰਚਰੀ । ਗੁਰ ਉਸਤਤਿ ਕੀ ਪੋਥੀ, ਪ੍ਰੇਮ ਕੇ ਸਰਿ ਚਰਚਰੀ ।
ਗੁਰ ਉਸਤਤਿ ਬੇਅੰਤ ਅਗਮ ਅਪਾਰ ਜੀ । ਕਛੂ ਅਪਨੇ ਭਲੇ ਕਉ ਕੀਨਾ ਛੂਦ੍ਰ ਉਚਾਰ ਜੀ ॥੧॥
ਇਤਿ ਪਰਚੀ ਗੁਰੂ ਗੋਬਿੰਦ ਸਿੰਘ ਜੀ ਕੀ ਸੰਪੂਰਣੰ ਸਮਾਪਤੰ । ਸਾਖੀਆਂ ਪੰਜਾਹ ਹੋਇ ਚੁਕੀਆਂ...
ਪੜ੍ਹਿ ਸੁਨਿ ਮਨ ਸਮਝਾਈਐ, ਸੰਤ ਜਨਾਂ ਕੇ ਭੇਦ ।
ਹੋਇ ਮੁਕਤਿ ਸੰਸਾਰ ਤੇ, ਕਬਹੂੰ ਨ ਪਾਵੈ ਖੇਦ ॥੧॥੫੦॥ (ਪੱਤਰਾ ੧੬੭)

(ੲ) **ਸੋਭਾ ਸ੍ਰੀ ਅੰਮ੍ਰਿਤਸਰ ਜੀ ਕੀ** (ਕੇਸਰ ਸਿੰਘ, ਛਿੱਬਰ)

ਆਰੰਭ—ੴ ਸਤਿਗੁਰ ਪ੍ਰਸਾਦਿ । ਓਨਮੋ ਸ੍ਰੀ ਸਤਿਗੁਰ ਪ੍ਰਸਾਦਿ । ਅਥ ਸੋਭਾ ਸ੍ਰੀ ਅੰਮ੍ਰਿਤਸਰ ਜੀ ਦੀ ਲਿਖ੍ਯਤੇ ॥ਦੋਹਰਾ॥
ਸੋਭਾ ਅਧਿਕ ਅਪਾਰ ਹੈ, ਅੰਤੁ ਨ ਪਾਰਾਵਾਰੁ ।
ਜਿਤਕੁ ਸੁਨੀ ਹੈ ਸਾਸਤ੍ਰ ਤੈਂ, ਤੇਤਕ ਕਹੌ ਉਚਾਰੁ ॥੧॥... (ਪੱਤਰਾ ੧੬੭)

ਅੰਤ— ...ਸਿੰਘ ਕੇਸਰ ਛਿਬਰ ਇਹੁ ਕੀਰਤਨੁ ਗਾਈ ।
ਗੁਰਦੁਆਰੇ ਕੀ ਸੋਭਾ ਆਖਿ ਸੁਣਾਈ ।
ਮੂਰਖਾ ਲੋਕਾ ਕਦਰੁ ਨ ਆਈ । ਰਹੇ ਖਾਲਸਾ ਰਹੇ ਖਾਲਸਾ ॥੪੧॥
ਪ੍ਰੀਤ ਨਾਲਿ ਜੋ ਕਰੇ ਇਸਨਾਨੁ । ਤਿਸ ਕਉ ਜਮ ਕਾ ਲਗੇ ਨ ਡਾਨੁ ।
ਮੁਕਤਿ ਪ੍ਰਾਪਤਿ ਸੋਈ ਹੋਸੀ । ਰਹੇ ਖਾਲਸਾ ਰਹੇ ਖਾਲਸਾ ॥੪੨॥
ਦਿਨ ਦਿਨ ਪ੍ਰਤਾਪੁ ਇਸ ਕਾ ਹੋਇ ਸਵਾਇਆ ।
ਜੋ ਜਿਨਾਵਰ ਇਸ ਤੇ ਉਡਤਾ ਆਇਆ ।
ਤਿਨ ਭੀ ਵਾਸੁ ਬੈਕੁੰਠੇ ਪਾਇਆ । ਰਹੇ ਖਾਲਸਾ ਰਹੇ ਖਾਲਸਾ ॥੪੩॥
ਸੁਤ ਦੇਵਾ ਸਿੰਘ ਕੋ ਦਇਆ ਸਮਝਾਇ ।
ਕਬਹੂ ਨ ਛਡੀਓ ਸਤਿਗੁਰ ਕੇ ਪਾਇ ।
ਨਉ ਨਿਧਿ ਪਾਵੈ ਅੰਮ੍ਰਿਤਸਰ ਨਾਇ । ਰਹੇ ਖਾਲਸਾ ਰਹੇ ਖਾਲਸਾ ॥੪੪॥
ਤੀਰਥ ਦੇਵ ਦਿਵਾਲੇ ਸਭ ਹੀ ਫਿਰ ਫਿਰ ਡਿਠੇ ।
ਇਜੇਹਾ ਸੁਖੁ ਨ ਕਿਧਰੇ, ਜੇਹਾ ਡਿਠਾ ਇਥੇ ।
ਅਠੇ ਪਹਰ ਹਰਿ ਜਸੁ ਹੀ ਹੋਵੈ । ਰਹੇ ਖਾਲਸਾ ਰਹੇ ਖਾਲਸਾ ।੪੫॥
ਸੰਮਤੁ ਇਕੁ ਸਉ ਅਠਿ (ਹਰ ਤਾਲ ਫੇਰ ਕੇ ਮਿਟਾਇਆ ਹੋਇਆ) (ਪੱਤਰਾ ੧੭੪)
੧੮੫੦ ॥ ਉਚਾਰ ਹੋਇਆ ਉਸਤਤਿ ਕਾ । (ਪੱਤਰਾ ੧੭੫)

(ਸ) **ਉਸਤਤਿ ਅੰਮ੍ਰਿਤਸਰ ਜੀ ਕੀ** (ਕਵੀ ਸੋਂਧਾ)

ਆਰੰਭ— ੴ ਸਤਿਗੁਰ ਪ੍ਰਸਾਦਿ । ਅਥ ਉਸਤਤਿ ਅੰਮ੍ਰਿਤਸਰ ਜੀ ਕੀ ਲਿਖਿਅਤੇ ।
ਤੀਨ ਲੋਕ ਮਹ ਤਾਲੁ ਨ ਐਸਾ ਜੈਸਾ ਦੇਖਿਆ ਅੰਮ੍ਰਿਤਸਰ ।... (ਪੱਤਰਾ ੧੭੫)

ਅੰਤ— ...ਗੁਰੂ ਕਾ ਬਚਨੁ ਹੈ—
ਭਲਿ ਭਾਗਿ ਭਇਆ ਇਹ ਸੰਭਲ ਕੇ, ਹਰਿ ਜੀ ਹਰਿ ਮੰਦਰਿ ਆਵੈਗੋ ॥੧॥ (ਪੱਤਰਾ ੧੮੦)

(ਹ) **ਬਾਰਾਂ ਮਾਹਾਂ ਗੁਰੂ ਗੋਬਿੰਦ ਸਿੰਘ ਜੀ ਕਾ ।** (ਵੀਰ ਸਿੰਘ)

ਆਰੰਭ—ੴ ਸਤਿਗੁਰ ਪ੍ਰਸਾਦਿ । ਬਾਰਾਂ ਮਾਹਾਂ ਗੁਰੂ ਗੋਬਿੰਦ ਸਿੰਘ ਜੀ ਕਾ ।
ਜਬ ਚੜ੍ਹੇ ਚੇਤ ਨਿਰਬਾਣ । ਗੋਬਿੰਦ ਸਿੰਘ ਫੜੀ ਦਸਤਿ ਕ੍ਰਿਪਾਣ । (ਪੱਤਰਾ ੧੮੧)

ਅੰਤ—ਫੁਲਿ ਹਰੀ ਕੇ ਹਰਿ ਜੀ ਹਾਂ । ਕਿ ਦਰਸਨ ਅਮ੍ਰਿਤਸਰ ਜੀ ਜਾਂ, ਮੇਰਾ ਮਨ ਲੋਚਦਾ ।
ਬਾਰਾਂ ਮਾਹਾਂ ਸੰਪੂਰਨ ਹੋਇਆ । ਭੁਲਿ ਚੁਕਿ ਸੋਧ ਪੜ੍ਹਣਾ। (ਪੱਤਰਾ ੧੯੫)

(ਕ) ਭਗਉਤੀ ਜੀ ਕੀ ਵਾਰ ਪਾਤਸਾਹੀ ੧੦

ਆਰੰਭ—ਸ੍ਰੀ ਭਗਉਤੀ ਜੀ ਕੀ ਵਾਰਿ, ਮੁਖਿ ਵਾਕ ਪਾਤਸਾਹੀ ਦਸਿ ॥੧੦॥ ਪਉੜੀ ॥
ਓਰੰਗ ਸਾਹ ਲਿਖਿਆ ਦਿਲੀਓ ਪਰਵਾਨਾ ।... (ਪੱਤਰਾ ੧੯੫)

ਅੰਤ— ...ਗੁਲਾਬ ਸਿੰਘ (ਸੀ) ਸੂਰਮਾ, ਰਣਿ ਅੰਦਰਿ ਵੜਿਆ ।
ਥਾਪੀ ਲਈ ਹਜ਼ੂਰ ਥੀ, ਹਥ ਨੇਜਾ ਫੜਿਆ।
ਜਾ ਆਇਆ ਹੁਕਮੁ ਹਜ਼ੂਰ ਥੀ, ਰਣਿ ਅੰਦਰਿ ਝੜਿਆ ।
ਸਿਵ ਨੈ ਸਿਰੁ ਲੈ ਫੜਿਆ, ਸਿਰੁ ਮੇਰੁ ਤਿਸ ਕਰਿਆ ॥ (੨੪)॥
ਵਾਰਿ ਸ੍ਰੀ ਭਗਉਤੀ ਜੀ ਕੀ ਸੰਪੂਰਨ ਹੋਈ ।... (ਪੱਤਰਾ ੨੦੬)

ਇਸ ਤੋਂ ਅੱਗੇ ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ੧੦ ਸਿਰਲੇਖ ਹੇਠ ਚੰਡੀ ਦੀ ਵਾਰ (ਦਸ਼ਮ ਗ੍ਰੰਥ), ਪਰੀਛਿਆ ਪਾਤਸ਼ਾਹੀ ੧੦, ਗੁਰਬਾਣੀ ਵਿਚੋਂ ਮਹਲਾ ੯ ਆਦਿ ਦੇ ਚੋਣਵੇਂ ਸ਼ਬਦ ਪੱਤਰਾ ੨੦੭ ਤੋਂ ੩੦੦ ਤਕ ਦਰਜ ਹਨ । ਇਸ ਤੋਂ ਅੱਗੇ ਪੱਤਰਾ ੩੦੧ ਤੋਂ ੩੦੮ ਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਖੀ ਰਹਿਤ ਦੀ ਹੈ, ਜੋ ਅੰਤਲੇ ਪੱਤਰੇ ੩੦੮ ਤੋਂ ਅੱਗੇ ਗੁੰਮ ਹੋਣ ਕਰ ਕੇ ਅਧੂਰੀ ਹੈ ।

੯੭. (ੳ) ਗੋਸ਼ਟਿ ਰਾਜਾ ਜਨਕ (ਜਨਮ ਸਾਖੀ ਗੁਰੂ ਨਾਨਕ ਜੀ ਕੀ ਸਮੇਤ) (ਨੰ. ੨੩੫, ਭਾ. ਵਿ.)

ਲੇਖਕ— ਭਾਈ ਪੈੜਾ ਮੋਖਾ । ਆਕਾਰ–9¾" × 11¼", ਲਿਖਤ 6¾" × 9" ।

ਵੇਰਵਾ—ਪੱਤਰੇ ੧੨੧; ਪ੍ਰਤੀ ਸਫ਼ਾ ੧੬ ਸਤਰਾਂ, ਕਾਗਜ਼ ਦੇਸੀ (ਸਿਆਲ ਕੋਟੀ); ਹਾਸ਼ੀਆ ਸਾਦਾ ਲਾਲ ਲਕੀਰਾਂ ਵਾਲਾ; ਮੰਗਲਾਚਰਣ ਤੇ ਹੋਰ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਸਿਆਹੀ ਕਾਲੀ ਫਿੱਕੀ; ਲਿਖਤ ਸਾਦੀ ਦਮ-ਦਮੀ; ਜਿਲਦ ਟੁੱਟਣ ਕਰ ਕੇ ਪੱਤਰੇ ਅਨੇਕ ਥਾਵਾਂ ਤੋਂ ਭੁਰੇ ਹੋਏ ।

ਸਮਾਂ— ਪੁਸਤਕ ਲਗਭਗ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਨਮੁ ਸਾਖੀ ਲਿਖਤੇ॥ ਪ੍ਰਥਮੇ ਸਾਖੀ ਰਾਜੇ ਜਨਕ ਜੀ ਕੀ । ਵਾਹਿਗੁਰੂ ਜੀ ॥ ਰਾਜਾ ਜਨਕ ਭਗਤਿ ਜੀ ਸਚੁਖੰਡ ਕਉ ਚਲੇ॥ ਆਗਿਆ ਪਾਰ ਬ੍ਰਹਮ ਜੀ ਕੀ ਹੋਈ ਪਾਰਖਦੋਂ ਕਉ, "ਜੋ ਤੁਮ ਜਾਇ ਕਰਿ ਰਾਜੇ ਜਨਕ ਭਗਤਿ ਕਉ ਮੇਰੇ ਪਾਸਿ ਲੇ ਆਵਹੁ ।"... (ਪੱਤਰਾ ੧)

ਅੰਤ— ...ਆਗਿਆ ਸ੍ਰੀ ਪਾਰ ਬ੍ਰਹਮ ਕੀ ਰਾਜੇ ਜਨਕ ਭਗਤ ਕਉ ਭਈ ਜੋ, "ਤੂੰ ਕਲਿਜੁਗ ਵਿਖੇ ਅਵਤਾਰ ਧਾਰ ਕਰਿ ਸਰਬਤ ਜੀਆ ਕਉ ਨਾਮ ਜਪਾਵਹੁ, ਜੋ ਸਗਲੇ ਜੀਅ ਮੁਕਤਿ ਹੋਵਹਿ॥"
ਸਲੋਕੁ ॥ ਜੁਗਿ ਜੁਗਿ ਮਹਿ ਗੁਰੁ ਆਇਆ ।
ਤਿਨਿ ਅਚਿੰਤ ਨਾਮ ਧਿਆਇਆ ।
ਜਿਨਿ ਸੇਵਿਆ ਤਿਨਿ ਫਲੁ ਪਾਇਆ ।
ਦਾਸ ਨਾਨਕ ਪੰਥੁ ਚਲਾਇਆ ॥ (ਪੱਤਰਾ ੭)

(ਅ) ਜਨਮ ਸਾਖੀ ਗੁਰੂ ਨਾਨਕ ਜੀ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਜਨਮ ਪਤ੍ਰੀ ਬਾਬੇ ਨਾਨਕ ਜੀ ਕੀ ਸੰਮਤ ॥ ੧੫੮੨ ॥ ਪੰਦ੍ਰਹ ਸੈ ਬਿਆਸੀ ਮਿਤੀ ਵੈਸਾਖ ਸੁਦੀ ॥੫॥ ਪੰਚਮੀ ਪੋਥੀ ਲਿਖੀ ਪੈੜੇ ਮੋਖੇ ਸੁਲਤਾਨ ਪੁਰ ਦੇ ਖਤਰੇਟੇ, ਗੁਰੂ ਅੰਗਦ ਲਿਖਵਾਈ, ਪੈੜੇ ਲਿਖੀ ਮੁਖਾਸਤ ਬਾਲੇ ਸੰਧੂ ਜਟੇਟੇ, ਰਾਇ ਭੋਇ ਦੀ ਤਿਲਵੰਡੀਅਹੁ ਆਹਾ । ਗੁਰੂ ਅੰਗਦ ਨੂ ਢੂਢ ਲਧਾ ਆਹਾ । ਦੁਇ ਮਹੀਨੇ ਤੇ ਸਤਾਰਾਂ ਦਿਨ ਲਿਖਦਿਆਂ ਲਗੇ ਆਹੇ । ਹਕੀਕਤ ਆਹੀ, ਜਿਥੇ ਜਿਥੇ ਫਿਰੇ ਆਹੇ ਤਿਥੋਂ ਤਿਥੋਂ ਦੀ ਹਕੀਕਤਿ ਸਹਿਜ ਨਾਲਿ ਭਾਈ ਬਾਲੇ ਲਿਖਵਾਈ । (ਤਾ) ਭਾਈ ਬਾਲੇ ਉਪਰਿ ਗੁਰੂ ਅੰਗਦ ਜੀ ਬਹੁਤ ਖੁਸੀ ਹੋਇਆ ॥ ਭਾਈ ਬਾਲਾ ਅਤੇ ਮਰਦਾਨਾ ਨਾਲ ਫਿਰਦੇ ਆਹੇ । ਮੋਦੀ ਖਾਨੇ ਦੇ ਵਖਤ ਬਾਲਾ ਨਾਲੇ ਆਹਾ ।... (ਪੱਤਰਾ ੭)

ਅੰਤ— ...ਹਮਾਰੀ ਕਿਆ ਸਕਤਿ ਹੈ ਜੋ ਤੁਮਾਰਾ ਬਚਨ ਫੇਰੀਐ ਤਾ ਗੁਰੂ ਨਾ... (ਪੱਤਰਾ ੧੨੧ ਅ)

ਇਹ ਵਾਕ ਰਾਜਾ ਕਵਲ ਨੈਨ ਦੀ ਸਾਖੀ ਵਿਚੋਂ ਹਨ ਤੇ ਇਸ ਤੋਂ ਅੱਗੇ ਪੱਤਰੇ ਗੁਮ ਹਨ ਜਿਸ ਕਰ ਕੇ ਇਹ ਜਨਮ ਸਾਖੀ ਬਹੁਤ ਅਧੂਰੀ ਹੈ।

ਇਸ ਜਨਮ ਸਾਖੀ ਦੀ ਇਕ ਹੋਰ ਅਧੂਰੀ ਪ੍ਰਤੀ, ਜੋ ਪੱਤਰਾ ੧੩੯ ਤੋਂ ੫੨੮ ਤਕ ਹੈ, ਭਾਸ਼ਾ ਵਿਭਾਗ ਦੇ ਪੁਸਤਕਾਲੇ ਵਿਚ ਸੁਰੱਖਿਅਤ ਹੈ। ਉਸ ਦਾ ਨੰ. ੨੬੮ ਹੈ।

(ਨੰ. ੮੯, ਪੰ. ਪ੍ਰੀ. ਸਿੰ.)

੯੮. (ੳ) ਗੋਸ਼ਟਿ ਮੱਕੇ ਦੀ (ਜਪੁ ਸਟੀਕ ਆਦਿ ਸਮੇਤ)

ਲੇਖਕ— ਸੋਢੀ ਮਿਹਰਵਾਨ। ਆਕਾਰ—$4\frac{3}{4}'' \times 5\frac{3}{4}''$, ਲਿਖਤ $3\frac{1}{4}'' \times 5''$।

ਵੇਰਵਾ— ਪੱਤਰੇ ੬; ਫੁਟਕਲ ਬਾਣੀ ਦੇ ਪੱਤਰੇ ੭—੧੫, ਜਪੁ ਪਰਮਾਰਥ (ਸੋਢੀ ਮਿਹਰਵਾਨ) ੧੬—੮੩, ਰਾਗ ਰਾਮ ਕਲੀ ਦਖਣੀ ਓਅੰਕਾਰ ਸਟੀਕ (ਸੋਢੀ ਮਿਹਰਵਾਨ) ੮੪–੧੩੨, ਰਾਗ ਰਾਮ ਕਲੀ ਸਿਧ ਗੋਸ਼ਟਿ ਸਟੀਕ (ਸੋਢੀ ਮਿਹਰਵਾਨ) ੧੩੨—੨੦੪, ਜਪੁ ਨਾਮ ਸਾਰ ਤੇ ਸ਼ਬਦ (ਨਰਹਰਿ ਦਾਸ) ੨੦੪—੧੧; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਕਈ ਥਾਵੀਂ ਅਸ਼ੁੱਧ, ਜਿਸ ਕਰ ਕੇ ਹਾਸ਼ੀਏ ਉਤੇ ਕਈ ਥਾਵੇਂ ਸੁਧਾਈ ਕੀਤੀ ਹੋਈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਮੁੱਢਲੇ ੧੫ ਪੱਤਰੇ ਇਕ ਪਾਸੇ ਲਿਖੇ ਹੋਏ ਤੇ ਬਾਕੀ ਪੁਸਤਕ ਆਮ ਪ੍ਰਚਲਿਤ ਪੁਸਤਕਾਂ ਵਾਂਗੂ ਦੁਪਾਸੀਂ ਲਿਖੀ ਹੋਈ; ਸਿਆਹੀ ਫਿੱਕੀ ਕਾਲੀ; ਪੱਤਰਾ ੮੪ ਅੱਧਾ ਫਟਿਆ ਹੋਇਆ ਤੇ ੮੫ ਤੋਂ ਅੱਗੇ ਚਾਰ ਪੱਤਰੇ ਸਾਬਤ ਫਟੇ ਹੋਏ; ਬਾਕੀ ਪੁਸਤਕ ਬਗ਼ੈਰ ਜਿਲਦ ਤੇ ਅੱਛੀ ਹਾਲਤ ਵਿੱਚ ਹੈ।

ਸਮਾਂ— ਇਕ ਸੌ ਸਾਲ ਤੋਂ ਉਪਰ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸ੍ਰੀ ਸਤਿਗੁਰ ਪ੍ਰਸਾਦਿ। ਗੋਸਟਿ ਬਾਬੇ ਨਾਨਕ ਨਾਲਿ, ਗੋਸਟਿ ਹੋਈ ਰੁਕਨ ਦੀ ਕੀ ਮਕੇ ਵਿਚਿ ॥ ਪਉੜੀ ॥

ਅਵਲਿ ਨਾਮ ਖੁਦਾਇ ਦਾ, ਦੋਮਿ ਨਬੀ ਰਸੂਲ।
ਨਾਨਕ (ਕ)ਲਮਾ ਯਾਦਿ ਕਰਿ ਦਰਗਾਹ ਪਵਹਿ ਕਬੂਲੁ ॥੧॥
ਅਵਲਿ ਨਾਮ ਖੁਦਾਇ ਕਾ, ਦਰਿ ਕੇਤੇ ਨਬੀ ਰਸੂਲੁ।
ਸੇਖਾ ਨੀਅਤਿ ਰਾਸਿ ਕਰਿ, ਦਰਗਹ ਪਵਹਿ ਕਬੂਲ ॥੨॥
ਅਲਫ ਅਲਾਹ ਕਉ ਯਾਦਿ ਕਰ, ਗਫਲਤਿ ਮਨਉ ਵਿਸਾਰਿ।
ਸਾਸ ਪਲਟਹਿ ਨਾਮੁ ਬਿਨੁ, ਧਿਗੁ ਜੀਵਹੁ ਸੰਸਾਰਿ ॥੩॥ (ਪੱਤਰਾ ੧)

ਅੰਤ— ...ਫੇ ਫਾਰਕ ਤੇਊ ਭਏ, ਚਲਹ ਗੁਰ ਕੇ ਭਾਇ।
ਆਪੇ ਕੀਆ ਤਾਹਕੀਕ ਤਨੁ ਗੰਗ ਮਿਲਾਇ ॥ ੨੨ ॥ (ਪੱਤਰਾ ੬)

ਇਸ ਤੋਂ ਅੱਗੇ ਰਾਗ ਪ੍ਰਭਾਤੀ ਮਹਲਾ ੧, 'ਸੁਰਤ ਅੰਤ੍ਰ ਗਹੈ, ਛੋਦ ਮੁਕਤਾ ਰਹੈ, ਨਾਟ ਕੇ ਘਾਟ ਮੈ ਸਹਜ ਖੇਲ।'... ਆਦਿ ਸ਼ਬਦ ਪੱਤਰਾ ੧੫ ਤਕ ਦਰਜ ਹਨ।

(ਅ) ਜਪੁ ਪਰਮਾਰਥ (ਸੋਢੀ ਮਿਹਰਵਾਨ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ। ਜਪੁ ਪਰਮਾਰਥਿ ਨਾਲਿ ਲਿਖਿਆ ਮ: ੧। ਜਿ ਕੋਈ ਇਸੁ ਜਪੁ ਨੂੰ ਪੜ੍ਹੈਗਾ-ਲਿਖੈਗਾ, ਸਿਖੈਗਾ, ਸਿਖਾਵੈਗਾ, ਤਿਸ ਕੀ ਪਰਮਗਤਿ ਹੋਇਗੀ, ਬਚਨੁ ਹੈ ਸ੍ਰੀ ਗੁਰੂ ਬਾਬੇ ਨਾਨਕ ਜੀ ਕਾ। ਸ੍ਰੀ ਗੁਰੂ ਬਾਬਾ ਨਾਨਕ ਜੀ ਏਕ ਦਿਨ ਪੰਜਾਬ ਦੀ ਧਰਤੀ ਨਗਰੁ ਕਰਤਾਰ ਪੁਰ ਬੈਠਾ ਥਾ ਅਰੁ ਦਰਗਾਹ ਸ੍ਰੀ ਪਰਮੇਸਰ ਜੀ ਕੀ ਬੁਲਾਇਆ, ਇਸੁ ਸੰਸਾਰ ਵਿਚਿ। ਤਾ ਫੇਰ ਹੁਕਮੁ ਸ੍ਰੀ ਪਰਮੇਸਰ ਜੀ ਕਾ ਲੇ ਆਇਆ ਤਾਂ ਅੰਗਦ ਸਿਖ ਕਉ ਬੁਲਾਇ ਕਰ ਕਹਿਆ ਸ੍ਰੀ ਗੁਰੂ ਬਾਬੇ ਨਾਨਕ ਜੀ ਨੇ,"ਪੁਰਖਾ ਅੰਗਦਾ! ਪਾਰ ਬ੍ਰਹਮ ਜੀ ਕੀ ਆਗਿਆ ਹੋਈ ਹੈ, ਮੇਰੀ ਸਿਫਤ ਕਰਣੀ ਅਰੁ ਸੰਸਾਰ ਤੇ ਕਰਾਵਣੀ। ਪ੍ਰਿਥਮੀ ਮੇਰੇ ਨਾਇ ਲਾਵਣੀ। ਉਪਦੇਸੁ ਧਰਮੁ ਏਹੋ ਦਿੜਾਵਣਾ। ਨਾਮੁ, ਦਾਨੁ, ਇਸਨਾਨੁ, ਦਇਆ, ਧਰਮੁ, ਸੀਲੁ, ਸੰਤੋਖ ਕਮਾਵਣਾ। ਗ੍ਰਿਸਤੁ ਬੈਰਾਗੁ ਖੇਲਣਾ। ਸ੍ਰੀ ਪਾਰਬ੍ਰਹਮ ਜੀ ਕੀ ਆਗਿਆ ਹੈ-ਪੰਥ ਵਧਾਵਣਾ, ਧਰਮ ਸਾਲਾ ਬੰਨ੍ਹਣੀਆ। ਸਤੁ ਕਰਾਵਣਾ। ਪਰ ਉਪਕਾਰੁ ਕਰਣਾ ਕਰਾਵਣਾ।..." (ਪੱਤਰਾ ੧੬)

ਤਾਂ ਫੇਰਿ ਸ੍ਰੀ ਗੁਰੂ ਬਾਬਾ ਨਾਨਕ ਆਗਿਆ ਸ੍ਰੀ ਪਰਮੇਸਰ ਜੀ ਕੀ ਨਾਲਿ ਬੋਲੇ ॥ ਸਲੋਕੁ ॥

ਆਦਿ ਸਚੁ, ਜੁਗਾਦਿ ਸਚੁ। ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥੧॥ ਏਹੁ ਸਲੋਕ ਬਾਬੇ ਨਾਨਕ ਜੀ ਜਪੁ ਦੇ ਮੁਢਿ ਰਖਿਆ। ਫੇਰਿ ਅੰਗਦਿ ਸਿਖਿ ਨੂੰ ਆਗਿਆ ਕੀਤੀ, "ਪੁਰਖਾ! ਤੂੰ ਜੋ ਹੈ ਸੋ ਅਵੇ ਕਰੁ। ਜਿਥੈ ਜਿਥੈ ਮੇਰੇ ਆਖਣ ਦੀਆਂ ਪਉੜੀਆਂ ਹੈਨਿ ਅਰ ਸਲੋਕ ਹੈਨਿ, ਸੋ ਤੂ ਓਹਿ ਸਲੋਕਿ ਸਬਦਿ ਲੈ ਕੈ ਸੋਦਰਹੁ ਸਭ ਇਸ

ਜਪੁ ਵਿਚ ਆਣਿ ਆਣਿ ਬਣਾਇ ਬਣਾਇਦਾ ਜਾਹਿ ਅਤੇ ਮੈਨੂੰ ਸੁਣਾਇਦਾ ਜਾਹਿ। ਜਿਉ ਜਿਉ ਸ੍ਰੀ ਪਰਮੇਸਰ ਜੀ ਦੀ ਸਿਫਤਿ ਦੀਆਂ ਪਉੜੀਆਂ ਹੈਨਿ ਤਿਉ ਤਿਉ ਆਣਿ ਆਣਿ ਬਣਾਇਦਾ ਜਾਹਿ, ਜਪੁ ਸਾਰ ਕਰੁ।"

..ਸ੍ਰੀ ਬਾਬੇ ਨਾਨਕ ਜੀ ਦੇ ਹਜੂਰਿ ਅੰਗਦਿ ਸਿਖ ਬਣਾਇ ਬਣਾਇ ਚੁਣਿ ਚੁਣਿ ਸ੍ਰੀ ਬਾਬੇ ਨਾਨਕ ਜੀ ਨੂੰ ਸੁਣਾਇਦਾ ਜਾਇ ਤਾਂ ਸ੍ਰੀ ਬਾਬੇ ਨਾਨਕ ਜੀ ਕਹਿਆ, "ਸਾਬਾਸਿ ਪੁਰਖਾ ! ਏਹੁ ਇਥਾਊ ਲਗਦੀ ਹੈ ਪਉੜੀ, ਏਹੁ ਇਥਾਊ ਲਗਦਾ ਹੈ ਸਲੋਕੁ। ਏਹੁ ਇਥਾਊ ਹੀ ਬਣਦਾ ਹੈ ਸਲੋਕੁ। ਬਾਣੀ ਤਾ ਸਭੁ ਬਾਬੇ ਹੀ ਜੀ ਦੇ ਮੁਖਿ ਦੀ ਹੈ, ਪਰ ਬਣਾਵਣੇ ਅੰਗਦ ਸਿਖ ਦੇ ਵਿਚਿ ਸ੍ਰੀ ਗੁਰੂ ਨਾਨਕ ਜੀ ਬਹੁਤੁ ਖੁਸੀ ਹੋਏ।... (ਪੱਤਰੇ ੧੯-੨੦)

ਅੰਤ— ਪਉਣੁ ਗੁਰੂ ਪਾਣੀ ਪਿਤਾ...... ਨਾਨਕ ਤੇ ਮੁਖਿ ਉਜਲੇ ਹੋਰ ਕੇਤੀ ਛੁਟੀ ਨਾਲਿ ॥੧॥ ਤਿਸ ਕਾ ਪਰਮਾਰਥੁ ਪਉਣੁ ਜੋ ਹੈ ਸੋ ਗੁਰੂ ਹੈ ਸਾਰੇ ਜਗਤ ਕਾ, ਚਹੁ ਖਾਣ ਕਾ। ਪਾਣੀ ਪਿਤਾ ਹੈ, ਧਰਤੀ ਮਾਤਾ ਹੈ ਚਹੁ ਖਾਣੀਆਂ ਕੀ।... (ਪੱਤਰਾ ੮੨)

ਸਲੋਕੁ ॥ ਏਹੁ ਜਪੁ ਕਰਤੇ ਪੁਰਖ ਕਾ, ਸਚੁ ਨਾਨਕ ਕੀਆ ਬਖਾਣੁ।
ਜਗਤੁ ਉਧਾਰਣ ਕਾਰਣੈ, ਧੁਰੋਂ ਹੋਆ ਫੁਰਮਾਨੁ।
ਅੰਮ੍ਰਿਤ ਵੇਲਾ ਸਚੁ ਨਾਮੁ, ਜਪੁ ਜਪੀਐ ਕਰਿ ਇਸਨਾਨੁ।
ਹਿਤੁ ਕਰ ਜਪੁ ਕਉ ਜੋ ਪੜੈ, ਦਰਗਹਿ ਪਾਵੈ ਮਾਣੁ।
ਜਨਮ ਮਰਣੁ ਭਉ ਕਟੀਐ, ਜਪ ਸੰਗਿ ਲਾਵੈ ਧਿਆਨੁ।
ਜਿਉ ਜਿਉ ਇਸ ਜਪੁ ਕਉ ਪੜ੍ਹੈ, ਅਉਸਰੁ ਜਿਣੈ ਨਿਦਾਨ।
ਜੈਸੇ ਮਨਸਾ ਮਨ ਮੈ ਧਰੈ, ਪੂਰਣ ਕਰੈ ਭਗਵਾਨ।
ਅਹਿ ਨਿਸ ਜਪੁ ਜਪਤਾ ਰਹੈ, ਦਾਸ ਨਾਨਕ ਦੀਜੈ ਦਾਨੁ ॥੧॥੭॥੭॥੩॥
ਬੋਲਹੁ ਭਾਈ ਵਾਹਗੁਰੂ ਜੀ, ਧੰਨਿ ਗੁਰੂ ਬਾਬਾ ਨਾਨਕ ਜੀ... (ਪੱਤਰਾ ੮੩)

(ੲ) ਰਾਗ ਰਾਮ ਕਲੀ ਦੱਖਣੀ ਓਅੰਕਾਰ ਸਟੀਕ (ਸੋਢੀ ਮਿਹਰਵਾਨ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਗੋਸਟਿ ਗੁਰੂ ਬਾਬੇ ਨਾਨਕ ਜੀ ਕੀ। ਓਅੰਕਾਰ ਕਾ ਪਰਮਾਰਥੁ। ਤਬ ਚੋਆ ਚੰਦਨੁ ਪਾਨ ਫੂਲਿ ਜਬ ਰਾਖੇ ਤਬ ਰਾਜੇ ਸਿਉ ਨਾਭ ਕੇ ਜੇ ਬਾਲਕ ਪੜ੍ਹਤੇ ਥੇ ਸੇ ਆਣ ਪਾਵਹੁ ਬਾਹੇ, ਰਾਜੇ ਸਿਉ ਨਾਭ ਹੀ ਉਨ ਕੈ ਪੰਡਤੁ ਥਾ ਪਾਧਾ, ਉਹ ਭੀ ਜਾਇ ਪਾਵਹੁ ਲਾਗਾ।... (ਪੱਤਰਾ ੮੪)
ਓਅੰਕਾਰੁ ਬ੍ਰਹਮਾ ਉਤਪਤਿ। ਓਅੰਕਾਰੁ ਕੀਆ ਜਿਨਿ ਚਿਤਿ...।
ਤਿਸੁ ਕਾ ਪਰਮਾਰਥ। ਸੁਣਹੋ ਪੰਡਿਤ ! ਉਨਮੁਕਾਰੁ ਪ੍ਰਿਥਮੇ ਨਿਰੰਜਨੁ ਨਿਰੀਕਾਰ ਕਉ ਜਿਨਿ ਓਅੰਕਾਰ ਕੀਆ।... (ਪੱਤਰੇ ੮੬-੮੭)

ਅੰਤ— ਪਾਧਾ ਗੁਰਮੁਖਿ ਆਖੀਐ, ਚਾਟੜਿਆ ਮਤਿ ਦੇਇ।...
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ, ਜਿਸੁ ਰਾਮ ਨਾਮੁ ਗਲਿ ਹਾਰ ॥ ੫੪ ॥

ਪਰਮਾਰਥੁ। ਤਬ ਗੁਰੂ ਬਾਬੇ ਕਹਿਆ ਜਿ, "ਰੇ, ਪਾਧਾ ਸੋਈ ਹੈ ਜੋ ਗੁਰਮੁਖਿ ਚਾਟੜਿਆ ਕੈ ਤਾਈ ਸੁਮਤਿ ਦਿੜਾਇਦਾ ਹੈ।... ਪਰਮੇਸਰੁ ਆਦਿਸਟਿ ਪੁਰਖੁ ਕਉ ਮਿਲੈ ਜੇ ਪ੍ਰੀਤਿ ਕਰਿ ਕਰਿ ਸੁਣੈ, ਸਿਖੈ-ਸਿਖਾਵੈ, ਕਮਾਵੈ, ਪੜ੍ਹੈ, ਤਿਸ ਕੀ ਪਰਮ ਗਤਿ ਗੁਰੂ ਕਰੈ ॥ ੫੪ ॥ (ਪੱਤਰੇ ੧੩੧-੩੨)

(ਸ) ਰਾਗ ਰਾਮ ਕਲੀ ਸਿੱਧ ਗੋਸ਼ਟਿ ਪਰਮਾਰਥ ਸਮੇਤ (ਸੋਢੀ ਮਿਹਰਵਾਨ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸਿਧ ਗੋਸਟਿ ਪਰਮਾਰਥਿ ਨਾਲਿ ਮ: ੧। ਰਾਗੁ ਰਾਮਕਲੀ। ਬਾਬਾ ਸਿਵਰਾਤ ਦੇ ਮੇਲੇ ਨੂ ਅਚਲ ਆਇਆ। ਨਾਲਿ ਅੰਗਦਿ ਸੇਵਕੁ ਥਾ ਪੂਰਾ। ਜਾਂ ਬਾਬਾ ਜਾਇ ਬੈਠਾ ਅਚਲ ਤਾਂ ਨਾਨਕ ਹੀ ਨਾਨਕ ਹੋਇ ਗਇਆ, "ਨਾਨਕੁ ਜੋ ਭਗਤੁ ਕਹੀਤਾ ਹੈ, ਸੋ ਨਾਨਕ ਭਗਤੁ ਇਹੀ ਆਇਆ ਹੈ। ਜਿਸ ਕੇ ਸਲੋਕੁ-ਸਬਦ ਸੰਸਾਰ ਗਾਵਦੇ ਹੈ, ਵਹੀ ਨਾਨਕੁ ਆਇਆ ਹੈ।" ਜਿਤਨਾ ਅਚਲ ਲੋਕੁ ਬਸਦਾ ਸੀ, ਸਭੁ ਦੇਖਣ ਹਾਰੁ ਆਇਆ।... (ਪੱਤਰਾ ੧੩੨)

ਅੰਤ— ...ਅਬਿਨਾਸੀ ਪ੍ਰਭਿ ਖੇਲੁ ਰਚਾਇਆ, ਗੁਰਮੁਖਿ ਸੋਝੀ ਹੋਈ।
ਨਾਨਕ ਸਭਿ ਜੁਗੁ ਆਪੇ ਵਰਤੈ, ਦੂਜਾ ਅਵਰੁ ਨ ਕੋਈ ॥ ੮੫ ॥

ਵਾਹਗੁਰੂ ਪਰਮਾਰਥੁ ।... "ਇਹੁ ਜੁ ਲੇਖ ਪਰਮੇਸਰ ਸਰਬ ਲੋਆ ਕਾ ਕੀਆ ਹੈ, ਗੁਰ ਪ੍ਰਸਾਦਿ ਕਰਿ ਕੈ ਸੋਝੀ ਹੋਈ ਹੈ ! ਸਭਨਾ ਜੁਗਾ ਵਿਚਿ ਆਪਿ ਵਰਤਦਾ ਹੈ । ਦੂਜਾ ਕੋਈ ਨ ਹੋਆ, ਨ ਹੋਇਗਾ ।" ਤਬ ਸਿਧਹੁ ਬਾਬੇ ਨੋ ਆਦੇਸੁ ਆਦੇਸੁ ਕੀਆ ਅਰ ਨਮਸਕਾਰਿ ਕੀਆ । ਸਿਧਹੁ ਕਹਿਆ, "ਧੰਨਿ ਧੰਨਿ ਨਾਨਕ ਪਰਮੇਸਰੁ ! ਭੁਲੇ ਚੁਕੇ ਬਖਸ ਲੈਣਾ ਜੀ, ਸੰਗਤਿ ਕਾ ਸਦਕਾ, ਗੁਰੂ ਚਿਤਿ ਆਵੈ ।" ਸਤਿਗੁਰੂ । ਗੋਸਟਿ ਪੂਰੀ ਹੋਈ ॥ ੧ ॥ (ਪੱਤਰੇ ੨੦੩-੦੪)

(ਹ) ਜਪੁ ਨਾਮ ਸਾਰ (ਕਵਿ ਨਰਹਰਿ ਦਾਸ)

ਆਰੰਭ—ਸਿਰੀ ਸਤਿਗੁਰ ਪ੍ਰਸਾਦਿ । ਜਪੁ ਨਾਮੁ ਸਾਰੁ ॥ ਸਲੋਕੁ ॥
ਰਾਮ ਨਾਮ ਚਹੁੰ ਬੇਦ ਮੈ, ਚਹੁ ਜੁਗਿ ਉਤਮੁ ਸਾਰੁ ।
'ਨਰਹਰਿ' ਜੋ ਮੁਖ ਉਚਰਹਿ, ਪਾਵਹਿ ਮੁਕਤਿ ਦੁਆਰ ॥ ੧ ॥
ਪਉੜੀ ॥ ਰਾਮੁ ਨਾਮੁ ਮਹਿਮਾ ਸੁਨ ਲੀਜੈ । ਭਲੀ ਭਾਂਤਿ ਸਿਉ ਨਿਸਚੈ ਕੀਜੈ ।... (ਪੱਤਰੇ ੨੦੪-੦੫)

ਅੰਤ– ...ਨਾਮੁ ਸਾਰੁ ਜਪੁ ਆਨੰਦ ਹੋਇਆ ।
ਨਰਹਰਿ ਗੁਰ ਮਿਲਿ ਸੰਸਾ ਖੋਇਆ ।
ਨਾਮੁ ਸਾਰੁ ਜਪੁ ਪੂਰਨੁ ਹੋਇਆ ॥
ਵਾਹਗੁਰੂ ਜੀ, ਧੰਨਿ ਗੁਰੂ ਜੀ ॥ ੧ ॥ (ਪੱਤਰਾ ੨੧੦)
ਇਸ ਤੋਂ ਅੱਗੇ ਕਵਿ ਨਰਹਰਿ ਦਾਸ ਦੇ ਫੁਟਕਲ ਸ਼ਬਦ ਪੱਤਰਾ ੨੧੧ ਤਕ ਦਰਜ ਹਨ ।

੯੯. **ਗੋਸ਼ਟਿ ਮੱਕੇ ਦੀ** (ਨੰ. ×, ਸ਼. ਸਿੰ. ਅ.)

ਲੇਖਕ— ਨਾਮਾਲੂਮ । ਆਕਾਰ—5" × 6½" ਲਿਖਤ 4" × 5¼" ।

ਵੇਰਵਾ— ਪੱਤਰੇ ੧੩੬; ਪ੍ਰਤੀ ਸਫ਼ਾ ੧੧-੧੫ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਕਈ ਹੱਥਾਂ ਦੀ ਲਿਖੀ ਹੋਈ, ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੱਤਰੇ ਪੁਰਾਣੇ ਹੋਣ ਕਰ ਕੇ ਫਟੇ ਹੋਏ ਜਿਸ ਕਰ ਕੇ ਕਈ ਥਾਵੀਂ ਚੇਪੀਆਂ ਲੱਗੀਆਂ ਹੋਈਆਂ; ਮੁੱਢ ਵਿਚ ੨੩ ਤਕ ਪੱਤਰਿਆਂ ਦੇ ਅੰਕ ਹੋਰ ਕਲਮ ਨਾਲ ਲਿਖੇ ਹੋਏ ਤੇ ਫੇਰ ਪੱਤਰਾ ੨੩ ਤੋਂ ੪੩੭-੫੫੩ ਤਕ ਪੱਤਰਿਆਂ ਦੀ ਗਿਣਤੀ ਹੋਰ ਕਲਮ ਨਾਲ ਦਿੱਤੀ ਹੋਈ ਜਿਸ ਤੋਂ ਪਤਾ ਲਗਦਾ ਹੈ ਕਿ ਇਹ ਗੋਸ਼ਟਿ ਕਿਸੇ ਜਨਮ ਸਾਖੀ ਦਾ ਹੀ ਇਕ ਭਾਗ ਹੈ ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਹੈ । ਲਿਖਾਰੀ— ਨਾਮਾਲੂਮ ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸਾਖੀ ਮਕੇ ਦੀ, ਨਸੀਹਤ ਨਾਮਾ ਬਾਬੇ ਨਾਨਕ ਜੀ ਕਾ, ਸਾਹ ਸਰਫ ਤਥਾ ਰੁਕਨ ਦੀਨ ਨਾਲ ਹੋਈ । ਬਾਬੇ ਨਾਨਕ ਤਮਾਮ ਆਲਮ ਤਾਰਣੇ ਕੇ ਨਿਮਤ ਭੇਖ ਉਦਾਸੀ ਕਾ ਧਾਰ ਕਰਿ ਸਭ ਧਰਤੀ ਕਾ ਸੈਰ ਕੀਤਾ ਅਤੇ ਸਭਨਾ ਠਉੜਾ ਵਿਖੇ ਆਪਣੇ ਆਸਣ ਮੁਕਾਮ ਥਾਪੇ ।... (ਪੱਤਰਾ ੧)

ਅੰਤ— ਆਕਾਸਾ ਆਕਾਸ ਲਖਿ, ਪਾਤਾਲਾ ਪਾਤਾਲਿ ।
ਡਿਠੇ ਇਕ ਤੇ ਪਲਕ ਵਿਚਿ ਹਉ ਭੀ ਜੁਲਿ ਕਰਿ ਨਾਲਿ ।
ਹੇਠੋਂ ਕਈ ਪਤਾਲ ਤੇ ਮਿਲੀ ਕੜਾਹੀ ਆਇ ।
ਸਾਰੀ ਮਜਲਸ ਅੰਦਰੇ, ਡਿਤਸੁ ਕੜਾਹੁ ਡਿਖਾਲਿ ।...
ਸਭੇ ਗਏ ਹੈਰਾਨੁ ਹੋਇ, ਨਾਨਕੁ ਵਡਾ ਫਕੀਰੁ ।
ਹਿਕੋ ਤਾ ਖੁਦਿ ਖੁਦਾਇ ਹੈ, ਕਹਿ ਨ ਸਕੇ ਤਦਬੀਰ ।
ਸਭੇ ਕਦਮੀ ਢਹਿ ਪਏ, ਮਨ ਵਿਚਿ ਬਹੁ ਡਰੁ ਖਾਇ ।
ਅਜੀ ਕਾਈ ਨਿਸਾਨੀ ਰਖੀਐ, ਮਕਾ ਭਿਸਤਿ ਕਰਾਇ ।
ਬਾਬੇ ਕਉਸਿ ਉਤਾਰੀ ਪਾਉ ਤੇ, ਰਖੀ ਨਿਸਾਨੀ ਏਹਿ ।
ਜੋ ਕਰਗੁ ਜਾਰਤ ਕਉਸਿ ਦੀ, ਫੇਰਿ ਨ ਜਨਮੁ ਧਰੇਹਿ ॥ ੧੬੭ ॥ ੧੧ ॥
ਗੋਸਟਿ ਮਕੇ ਕੀ ਬਾਬੇ ਨਾਨਕ ਜੀ ਕੀਤੀ, ਹਾਜੀਆ ਕਾਜੀਆ ਮੁਲਾਣਿਆ ਪੀਰਾਂ ਪੈਕੰਬਰਾਂ ਨਾਲਿ ਹੋਈ । ਸਭ ਮੁਰੀਦ ਕੀਤੇ । ਜੋ ਚਿਤੁ ਲਾਇ ਪੜ੍ਹੇਗਾ ਸੁਣੇਗਾ । ਸੋ ਫਿਰਿ ਜੂਨੀ ਨਾ ਪਈਐਗਾ । ਅਖ(ਰ ਭੁਲਾ) ਸੋਧਿ ਕਰਿ ਪੜ੍ਹਨਾ । ਸ੍ਰੀ ਵਾਹੁਗੁਰੂ ਜੀ... (ਪੱਤਰੇ ੫੪੯-੪੯)

ਇਸ ਤੋਂ ਅੱਗੇ ਪੱਤਰਾ ੫੪੯ ਤੋਂ ਦੂਜੇ ਪਾਸਿਓਂ "ਗੋਸ਼ਟਿ ਦਿੱਤੇ ਮਲਿਆਰ ਕੀ ਬਾਬੇ ਨਾਨਕ ਨਾਲ" ਸ਼ੁਰੂ ਹੁੰਦੀ ਹੈ, ਜੋ ਪੱਤਰਾ ੫੫੩ (੧੩੬) ਤੋਂ ਬਾਦ ਪੱਤਰੇ ਗੁੰਮ ਹੋਣ ਕਰ ਕੇ ਅਧੂਰੀ ਹੈ।

(ਨੰ. x, ਸ਼. ਸਿੰ. ਅ.)

੧੦੦. ਸਾਖੀ ਮੱਕੇ ਦੀ ਗੋਸ਼ਟਿ

ਲੇਖਕ— ਭਾਈ ਪੈੜਾ ਮੋਖਾ। ਆਕਾਰ- 5" × 6¼", ਲਿਖਤ 4¼" × 4¾"।

ਵੇਰਵਾ—ਪੱਤਰੇ ੨੨,੪੩੭-੫੫੩ (੧੧੬) ਕੁੱਲ ਪੱਤਰੇ ੧੩੯; ਪ੍ਰਤੀ ਸਫ਼ਾ ੧੭ ਸਤਰਾਂ, ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਮੁੱਢ ਵਿਚੋਂ ਕੁਝ ਪੱਤਰੇ ਫਟ ਜਾਣ ਕਰ ਕੇ ਨਵੇਂ ਸਿਰਿਓਂ ਲਿਖ ਕੇ ਸ਼ਾਮਲ ਕੀਤੇ ਹੋਏ; ਇਹ ਸਾਖੀ (ਗੋਸ਼ਟਿ) ਚੂੰਕਿ ਜਨਮ ਸਾਖੀ ਭਾਈ ਬਾਲਾ ਦਾ ਹੀ ਇਕ ਅੰਗ ਹੈ, ਇਸ ਲਈ ਇਸ ਦੇ ਵਿਚਕਾਰ ਸਫ਼ੇ ੪੩੭ ਤੋਂ ੫੫੩ ਤਕ ਦਰਜ ਹਨ ਤੇ ਬਾਕੀ ਅਗਲੇ ਪਿਛਲੇ ਸਫ਼ੇ ਉਸ ਜਨਮ ਸਾਖੀ ਦੀ ਹੱਥ ਲਿਖਤ ਦੇ ਜਾਣ ਲੈਣੇ ਜਿਥੋਂ ਇਹ ਗੋਸ਼ਟਿ ਲਈ ਗਈ ਹੈ। ਅੰਤਲਾ ਪੱਤਰਾ ਹੇਠੋਂ ਫਟਿਆ ਹੋਇਆ ਹੈ ਤੇ ਅੰਤਲੇ ਪੱਤਰਿਆਂ ਦੀ ਤਰਤੀਬ ਵਿਚ ਵੀ ਕਾਫ਼ੀ ਗੜਬੜ ਹੈ।

ਸਮਾਂ— ਨਿਸ਼ਚਿਤ ਨਹੀਂ। ਲਿਖਾਰੀ—ਨਾਮਾਲੂਮ।

ਆਰੰਭ—੧ਓ ਸਤਿਗੁਰ ਪ੍ਰਸਾਦਿ। ਸਾਖੀ ਮਕੇ ਦੀ, ਨਸੀਹਤ ਨਾਮਾ ਬਾਬੇ ਨਾਨਕ ਜੀ ਕਾ, ਸਾਹ ਸਰਫ਼ ਤਥਾ ਰੁਕਨ ਦੀਨ ਨਾਲ ਹੋਈ। ਬਾਬੇ ਨਾਨਕ ਤਮਾਮ ਆਲਮ ਤਾਰਣੇ ਕੇ ਨਿਮਤ ਭੇਖ ਉਦਾਸੀ ਧਾਰ ਕਰਿ ਸੈਰ ਸਭ ਧਰਤੀ ਕਾ ਕੀਤਾ ਅਤੇ ਸਭਨਾ ਠਉੜਾ ਵਿਖੇ ਆਪਣੇ ਆਸਣ ਮੁਕਾਮ ਥਾਪੇ।... (ਪੱਤਰਾ ੧)

...ਮਲੁ ਕਰਿ। ਸੋ ਤਾਂ ਉਸਿ ਦੁਨੀਆਂ ਵਿਚਿ ਜਾਇ ਕੈ ਪਾਤਿਸਾਹੀ ਲਾਗਾ ਕਰਨੇ। ਜੋਰੁ ਜੁਲਮੁ ਗਊ ਗਰੀਬ ਕਉ ਲਗਾ ਤਕਬੀਰ ਕਰਨੇ। ਤਿਸ ਤੇ ਉਸ ਦੀ ਉਮਰਿ ਕਾ ਨਾਸੁ ਹੋਤਿ ਭਇਆ, ਫਾਨੀ ਹੋਇਆ। (ਪੱਤਰਾ ੪੩੭)

ਅੰਤ— ...ਬਾਬੇ ਕਉਸਿ ਉਤਾਰੀ (ਪਾਊ ਤੇ) ਰਖੀ ਨਿਸਾਨੀ ਏਹਿ।
ਜੋ ਕਰਗੁ ਜਾਰ(ਤਿ) ਕਉਸਿ ਦੀ ਫੇਰਿ ਨ ਜਨਮੁ ਧਰੇਹਿ ॥੧੬੭॥੧੧॥
ਗੋਸਟਿ ਮਕੇ ਦੀ ਬਾਬੇ ਨਾਨਕ ਜੀ ਕੀਤੀ, ਹਾਜੀਆ ਕਾਜੀਆਂ ਮੁਲਾਣਿਆਂ ਪੀਰਾਂ ਪੈਕੰਬਰਾਂ ਨਾਲ ਹੋਈ। ਸਭ ਮੁਰੀਦ ਕੀਤੇ। ਜੋ ਚਿਤੁ ਲਾਇ ਪੜ੍ਹੇਗਾ, ਸੁਣੇਗਾ, ਸੋ ਫਿਰ ਜੂਨੀ ਨਾ ਪਾਈਐਗਾ।... (ਪੱਤਰਾ ੫੫੩)

ਇਸ ਤੋਂ ਅੱਗੇ ਇਸੇ ਪੱਤਰੇ ਦੇ ਦੂਜੇ ਪਾਸੇ "ਗੋਸ਼ਟਿ ਦਿਤੇ ਮਲਿਆਰ ਕੀ ਬਾਬੇ ਨਾਨਕ" ਸ਼ੁਰੂ ਹੁੰਦੀ ਹੈ ਜਿਸ ਦਾ ਕੇਵਲ ਅੱਧਾ ਪੱਤਰਾ ਹੀ ਬਾਕੀ ਹੈ, ਉਹ ਵੀ ਟੁੱਟਿਆ ਭੁੱਟਿਆ ਤੇ ਮੁਰੰਮਤ ਕੀਤਾ ਹੋਇਆ, ਜੋ ਸਾਫ਼ ਪੜ੍ਹਿਆ ਨਹੀਂ ਜਾਂਦਾ। ਇਸ ਤੋਂ ਅੱਗੇ ਇਕ ਖ਼ਾਲੀ ਪੱਤਰੇ ਉਤੇ ਦੋ ਕਬਿੱਤ ਖ਼ਾਲਸੇ ਦੀ ਮਹਿਮਾ ਬਾਰੇ ਦਰਜ ਹਨ।

੧੦੧. (ੳ) ਗੋਸ਼ਟਿ ਮੱਕੇ ਮਦੀਨੇ ਕੀ

(ਨੰ. ੧੫੬, ਪ੍ਰੋ. ਪ੍ਰੀ. ਸਿੰ.)

ਲੇਖਕ— ਨਾਮਾਲੂਮ। ਆਕਾਰ—7¾" × 9", ਲਿਖਤ—5½" × 6½"।

ਵੇਰਵਾ—ਪੱਤਰੇ ਗੋਸ਼ਟਿ ਮੱਕੇ ਕੀ ੯੮, ਗੋਸ਼ਟਿ ਮਦੀਨੇ ਕੀ ੯੮–੧੫੨, ਕੁੱਲ ਜੋੜ ੧੫੨; ਪ੍ਰਤੀ ਸਫ਼ਾ ੧੧ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੬੧ ਬਿ.। ਲਿਖਾਰੀ—ਸ਼ਿਵ ਰਾਮ।

ਆਰੰਭ—੧ਓ ਸਤਿਗੁਰ ਪ੍ਰਸਾਦਿ। ਸਾਖੀ ਮਕੇ ਦੀ ਗੋਸਟਿ—ਨਸੀਹਤਿ ਨਾਮਾ, ਕਾਜੀ ਰੁਕਨਦੀਨ ਨਾਲਿ ਹੋਈ। ਰਾਗ ਤਿਲੰਗ ਮਹਲਾ ੧, ਘਰੁ ਰਸਾਲਾ। ਬਾਬਾ ਨਾਨਕ ਜੀ ਤਮਾਮ ਆਲਮ ਤਾਰਨੇ ਕੈ ਨਿਮਿਤਿ ਸਭਿ ਧਰਤੀ ਕਾ ਸੈਰੁ ਕੀਤਾ। ਸਭਨਾ ਠਉੜਾ ਵਿਖੈ ਆਪਣੇ ਆਸਣਿ ਮੁਕਾਮਿ ਥਾਪੇ। ਇਕ ਦਿਨ ਸਹਰਿ ਬਿਦਰਿ ਦਛਣ ਦਿਸਾ ਅੰਦਰਿ ਬਾਬੇ ਨਾਨਕ ਮਰਦਾਨੇ ਰਬਾਬੀ ਜੋਗੁ ਕਹਿਆ, "ਮਰਦਾਨਿਆ! ਅਸਾਂ ਤ੍ਰਿਹੁ ਕੁੰਟਾਂ ਕਾ ਸੈਰੁ ਕੀਤਾ ਹੈ ਅਤੇ ਸਭੇ ਦੇਸ ਡਿਠੇ: ਉਤਰ, ਪੂਰਬ, ਦਛਣੁ। ਚਉਥੀ ਕੁੰਟ ਪਛਮਿ ਕੀ ਰਹੀ ਹੈ ਤਿਲੰਗਾ ਦੇਸੁ ਜਹਾ ਮਕੇ ਮਦੀਨੇ ਕੀ ਹਜਿ ਹੈ। ਚਲਹੁ ਤਾ ਹਜਿ ਮਕੇ ਮਦੀਨੇ ਕੀ ਭੀ ਕਰਹਿ, ਅਤੇ ਇਕ ਦੁਇ ਸੁਖਨਿ ਕਾਜੀ ਰੁਕਨਲ ਆਲਮ ਨਾਲ ਮਜਬ ਕੇ ਭੀ ਕਰਨੇ ਹੈਨ।"... (ਪੱਤਰਾ ੧)

ਅੰਤ— ਸਭੇ ਗਏ ਹੈਰਾਨ ਹੋਇ ਨਾਨਕ ਵਡਾ ਫਕੀਰੁ।

ਹਿਕੈ ਤਾ ਖੁਦਿ ਖੁਦਾਇ ਹੈ, ਕਹਿ ਨ ਸਕਹਿ ਤਦਬੀਰਿ ॥
ਸਭੇ ਕਦਮੀ ਢਹਿ ਪਏ, ਮਨਿ ਵਿਚਿ ਬਹੁ ਡਰੁ ਖਾਇ ।
"ਐ ਜੀ, ਕਾਈ ਨੀਸਾਨੀ ਰਖੀਐ, ਮਕਾ ਭਿਸਤਿ ਕਰਾਇ ॥"
ਬਾਬੇ ਕਉਸਿ ਉਤਾਰੀ ਪਾਉ ਤੇ, ਰਖੀ ਨੀਸਾਨੀ ਏਹ ।
ਜੋ ਕਰੇਗੁ ਜਾਰਤਿ ਕਉਸਿ ਦੀ, ਫੇਰਿ ਨ ਜਨਮ ਧਰੇਹੁ ॥੧੬੭॥੧॥੭॥ ਗੋਸਟਿ ਮਕੇ ਕੀ ਪੂਰੀ ਹੋਈ ॥੧॥੭॥

(ਪੱਤਰਾ ੯੮)

(ਅ) ਗੋਸ਼ਟਿ ਮਦੀਨੇ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਗੋਸਟਿ ਬਾਬੇ ਨਾਨਕ ਕੀ ਮਦੀਨੇ ਹੋਈ । ਤਬ ਬਾਬਾ ਨਾਨਕ ਮਕੇ ਵਿਚਿ ਬਰਸੁ ਇਕੁ ਰਹਿਆ । ਸਭਨਾ ਹਾਜੀਆ ਨੇ ਬਾਬੇ ਨਾਨਕ ਦੀ ਆਨਿ ਮੰਨੀ । ਮਕੇ ਦੇ ਹਾਜੀ ਨਿਵਾਇ ਕਰਿ ਬਾਬਾ ਨਾਨਕ ਮਦੀਨੇ ਕਉ ਚਲਿਆ ਸੀ ।... (ਪੱਤਰਾ ੯੮)

ਅੰਤ— ...ਗਊ ਸੂਰਿ ਕੀ ਏਕੀ ਮਾਇਆ, ਏਕੋ ਲੋਹੂ ਚਾਮਾ ਰੇ ।
ਕਹਤਿ ਕਬੀਰ ਦੋ ਕਹੂ ਨ ਦੇਖੈ, ਘਟਿ ਘਟਿ ਏਕੋ ਰਾਮਾ ਰੇ ॥੫॥੩॥੫੧॥੫੯॥੧॥
ਗੋਸਟਿ ਸਪੂਰਨ ਹੋਈ । ਬੋਲਹੁ ਵਾਹਿਗੁਰੂ ਜੀ ॥੧॥੧॥੨॥ ਸਮਤ ੧੮੬੧ ਮੇਂ ਪੂਰੀ ਹੋਈ ਪੋਥੀ ਗੋਸਟਿ ਮਕੇ ਮਦੀਨੇ ਕੀ । ਅਸਾੜ ਸੁਦੀ ਪੰਦ੍ਰਸ ਆਦਿਤ ਵਾਰ ।
ਜੋ ਅਖਰ ਲਘ ਦੀਰਘ ਹੋਈ । ਸਮਰਥ ਕਵਿਤਾ ਸੁਧਿ ਕਰਿ ਲੇ ਹੈ ਕੋਈ ।
ਪੜ੍ਹੈ ਸੁਨੈ ਚਿਤਿ ਧਰਿ ਹੈ ਸੋਈ । ਕਛੂ ਲਾਭੁ ਦਾਸ ਸਿਉ ਰਾਮ ਕੋ ਹੋਈ ॥੧॥ (ਪੱਤਰਾ ੧੫੨)

੧੦੨. ਜਨਮ ਸਾਖੀ ਭਾਈ ਮਨੀ ਸਿੰਘ ਜੀ ਕੀ (ਨੰ. ੨੫੫, ਭਾ. ਵਿ.)

ਲੇਖਕ—ਭਾਈ ਮਨੀ ਸਿੰਘ, ਸ਼ਹੀਦ । ਆਕਾਰ—$9\frac{1}{2}'' \times 6\frac{1}{2}''$, ਲਿਖਤ $6\frac{1}{2}'' \times 4\frac{3}{4}''$ ।

ਵੇਰਵਾ— ਪੱਤਰੇ ੧੯੫; ਪ੍ਰਤੀ ਸਫ਼ਾ ੧੧ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਮੁੱਢਲਾ ਪੱਤਰਾ ਕੁਝ ਫਟਿਆ ਹੋਇਆ; ਵੈਸੇ ਪੁਸਤਕ ਬੜੀ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ । ਨਾਮ ਸਭ ਦੇਵਾ ਦਾ ਦੇਵ ਹੈ । ਕੋਈ ਸਿਵ ਨੂੰ ਕੋਈ ਗਣੇਸ ਨੂੰ ਕੋਈ ਹੋਰ ਦੇਵਤਿਆਂ ਨੂੰ, ਗੁਰੂ ਕੇ ਸਿਖ ਸਤਿਨਾਮ ਨੂੰ ਆਰਾਧਤੇ ਹੈਨ ।... (ਪੱਤਰਾ ੧)

ਅੰਤ— ... ਤਾ ਜੋਗੀ ਨੇ ਕਹਿਆ, "ਮੈਂ ਜਿਸ ਵੇਲੇ ਦਸਵੇ ਦੁਆਰ ਪਉਣ ਚਾੜ੍ਹਦਾ ਹੋ ਤਾਂ ਸਾਰੀ ਤ੍ਰਿਲੋਕੀ ਦੀ ਮੁਝ ਕੋ ਖਬਰ ਹੁੰਦੀ ਹੈ । ਇਹ ਮੁਲਖ ਮੇਰਾ ਜਿਤਾ ਹੂਆ ਹੈ । ਜੇ ਤੂੰ ਮੇਰੇ ਸਾਥ ਚਰਚਾ ਕਰੇਂ ਪ੍ਰਿਥਮੇ ਤੋ ਮੁਝੇ ਜੀਤੇਂ ਤਬ ਇਸ ਜਗਤ ਮਹਿ ਪ੍ਰਵੇਸ ਕਰੁ ।" ਤਾ ਬਾਬਾ ਰਾਗ ਮਾਰੂ ਮਹਿ ਸਬਦ ਬੋਲਿਆ ।... (ਪੱਤਰਾ ੧੯੫)

ਇਸ ਤੋਂ ਅੱਗੇ ਪੱਤਰੇ ਗੁਮ ਹਨ ਜਿਸ ਕਰ ਕੇ ੨੯ਵੀਂ ਸਾਖੀ ਤਕ ਹੀ ਇਹ ਪੁਸਤਕ ਸਮਾਪਤ ਹੋ ਜਾਂਦੀ ਹੈ ।

੧੦੩. ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ (ਨੰ. ×, ਡਾ. ਗੰ. ਸਿੰ.)

ਲੇਖਕ— ਭਾਈ ਮਨੀ ਸਿੰਘ, ਸ਼ਹੀਦ । ਆਕਾਰ—$7\frac{1}{2}'' \times 6\frac{1}{4}''$ ਲਿਖਤ $5\frac{1}{4}'' \times 4\frac{3}{4}''$ ।

ਵੇਰਵਾ— ਪੱਤਰੇ ੩-੪੯੨, ੪੯੮; ਪੱਤਰਾ ੪੯੩ ਤੋਂ ੪੯੭ ਤਕ ਪੰਜ ਪੱਤਰੇ ਗੁਮ; ਪ੍ਰਤੀ ਸਫ਼ਾ ੧੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਕੁਝ ਬੇਪਰਵਾਹੀ ਨਾਲ ਲਿਖੀ ਹੋਣ ਕਰ ਕੇ ਕਈ ਥਾਵੀਂ ਅਸ਼ੁੱਧ, ਜੋ ਹੜਤਾਲ ਫੇਰ ਕੇ ਸ਼ੁੱਧ ਕੀਤੀ ਹੋਈ; ਹਾਸ਼ੀਆ ਸਾਦਾ ਰੰਗੀਨ ਲਕੀਰਾਂ ਵਾਲਾ; ਸਿਰਲੇਖ ਆਦਿ ਵਾਸਤੇ ਕਈ ਥਾਵੀਂ ਲਾਲ ਸਿਆਹੀ ਵੀ ਵਰਤੀ ਹੈ ਤੇ ਕੁਝ ਅਸ਼ੁੱਧੀਆਂ ਹਾਸ਼ੀਏ ਉਤੇ ਹੋਰ ਕਲਮ ਨਾਲ ਦਰੁਸਤ ਕੀਤੀਆਂ ਹੋਈਆਂ; ਪੁਸਤਕ ਸਜਿਲਦ, ਪਰ ਆਦਿ-ਅੰਤ ਦੇ ਪੱਤਰੇ ਨਾ ਹੋਣ ਕਰ ਕੇ ਅਧੂਰੀ ।

ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— (ਮੁੱਢਲੇ ਦੋ ਪੱਤਰੇ ਗੁਮ) ਚੜ੍ਹਾ ਕੇ ਸਿਖਾ ਨੋ ਉਪਦੇਸ ਰੂਪ ਚਪਾ ਦੇ ਕੈ ਉਧਾਰ ਕੀਤਾ ਹੈ, ਤੇ ਜਨਮ ਮਰਣ ਦੇ ਜੋ ਦੁਖ

ਥੇ ਹਰਖ ਸੋਗ ਜੋ ਅਗਿਆਨ ਕਰਿ ਆਪ ਵਿਚ ਮਨੀਦੇ ਸਨ ਸੋ ਸਤਿ ਨਾਮ ਦਾ ਮੰਤ੍ਰ ਦੇ ਕਰਿ ਨਿਤਿ ਪ੍ਰਤਿ ਮਨੇ ਕਰਾਇ ਕਰਿ ਅੰਤਹਕਰਣ ਸੁਧ ਕਰਿ ਕੈ ਆਤਮ ਗਿਆਨ ਦੀ ਸੋਝੀ ਪਾਇ ਦਿਤੀ ਹੈ।... (ਪੱਤਰਾ ੩)

ਅੰਤ— ... ਜੋ ਸਾਸਤ੍ਰ ਰੀਤ ਕਹੀ ਹੈ ਸੋ ਕੀਤੀ। ਜਾਂ ਚੌਦਾ ਦਿਨ ਬੀਤੇ ਤਾ ਖੋੜਸ ਪਿੰਡ ਕਾਲੂ ਦਾ ਕੀਤਾ । ਭੂਖ... (ਪੱਤਰਾ ੬੯੧)

ਇਸ ਤੋਂ ਅੱਗੇ ਪੱਤਰੇ ੪੯੨ ਤੋਂ ੪੯੭ ਤਕ ਗੁਮ ਹਨ ਜਿਸ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ। ਪੱਤਰਾ ੪੯੮ ਪਰ ਸਿੱਖ ਗੁਰੂ ਸਾਹਿਬਾਨ ਦੇ ਜੋਤਿ ਜੋਤ ਸਮਾਉਣ ਦੇ ਚਰਿਤ੍ਰ ਹਨ, ਜੋ ਗੁਰੂ ਅਮਰ ਦਾਸ ਤੇ ਗੁਰੂ ਰਾਮ ਦਾਸ ਜੀ ਤਕ ਮਹਦੂਦ ਹੋਣ ਕਰ ਕੇ ਅਧੂਰੇ ਹਨ।

੧੦੪. (ੳ) ਜਨਮ ਸਾਖੀ ਗੁਰੂ ਨਾਨਕ ਜੀ ਕੀ (ਜਨਮ ਸਾਖੀ ਕਬੀਰ ਜੀ ਸਮੇਤ) (ਨੰ. ੫੨੧, ਪੰ. ਸਾ. ਅ.)

ਲੇਖਕ—ਭਾਈ ਮਨੀ ਸਿੰਘ, ਸ਼ਹੀਦ। ਆਕਾਰ—13″×9½″, ਲਿਖਤ 9½″×6¾″।

ਵੇਰਵਾ—ਪੱਤਰੇ ਪੂਰਬਾਰਧ ੧੪੦, ਉੱਤਰਾਰਧ ੧੨੩, ਜਿਸ ਵਿਚ ਪੱਤਰਾ ੫੩ ਤੋਂ ਜਨਮ ਸਾਖੀ ਕਬੀਰ ਦਾ ਪਾਠ ਹੈ, ਕੁੱਲ ਜੋੜ ੨੬੩; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਸਿੱਧੀ ਸਾਦੀ; ਲਿਖਤ ਦੀ ਖ਼ੂਬਸੂਰਤੀ ਲਈ ਅਨੇਕ ਥਾਵੀਂ ਲਾਲ ਸਿਆਹੀ ਵੀ ਵਰਤੀ ਹੈ; ਹਾਸ਼ੀਆ ਸਾਦਾ ਖ਼ਤੀਰ ਲਕੀਰਾਂ ਦੇ; ਪੁਸਤਕ ਦੇ ਅਖ਼ੀਰਲੇ ਪੱਤਰੇ ਗਵਾਚੇ ਹੋਣ ਕਰ ਕੇ ਅਧੂਰੀ ਹੈ।

ਸਮਾਂ— ਇਕ ਸੌ ਸਾਲ ਤੋਂ ਵੱਧ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ— ਨਾਮਾਲੂਮ।

ਆਰੰਭ— ੧ੴ ਸਤਿਨਾਮੁ ਕਰਤਾ ਪੁਰਖੁ...ਗੁਰ ਪ੍ਰਸਾਦਿ। ਸਤਿਨਾਮੁ ਕਰਤਾ ਪੁਰਖ, ਸਤਿਨਾਮੁ ਸਭ ਦੇਵਾ ਦਾ ਦੇਵ ਹੈ। ਕੋਈ ਦੇਵੀ ਨੂੰ ਮਨਾਵਦੇ ਹੈਨ, ਕੋਈ ਸਿਵ ਨੋ ਕੋਈ ਗਣੇਸ ਨੋ, ਕੋਈ ਹੋਰ ਦੇਵਤਿਆਂ ਨੂ। ਗੁਰੂ ਕੇ ਸਿਖ ਸਤਿਨਾਮੁ ਨੂੰ ਅਰਾਧਦੇ ਹੈਨ। ... (ਪੱਤਰਾ ੧)

ਅੰਤ— ...ਗੁਰੂ ਅੰਗਦ ਤੇ ਬਾਲੇ ਨੂੰ ਪਿਤਾ ਕਾਲੂ ਤੇ ਮਾਤਾ ਤ੍ਰਿਪਤਾ ਪਾਸੁ ਰੁਕਸਤੁ ਕੀਤਾ। ਮਰਦਾਨੇ ਨੂੰ ਨਾਲ ਲੈ ਕੇ ਚੰਨਣੀ ਓਟ ਦੀ ਪਰਬਤੀ ਉਪਰ ਝਨਾਂ ਦੇ ਕੰਢੇ ਉਪਰ ਜਾ ਬੈਠੇ।... (ਪੱਤਰਾ ੫੨)

(ਅ) ਜਨਮ ਸਾਖੀ ਸ੍ਰੀ ਕਬੀਰ ਜੀ ਕੀ (ਲੇਖਕ—ਨਾਮਾਲੂਮ)

ਆਰੰਭ— ੧ੴ ਸਤਿਗੁਰ ਪ੍ਰਸਾਦਿ। ਅਥ ਜਨਮ ਸਾਖੀ ਸ੍ਰੀ ਕਬੀਰ ਜੀ ਕੀ ਲਿਖਯਤੇ। ਓਹੁ ਪਿਛਲੇ ਜਨਮ ਸ੍ਰੀ ਕਬੀਰ ਜੀ ਬ੍ਰਾਹਮਣ ਥਾ।... (ਪੱਤਰਾ ੫੩)

ਅੰਤ— ...ਤਬ ਕਬੀਰ ਦਾਸ ਕਹਿਆ, "ਸਿਧਹੁ ਜੀ! ਇਹ ਕਥਾ ਇਵ ਹੈ ਜੀ। ਇਸ ਰਸ ਸਾਥ ਸਿਵ ਮਹਾਦੇਵ ਮਾਤਾ ਹੈ ਜੋ ਅਠੇ ਪਹਿਰ ਜੁਗਾ ਜੁਗੰਤ੍ਰਿ ਹਰਿ ਜੀ ਕੇ ਧਿਆਨ ਮਹਿ ਰਹਤਾ ਹੈ। ਜਿਸ ਕਉ ਹਰਿ ਜੀ ਕਾ ਧਿਆਨ ਹੈ ਜੀ। ਇਸ ਰਸ ਮਹਿ ਸਭਿ ਅਰ ਨਾਰਦ ਗੁਸਾਈ ਮਾਤਾ ਹੈ। ਜੋ ਸੁਮੇਰ ਉਪਰਿ ਚੜ ਕਰਿ ਧਰਿ ਉਪਰਿ ਚੜ੍ਹਤਾ ਹੈ। ਚੀਨਾ ਚੀਨਾ ਹੋਇ ਜਾਇ। (ਪੱਤਰਾ ੧੨੩)

ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਅਤਲਾ ਪਾਠ ਨਹੀਂ ਮਿਲਦਾ।

੧੦੫. (ੳ) ਜਨਮ ਸਾਖੀ ਗੁਰੂ ਨਾਨਕ ਜੀ ਕੀ (ਗੁਰ ਸਿੱਖਾਂ ਦੀ ਭਗਤ ਮਾਲਾ ਸਮੇਤ) (ਨੰ. ੧੯੦, ਪੰ. ਯੂ. ਚੰ.)

ਲੇਖਕ—ਭਾਈ ਮਨੀ ਸਿਘ, ਸ਼ਹੀਦ। ਆਕਾਰ—13½″×9½″, ਲਿਖਤ 8¾″×6½″।

ਵੇਰਵਾ—ਪੱਤਰੇ ੭+੪੭੧=੪੭੮; ਪ੍ਰਤੀ ਸਫ਼ਾ ੧੪ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਮੁੱਢ ਵਿੱਚ ਨਵਾਂ ਸਿਰਲੇਖ ਦੇ ਕੇ "ਗੋਸ਼ਟਿ ਰਾਜੇ ਜਨਕ ਕੀ" (੩ ਸਾਖੀਆਂ) ਅੰਤ ਵਿਚ "ਸਾਖੀ ਪ੍ਰਾਣ ਅਕਾਰ ਚੜ੍ਹਨੇ ਕੀ"; ਮੁੱਢ ਵਿਚ ਇਕ ਦੋ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਪੂਰਣ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਪੁਸਤਕ ਡੇਢ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ੴ ਸਤਿਗੁਰ ਪ੍ਰਸਾਦਿ। ਮਹਲਾ ੧ ਗੋਸਟਿ ਰਾਜੇ ਜਨਕ ਜੀ ਕੀ। ਤ੍ਰੇਤੇ ਜੁਗ ਮਹਿ ਰਾਜਾ ਜਨਕ ਹੂਆ। ਮਥੁ...ਰਹਤਾ ਥਾ ਧਰਮ ਆਤਮਾ ਰਾਜਾ ਜਨਕੁ। ਅਰੁ ਰਾਜ ਭੀ ਕਰੈ ਅਰੁ ਜੋਗ ਭ੍ਰੀ ਕਰੈ। ਅਨਿਕ ਭਾਵ ਕਿਸੀ ਸਾਥ ਨ ਕਰੈ।...

ਗੁਰੂ ਬਾਬਾ ਨਾਨਕ ਜੀ ਕਲਿਜੁਗ ਮਹਿ ਆਇਆ, ਪੰਜਾਬ ਕੀ ਧਰਤੀ ਕਾਲੂ ਕੇ ਗ੍ਰਿਹ ਤ੍ਰਿਪਤਾ ਕੇ ਉਦਰਿ। ਗੋਸਟਿ ਪੂਰੀ ਹੋਈ। ਸਤਿਗੁਰ ਕੇ ਪ੍ਰਸਾਦਿ ॥ ੩ ॥...

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ। ਨਾਮ ਸਭ ਦੇਵਾ ਕਾ ਦੇਵ ਹੈ। ਕੋਈ ਦੇਵੀ ਨੂੰ ਮਨਾਵਦਾ ਹੈ, ਕੋਈ ਸਿਵ ਨੂੰ, ਕੋਈ ਗਣੇਸ ਨੂੰ, ਕੋਈ ਹੋਰ ਦੇਵਤਿਆਂ ਨੂੰ, ਗੁਰੂ ਕੇ ਸਿਖ ਸਤਿਨਾਮ ਨੂੰ ਅਰਾਧਤੇ ਹੈਨ। (ਪੱਤਰਾ ੧)

ਅੰਤ— ...ਇਹੁ ਵਾਰੁ ਦੀ ਟੀਕਾ ਲਿਖ ਕੇ ਭਾਈ ਮਨੀ ਸਿੰਘ ਦਸਵੇ ਪਾਤਿਸਾਹੁ ਦੇ ਹਜੂਰ ਲੈ ਗਏ। ਬਚਨ ਹੋਇਆ, "ਗੋਸਟਿ ਸਿਖਾ ਦੇ ਪੜ੍ਹਨ ਦੀ ਹੋਈ ਹੈ।" ਮਨੀ ਸਿੰਘ ਜੀ ਅਰਦਾਸ ਕੀਤੀ, "ਜੀ, ਗਰੀਬ ਨਿਵਾਜ! ਇਸ ਦੇ ਉਪਰੁ ਦਸਖਤੁ ਪਉਨੁ, ਸਹੀ ਹੋਵੇ।" ਸਾਹਿਬੁ ਕਰਨੁ ਕਾਰਨੁ ਸਹੀ ਪਾਇ ਦਿੱਤੀ। ਜੋ ਸੁਣੇ ਪੜੇਗਾ ਸੋ ਸਿਖੀ ਨੂੰ ਪ੍ਰਾਪਤਿ ਹੋਵੇਗਾ। ਬੋਲਹੁ ਭਾਈ ਜੀ ਵਾਹੁਗੁਰੂ। ਬਾਬੇ ਦੀ ਜਨਮ ਸਾਖੀ ਪੂਰੀ ਹੋਈ। ਭੁਲਿਆ ਚੁਕਿਆ ਬਖਸ ਲੈਣਾ। ਗੁਰੂ ਬਖਸਿੰਦ ਹੈ। ਵਾਹੁਗੁਰੂ ਜੀ ਕਾ ਖਾਲਸਾ ਵਾਹੁਗੁਰੂ ਜੀ ਕੀ ਫਤੇ।... (ਪੱਤਰਾ ੩੫੦)

(ਅ) ਸਿੱਖਾਂ ਦੀ ਭਗਤ ਮਾਲ (ਭਾਈ ਮਨੀ ਸਿੰਘ, ਸ਼ਹੀਦ)

ਆਰੰਭ— ੴ ਸਤਿਗੁਰ ਪ੍ਰਸਾਦਿ। ਸਾਖੀਆਂ ਭਾਈ ਗੁਰਦਾਸ ਜੀ ਕੀ ਵਾਰ ਯਾਰਵੀ, ਸਿਖਾਂ ਦੀ ਭਗਤ ਮਾਲ। ਏਕ ਸਮੇ ਭਾਈ ਮਨੀ ਸਿੰਘ ਜੀ ਥੀਂ ਸਿਖਾਂ ਅਰਦਾਸ ਕੀਤੀ ਜੋ,"ਭਾਈ ਗੁਰਦਾਸ ਜੀ ਨੇ ਜੋ ਸਿਖਾਂ ਦੇ ਪ੍ਰਥਾਇ ਵਾਰ ਕੀਤੀ ਹੈ ਤੇ ਸਭ ਦੇਸ ਦੇਸ ਦੇ ਸਿਖਾ ਦੇ ਨਾਮ ਲਿਖੇ ਹੈਨ। ਉਨ੍ਹਾਂ ਦੀਆਂ ਰਹਤਾਂ ਤੇ ਕਰਤੂਤਾਂ ਅਸਾਂ ਨੂੰ ਮਲੂਮ ਕਰਾਵਹੁ, ਜੋ ਅਸੀਂ ਭੀ ਜਾਣੀਏ ਜੁ ਸਿਖਾਂ ਦੀਆਂ ਐਸੀਆਂ ਵਰਤਣਾ ਹੋਂਦੀਆਂ ਹੈਨਿ। ਮਤ ਅਸਾਂ ਨੂੰ ਭੀ ਰੀਸ ਆਵੈ।" ਤਾਂ ਭਾਈ ਮਨੀ ਸਿੰਘ ਹੋਰਾਂ ਵਚਨੁ ਕੀਤਾ,"ਤੁਸਾਂ ਭਲਾ ਪਰ ਉਪਕਾਰ ਦਾ ਵਚਨੁ ਕੀਤਾ ਹੈ।..." (ਪੱਤਰਾ ੩੫੧)

ਅੰਤ— ...ਤੇ ਦਾਨਾ ਭੁਨਾ ਫੇਰ ਨਹੀਂ ਉਗਵਤਾ ਪਰ ਜੇ ਉਸ ਕੇ ਉਪਰ ਖੰਡ ਕਾ ਲੇਫੁ ਭੀ ਕਰੀਐ ਤਾਂ ਉਗਵਤਾ ਭੀ ਨਾਹੀ, ਤੇ ਖਾਵਣ ਕਰਿ ਭੀ ਰਸੀਲਾ ਹੋਤਾ ਹੈ। ਤੈਸੇ ਗਿਆਨ ਮਕਤਿ ਕਰਦਾ ਹੈ, ਪਰ ਭਗਤਿ ਨਾਲ ਮਿਲਿਆ ਹੋਇਆ ਰਸੀਲਾ ਹੋਤਾ ਹੈ। ਟੀਕਾ ਵਾਰ ਯਾਰਵੀ ਕਾ ਪੂਰਨ ਹੋਇਆ। ਬੋਲਹੁ ਭਾਈ ਵਾਹੁਗੁਰੂ, ਵਾਹੁਗੁਰੂ। ਵਾਹੁਗੁਰੂ ਜੀ ਕੇ ਅਨੇਕ ਸਿਖਾਂ ਦਾ ਕਲਿਆਣੁ ਹੋਇਆ ਹੈ, ਸੋ ਅਸਾਡੀ ਗਣਤੀ ਵਿਚਿ ਨਹੀਂ ਆਂਵਦੇ। ਪਰੁ ਜਿਹੜੇ ਸਿਖ ਭਾਈ ਗੁਰਦਾਸ ਜੀ ਗਿਣੇ ਹੈਨ ਤਿਨਾ ਕੀ ਟੀਕਾ ਆਪਣੀ ਬੁਧਿ ਅਨੁਸਾਰ ਕੀਤੀ ਹੈ। ਬੋਲਹੁ ਭਾਈ ਜੀ ਵਾਹੁਗੁਰੂ, ਵਾਹਗੁਰੂ, ਵਾਹਗੁਰੂ ਵਾਰ ਸੰਪੂਰਨੰ। (ਪੱਤਰਾ ੪੫੮)

ਇਸ ਭਗਤ ਮਾਲਾ ਵਿਚ ਸਿੱਖਾਂ ਦੀਆਂ ੧੨੩ ਸਾਖੀਆਂ ਹਨ।

(ੲ) ਸਾਖੀ ਪ੍ਰਾਣ ਅਕਾਰ ਚੜ੍ਹਨੇ ਕੀ

ਆਰੰਭ— ੴ ਸਤਿਗੁਰ ਪ੍ਰਸਾਦਿ। ਬੋਲਹੁ ਭਾਈ ਜੀ ਵਾਹਿਗੁਰੂ, ਸਾਖੀ ਹੋਰ ਚਲੀ। ੯੯ ਆਗੇ ਸਾਖੀ ਪ੍ਰਾਣ ਅਕਾਰ ਚੜਨੇ ਕੀ ਚਲੀ ਜਹਾਂ ਦੁਰਗਾ ਭਵਾਨੀ ਸਕਤਿ ਰੂਪੀ ਬਿਰਾਜਮਾਨ ਹੈ ॥ਸਲੋਕੁ॥

ਬੈਕੁੰਠ ਛੋਡਿ ਊਪਰਿ ਚਲੇ, ਹਰਿ ਕਉ ਸੀਸ ਨਿਵਾਇ।
ਤਬ ਨਾਨਕ ਪਵਨ ਸਰੂਪ ਹੋਇ, ਪਹੁਚੇ ਸੁੰਨ ਸਮਾਇ ॥੧॥
ਪਉੜੀ॥ ਤਬ ਤਯਾ ਭਏ ਪਵਨ ਅਸਵਾਰੀ।
ਤਬ ਪ੍ਰਾਨ ਅਕਾਰ ਕਉ ਲਏ ਉਡਾਰੀ।
ਤਹਾਂ ਅਗੇ ਜਲ ਬਿੰਬ ਕਾ ਡੇਰਾ।
ਜਹਾਂ ਉਠਹਿ ਤੁਰੰਗ ਘੁੰਮਨ ਘੇਰਾ।
ਵਹਿ ਜਲ ਬਿੰਬ ਹੈ ਕੁਦਰਤਿ ਕਾ ਖੇਲੰ।
ਤਾ ਕਉ ਕੋਇ ਨ ਸਾਕਤ ਝੇਲੰ।
ਤਿਲ ਜਲ ਬਿੰਬ ਸਿਉ ਉਤਰੇ ਪਾਰਾ।
ਸਿਮਰਿ ਸਿਮਰਿ ਹਰਿ ਹਰਿ ਕਰਤਾਰਾ।
ਤਹਾਂ ਅਗੇ ਕੁਦਰਤਿ ਅਗਨਿ ਪਸਾਰੀ।
ਤਾ ਬੀ ਝਲਕ ਨ ਜਾਇ ਪਸਾਰੀ।...... (ਪੱਤਰਾ ੩੫੯)

ਅੰਤ— ਇਉ ਕਰੀ ਬਿਨਤੀ ਨਾਨਕ ਡਪਾ, ਚਲੇ ਨਿਰੰਜਨ ਧਾਮ ।
ਹੇ ਦੁਰਗਾ ! ਜਗ ਧਾਰਣੀ, ਤੁਝ ਕਉ ਲਖ ਪ੍ਰਣਾਮ ॥੩॥... (ਪਤਰਾ ੪੬੭)

ਇਹ ਸਾਖੀ ਇਕ ਪ੍ਰਕਾਰ ਦੀ ਵਾਰ ਦੇ ਰੂਪ ਵਿਚ ਲਿਖੀ ਹੋਈ ਹੈ, ਤੇ ਬੋਲੀ ਇਸ ਦੀ ਪੰਜਾਬੀ ਹੈ । ਇਸ ਤੋਂ ਅੱਗੇ ਗੁਰੂ ਨਾਨਕ ਦੇ ਸਚਖੰਡ ਦੀ ਸਾਖੀ ਹੈ ਜਿਸ ਦੇ ਅੰਤਲੇ ਸ਼ਬਦ ਇਹ ਹਨ:-

ਇਹ ਬਾਣੀਆਂ ਸਿਰ ਬਾਣੀ ਮਹਾ ਉਤਮ ਹੈ, ਜੈਸੇ ਅੰਮ੍ਰਿਤ ਧਾਰ ।
ਜਿਸੁ ਮੁਖ ਸਦਾ ਉਚਾਰੀਐ ਭਾਗਾ ਰਤੀ ਚਾਰਿ ।
ਨਾਨਕ ਤੇ ਮੁਖ ਉਜਲੇ ਤਿਤ ਸਚੇ ਦਰਬਾਰ ॥
ਸਾਖੀ ਸਚਖੰਡ ਕੀ ਸੰਪੂਰਣ ਹੋਈ । ਬੋਲਹੁ ਭਾਈ ਜੀ ਵਾਹਿਗੁਰੂ । ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਜੀ । (ਪੱਤਰਾਂ ੪੭੧)

੧੦੬. (ੳ) **ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ** (ਸਿੱਖਾਂ ਦੀ ਭਗਤ ਮਾਲਾ ਸਮੇਤ) (ਨੰ. ੭੦, ਪ੍ਰੋ. ਪ੍ਰੀ. ਸਿੰ.)

ਲੇਖਕ— ਭਾਈ ਮਨੀ ਸਿੰਘ, ਸ਼ਹੀਦ । ਆਕਾਰ—$10\frac{3}{4}" \times 5\frac{1}{2}"$, ਲਿਖਤ $8" \times 3\frac{3}{4}"$ ।

ਵੇਰਵਾ— ਪੱਤਰੇ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ (ਵਾਰਾਂ ਗਜਾਨ ਰਤਨਾਵਲੀ ਕ੍ਰਿਤ ਭਾਈ ਗੁਰਦਾਸ, ਪਹਿਲੀ ਵਾਰ ਦਾ ਟੀਕਾ) ੧੮-੪੨੦ (੪੦੩), ਸਿੱਖਾਂ ਦੀ ਭਗਤ ਮਾਲ (ਵਾਰਾਂ ਗਜਾਨ ਰਤਨਾਵਲੀ ਵਿਚੋਂ ੧੧ਵੀਂ ਵਾਰ ਦਾ ਟੀਕਾ) ੪੨੧-੫੮੩ (੧੬੩), ਕੁੱਲ ਜੋੜ ੫੬੬; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਜਿਲਦ ਟੁੱਟਣ ਕਰ ਕੇ ਆਦਿ-ਅੰਤ ਦੇ ਪੱਤਰੇ ਗੁਮ, ਜਿਸ ਕਰ ਕੇ ਪੁਸਤਕ ਅਧੂਰੀ ਹੈ; ਕਈ ਥਾਵੀਂ ਕੁਝ ਪੱਤਰੇ ਆਸੇ-ਪਾਸੇ ਤੋਂ ਫਟੇ ਜਾਂ ਭੁਰੇ ਹੋਏ ਵੀ ਹਨ ।

ਸਮਾਂ- ਸੰਮਤ ੧੭੭੮ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ... ਇ ਜਗਤ ਵਿਚ ਕਰਮ ਬੰਧ ਕਰ ਆਵੈ ਜਾਵੈ ।
ਸਤਿਗੁਰ ਬਿਨਾ ਨਾ ਸੋਝੀ ਪਾਵੈ ॥ ੧੦ ॥
(ਅਰਥਾਤ-) ਫੇਰ ਜੈਮਨ ਰਿਖ ਨੇ ਜੁਜਰ ਵੇਦ ਕਉ ਮਥਿ ਕਰਿ ਮੀਮਾਸਾ ਸਾਸਤ੍ਰ ਨਿਕਾਲਾ । ਕਰਮਾਂ ਕਾ ਬੰਧਨ ਕਹਾ । ਜੋ ਕਰਮ ਹੀ ਜਗਤ ਕਉ ਉਤਪਤ ਕਰਤੇ ਹੈਨ । ਜੋ ਪਿਛੈ ਕਰਮ ਕੀਏ ਹੈ ਸੋ. ਆਗੈ ਭੋਗੈਗਾ । ਕਰਮਾਂ ਕਾ ਬੰਧ ਜੀਉ ਹੈ । ਇਸ ਕੇ ਮਨ ਸੋ ਸੰਸਾ ਨਿਵਰਤ ਨਹੀਂ ਹੋਤਾ । ਜੋ ਸਤਿਗੁਰ ਕਉ ਮਿਲੈ ਤੇ ਨੇਕਾਮ ਕਰਮ ਕਰੇ ਅਉ ਨਾਮ ਕੀ ਉਪਾਸਨਾ ਦ੍ਰਿੜ ਰਖੇ ਤਉ ਇਸ ਦਾ ਸੰਸਾ ਕਟੀਐ ।... (ਪੱਤਰਾ ੧੮)

ਅੰਤ— (ਗੁਰੂ ਜੀ ਦੇ ਦੇਹਾਂਤ ਸਮੇਂ) ਬਾਬੇ ਆਪਣਾ ਚੋਲਾ ਰੱਖ ਦਿਤਾ, "ਜੋ ਸਕਤਵਾਨ ਹੈ ਇਸ ਚੋਲੇ ਨੂ ਗਲ ਪਾਇ ਲਵੈ ।" ਸ੍ਰੀ ਚੰਦ-ਲਖਮੀ ਦਾਸ ਥੀਂ ਚੋਲਾ ਉਠਾਇਆ ਨ ਗਇਆ । ਗੁਰੂ ਅੰਗਦ ਮਥਾ ਟੇਕ ਕੇ ਗਲ ਪਾਇ ਲੀਤਾ । ਬਚਨ ਹੋਇਆ, "ਪੁਰਖਾ ! ਤੂ ਅਗੇ ਕਿਥੇ ਰਹਦਾ ਸੈ ?" ਅੰਗਦਿ ਆਖਿਆ, "ਖੰਡੂਰ ਰਹਿਦਾ ਸਾ ?" "ਫੇਰਿ ਉਥੇ ਹੀ ਜਾਇ ਰਹੁ ।" ਏਹ ਬਚਨ ਕਹਿ ਕੇ ਬਾਬਾ ਜੀ ਬੈਕੁੰਠ ਗਏ । ਪਿਛੇ ਕੜਾਹਾ ਕੀਤਾਂ । ਮੁਸਲਮਾਨ ਇਕਠੇ ਹੋਏ, ਜੋ "ਏ ਖੁਦਾਇ ਦਾ ਵਲੀ ਹਸੀ ਇਸ ਨੂ ਦਬਦੇ ਹਾਂ ।" "ਹਿੰਦੂ ਕਹਿਨ ਸਾੜਦੇ ਹਾਂ ।" ਬਾਬਾ ਜੀ ਬਾਹਰਿ ਕੋਂਹਾਂ ਦੋਹ ਤੇ ਇਕ ਨੂ ਮਿਲਿਆ । ਉਸ ਨੂ ਕਹਿਆ, "ਤੂ ਮੁਸਲਮਾਨਾਂ ਤੇ ਹਿੰਦੂਆਂ ਨੂ ਮੇਰਾ ਸੁਨਿਹਾ ਦੇਵਣਾ । ਤੁਸੀਂ ਮੇਰਾ ਜੋ ਪੰਜ ਭੂਤਾਂ ਦਾ ਸਰੀਰ ਦੇਖਦੇ ਸੇ, ਤੁਸਾਡੀ ਭਾਵਨੀ ਕਰਿ ਦਿਸਟਿ ਆਵਦਾ ਸੀ, ਮੈ ਸਰੀਰ ਨਹੀ । ਮੇਰੇ ਆਸਣ ਤੇ ਦੁਪਟਾ ਦੀ ਚਾਦਰ ਹੈ। ਇਕ ਪਟ ਹਿੰਦੂ ਸਾੜਨ, ਇਕ ਪਟ ਮੁਸਲਮਾਨ ਦਬਨ ।" ਉਸ ਸਨੇਹਾ ਦਿਤਾ । ਉਨ੍ਹਾ ਉਸੇ ਤਰਾ ਕੀਤਾ । ਗੁਰੂ ਅੰਗਦਿ ਜੀ ਖੰਡੂਰ ਜਾਇ ਰਹੇ । ਸੰਮਤ ੧੫੯੬ ਅਸੂ ਵਦੀ ੧੦ ਨੂ ਗੁਰੂ ਨਾਨਕ ਜੀ ਜੋਤੀ ਜੋਤ ਸਮਾਣੇ । ਪਉੜੀ ਛਿਤਾਲਵੀ । (ਪੱਤਰੇ ੪੧੫-੧੬)

ਵਾਰ ਦੀ ਟੀਕਾ ਲਿਖ ਕੇ ਮਨੀ ਸਿੰਘ ਦਸਵੇ ਪਾਤਸਾਹ ਦੇ ਹਜੂਰ ਲੈ ਗਇਆ । ਬਚਨ ਹੋਇਆ, "ਏ ਗੋਸਟਿ ਸਿਖਾਂ ਦੇ ਪੜ੍ਹਨ ਦੀ ਹੋਈ ਹੈ ।" ਮਨੀ ਸਿੰਘ ਅਰਦਾਸ ਕੀਤੀ, " ਜੀ, ਸਚੇ ਪਾਤਸਾਹ ! ਇਸ ਦੇ ਉਪਰ ਦਸਖਤ ਪਵਣ, ਸਹੀ ਹੋਵੈ ।" ਸਾਹਿਬ ਕਰਨ ਕਾਰਨ ਸਹੀ ਪਾ ਦਿਤੀ, "ਜੋ ਸੁਣੇਗਾ-ਪੜ੍ਹੇਗਾ, ਸਿਖੀ ਨੂ ਪ੍ਰਾਪਤ ਹੋਵੈਗਾ ।" ਬੋਲਹੁ ਭਾਈ ਵਾਹਗੁਰੂ, ਵਾਹਗੁਰੂ । ਬਾਬੇ ਦੀ ਜਨਮ ਸਾਖੀ ਦੀ ਗੋਸਟਿ ਪੂਰੀ ਹੋਈ ।... ਸੰਮਤੁ ੧੭੭੮ ਕਾਤਕ ਵਦੀ ਨਾਵੀ ੯ ਆਇਤ ਵਾਰ ਛਿਹ ਘੜੀਆ ਦਿਨ ਰਹਿਦੇ । ਵਾਹਗੁਰੂ, ਵਾਹਗੁਰੂ ।... (ਪੱਤਰਾ ੪੨੦)

(ਅ) **ਭਗਤ ਮਾਲਾ** (ਸਿੱਖਾਂ ਦੀ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸਾਖੀ ਭਾਈ ਗੁਰਦਾਸ ਜੀ ਕੀ ਵਾਰ ਯਾਰਵੀ ਭਗਤ ਮਾਲ । ਏਕ ਸਮੇ ਭਾਈ ਮਨੀ ਸਿੰਘ

ਜੀ ਥੀਂ ਸਿਖਾਂ ਅਰਦਾਸ ਕੀਤੀ ਜੋ, "ਭਾਈ ਗੁਰਦਾਸ ਜੀ ਨੇ ਜੋ ਸਿਖਾਂ ਦੇ ਪਰਥਾਇ ਵਾਰ ਕੀਤੀ ਹੈ ਤੇ ਸਭ ਦੇਸ ਦੇਸ ਦੇ ਸਿਖਾਂ ਦੇ ਨਾਮ ਲਿਖੇ ਹੈਨਿ । ਉਨ੍ਹਾ ਦੀਆਂ ਰਹਿਤਾਂ ਤੇ ਕਰਤੂਤਾਂ ਅਸਾਂ ਨੂ ਮਲੂਮ ਕਰਾਵੋ, ਜੋ ਅਸੀ ਭੀ ਜਾਣੀਏ ਜੋ ਸਿਖਾਂ ਦੀਆ ਐਸੀਆਂ ਵਰਤਣਾਂ ਹੋਦੀਆਂ ਹੈਨ । ਅਸਾਂ ਨੂ ਭੀ ਰੀਸ ਆਵੈ ।" ਤਾਂ ਭਾਈ ਮਨੀ ਸਿੰਘ ਜੀ ਹੁਰਾਂ ਵਚਨ ਕੀਤਾ, "ਜੋ ਤੁਸਾਂ ਭਲਾ ਪਰ ਉਪਕਾਰ ਦਾ ਵਚਨ ਕੀਤਾ ਹੈ ।..." (ਪੱਤਰਾ ੪੨੧)

ਅੰਤ– ...ਤਾਂ ਭਾਈ ਜੀ ਕਹਿਆ, "ਜੈਸੇ ਅਰਜਨ ਜੁਧ ਦੇ ਸਮੇ ਸਸਤ੍ਰ ਛੱਡ ਬੈਠਾ ਸੀ ਤੇ ਮਹਾਰਾਜ ਉਸ ਨੂ ਗੀਤਾ-ਉਪਦੇਸ ਕਰ ਕੈ ਫੇਰ ਵਰਨ-ਆਸ਼੍ਰਮ ਦਾ ਜੁਧ ਦ੍ਰਿੜਾਇਆ ਸੀ, ਤੈਸੇ ਹਿੰਦੂਆਂ ਨੇ ਹਿੰਸਾ ਧਰਮ ਜਾਣ ਕੇ ਸਸਤ੍ਰ ਛੋੜ ਦਿਤੇ ਹੈਨ ।... (ਪੱਤਰੇ ੫੮੧-੮੨)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ ।

੧੦੭. ਜਨਮ ਸਾਖੀ ਗੁਰੂ ਨਾਨਕ ਕੀ (ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਟੀਕਾ) (ਨੰ. ੧੯੮, ਪ੍ਰੋ. ਪ੍ਰੀ. ਸਿੰ.)

ਲੇਖਕ– ਭਾਈ ਮਨੀ ਸਿੰਘ, ਸ਼ਹੀਦ । ਆਕਾਰ—10″ × 6¾″ ਲਿਖਤ 8″ × 5″ ।

ਵੇਰਵਾ– ਪੱਤਰੇ ੨੮੫; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੱਤਰੇ ਦੀਮਕ ਲੱਗਣ ਕਰ ਕੇ ਨੁੱਕਰਾਂ ਤੋਂ ਫਟੇ ਹੋਏ; ਸਿਰਲੇਖ, ਸ਼ਬਦ-ਸ਼ਲੋਕਾਂ ਤੇ ਸਾਖੀਆਂ ਦੇ ਅੰਕ ਲਾਲ ਸਿਆਹੀ ਨਾਲ ਅੰਕਿਤ; ਕੁਝ ਪੱਤਰੇ ਸਿਲ੍ਹੇ ਹੋਣ ਕਰ ਕੇ ਉਨ੍ਹਾਂ ਪਰ ਧੱਬਿਆਂ ਦੇ ਨਿਸ਼ਾਨ ਲੱਗੇ ਹੋਏ ਤੇ ਜਿਲਦ ਟੁੱਟਣ ਕਰ ਕੇ ਮੁੱਢਲੇ ਪੱਤਰੇ ਖ਼ਾਲੀ ਤੇ ਅੰਤਲੇ ਪੱਤਰੇ ਕੁਝ ਫਟੇ ਹੋਏ; ਵੈਸੇ ਪੁਸਤਕ ਹਰਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੮੩ ਬਿ. । ਲਿਖਾਰੀ—ਭਾਈ ਦਇਆ ਸਿੰਘ, ਕਲਾਲ, ਫਗਵਾੜੇ ਵਾਲਾ ।

ਆਰੰਭ— ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ । ਨਾਮੁ ਸਭ ਦੇਵਾ ਦਾ ਦੇਵ ਹੈ, ਕੋਈ ਦੇਵੀ ਨੂ ਮਨਾਵਦਾ ਹੈ ਕੋਈ ਸਿਵ ਨੂੰ, ਕੋਈ ਗਣੇਸ ਨੂ, ਕੋਈ ਹੋਰਿ ਦੇਵਤਿਆ ਨੂ, ਗੁਰੂ ਕੇ ਸਿਖ ਸਤਿਨਾਮ ਨੂ ਅਰਾਧਤੇ ਹੈ ।... (ਪੱਤਰਾ ੧)

ਅੰਤ— ...ਏਹ ਵਾਰ ਦੀ ਟੀਕਾ ਲਿਖ ਕੇ ਭਾਈ ਮਨੀ ਸਿੰਘ ਜੀ ਦਸਵੇ ਪਾਤਿਸਾਹਿ ਦੇ ਹਜ਼ੂਰ ਲੇ ਗਏ । ਬਚਨਿ ਹੋਇਆ "ਏਹ ਗੋਸਟਿ ਸਿਖਾ ਦੇ ਪੜ੍ਹਨ ਦੀ ਹੋਦੀ ਹੈ ।" ਮੰਨੀ ਸਿੰਘ ਜੀ ਅਰਦਾਸ ਕੀਤੀ, "ਜੀ, ਗਰੀਬ ਨਿਵਾਜਿ ! ਇਸ ਦੇ ਉਪਰ ਦਸਖਤ ਪਵਣ, ਸਹੀ ਹੋਵੇ ।" ਸਾਹਿ... ਨੇ ਸਹੀ ਪਾ ਦਿਤੀ । ਜੋ ਸੁਣੈ ਪੜ੍ਹੈਗਾ ਸੋ ਸਿਖੀ ਨੂ ਪ੍ਰਾਪਤਿ ਹੋਵੈਗਾ । ਬੋਲਹੁ ਭਾਈ ਵਾਹਗੁਰੂ, ਵਾਹਗੁਰੂ, ਵਾਹਗੁਰੂ । ਬਾਬੇ ਦੀ ਜਨਮ ਸਾਖੀ ਦੀ ਗੋਸਟਿ ਪੂਰੀ ਹੋਈ ।... ਸੰਮਤੁ ੧੮੮੩ ਮਹੀਨਾ ਚੇਤ੍ਰ ਪਰਿਵਿਸਟਾ ਬੀਹੀਮਾ । ਦਿਨ ਸੁਕਰੁਵਾਰੁ । ਲਿਖਤਮੁ ਦਇਆ ਸਿੰਘ, ਕਲਾਲੁ, ਵਾਸੀ ਫਗਵਾੜੇ ਦੀ ।... (ਪੱਤਰਾ ੨੮੫)

੧੦੮. (ੳ) ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ (ਸਾਖੀ ਭਾਈ ਲਾਲੂ ਜੀ ਕੀ, ਸੁਧਰਮ ਮਾਰਗ ਆਦਿ ਸਮੇਤ) (ਨੰ. ੧੬੮, ਪ੍ਰੋ. ਪ੍ਰੀ. ਸਿੰ.)

ਲੇਖਕ— ਭਾਈ ਮਨੀ ਸਿੰਘ, ਸ਼ਹੀਦ । ਆਕਾਰ—13″ × 8½″, ਲਿਖਤ 9¼″ × 6¼″ ।

ਵੇਰਵਾ— ਪੱਤਰੇ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ ਕੀ ੨੫੯, ਸਾਖੀ ਭਾਈ ਲਾਲੂ ਜੀ ਕੀ ੧, ਸੁਧਰਮ ਮਾਰਗ ਪਾਤਸ਼ਾਹੀ ੧੦, ੪੮, ਮੁਕਤ ਮਾਰਗ ਪਾਤਸ਼ਾਹੀ ੧੦, ੪੯—੧੧੫ (੬੭), ਕੁੱਲ ਪੱਤਰੇ ੩੭੫; ਪ੍ਰਤੀ ਸਫ਼ਾ ੧੬ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਹਰਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— (ਜਨਮ ਸਾਖੀ) ਸੰਮਤ ੧੯੨੭ ਬਿ., (ਸੁਧਰਮ ਮਾਰਗ) ਸੰਮਤ ੧੯੨੫ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰੁ ਅਕਾਲੁ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ । ਨਾਮੁ ਸਭ ਦੇਵਾ ਦਾ ਦੇਵ ਹੈ । ਕੋਈ ਦੇਵੀ ਨੂੰ ਮਨਾਵਦਾ ਹੈ, ਕੋਈ ਸਿਵ ਨੂ, ਕੋਈ ਗਣੇਸ ਨੂੰ, ਕੋਈ ਹੋਰ ਦੇਵਤਿਆਂ ਨੂੰ, ਗੁਰੂ ਕੇ ਸਿਖ ਸਤਿਨਾਮ ਨੂੰ ਅਰਾਧਤੇ ਹੈ ਜਿਸ ਕਰਿ ਸਭ ਵਿਘਨ ਨਾਸੁ ਹੋਦੇ ਹੈਨ, ਤਾ ਤੇ ਸਤਿਨਾਮੁ ਕਾ ਮੰਗਲਾ-ਚਾਰ ਆਦਿ ਰਖਿਆ ਹੈ ।

ਇਕ ਸਮੇਂ ਭਾਈ ਮਨੀ ਸਿੰਘ ਜੀ ਥੀਂ ਸਿਖਾ ਪ੍ਰਸ਼ਨ ਕੀਤਾ ਜੋ, "ਗੋਸਟਿ ਜਨਮ ਸਾਖੀ ਪਹਿਲੀ ਪਾਤਸਾਹੀ ਦੀ ਹੈ ਤਿਸ ਦੇ ਵਿਚ ਛੋਟੇ ਮੇਲੁ ਵਾਲਿਆਂ ਕਈ ਜੁਗਤਾ ਅਣ ਬਣਦੀਆ ਪਾਇ ਦਿਤੀਆ ਹੈਨ ਜਿਸ ਨੋ ਸੁਣਿ ਕੇ ਸਿਖਾ ਦਾ ਸਿਦਿਕ ਗੁਰੂ ਵਲੋਂ ਘਟਿ ਜਾਂਦਾ ਹੈ। ਜੈਸੇ ਦੁਧ ਮੋ ਪਾਣੀ ਰਲਾਇ ਦਿਚੇ ਤੇ ਹੰਸ ਉਸ ਨੋ ਭਿੰਨ ਭਿੰਨ ਕਰਿ ਲੈਂਦਾ ਹੈ। ਤੈਸੇ ਤੁਸੀ ਮਹਾ ਹੰਸ ਹੋ, ਕ੍ਰਿਪਾ ਕਰ ਕੇ ਗੁਰੂ ਕੇ ਬਚਨਿ ਤੇ ਮੀਣਿਆ ਦੇ ਬਚਨ ਭਿੰਨਿ ਭਿੰਨਿ ਕਰਿ ਦੇਹੋ।"

ਭਾਈ ਮਨੀ ਸਿੰਘ ਜੀ ਬਚਨ ਕੀਤਾ, ਜਿਸ ਸਮੇਂ ਪੰਜਵੇ ਪਾਤਿਸਾਹਿ ਸ੍ਰੀ ਗ੍ਰਿੰਥ ਜੀ ਦੀ ਮ੍ਰਿਜਾਦਾ ਕੀਤੀ ਹੈ, ਤਿਸ ਸਮੇਂ ਸਿਖਾ ਅਰਦਾਸ ਕੀਤੀ ਜੋ, "ਗੋਸ਼ਟਾਂ ਦੀ ਮ੍ਰਿਜਾਦਾ ਤਾਂ ਕੋਈ ਹੋਈ ਨਹੀਂ, ਮਤਿ ਛੋਟੇ ਮੇਲ ਵਾਲੇ ਜਨਮ ਸਾਖੀ ਵਿਚ ਅਜੁਗਤਾ ਪਾਇ ਕੇ ਸਿਖਾ ਨੂੰ ਭ੍ਰਮਾਇ ਦੇਦੇ ਹੋਵਨਿ।" ਤਾਂ ਭਾਈ ਗੁਰਦਾਸ ਜੀ ਨੂੰ ਬਚਨੁ ਹੋਇਆ, "ਤੁਸਾ ਜਨਮ ਸਾਖੀ ਦੀ ਇਕ ਵਾਰ ਕਰਨੀ ਜੋ ਗੁਰੂ ਦੇ ਸਿਖ ਉਸ ਵਾਰ ਦੇ ਅਨੁਸਾਰ ਸਾਖੀ ਹੋਵੇਂਗੀ ਉਸ ਨੋ ਸੁਣਿਨਿ ਪੜਨਿਗੇ।" ਤਾ ਤੇ ਭਾਈ ਗੁਰ ਦਾਸ ਜੀ ਦੀ ਜੋ ਵਾਰ ਗਿਆਨ ਰਤਨਾਵਲੀ ਹੈ ਸੋਈ ਜਨਮ ਸਾਖੀ ਹੈ।

ਫਿਰਿ ਸਿਖਾ ਕਹਿਆ, "ਉਹ ਤਾਂ ਸਾਖੀ ਸੂਚਨਾ ਕੀਤੀ ਹੋਈ ਹੈ। ਤੁਸੀ ਕ੍ਰਿਪਾ ਕਰਿ ਉਸ ਦੀ ਟੀਕਾ ਵਿਸਥਾਰ ਨਾਲਿ ਕਰਿ ਦੇਵੋ ਜੋ ਸਿਖਾ ਕੋ ਸੁਣਿ ਕੇ ਸਰਧਾ ਉਪਜੇ।" ਤਾਂ ਭਾਈ ਮਨੀ ਸਿੰਘ ਜੀ ਕਹਿਆ, "ਜੈਸੇ ਚੀਟੀ ਸੇ ਹਸਤੀ ਕਾ ਭਾਰ ਉਠਾਇਆ ਨਹੀਂ ਜਾਤਾ ਅਰ ਤਲਾਉ ਕੇ ਕਛੂ ਸੇ ਮੰਦਰਾਚਲ, ਪਰਬਤ ਚੁਕਿਆ ਨਹੀਂ ਜਾਂਦਾ ਤੈਸੇ ਮੁਝ ਸੋ ਸ੍ਰੀ ਬਾਬੇ ਜੀ ਦੀ ਗੋਸਟਿ ਦੀ ਟੀਕਾ ਕੀਤੀ ਨਹੀ ਜਾਂਦੀ। ਜੈਸੇ ਤਾਰੂ ਪੁਰਖ ਨਦੀ ਕੇ ਬੀਚ ਕਾਨੇ ਗੱਡ ਜਾਤੇ ਹੈ ਤਾ ਉਸ ਰਾਹੁ ਅਣ ਤਾਰੂ ਭੀ ਪਾਰ ਲੰਘ ਜਾਤੇ ਹੈਂ ਤੈਸੇ ਮੈਂ ਭਾਈ ਗੁਰ ਦਾਸ ਜੀ ਕੀ ਵਾਰ ਕੋ ਮੁਖਿ ਰਖਿ ਕੇ ਉਸ ਦੇ ਅਨੁਸਾਰ ਤੇ ਦਸਵੇ ਪਾਤਸਾਹ ਦੇ ਦਰਬਾਰ ਥੀ ਜੋ ਸਾਖੀਆ ਸੁਣੀਆ ਹੈਨ ਉਨ੍ਹਾ ਕੇ ਅਨੁਸਾਰ ਜੋ ਕਛੁ ਮੇਰੀ ਤੁਛ ਬੁਧ ਮੈਂ ਆਵਦਾ ਹੈ ਸੋ ਮੈਂ ਤੁਸਾਡੇ ਅਗੇ ਟੀਕਾ ਕਰਿ ਸੁਣਾਵਦਾ ਹਾਂ।' (ਪੱਤਰਾ ੧)

ਅੰਤ— ਜੈਸੇ ਅਕਾਸ ਦਾ ਅੰਤ ਪੰਖੀ ਨਹੀਂ ਲਹਿਦੇ ਤੇ ਉਡ ਕੇ ਆਪਣੀ ਚੋਗ ਦਾ ਬਿਉਹਾਰ ਕਰਦੇ ਹੈਨ, ਤੈਸੇ ਸਤਿਗੁਰਾਂ ਦੀ ਮਹਿਮਾ ਕਿਸੇ ਥੀ ਕਹੀ ਨਹੀ ਜਾਦੀ। ਪਰ ਜੋ ਸਿਖ ਸੁਣਨਗੇ, ਪੜਨਗੇ, ਲਿਖਨਗੇ, ਸੁਣਾਵਨਿਗੇ, ਲਿਖਾਵਨਿਗੇ, ਸਭੇ ਸਿਖੀ ਨੂੰ ਪ੍ਰਾਪਤਿ ਹੋਵਨਗੇ। ਵਾਹੁਗੁਰੂ, ਵਾਹੁਗੁਰੂ ਜੀ ਕੀ ਫਤੇ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕੀ ਜਨਮ ਸਾਖੀ ਸੰਪੂਰਨ ਹੋਈ। ਸੰਮਤ ੧੯੨੭, ਮਹੀਨਾ ਹਾੜ੍ਹ ਸੁਕਲਾ ਪੱਖ ਮੈ, ਦੂਤੀਆ ਦਿਨ ਵੀਰਵਾਰ, ਪੜ੍ਹੇ ਸੁਣੇ ਗੁਰੂ ਨਿਹਾਲ ਕਰੇਗਾ, ਸੋਧ ਪੜ੍ਹਨੀ ਸਰਬ ਸਾਧ ਸੰਗਤ ਨੇ। (ਪੱਤਰਾ ੨੫੯)

(ਅ) ਸਾਖੀ ਭਾਈ ਲਾਲੂ ਜੀ ਕੀ (ਤੇਈਏ ਤਾਪ ਦੀ ਸਾਖੀ) (ਲੇਖਕ—ਨਾਮਾਲੂਮ)

ਆਰੰਭ—੧ਓ ਸਤਿਗੁਰ ਪ੍ਰਸਾਦਿ। ਸਾਖੀ ਭਾਈ ਲਾਲੂ ਜੀ ਕੀ। ਤੀਸਰੀ ਪਾਤਿਸਾਹੀ ਗੁਰੂ ਅਮਰਦਾਸ ਜੀ ਗੋਇੰਦਵਾਲ ਸੇ। ਗੁਰੂ ਜੀ ਚੁਬਾਰੇ ਅੰਦਰ ਬੈਠੇ ਸੇ, ਆਪਣੇ ਰੰਗ ਵਿਚਿ ਬੈਠੇ ਸੇ।... (ਪੱਤਰਾ ੧ ੳ)

ਅੰਤ— (ਜਦ ਤੇਈਆ ਤਾਪ ਭਾਈ ਲਾਲੂ ਨੇ ਕੈਦ ਵਿਚੋਂ ਛੱਡਿਆ ਤਾਂ ਅੱਗੋਂ ਉਸ ਨੇ ਇਕਰਾਰ ਕੀਤਾ) ਜਿਥੇ ਕੋਈ ਏਹੁ ਸਾਖੀ ਨੂ ਪੜ੍ਹੇਗਾ ਅਰ ਜਿਸ ਨੂੰ ਮੈਂ ਚੜ੍ਹਿਆ ਹੋਵਾਂਗਾ ਉਸ ਨੂੰ ਏਹੁ ਸਾਖੀ ਕੋਈ ਸੁਣਾਵੇਗਾ ਤਿਸ ਨੂੰ ਮੈ ਛਡਿ ਜਾਵਾਗਾ। ਜਿਸ ਤਰਾਂ ਤੁਸਾਂ ਮੈਨੂੰ ਛਡਿਆ ਇਸ ਤਰਾਂ ਮੈ ਭੀ ਛਡਿ ਜਾਵਾਂਗਾ। ਸਾਖੀ ਭਾਈ ਲਾਲੂ ਜੀ ਕੀ ਪੂਰੀ ਹੋਈ। ਭਾਈ ਲਾਲੂ ਜੀ ਕਾ ਰੋਟ ਜਥਾ ਸਕਤ ਗੁਰੂ ਦਾ ਦੇਵਣਾ। (ਪੱਤਰਾ ੧ ਅ)

(ੲ) ਸੁਧਰਮ ਮਾਰਗ (ਪਾਤਸ਼ਾਹੀ ੧੦)

ਆਰੰਭ— ੧ਓ ਸ੍ਰੀ ਸਤਿਗੁਰ ਪ੍ਰਸਾਦਿ। ਅਥ ਸੁਧਰਮ ਮਾਰਗੁ ਗ੍ਰਿੰਥੁ ਲਿਖਜਤੇ। ਪਾਤਸਾਹੀ ੧੦। ਤ੍ਵ ਪ੍ਰਸਾਦਿ॥ ਦੋਹਰਾ॥
ਵਾਹਗੁਰੂ ਜਪ ਪਰਮ ਪਦੁ, ਪਾਵੈ ਮੁਕਤ ਅਪਾਰ।
ਮਿਟਹਿ ਕਲਪਨਾ ਜਨਮ ਮ੍ਰਿਤੁ, ਸਤਿਗੁਰ ਹੋਇ ਦਯਾਲ ॥੧॥ (ਪੱਤਰਾ ੧)

ਅੰਤ— ...ਏਹੁ ਸੁਧਰਮ ਮਾਰਗ ਗ੍ਰਿੰਥ ਕੋ ਸੁਨੇ ਔ ਸੁਨਾਵੈ, ਸੁਨ ਕੈ ਧਾਰਣਾ ਕਰੈ ਤਿਸ ਕੋ ਅਪਨੇ ਧਰਮ ਮੇਂ, ਮੁਕਤ ਪ੍ਰਾਪਤਿ ਹੋਵੈ, ਧਰਮ ਵਿਖੈ ਇਸਥਿਤਿ ਹੋਵੈਗੀ। ਤਿਸ ਕੋ ਲੋਕ ਪ੍ਰਲੋਕ ਮੈ ਭੈ ਨ ਹੋਵੈਗਾ। ਅਪਨੇ ਧਰਮ ਕੋ ਪਾਲਨਾ ਐਸਾ ਧਰਮੁ ਕੋਊ ਨਹੀ, ਸ੍ਰੀ ਗੁਰੂ ਅਪਨੇ ਮੁਖਾਰਬਿੰਦ ਤੇ ਕਹਾ ਹੈ। ਇਤਿ ਸ੍ਰੀ ਸੁਧਰਮ ਮਾਰਗ ਗ੍ਰਿੰਥੇ ਸਰਬ ਬੇਦ ਨਿਰਨੈ ਚਵੀਸਮੋ ਧਿਆਇ ਸੰਪੂਰਣੰ ॥੨੪॥

ਗੁਰੂ ਨਾਨਕ ਗੁਰੂ ਗੋਬਿੰਦ ਸਿੰਘ, ਪੂਰਣ ਗੁਰ ਅਵਤਾਰ ।
ਜਗਮਗ ਜੋਤਿ ਬਿਰਾਜਹੀ, ਸ੍ਰੀ ਅਬਿਚਲ ਨਗਰ ਅਪਾਰ ॥
ਸੰਮਤ ੧੯੨੫, ਮਹੀਨਾ ਅਸੂ ੩੦ (ਪੱਤਰਾ ੪੮)

(ਸ) ਮੁਕਤਿ ਮਾਰਗ ਗ੍ਰਿੰਥ (ਪਾਤਸ਼ਾਹੀ ੧੦)

ਆਰੰਭ—੧ਓ ਸਤਿਨਾਮੁ ...ਗੁਰ ਪ੍ਰਸਾਦਿ । ਅਥ ਮੁਕਤ ਮਾਰਗੁ ਗ੍ਰੰਥ ਲਿਖ੍ਯਤੇ । ਪਾਤਸਾਹੀ ੧੦ । ਏਕ ਸਮੇ ਸ੍ਰੀ ਗੁਰੂ ਜੀ ਕੇ ਪਾਸ ਸਿਖ ਸਰਬ ਬੇਨਤੀ ਕਰਤ ਭਏ, ਅਬਚਲਾ ਨਗਰ ਵਿਖੇ ਜੇ, "ਹੇ ਸਤਿਗੁਰੂ ਜੀ ! ਵੈ ਹਮ ਕੋ ਸਬ ਬਿਧ ਕਹੋ ਜੋ ਇਸ ਜੀਵ ਕੋ ਸੰਸਾਰ ਸਾਗਰ ਤਰਣ ਕਾ ਜਤਨ ਕਵਨ ਹੈ ? ਕਿਸ ਪ੍ਰਕਾਰ ਕਰਮ ਕਰੈ, ਮੰਗਲਾ-ਚਾਰ ਅਰ ਮ੍ਰਿਤਕ ਕਰਮ ਪ੍ਰਜੰਤ ਸੋ ਸਭਿ ਬਿਧ ਸੋ ਕਹੋ ।" ਸ੍ਰੀ ਗੁਰੋਵਾਚ : "ਸੋ ਸੁਨੋ, ਜਿਸ ਤੈ ਸੰਸਾਰੁ ਤੈ ਮੁਕਤ ਹੋਯ ਔਰ ਮਨ ਵਾਛਤ ਫਲ ਪ੍ਰਾਪਤ ਹੋਯ..." (ਪੱਤਰਾ ੫੯)

ਅੰਤ—ਬਿਲਾਵਲ ਮ. ੫ 'ਰੋਗ ਮਿਟਾਯਾ ਆਪ ਪ੍ਰਭੂ ।' ਨੀਲੀ ਟਲੀ ਨੂੰ ਅਗ ਲਗਾਵੈ, ਉਸ ਨਾਲ ਪੜ੍ਹ ਪੜ੍ਹ ਲੂਤ ਝਾੜੇ । ਇਸ ਗ੍ਰਿੰਥ ਕੇ ਪਾਠ ਕਰਨੇ ਤੇ ਫਲ ਹੈ, ਮੁਕਤ ਭੁਗਤ ਕਾ ਮਾਰਗ ਹੈ । ਇਤਿ ਸ੍ਰੀ ਮੁਕਤ ਮਾਰਗ ਗ੍ਰਿੰਥ ਜੀ ਕਾ ਪ੍ਰਕਾਸੁ ਸਰਬ ਕਰਮ ਨਿਰੂਪਣ ਸ੍ਰੀ ਗੁਰੂ ਮੁਖਾਤ ਧਰਮ, ਅਰਥ, ਕਾਮ ਮੋਖ ਸੰਪੂਰਣ ਔ ਮੁਕਤ ਕੋ ਪੰਥ ਜਨਮ ਮ੍ਰਿਤਕ ਪ੍ਰਜੰਤ ਸਰਬ ਬਾਸਨਾ ਪੂਰਣ ਸਮਾਪਤੰ । (ਪੱਤਰਾ ੧੧੫)

ਇਹ ਪੁਸਤਕ ਇਕ ਪ੍ਰਕਾਰ ਦਾ ਤਾਂਤ੍ਰਿਕ ਗ੍ਰੰਥ ਹੈ ਜਿਸ ਵਿਚ ਸ਼ਰਧਾ ਪੂਰਣ ਗ੍ਰੰਥ ਵਾਂਗੂ ਗੁਰਬਾਣੀ ਦੀਆਂ ਤੁੱਕਾਂ ਮੰਤ੍ਰਾਂ ਦੀ ਤਰਾਂ ਦੇ ਕੇ ਉਨ੍ਹਾਂ ਦੇ ਜਪ ਕਰਨ ਦੇ ਵਿਧਿ-ਵਿਧਾਨ ਦੱਸੇ ਹਨ, ਤੇ ਨਾਲ ਹੀ ਉਸ ਮੰਤ੍ਰ-ਜਪ ਦੇ ਫਲ ਵੀ ਨਿਰੂਪਣ ਕੀਤੇ ਹਨ ।

੧੦੯. ਗੁਰੂ ਨਾਨਕ ਦੀ ਜੀਵਨ-ਕਥਾ (ਨੰ. ੧੯੭੩, ਸਿ. ਰੈ. ਲਾ.)

ਲੇਖਕ— ਸੰਤ ਦਾਸ, ਛਿੱਬਰ । ਆਕਾਰ—6¾" × 8½", ਲਿਖਤ 5" × 7¾" ।

ਵੇਰਵਾ— ਪੱਤਰੇ ੯੭-੨੮੦ (੧੮੪); ਪ੍ਰਤੀ ਸਫ਼ਾ ੧੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਦੀ ਖ਼ੂਬਸੂਰਤੀ ਲਈ ਲਿਖਾਰੀ ਨੇ ਕਈ ਥਾਵੀਂ ਲਾਲ ਸਿਆਹੀ ਵੀ ਵਰਤੀ ਹੈ ।

ਸਮਾਂ— ਸੰਮਤ ੧੮੩੪ ਬਿ. । ਲਿਖਾਰੀ— ਨਾਮਾਲੂਮ ।

ਆਰੰਭ—...ਲ । ਪਾਛੇ ਮਗ ਮੈ ਬੁਰੀ ਬਲਾਇ ।
ਹਮ ਸੰਗਤਿ ਆਗਨ ਇਕ ਛਿਨ ਜਾਇ ।
ਨਾਨਕ ਬਾਲੇ ਕੋ ਭਾਖਾ । ਜਿਉ ਤਿਉ ਮਰਦਾਨੇ ਸੰਗ ਰਾਖਾ ॥ (ਪੱਤਰਾ ੯੭)

ਅੰਤ— ਤ੍ਰੇਤੇ ਜੁਗ ਕੀ ਮਿਰਜਾਦਾ ਅਠ ਲਖ ਚਉਹਟ ਹਜਾਰ । ੮੬੪੦੦੦ । ਦੁਆਪੁਰ ਜੁਗ ਦੀ ਮਿਰਜਾਦਾ ਚਾਰ ਲਖ ਬਤ੍ਰੀ ਹਜਾਰ ॥ ੪੩੨੦੦੦ । ਕਲਿਜੁਗ ਕੀ ਮਿਰਜਾਦਾ ।...

(ਪੱਤਰਾ ੨੮੦)

੧੧੦. ਸ੍ਰੀ ਨਾਨਕ ਪ੍ਰਕਾਸ਼ (ਭਾਖਾ-ਅਨੁਵਾਦ) (ਨੰ. ੧੬, ਪ੍ਰੰ. ਪ੍ਰੀ. ਸਿੰ.)

ਲੇਖਕ- ਕਵੀ ਸੰਤੋਖ ਸਿੰਘ । ਅਨੁਵਾਦਕ— ਨਾਮਾਲੂਮ । ਆਕਾਰ—7½" × 9", ਲਿਖਤ 5" × 6½" ।

ਵੇਰਵਾ— ਪੱਤਰੇ ੨੬੦; ਪ੍ਰਤੀ ਸਫ਼ਾ ੨੨ ਸਤਰਾਂ; ਕਾਗਜ਼ ਦੇਸੀ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰੇ ਛੇਕੋ ਛੇਕ ਹੋਣ ਤੇ ਫਟੇ ਅਤੇ ਛਣੇ ਹੋਏ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਹਾਸ਼ੀਏ ਉਤੇ ਕਈ ਥਾਵੇਂ ਉਕਾਈਆਂ ਦੀ ਸੁਧਾਈ ਕੀਤੀ ਹੋਈ; ਪੁਸਤਕ ਜਿਲਦ ਤੋਂ ਬਗ਼ੈਰ, ਜੋ ਕਿਰਮ ਖ਼ੁਰਦਾ ਹੋਣ ਕਰ ਕੇ ਸ਼ਿਕਸਤਾ ਹਾਲਤ ਵਿਚ ਹੈ ।

ਸਮਾਂ- ਸੰਮਤ ੧੯੦੯ ਬਿ. । ਲਿਖਾਰੀ—ਨਾਮਾਲੂਮ ।

ਆਰੰਭ- ੧ਓ ਸ੍ਰੀ ਸਤਿਗੁਰੂ ਸਹਾਇ । ਸ੍ਰੀ ਨਾਨਕ ਪ੍ਰਕਾਸ... ॥ਦੋ:॥
ਏਕੋਂਕਾਰਾ ਸਤਿਗੁਰੂ, ਜਿਹ ਪ੍ਰਸਾਦਿ ਸਚੁ ਹੋਇ ।
ਵਾਹਗੁਰੂ (ਜੀ ਕੀ ਫਤਹ ਬਿ)ਘਨ ਬਿਨਾਸਨ ਸੋਇ ॥

ਸ੍ਰੀ ਨਾਨਕ ਪ੍ਰਕਾਸ ਕਾ ਯੇ ਦੋਹਾ ਆਦਿ ਕਾ ਹੈ।...੧ ਪ੍ਰਥਮ ਧਯਾਇ ਬਿਖੈ ਆਦਿ ਸ੍ਰੀ ਦੇਵੀ ਜੂ ਕੀ ਉਸਤੂਤ ਪਰਮਾਤਮਾ ਕੀ, ਸ੍ਰੀ ਗੁਰੂ ਨਾਨਕ ਜੀ ਆਦਿ ਗੁਰੂ ਗੋਬਿੰਦ ਸਿੰਘ ਜੀ ਲੌ ਕੀਰਤਿ ਕਹੀ, ਨਾਮ ਕੀ ਬਡਾਈ, ਵਾਹਗੁਰੂ ਕੋ ਅਰਥ ਦੋ: ਵਾਹ ਨਾਮ ਅਸਚਰਜ ਕੋ ਹੋਈ। ਅਚਰਜ ਤੇ ਪਰ ਉਕਤਿ ਨ ਕੋਈ।... (ਪੱਤਰਾ ੧)

ਅੰਤ— ...ਜਹਾਂ ਮੋ ਤੇ ਕਛੂ ਭੂਲ ਹੋਈ ਹੋ ਤਹਾਂ ਕ੍ਰਿਪਾ ਕਰਿ ਸੁਧਾਰ ਲੇਵੋ ਜੋ ਸਤਿਗੁਰ ਸਿਖਨ ਕੇ ਮਨ ਭਾਵੈ। ਬਾਲਕ ਕੀ ਲੀਲਾ ਅਸਤ ਬਜਸਤ ਹੋਤੀ ਹੈ। ਵਾ ਕੋ ਵਚਨ ਸਪਸਟ ਆਵਤ ਨਹੀਂ। ਬਡੇ ਪੁਰਖ ਦੇਖ ਕੇ ਹਰਖਤ ਹੈ, ਰਿਸ ਨਹੀਂ ਕਰਤ। ਛੋਟੇ ਭੀ ਕ੍ਰਿਪਾ ਕਰਤ ਹੈ। ਜੋ ਮੰਦ ਮਤੀ ਬਾਕੀ ਹੈ ਤਿਨਿ ਸੋ ਕੈਸੇ ਨਿਬੇਰੋ ਹੋਤ ਨਹੀ। ਮੈ ਗੁਰ ਸਿਖੀ ਦਾਨ ਜਾਚਤ ਹੋਂ, ਜਾਂ ਤੇ ਪਰਮ ਕਲਜਾਨ ਹੋਵੈ। ਮਨ ਕੌ ਸਾਂਤਿ ਹੋਇ, ਪਰਮ ਪਦ ਪਾਵੈਂ॥

ਕਬਿਤੁ॥ ਸਬੈ ਗੁਨ ਊਰ ਭਰਪੂਰ ਹੋਯੋ ਔਗੁਨਨਿ...। (ਪੱਤਰਾ ੨੫੯)

...ਥੋਰੀ ਜੈਸੀ ਭੇਟ ਲੇਤ, ਜਮ ਕੀ ਅਭੇਟ ਦੇਤ, ਸਤਿਗੁਰੂ ਨਾਨਕ ਜੀ ਕਰਨਾ ਨਿਕੇਤ ਹੈ।

ਹੰਤਾ ਲੇਤ ਦਾਸਨ ਕੀ ਅਹੰਬ੍ਰਹਮ ਦੇਤ ਤਿਹ, ਮਨ ਲੇਤ ਚਰਨ ਮੇਂ ਮੁਕਤਿ ਕੌ ਦੇਤ ਹੈ॥ ੧੧੩॥

ਇਤਿ ਸ੍ਰੀ ਨਾਨਕ ਪ੍ਰਕਾਸ ਗ੍ਰੰਥੇ ਉਤਰਾਰਧੇ ਸੁਾਮੀ ਕੋ ਸਚਖੰਡ ਪ੍ਰਸਥਾਨ ਬਰਨਨੰ ਨਾਮ ਸਪਤ ਪਚਾਸਮੋ ਧਯਾਇ ਸਮਾਪਤੰ॥ ੫੭॥

ਦੋ॥ ਸੰਮਤ ਨਿਧਿ ਨਭ ਦ੍ਵਾਰ ਸਸਿ, ਜੇਠ ਗਏ ਤਰੈ ਵੀਸ।

ਵੀਰ ਵਾਰ ਪੂਰਨ ਭਈ, ਕ੍ਰਿਪਾ ਕਰੀ ਜਗਦੀਸ॥ ੧॥ (ਪੱਤਰਾ ੨੬੦)

ਇਹ ਪੁਸਤਕ ਪੂਰਬਾਰਧ (੧ ਤੋਂ ਪੱਤਰਾ ੧੨੨ ਤਕ) ਤੇ ਉੱਤਰਾਰਧ (੧੨੩ ਤੋਂ ੨੬੦ ਤਕ) ਦੋ ਭਾਗਾਂ ਵਿਚ ਮੁਕੰਮਲ ਹੈ, ਜਿਸ ਦੀ ਦੂਜੀ ਪ੍ਰਤੀ ਅਜੇ ਤਕ ਕਿਤੇ ਦੇਖਣ ਵਿਚ ਨਹੀਂ ਆਈ।

੧੧੧. (ੳ) **ਸ੍ਰੀ ਗੁਰ ਪ੍ਰਤਾਪ ਸੂਰਜ** (ਸ੍ਰੀ ਕਲਗੀਧਰ ਪ੍ਰਬੰਧ-ਰੁੱਤਾਂ ੪) (ਨੰ. ੨੫੦, ਡਾ. ਵਿ.)

ਲੇਖਕ— ਕਵੀ ਸੰਤੋਖ ਸਿੰਘ। ਆਕਾਰ—12½″×9″, ਲਿਖਤ—8½″×7″।

ਵੇਰਵਾ— ਪੱਤਰੇ ਪ੍ਰਥਮ ਭਾਗ ੪੦੬ ਤੇ ਦੂਜਾ ਭਾਗ ੨੨੨; ਪ੍ਰਤੀ ਸਫ਼ਾ ੧੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਜਿਲਦ ਟੁੱਟੀ ਹੋਈ, ਪਰ ਪੁਸਤਕ ਵੈਸੇ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੪੧੩ ਗੁ. ਨਾ. ਸ਼ਾ.। ਲਿਖਾਰੀ—ਨਾਮਾਲੂਮ।

ਆਰੰਭ— ੧ੴ ਸਤਿਗੁਰ ਪ੍ਰਸਾਦਿ। ਸ੍ਰੀ ਵਾਹਿਗੁਰੂ ਜੀ ਕੀ ਫਤੇ। ਸ੍ਰੀ ਭਗਵਤੀ ਜੀ ਸਹਾਇ। ਅਥ ਰੁਤ ਪ੍ਰਥਮ ਸ੍ਰੀ ਕਲਗੀਧਰ ਪ੍ਰਬੰਧ ਕਥਨੰ॥ ਦੋਹਰਾ॥

ਤੀਨੋ ਕਾਲ ਅਲਿਪਤ ਰਹਿ, ਖੋਜੇ ਜਾਹਿ ਪ੍ਰਬੀਨ।

ਬੀਨਤ ਸਚਿਦਾਨੰਦ ਤ੍ਰੈ, ਜਾਨੈ ਮਰਮ ਰਤੀ ਨ॥੧॥ (ਪੱਤਰਾ ੧)

ਅੰਤ— ਦਸ ਪਤਿਸਾਹਨ ਕੇ ਸੁਭ ਚਰਨ। ਧਰ ਕਰ ਧਜਾਨ ਬਿਘਨ ਕਿਯ ਹਰਨ।

ਅਭਿਲਾਖਾ ਨਿਜ ਪੂਰੀ ਕਰੀ। ਦੁਸਟਨਿ ਕੀ ਮਤਿ ਕੁਛ ਨਹੀ ਅਰੀ॥੪੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰੁਤੇ ਸਤਿਗੁਰ ਕਥਾ ਬਿਰਚਿਤਾਯੰ ਭਾਖਾਯਾਂ ਕਵਿ ਸੰਤੋਖ ਸਿੰਘ ਜਥਾਮਤਿ ਬਰਨਨੰ ਨਾਮੁ ਏਕ ਪੰਚਾਸਤ ਅੰਸੂ॥੫੧॥ਸੰ ਸ੍ਰੀ ਨਾ. ੪੧੩, ਪੋਹ ਪ੍ਰ ੧੦, ਸੁਦੀ ੧। (ਪੱਤਰੇ ੪੦੫-੦੬)

(ਅ) **ਸ੍ਰੀ ਗੁਰ ਪ੍ਰਤਾਪ ਸੂਰਜ** (ਰੁੱਤਾਂ ੫-੬)

ਲੇਖਕ— ਕਵੀ ਸੰਤੋਖ ਸਿੰਘ। ਆਕਾਰ—7½″×11¼″, ਲਿਖਤ 4½″×8″।

ਵੇਰਵਾ— ਪੱਤਰੇ ੨੨੨; ਪ੍ਰਤੀ ਸਫ਼ਾ ੨੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਤੇ ਵਿਸ਼ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਅੰਕਿਤ; ਜਿਲਦ ਟੁੱਟਣ ਕਰ ਕੇ ਪੱਤਰੇ ਕੁਝ ਫਟੇ ਹੋਏ; ਵੈਸੇ ਪੁਸਤਕ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੦੬ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੧ੴ ਵਾਹਿਗੁਰੂ ਜੀ ਕੀ ਫਤੇ ਹੈ। ਅਥ ਗੁਰ ਪ੍ਰਤਾਪ ਸੂਰਜ ਪ੍ਰਕਾਸ ਕੀ ਪੰਚਮ ਰੁਤਿ ਕਥਨੰ॥ ਦੋ॥

ਗਜਾਨੀ ਧਜਾਨੀ ਸਕਲ ਜਨੁ, ਸਿਮਰਤ ਨਾਮ ਬਿਅੰਤ।

ਜਿਨਿ ਜਾਨਜੋ ਬੁਧਿ ਸੂਛ ਤੇ, ਪਰੇ ਪਾਰ ਭਵ ਸੰਤ॥੧॥ (ਪੱਤਰਾ ੧)

ਅੰਤ— ਇਹ ਪਠਤ ਸੁਨਤ ਨਰ ਧਾਰਿ ਪ੍ਰੇਮ । ਹਰ ਬਿਘਨ ਲੋਕ ਪਰਲੋਕ ਛੇਮ ।
ਮਨ ਬਿਪਨ ਬਿਖੈ ਅਘ ਮ੍ਰਿਗਨ ਸਿੰਘ । ਦੈ ਅਨੰਦ ਰਿਦੇ ਸੰਤੋਖ ਸਿੰਘ ॥੩੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਖਸਟਮ ਰੁਤੇ ਕਵਿ ਸੰਤੋਖ ਸਿੰਘ ਬਿਰਚਿਤਾਯਾਂ ਭਾਖਾਯਾਂ ਦੀਨੇ ਤੇ ਚਢਨ ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤ ਅੰਸੂ ॥੫੮॥ ਖਸਟਮ ਰੁਤਿ ਸਮਾਪਤਮਸਤੁ ਸੁਭਮਸਤੁ ।

ਦੋਹਾ ॥ ਰੁਤਿ ਨਭ ਨਿਧਿ ਸਸਿ ਸੰਬਤੰ, ਮਗਸਿਰ ਸੁਦਿ ਗੁਰੁਵਾਰ ।
ਪੰਚਮ ਖਸਟਮ ਰੁਤਿਨ ਕੀ, ਪੁਸਤਕ ਪੂਰਨ ਕਾਰਿ ॥੧॥ (ਪੱਤਰਾ ੨੨੨)

ਇਸ ਤੋਂ ਅੱਗੇ ਸ੍ਰੀ ਕਲਗੀਧਰ ਪ੍ਰਬੰਧ ਦੇ ਦੋ ਅਯਨ ਇਸ ਹੱਥ ਲਿਖਤ ਵਿਚ ਸ਼ਾਮਲ ਨਹੀਂ ਹਨ, ਜਿਸ ਕਰ ਕੇ ਇਹ ਪੁਸਤਕ ਅਧੂਰੀ ਹੈ ।

(ਨੰ. ×, ਭਾ. ਮ. ਸਿੰ., ਐ. ਖ਼ਾ. ਸ.)

੧੧੨. ਗੁਰੂ ਨਾਨਕ ਪਦ ਪ੍ਰੇਮ ਪ੍ਰਕਾਸ਼

ਲੇਖਕ— ਬਾਬਾ ਸੁਮੇਰ ਸਿੰਘ ਜੀ, ਪਟਨੇ ਵਾਲੇ । ਆਕਾਰ—8" × 12½", ਲਿਖਤ 6" × 9½" ।

ਵੇਰਵਾ— ਪੱਤਰੇ ਪੂਰਵਾਰਧ-ਬਾਲ ਖੰਡ ੩੮, ਉਦਾਸੀਨ ਖੰਡ ੧੮, ਦਿਗਬਿਜਯ ਖੰਡ (ਪੂਰਵਾਰਧ) ੧੦੩, ਦਿਗਬਿਜਯ-ਖੰਡ (ਉੱਤਰਾਰਧ) ੮੯, ਗੁਰੂ ਖੰਡ ੭੦, ਕੁੱਲ ਜੋੜ: ੩੧੮; ਪ੍ਰਤੀ ਸਫ਼ਾ ੩੪ ਸਤਰਾਂ; ਕਾਗ਼ਜ਼ ਦੇਸੀ (ਪਤਲਾ, ਮੋਮੀ); ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਦੁਕਾਲਮੀ ਕਰ ਕੇ ਲਿਖੀ ਹੋਈ; ਲਿਖਤ ਸਾਫ਼ ਤੇ ਸ਼ੁੱਧ, ਪਰ ਕਿਤੇ ਕਿਤੇ ਕੁਝ ਉਕਾਈਆਂ ਦੀ ਸੋਧ, ਜਾਂ ਨਵੇਂ ਵਾਧਿਆਂ ਦੀ ਕਵਿਤਾ ਹਾਸ਼ੀਏ ਉਤੇ ਦਿੱਤੀ ਹੋਈ; ਪੁਰਾਨਾ ਕਾਗ਼ਜ਼ ਹੋਣ ਕਰ ਕੇ ਕਈ ਥਾਵੇਂ ਪੱਤਰੇ ਫਟੇ ਹੋਏ; ਪੁਸਤਕ ਮੁਕੰਮਲ, ਪਰ ਕਾਗ਼ਜ਼ ਪਤਲਾ ਤੇ ਪੁਰਾਣਾ ਹੋਣ ਕਰ ਕੇ ਕੁਝ ਖ਼ਸਤਾ ਹਾਲਤ ਵਿੱਚ ਹੈ, ਤੇ ਮੁੱਢ ਵਿਚ ਵੱਖਰੇ ਟਾਈਟਲ ਪਰ ਬਾਬਾ ਸੁਮੇਰ ਸਿੰਘ ਜੀ ਦੇ ਦਸਤਖ਼ਤ ਹਨ ।

ਸਮਾਂ— ਸੰਮਤ ੧੯੩੭ ਬਿ. । ਲਿਖਾਰੀ—ਲੇਖਕ ਖ਼ੁਦ ।

ਆਰੰਭ— ੧ਓ ਸਤਿਗੁਰੂ ਪ੍ਰਸਾਦਿ । ਸ੍ਰੀ ਅਕਾਲ ਪੁਰਖ ਜੀ ਸਹਾਯ । ਸ੍ਰੀ ਭਗਵਤੀ ਜੀ ਸਹਾਯ । ਸ੍ਰੀ ਵਾਹਗਰ ਜੀ ਕੀ ਫਤਹ ।
ਅਥ ਪ੍ਰੇਮ ਪ੍ਰਕਾਸ ਗ੍ਰੰਥ ਲਿਖ੍ਯਤੇ । ਬਾਲ ਖੰਡ ।
ਦੋਹਾ ॥ ਜਾ ਕੇ ਜਾਨੇ ਜਾਨਿਐ, ਬਿਨ ਜਾਨੇ ਅਨਜਾਨ ।
ਐਸੇ ਪ੍ਰੇਮ ਪ੍ਰਕਾਸ ਕੋ, ਸਦਾ ਹੋਇ ਕਲਜਾਨ ॥ ੧ ॥
ਪਦ ਸ੍ਰੀ ਰਾਗ । ੧ । ਸ੍ਰੀ ਗੁਰੁ ਚਰਣ ਕਮਲ ਕਰ ਬੰਦਨ ।
ਮਧੁਕਰ ਮਨ ਅਨਗਨ ਨਿੰਜ ਜਨ ਕੇ, ਤਿਨ ਕੇ ਹਿਤ ਚਿਤ ਫੰਦਨ ।
ਬਰਨੌ ਬਿਸਦ ਬੇਦਿ ਬਰ ਜੂ ਕੀ, ਗਾਥਾ ਗ੍ਰੰਥਿਤ ਛੰਦਨ ।
ਜਾ ਕੇ ਪਢਤ ਸੁਨਤ ਸੁਖ ਸੰਪਤ ਸਰਸਤ ਸੁਮਤਿ ਸੁਮੰਦਨ ।
ਜਾ ਮੈ ਦਸਹੁ ਗੁਰੁਨ ਕੀ ਗਾਥਾ, ਗੁਰੁ ਗੁਨਿ ਗੁਨਿ ਗੁਨਿ ਗਾਈ ।
ਹਰਿ ਸੁਮੇਰ ਯਹ ਪ੍ਰੇਮਨ ਕੇ ਹਿਤ, ਸਤਿਗੁਰੂ ਆਪ ਬਨਾਈ ॥... (ਪੱਤਰਾ ੧)

ਅੰਤ— ...ਕੁਆਰ ਸੁਦੀ ਸੁਭ ਚੌਥ ਤੇ, ਕਥਾ ਕਥਾ ਕਰੈ ਪ੍ਰਾਰੰਭ ।
ਇਕ ਮਨ ਬਕਤਾ ਪ੍ਰੇਮ ਕਰ, ਸ੍ਰੋਤਾ ਸੁਮਤਿ ਅਦੰਭ ॥
ਮਾਘ ਪੰਚਮੀ ਸੁਦਿ ਪਰਮ, ਪੂਰਨ ਪ੍ਰੇਮ ਪ੍ਰਕਾਸ ।
ਕਰੈ ਕਥਾ ਪੂਰਨ ਪਰਮ, ਪੂਰਨ ਪ੍ਰੇਮ ਪ੍ਰਕਾਸ਼ ॥
ਤਿਹ ਸਰੋਤਾ ਬਕਤਾਹਿ ਕੋ, ਬੇਦੀਬਰ ਭਗਵਾਨ ।
ਮਨ ਬਾਂਛਿਤ ਫਲ ਦੇਹਿੰਗੇ, ਨਿਜਨ ਜਿਮ ਅਨੁਮਾਨ ॥
ਅਥ ਗ੍ਰੰਥ ਸਮਾਪਤਿ ॥ ਛਪਯ ॥
ਸੰਮਤ ਸ੍ਰੀ ਗੁਰੁ ਦੇਵ, ਚਾਰ ਸਤ ਚਾਰ ਪਛਾਨੋ ।
ਮਕਰ ਮਾਸ ਸੁ ਬਸੰਤ, ਪੰਚਮੀ ਸੁਕਲ ਪ੍ਰਮਾਨੋ ।
ਉਨਿਸ ਸੈ ਸਤ ਤੀਸ, ਨ੍ਰਿਪਤਿ ਬਿਕ੍ਰਮ ਸੁਭ ਸੰਮਤ ।
ਮੰਗਲ ਕਰ ਗੁਰੁ-ਵਾਰ, ਗੁਰੂ ਯਸ ਸੁਭ ਮਤ ਸੰਮਤ ।
ਤਬ ਸਿੰਘ ਸੁਮੇਰ ਮਹਾਨਮਤ, ਬਾਬਾ ਸਾਧੂ ਸਿੰਘ ਸੁਤ ।
ਪ੍ਰੇਮ ਪ੍ਰਕਾਸ ਸੁ ਗ੍ਰੰਥ ਗੁਰੂ, ਲਿਖਿ ਪੂਰਨ ਕਿਅ ਮੁਕਤ ਮਤ ॥ ੧ ॥...

ਕੁਆਰ ਸੁਦੀ ੪ ਮਾਘ ਸੁਦੀ ੫, ਚਾਰ ਮਹੀਨੇ ਮੇ ਯਹ ਗ੍ਰੰਥ ਸਤਿਗੁਰੋਂ ਕੀ ਕ੍ਰਿਪਾ ਸੇ ਉਤਪੰਨ ਹੂਆ ।

(ਪੱਤਰੇ ੬੯-੭੦)

ਇਹ ਗ੍ਰੰਥ ਬਾਬਾ ਸੁਮੇਰ ਸਿੰਘ ਜੀ ਦੇ ਆਪਣੇ ਹੱਥਾਂ ਦਾ ਲਿਖਿਆ ਹੋਇਆ ਹੈ, ਜੋ ਅਜੇ ਤਕ ਕਿਤੇ ਛਪਿਆ ਨਹੀਂ ਜਿਸ ਕਰ ਕੇ ਦੁਰਲੱਭ ਹੈ ।

੧੧੩. **ਗੁਰ ਪਦ ਪ੍ਰੇਮ ਪ੍ਰਕਾਸ਼**(ਪੂਰਵਾਰਧ) (ਨੰ. ੨੪੩੦. ਸਿ. ਰੈ. ਲਾ.)

ਲੇਖਕ- ਬਾਬਾ ਸੁਮੇਰ ਸਿੰਘ, ਪਟਨੇ ਵਾਲੇ । ਆਕਾਰ 13″ × 9¼″, ਲਿਖਤ 9½″ × 6¾″ ।

ਵੇਰਵਾ—ਪੱਤਰੇ ਬਾਲਖੰਡ ੬੭, ਉਦਾਸੀਨ ਖੰਡ ੩੪, ਦਿਗਵਿਜਯ ਖੰਡ ੪੩, ਮਕੇ ਮਦੀਨੇ ਕੀ ਗੋਸ਼ਟਿ ਅਦ੍ਵੈਤ ਪ੍ਰਕਾਸ਼ ੬੭, ਸੁਮੇਰ ਯਾਤ੍ਰਾ ਆਦਿ ੫੬, ਕੁੱਲ ਜੋੜ ੨੯੬; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰ ਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਕਾਗਜ਼ ਕੁਝ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰੇ ਕਿਤੇਂ ਕਿਤੇਂ ਛੇਕਦਾਰ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੩੭ ਬਿ. । ਲਿਖਾਰੀ—ਨਾਮਾਲੂਮ ।

ਆਰੰਭ- ੧ਓ ਸਤਿਗੁਰ ਪ੍ਰਸਾਦਿ । ਸ੍ਰੀ ਕਲਗੀਧਰ ਜੀ ਸਹਾਯ । ਸ੍ਰੀ ਭਗੌਤੀ ਜੀ ਸਹਾਯ । ਅਬ ਪ੍ਰਾਨ ਪਤਿ ਪ੍ਰੀਤ ਪ੍ਰਕਾਸ ਪਸਾਰਿਕਾ ਛਪਯ ਛੰਦਾਵਲੀ ਮੱਧਜ ਬੇਦੀ ਬੰਸੋਤਮ ਸਹੰਸ੍ਰ ਨਾਮ ਲਿਖਯਤੇ ॥ ਛਪਯ ਛੰਦ ॥

ਸ੍ਰੀ ਗੁਰੂ ਨਾਨਕ ਕ੍ਰਿਪਾ ਧਾਰ, ਮੋ ਕਉ ਸੁਖ ਦੀਜੈ ।
ਸ੍ਰੀ ਕਾਲੂ ਕੇ ਲਾਲ, ਪ੍ਰੀਤ ਪਗ ਦੂਰ ਨ ਕੀਜੈ ।... (ਪੱਤਰਾ ੧)

ਅੰਤ— ...ਜੋ ਜਨ ਅਪਨੋ ਜਾਨ ਕੈ, ਸਿਖ੍ਯ ਅੰਸ ਪਹਿਚਾਨ ।
ਅਵਸ ਪ੍ਰੇਮ ਪਥ ਪਰਮ ਪ੍ਰਿਯ, ਦੈਹੈ ਦੁਖ ਦਰ ਹਾਨ ॥
ਸਾਖੀ ॥ ੫੦ ॥ ਇਤ ਸ੍ਰੀ ਪਰਮ ਪ੍ਰਮੋਦਕ ਮਹਿਮਾ ਮਹਾਨਯ ਬਰ ਮਾਨਨੀਯ ਮਹਿਮਾ ਮਹਾਨ ਸ੍ਰੀ ਯੁਤ ਗੁਰਪਦ ਪ੍ਰੇਮ ਪ੍ਰਕਾਸ ਪੁਰਾਨੇ ਦਿਗ ਬਿਜਯ ਖੰਡ ਪੂਰਬਾਰਧ ਸਮਾਪਤ ਸਚ ਖੰਡ ਸ੍ਰੀ ਗੁਰੂ ਅਕਾਲ ਪੁਰਖ ਦਰਸਨ ਨਾਮ ਪੰਚ ਦਸਮੀ ਪ੍ਰਾਂਤ: (ਪੱਤਰਾ ੫੬)

ਇਸ ਪੁਸਤਕ ਦਾ ਅਸਲ ਨਾਮ ਗੁਰੂ ਨਾਨਕ ਪਦ ਪ੍ਰੇਮ ਪ੍ਰਕਾਸ਼ ਹੈ ।

੧੧੪. (ੳ) **ਗੁਰੂ ਰਤਨਾਵਲੀ** (ਸ੍ਰੀ ਗੁਰੂ ਮਹਿਮਾ ਪ੍ਰਕਾਸ਼ ਸਮੇਤ) (ਨੰ. ੧੧੫੧, ਸਿ. ਰੈ. ਲਾ.)

ਲੇਖਕ— ਬਾਵਾ ਤੋਲਾ ਸਿੰਘ, ਭੱਲਾ । ਆਕਾਰ—9¼″ × 6¼″, ਲਿਖਤ 6¾″ × 4¾″ ।

ਵੇਰਵਾ— ਪੱਤਰੇ ਗੁਰੂ ਰਤਨਾਵਲੀ ੬੯, ਗੁਰੂ ਮਹਿਮਾ ਪ੍ਰਕਾਸ਼ (ਬਾਵਾ ਸਰੂਪ ਦਾਸ, ਭੱਲਾ) ੬੯-੭੭੮; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਰਚਨਾ: ਸੰਮਤ ੧੮੩੩ ਬਿ., ਲਿਖਤ: ਸੰਮਤ ੧੯੬੭ ਬਿ. । ਲਿਖਾਰੀ—ਭਾਈ ਬੁੱਧ ਸਿੰਘ, ਸ਼ਸ਼ਿਜ ਮ੍ਰਿਗਿੰਦ ।
ਸਥਾਨ—ਸ੍ਰੀ ਗੁਰੂ ਅੰਗਦ ਦੇਵ ਜੀ ਕਾ ਦੇਹੁਰਾ, ਖਡੂਰ ਸਾਹਿਬ ।

ਆਰੰਭ- ੧ਓ ਸਤਿਗੁਰ ਪ੍ਰਸਾਦਿ । ਅਬ ਗੁਰ ਰਤਨਾਵਲੀ ਸਾਖੀ ਮਹਲਾ ੧ । ਮੰਗਲਾਚਰਨ ॥ ਦੋਹਰਾ ॥
ਓਅੰ ਨਮੋ ਕਰਤਾਰ ਗੁਰ, ਨਿਰਗੁਨ ਸਰਗੁਨ ਰੂਪ ।
ਬ੍ਰਹਮ ਨਾਮ ਦਾਤਾ ਮੁਕਤੁ, ਸੁਰ ਨਰ ਮੁਨਿ ਜਪਿ ਭੂਪ ॥ ੧ ॥... (ਪੱਤਰਾ ੧)

ਅੰਤ— ...ਗੁਰੂ ਅਮਰ ਕੁਲ ਕੂਕਰੋ, ਤੋਲੈ ਕਹਿ ਦੀਓ ਨਾਮ ।
ਸਿੰਘ ਲੈ ਕਹਿ ਰਤਨਾਵਲੀ, ਗੁਰ ਬਹਿਤਾ ਉਰਿ ਧਾਮ ॥ ੭ ॥...
ਪੂਰਨਿ ਕੀਰਤਿ ਜਗਤ ਮੋ, ਪੂਰਨ ਪਰਮਾਨੰਦ ।
ਪੂਰਨਿ ਪਦ ਦਾਤਾਰ ਗੁਰ, ਗੁਰ ਨਾਨਕ ਨਮੋ ਗੁਬਿੰਦ ॥ ੧੦ ॥
ਹਰਿ ਹਰਿ ਜਨ ਦੋਊ ਏਕ ਹੈ, ਬਿਬਿ ਬਿਚਾਰ ਕਛੁ ਨਾਹਿ ।
ਜਲਿ ਤੇ ਉਪਜਿ ਤਰੰਗ ਜਿਵ, ਜਲ ਹੀ ਬਿਖੈ ਸਮਾਹਿ ॥ ੧੧ ॥

ਇਤਿ ਸ੍ਰੀ ਗੁਰ ਰਤਨਾਵਲੀ ਦਸ ਗੁਰ ਉਸਤਤਿ ਸੰਪੂਰਨ ਸੁਭਮਸਤੁ ।

ਵਾਹਗੁਰੂ ਮੁਖ ਕਰੋ ਉਚਾਰ । ਹੋਇ ਦਿਆਲ ਕਰ ਲਏ ਉਧਾਰ ॥ ੧ ॥ (ਪੱਤਰਾ ੬੯)

(ਅ) **ਗੁਰ ਮਹਿਮਾ ਪ੍ਰਕਾਸ਼** (ਬਾਵਾ ਸਰੂਪ ਦਾਸ, ਭੱਲਾ)

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਦੋਹਰਾ ॥

ਸਤਿਗੁਰ ਪ੍ਰਕਾਸ ਸਾਖੀ ਜਨਮ, ਜਗੁ ਗਾਵਤ ਨਿਤ ਨੀਤ ।

ਮਹਿਮਾ ਪ੍ਰਕਾਸ ਤਿਹ ਨਾਮ ਧਰਿ, ਲਿਖ ਪੋਥੀ ਕੀਨੀ ਮੀਤ ॥ ੧ ॥... (ਪੱਤਰਾ ੬੯)

ਅੰਤ— ...ਉਹ ਰੁਪਯੇ ਉਸ ਸਿਖ ਕੋ ਪਹੁਚਾਇਕੇ ਆਪ (ਬਾਵਾ ਕਾਨ੍ਹ ਸਿੰਘ) ਸ੍ਰੀ ਅੰਮ੍ਰਿਤਸਰ ਨੋ ਚਲੇ, ਰਾਹ ਮੇ ਪਾਤਿਸਾਹੀ ਖਜਾਨਾ ਕਢ ਜਾਤਾ ਮਿਲਾ । ਉਸ ਕੋ ਲੂਟਤੇ ਹੁਏ ਜਾਇ ਸ੍ਰੀ ਅੰਮ੍ਰਿਤਸਰ ਪਹੁਚੇ । ਸਾਖੀ ਪੂਰਨ ਹੋਈ । ਆਗੇ ਬੰਦੇ ਕੀ ਕਥਾ ਸੰਛੇਪ ਕਹੀ ਜੋ ਸੁਨੀ ।

...ਸ੍ਰੀ ਵਾਹਗੁਰੂ ਮੁਖ ਕਹੋ ਉਚਾਰ । ਹੋਇ ਦਿਆਲ ਕਰ ਲਏ ਉਧਾਰ ॥

ਦੋਹਰਾ ॥ ਵਾਰ ਨਾਥ ਵਸੁ ਸੋਮ ਪੁਨਿ, ਸੰਮਤ ਬਿਕ੍ਰਮ ਰਾਇ ।

ਦਸਮੀ ਬਿਜੈ ਪ੍ਰਸਿੱਧ ਦਿਨ, ਭੌਮਵਾਰ ਸੁਖਦਾਇ ॥ ੧ ॥

ਦਸੌ ਮਹਲ ਕੀ ਜੋ ਕਥਾ, ਸਾਖੀ ਕਹੀ ਬਖਾਨ ।

ਲੇਖਕ ਸਸਿਜ ਮ੍ਰਿਗਿੰਦ ਹੈ, ਭੂਲ ਚੂਕ ਬਖਸਾਨ ॥ ੨ ॥

ਪੋਥੀ ਜਨਮ ਸਾਖੀ ਕੀ ਸੰਪੂਰਨੰਮਸਤੁ ਸੁਭਮਸਤੁ ।

ਦੋ ॥ ਗੁਰ ਅੰਗਤ ਕੇ ਦੇਹੁਰੇ, ਪੋਥੀ ਲਿਖੀ ਸੁਧਾਰ ।

ਪਠੇ ਸੁਨੈ ਚਿਤੁ ਲਾਇ ਕੈ, ਪਾਵੈਂ ਮੁਕਤ ਦੁਆਰ ॥ (ਪੱਤਰਾ ੭੭੮)

੧੧੫. **ਸ੍ਰੀ ਗੁਰੂ ਮਹਿਮਾ ਪ੍ਰਕਾਸ਼** (ਨੰ. ੨੩੦੦, ਖ਼ਾ. ਕਾ. ਅ.)

ਲੇਖਕ— ਬਾਬਾ ਸਰੂਪ ਦਾਸ, ਭੱਲਾ । ਆਕਾਰ— 14″×9″, ਲਿਖਤ $10\frac{1}{2}$″×6″ ।

ਵੇਰਵਾ— ਪੱਤਰੇ ੩੫੯; ਇਸ ਤੋਂ ਅੱਗੇ ਇਕੋ ਜਿਲਦ ਵਿਚ ਪੰਜ ਪੁਸਤਕਾਂ ਹੋਰ ਹਨ : ਜਫਰਨਾਮਾ ੩੫੯-੮੨, ਟੀਕਾ ਵਾਰਾਂ ਗਜਾਨ ਰਤਨਾਵਲੀ (ਜਨਮ ਸਾਖੀ ਗੁਰੂ ਨਾਨਕ ਕ੍ਰਿਤ ਭਾਈ ਮਨੀ ਸਿੰਘ) ਪੱਤਰੇ ੨੪੭, ਸਿੱਖਾਂ ਦੀ ਭਗਤ ਮਾਲਾ ਪੱਤਰੇ ੨੫੧-੩੩੩, ਪਰਚੀਆਂ ਪਾਤਸ਼ਾਹੀ ੧੦ ਪੱਤਰੇ ੩੩੩-੭੭ ਤੇ ਤਨਖ਼ਾਹ ਨਾਮਾ ਭਾਈ ਪ੍ਰਹਿਲਾਦ ਸਿੰਘ ਪੱਤਰੇ ੩੭੭-੭੮; ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ, ਅੰਕ ਤੇ ਕੁਝ ਵਿਸ਼੍ਰਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਹਰਤਰਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ; ਮੁੱਢਲੇ ਦੋ ਵਰਕੇ ਸੁੰਦਰ ਰੰਗੀਨ ਬੇਲ-ਬੂਟਿਆਂ ਵਾਲੇ ਤੇ ਪਹਿਲਾ ਵਰਕਾ ਗੁਰ ਰਤਨਾਵਲੀ ਦਾ, ਜੋ ਗੁਰ ਮਹਿਮਾ ਪ੍ਰਕਾਸ਼ ਤੋਂ ਵੱਖਰੀ ਪੁਸਤਕ ਹੈ ।

ਸਮਾਂ— ਸੰਮਤ ੧੮੯੧ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਦੋਹਰਾ ॥

ਸਤਿਗੁਰ ਪ੍ਰਕਾਸ ਸਾਖੀ ਜਨਮ, ਜਗੁ ਗਾਵਤ ਨਿਤ ਨੀਤ ।

ਮਹਿਮਾ ਪ੍ਰਕਾਸ ਤਹ ਨਾਮ ਧਰ, ਲਿਖ ਪੋਥੀ ਕੀਨੀ ਮੀਤ ॥ ੧ ॥... (ਪੱਤਰਾ ੧)

ਅੰਤ— ...ਏਹ ਸਾਖੀ ਬੰਦੇ ਕੀ ਸੰਛੇਪ ਕਹੀ, ਜੋ ਸੁਨੀ । ਸ੍ਰੀ ਵਾਹਿਗੁਰੂ ਮੁਖ, ਕਹੋ ਉਚਾਰ । ਹੋਇ ਦਿਆਲ ਕਰ ਲਏ ਉਧਾਰ ॥

ਏਹੁ ਸਾਖੀ ਦਸਾਂ ਪਾਤਸਾਹੀਆਂ ਕੀ ਅਰ ਬੰਦੇ ਦੀ ਸੰਪੂਰਨ ਹੋਈ । (ਪੱਤਰਾ ੩੫੭)

ਉਸਤਤਿ ਗੁਰੂ ਜੀ ਕੀ ਬਾਬੇ ਦਲ ਸਿੰਘ ਅਜਮੜ ਬਾਸੀ ਨੇ ਕਰੀ ।...

ਚਾਰ ਮੁਖ ਪਾਂਚ ਮੁਖ ਹਾਰ ਕੈ ਹਜਾਰ ਮੁਖ, ਉਪਮਾ ਕਹੀ ਨ ਜਾਤਿ ਗੁਰੂ ਨਾਨਕ ਚਰਨ ਕੀ ॥੩॥

(ਪੱਤਰੇ ੩੫੮-੫੯)

੧੧੬. (ੳ) **ਮੁੰਤਖ਼ਿਬ ਸਾਖੀ ਮਹਿਮਾ ਪ੍ਰਕਾਸ਼** (ਅਧੂਰਾ) (ਨੰ. ੭੯੨, ਪੰ. ਆ.)

ਲੇਖਕ— ਬਾਬਾ ਸਰੂਪ ਦਾਸ, ਭੱਲਾ । ਆਕਾਰ—6″× $9\frac{1}{2}$″, ਲਿਖਤ $4\frac{1}{4}$″× 8″ ।

ਵੇਰਵਾ— ਪੱਤਰੇ ੩੫੯-੭੫੩; ਪ੍ਰਤੀ ਸਫ਼ਾ ੧੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਜੋ ਕਈ ਹੱਥਾਂ ਦੀ ਲਿਖੀ ਹੋਈ

ਹੈ; ਹਾਸ਼ੀਆ ਪੱਤਰਾ ੫੨੦ ਤਕ ਲਾਲ ਲਕੀਰਾਂ ਵਾਲਾ ਤੇ ਬਾਕੀ ਅੱਗੇ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਦੇ ਮੁੱਢਲੇ ਪੱਤਰੇ ਉਤੇ ਜੀਂਦ ਸਟੇਟ ਪਬਲਿਕ ਲਾਇਬ੍ਰੇਰੀ ਸੰਗਰੂਰ ਦੀ ਮੁਹਰ ਅੰਗ੍ਰੇਜ਼ੀ ਵਿਚ, ਜਿਸ ਤੋਂ ਪਤਾ ਲਗਦਾ ਹੈ ਕਿ ਇਹ ਪੁਸਤਕ ਸੰਗਰੂਰ ਦੀ ਰਿਆਸਤੀ ਲਾਇਬ੍ਰੇਰੀ ਵਿਚੋਂ ਏਥੇ ਆਈ ਹੈ। ਸ਼ਾਇਦ ਇਸ ਆਵਾਜਾਈ ਦੇ ਕਾਰਣ ਇਸ ਦਾ ਪਹਿਲਾ ਭਾਗ (ਪੱਤਰਾ ੩੫੮ ਤਕ) ਉਥੇ ਹੀ ਕਿਧਰੇ ਰਹਿ ਗਇਆ ਹੋਵੇ। ਪੁਸਤਕ ਵੈਸੇ ਅੱਛੀ ਹਾਲਤ ਵਿਚ ਹੈ। ਬਚਿਤ੍ਰ ਨਾਟਕ ਪਾਤਸ਼ਾਹੀ ੧੦ ਤੇ ਕੁਝ ਫੁਟਕਲ ਸਾਖੀਆਂ ਵੀ ਇਸ ਜਿਲਦ ਵਚ ਸ਼ਾਮਲ ਹਨ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ—ੴ ਸਤਿਗੁਰ ਪ੍ਰਸਾਦਿ। ਆਗੇ ਮਹਿਮਾ ਮਹਲੇ ਤੀਜੇ ਕੀ ਨਿਰੂਪਨ ਹੋਇਗੀ॥ ਸੋਰਠਾ॥
ਪ੍ਰਭੁ ਸਤਿਗੁਰ ਕਿਰਪਾ ਧਾਰਿ, ਕਰਿ ਪ੍ਰਕਾਸਤਿ ਜੋ ਜਗਤਿ।
ਲੀਲਾ ਰਚੀ ਅਪਾਰਿ, ਅਨਿਕ ਰੂਪ ਹਰਿ ਭਗਤ ਧਰਿ॥੧॥ (ਪੱਤਰਾ ੩੫੯)

ਅੰਤ— ...ਫਿਰਿ ਗੁਰੂ ਜੀ ਸਾਹਿਬ ਸ੍ਰੀ ਮੁਖਿ ਬਚਨੁ ਕੀਆ ਕਿ, "ਜੋ ਕੋਈ ਕਿਸੀ ਕੋ ਕਹੈ ਕਿ ਜਨੇਊ ਉਤਾਰ, ਉਸ ਸੇ ਤਨਖਾਹ ਲੇਨਾ ਪਚੀਸ ਰੁਪਈਯੇ ਅਰ ਪਚੀਸ ਕੋਰੜੇ ਮਾਰਨੇ, ਅਰ ਜੋ ਕੋਈ ਕਹੈ ਕਿ ਜਨੇਊ ਪਾਉ, ਉਸ ਕੋ ਭੀ ਪਚੀਸ ਚਾਬੁਕ ਮਾਰਨੇ, ਪਚੀਸ ਰੁਪਈਯੇ ਤਨਖਾਹ ਲੇਨਾ। ਸਿਖ ਕੀ ਖੁਸੀ, ਜੋ ਚਾਹੈ ਰਖੈ ਜਿ ਚਾਹੈ ਲਾਹੈ। ਸਾਖੀ ਪੂਰੀ ਹੋਈ॥੨੨੭॥
ਸ੍ਰੀ ਵਾਹਿਗੁਰੂ ਮੁਖ ਕਰੋ ਉਚਾਰ। ਹੋਇ ਦਇਆਲ ਕਰ ਲਏ ਉਧਾਰ। (ਪੱਤਰਾ ੬੮੦)
ਇਸ ਤੋਂ ਅੱਗੇ ਪੱਤਰਾ ੭੧੭ ਤਕ ਦਸ਼ਮ ਗ੍ਰੰਥ ਵਿਚੋਂ ਬਚਿਤ੍ਰ ਨਾਟਕ (੧੪ ਅਧਿਆਇ) ਤੇ ਫੇਰ ਪੱਤਰਾ ੭੪੦ ਤਕ ਮੁੰਤਖ਼ਿਬ ਸਾਖੀ ਮਹਿਮਾ ਪ੍ਰਕਾਸ਼ ਵਿਚੋਂ ਹੀ ਬਾਕੀ ਰਹਿੰਦੀਆਂ ਸਾਖੀਆਂ ਦਿੱਤੀਆਂ ਹਨ।

(ਅ) ਸ਼੍ਰੀ ਰਾਮ ਚਰਿਤ੍ਰ

ਆਰੰਭ— ੴ ਸਤਿਗੁਰ ਪ੍ਰਸਾਦਿ। ਸ੍ਰੀ ਰਾਮ ਚਰਿਤ੍ਰ ਲਿਖਤੇ।
ਹਰਿ ਭਗਤਿ ਹੇਤਿ ਆਨੰਦ ਕੰਦ। ਧਰ ਮਨੁਜ ਰੂਪ ਲੀਏ ਅਨੁਜ ਸੰਗ।
ਮਖ ਮੁਨਿਨ ਹੇਤ ਕੀਨਾ ਵਿਚਾਰ। ਤਾੜਕਾ ਸੁਬਾਹੁ ਹਤ ਕੀਆ ਉਧਾਰ॥੧॥ (ਪੱਤਰਾ ੭੪੦)

ਅੰਤ— ...ਮਮ ਹੀਏ ਸਦ ਰਹੈ ਰਾਮ ਰਾਜ। ਸਦਾ ਸਬਦ ਅਨਾਹਦ ਤੋਰ ਬਾਜ।
ਪ੍ਰਭ ਧਾਰ ਕ੍ਰਿਪਾ ਕਰੋ ਕਾਜ ਸਰਸ। ਨਿਜ ਰੂਪ ਗੁਪਾਲ ਪ੍ਰਭ ਰਿਦੇ ਦਰਸ॥
ਇਤਿ ਸ੍ਰੀ ਰਾਮਚੰਦ੍ਰ ਚਲਿਤ੍ਰ ਸੰਪੂਰਨੰ। (ਪੱਤਰਾ ੭੫੧)

(ੲ) ਫ਼ਤੇ ਨਾਮਾ ਸਤਿਗੁਰੂ ਜੀ ਕੇ ਪੰਥ ਕਾ

ਆਰੰਭ— ੴ ਸਤਿਗੁਰ ਪ੍ਰਸਾਦਿ। ਫਤੇ ਨਾਮਾ ਸਤਿਗੁਰੂ ਜੀ ਕੇ ਪੰਥ ਕਾ। ਸੰਮਤ ਅਠਾਰਹ ਸੈ ਤਿਰਪਨ ਮਾਘ ਸੁਦੀ॥੫॥ ਪੰਚਮੀ ਕੋ ਕਹਾ। ਗੁਰੂ ਅਮਰ ਜੀ ਕੀ ਅਉਲਾਦ, ਬੇਟਾ ਸ੍ਰੀ ਬਾਬਾ ਸਰੂਪ ਚੰਦ ਜੀ ਕਾ ਕ੍ਰਿਪਾ ਦਇਆਲ ਨਾਮੇ ਤਖਲੁਸ ਦਾਸ। ਸਿਖਾਂ ਕੀ ਮਦਤ ਸਤਿਗੁਰੂ ਆਪ ਹੈ।... (ਪੱਤਰਾ ੭੫੨)

ਅੰਤ— ...ਹਮਾਰਾ ਗੁਰੂ ਕਲਗੀਵਾਲਾ ਹੈ ਜੀ। ਬਦਰਗਾਹ ਸਾਹਿਬ ਕੇ ਆਲਾ ਹੈ ਜੀ। (ਪੱਤਰਾ ੭੫੩)
ਇਸ ਤੋਂ ਅੱਗੇ ਦੋ ਛੰਦਾਂ ਤੋਂ ਬਾਦ ਗੋਬਿੰਦ ਗੀਤ ਦਰਜ ਹੈ।

(ਸ) ਗੋਬਿੰਦ ਗੀਤ

ਆਰੰਭ— ੴ ਸਤਿਗੁਰ ਪ੍ਰਸਾਦਿ। ਗੋਬਿੰਦ ਗੀਤ॥ ਅਸਟਪਦੀ॥
ਨ੍ਰਿਦੈ ਨਿਸੰਕ ਜਨੰ ਕਲਿ ਕੁਤਸਿਤ ਪਾਲੰ।... (ਪੱਤਰਾ ੭੫੩)

ਅੰਤ— ...ਦਾਸਨ ਸ੍ਰੀ ਗੋਬਿੰਦ ਅਖਿਲ ਗੁਰ ਰਾਜੰ।
ਨਾਨਕ ਕ੍ਰਿਤ ਦਸ ਬਰ ਰੂਪ ਸਤਿਗੁਰ ਦੇਵ ਭਏ॥੧੦॥ (ਪੱਤਰਾ ੭੫੩)

੧੧੭. ਗੁਰੂ ਅਮਰ ਦਾਸ ਜੀ ਦੀਆਂ ਗੋਸ਼ਟਾਂ (ਨੰ. ੫੭, ਪ੍ਰੋ. ਪ੍ਰੀ. ਸਿੰ.)

ਲੇਖਕ—ਸੋਢੀ ਮਿਹਰਵਾਨ। ਆਕਾਰ—6½" × 4¼", ਲਿਖਤ—5" × 3¼"।

ਵੇਰਵਾ—ਪੱਤਰੇ ੩੫ ਤੋਂ ੪੨੫ ਤਕ; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਮੁੱਢਲੇ ੩੪ ਪੱਤਰੇ, ਪੱਤਰਾ ੩੮ ਤੋਂ ਅੱਗੇ ੩੯-੪੦ ਅੰਕ ਵਾਲੇ ਪੱਤਰੇ ਅਤੇ ਅੰਤ ਵਿਚ ੪੨੫ ਤੋਂ ਅਗਲੇ

ਪੱਤਰੇ ਗੁੰਮ ਹੋਣ ਕਰ ਕੇ ਪੁਸਤਕ ਅਧੂਰੀ ਹੈ; ਅੰਤਲੇ ਕੁੱਝ ਪੱਤਰੇ ਕਿਰਮ ਖ਼ੁਰਦਾ ਹੋਣ ਕਰ ਕੇ ਫਟੇ ਹੋਏ; ਬਾਕੀ ਪੁਸਤਕ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ । ਲਿਖਾਰੀ— ਨਾਮਾਲੂਮ ।

ਆਰੰਭ— ... ... ਰਾਮੁ ।

ਜਮਕਾਲ ਪੋਹਿ ਨ ਸਕਈ, ਪਾਵੈ ਠਾਕੁਰ ਧਾਮੁ ।

ਨਾਨਕ ਦਾਸ ਕੀ ਬੇਨਤੀ, ਦੀਜੈ ਭਗਤਿ ਇਨਾਮੁ ॥

ਬੋਲਹੁ ਵਾਹਿਗੁਰੁ, ਧੰਨ ਗੁਰੂ, ਸਤਿਗੁਰੂ ॥੨॥

ੴ ਸਤਿਗੁਰ ਪ੍ਰਸਾਦਿ । ਗੋਸਟਿ ਗੁਰੂ ਅਮਰਦਾਸੁ ਜੀ ਕੀ । ਏਕ ਦਿਨਿ ਗੁਰੂ ਅਮਰਦਾਸੁ ਨਗਰਿ ਗੋਇੰਦਿਵਾਲਿ ਬੈਠਾ ਥਾ । ਇਕੁ ਦਰਵੇਸੁ ਮਾਂਗਾ ਮੰਗਦਾ ਮਹਲਿਅਹੁ ਮਹਲਿਅਹੁ ਹਥਿ ਲਇਐ ਰਬਾਨੈ ਨਾਲੇ ਗਾਵੈ, ਨਾਲੇ ਖੈਰੁ ਮੰਗੈ । ਮੰਗਦਾ ਮੰਗਦਾ ਗੁਰੂ ਦੇ ਦਰਬਾਰਿ ਆਇ ਖੜਾ ਹੋਇਆ, ਲਾਗਾ ਗਾਵਣੈ । (ਪੱਤਰਾ ੩੫)

ਸਲੋਕੁ ॥ ਜਿ ਬੰਧਨ ਤੋੜਿ ਮੁਕਤੇ ਭਏ, ਹਰਿ ਧਨੁ ਖਟਹਿ ਖਾਹਿ ।

ਪਰ ਉਪਕਾਰੀ ਦਇਆਵੰਤ, ਤੇ ਵਿਰਲੇ ਜਗ ਮਾਹਿ ।

ਨਾਨਕ ਦਾਸ ਗੁਰ ਮਿਲਿ ਜਪਹਿ, ਤਿਨ ਕੀ ਕੀਮਤਿ ਨਾਹਿ ॥੧।

ਬੋਲਹੁ ਸੰਗਤਿ ਵਾਹਗੁਰੂ, ਵਾਹਗੁਰੂ, ਧੰਨ ਗੁਰੁ, ਸਤਿਗੁਰੂ ॥੩॥ (ਪੱਤਰਾ ੬੭)

ਅੰਤ— (੩੯ਵੀਂ ਸਾਖੀ ਦੇ ਅੰਤ ਵਿਚ)

ਆਨੰਦ ਸੋਹਿਲਾ ਕੀਰਤਨੁ ਗਾਵਹੁ ਸਿਖ ਸਭੇ ।

ਨਾਨਕਿ ਦਾਸਿ ਹਰਿ ਪੁੰਨ ਕਮਾਇਆ, ਕਿਰਪਾ ਕਰੀ ਪ੍ਰਭੇ ॥੧॥

ਬੋਲਹੁ ਵਾਹਿਗੁਰੂ, ਧੰਨ ਗੁਰੂ, ਸਤਿਗੁਰੂ, ਗੁਰੂ ਗੁਰੂ ।...... ॥੩੯॥

ੴ ਸਤਿਗੁਰ ਪ੍ਰਸਾਦਿ । ਵਾਰ ਰਾਮਕਲੀ ਕੀ । ਗੋਸਟਿ ਗੁਰੂ ਅਮਰ ਦਾਸ ਜੀ ਕੀ । ਏਕ ਦਿਨਿ ਗੁਰੂ ਅਮਰ ਦਾਸੁ ਨਗਰ ਗੋਇੰਦਵਾਲਿ ਬੈਠਾ ਥਾ । ਅਰੁ ਸ੍ਰੀ ਪਾਰ ਬ੍ਰਹਮ ਜੀ ਕਹਿਆ ਜਿ, "ਜਾਇ ਕਰਿ ਉਹੁ ਜਿ ਅਮਰ ਦਾਸ ਹੈ ਤਿਸ ਕਉ ਮੇਰੇ ਪਾਸਿ ਲੇ ਆਵਹੁ ।" ਤਬ ਪਾਰਬ੍ਰਹਮ ਕੇ ਲੋਕ ਗੁਰੂ ਅਮਰ ਦਾਸ ਕਉ ਆਇ ਕਰਿ ਲੇ ਗਏ ਉਹਾ ਪਾਰ ਬ੍ਰਹਮ ਕੈ ਪਾਸਿ ।... (ਪੱਤਰਾ ੪੦੧)

ਯਾ ਮੇਰੇ ਸਾਹਿਬਾ ! ਹੋਰੁ ਤੇਰਾ ਚਲਿਤੁ ਕਿਆ ਵਖਾਨਾ । ਜਿ ਕੋਈ ਤੇਰਾ ਨਾਮੁ ਲੇਤਾ ਹੈ ਗੁਰਮੁਖਿ ਹੋਇ ਕਰਿ ਸੋ ਮੁਕਤਿ ਖੇਤ ਪਾਵਤਾ ਹੈ, ਸਰਬ ਸੁਖੁ ਫਲ ਪਾਵਤਾ ਹੈ । ਤੇਰੇ ਨਾਮ ਲੀਏ ਮਹਿ ਏਹ ਵਡਿਆਈ ਹੈ । ਹੋਰੁ ਤੇਰਾ ਮਹਾਤਮੁ ਕਿ... (ਪੱਤਰਾ ੪੨੫)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ । ਸੋਢੀ ਮਿਹਰਵਾਨ ਦੀ ਇਸ ਪੁਸਤਕ ਦਾ ਲਿਖਣ-ਢੰਗ ਸ਼ਬਦਾਂ ਤੇ ਵਾਕਾਂ ਦੀ ਬਣਤਰ ਦੇ ਨੁਕਤਾ ਨਿਗਾਹ ਤੋਂ ਉਸ ਦੀ "ਆਦਿ ਰਾਮਾਇਣ", "ਸਿੰਘਾਸਨ ਬਤੀਸੀ" ਆਦਿ ਪੁਸਤਕਾਂ ਨਾਲ ਹੂਬਹੂ ਮਿਲਦਾ ਹੈ ਤੇ ਨਾਲ ਹੀ ਹਰੇਕ ਸਾਖੀ ਦੇ ਅੰਤ ਵਿਚ ਉਸ ਦਾ ਨਿਚੋੜ ਵੀ ਲੇਖਕ ਨੇ ਉਪਰੋਕਤ ਪੁਸਤਕਾਂ ਵਾਂਗੂ ਹੀ ਬਾਕਾਇਦਗੀ ਨਾਲ ਇਕ ਇਕ ਸ਼ਲੋਕ ਲਿਖ ਕੇ ਦਿੱਤਾ ਹੈ ।

੧੧੮. ਗੁਰਸਿੱਖ ਪ੍ਰੀਤੀ ਜੀਵਨ (ਨੰ. ੨੩੦, ਭਾ. ਵਿ.)

ਲੇਖਕ— ਨਾਮਾਲੂਮ । ਆਕਾਰ— 8" × 6½", ਲਿਖਤ 7" × 5¼" ।

ਵੇਰਵਾ— ਪੱਤਰੇ ੮੮; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਵਿਲਾਇਤੀ ਕਾਪੀਆਂ ਵਾਲਾ (ਰੂਲਦਾਰ); ਲਿਖਤ ਨੀਲੀ ਸਿਆਹੀ ਤੇ ਪੈਨਸਿਲ ਦੀ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ ।

ਸਮਾਂ— ਲਿਖਤ ਬਹੁਤੀ ਪੁਰਾਣੀ ਨਹੀਂ । ਲਿਖਾਰੀ— ਨਾਮਾਲੂਮ ।

ਆਰੰਭ— ਗੁਰ ਸਿਖ ਪ੍ਰੀਤੀ ਜੀਵਨ ਨਾਮ ਗ੍ਰੰਥ । ਅਗੇ ਸਾਖੀ ਦਾਦੂ ਨੂੰ ਮਿਲਣ ਦੀ ਚਲੀ । ਚੰਦ ਵਾਚ ॥ ਚੌਪਈ ॥
ਸੁਨੋਂ ਸੰਤ ਜੀ ਕਥਾ ਮੁਛੰਦ । ਜਿਸ ਸੁਣ ਉਪਜੇ ਅਧਿਕ ਅਨੰਦ ।... (ਪੱਤਰਾ ੧)

ਅੰਤ— ... ਸੁਣ ਖੁਟਾ ਭਾ ਚਿੰਤਾਵਾਨ । ਭਾਵੀ ਪ੍ਰਭੂ ਕੀ ਅਤਿ ਬਲਵਾਨ ।
ਕ੍ਰਿਤ ਕਰਮ ਕਾ ਫਲ ਪਾ ਕਰ ਕੇ । ਅਸਟਮ ਦਿਨ ਗਾ ਜਮਪੁਰ ਚਰ ਕੇ ।

ਇਹ ਕੌਤਕ ਪਿਖ ਕਰ ਸਭ ਲੋਗ । ਨਿਸਚਾ ਅਧਿਕ ਧਰਤ ਭੇ ਜੋਗ ।

ਇਤਿ ਸ੍ਰੀ ਗੁਰ ਸਿਖ ਪ੍ਰੀਤੀ ਜੀਵਨ ਖਾਨ ਰਾਜਾਦੇ ਬੇਈਮਾਨ ਹੋ ਕਰ ਦਾਦੂ ਕੋ ਜਿਮੀ ਤੇ ਜਵਾਬ ਦੇਣਾ, ਦਾਦੂ ਨੇ ਸੰਗੀਆ ਦੇ ਕਹਣੇ ਤੇ ਅਕਬਰ ਪਾਸ ਅਰਜੀ ਕਰਨੀ ਤੇ ਜਵਾਬ ਲੈਣਾ ਤੇ ਢੋਟੀ ਪਤਾ ਲਗਣਾ ਤੇ ਸੰਗਤ ਨਾਲ ਮਸਲਤਿ ਕਰ ਮਲੇ ਨੇ ਦਾਦੂ ਆਪਣੇ ਨਗਰ ਖੜਨਾ ਤੇ ਦਾਦੂ ਦੇ ਪੁਤ੍ਰ ਧੰਗਾਈ ਦਾ ਮਰਨਾ ਦੁੱਧ ਨਾਲ ਸੜ ਕਰ, ਦਾਦੂ ਦਾ ਢੋਟੀਆ ਆਵਨਾ ਤੇ ਰਾਜੇ ਰਾਮ ਡੇਰਾ ਲਾਵਨਾ । ਇਤਿ ਬੂਟੇ ਜਮੀਦਾਰ ਦੀ ਈਰਖਾ ਆਦਿਕ ਬਰਨਨੰ ਨਾਮ ਬਤੀਸਮੋ ਅਧਿਆ ॥ ੩੨ ॥ (ਪੱਤਰਾ ੮੨)

... ਤਾਬਾ ਜਗਾ ਪੰਜੇ ਚੀਨ । ਢੋਟਨਿ ਕੋ ਸੁ ਰਵਨਾ ਕੀਨ ।

ਰਾਜੇ ਰਾਮ ਦਾਦੂ ਕੇ ਪਾਸ । ਚਰਨ ਬੰਦ ਕੀਨੀ ਅਰਦਾਸ ॥ (ਪੱਤਰਾ ੮੮)

ਇਸ ਤੋਂ ਅੱਗੇ ਇਸ ਪੁਸਤਕ ਦੇ ਪੱਤਰੇ ਨਹੀਂ ਹਨ, ਜਿਸ ਕਰ ਕੇ ਇਹ ਲਿਖਤ ਅਧੂਰੀ ਹੈ ।

੧੧੯. ਬਹਿਲੋ ਭਗਤ ਦੀ ਕਥਾ (ਨੰ. ×, ਡਾ. ਗੰ. ਸਿੰ.)

ਲੇਖਕ— ਭਾਈ ਪੰਜਾਬ ਸਿੰਘ, ਬਹਿਲੋ ਕਾ । ਆਕਾਰ $5\frac{1}{2}'' \times 8\frac{1}{2}''$, ਲਿਖਤ $4\frac{3}{4}'' \times 7\frac{1}{2}''$ ।

ਵੇਰਵਾ— ਪੱਤਰੇ ੮; ਪ੍ਰਤੀ ਸਫ਼ਾ ੨੦ ਸਤਰਾਂ; ਕਾਗਜ਼ ਦੇਸੀ (ਮੋਟਾ) ਬਹੀਆਂ ਵਾਲਾ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਲਿਖਤ ਸਾਫ਼, ਪਰ ਕਈ ਥਾਵੀਂ ਕੁਝ ਅਸ਼ੁੱਧ ਹੋਣ ਕਰ ਕੇ ਦੋਬਾਰਾ ਕਲਮ ਜਾਂ ਹੜਤਾਲ ਫੇਰ ਕੇ ਦਰੁਸਤ ਕੀਤੀ ਹੋਈ; ਪੁਸਤਕ ਬਗ਼ੈਰ ਜਿਲਦ, ਜੋ ਸਾਧਾਰਣ ਹਾਲਤ ਵਿਚ ਹੈ ।

ਸਮਾਂ— ੧੯ ਵੀਂ ਸਦੀ ਬਿ. । ਲਿਖਾਰੀ— ਭਾਈ ਪ੍ਰਤਾਪ ਸਿੰਘ, ਖ਼ੁਦ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਬਹਲੋ ਭਗਤ ਕੀ ਕਥਾ ॥ ਸਲੋਕ ॥

ਏਕ ਸਮੈ ਗੁਰੁ ਅਰਜਨ ਬੈਠੇ, ਤਰਨ ਤਾਰਨ ਸਰ ਕੰਠੇ ।

ਸਤਿਗੁਰੁ ਸਾਚੇ ਬਚਨੁ ਉਚਾਰੇ, ਸੁਣਤ ਸਿਖ ਚਹੁੰਕੂੰਟੇ ॥ ੧ ॥

ਅੰਮ੍ਰਿਤਸਰ ਕਾ ਤਾਲ ਸਾਜੀਐ, ਪਕਾ ਕਰੋ ਪਜਾਰੇ !

ਸਿਖ ਪ੍ਰੇਮੀ ਜੋ ਕੋ ਹੋਵੈ ਸੋ ਸਭ ਲਓ ਹਕਾਰੇ ॥ ੨ ॥ (ਪੱਤਰਾ ੧)

ਅੰਤ— ...ਸੋਢੀ ਰਾਮ ਦਾਸ ਸੁਤ ਰੂਪ ਧਰੋ ਹੌ, ਅਰਜਨ ਮੇਰੋ ਨਾਮਾ ।

ਬਹਿਲੋ ਤੇਰੋ ਨਾਮ ਹੋਇਗੋ, ਤਬ ਤੁਧ ਦੇਊ ਗਿਆਨਾ ॥

ਪਉੜੀ ।... (ਪੱਤਰਾ ੮)

ਇਸ ਤੋਂ ਅਗਲੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਕਥਾ ਦਾ ਨਹੀਂ ਮਿਲਦਾ ।

੧੨੦. (ੳ) ਪਰਚੀ ਹਿੰਦਾਲ ਕੀ (ਗੋਪੀ ਚੰਦ ਦੀ ਕਥਾ ਸਮੇਤ) (ਨੰ. ×, ਡਾ. ਗੰ. ਸਿੰ.)

ਲੇਖਕ— ਭਾਈ ਬਿਧੀ ਚੰਦ । ਆਕਾਰ— $11\frac{1}{2}'' \times 9''$, ਲਿਖਤ $8'' \times 7''$ ।

ਵੇਰਵਾ—ਪੱਤਰੇ ੨-੮੩ (੮੧)+ ੧੭=੯੮, ਗੋਪੀ ਚੰਦ ਦੀ ਕਥਾ ਪੱਤਰੇ ੨੮, ਕੁੱਲ ਪੱਤਰੇ ੧੨੬; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਦੇਸੀ; ਲਿਖਤ ਬੜੀ ਸਿੱਧੀ ਸਾਦੀ, ਜੋ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਕੁਝ ਪੱਤਰੇ ਜਿਵੇਂ ਕਿ ਉਪਰੋਕਤ ਵੇਰਵੇ ਤੋਂ ਪੱਤਾ ਲਗਦਾ ਹੈ, ਅੱਗੇ ਪਿੱਛੇ ਲੱਗੇ ਹੋਏ; ਜਿਲਦ ਸਿੱਧੀ ਸਾਦੀ; ਪਿਛਲੇ ਪੱਤਰਿਆਂ ਦੇ ਅੱਖਰ ਸਿਆਹੀ ਸਿੱਲ੍ਹੀ ਹੋਣ ਕਰ ਕੇ ਕੁਝ ਚਿੱਥਮਿੱਥ ਹੋਏ ਹੋਏ, ਜਿਸ ਕਰ ਕੇ ਸਾਫ਼ ਪੜ੍ਹੇ ਨਹੀਂ ਜਾਂਦੇ; ਆਖ਼ਰੀ ਦੋ ਤਿੰਨ ਪੱਤਰੇ ਸਿਆਹੀ ਚਿਪਕਣ ਕਰ ਕੇ ਕੁਝ ਫਟੇ ਹੋਏ ਤੇ ਸੁਰਾਖ਼ਦਾਰ; ਆਦਿ-ਅੰਤ ਦੇ ਪੱਤਰੇ ਗੁਮ, ਜਿਸ ਕਰ ਕੇ ਪੁਸਤਕ ਅਧੂਰੀ ਹੈ ।

ਸਮਾਂ— ਪੁਸਤਕ ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ । ਲਿਖਾਰੀ—ਲੇਖਕ ਖ਼ੁਦ ।

ਸਥਾਨ—ਜੰਡਿਆਲਾ (ਅੰਮ੍ਰਿਤਸਰ) ।

ਆਰੰਭ— ਗ੍ਰਹਿ ਕੀ ਕਾਰ ਕਰੇ ਸਭ ਭਾਈ । ਮਨ ਮੈਂ ਰਖੈ ਗੋਬਿੰਦ ਗੁਸਾਈ ।

ਹਰਿ ਹਰਿ ਭਜੇ ਏਕ ਮਨ ਦਾਈ । ਮਨ ਬੇਧਿਓ ਹਰਿ ਜੀ ਕੈ ਤਾਈ ॥ ੧੩ ॥

ਬਾਰਾ ਬਰਖ ਕਾ ਜਬ ਭਇਓ, ਭੈਸਾਂ ਚਾਰਨਿ ਜਾਇ ।

ਪ੍ਰੀਤਿ ਕਰੈ ਹਰਿਨਾਮਿ ਸਿਉ, ਹਰਿ ਜੀ ਕੈ ਗੁਨ ਗਾਇ ॥ ੧੪ ॥

ਚੌਪਈ ॥ ਏ(ਕ) ਦਿਵਸਿ ਪ੍ਰਭ ਕੈ ਮਨ ਆਇਆ । ਸੰਤੁ ਆਪਨਾ ਸਿਤਬਿ ਪਠਾਇਆ ।
ਜੋਗੀ ਪੁਰਖ ਤਿਨ ਨਾਉ ਕਹਾਇਆ। ਹੰਦਾਲ ਭਗਤਿ ਕੈ ਗ੍ਰਹਿ ਮੈ ਆਇਆ ।
ਆਨ ਧੂੰਆਂ ਦਰਵਾਜੇ ਪਾਇਆ ॥ ੧੫ ॥

ਦੋਹਰਾ ॥ ਦਿਵਸਿ ਬਹੁਤੁ ਵਹੁ ਟਿਕ ਰਹੇ, ਬੋਲੇ ਨਹੀਂ ਦਿਆਲ ।
ਆਵੈ ਜਾਵੈ ਪਾਸ (ਹੀ), ਹਰਿ ਕਾ ਭਗਤੁ ਹੰਦਾਲ ॥ ੧੬ ॥ (ਪੱਤਰਾ ੨)

ਅੰਤ— ਪਰਧਨੁ ਪਰ ਦਾਰਾ ਪਰ ਨਿੰਦਾ । ਐਸੇ ਕਰਮ ਤਿਆਗੇ ਬੰਦਾ ।
ਹਰਿ ਹਰਿ ਨਾਮ ਜਪੈ ਮੁਖ ਭਾਈ । ਹਰਿ ਕਾ ਸੇਵਕ ਸੋਊ ਸਦਾਈ ॥ ੭੪ ॥

ਦੋਹਰਾ ॥ ਇਤਿ ਸ੍ਰੀ ਪਰਚੀ ਗੁਰ ਹੰਦਾਲ ਕੀ, ਸੰਗਤਿ (ਕਉ) ਉਪਦੇਸ ।
ਧਿਆਉ ਦਸ ਪਾਂਚ ਉਚਾਰਿਓ, ਕਹੁ ਬਿਧੀ ਚੰਦ ਅਦੇਸ ॥ ੧੭ ॥ ੧੫ ॥ (ਪੱਤਰਾ ੯੨)
ਰਾਮ ਰਾਇ ਘਟਿ ਹੀ ਮਹਿ ਪਾਈਐ, ਹਰਿ, ਜਸੁ ਲੀਜੈ ਦਾਜੁ ਰੇ ।
ਕਹੈ ਹੰਦਾਲੁ ਹਮ ਇਹੀ ਬਤਾਵੈ, ਛੂਟਨ ਕਾ ਕਰੁ ਸਾਜ ਰੇ ॥... (ਪੱਤਰਾ ੯੩)

(ਅ) **ਗੋਪੀ ਚੰਦ ਕੀ ਕਥਾ** (ਭਾਈ ਬਿਧੀ ਚੰਦ)

ਆਰੰਭ— ੧ਓ ਸਤਿਗੁਰ ਪ੍ਰਸਾਦਿ ।
ਏਕ ਸਮੇ ਗੋਪੀ ਚੰਦੁ ਮਾਂਜਨ ਕਰਤਾ ਦੇਖਿਆ ਮਾਈ ।
ਮਾਈ ਕੇ ਮਨ ਚਿੰਤਾ ਉਪਜੀ, ਦੇਹੀ ਦੇਖ ਪਛੁਤਾਈ ॥... (ਪੱਤਰਾ ੧)

ਅੰਤ— ... ਰਾਨੀ ਗ੍ਰਹ ਮੈ ਰਹ ਸੁ ਰਾਜ ਕਮਾਵੈ, ਗ੍ਰਹ ਮੈ ਜੋਗ ਨ ਹੋਈ ।
ਜੋਗੀਸਰ ਜੇ ਦੁਇ ਰੁਚ ਚਿਤਵੈ, ਜੋਗ ਜੁਗਤ ਸਭ ਖੋਈ ॥ ੩੩੮ ॥ (ਪੱਤਰਾ ੨੫)

ਪੱਤਰੇ ਕੁਝ ਅੱਗੇ-ਪਿੱਛੇ ਲੱਗੇ ਹੋਣ ਕਰ ਕੇ ਛੰਦ-ਅੰਕਾਂ ਦੇ ਅਨੁਸਾਰ ਇਹੋ ਇਸ ਲਿਖਤ ਦਾ ਅੰਤਿਮ ਪ੍ਰਮਾਣ ਹੈ ।

੧੨੧. ਵਾਰਾਂ ਗਿਆਨ ਰਤਨਾਵਲੀ (ਨੰ. ੩੦੬, ਭਾ. ਵਿ.)

ਲੇਖਕ— ਭਾਈ ਗੁਰਦਾਸ, ਭੱਲਾ । ਆਕਾਰ—$6\frac{1}{2}'' \times 4\frac{1}{4}''$, ਲਿਖਤ $5'' \times 3\frac{1}{4}''$ ।

ਵੇਰਵਾ— ਪੱਤਰੇ ੩੫੨; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ, ਜਿਸ ਕਰ ਕੇ ਅਸ਼ੁੱਧੀਆਂ ਦੀ ਸੁਧਾਈ ਹਾਸ਼ੀਏ ਤੋਂ ਅੰਦਰ ਜਾਂ ਬਾਹਰ ਕੀਤੀ ਹੋਈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਜਿਲਦ ਉੱਖੜਨ ਕਰ ਕੇ ਕਈ ਥਾਵੀਂ ਪੱਤਰੇ ਫਟੇ ਜਾਂ ਕੁਝ ਭੁਰੇ ਹੋਏ ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਵਾਰਾ ਗਿਆਨ ਰਤਨਾਵਲੀ ਭਾਈ ਗੁਰਦਾਸ ਭਲੇ ਕਾ ਬੋਲਣਾ ।
ਨਮਸਕਾਰੁ ਗੁਰ ਦੇਵ ਕਉ... । (ਪੱਤਰਾ ੧)

ਅੰਤ— ਬਿਨੁ ਗੁਰ ਦਰਸਨੁ ਦੇਖਣਾ, ਭ੍ਰਮਤਾ ਫਿਰੇ ਠਉੜਿ ਨਹੀਂ ਪਾਏ ।
ਬਿਨੁ ਗੁਰ ਪੂਰੈ ਆਏ ਜਾਏ ॥ ੨੨ ॥ ਚਾਲੀਸ ਵਾਰਾ ॥ ੪੦ ॥ ੧ ॥ ਵਾਹਗੁਰ ਜੀ । (ਪੱਤਰਾ ੩੫੨)

੧੨੨. (ੳ) ਵਾਰਾਂ ਗਿਆਨ ਰਤਨਾਵਲੀ (ਕਬਿੱਤ ਸਵੈਯੇ ਸਮੇਤ) (ਨੰ. ੯, ਭਾ. ਵਿ.)

ਲੇਖਕ— ਭਾਈ ਗੁਰਦਾਸ, ਭੱਲਾ । ਆਕਾਰ—$6\frac{3}{4}'' \times 5''$, ਲਿਖਤ $4\frac{1}{2}'' \times 3\frac{1}{4}''$ ।

ਵੇਰਵਾ— ਪੱਤਰੇ ੬੦੯; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਪੁਰਾਣੀ, ਸਾਫ਼ ਤੇ ਸ਼ੁੱਧ; ਕਾਗਜ਼ ਦੇਸੀ; ਹਾਸ਼ੀਆ ਰੰਗੀਨ ਲਕੀਰਾਂ ਵਾਲਾ (ਸੁੰਦਰ) ।

ਸਮਾਂ— ੧੭ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ....ਰੁਸਨਾਈ ਦੇ ਮਿਟੇ ਅੰਧਾਰਾ ।
ਗਿਆਨ ਗੋਸਟਿ ਚਰਚਾ ਸਦਾ, ਅਨਹਦਿ ਸਬਦਿ ਉਠੇ ਧੁਨਕਾਰਾ ।.. (ਪੱਤਰਾ ੨੨)

ਅੰਤ— ...ਸਾਇਰ ਰਤਨ ਨ ਪੁਜਨੀ, ਸਾਧ ਸੰਗਤਿ ਗੁਰ ਸਬਦ ਸੁਭਾਈ ।

ਅਕਥ ਕਥਾ ਵਡੀ ਵਡਿਆਈ ॥੨੧॥੩੯॥ (ਪੱਤਰਾ ੪੦੦)

(ਅ) **ਕਬਿੱਤ ਸਵੈਯੇ** (ਭਾਈ ਗੁਰਦਾਸ, ਭੱਲਾ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਬਾਣੀ ਭਾਈ ਗੁਰਦਾਸ ਭਲੇ ਜੀ ਕੀ।
ਸੋਰਠਾ ॥ ਆਦਿ ਪੁਰਖ ਆਦੇਸੁ, ਓਨਮ ਸ੍ਰੀ ਸਤਿਗੁਰ ਚਰਨ।... (ਪੱਤਰਾ ੪੦੦)

ਅੰਤ— ...ਜੈਸੇ ਅਨਿਕ ਫਨੰਗ ਫਨਗ ਭਾਰ ਧਰਨਿ ਧਾਰੀ,
ਤਾਹਿ ਗਿਰਿਧਰ ਕਹੈ ਕਉਨ ਬਡਾਈ ਹੈ।
ਜਾ ਕੋ ਏਕੁ ਬਾਵਰੋ ਬਿਸੁ ਨਾਮੁ ਨਾਥ ਕਹਾਵੈ,
ਤਾਹਿ ਬ੍ਰਿਜ ਨਾਥ ਕਹੇ ਕਉਨ ਅਧਿਕਾਈ ਹੈ।
ਅਨਿਕ ਆਕਾਰ ਓਅੰਕਾਰ ਕੇ ਬਿਥਾਰ ਤਾਹਿ,
ਤਾਹਿ ਨੰਦ ਨੰਦਨ ਕਹੇ ਕਉਨ ਬਡਾਈ ਹੈ।
ਜਾਨਤ ਉਸਤਤਿ ਕਰਤ ਨਿੰਦਿਆ ਅੰਧ ਮੂੜ,
ਐਸੇ ਅਰਾਧਬੇ ਤੇ ਮੋਨਿ ਸੁਖਦਾਈ ਹੈ ॥੫੫੬॥ (ਪੱਤਰੇ ੬੦੯-੧੦)

੧੨੩. ਕਬਿੱਤ-ਸਵੈਯੇ (ਨੰ. ੩੨੩, ਭਾ. ਵਿ.)

ਲੇਖਕ— ਭਾਈ ਗੁਰਦਾਸ, ਭੱਲਾ। ਆਕਾਰ—6¼" × 5", ਲਿਖਤ 4¾" × 3½"।

ਵੇਰਵਾ— ਪੱਤਰੇ ੨੭੩; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ ਵੀ ਹੈ, ਜਿਸ ਕਰ ਕੇ ਹੋਰ ਕਲਮ ਨਾਲ ਕਈ ਥਾਵੀਂ ਹਾਸ਼ੀਏ ਤੋਂ ਅੰਦਰ ਜਾਂ ਬਾਹਰ ਸੁਧਾਈ ਕੀਤੀ ਹੋਈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਕਿਤੇ ਕਿਤੇ ਹਾਸ਼ੀਆ ਰੰਗੀਨ ਵੀ ਹੈ, ਪਰ ਉਹ ਲਿਖਤ ਦੇ ਵਿਚ ਆ ਗਿਆ ਹੈ; ਜਿਸ ਕਰ ਕੇ ਬਾਹਰ ਸਾਦਾ ਹਾਸ਼ੀਆ ਹੋਰ ਲਕੀਰਿਆ ਗਿਆ ਹੈ; ਪੱਤਰਾ ੪੮, ੪੯ ਤੇ ੬੧ ਇਕ ਪਾਸਿਓਂ ਖ਼ਾਲੀ; ਪੱਤਰਿਆਂ ਦੇ ਅੰਕ ਪਹਿਲਾਂ ਲੱਗੇ ਹੋਏ ਨਹੀਂ ਸਨ ਜਿਸ ਕਰ ਕੇ ਨਵੇਂ ਸਿਰਿਓਂ ਪੈਨਸਿਲ ਨਾਲ ਲਗਾਏ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ; ਮੁੱਢਲੇ ਕੁਝ ਪੱਤਰੇ ਕਿਰਮ ਖ਼ੁਰਦਾ, ਜਿਸ ਕਰ ਕੇ ਛੇਕ ਪਏ ਹੋਏ।

ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਬਾਣੀ ਭਾਈ ਗੁਰਦਾਸ ਭਲੇ ਕੀ ॥ ਸੋਰਠਾ ॥ ਆਦਿ ਪੁਰਖ ਆਦੇਸ...। (ਪੱਤਰਾ ੧)

ਅੰਤ— ..ਜਾਨਤ ਉਸਤਤਿ ਕਰਤ ਨਿੰਦਿਆ ਅੰਧ ਮੂੜ,
ਐਸੇ ਅਰਾਧਬੇ ਤੇ ਮੋਨਿ ਸੁਖਦਾਈ ਹੈ ॥੫੫੭॥ (ਪੱਤਰੇ ੨੭੨—੭੩)

੧੨੪. ਗੋਸ਼ਟਾਂ ਸੋਢੀ ਮਿਹਰਵਾਨ ਜੀ ਦੀਆਂ (ਜੀਵਨ-ਚਰਿਤ੍ਰ) (ਨੰ. ੩੫੧੦,ਸਿ.ਰੈ.ਲਾ.)

ਲੇਖਕ—ਸੋਢੀ ਹਰਿ ਜੀ। ਆਕਾਰ—5¾" × 9¼", ਲਿਖਤ 4" × 6¾"।

ਵੇਰਵਾ— ਪੱਤਰੇ ੩੯੩; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਪੁਰਾਣੇ ਢੰਗ ਦੀ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਮੁੱਢਲਾ ਪੱਤਰਾ ਰੰਗੀਨ ਹਾਸ਼ੀਏ ਵਾਲਾ, ਪਰ ਹਾਸ਼ੀਆ ਸਿੱਧਾ ਸਾਦਾ; ਕਈ ਪੱਤਰੇ ਕੁਝ ਫਟਣ ਕਰ ਕੇ ਨਵੇਂ ਸਿਰਿਓਂ ਮੁਰੰਮਤ ਕੀਤੇ ਹੋਏ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਅੱਛੀ ਹਾਲਤ ਵਿਚ ਹੈ; ਪੁਸਤਕ ਵਿਚ ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ।

ਸਮਾਂ— ਸੰਮਤ ੧੯੩੬ ਬਿ.। ਲਿਖਾਰੀ—ਭੋਲਾ ਰਾਮ, ਬ੍ਰਾਹਮਣ। ਸਥਾਨ—ਬੰਨੂੰ (ਸੂਬਾ ਸਰਹੱਦ-ਪਾਕਿਸਤਾਨ)।

ਆਰੰਭ— ੧ਓ ਸ੍ਰੀ ਸਤਿਗੁਰ ਪ੍ਰਸਾਦਿ। ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ, ਸ੍ਰੀ ਸਤਿਗੁਰ ਪ੍ਰਸਾਦਿ। ਸ੍ਰੀ ਸਤਿਗੁਰ ਬਾਬੇ ਨਾਨਕ ਜੀ ਕੀ ਬਾਣੀ ਲਿਖੇ ਪੜੇ ਸੁਣੇ ਗਾਵੈ ਚਿਤੁ ਲਾਇ ਕੇ ਤਿਸ ਕੀ ਪਰਮ ਗਤਿ ਹੋਵੈ, ਵਚਨੁ ਹੈ ਗੁਰੂ ਦਾ। ਸਤਿਗੁਰੂ ਪ੍ਰਸਾਦਿ ॥੧॥ ਗੋਸਟਿ ਪਹਲੀ ਚਲੀ। ਗੋਸਟਿ ਸ੍ਰੀ ਸਤਿਗੁਰ ਮਿਹਰਵਾਨਿ ਜੀ ਕੀ ਜਿ ਕੋਈ ਪ੍ਰੀਤ ਲਾਇ ਕਰਿ ਧਿਆਨ ਸਾਥਿ ਆਤਮਾ ਸੁਧ ਕਰਿ ਕਰਿ ਲਿਵ ਲਾਇ ਕਰਿ ਲਿਖੈ ਪੜੈ ਸੁਣੈ ਤਿਸ ਦਾ ਜੰਮਣੁ ਮਰਣੁ ਕਟੀਐ। (ਪੱਤਰਾ ੧)

...ਗੁਰੂ ਬਾਬੇ ਨਾਨਕ ਜੀ ਕਹਿਆ ਜਿ,"ਪੁਰਖਾ ਅੰਗਦਾ ! ਏਹ ਪਰਮੇਸਰ ਕੀ ਬਾਣੀ ਹੈ ਅਰੁ ਜਹਾ ਜਹਾ ਮੈ ਉਦਾਸੀ ਕੇ ਵਿਖੇ ਫਿਰਿਆ ਹੋ ਅਰੁ ਮੇਰੇ ਜੋ ਮੁਖੁ ਤੇ ਬਾਣੀ ਨਿਕਲੀ ਹੈ ਸੁ ਜਗਤ ਉਸ ਕਉ ਜਾਣਤਾ ਨਾਹੀ... (ਪੱਤਰਾ ੩)

ਅਰ ਮੁਝ ਤੇ ਪੀਛੇ ਜਿ ਸਤਵੀਂ ਪੀੜੀ ਗੁਰੂ ਹੋਇਆ ਉਸ ਕਉ ਪਰਮੇਸੁਰ ਕੀ ਆਗਿਆ ਹੈ ਜੋ ਮੇਰੀ ਬਾਣੀ ਕਾ ਅਰਥ ਪ੍ਰਗਟਿ ਕਰੇਗਾ ਅਰੁ ਸਮਸਤ ਭਗਤਾ ਕੀ ਬਾਣੀ ਦਾ ਅਰਥੁ ਭੀ ਪ੍ਰਗਟਿ ਕਰੇਗਾ । (ਪੱਤਰਾ ੫)
(ਸੋਢੀ ਮਿਹਰਵਾਨ ਦਾ ਜਨਮ) ਤਬ ਸਮਤਿ ੧੬੩੮ ਮਾਘ ਸੁਦੀ ਬਸੰਤ ਪੰਚਮੀ ੫ ਕੇ ਦਿਨ ਸਵਾ ਪਹਰਿ ਰਾਤ ਰਹਤੀ ਕਉ ਸ੍ਰੀ ਗੁਰੂ ਸਾਹਿਬ (ਪ੍ਰਿਥੀ ਚੰਦ) ਜੀ ਕੇ ਗ੍ਰਿਹ ਸੋਢੀ ਕੇ ਬੰਸ ਮਤਾ (ਮਾਤਾ) ਸਾਹਬਾਣੀ ਭਗਵਨੋ (ਭਗਵਾਨੋ) ਕੇ ਉਦਰ ਤੇ ਸ੍ਰੀ ਗੁਰੂ ਬਾਬੇ ਨਾਨਕ ਜੀ ਕੇ ਪੰਥ ਮਹਿ... ਸੰਸਾਰ ਕੇ ਉਧਾਰ ਕਰਨੇ ਕੀ ਨਿਮਤਿ ਅਉਤਾਰ ਲੀਆ ।... (ਪੱਤਰੇ ੬-੭)

ਅੰਤ— ...ਦਾਸੁ ਨਾਨਕਿ ਤਤੁ ਬੀਚਾਰਿਆ, ਜਾ ਕਾ ਅੰਤੁ ਨ ਪਾਰਾਵਾਰੁ ॥੧॥ ਬੋਲਹੁ ਭਾਈ ਵਾਹਗੁਰੂ ।... ॥ ੪੭ ॥

ਗੋਸਟਾਂ ਗੁਰੂ ਮਿਹਰਵਾਨੁ ਜੀ ਕੀਆਂ ਪੂਰੀਆਂ ਹੋਈਆਂ ਸਤਿਗੁਰ ਕੇ ਪ੍ਰਸਾਦਿ । ਸੰਮਤੁ ੧੮੩੬ ਭਾਦਰੋ ਦਿਨੇ ੧੮, ਲਿਖਤੇ ਭੋਲਾ ਰਾਮੁ ਬ੍ਰਾਹਮਣੁ ਪਠਨਾਰਥਿ ਰਾਝਾ ਬਬਿਲਾ, ਪੋਥੀ ਲਿਖੀ ਬੰਨੂ ਵਿਚਿ । (ਪੱਤਰਾ ੩੯੩)

(ਨੰ. ੩੪੨, ਭਾ. ਵਿ.)

੧੨੫. ਗੁਰ ਬਿਲਾਸ ਪਾਤਸ਼ਾਹੀ ੬

ਲੇਖਕ— ਕਵੀ ਸੋਹਨ । ਆਕਾਰ-$12\frac{1}{2}'' \times 9\frac{3}{4}''$, ਲਿਖਤ $8\frac{1}{2}'' \times 7''$ ।

ਵੇਰਵਾ— ਪੱਤਰੇ ੪੨੫; ਪ੍ਰਤੀ ਸਫ਼ਾ ੧੬ ਸਤਰਾਂ; ਕਾਗ਼ਜ਼ ਸਿਆਲ ਕੋਟੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਦੂਹਰਾ ਤੀਹਰਾ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਅੰਤਲੇ ਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਹਰ ਤਰਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੭੭੫ ਬਿ., ਨਕਲ ਦਾ ਸਮਾਂ-ਨਾਮਾਲੂਮ । ਲਿਖਾਰੀ-ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਭਗਉਤੀ ਜੀ ਸਹਾਇ । ਅਥ ਗੁਰ ਬਿਲਾਸ ਗ੍ਰਿੰਥ ਲਿਖਯਤੇ ॥ ਛਪੈ ਛੰਦ ॥
ਪ੍ਰਿਥਮ ਬੰਦੋ ਪਾਰ ਬ੍ਰਹਮ, ਗੁਰੂ ਨਾਨਕ ਸੁਖ ਸਾਗਰ ।... (ਪੱਤਰਾ ੧)

ਅੰਤ— ...ਅਬ ਗ੍ਰੰਥ ਕਰਤਾ ਕੋ ਨਾਮ ਬਿਨੀ ਕਵ ਬਰਨਨੰ ।
ਬਾਰ ਬਾਰ ਬਿਨਤੀ ਹੋ ਗਾਊਂ । ਸਤ ਸੰਗਤਿ ਤੇ ਭੂਲ ਛਿਮਾਊ ।
ਨੀਚ ਅਗਜਾਨ ਮਹਾ ਹੋ ਮੂੜ੍ਹ । ਛਲ ਕਪਟੀ ਬੋਲਤ ਸਭ ਕੂੜ ॥੬੮੦।
ਲੋਲਪ ਲੰਪਟ ਔਰ ਬਜਾਰੀ । ਮਮ ਅਵਗੁਨ ਕੋ ਨਾਹਿ ਸੁਮਾਰੀ ।
ਐਸ਼ ਜਾਨ ਮਮ ਕੋਇ ਨ ਰਾਖੈ । ਮੋਰੇ ਮਨ ਸੇਵਾ ਅਭਿਲਾਖੈ ॥੬੮੧॥
ਮਨੀ ਸਿੰਘ ਸੁਆਮੀ ਕਾ ਦਾਸ । ਧਰਮ ਸਿੰਘ ਜੀ ਬੁਧ ਪ੍ਰਕਾਸ ।
ਤਾ ਕੋ ਭਯੋ ਦਾਸ ਹੋ ਜਾਇ । ਤਿਨ ਮਮ ਕੀਨੀ ਅਧਿਕ ਸਹਾਇ ॥੬੮੨॥
ਸਿਖਯਾ ਦਈ, ਮੰਤ੍ਰ ਮਮ ਦੀਨੋ । ਲਾਇਕ ਸਕਲ ਬਾਤ ਕੇ ਕੀਨੇ ।
ਹਰਿ ਗੁਵਿੰਦ ਕੇ ਚਰਿਤ ਸੁਨਾਏ । ਅੰਗਨ ਮੱਧ ਇਕੰਤ ਬਿਠਾਏ ॥੬੮੩॥
ਦੋਹਰਾ ॥ ਮਨੀ ਸਿੰਘ ਜਬ ਹੀ ਕਹੀ, ਭਗਤ ਸਿੰਘ ਕੋ ਗਾਥ ॥
ਧਰਮ ਸਿੰਘ ਜੀ ਕਵਿ ਗੁਰੂ, ਬੈਠ ਤਬੈ ਢਿਗ ਸਾਥ ॥੬੮੪॥
ਚੋਪਈ ॥ ਸੁਨੀ ਜੈਸ ਗੁਰ ਤਸ ਮਮ ਗਾਈ । ਮੋ ਪਰ ਕਿਰਪਾ ਕੀਨ ਮਹਾਈ ।
ਆਇਸੁ ਕਰੀ ਛੰਦ ਰਚ ਲੀਜੈ । ਛੰਦ ਬੰਦ ਗੁਰ ਗਾਥਾ ਕੀਜੈ ॥੬੮੫॥
ਤਬ ਮੈਂ ਬਿਨੈ ਕੀਨ ਬਲ ਨਾਹੀ । ਇਨ ਕੇ ਬੁਧਿ ਚਾਤੁਰੀ ਚਾਹੀ।
ਤਬ ਗੁਰ ਸ੍ਰੀ ਮੁਖ (ਕਹਜੈ) ਅਲਾਇ । ਹਰਿ ਗੁਵਿੰਦੁ ਗੁਰ ਕਰੈ ਸਹਾਇ ॥੬੮੬॥
ਤਬ ਮੈਂ ਰਜ ਗੁਰ ਮਸਤਕਿ ਲਾਇ । ਉਦਮ ਕੀਓ ਗੁਰੂ ਗੁਨ ਗਾਇ ।
ਅਵਲ ਸੁਨੋ ਛੰਦ ਪੁਨ ਕਰ ਹੋ । ਜਾਇ ਗੁਰੂ ਆਗੇ ਪੁਨ ਧਰ ਹੋ ॥੬੮੭॥
ਜੋ ਮਨ ਮਾਨ ਰਾਖ ਗੁਰ ਸੋਈ । ਪੁਨ ਹੋ ਕਰੋਂ ਭਾਖ ਗੁਰ ਸੋਈ ।
ਜੇਠ ਮਾਸ ਸਸ ਉਦਮ ਕੀਨੋ । ਸੁਨੋ ਸੰਤ ਗੁਰ ਕਾ ਬਲ ਚੀਨੋ ॥੬੮੮॥

ਮਾਸ ਪੰਚ ਦਸ ਕਵਿਤਾ ਕੀਨੀ । ਗੁਰ ਪ੍ਰਸਾਦਿ ਅਧਿਕ ਸੁਖ ਲੀਨੀ ।
ਨਾਨਕ ਸਰ ਕੰਠੇ ਹੋ ਰਹੌ । ਸੁਨੋ ਸੰਤ ਸੰਮਤ ਇਹ ਕਹੌ ॥੬੮੯॥
ਦੋਹਰਾ ॥ ਸੱਤ੍ਰਾ ਸੈ ਬੀਤੇ ਜਬੈ, ਬਰਖ ਪੰਝਤਰ ਜਾਨ ।
ਸਾਵਣ ਮਾਸ ਬਈਸ ਦਿਨ, ਗਯੋ ਸੁਖਦ ਪਹਿਚਾਨ ॥੬੯੦॥
ਸੁਦੀ ਪੱਖ ਥਿਤ ਪੰਚਮੀ, ਸ੍ਰੀ ਗੁਰ ਕੇ ਪ੍ਰਸਾਦਿ ।
ਪਾਇ ਭੋਗ ਗੁਰ ਗ੍ਰਿੰਥ ਕੋ, ਕਰ ਕਵਿਤਾ ਅਹਿਲਾਦ ॥੬੯੧॥
ਨਾਮ ਜਾਨ ਸ੍ਰੀ ਗੁਰੂ ਕੋ, ਕਵਿਤਾ ਜਿਹ ਬਲ ਕੀਨ ।
ਪੁਰਸੋਤਮ ਜੀ ਧਰਮ ਹਰਿ, ਮੋਹਿ ਦਾਸ ਤਿਹ ਚੀਨ ॥੬੯੨॥
ਪ੍ਰਤਖ ਹੋਤ ਗੁਰ ਦੇਵ ਕੇ, ਸੇਵਕ ਸੋਹਿਨ ਨਾਮ ।
ਤਾ ਤੇ ਜਾਨੋ ਦਾਸ ਕਵਿ, ਸੰਤ ਪੂਰ ਮਮ ਕਾਮ ॥੬੯੩॥
ਮਾਂਗੋ ਬਰ ਸਭ ਸੰਤ ਤੇ, ਮੋ ਕੋ ਦਾਸ ਪਛਾਨ ।
ਦੇ ਅਸੀਸ ਮਮ ਦਾਸ ਕੋ, ਸਿਦਕ ਗੁਰੂ ਪਗ ਧਜਾਨ ॥੬੯੪॥
ਬਾਰ ਬਾਰ ਮੋਰੀ ਬਿਨੈ, ਸੰਤ ਸਦਾ ਬਰ ਦਾਇ ।
ਕੂਕਰ ਅਪਨਾ ਜਾਨ ਕੈ, ਕੀਜੈ ਸਦਾ ਸਹਾਇ ॥੬੯੫॥
ਇਤਿ ਸ੍ਰੀ ਗੁਰ ਬਿਲਾਸ ਸ੍ਰੀ ਗੁਰੂ ਹਰਿ ਗੁਵਿੰਦੁ ਜੀ ਜੋਤੀ ਜੋਤਿ ਸਮਾਏ ਬਰਨਨੰ ਨਾਮ ਇਕੀਸਮੋ ਧਿਆਇ ਸਮਾਪਤੰ । ਮਸਤ ਸੁਭਮਸਤ ॥ ੨੧ ॥ (ਪੱਤਰੇ ੪੨੪-੨੫)

੧੨੬. ਗੁਰੂ ਬਿਲਾਸ ਪਾਤਸ਼ਾਹੀ ੬ (ਨੰ. ੧੮੪, ਪ੍ਰੋ. ਪ੍ਰੀ. ਸਿੰ.)

ਲੇਖਕ— ਕਵਿ ਸੋਹਨ । ਆਕਾਰ—$10\frac{1}{4}'' \times 6\frac{1}{2}''$, ਲਿਖਤ $7\frac{1}{2}'' \times 4\frac{1}{2}''$ ।

ਵੇਰਵਾ— ਪੱਤਰੇ ੫੨੦; ਪ੍ਰਤੀ ਸਫ਼ਾ ੧੩ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ, ਛੰਦਾਂ ਦੇ ਨਾਮ ਕਈ ਥਾਵੀਂ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਪੂਰਣ ਤੇ ਹਰ ਤਰ੍ਹਾਂ ਅੱਛੀ ਹਾਲਤ ਵਿੱਚ ਹੈ ।

ਸਮਾਂ— ਰਚਨਾ ਕਾਲ: ਸੰਮਤ ੧੭੭੫ ਬਿ., ਨਕਲ: ਸੰਮਤ ੧੯੨੩ ਬਿ. । ਲਿਖਾਰੀ—ਭਾਈ ਅਤਰ ਸਿੰਘ ।
ਸਥਾਨ:—ਪਿੱਪਲੀ (ਲਾਡਵੇ ਦੇ ਨੇੜੇ ?) ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਭਗਉਤੀ ਜੀ ਸਹਾਇ । ਅਥ ਗੁਰ ਬਿਲਾਸ ਗ੍ਰਿੰਥ ਲਿਖ੍ਯਤੇ ॥ ਛਪੈ ਛੰਦ ॥
ਪ੍ਰਥਮ ਬੰਦ ਪਾਰ ਬ੍ਰਹਮ ਗੁਰੂ ਨਾਨਕ ਸੁਖ ਸਾਗਰ ।
ਦਸਮ ਗੁਰੂ ਕੇ ਚਰਨ ਕਮਲ ਬੰਦੋ ਗੁਣ ਆਗਰ ।... (ਪੱਤਰਾ ੧)

ਅੰਤ— ਨਾਮ ਜਾਨ ਸ੍ਰੀ ਗੁਰੂ ਕੋ, ਕਵਿਤਾ ਜਿਹ ਬਲ ਕੀਨ ।
ਪੁਰਸੋਤਮ ਜੀ ਧਰਮ ਹਰਿ, ਮੋਹ ਦਾਸ ਤਿਹ ਚੀਨ ॥੬੯੧॥
ਪ੍ਰਤਖ ਹੋਤ ਗੁਰ ਦੇਵ ਕੇ, ਸੇਵਕ ਸੋਹਨ ਨਾਮ ।
ਤਾ ਤੇ ਜਾਨੋ ਦਾਸ ਕਵਿ, ਸੰਤ ਪੂਰ ਮਮ ਕਾਮ ॥੬੯੨॥
ਮਾਗੋ ਬਰ ਸਬ ਸੰਤ ਤੇ, ਮੋ ਕੋ ਦਾਸ ਪਛਾਨ ।
ਦੇ ਅਸੀਸ ਮਮ ਦਾਸ ਕੋ, ਸਿਦਕ ਗੁਰੂ ਪਗ ਧਜਾਨ ॥੬੯੩॥
ਬਾਰ ਬਾਰ ਮੋਰੀ ਬਿਨੈ, ਸੰਤ ਸਦਾ ਬਰੁ ਦਾਇ ।
ਕਿੰਕਰ ਅਪਨਾ ਜਾਨ ਕੈ, ਕੀਜੈ ਅੰਤ ਸਹਾਇ ॥੬੯੪॥

ਇਤਿ ਸ੍ਰੀ ਗੁਰ ਬਿਲ਼ਾਸ ਸ੍ਰੀ ਗੁਰੂ ਹਰਿ ਗੁਵਿੰਦ ਜੀ ਜੋਤੀ ਜੋਤ ਸਮਾਏ ਬਰਨਨੰ ਨਾਮ ਇਕੀਸਵੋ ਧਯਾਇ ਸਮਾਪਤੰ ਮਸਤ ਸੁਭਮਸਤ । ਅਫਜੂ । ਲਿਖੰਤੇ ਪੜੰਤੇ ਮੋਖ ਮੁਕਤ ਲਹੰਤੇ ॥੧॥ ਗੁਰੂ ਗੁਰੂ ਜਪੰਤੇ । ਗੁਰੂ ਹਰਿ ਗੁਵਿੰਦ ਸਦ ਰੱਛਾ ਕਰੰਤੇ ॥੧॥ (ਪੱਤਰਾ ੫੧੯)

ਇਸ ਤੋਂ ਅੱਗੇ ਪੱਤਰਾ ੫੨੦ ਪਰ ਲਿਖਾਰੀ ਅਤਰ ਸਿੰਘ ਵਲੋਂ ਇਸ ਗੁਰ ਬਿਲਾਸ ਦੇ ਲਿਖੇ ਜਾਣ ਦਾ ਸੰਮਤ ਤੇ ਕੁਝ ਹੋਰ ਵੇਰਵਾ ਪਿੱਪਲੀ ਆਦਿ ਦਾ ੮ ਛੰਦਾਂ ਵਿਚ ਦਿੱਤਾ ਹੈ, ਜੋ ਲਿਖਾਰੀ ਦੀ ਸਿਰਫ਼ ਜ਼ਾਤੀ ਵਾਕਫ਼ੀਅਤ ਨਾਲ ਸੰਬੰਧ ਰਖਦਾ ਹੈ ।

੧੨੭. **ਗੁਰੂ ਰਤਨ ਮਾਲ** (ਸੌ ਸਾਖੀ) (ਨੰ. ੪, ਸਿ. ਕੋ. ਮ. ਵਿ., ਛੀ.)

ਲੇਖਕ— ਭਾਈ ਸਾਹਿਬ ਸਿੰਘ। ਆਕਾਰ—7″ × 6″, ਲਿਖਤ 4¾″ × 4″।

ਵੇਰਵਾ— ਪੱਤਰੇ ੨੨੦; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਗ੍ਰੰਥ ਦੇ ਅਖ਼ੀਰ ਕੁਝ ਪੱਤਰੇ ਸਿਲ੍ਹ ਚੜ੍ਹਨ ਕਰ ਕੇ ਇਕ ਸਿਰੇ ਤੋਂ ਭੁਰੇ ਹੋਏ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਪੂਰਣ ਤੇ ਕੁਝ ਸ਼ਿਕਸਤਾ ਹਾਲਤ ਵਿਚ ਹੈ।

ਸਮਾਂ— ਸੰਮਤ ੧੯੦੩ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਨਾਮੁ ਸਾਖੀ ਚਲੀ ਪਟਣ ਵਾਲ ਸ੍ਰੀ ਗੁਰੂ ਜਨਮ ਤੀਰਥ ਪਾਤਿਸਾਹੀ ॥੧੦॥ ਬੁਢੇ ਸਾਹਿਬ ਰਾਮ ਕੌਰ ਜੀ ਕੇ ਹਜ਼ੂਰ ਵਾਕ ਜਥਾਮਤਿ ਗੁਰੂ ਵਾਕ ਲਿਖਯਤੇ। ਸ੍ਰੀ ਗੁਰੂ ਸਾਹਿਬ ਜੀ ਲਿਖਾਇ ਦਿਤੀ।
ਸੰਬਤਿ ਵਿਕ੍ਰਮ ਭੂਪਤੀ, ਸਤਾਰਾ ਸਤ ਨੌ ਏਕ।... (ਪੱਤਰਾ ੧)
ਮਾਹਿ ਵਿਸਾਖੀ ਵਾਰ ਗੁਰੁ, ਮਲ ਕੀ ਦੁਤੀਆ ਭੇਖ ॥...

ਅੰਤ— ਹਰਿ ਹਰਿ ਮੁਖ ਤੇ ਬੋਲੀਏ, ਬੋਲ ਵਾਹਗੁਰੂ ਮੰਤ।
ਊਚ ਨੀਚ ਕੁਲ ਜਨਮਨਾ, ਜਾਤੇ ਡੁਲੋ ਨ ਸੰਤ ॥੧੦੦॥
ਇਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਸੌ ਸਾਖੀ ਸੰਪੂਰਣ ਹੋਈ। (ਪੱਤਰਾ ੨੧੮)

ਇਸ ਤੋਂ ਅੱਗੇ ਪੱਤਰਾ ੨੨੦ ਤਕ ਇਸ ਸਾਖੀ ਦੇ ਪ੍ਰਗਟ ਹੋਣ ਦਾ ਹਾਲ ਵਿਸਥਾਰ ਸਹਿਤ ਲਿਖ ਕੇ ਇਸ ਦੀਆਂ ਭਵਿੱਖ ਬਾਣੀਆਂ ਬਾਰੇ ਕਥਨ ਕੀਤਾ ਹੈ—
ਭੂਤ ਭਵਿਖਯਤ ਗਯਾਨਵਾਨ, ਸ੍ਰੀ ਗੁਰੂ ਗੋਬਿੰਦ ਸਿੰਘ।
ਜੋ ਵਰਤੇਗੀ ਸੋ ਲਿਖੀ, ਪੜੈ ਪੰਥ ਕੇ ਸਿੰਘ ॥੧੧॥
ਸਾਖੀ ਗੁਪਤਿ ਗੁਰੂ ਧਰੀ, ਕੁਰਛੇਤ੍ਰ ਕੇ ਮਾਹਿ।
ਇਕ ਸੌ ਅਠਤੀ ਬਰਸ ਲਗ, ਜਾਨੀ ਕਿਨਹੂ ਨਾਹਿ ॥੧੨॥
ਹੁਕਮ ਗੁਰੂ ਕਾ ਪਾਇ ਪੁਨ, ਥਾਨੇਸਰ ਕੇ ਮਾਹਿ।
ਇਕ ਬ੍ਰਾਹਮਣ ਕੇ ਘਰ ਹੁਤੀ, ਪ੍ਰਗਟ ਕਰੀ ਪੁਨਿ ਤਾਹਿ ॥੧੩॥...

ਪੋਥੀ ਪੂਰੀ ਹੋਈ ਹਾੜ੍ਹ ਦੇ ਦੋ ਦਿਨ ਰਹਿੰਦੇ। ਸੰਮਤੁ ਉਨੀ ਸੈ ਤੇ ਤਿੰਨ, ਦਿਨੁ ਛਨਿਛਰ ਵਾਰ ਥਿਤਿ ਤੀਜ ਅਨੇਰੋ। ਬੋਲੋ ਸ੍ਰੀ ਵਾਹਿਗੁਰੂ ਜੀ ਕੀ ਫਤੇ ਸਰਬਤਿ ਸਾਧਾ ਸੰਤਾ ਨੂੰ।... (ਪੱਤਰੇ ੨੧੯-੨੦)

੧੨੮. **ਗੁਰੂ ਰਤਨ ਮਾਲ** (ਸੌ ਸਾਖੀ) (ਨੰ. ੩੫੨, ਭਾ. ਵਿ.)

ਲੇਖਕ— ਭਾਈ ਸਾਹਿਬ ਸਿੰਘ। ਆਕਾਰ—5½″ × 3½″, ਲਿਖਤ 4″ × 2½″।

ਵੇਰਵਾ— ਪੱਤਰੇ ੩੫੫; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਪਰ ਸਿੱਧੀ ਸਾਦੀ; ਹਾਸ਼ੀਆ ਸਾਦਾ ਲਾਲ-ਕਾਲੀਆਂ ਲਕੀਰਾਂ ਵਾਲਾ; ਜਿਲਦ ਟੁੱਟੀ ਹੋਈ, ਜਿਸ ਕਰ ਕੇ ਪੁਸਤਕ ਕੁਝ ਖ਼ਸਤਾ ਹਾਲਤ ਵਿਚ ਹੈ।

ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਭਾਈ ਸਾਹਿਬ ਸਿੰਘ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਮੰਗਲ।
ਬਾਬਾ ਨਾਨਕ ਗੁਰੂ ਅੰਗਦ, ਗੁਰੂ ਅਮਰ ਦਾਸ।
ਰਾਮ ਦਾਸ ਗੁਰੂ ਅਰਜਨ, ਹਰਿ ਗੋਬਿੰਦ ਗੁਨ ਰਾਸ ॥ ੧ ॥
ਗੁਰ ਹਰਿ ਕ੍ਰਿਸਨੇ ਸੇਵੀਏ, ਗੁਰ ਤੇਗ ਬਹਾਦੁਰ ਧੀਰ।
ਗੁਰ ਗੋਬਿੰਦ ਸਿੰਘ ਆਰਿ ਮ੍ਰਿਗ, ਤੁਰਕਨ ਕਉ ਸੁਰ ਬੀਰ ॥ ੨ ॥
ਸਾਹਿਬ ਸਿੰਘ ਪਦ ਸਰਨ ਤੁਹਿ, ਲਿਖੇ ਲਿਖਾਰੀ ਗ੍ਰੰਥ।
ਗੁਰ ਅਨੁਚਰ ਬੁਢੇ ਕੁਲਨ, ਰਾਮ ਕੁਇਰ ਸੁਖ ਪੰਥ ॥ ੩ ॥ (ਪੱਤਰਾ ੧)

ਅੰਤ— ਸੰਬਤ ਸਤਰਾ ਸਹਸ ਥਾ, ਅਸੀ ਏਕ ਸੁਭਾਸ।
ਸਾਹਿਬ ਸਿੰਘ ਲਿਖ ਸਾਖੀਆ, ਪੋਥੀ ਕਰੀ ਜਿਗਿਆਸ ॥
ਪੀਛੇ ਸਾਖੀ ਅੰਤ ਕੀ, ਲਿਖੀ ਸੰਬਤ ਇਕੀਸ।
ਚਾਰ ਦੋਹਰੇ ਫਿਰ ਲਿਖੇ, ਦਾਸ ਨਾਰਾਇਨ ਰੀਸ ॥

ਜਨਮ ਜਨਮ ਹੌ ਜਾਚਿ ਹੌ, ਬਿਪ੍ਰ ਗੁਰਨ ਸੌ ਏਹ ।
ਹੁਕਮ ਨਾਮਾ ਬਡਿਅਨ ਦੀਆ, ਦਾਸ ਭਾਇ ਮੁਝ ਦੇਹ ॥
ਜਨਮ ਮਾਂਗਹੁ ਏਕ ਵਾਰ, ਜਹ ਕੁਲ ਤੁਮਰੀ ਸੇਵ ।
ਨਾਤਰ ਹਉ ਪਾਪੀ ਕੁਲੀ, ਤ੍ਰਿਨ ਬਨ ਸੰਤਨ ਲੇਵ ॥
ਭਲੌ ਲਗੌ ਗੁਰ ਪੰਥ ਮਮ, ਸਿਦਕ ਤੁਮਾਰੇ ਹਾਥ ।
ਸੰਤਤਿ ਨਾਰੀ ਸਮ ਕੁਲੀ, ਰਾਖੌ ਸਬ ਕਰ ਮਾਥ ॥
ਹਰਿ ਹਰਿ ਮੁਖ ਤੇ ਬੋਲੀਏ, ਬੋਲ ਵਾਹਗੁਰੂ ਮੰਤ ।
ਊਚ ਨੀਚ ਕੁਲ ਜਨਮ ਨਾ, ਜਾ ਤੇ ਭੂਲੈ ਨ ਸੰਤ ॥ ੧੦੦੧ ॥...
ਸ੍ਰੀ ਅੰਮ੍ਰਿਤਸਰ ਰਾਮ ਦਾਸ ਪੁਰ । ਜੇਠ ਸੁਦੀ ਪੂਰਣ ਮਾਸੀ ॥ ੧੫ ॥
... ਸਾਹਿਬ ਸਿੰਘ ਲਿਖਾ ।... (ਪੱਤਰਾ ੩੫੫)

੧੨੯. **ਗੁਰੂ ਰਤਨ ਮਾਲ (ਸੌ ਸਾਖੀ)** (ਨੰ. ੭੯, ਪ੍ਰੰ. ਪ੍ਰੀ. ਸਿੰ.)

ਲੇਖਕ— ਭਾਈ ਸਾਹਿਬ ਸਿੰਘ । ਆਕਾਰ— 7″ × 4¼″, ਲਿਖਤ 5¼″ × 3″ ।

ਵੇਰਵਾ— ਪੱਤਰੇ ੨੧–੧੪੯ (੧੨੯); ਪ੍ਰਤੀ ਸਫ਼ਾ ੧੧ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਆਹੀ ਫਿੱਕੀ ਕਾਲੀ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਰਚਨਾ ਸੰਮਤ ੧੭੮੦ ਬਿ., ਨਕਲ ੭੦-੮੦ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ... ...ਭੇਖ ਕਛੁ ਭਲਾ ਨਾਹੀ । ਗੁਰੂ ਨੂੰ ਸਿਦਕ ਸਿਖੀ ਪਿਆਰੀ ਹੈ । ਗੁਰੂ ਕੇ ਕਛੁ ਭੇਟ ਕੇ, ਧਨ ਕੇ ਲੋਭੀ ਨਹੀਂ । ਜੋ ਧਨ ਕੇ ਲੋਭ ਤੇ ਕੁਰਹਤੀ ਨੂ ਬਖਸੇਗਾ ਸੋ ਸਿਖ ਗੁਰੂ ਕਾ ਚੋਰ ਹੈ । ਉਸ ਕੀ ਸਿਖੀ ਗੁਰੂ ਕੇ ਹਜੂਰ ਨ ਪਵੈਗੀ । ਮਥਾ ਟੇਕ ਕੈ ਤਾ ਸਿਖ ਘਰਾ ਨੂ ਗਇਆ । ਗੁਰੂ ਬਚਨ ਤੇ ਜਿਉ ਕੀਤਾ ਤਿਵੈ ਬਣ ਗਈ । (ਪੱਤਰਾ ੨੧)

ਅੰਤ— ਸੰਬਤ ਸਤਰਾ ਸਹਸ ਥਾ, ਅਸੀ ਏਕ ਸੁਭਾਸ ।
ਸਾਹਬ ਸਿੰਘ ਲਿਖ ਸਾਖੀਆ, ਪੋਥੀ ਕਰੀ ਜਗਿਆਸ ॥
ਪੀਛੇ ਸਾਖੀ ਅੰਤ ਕੀ ਲਿਖੀ ਸੰਬਤ ਇਕੀਸ ।
ਚਾਰ ਦੋਹਰੇ ਫਿਰ ਲਿਖੇ, ਦਾਸ ਨਾਰਾਇਣ ਰੀਸ ॥
ਜਨਮ ਜਨਮ ਹੌ ਜਾਚ ਹੋ, ਬਿਪ੍ਰਨ ਗੁਰ ਸੌ ਏਹ ।
ਹੁਕਮ ਨਾਮਾ ਬਡਿਯਨ ਦੀਆ, ਦਾਸ ਭਾਵ ਮੁਹਿ ਦੇਹ ॥
ਜਨਮ ਮਾਗ ਹੋ ਏਕ ਵਿਰ, ਜਾ ਕੁਲ ਤੁਮਰੀ ਸੇਵ ।
ਨਾਤਰ ਹਉ ਪਾਪੀ ਕੁਲੀ, ਤ੍ਰਿਨ ਬਨ ਸੰਤਨ ਸੇਵ ॥
ਭਲੋ ਲੋਕ ਗੁਰ ਪੰਥ ਮਮ, ਸਿਦਕ ਤਮਾਰੇ ਹਾਥ ।
ਸੰਤਤ ਨਾਹੀ ਹਮ ਕੁਲੀ, ਰਾਖੋ ਸਬ ਕਰ ਮਾਥ ॥
ਹਰਿ ਹਰਿ ਮੁਖ ਤੇ ਬੋਲੀਐ, ਬੋਲ ਵਾਹਗੁਰੂ ਮੰਤ ।
ਊਚ ਨੀਚ ਕੁਲ ਜਨਮ ਨਾ, ਜਾ ਤੇ ਭੂਲੈ ਨਾ ਸੰਤ ॥
ਸਾਖੀਆਂ ਸੰਪੂਰਨੰ ੫੦ ॥ ੧੦੦ ॥ ਸ੍ਰੀ ਵਾਹਗੁਰੂ ਅਕਾਲ ਪੁਰਖ ਜੀ ਸਹਾਇ । ਤੇਰੀ...
(ਪੱਤਰਾ ੧੪੯)

ਇਹ ਸੌ ਸਾਖੀ ਹੋਰ ਸਾਖੀਆਂ ਦੇ ਮੁਕਾਬਲੇ ਤੇ ਵਧੇਰੇ ਸ਼ੁੱਧ ਜਾਪਦੀ ਹੈ ।

੧੩੦. **ਸ੍ਰੀ ਗੁਰੂ ਸ਼ੋਭਾ** (ਨੰ. ੪੪੪੬, ਸਿ. ਰੈ. ਲਾ.)

ਲੇਖਕ—ਕਵੀ ਸੈਨਾਪਤਿ । ਆਕਾਰ—8″ + 5″, ਲਿਖਤ 6″ × 3¾″ ।

ਵੇਰਵਾ—ਪੱਤਰੇ ੧੪੫; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ (ਚਿਕਨਾ-ਪਤਲਾ); ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਬਗ਼ੈਰ ਲਕੀਰਾਂ ਦੇ; ਪੁਸਤਕ ਦੇ ਅੰਤਲੇ ਪੱਤਰੇ ਗੁੰਮ ਹੋਣ ਕਰ ਕੇ ਅਧੂਰੀ ਹੈ ।

ਸਮਾਂ—੫੦-੬੦ ਵਰ੍ਹੇ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ੳ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ । ਸ੍ਰੀ ਗੁਰ ਸੋਭਾ ਗ੍ਰੰਥ ਲਿਖਯਤੇ । ਅਕਾਸ ਬਾਨੀ । ਅਥ ਪ੍ਰਥਮ

ਧਿਆਉ ਪੰਥ ਪ੍ਰਗਾਸ ਕਥਨੈ। ਤ੍ਵ ਪ੍ਰਸਾਦਿ। ਖਾਲਸਾ ਬਾਚ ॥ ਦੋਹਰਾ ॥
ਏਕ ਸਮੈ ਹਿਤ ਸੌ ਹਿਤੂ, ਉਚਰਗੋ ਹਿਤ ਚਿਤ ਲਾਇ।
ਪ੍ਰਭੂ ਰਚਨਾ ਐਸੇ ਰਚੀ, ਸੋ ਕਛੁ ਕਹੋ ਸੁਨਾਇ ॥੧॥ (ਪੱਤਰਾ ੧)

ਅੰਤ— ...ਉਚਰੰਤ ਨਾਮ ਅਨਦਿਨ ਸਦਾ, ਆਦਿ ਅੰਤ ਜਿਨ ਜਨ ਲਾਯੋ ॥੫੩॥ (੨੦ਵਾਂ ਅਧਿਆਇ) (ਪੱਤਰਾ ੧੪੫)

੧੩੧. ਸ੍ਰੀ ਗੁਰੂ ਸ਼ੋਭਾ (ਨੰ. ੩੯੧੫, ਸਿ. ਰੈ. ਲਾ.)

ਲੇਖਕ— ਕਵੀ ਸੈਨਾਪਤਿ। ਆਕਾਰ—6″ × 4½″, ਲਿਖਤ 4¾″ × 3¼″।

ਵੇਰਵਾ— ਪੱਤਰੇ ੧੬੨; ਪਹਿਲੇ ਅਧਿਆਇ ਦੇ ਕੁਝ ਪੱਤਰੇ ਮੁੱਢ ਵਿਚ ਗੁਮ; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ; ਅੰਤਲਾ ਪੱਤਰਾ ਨਵੇਂ ਸਿਰੇ ਲਿਖ ਕੇ ਮੁਕੰਮਲ ਕੀਤਾ ਹੋਇਆ, ਤੇ ਪੱਤਰਿਆਂ ਦੇ ਅੰਕ ਨਵੇਂ ਸਿਰੇ ਵਿਲਾਇਤੀ ਸਿਆਹੀ ਨਾਲ ਲਿਖੇ ਹੋਏ।

ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ..ਕੈ ਕੂਚ ਦੀਨੋ। ਆਨਿ ਕਹਲੂਰ ਮੈ ਆਪ ਤਾਹੀ ਸਮੇ, ਅਨੰਦ ਪੁਰ ਬਾਂਧਿ ਬਿਸਰਾਮ ਕੀਨੋ।
ਸੂਰ ਸੀਗਾਰ ਬੇਦਾਰ ਕਾਇਰ ਦਏ; ਰੀਤ ਇਹ ਭਾਤ ਕੈ ਕੈ ਪਡੀਨੋ ॥੪੯॥੯੦॥
ਦੋਹਰਾ ॥ ਕੇਤਕ ਦਿਨ ਕੇਤਕ ਬਰਸਿ, ਤਿਹਿ ਪੁਰ ਗਏ ਬਿਹਾਇ।
ਸੰਤਨ ਕੀ ਰਛਾ ਕਰੀ, ਦੂਤਨ ਮਾਰਿਓ ਘਾਇ ॥੫੦॥੯੧॥ (ਪੱਤਰਾ ੧)

ਅੰਤ— ਮੁਖੰ ਏਕ ਰਸਨਾ, ਕਹਾ ਲਉ ਬਖਾਨੋ।
ਭੌਰੇ ਭਰੇ ਨੀਰ ਸੁਭਰ, ਲਈ ਬੂੰਦ ਮਾਨੋ।
ਮਹਾਂ ਕੀਟ ਪਤਿਤੰ, ਕਹਾ ਬੁਧਿ ਮੇਰੀ।
ਜਥਾ ਸਕਤਿ ਹੈ ਸੋਭ ਕਰਤਾਰ ਤੇਰੀ ॥੯੮॥੯੩੭॥
ਦੋਹਰਾ ॥ ਜਥਾ ਸਕਤਿ ਉਪਮਾ ਕਹੀ, ਦਰਸ ਪਰਸ ਕੇ ਕਾਜ।
ਜੋ ਚਿਤਵੋਂ ਸੋ ਦੇਹ ਮੋਹਿ, ਤੂ ਸਮਰਥ ਤੁਹਿ ਲਾਜ ॥੯੯॥੯੩੮॥
ਇਤਿ ਸ੍ਰੀ ਗੁਰ ਸੋਭਾ ਸਰਬ ਉਸਤਤਿ, ਬੀਸਵਾਂ ਧਿਆਇ ਸੰਪੂਰਨ ਮਸਤ ਸੁਭਮਸਤ ॥੨੦॥੧॥ (ਪੱਤਰਾ ੧੬੨)

੧੩੨. ਗੁਰੂ ਬਿਲਾਸ ਪਾਤਸ਼ਾਹੀ ੧੦ (ਨੰ. ੧੬੫, ਪ੍ਰੋ. ਪ੍ਰੀ. ਸਿੰ.)

ਲੇਖਕ— ਭਾਈ ਸੁੱਖਾ ਸਿੰਘ। ਆਕਾਰ—9¾″ × 7¼″, ਲਿਖਤ 7¼″ × 5″।

ਵੇਰਵਾ— ਪੱਤਰੇ ੩੫੭; ਪ੍ਰਤੀ ਸਫ਼ਾ ੧੧ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਅਤਿ ਸੁੰਦਰ ਰੰਗੀਨ ਲਕੀਰਾਂ ਵਾਲਾ ਚੌਕੋਰ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਹਰਤਰ੍ਹਾਂ ਪੂਰਣ, ਸਜਿਲਦ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਰਚਨਾ ਸੰਸਤ ੧੮੫੪ ਬਿ., ਨਕਲ ਸੰਮਤ ੧੮੯੧ ਬਿ.। ਲਿਖਾਰੀ—ਭਾਈ ਸਰਦੂਲ ਸਿੰਘ।
ਸਥਾਨ—ਪਿਸ਼ਾਵਰ ਸ਼ਹਿਰ (ਪੰਜਾਬ-ਪਾਕਿਸਤਾਨ)।

ਆਰੰਭ— (ਵਿਸ਼ੇ-ਸੂਚੀ ਦੇ ਦੋ ਪੱਤਰੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ। ਸ੍ਰੀ ਭਗਉਤੀ ਜੀ ਸਹਾਇ। ਅਥ ਸ੍ਰੀ ਗੁਰ ਬਿਲਾਸ ਲਿਖਯਤੇ ਪਾਤਿਸਾਹੀ ਦਸਮੀ ਕੇ ਚਰਿਤ੍ਰ ॥ ਦੋਹਰਾ ॥
ਸਗਲ ਬਿਘਨ ਅਘ ਹਰਨ ਕੋ, ਤਪਤਿ ਤਿਮਰ ਅਗਯਾਨ।
ਗੁਰ ਨਾਨਕ ਗੁਬਿੰਦ ਸਿੰਘ ਬਿਨ, ਅਵਰ ਨ ਜਗ ਮੈ ਆਨ ॥੧॥
ਤ੍ਵਪ੍ਰਸਾਦਿ। ਖਾਲਸਾ ਵਾਚ ॥ ਚੌਪਈ ॥
ਆਦਿ ਪੁਰਖ ਬਿਨਵੋ ਕਰਤਾਰਾ। ਜਾਸੁ ਕੀਨ ਯਹ ਸਕਲ ਪਸਾਰਾ।
ਏਕ ਅਨੇਕ ਸਕਲ ਘਟਿ ਵਾਸੀ। ਅਚੁਤ ਅਲਖ ਪੁਰਖ ਅਬਿਨਾਸੀ।... (ਪੱਤਰਾ ੧)

ਅੰਤ— ਗੁਨ ਗਾਵਤ ਗੁਰ ਦੇਵ ਕੇ, ਦਿਬ ਰੂਪ ਉਰਧਾਰ।
ਆ ਪ੍ਰਾਪਤ ਭਏ ਨਗਰ ਮਹਿ, ਬਾਜ ਬਜਾਵਤ ਚਾਰ ॥੪੧॥

ਇਤਿ ਸ੍ਰੀ ਗੁਰ ਬਿਲਾਸ ਸਾਖੀ ਬਾਲੇ ਰਾਇ ਜਨਵਾਰੇਸੂਰ ਕੀ ਬਰਨਨੰ ਨਾਮ ਇਕਤੀਸਮੋ ਧਿਆਇ ਸਮਾਪਤ ਸੁਭਮਸਤ ॥ ੩੧ ॥ ਦੋਹਰਾ ॥

ਸੰਮਤੁ ਬਿਕ੍ਰਮ ਭੂਪ ਕੋ, ਸਸਿ ਬਸੁ ਗ੍ਰਿਹ ਪੁਨ ਚੰਦ ।

ਵਾਰ ਅਘਨ ਤਰੋਦਸਿ ਸੁਕਲ, ਵਾਰ ਚੰਦ ਕੋ ਨੰਦ ॥੧॥

ਗੁਰ ਬਿਲਾਸ ਗੁਰ ਕ੍ਰਿਪਾ ਤੇ, ਪਿਸੋਰ ਸਹਰ ਕੇ ਮਾਹਿ ।

ਸਰਦੂਲ ਮ੍ਰਿਗੇਸ ਸੋ ਸੋਧ ਲਿਖ, ਪੂਰਨ ਕੀਨੋ ਤਾਹਿ ॥੨॥ (ਪੱਤਰਾ ੩੫੭)

੧੩੩. ਗੁਰੂ ਬਿਲਾਸ ਪਾਤਸ਼ਾਹੀ ੧੦ (ਨੰ. ੬੮੯, ਪੰ. ਆ.)

ਲੇਖਕ— ਭਾਈ ਸੁੱਖਾ ਸਿੰਘ । ਆਕਾਰ—13″ × 9½″, ਲਿਖਤ 9¼″ × 6″ ।

ਵੇਰਵਾ—ਪੱਤਰੇ ੩੮੬; ਪ੍ਰਤੀ ਸਫ਼ਾ ੧੧ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਨਿਹਾਇਤ ਸਾਫ਼ (ਮੋਤੀਆਂ ਵਰਗੀ) ਤੇ ਸ਼ੁੱਧ, ਕਿਤੇ ਕਿਤੇ ਅਸ਼ੁਧੀਆਂ ਵੀ ਹਨ; ਹਾਸ਼ੀਆ ਅਤਿ ਸੁੰਦਰ ਸੁਨਹਿਰੀ ਦੂਹਰਾ-ਤੀਹਰਾ ਚੌਕੋਰ (ਰੰਗੀਨ) ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ । ਮੁੱਢਲੇ ਦੋ ਪੱਤਰੇ ਸੁਨਹਿਰੀ ਵੇਲਦਾਰ, ਜੋ ਬੜੇ ਸੁੰਦਰ ਹਨ ।

ਸਮਾਂ— ਡੇਢ ਕੁ ਸੌ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਭਗਉਤੀ ਜੀ ਸਹਾਇ । ਅਥ ਸ੍ਰੀ ਗੁਰ ਬਿਲਾਸ ਲਿਖਯਤੇ ਪਾਤਿਸਾਹੀ ਦਸਮੀ ਕੇ ਚਰਿਤ੍ਰ ॥ ਦੋਹਰਾ ॥ ਸਕਲ ਬਿਘਨ ਅਘ ਹਰਨ ਕੋ... (ਪੱਤਰਾ ੧)

ਅੰਤ— ...ਗੁਨ ਗਾਵਤ ਗੁਰ(ਦੇਵ) ਕੇ, ਦਿਬ ਰੂਪ ਉਰਧਾਰ ।

ਆ ਪ੍ਰਾਪਤ ਭਏ ਨਗਰ ਮਹਿ, ਬਾਜ ਬਜਾਵਤ ਚਾਰ ॥੪੭॥

ਇਤ ਸ੍ਰੀ ਗੁਰ ਬਿਲਾਸ ਸਾਖੀ ਬਾਲੇ ਰਾਇ ਜਨਵਾਰੇਸੂਰ ਕੀ ਬਰਨਨੰ ਨਾਮ ਦਸ ਬੀਸਮੋ ਧਿਆਇ ਸਮਾਪਤਮਸਤ ਸੁਭਮਸਤ ॥੩੦॥ ਅਫਜੂ ।... ਐਤਵਾਰ ਪੂਰਨਮਾਸੀ ਤਿਥਿ । ਭੁਲ ਚੁਕ ਸੋਧ ਲੈਣੀ ਸੰਪੂਰਨੰ ।

(ਪੱਤਰੇ ੩੮੫-੮੬)

੧੩੪. ਗੁਰੂ ਬਿਲਾਸ ਪਾਤਸ਼ਾਹੀ ੧੦ (ਨੰ. ×, ਡਾ. ਗੰ. ਸਿੰ.)

ਲੇਖਕ— ਭਾਈ ਸੁੱਖਾ ਸਿੰਘ । ਆਕਾਰ—10½″ × 7¼″; ਲਿਖਤ 7½″ × 5″ ।

ਵੇਰਵਾ—ਪੱਤਰੇ ੪੫੪; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਕਸ਼ਮੀਰੀ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਉਤੇ ਥਾਂ ਪਰ ਥਾਂ ਛੇਕ ਪਏ ਹੋਏ; ਹਾਸ਼ੀਆ ਸੁੰਦਰ ਚੌਕੋਰ ਰੰਗੀਨ ਲਕੀਰਾਂ ਵਾਲਾ; ਲਿਖਤ ਸਾਫ਼, ਪਰ ਕਈ ਥਾਂਵੀ ਅਸ਼ੁੱਧ, ਜਿਸ ਕਰ ਕੇ ਹਾਸ਼ੀਏ ਉਤੇ ਦਰੁਸਤੀਆਂ ਕੀਤੀਆਂ ਹੋਈਆਂ; ਸਿਰ ਲੇਖ, ਛੰਦਾਂ ਦੇ ਨਾਮ ਤ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ: ਪੁਸਤਕ ਸਜਿਲਦ, ਜੋ ਹਰਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਡੇਢ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਸੇਵਾ ਸਿੰਘ । ਸਥਾਨ—ਕਸ਼ਮੀਰ (ਗ਼ਾਲਬਨ ਸ੍ਰੀ ਨਗਰ) ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਭਗਉਤੀ ਜੀ ਸਹਾਇ । ਅਥ ਸ੍ਰੀ ਗੁਰ ਬਿਲਾਸ ਲਿਖਯਤੇ । ਪਾਤਸਾਹੀ ਦਸਮੀ ਕੇ ਚਰਿਤ੍ਰ । ਦੋਹਰਾ ॥ ਸਗਲ ਬਿਘਨ ਅਘ ਹਰਨ ਕੋ, ਤਪਤਿ ਤਿਮਰ ਅਗਜਾਨ ।

ਗੁਰ ਨਾਨਕ ਗੋਬਿੰਦ ਬਿਨ, ਅਵਰ ਨ ਜਗ ਮੈ ਆਨ ॥੧॥... (ਪੱਤਰਾ ੧)

ਅੰਤ— ਗੁਨ ਗਾਵਤ ਗੁਰ ਦੇਵ ਕੇ, ਦਿਬ ਰੂਪ ਉਰਧਾਰ ।

ਆ ਪ੍ਰਾਪਤ ਭਏ ਨਗਰ ਮੈ, ਬਾਜ ਬਜਾਵਤ ਚਾਰ ॥੪੭॥

ਇਤਿ ਸ੍ਰੀ ਗੁਰ ਬਿਲਾਸ ਸਾਖੀ ਬਾਲੇ ਰਾਇ ਜਨਵਾਰੇਸੂਰ ਕੀ ਬਰਨਨੰ ਨਾਮੁ ਇਕਤੀਸਮੋ ਧਿਆਇ ਸਮਾਪਤ ਮਸਤੁ ਸੁਭਮਸਤੁ ॥੩੧॥ (ਪੱਤਰਾ ੪੫੪)

ਇਸ ਤੋਂ ਅੱਗੇ ਲਿਖਾਰੀ ਵਲੋਂ ਇਸੇ ਪੱਤਰੇ ਪਰ ਇਹ ਤੁਕਾਂ ਹਨ—

ਦੋਹਰਾ ॥ ਬਿਸਵ ਕਰਮਾ ਕੇ ਪੋਥੀ ਲੀ, ਨਾਨਾ ਗ੍ਰਿੰਥਨ ਮਾਨ ।

ਸੰਤ ਰਾਮ ਤਿਹ ਨਾਮ ਹੈ, ਅਤਿ ਹੀ ਸੁੰਦਰ ਜਾਨ ॥੨॥

ਚੌਹਰਾ ॥ ਜਿਯੋ ਸਾਗਰ ਤਰਬੋ ਕਠਿਨ, ਤਿਯੋ ਇਹ ਲਿਖਨ ਸੁਭਾਇ ।

ਚੂਕ ਪਰੀ ਜਹ ਤਹ ਪਚਹੁ, ਅਛਰ ਦੀਨ ਬਨਾਇ ॥੩॥
ਦੋਹਰਾ ॥ ਸੰਤਤਿ ਸੰਪਤਿ ਸੋ ਫੂਲੀ, ਰਿਧਿ ਸਿਧਿ ਫਲੁ ਪਾਇ ।
ਸੇਵਾ ਸਿੰਘ ਕੋ ਸਾਸ ਸਾਸ, ਸਤਿਗੁਰ ਹੋਇ ਸਹਾਇ ॥੪॥
ਚੌਪਈ ॥ ਕਾਸ਼ਮੀਰ ਵਿਚਿ ਲਿਖਿਆ ਪੁਰਾਨਾ । ਗੁਰ ਬਿਲਾਸ ਲਿਖਿਉ ਬਿਧ ਨਾਨਾ ।
ਜਿਮੇਦਾ'ਰ* ਜੀ ਦੇਉ ਇਨਾਮਾ । ਤੇਰਾ ਰਖਵਾਰੋ ਹੈ ਨਾਮਾ ॥

੧੩੫. ਸਾਖੀ ਭਾਈ ਕਨ੍ਹਈਏ ਜੀ ਕੀ (ਨੰ. ੧੬੩, ਪ੍ਰੋ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ—7″×4¾″, ਲਿਖਤ 4½″×3¼″ ।

ਵੇਰਵਾ— ਪੱਤਰੇ ੨੬੨; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੱਤਰਾ ੨੬੨ ਤੋਂ ਅੱਗੇ ਸਾਖੀ ਚਲਦੀ ਹੋਣ ਕਰ ਕੇ ਚੂੰਕਿ ਅਗਲੇ ਪੱਤਰੇ ਲਿਖੇ ਹੋਏ ਨਹੀਂ ਸਗੋਂ ਖ਼ਾਲੀ ਹਨ, ਇਸ ਲਈ ਸਾਖੀ ਅਧੂਰੀ ਹੈ ।

ਸਮਾਂ— ਡੇਢ ਸੌ ਸਾਲ ਤੋਂ ਵੱਧ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥਿ ਕਥਾ ਸ੍ਰੀ ਭਾਈ ਕਨ੍ਹਈਏ ਜੀ ਕੀ ਲਿਖੀ ।
ਸਲੋਕੁ ॥ ਨੀਕੇ ਮਨਿ ਨੀਕੇ ਬਚਨ, ਨੀਕੇ ਸਭ ਗੁਨ ਅੰਗ ।
ਸੰਤ ਅਉਤਾਰ ਅਉਤਾਰ ਪ੍ਰਭੁ, ਜਨਮ ਲੀਓ ਸਰਵੰਗ ॥ ੧ ॥ ਰਹਾਉ ।
ਸੀਤਲ ਸਾਂਤਿ ਸੁਮਤਿ ਘਨਿ, ਹਉਮੈ ਦੁਰਮਤਿ ਨਾਸ ।
ਸਤਿ ਬਿਚਾਰ ਹੇਲਤ ਪਰੀ, ਲੀਨ ਭਏ ਅਬਿਨਾਸੁ ॥ ੨ ॥
ਦੁਰਗਮ ਗਤਿ ਭਗਵਾਨ ਕੀ, ਚੀਨਤ ਭਏ ਨਿਹਾਲੁ ।
ਮਨਿ ਚੰਚਲ ਕਉ ਵਸਿ ਕੀਆ, ਨਿਕਸੇ ਤ੍ਰਿਸਨਾ ਜਾਲੁ ॥ ੩ ॥
ਹਿੰਸਾ ਲੋਭ ਬਿਸਾਰਿਆ, ਬਿਸਰੇ ਬਿਖਿਆ ਭੋਗੁ ।
ਮੋਹੁ ਮੋਹਾਦਿਕ ਸਭ ਤਜੇ, ਬ੍ਰਹਮ ਦੇਸ ਕੇ ਲੋਕ ॥ ੪ ॥
ਬ੍ਰਹਮ ਦੇਸਿ ਮਹਿ ਬੈਠ ਕੈ, ਅਵਰੀ ਕਰਿ ਉਪਦੇਸੁ ।
ਤਾ ਕਾ ਬੋਲਨਿ ਸਭਿ ਸੁਨੇ, ਘਟਿ ਘਟਿ ਹੋਇ ਪ੍ਰਵੇਸ ॥ ੫ ॥
ਬਹੁਤੇ ਜਨ ਮੁਕਤੇ ਭਏ, ਤਿਨ ਸੰਤਨ ਕੇ ਸੰਗ ।
ਹਰਿ ਰਸ ਰਾਤੇ ਜੋ ਰਹੇ, ਆਠ ਪਹਰਿ ਮਨ ਰੰਗ ॥ ੬ ॥
ਪਰਚੀ ਰਾਚਉ ਸੰਤ ਕੀ, ਮਨ ਮਹਿ ਏਹੁ ਨਮਿਤ ।
ਜਿਉ ਜਿਉ ਉਨ ਕੇ ਗੁਨ ਕਥਉ, ਮਨ ਬੁਧ ਹੋਇ ਪਵਿਤ ॥ ੭ ॥

ਅਬ ਪ੍ਰਥਮ ਅਵਸਥਾ ਕੀ ਕਥਾ । ਸੰਤਤਿ ਵਰਨਨ ਹੋਇ । ਜਨਮ ਸੋਧਰੇ ਵਜੀਰਾਬਾਦ ਕੇ ਪਾਸ ਹੂਆ ਹੈ । ਨਦੀ ਚੰਦ੍ਰ ਭਾਗਾ ਕੇ ਕੰਠੇ ਊਪਰ, ਬਰਨ ਖਤ੍ਰੀ ਕਾ, ਕਿਰਤ ਨਵੀਸਿੰਦਗੀ ਕੀ । (ਪੱਤਰੇ ੧-੨)

ਅੰਤ— ...॥ ੧੯ ॥ ਇਤ ਭਗਵੰਤ ਕਰਤ ਸੁਖ ਬਰਨਨੰ । ਅਗੇ ਕਥਾ ਵੀਸਵੀਂ ਚਲੀ ਸਰੀਰ ਕੇ ਅੰਤ ਕੀ । ਜਬ ਭਾਈ ਕਨ੍ਹੱਯਾ ਜੀ ਕੇ ਸਰੀਰ ਛੂਟਣੇ ਕਾ ਸਮਾ ਆਇਆ, ਰੋਗ ਕੋਊ ਨਾ ਆਇਆ । ਇਸ ਕਰ ਕੈ ਪ੍ਰਭਾਤ ਕੇ ਸਮੇ ਸਭ ਮਹਿ ਬੈਠੇ, ਅਰੁ ਇਹ ਬਿਚਾਰ ਸਾਧਹੁ ਸਾਥ ਚਲਾਈ, "ਜੋ ਕਬਹੁ ਹਮਾਰਾ ਸਰੀਰ ਅਥਵਾ ਤੁਮਾਰਾ ਸਰੀਰ ਛੂਟ ਜਾਵੈ ਤਬ ਸਰੀਰ ਕੀ ਕਿਆ ਜੁਗਤਿ ਕਰਣੀ ਅਰ ਸਰੀਰ ਕੋ ਕਿਸ ਰੀਤ ਬਿਲੇ ਲਾਵਹੁਗੇ ?" ਤਬ ਸਾਹੁ ਕਹਾ ਜੋ, "ਜੀ ਤੁਮ ਹੀ ਕਹੋ, ਕਾਹੇ ਤੇ ਜੋ ਤੁਮਾਰਾ ਕਹਣਾ ਹਮ ਸਿਉ ਬਿਸੇਖ ਹੈ ।" ਬਹੁੜਿ ਭਾਈ ਕਨ੍ਹਈਆ ਜੀ ਕਹਾ, "ਭਲੀ ਬਾਤ, ਹਮ ਭੀ ਕਹੇਗੇ । ਉਤਮ ਜਨਹੁ ਕੀ..." (ਪੱਤਰਾ ੨੬੨)

ਇਸ ਤੋਂ ਅੱਗੇ ਖ਼ਾਲੀ ਪੱਤਰੇ ਹੋਣ ਕਰ ਕੇ ਇਹ ਪੁਸਤਕ ਅਧੂਰੀ ਹੈ ।

੧੩੬. ਪਰਚੀ ਭਾਈ ਕਨ੍ਹਈਆ ਜੀ ਕੀ (ਬੰਸਾਵਲੀ ਦਸਾਂ ਗੁਰੂਆਂ ਕੀ ਸਮੇਤ) (ਨੰ. ×. ਡਾ. ਜੁ. ਸਿੰ. ਕੋ.)

ਲੇਖਕ— ਨਾਮਾਲੂਮ । ਆਕਾਰ— 7″ × 6¾″, ਲਿਖਤ 6″ × 5¾″ ।

---

*ਜਮਾਦਾਰ ਤੋਂ ਏਥੇ ਭਾਵ ਜਮਾਦਾਰ ਖ਼ੁਸ਼ਹਾਲ ਸਿੰਘ ਹੈ, ਜੋ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਸੀ ।

ਵੇਰਵਾ— ਪੱਤਰੇ ੯੭; ਪ੍ਰਤੀ ਸਫ਼ਾ ੧੪ ਸਤਰਾਂ; ਕਾਗਜ਼ ਦੇਸੀ; ਲਿਖਤ ਸਾਦੀ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਮੁੱਢਲਾ ਵਾਧੂ ਪੱਤਰਾ ਲਾਲ ਸਿਆਹੀ ਨਾਲ ਲਿਖਿਆ ਹੋਇਆ ਤੇ ਹੋਰ ਕਈ ਥਾਵੀਂ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਜਿਲਦ ਸਿੱਧੀ ਸਾਦੀ।

ਸਮਾਂ— ਸੰਮਤ ੧੯੩੨ ਬਿ.। ਲਿਖਾਰੀ—ਭਾਈ ਮਈਆ ਸਿੰਘ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਪਰਚੀ ਭਾਈ ਕਨ੍ਹਈਆ ਜੀ ਕੀ ॥ ਸਲੋਕ ॥

ਨੀਕੇ ਮਨ ਨੀਕੇ ਬਚਨ, ਨੀਕੇ ਸਭ ਗੁਣ ਅੰਗ।

ਸੰਤ ਉਧਾਰ ਅਵਤਾਰ ਪ੍ਰਭੁ, ਜਨਮ ਲੀਓ ਸਰਬੰਗ ॥

ਸੀਤਲ ਸਾਂਤ ਸੁਮਤ ਘਨ, ਹਉਮੈ ਦੁਰਮਤ ਨਾਸ।... (ਪਹਿਲਾ ਵਾਧੂ ਪੱਤਰਾ)

ਪਰਚੀ ਰਾਚੀ ਸੰਤ ਕੀ, ਮਨ ਮੈ ਏਹ ਨਮਿਤ।

ਜਿਉ ਜਿਉ ਉਨ ਕੇ ਗੁਨ ਕਥਉ, ਮਨ ਬੁਧਿ ਹੋਇ ਪਵਿਤਿ ॥

ਇਤਿ ਪ੍ਰਥਮੇ ਅਵਸਥਾ ਕੀ ਕਥਾ ਸੰਤ ਕੀ ਬਰਨਨ ਹੋਵੈਗੀ ॥ ੧ ॥

ਜਨਮ ਸੋਧਰੇ ਵਜੀਰਾਬਾਦ ਕੇ ਪਾਸ ਹੂਆ ਹੈ। ਨਦੀ ਚੰਦ੍ਰ ਭਾਗਾ ਕੇ ਕੰਠੇ ਊਪਰ, ਬਰਨ ਖਤ੍ਰੀ ਕਾ, ਕਿਰਤਿ ਨਵੀਸਿੰਦਗੀ ਕੀ ਉਨ ਕੇ ਘਰ ਵਾਲਿਉ ਕੀ ਥੀ। ਅਰੁ ਜਗੀਰਾ ਭੀ ਲੇ ਆਵਤੇ ਥੇ, ਮਾਲ ਵਾਜਬੀ ਕੇ ਦਾਮ ਪਾਤਸਾਹੋ ਕੋ ਦੇ ਕਰਿ ਲਾਹਾ ਆਪ ਲੇਤੇ ਥੇ ਅਰੁ ਪਰਜਾ ਕੋ ਬਹੁਤ ਸੁਖੀ ਰਾਖਤੇ ਥੇ।... (ਪੱਤਰਾ ੧)

ਅੰਤ— ...ਭਾਈ ਕਨ੍ਹਈਆ ਜੀ ਕੇ ਮੁਖ ਤੇ ਇਹ ਸਬਦੁ ਸੁਨਿਆ ਥਾ ਜੋ ਹਮ ਨੇ ਏਕ ਬੇਰ ਮਾਤਾ ਕਾ ਦੂਧ ਫੇਰ ਭੀ ਪੀਵਣਾ ਹੈ। ਅਰਥ ਇਹੁ ਜੋ ਏਕ ਬਾਰ ਜਨਮ ਫੇਰ ਲੇਵੈਂਗੇ। ਬਚਨ ਕੋ ਰਿਦ ਮੇਂ ਰਾਖ ਕੋਕ ਢੂਢਤੇ ਥੇ, ਜੋ ਮਰਨ ਕਹੂੰ ਪਾਵੇ ਤਬ ਸਰਬ ਅਪਨਾ ਆਪ ਉਨ ਪਰਿ ਬਾਰੋਂ ਅਰੁ ਭਲੀ ਪ੍ਰਕਾਰ ਉਨ ਕੀ ਪ੍ਰਸੰਨਤਾ ਲੇਵੋਂ, ਪਰ ਕਹੂੰ ਨ ਪਾਏ। ਦਰਸਨ ਕੀ ਭੂਖ ਬਾਕੀ ਰਹੀਂ। ਇਤ ਅੰਤ ਬ੍ਰਿਤੰਤ ਬਰਨਨੰ ॥ ਸਲੋਕ ॥

ਕਥਾ ਬੀਸ ਪਰਚੀ......ਸਹਜ ਸੁਭਾਇ।

ਸੁਨਤੇ ਪੜ੍ਹਤੇ ਉਧਰਹਿ, ਸੰਤ ਬਚਨ ਮਨੁ ਲਾਇ ॥ ੧ ॥...

ਪ੍ਰਥਮੇ ਉਧਰੇ ਆਪ ਜਨ, ਪਾਛੇ ਅਵਰ ਉਧਾਰਿ।

ਤਿਨ ਕੀ ਬਾਤ ਪ੍ਰਵਾਨੁ ਸਭ, ਜੋ ਪ੍ਰਭੁ ਲੀਏ ਉਬਾਰ ॥ ੪ ॥

ਇਤ ਪਰਚੀ ਭਾਈ ਕਨਈਯਾ ਜੀ ਕੀ ਸੰਪੂਰਨ ਭਈ ਸਮਾਪਤੰ।

ਦੋਹਰਾ ॥ ਮਈਆ ਸਿੰਘ ਪੋਥੀ ਲਿਖੀ, ਧਰਮ ਸਾਲ ਕੇ ਬੀਚ।...

ਸੰਮਤ ੧੯੩੨ ਚੇਤਰ ਬਦੀ ਅਸਟਮੀ ਸਪੂਰਨ ਭਈ, ਭਾਈ ਜੈ ਸਿੰਘ ਪੋਥੀ ਲਿਖਾਈ ਮਈਯਾ ਸਿੰਘ ਕੇ ਪਾਸ।

(ਪੱਤਰੇ ੯੬-੯੭)

ਇਸ ਤੋਂ ਅੱਗੇ ੪ ਵਾਧੂ ਪੱਤਰਿਆਂ ਉਤੇ ਬੰਸਾਵਲੀ ਅਥਵਾ ਗੁਰ ਪ੍ਰਣਾਲੀ ਦਸਾਂ ਗੁਰੂਆਂ ਦੀ ਦਰਜ ਹੈ।

੧੩੭. (ੳ) ਸਾਖੀਆਂ ਦਸਾਂ ਪਾਤਸ਼ਾਹੀਆਂ ਦੀਆਂ (ਹੋਰ ਸਾਖੀਆਂ, ਰੱਜਬ ਦੇ ਸਵੈਯੇ ਤੇ ਪਰੀਛਾ) (ਨੰ. ੨੫੩,ਭਾ.ਵਿ.)

ਲੇਖਕ— ਸੇਵਾ ਦਾਸ, ਅੱਡਣ ਸ਼ਾਹੀ। ਆਕਾਰ—7¼″×5″, ਲਿਖਤ—4¾″×3″।

ਵੇਰਵਾ— ਪੱਤਰੇ ੨੧੬; ਹੋਰ ਸਾਖੀਆਂ, ਰੱਜਬ ਦੇ ਸਵੈਯੇ ਆਦਿ ਪੱਤਰਾ ੨੧੭ ਤੋਂ ੫੦੬ ਤਕ; ਪ੍ਰਤੀ ਸਫ਼ਾ ੭ ਸਤਰਾਂ; ਕਾਗ਼ਜ਼ ਸਿਆਲਕੋਟੀ; ਲਿਖਤ ਸਾਫ਼ ਅਤੇ ਸ਼ੁੱਧ; ਲਗ ਭਗ ਹਰੇਕ ਸਫ਼ੇ ਉਤੇ ਤਿੰਨ ਤਿੰਨ ਸਤਰਾਂ ਲਾਲ ਸਿਆਹੀ ਨਾਲ ਅੰਕਿਤ; ਹਾਸ਼ੀਆ ਸੋਹਣਾ ਰੰਗੀਨ ਲਕੀਰਾਂ ਵਾਲਾ; ਪੱਤਰੇ ਭੁਰੇ ਹੋਣ ਕਰ ਕੇ ਕਈ ਥਾਵੇਂ ਨਵਾਂ ਕਾਗ਼ਜ਼ ਜੋੜ ਕੇ ਮੁਰੰਮਤ ਕੀਤੀ ਹੋਈ; ਜਿਲਦ ਸ਼ਿਕਸਤਾ ਜਿਸ ਕਰ ਕੇ ਕਈ ਥਾਵੀਂ ਕਾਗ਼ਜ਼ ਨਿਕਲੇ ਹੋਏ; ਪੱਤਰਾ ਨੰ. ੨੧੩, ੨੧੬ ਤੇ ੨੧੮ ਹਰੇ ਰੰਗ ਦਾ ਜੋ ਨੁੱਕਰਾਂ ਭੁਰਨ ਕਰ ਕੇ ਨਵੇਂ ਸਿਰਿਓਂ ਮੁਰੰਮਤ ਕੀਤਾ ਹੋਇਆ ਹੈ।

ਸਮਾਂ— ਲਿਪੀ-ਕਾਲ ਸੰਮਤ ੧੯੯੦ ਬਿ.। ਲਿਖਾਰੀ—ਨਾਮਾਲੂਮ। ਸਥਾਨ-ਸ੍ਰੀ ਅਮ੍ਰਿਤਸਰ।

ਆਰੰਭ— (੬ ਪੱਤਰਿਆਂ ਦੇ ਤਤਕਰੇ ਤੋਂ ਬਾਅਦ) ੧ਓ ਸਤਿਗੁਰ ਪ੍ਰਸਾਦਿ। ਸਾਖੀਆਂ ਦਸਾਂ ਪਾਤਿਸ਼ਾਹੀਆਂ ਕੀਆਂ। ਪ੍ਰਿਥਮੇ ਦਸਾਂ ਮਹਲਾਂ ਕੇ ਨਾਮ ਲਿਖੇ...... (ਪੱਤਰਾ ੧ ੳ)

ਫੇਰ ਦਸਾਂ ਮਹਲਾਂ ਕੀ ਉਸਤਤਿ ਕੇ ਸਲੋਕ ਲਿਖੇ ॥ਸਲੋਕੁ॥ ਸਤਿਖੰਡ ਸਤਿਗੁਰ ਬਸੈ, ਸੁਧ ਸਾਂਤਕੀ ਦੇਸ।..

(ਪੱਤਰਾ ੧ ਅ)

ਅੰਤ— ਜੋ ਕੋਈ ਸਿਖ ਗੁਰੂ ਕਾ ਸੁਧੁ ਮਨਸਾ ਕਰ ਕੇ ਜਾਤਾ ਹੈ, ਮਨ ਬਚ ਕਰਮ ਸੋ, ਫੇਰ ਚੌਰਾਸੀ ਮੈਂ ਨਹੀਂ ਪੜਤਾ, ਗੁਰੂ ਕੇ ਰੂਪ ਮੈਂ ਜਾਇ ਸਮਾਵਤਾ ਹੈ ॥੩੮॥ ਜੋੜ ੫੪॥

ੴ ਸਤਿਗੁਰ ਪ੍ਰਸਾਦਿ ॥ ਫੁਨਹਾ॥ ਸੇਵਾ ਦਾਸ ਉਦਾਸੀ ਜੀ ਕੀ ਪਰਚਰੀ ।... (ਪੱਤਰੇ ੨੦੮-੦੯)

ਇਸ ਤੋਂ ਅੱਗੇ ਸੇਵਾ ਦਾਸ ਜੀ ਵਲੋਂ ਪਰਚੀਆਂ ਦੇ ਲਿਖਣ ਬਾਰੇ ਕੁਝ ਪਰਿਚਯ, ਦਸ ਮਹਲਾਂ ਦੇ ਜੋਤੀ ਜੋਤਿ ਸਮਾਉਣ ਦੇ ਚਰਿਤ੍ਰ, ਗੁਰ ਪ੍ਰਣਾਲੀ, ਦਸ ਅਵਤਾਰ ਆਦਿ ਦਰਜ ਹਨ। (ਦੇਖੋ, ਪੱਤਰੇ ੨੦੯ ਤੋਂ ੨੧੬ ਤਕ)

(ਅ) ਹੋਰ ਸਾਖੀਆਂ

ਆਰੰਭ—ੴ ਸਤਿਗੁਰ ਪ੍ਰਸਾਦਿ ॥ ਸਾਖੀ ਹੋਰ ਚਲੀ ॥ ਤਾਂ ਗੁਰੂ ਨਾਨਕ ਜੀ ਉਡਾਰੀ ਲੀਤੀ ਤਾਂ ਧ੍ਰੂ ਦੇ ਮੰਡਲ ਜਾਇ ਪਹੁੰਚੇ ।... (ਪੱਤਰਾ ੨੧੭)

ਅੰਤ— ਤਬ ਬਿਆਸ ਜੀ ਸੁਖਦੇਉ ਕੇ ਮਾਥੇ ਪਰ ਹਥ ਰਖਿਆ । ਕਿਰਪਾ ਬਹੁਤ ਕਰੀ ਅਰੁ ਬਚਨਾ ਕਰ ਕੇ ਬਹੁਤ ਸੰਤੋਖਿਆ । ਕਹੇ, "ਏ ਪੁਤ੍ਰ ਸੁਖਦੇਉ ! ਅਬੁ ਤੈ ਪੂਰਨ ਗੁਰੂ ਭੇਟਿਆ ਹੈ । ਅਬੁ ਤੂੰ ਪੂਰਨੁ ਭਇਆ ਹੈ ।"... (ਪੱਤਰੇ ੨੭੪-੭੫)

(ੲ) ਵਿਚਾਰ ਮਾਲਾ (ਕ੍ਰਿਤ ਅਨਾਥ ਪੁਰੀ)

ਆਰੰਭ—ੴ ਸ੍ਰੀ ਗਣੇਸਾਇ ਨਮ: । ਅਥ ਸ੍ਰੀ ਵਿਚਾਰ ਮਾਲ ਅਨਾਥ ਪੁਰੀ ਕ੍ਰਿਤ ਲਿਖਜਤੇ ।
ਦੋਹਰਾ ॥ ਨਮੋ ਨਮੋ ਸ੍ਰੀ ਰਾਮ ਜੂ, ਸਤ ਚਿਤ ਆਨੰਦ ਰੂਪ ।... (ਪੱਤਰਾ ੨੭੬)

ਅੰਤ—...ਅਸਟਾਵਕ੍ਰ ਬਸਿਸਟ ਮੁਨਿ, ਕਹੁਕ ਆਪਨੀ ਉਕਤ ॥੪੩॥
ਇਤਿ ਸ੍ਰੀ ਬਿਚਾਰ ਮਾਲ ਸੰਪੂਰਣੰ ।੧॥੨੧੦॥ (ਪੱਤਰਾ ੩੦੨)

(ਸ) ਛਪੈ ਰੱਜਬ ਜੀ ਕੇ

ਆਰੰਭ— ੴ ਸਤਿਗੁਰ ਪ੍ਰਸਾਦਿ । ਅਥ ਛਪੈ ਲਿਖਤੇ ਕ੍ਰਿਤ ਰਜਬ ਜੀ ਕੀ ॥ਸਲੋਕੁ॥ ਗੁਰਦੇਵ ਕੌ ਅੰਗ ।
ਬੈਰਾਗ ਰਮੈ ਬਿਭੌ ਅਸਟ ਕੁਲ ਪਾਰਸ ਧਰੀਅਹਿ ।... (ਪੱਤਰਾ ੩੦੨)

ਅੰਤ— ...ਦਾਦੂ ਤੁਮ ਜੀਉ ਕੇ ਅਉਗੁਨ ਤਜੇ, ਸੁ ਕਾਰਨ ਕਉਨ ਅਗਾਧ ।
ਮੇਰੀ ਜਰਨਾ ਦੇਖ ਕੈ, ਮਤ ਕੋ ਸੀਖੈ ਸਾਧ । ਇਤਿ ਛਪੈ ਸਪੂਰਨ ਰਜਬ ਜੀ ਕੇ । ਸ੍ਰੀ ਵਾਹਿਗੁਰੂ ਜੀ । (ਪੱਤਰਾ ੩੩੫)

(ਹ) ਆਰਤਾ ਗੁਰੂ ਜੀ ਕਾ

ਆਰੰਭ—ਆਰਤਾ । ੴ ਸਤਿਗੁਰ ਪ੍ਰਸਾਦਿ । ਗੁਰੂ ਨਾਨਕੰ ਕ੍ਰਿਪਾਲ ਭਜ ਮਨ, ਸਗਲ ਦੋਖ ਬਿਨਾਸਨੰ ।... (ਪੱਤਰਾ ੩੩੫)

ਅੰਤ— ...ਭਜ ਦੀਨ ਬੰਧ ਗੁਰਦੇਵ ਨਾਨਕ, ਵਿਸ੍ਵਨਾਥ ਵਿਸ੍ਵੇਸਰੰ ॥੯॥
ਸ੍ਰੀ ਵਾਹਗੁਰੂ ਨਾਨਕ ਸਹਾਇ । (ਪੱਤਰਾ ੩੩੭)

(ਕ) ਕਥਾ ਸਤਜੁਗ ਕੀ

ਆਰੰਭ—ੴ ਸਤਿਗੁਰ ਪ੍ਰਸਾਦਿ । ਕਥਾ ਸਤਿਜੁਗ ਕੀ ਪੁਰਾਤਮੁ ਜਦਿ ਰਾਜੇ ਜਨਮੇਜੇ ਕੋ ਅਠਾਰਹ ਕੁਸਟ ਹੂਏ ਬ੍ਰਾਹਮਣ ਮਾਰੇ ਤੇ ।... (ਪੱਤਰਾ ੩੩੮)

ਅੰਤ— ...ਰਾਜੇ ਜਨਮੇਜੇ ਕੋ ਬਿਆਸ ਗੁਸਾਈ ਕਥਾ ਕਹਿ ਸੁਣਾਈ । ਕੁਸਟ ਉਤਾਰਣੇ ਕੀ ਨਿਮਿਤ ਸੋ ਕੁਸਟੁ ਉਤਾਰਿਆ । ਏਹੁ ਨਾਸਕੇਤੁ ਕੀ ਕਥਾ ਸਮਾਪਤੇ । ਕਥਾ ਪੂਰੀ ਹੋਈ ਗੁਰੂ ਗੋਬਿੰਦ ਜੀ ਕੋ ਨਮਸਕਾਰੁ ਹੈ ਜੀ । ਸਕਲ ਦੇਵਤਿਆਂ ਕਉ ਨਮਸਕਾਰੁ ਹੈ ਜੀ । (ਪੱਤਰਾ ੩੭੯)

ਇਸ ਤੋਂ ਅੱਗੇ ਭਾਈ ਗੁਰਦਾਸ ਜੀ ਕਾ ਇਕ ਸਵੈਯਾ, ਤੇ ਕੁਝ ਹੋਰ ਦੋਹਰੇ, ਸਵੈਯੇ, ਕਬਿੱਤ ਆਦਿ ਹਨ ।

(ਖ) ਗੋਸ਼ਟਿ ਮੱਕੇ ਮਦੀਨੇ ਕੀ

ਆਰੰਭ—ਗੋਸਟਿ ਬਾਬੇ ਨਾਨਕ ਜੀ ਕੀ ਕਾਜੀ ਰੁਕਨ ਦੀ ਨਾਲ ਹੋਈ । ੴ ਸਤਿਗੁਰ ਪ੍ਰਸਾਦਿ । ਬਾਬੇ ਦੀ ਅਤੇ ਕਾਜੀ ਰੁਕਨੁਲ ਆਲਮ ਦੀ ਸਲਾਮਾ ਅਲੇਕੀ ਹੋਈ । ਬਾਬੇ ਆਖਿਆ, "ਕਾਜੀ ਜੀ ! ਅਸੀ ਤੁਸਾਡੇ ਦੀਦਾਰ ਵਾਸਤੇ ਹਜਾਰਾਂ ਕੋਹਾਂ ਤੋਂ ਆਏ ਹਾਂ ।..." (ਪੱਤਰਾ ੩੮੪)

ਅੰਤ— ...ਨਾਨਕ ਦੋਸਤੀ ਤਉ ਭਲੀ, ਜੇ ਤੋੜ ਨਿਬਾਹੁ ॥ (ਪੱਤਰਾ ੪੪੯)

(ਗ) ਪੋਥੀ ਸ਼ਰਧਾ ਪੂਰਨ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਤਤਕਰਾ ਪੋਥੀ ਸਰਧਾ ਪੂਰਨ ਕਾ ਲਿਖਤੇ । ਏਕ ਸਮੇਂ ਭਾਈ ਨੰਦ ਲਾਲ ਜੀ ਗੁਰੂ ਗਰੀਬ ਨਿਵਾਜ ਦਸਵੇ ਪਾਤਿਸਾਹ ਜੀ ਅਗੇ ਬੇਨਤੀ ਕੀਤੀ...। (ਪੱਤਰਾ ੪੪੯)

ਅੰਤ— ...ਸ੍ਰੀ ਭਗਵਾਨ ਜੀ ਸ੍ਰੀ ਗੁਰੂ ਜੀ ਨੇ ਕਿਰਪਾ ਕੀਤੀ ਹੈ ।......ਸਤਿ ਕਰ ਮੰਨਣਾ ।...ਪੋਥੀ ਸੰਪੂਰਨ ਹੋਈ । ਸਤਿਗੁਰਾਂ ਦੇ ਪ੍ਰਸਨਾਂ ਨਾਲ ਅੰਮ੍ਰਿਤਸਰ ਜੀ ਵਿਚਿ, ਮਾਘ ਦੀ ੫ ਬੁਧਵਾਰ, ਸੰਮਤ ਅਠਾਰਾ ਸੈ ਨਥੇ ॥੧੯੯੦॥ (ਪੱਤਰਾ ੫੦੬)

੧੩੮. (ੳ) ਸਾਖੀਆਂ ਪਾਤਸ਼ਾਹੀਆਂ ਦਸਾਂ ਕੀਆਂ (ਨਲ ਦਾਮਾ ਚਰਿਤ੍ਰ ਸਮੇਤ) (ਨੰ. × . ਡਾ. ਮ. ਸਿੰ., ਐਂ. ਖ਼ਾ. ਸ.)

ਲਖਕ— ਸੇਵਾ ਦਾਸ, ਅੱਡਣ ਸ਼ਾਹੀ । ਆਕਾਰ— 6″×3½″, ਲਿਖਤ 4¼″×2¾″ ।

ਵੇਰਵਾ— ਪੱਤਰੇ ਸਾਖੀਆਂ ਦਸਾਂ ਪਤਸਾਹੀਆਂ ਕੀਆਂ ੧੩੩-੨੫੦ (੧੧੮) + ੬੫, ਨਲ ਦਾਮਾ ਚਲਿਤ੍ਰ ੧੩੨, ਕਥਾ ਸਤਜੁਗ ਕੀ ੬੫-੧੧੧, ਕੁੱਲ ਜੋੜ: ੩੬੧; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੇਂ ਅਸ਼ੁੱਧ ਵੀ ਹੈ; ਹਾਸ਼ੀਆਂ ਸਾਦਾ ਲਕੀਰਾਂ ਵਾਲਾ; ਅੰਤਲੇ ਪੱਤਰੇ ਫਟੇ ਹੋਏ ਹੋਣ ਕਰ ਕੇ ਪੁਸਤਕ ਨਾ-ਮੁਕਮਲ ਹੈ ।

ਸਮਾਂ— ਪੁਸਤਕ ਡੇਢ ਕੁ ਸੌ ਸਾਲ ਪੁਰਾਣੀ ਹੈ । ਲਿਖਾਰੀ— ਨਾਮਾਲੂਮ ।

ਆਰੰਭ—੧ਓ ਸਤਿਗਰ ਪ੍ਰਸਾਦਿ । ਅਥ ਸਾਖੀਆ ਪਾਤਿਸਾਹੀਆ ਦਸਾ ਕੀਆ ਮਹਲਾ ੧੦। ਪ੍ਰਥਮੇ ਦੇਸ ਮਹਲਾ ਕੇ ਨਾਮ ਲਿਖੇ...
ਸਚ ਖੰਡ ਸਤਿਗੁਰੁ ਬਸੈ, ਸੁਧੁ ਸਾਤਿਕੀ ਦੇਸੁ ।
ਬੇਗਮ ਪੁਰੁ ਹੈ ਨਗਰ ਕਾ ਨਾਮੁ, ਤਹਾ ਕੋਓ ਪਰਵੇਸ ॥ ੧ ॥
ਤਹ ਪੁਰ ਕੇ ਬਾਸੀ ਸਭੈ, ਸਹਜਿ ਸਰੂਪੀ ਸੰਤ ।
ਇਕ ਰਸ ਏਕੋ ਆਤਮਾ, ਚਾਲਹਿ ਏਕ ਮਤੰਤ ॥ ੨ ॥ (ਪੱਤਰੇ ੧੩੩-੩੪)

ਅੰਤ— ...ਸੇਵਾ ਦਾਸ ਉਦਾਸੀ ਕੀਨੀ ਪਰਚਰੀ । ਗੁਰੁ ਉਸਤਤਿ ਪੋਥੀ ਪ੍ਰੇਮ ਕੇ ਸਰਿ ਚਰਚਰੀ ।
ਗੁਰੁ ਉਸਤਤਿ ਬੇਅੰਤ ਅਗਮ ਅਪਾਰ ਜੀ । ਕਛੁ ਅਪਨੇ ਭਲੇ ਕਉ ਕੀਨਾ ਛੁਦ੍ਰ ਉਚਾਰ ਜੀ ॥
ਇਤਿ ਸ੍ਰੀ ਪਰਚੀ ਗੁਰੂ ਗੋਬਿੰਦ ਸਿੰਘ ਜੀ ਕੀ ਸੰਪੂਰਣੰ ਸਮਾਪਤੰ । ਸਾਖੀਆਂ ਪੰਜਾਹ ਹੋਇ ਚੁਕੀਆਂ, ਪਰਚੀ ਏਕ ਹੋਇ ਚੁਕੀ ॥ ੫੨ ॥ ੫੦ ॥ ੨ ॥ (ਪੱਤਰਾ ੬੫)

(ਅ) ਨਲ ਦਾਮਾ ਚਰਿਤ੍ਰ (ਲੇਖਕ-ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰਸਤਿ ਸ੍ਰੀ ਗਣੇਸਾਇ ਨਮਹ । ਅਥ ਨਲ ਦਾਮਾ ਚਲਿਤ੍ਰ ਹਰਿ ਭਗਤਿ ਕਥਾ ਲਿਖਤੇ ॥
ਦੋਹਰਾ ॥ ਸ੍ਰੀ ਗਣਿਪਤਿ ਕੋ ਚਿਤ ਧਰਿ, ਸਰਬ ਸਿੱਧ ਦੇ ਤੋਰ ।
ਸਾਰਸੁਤੀ ਸੋਂ ਪ੍ਰੀਤਿ ਕਰਿ, ਬਾਢਤ ਹੈ ਬਲ ਭੋਰ ॥ ੧ ॥ (ਪੱਤਰਾ ੧)

ਅੰਤ— ...ਹਰੀ ਭਗਤਿ ਅਰੁ ਧਰਮ ਸੁਤ, ਕੀਨਾ ਬਹਿ ਸੰਬਾਦ ।
ਨਲ ਦਾਮਾ ਬਿਪਤਾ ਸਹੀ, ਸੁਰਗਣ ਕੀਏ ਨ ਯਾਦ ॥ ੫੬੫ ॥
ਇਤਿ ਨਲ ਦਾਮਨ ਸਮਾਪਤੰ (ਪੱਤਰਾ ੧੩੧)

ਇਸ ਤੋਂ ਅੱਗੇ ਪੱਤਰਾ ੧੩੨ ਖ਼ਾਲੀ ਹੈ ਤੇ ਫੇਰ "ਸਤਜੁਗ ਦੀ ਪੁਰਾਤਮ ਕਥਾ" ਪੱਤਰਾ ੧੧੧ ਤੋਂ ਚਲਦੀ ਹੈ ਜੋ ਅੰਤਲੇ ਪੱਤਰੇ ਗੁੰਮ ਹੋਣ ਕਰ ਕੇ ਅਧੂਰੀ ਹੈ । ਸ਼ੁਰੂ ਵਿਚ ਇਸ ਪੁਸਤਕ ਦਾ ਨਾਮ 'ਨਲ ਦਾਮਾ' ਹੈ ਤੇ ਅੰਤ ਵਿਚ 'ਨਲ ਦਾਮਨ', ਜੋ ਅਸਲ ਵਿਚ 'ਨਲ ਦਮਯੰਤੀ' ਦਾ ਹੀ ਅਪਭ੍ਰੰਸ਼ ਹੈ ।

੧੩੯. ਪਰਚੀ ਪਾਤਸ਼ਾਹੀ ੧੦ ਕੀ (ਨੰ. ੨੫੪, ਡਾ. ਵਿ.)

ਲੇਖਕ—ਸੇਵਾ ਦਾਸ, ਅੱਡਣ ਸ਼ਾਹੀ । ਆਕਾਰ—11¾″ × 8¾″ ਲਿਖਤ 8″ × 6″ ।

ਵੇਰਵਾ—ਪੱਤਰੇ ੩੮੩-੪੫੩ (੭੧); ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ

ਵਾਲਾ; ਇਹ ਪੁਸਤਕ ਚੂਕਿ ਪਹਿਲਾਂ ਕਿਸੇ ਹੋਰ ਪੁਸਤਕ ਦਾ ਅੰਤਲਾ ਭਾਗ ਸੀ, ਇਸ ਲਈ ਇਸ ਦੇ ਪੱਤਰਿਆਂ ਦੀ ਗਿਣਤੀ ੩੮੩ ਤੋਂ ਸ਼ੁਰੂ ਹੁੰਦੀ ਹੈ ।

ਸਮਾਂ— ਇਕ ਸੌ ਸਾਲ ਤੋਂ ਵੱਧ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ- (ਗੁਰੂ ਨਾਨਕ ਦੇ ਨਾਂ ਤੇ ਲਿਖੇ ਮੰਤਰਾਂ ਦਾ ਅੱਧਾ ਪੱਤਰਾ ਛੱਡ ਕੇ) ੧ੳ ਸਤਿਗੁਰ ਪ੍ਰਸਾਦਿ । ਅਥ ਪਰਚੀ ਪਾਤਸਾਹੀ ਦਸਵੀ ਕੀ, ਮਹਲਾ ੧੦ ॥ ਪ੍ਰਥਮੇ ਦਸਾ ਮਹਲਾ ਕੇ ਨਾਮ ਲਿਖੇ । ਗੁਰੂ ਨਾਨਕ ਜੀ ॥੧॥ ਗੁਰੂ ਅੰਗਦ ਜੀ ॥੨॥ ਗੁਰੂ ਅਮਰ ਦਾਸ ਜੀ ॥੩॥... (ਪੱਤਰਾ ੩੮੩)

ਪ੍ਰਥਮੇ ਸਾਖੀ ਪਹਲੇ ਮਹਲ ਕੀ ਤੁਰੀ । ਜਬ ਗੁਰੂ ਨਾਨਕ ਜੀ ਪਹਲੇ ਮਹਲਿ ਰਮਤ ਕਰਤੇ ਸੁਮੇਰ ਪਰਬਤ ਊਪਰਿ ਜਾਇ ਖੜੇ ਹੋਏ ।... (ਪੱਤਰਾ ੩੮੪)

ਅੰਤ- ...ਜਿਸ ਜਿਸ ਭਾਵਨੀ ਕਰਿ ਕੈ ਕੋਊ ਪੂਜਾ ਚਾੜ੍ਹਤਾ ਹੈ ਸੋ ਸੋ ਭਾਵਨੀਆ ਗੁਰੂ ਪੂਰਨ ਕਰਤਾ ਹੈ । ਊਹਾ ਛਤ੍ਰੀ ਅੰਮ੍ਰਿਤ ਪ੍ਰਸਾਦਿ ਲੇਤੇ ਹੈ । ਸਭ ਸਿਖ ਸੰਤ ਭੁੰਚਤੇ ਹਹਿ । ਸਰਬ ਪ੍ਰਕਾਰ ਉਹ ਅਸਥਾਨ ਜੀਵਹੁ ਕੀ ਕਾਮਨਾ ਪੂਰਨ ਕਰਤਾ ਹੈ ॥੫੦॥ ਫੁਨਹਾ ॥

ਸੇਵਾ ਦਾਸ ਉਦਾਸੀ ਕੀਨੀ ਪਰਚਰੀ । ਗੁਰ ਉਸਤਤ ਕੀ ਪੋਥੀ ਪ੍ਰੇਮ ਕੇ ਸਰ ਚਰਚਰੀ ।
ਗੁਰ ਉਸਤਤਿ ਬੇਅੰਤ ਅਗਮ ਅਪਾਰ ਜੀ । ਕਛੁ ਆਪਨੇ ਭਲੇ ਕਉ ਕੀਨਾ ਛੁਦ੍ਰ ਉਚਾਰ ਜੀ ॥੧॥

ਇਤਿ ਪਰਚੀ ਗੁਰੂ ਗੋਬਿੰਦ ਸਿੰਘ ਜੀ ਕੀ ਸੰਪੂਰਣੰ ਸਮਾਪਤੰ । ਸਾਖੀਆਂ ਪੰਜਾਹ ਹੋਇ ਚੁਕੀਆ । ਪਰਚੀ ਏਕ ਹੋਇ ਚੁਕੀ ॥੧॥

ਦੋਹਰਾ ॥ ਪੜ੍ਹਿ ਸੁਨਿ ਮਨ ਸਮਝਾਈਐ, ਸੰਤ ਜਨਾ ਕੋ ਭੇਦ ।
ਹੋਇ ਮੁਕਤ ਸੰਸਾਰ ਤੇ, ਕਬਹੂ ਨ ਪਾਵੈ ਖੇਦੁ ॥੧॥ (ਪੱਤਰਾ ੪੫੩)

੧੮੦. (ੳ) ਪਰਚੀਆਂ ਪਾਤਸ਼ਾਹੀ ੧੦ (ਰਤਨ ਮਾਲਾ ਮ: ੧ ਸਮੇਤ) (ਨੰ. ×, ਸ਼. ਸਿੰ. ਅ.)

ਲੇਖਕ— ਸੇਵਾ ਰਾਮ, ਅੱਡਣ ਸ਼ਾਹੀ । ਆਕਾਰ–6″ × 3¾″, ਲਿਖਤ 3¾″ × 2½″ ।

ਵੇਰਵਾ— ਪੱਤਰੇ ੩੧੧-੫੩੬; ਪ੍ਰਤੀ ਸਫ਼ਾ ੭ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿੱਚ ਹੈ, ਪੁਸਤਕ ਦੇ ਪੱਤਰੇ ਚੂੰਕਿ ੩੧੧ ਤੋਂ ਸ਼ੁਰੂ ਹੁੰਦੇ ਹਨ ਤੇ ਭਾਈ ਗੁਰਦਾਸ ਦੇ ਕਬਿੱਤ ਸਵੈਯਾਂ ਦੀ ਅੰਤਲੀ ਤੁਕ—..."ਰ ਦੇਵ ਸੁਮੇਵ ਸੁ ਸੰਗਤਿ ਪੈਰੀ ਪਏ, ਭਾਈ ਪੈਰੀ ਪਏ ਹੈ ॥੫੫੬॥" ਇਸ ਪੱਤਰੇ ਦੇ ਮੁੱਢ ਵਿਚ ਲਿਖੀ ਮਿਲਦੀ ਹੈ, ਇਸ ਲਈ ਮਾਲੂਮ ਹੁੰਦਾ ਹੈ ਕਿ ਇਸ ਦੇ ਨਾਲ ਇਸ ਤੋਂ ਪਹਿਲਾਂ 'ਕਬਿੱਤ ਸਵੈਯੇ' ਹੱਥ ਲਿਖਿਤ ਸੰਬੰਧਿਤ ਰਹੀ ਹੋਵੇਗੀ ।

ਸਮਾਂ- ਇਕ ਸੌ ਸਾਲ ਤੋਂ ਵੱਧ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ- ੧ੳ ਸਤਿਗੁਰ ਪ੍ਰਸਾਦਿ । ਅਥ ਪਰਚੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ ਪਾਤਸਾਹੀ ਦਸੁ ॥੧੦॥ ਪ੍ਰਥਮੇ ਦਸਾਂ ਮਹਲਾਂ ਕੇ ਨਾਮ ਲੀਖੇ । ਫੇਰਿ ਦਸਾਂ ਮਹਲਾਂ ਕੀ ਉਸਤਤਿ ਕੇ ਸਲੋਕੁ ਲੀਖੇ । ਫੇਰਿ ਦਸਾਂ ਮਹਲਾਂ ਕੀਆਂ ਸਾਖੀਆਂ ਲੀਖੀਆਂ । ਗੁਰੂ ਨਾਨਕ ਜੀ ॥੧॥ ਗੁਰੂ ਅੰਗਦ ਜੀ ॥੨॥ ਗੁਰੂ ਅਮਰ ਦਾਸ ਜੀ ॥੩॥ ਗੁਰੂ ਰਾਮ ਦਾਸ ਜੀ ॥੪॥ (ਪੱਤਰਾ ੩੧੧)

ਅਥ ਪ੍ਰਥਮੇ ਸਾਖੀ ਪਹਿਲੇ ਮਹਲ ਕੀ ਤੁਰੀ । ਜਬ ਗੁਰੂ ਨਾਨਕ ਜੀ ਰਮਤ ਕਰਤੇ ਥੇ ਸੁਮੇਰ ਪਰਬਤ ਪਰਿ ਜਾਇ ਖੜੇ ਹੁਏ । ਤਬ ਊਹਾਂ ਨਉ ਨਾਥ ਚਉਰਾਸੀ ਸਿਧ ਥੇ ਅਰ ਛਿਆ ਜਤੀ ਥੇ । ਤਿਨ ਸਭਨਹੁ ਮਹਿ ਮੁਖੀ ਗੁਰ ਗੋਰਖ ਥਾ । ਤਿਨਹੁ ਸਾਥਿ ਮੇਲਾ ਗੁਰੂ ਬਾਬੇ ਜਾਇ ਕੀਆ । (ਪੱਤਰੇ ੩੧੪-੧੫)

ਅੰਤ— ...ਨਦੇੜ ਨਗਰੁ ਗੁਰੂ ਜੀ ਕਾ ਦੇਹੁਰਾ ਹੂਆ । ਬਹੁਤੁ ਖਾਲਸੇ ਕਾ ਨਿਵਾਸ ਹੈ । ਗੁਰੂ ਜੀ ਕੀ ਸਤਿਆ ਬਰਤਤੀ ਹੈ ਅਰੁ ਨਾਨਾ ਪ੍ਰਕਾਰ ਕੇ ਭੋਜਨ ਹੋਤੇ ਹਹਿ । ਅਤੀਤ ਅਭਿਆਗਤਿ ਅਰੁ ਖਾਲਸਾ ਖਾਵਤਾ ਹੈ, ਸਦ ਹੀ ਹਰਿ ਜਸੁ ਹਰਿ ਚਰਚਾ ਹੋਤੀ ਹੈ । ਜਿਹ ਜਿਹ ਭਾਵਨੀ ਕਰਿ ਕੈ ਕੋਈ ਊਹਾ ਪੂਜਾ ਚਾੜ੍ਹਤਾ ਹੈ ਸੋ ਭਾਵਨੀ ਗੁਰੂ ਪੂਰਨ ਕਰਤਾ ਹੈ । ਬੋਲਹੁ ਭਾਈ ਜੀ ਵਾਹਗੁਰੂ, ਸਾਖੀਆਂ ਪੰਜਾਹ ਸਪੂਰਨ ਲਿਖੀਆ ॥੫੦॥ ਫੁਨਹਾ ॥

ਸੇਵ ਦਾਸ ਉਦਾਸੀ ਕੀਨੀ ਪਰਚਰੀ ।
ਗੁਰ ਉਸਤਤਿ ਕੀ ਪੋਥੀ ਪ੍ਰੇਮ ਕੇ ਸਰ ਚਰਚਰੀ ।

ਗੁਰ ਉਸਤਤ ਬੇਅੰਤ ਅਗਮ ਅਪਾਰ ਜੀ ।
ਕਛੂ ਅਪਨੇ ਭਲੇ ਕਉ ਕੀਨ ਛੂਦ੍ਰ ਉਚਾਰ ਜੀ ॥੧॥
ਇਤਿ ਪਰਚੀ ਗੁਰੂ ਗੋਬਿੰਦ ਸਿੰਘ ਜੀ ਕੀ ਸਪੂਰਨੰ ਸਮਾਪਤੰ ॥੧॥ (ਪੱਤਰੇ ੫੨੫-੨੬)

(ਅ) ਰਾਗ ਰਾਮਕਲੀ ਰਤਨ ਮਾਲਾ (ਮਹਲਾ ੧)

ਆਰੰਭ— ੧ਓ ਸਤਿਗੁਰ ਪ੍ਰਸਾਦਿ ।
ਆਸਨੁ ਸਾਧ ਨਿਰਾਲਮੁ ਰਹੈ । ਪੰਚ ਤਤ ਕਾ ਨਿਗ੍ਰਹ ਗਹੈ ।
ਥੋੜੀ ਨਿਦ੍ਰਾ ਅਲਪ ਅਹਾਰੀ । ਸਾਧ ਕਾ ਪਿੰਡ ਸਦਾ ਬੀਚਾਰੀ ॥੧॥ (ਪੱਤਰਾ ੫੨੭)

ਅੰਤ— ...ਬੈਰਾਗੀ ਸੋ ਜੋ ਬੈਰਾਗ ਮਹਿ ਆਵੈ । ਸਿਵ ਕੇ ਆਗੈ ਸਕਤਿ ਨਿਵਾਵੈ ।
ਸਿਵ ਸਕਤੀ ਕੇ ਕਰਮ ਕਰੈ । ਅਜਰੁ ਵਸਤੁ ਅਗੋਚਰੁ ਜਰੈ ।
ਤਾਮਸ ਤਿਸਨਾ ਮਮੈ ਤਿਆਗੀ । ਨਾਨਕ ਕਹੈ ਸੋਈ ਬੈਰਾਗੀ ॥੨੫॥੧॥
ਰਤਨ ਮਾਲਾ ਸੁਧੁ ਉਤਾਰ ਕੀਤਾ ਗਿਰੰਥ ਕਾ, ਅਖਰੀ ਤੋਰਕੀ ਸੀ ਭੀ ਅਖਰੀ ਗੁਰਮੁਖੀ ਲਿਖੀ ॥੧॥
(ਪੱਤਰਾ ੫੩੬)

੧੬੪੧. **(ੳ) ਪਰਚੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਆਂ** (ਵਾਰ ਸ੍ਰੀ ਅਮ੍ਰਿਤਸਰ ਕੀ ਆਦਿ)
(ਨੰ. ੮੩੭੫, ਗੁ. ਰਾ. ਦਾ. ਲਾ. ਅ.)

ਲੇਖਕ— ਸੇਵਾ ਦਾਸ, ਅੱਡਣ ਸ਼ਾਹੀ । ਆਕਾਰ—$6\frac{1}{4}'' \times 6\frac{3}{4}''$, ਲਿਖਤ $4'' \times 5\frac{1}{2}''$ ।

ਵੇਰਵਾ— ਪੱਤਰੇ ੩੪੪ × ੩੪ = ੩੭੮; ਪ੍ਰਤੀ ਸਫ਼ਾ ੧੧ ਸਤਰਾ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਸਾਫ਼ ਤੇ ਸ਼ੁੱਧ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਮੁੱਢਲਾ ਪੱਤਰਾ ਨਿਚਲੇ ਪਾਸਿਓਂ ਕੁਝ ਫਟਿਆ ਹੋਇਆ; ਪੁਸਤਕ ਸਜਿਲਦ, ਜੋ ਕੁਝ ਖ਼ਸਤਾ, ਪਰ ਅੱਛੀ ਹਾਲਤ ਵਿਚ ਹੈ ।

ਸਮਾਂ— ਨਿਸ਼ਚਿਤ ਨਹੀਂ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਪਰਚੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਪਾਤਸਾਹੀ ਦਸਵੀ, ਮਹਲਾ ੧੦ । ਪ੍ਰਥਵੇਂ ਦਸਾ ਮਹਲਾ ਕੇ ਨਾਮ ਲਿਖੇ । ਫੇਰਿ ਦਸਾ ਮਹਲਾ ਕੀ ਉਸਤਤਿ ਕੇ ਸਲੋਕ ਲਿਖੇ । ਫੇਰਿ ਦਸਾ ਮਹਲਾ ਕੀਆ ਸਾਖੀਆ ਲਿਖੀਆਂ ।...
ਸਚਖੰਡ ਸਤਿਗੁਰ ਬਸੈ, ਸੁਧ ਸਾਂਤਕੀ ਦੇਸ ।
ਬੇਗਮ ਪੁਰ ਹੈ ਨਗਰ ਨਾਮੁ, ਤਹਾਂ ਕੀਓ ਪਰਵੇਸੁ ॥ ੧ ॥
ਤਿਹ ਪੁਰ ਕੇ ਬਾਸੀ ਸਭੈ, ਸਹਜਿ ਸਰੂਪੀ ਸੰਤ ।
ਇਕ ਰਸ ਏਕੋ ਆਤਮਾ, ਚਾਲਹਿ ਏਕ ਮਤੰਤ ॥ ੨ ॥ (ਪੱਤਰਾ ੧)

ਅੰਤ— ੫੦ ॥ ਪੰਜਾਹ ਸਾਖੀਆ ਹੋਇ ਚੁਕੀਆ । ਫੁਨਹੇ ।
ਸੇਵਾ ਦਾਸ ਉਦਾਸੀ ਕੀਨੀਂ ਪਰਚਰੀ । ਗੁਰੂ ਉਸਤਤਿ ਕੀ ਪੋਥੀ ਪ੍ਰੇਮ ਕੇ ਸਰਿ ਚਰਚਰੀ ।
ਗੁਰ ਉਸਤਤਿ ਬੇਅੰਤ ਅਗੰਮ ਅਪਾਰ ਜੀ । ਕਛੂ ਅਪਨੇ ਭਲੇ ਕਉ ਕੀਨਾ ਛੂਦ੍ਰ ਉਚਾਰ ਜੀ ॥ ੧ ॥
ਇਤਿ ਪਰਚੀ ਗੁਰੂ ਗੋਬਿੰਦ ਸਿੰਘ ਜੀ ਕੀ ਸੰਪੂਰਣੰ ਸਮਾਪਤੰ ।
ਅਭੁਲ ਗੁਰੂ ਹੈ । ਵਾਹਗੁਰੂ ਜੀ ਕੀ ਫਤੇ ਹੈ । (ਪੱਤਰਾ ੧੦੨)

(ਅ) **ਵਾਰ ਅੰਮ੍ਰਿਤਸਰ ਕੀ** (ਕਵੀ ਦਰਸ਼ਨ ਸਿੰਘ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਵਾਰ ਅੰਮ੍ਰਿਤਸਰ ਕੀ ।
ਅੰਮ੍ਰਿਤਸਰ ਜਲ ਅੰਮ੍ਰਿਤ ਤੇਰਾ, ਚਾਰਿ ਕਟ ਮਿਲਿ ਆਵੈ ।...
ਦਰਸਨ ਕੀਤੇ ਪਾਪ ਖੰਡਨਿ, ਜਨਮ ਮਰਨ ਮਿਟ ਜਾਵੈ ।
ਕਹੁ ਜੀ ਦਰਸਨੁ ਅੰਮ੍ਰਿਤਸਰ ਕੌ, ਨਾਵਨੁ ਵਡਭਾਗੀ ਕੋ ਪਾਵੈ ॥ ੧ ॥ (ਪੱਤਰਾ ੧੦੨)

ਅੰਤ— .. ਕਹੁ ਜੀ ਸਦਾ ਸਦਾ ਹਰਿ ਮੀਰੀ, ਪੀਰੀ ਘਰਿ ਨਾਨਕ ਦੇ ਆਈ ॥ ੪੫ ॥
ਵਾਰ ਅੰਮ੍ਰਿਤਸਰ ਕੀ ਸੰਪੂਰਨ ਹੋਈ ।... (ਪੱਤਰਾ ੧੧੦)

(ਦ) ਸੁਭ ਮਤਾਂ (ਲੇਖਕ-ਨਾਮਾਲੂਮ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸ੍ਰੀ ਕ੍ਰਿਸਨ ਜੀ ਸਹਾਇ ।
ਕਿਥੋ ਆਇਉ ਜੀਵੜੇ, ਕਿਥੇ ਜਾਸੀ ਵਤ ।
ਅਖੀ ਵੇਖ ਉਘਾੜ ਕੇ, ਲੈ ਸਾਧਾਂ ਦੀ ਮਤ ।
ਖੁਦੀ ਖਰਾਬ ਕਰੇਸੀਆ, ਏਹ ਪੰਡ ਸਿਰ ਤੂ ਸਟ । (ਪੱਤਰਾ ੧੧੦)
ਹੋਇ ਨਿਮਾਣਾ ਜਗ ਰਹੁ, ਰਹੇ ਇਸੇ ਵਿਚ ਪਤ ॥ ੧ ॥

ਅੰਤ- ...ਤਨ ਵਸ ਨਾ ਕੀਤੋ ਆਪਣਾ ਕਿਉਂ ਤਨ ਵਸ ਹੋਇਉਂ ਅੰਧ ।
ਦਸ ਕਿਤਨਾ ਕੁ ਦੇਸੀ ਲੇਪਨ, ਇਨ ਕੁਲਰ ਖਾਧੀ ਕੰਧ । (ਪੱਤਰਾ ੧੧੯)
ਇਸ ਢਹਿ ਢੇਰੀ ਹੋਇ ਜਾਵਣਾ, ਤੂ ਕੇਹਾ ਕਰੇ ਅਰੰਭ ॥ ੫੩ ॥

(ਸ) ਤਨਖ਼ਾਹ ਨਾਮਾ ਪਾਤਸਾਹੀ ੧੦ (ਭਾਈ ਨੰਦ ਲਾਲ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਤਨਖਾਹਿ ਨਾਮਾ ਪਾਤਸਾਹੀ ੧੦ ।
ਪ੍ਰਸਨ ਭਾਈ ਨੰਦ ਲਾਲ ਕਾ, ਵਾਕ ਗੁਰੂ ਗੋਬਿੰਦ ਸਿੰਘ ਜੀ ਕੇ । (ਪੱਤਰਾ ੧੨੧)
ਦੋਹਰਾ ॥ ਪ੍ਰਸੰਨ ਕੀਆ ਨੰਦ ਲਾਲ ਜੀ, "ਗੁਰੂ ! ਬਤਾਈਐ ਮੋਹਿ ।..."

ਅੰਤ— ਸਵਾ ਲਾਖ ਜਬ ਧੁਖੇ ਪਲੀਤਾ । ਤਬ ਖਾਲਸੇ ਉਦੋ ਅਸਤਿ ਲਉ ਜੀਤਾ ।
ਦੋਹਰਾ ॥ ਰਾਜ ਕਰੇਗਾ ਖਾਲਸਾ, ਆਕੀ ਰਹੈ ਨ ਕੋਇ ।
ਖੁਆਰੁ ਹੋਇ ਸਭਿ ਮਿਲੈਗੀ, ਬਚੈ ਸਰਨਿ ਜੋ (ਹੋ)ਇ ॥
ਇਤ ਸ੍ਰੀਨ ਸ੍ਰੀਅਤਿ ਨਾਮਾ ਸੰਪੂਰਨਿ, ਪੜੈ ਸੁਣੈ ਮੋਖ ਮੁਕਤਿ ਪਾਵੈ ।
ਦੋਹਰਾ ॥ ਲਾਲ ਮੋਲਿ ਕਾਗਦ ਭਇਆ, ਮਸ ਭਈ ਹੀਰਾ ਅਮੋਲ ।
ਲੇਖਨਿ ਭਈ ਸੌ ਲਾਖ ਕੀ, ਲਿਖ ਨ ਸਕਉਂ ਦੋਇ ਬੋਲਿ ॥...
ਦੋਹਰਾ ॥ ਪ੍ਰੀਤ ਨ ਐਸੀ ਚਾਹੀਐ, ਖਣ ਆਵੈ ਖਣ ਜਾਇ ।
ਪ੍ਰੀਤਿ ਜੋ ਐਸੀ ਲਾਈਐ, ਪ੍ਰੀਤਿ ਰਹੈ ਸਿਰੁ ਜਾਇ ॥ ੫ ॥ (ਪੱਤਰੇ ੧੨੪-੨੫)

(ਹ) ਸਾਰ ਗੀਤਾ (ਲੇਖਕ—ਨਾਮਾਲੂਮ)

ਆਰੰਭ— ੧ੴ ਸਤਿਗੁਰੁ ਪ੍ਰਸਾਦਿ । ਸ੍ਰੀ ਗਣੇਸਾਇ ਨਮਹ । ਸਾਰ ਗੀਤਾ । ਅਰਜਨੋਵਾਚ । ਅਰਜਨ ਸ੍ਰੀ ਕ੍ਰਿਸਨ ਭਗਵਾਨ ਪਹਿ
ਪ੍ਰਸਨੁ ਕਰੈ ਹੈ ।... (ਪੱਤਰਾ ੧੨੫)

ਅੰਤ— ...ਜੋ ਪਾਠ ਮਾਤ੍ਰ (ਇਸ ਗੀਤਾ ਕਾ) ਕਰੈ ਸੋ ਭੀ ਬਿਸਨ ਕੇ ਬਿਦਿਮਾਨ ਜਾਇ ਪ੍ਰਾਪਤਿ ਹੋਇ, ਇਸ ਤੇ ਬਹੁਤੁ ਕੋ ਕਹੋ ॥ ੧ ॥
ਇਤਿ ਸ੍ਰੀ ਭਗਵਤਿ ਗੀਤਾ ਸਪੂਰਨੁ ਲਿਖੀ ਗੁਰ ਪ੍ਰਸਾਦਿ । ਬਖਸਣਾ ਗੁਰੂ ਕਾ ਸਦਕਾ । (ਪੱਤਰਾ ੧੩੨)

(ਕ) ਪ੍ਰਾਨ ਸੰਗਲੀ (ਗੁਰੂ ਨਾਨਕ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਲਿਖੰਤ ਪ੍ਰਾਨ ਸੰਗਲੀ । ਸੁੰਨ ਮਹਲ ਕੀ ਕਥਾ । ਨਿਰੰਕਾਰ ਕਾ ਧਿਆਨੁ । ਗੁਹਜੀ ਬਾਣੀ । ਬਾਬੇ ਕਾ ਬੋਲਣਾ । ਪ੍ਰਾਣ ਪਿੰਡਿ ਕਾ ਮਥੰਤੁ । ਸਮੁੰਦ੍ਰ ਕੈ ਪਾਰਿ ਹੋਈ । ਰਾਜੇ ਸਿਵਨਾਭੁ ਕੈ ਦੇਸਿ ਵਿਚਿ ਹੋਈ । ਤਦਹੁ ਬਾਬਾ ਪਉਣ ਅਹਾਰੀ ਥਾ । ਧਿਆਉ ਪਹਿਲਾ ਆਸਾ ਕਾ ॥ ੧ ॥ ਸਲੋਕੁ ॥
ਅਗਮ ਨਿਗਮ ਕੀ ਕਥਾ ਕੋ, ਮੋਹਿ ਸੁਨਾਵੈ ਆਇ ।
ਜਿਨ ਕੀਆ ਪ੍ਰਗਾਸ ਸੁੰਨਿ ਤੇ, ਨਾਨਕ ਰੰਗਿ ਬਨਾਇ ॥ ੨ ॥ (ਪੱਤਰਾ ੧੩੨)

ਅੰਤ- ਚਾਰਿ ਲਾਖ ਬਤ੍ਰੀ ਹਜਾਰ ਕਲਿਜੁਗਿ ਕੀ ਮਿਰਜਾਦਾ । ਤਰੇਤ੍ਰੀ ਕਰੋੜੀ ਛਿਵੰਜਹ ਲਖ ਨੜੰਨਵੇ ਹਜਾਰ । ਵਾਹੁਗੁਰੂ ਦੀ ਮਿਰਜਾਦਾ । ਜੁਗਾਵਲੀ ਸੰਪੂਰਨੁ ਹੋਈ । ਵਾਹੁਗੁਰੂ, ਵਾਹੁਗੁਰੂ, ਵਾਹੁਗੁਰੂ, ਵਾਹੁਗੁਰੂ ਜੀ । (ਪੱਤਰਾ ੩੩੬)

(ਖ) ਗਰਭ ਗੀਤਾ (ਲੇਖਕ—ਨਾਮਾਲੂਮ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਗਰਭ ਗੀਤਾ । ਸ੍ਰੀ ਕ੍ਰਿਸਨ ਜੀ ਕੇ ਮੁਖ ਵਾਕ ਅਰਜਨ ਕਉ ਕਹੇ ਹੈ । ਅਰਜਨ ਸ੍ਰੀ ਕ੍ਰਿਸਨ ਜੀ ਪਾਸਹੁ ਪ੍ਰਸ਼ਨੁ ਪੂਛਤਾ ਹੈ, ਸ੍ਰੀ ਕ੍ਰਿਸਨੁ ਜੀ ਉਤਰੁ ਦੇਤਾ ਹੈ ।... (ਪੱਤਰਾ ੩੩੭)

ਅੰਤ— ਜਿਨਿ ਭਰਤੇ ਹੋਦੇ ਅਵਰ ਸਿਉ ਸੰਗੁ ਕੀਤਾ ਹੈ, ਬਾਲਤਣ ਵਿਧਵਾ ਹੁੰਤੀ ਹੈ ॥ ੩੦ ॥ ਬੋਲਹੁ ਭਾਈ ਜੀ ਵਾਹਗੁਰੂ। ਗਰਭ ਗੀਤਾ ਸੰਪੂਰਨੁ ਹੋਇਆ। (ਪੱਤਰਾ ੩੪੪)

(ਗ) ਦੋਹਰੇ ਵਲੀ ਰਾਮੁ ਕੇ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਦੋਹਰੇ ਵਲੀ ਰਾਮੁ ਕੇ।
ਕਰਮ ਕੂਪ ਤਉ ਲਉ ਖੁਦੇ, ਜਉ ਲਉ ਮਾਟੀ ਹੋਇ।
ਗਿਆਨ ਨੀਰ ਨਿਕਸੇ ਵਲੀ, ਕਸੀ ਨ ਮਾਰੇ ਕੋਇ ॥ ੧ ॥ (ਪੱਤਰਾ ੧)

ਅੰਤ— ਜੋ ਗੁਰ ਕੀ ਆਗਿਆ ਬਾਹਰਿ ਹੈ। ਸੋ ਸੇਵਕ ਨਹੀਂ ਨਾਹਰ ਹੈ।
ਅਬਿਬੇਕੀ ਕਾ ਘਰੁ ਲੂਟੈ ਹੈ। ਕੋਈ ਪਰਮ ਬਿਬੇਕੀ ਛੂਟੈ ਹੈ ॥ ੮ ॥ (ਪੱਤਰਾ ੨)

(ਘ) ਝੂਲਣੇ ਵਲੀ ਰਾਮ ਜੀ ਕੇ

ਆਰੰਭ— ਯਹ ਲੋਨ ਕੀ ਪੂਤਲੀ ਦੇਖਤੇ ਹੋ, ਸਾਗਰ ਕੇ ਥਾਹ ਕੋ ਜਾਤੀ ਹੈ।
ਉਹਾ ਜਾਇ ਕੇ ਆਵਨਾ ਫਿਰਿ ਨਹੀਂ, ਅਤਿ ਪ੍ਰੇਮ ਕੇ ਰੰਗ ਸੋਂ ਮਾਤੀ ਹੈ। (ਪੱਤਰਾ ੨)

ਅੰਤ— ਜੋ ਸਭ ਦੀ ਨੈਨੀ ਦੇਖਤਾ ਹੈ ਤਿਸੁ ਦੇਖਤੇ ਕੋ ਆਜ ਦੇਖਿ ਲੀਜੈ।
ਜੋ ਸਭ ਦੀ ਰਸਨੀ... ॥ ੨੧ ॥ (ਪੱਤਰਾ ੬)

ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਪਾਠ ਇਨ੍ਹਾਂ ਝੂਲਣਿਆਂ ਦਾ ਨਹੀਂ ਮਿਲਦਾ।

(ਙ) ਕਥਾ ਗੁਰੂ ਬਾਬੇ ਨਾਨਕ ਜੀ ਦੀ (ਲੇਖਕ-ਨਾਮਾਲੂਮ)

ਆਰੰਭ—੧ਓ ਸਤਿਗੁਰ ਪ੍ਰਸਾਦਿ। ਕਥਾ ਚਲੀ ਗੁਰੂ ਬਾਬੇ ਨਾਨਕੁ ਜੀਉ ਕੀ। ਰਾਜੇ ਅਤੁ ਚੋਰ ਕੀ। ਜੋ ਅਨੇਰੇ ਵਿਚਿ ਮਨੁਖ ਬੈਠੇ ਹੋਇ ਜਾਂ ਕਿਸੇ ਕੋਠੇ ਵਿਚਿ ਵਸਤੁ ਹੋਵੈ ਤਾ ਬਿਨਾ ਚਾਨਣੇ ਹੋਇ ਕਿਸੇ ਦਿਸ ਆਵੈ ਨਹੀਂ।... (ਪੱਤਰਾ ੭)

ਅੰਤ— .. ਮੰਨੈ ਨਾਨਕ ਭਵੈ ਨ ਭਿਖੁ। ਜਦਿ ਸਿਖੁ ਕਉ ਐਸੀ ਦ੍ਰਿੜਤਾ ਆਵੈ ਗੁਰੂ ਕੇ ਬਚਨਿ ਕੀ ਤਉ ਸਿਖੁ ਮੁਕਤਿ ਹੋਇ। ਬਿਨੁ ਦ੍ਰਿੜਤਾ ਥੀ ਮੁਕਤਿ ਬਿਹੂਨਾ ਹੋਇ। ਬੋਲਹੁ ਵਾਹਗੁਰੂ ਜੀ, ਧੰਨ ਗੁਰੂ ਜੀ, ਪੂਰਾ ਗੁਰੂ ਜੀ। (ਪੱਤਰਾ ੧੪)

(ਚ) ਪਰੀਛਾ ਗੁਰੂ ਨਾਨਕ ਕਾ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਪਰੀਛਾ ਗੁਰੁ ਨਾਨਕ ਕਾ। ਸਤਿਨਾਮੁ ਕੀ ਪਰੀਛਾ। ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੋਨੀ ਸੈਭੰ ਗੁਰ ਪ੍ਰਸਾਦਿ, ਮਿਟੈ ਉਪਾਧਿ। ਗੁਰੂ ਹਰਿ ਰਾਇ, ਹੋਆ ਸਹਾਇ। (ਪੱਤਰਾ ੧੬)

ਅੰਤ— ਸਿਮਰਿ ਸਿਰਜਨ ਹਾਰੁ ਕਾਰਜੁ ਸਫਲਾ ॥ ੧੬ ॥ ੪ ॥ . ੬੪ ॥ ਵਾਹਗੁਰੂ ਜੀ।... (ਪੱਤਰਾ ੨੫)

(ਛ) ਮੰਤ੍ਰ ਬਾਬੇ ਨਾਨਕ ਜੀ ਕਾ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਮੰਤ੍ਰ ਬਾਬ ਨਾਨਕ ਜੀ ਕਾ ਮਹਲਾ ੧, ਵਾਰੀ ਤ੍ਰੈ ਪੜ੍ਹਨਾ, ਹਰੋਜੁ ਪੜ੍ਹਨਾ, ਇਸਨਾਨ ਕਰ ਕੇ ਪੜ੍ਹਨਾ। ਜੇ ਲਿਖਿ ਦੇਣਾ ਹੋਇ ਤਾ ਚਾਨਣੇ ਐਤਿਵਾਰਿ ਲਿਖਿਣਾ। ਅਪ ਤੇਜਿ ਬਾਇ ਪ੍ਰਿਥੀ ਅਕਾਸੁ ਉਤਪਤਿ ਭਏ ਹੈ।
ਇਸਿ ਕਾ ਬਲ ਇਕਿ ਲਖ ਅਸੀ ਹਜਾਰ ਭੂਤ ਮਨਿ ਅੰਤਰ ਰਹਦੇ ਹੈ। (ਪੱਤਰਾ ੨੬)

ਅੰਤ— ...ਨਾਨਕ ਤੇਰੀ ਰਖਿਆ ਸੰਤ ਕੇ ਦੋਖੀ ਏਨ ਰਾਉ ਆਨਿ ਮੁਖਿ ਭੁਖੁ ਮੰਤ੍ਰ ਬਾਬੇ ਨਾਨਕ ਜੀ ਕਾ ਸਪੂਰਣ ਹੋਇਆ, ਸਤ ਕਰ ਮਨਿਣਾ। ਵਾਹਗੁਰੂ ਜੀ ਸਹਾਇ। (ਪੱਤਰਾ ੨੭)

ਇਸ ਤੋਂ ਅੱਗੇ ਪੱਤਰਾ ੩੪ ਤਕ ਦੇਵਨਾਗਰੀ ਵਿਚ ਕੁਝ ਅੱਖਰੀ ਮਸ਼ਕਾਂ, ਇਕ ਸ਼ਬਦ ਦੀਆਂ ਤਿੰਨ ਤੁਕਾਂ ਤੇ ਸ਼ੇਖ ਫ਼ਰੀਦ ਜੀ ਦੇ ੩੩ ਸ਼ਲੋਕ ਦਰਜ ਹਨ।

੧੪੨. ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ (ਨੰ. ੫੨੯੦, ਸਿ. ਰੈ. ਲਾ.)

ਲੇਖਕ— ਭਾਈ ਕੇਸਰ ਸਿੰਘ, ਛਿੱਬਰ। ਆਕਾਰ-$7\frac{1}{2}'' \times 5''$, ਲਿਖਤ $5\frac{1}{4}'' \times 3\frac{3}{4}''$।

ਵੇਰਵਾ— ਪੱਤਰੇ ੪-੩੪੭ (੩੪੪), ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ

ਵਾਲਾ; ਮੁੱਢਲੇ ਤਿੰਨ ਪੱਤਰੇ ਤੇ ਅੰਤ ਦਾ ਇਕ ਪੱਤਰਾ ਫਟਣ ਕਰ ਕੇ ਨਵੇਂ ਸਿਰੇ ਮੁਰੰਮਤ ਕੀਤੇ ਹੋਏ; ਅੰਤਲੇ ਪੱਤਰੇ ਕਿਰਮ ਖ਼ੁਰਦਾ ਹੋਣ ਕਰ ਕੇ ਛੇਕਦਾਰ; ਪੁਸਤਕ ਸਜਿਲਦ, ਜੋ ਅਧੂਰੀ ਹੋਣ ਤੇ ਵੀ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੦੨ ਬਿ. । ਲਿਖਾਰੀ-ਨਾਮਾਲੂਮ ।

ਆਰੰਭ— ...ਕ੍ਰੋੜ ਇਕਵੰਜਾ ਲਖ ਜੋਜਨ, ਤਾ ਕੇ ਪਰੇ ਮਦ ਸਮੁੰਦ੍ਰ ਪੰਜ ਕਰੋੜ ਬਾਰਾ ਲਖ ਜੋਜਨੁ, ਗਿਨੇ ਕੋ ਜਨ ।...

(ਪੱਤਰਾ ੪)

ਅੰਤ— ...ਸਿੰਘ ਕੇਸਰੁ ਛਿਬਰ ਦੀ ਬੇਨਤੀ, ਸਭੇ ਸੁਨੋ ਚਿਤ ਲਾਇ ।
ਸਿਖੀ ਦਾਨ ਮੁਝ ਦੀਜੀਐ, ਮੈਂ ਸਭ ਕੇ ਪੜਿਆ ਪਾਇ ॥੬੪੯॥
ਬੋਲੋ ਭਾਈ ਜੀ ਵਾਹੁਗੁਰੂ, ਸ੍ਰੀ ਵਾਹੁਗੁਰੂ ਜੀ, ਵਾਹੁਗੁਰੂ ਜੀ ।...

ਪੋਥੀ ਲਿਖੀ ਸ੍ਰੀ ਦਮਦਮੇ ਸਾਹਿਬ ਬਾਬੇ ਬੰਦੇ ਸਾਹਿਬ ਦੇ ਡੇਰੇ । ਲਿਖਾਈ ਭਾਈ ਜਸਾ ਸਿੰਘ ਟਹਲੀਆ ਬਾਬੇ ਫਤੇ ਸਿੰਘ ਸਾਹਿਬ ਕਾ । ਮਿਤੀ ਸਾਵਣ ਦਿਨ ੬, ਸੰਮਤੁ ੧੯੦੨ । (ਪੱਤਰਾ ੩੪੭)

੧੪੩. **ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ** (ਨਾ-ਮੁਕੰਮਲ) (ਨੰ. ੧੭੫, ਪ੍ਰੋ. ਪ੍ਰੀ. ਸਿੰ.)

ਲੇਖਕ— ਭਾਈ ਕੇਸਰ ਸਿੰਘ, ਛਿੱਬਰ । ਆਕਾਰ—7″ × 5″, ਲਿਖਤ 5″ × 4¼″ ।

ਵੇਰਵਾ— ਪੱਤਰੇ ੩੧੫; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਬੇਪਰਵਾਹੀ ਨਾਲ ਲਿਖੀ ਹੋਣ ਕਰ ਕੇ ਕਾਫ਼ੀ ਅਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਉਕਾਈਆਂ ਹਾਸ਼ੀਏ ਉਤੇ ਸੋਧੀਆਂ ਹੋਈਆਂ; ਅਖ਼ੀਰਲੇ ਪੱਤਰੇ ਫਟੇ ਹੋਏ ਜਿਸ ਕਰ ਕੇ ਪੁਸਤਕ ਨਾ-ਮੁਕੰਮਲ ਹੈ। ਇਸ ਪੁਸਤਕ ਵਿਚ ਦਸਾਂ ਸਿੱਖ ਗੁਰੂਆਂ ਦਾ ਇਤਿਹਾਸ ਦਰਜ ਹੈ ।

ਸਮਾਂ— ਇਕ ਸੌ ਸਾਲ ਦੇ ਲਗਭਗ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ-ਨਾਮਾਲੂਮ ।

ਆਰੰਭ— (ਮੁੱਢ ਵਿਚ ਜਪੁ ਪਰਮਾਰਥ ਦੇ ੧੧੧ ਪੱਤਰੇ ਅਲੱਗ ਸ਼ਾਮਲ ਹਨ, ਤੇ ਫੇਰ ਇਸ ਪੁਸਤਕ ਦਾ ਪਾਠ ਹੈ)

ੴ ਵਾਹਿਗੁਰੂ ਆਖੋ ਜੀ। ਇਹ ਪੋਥੀ ਕੋਈ ਬੁਧਿਵਾਨ ਪੜ੍ਹੇ। ਮੂਰਖ ਸਠ ਬੁਧਿ ਹੀਨੁ ਨਾਹੀ ਰੜ੍ਹੇ ।
ਜਿਸ ਨੂੰ ਗੁਰ ਆਪਨੇ ਦੀ ਹੋਵੈ ਚਾਹ । ਸੋ ਗੁਰ ਕਾ ਸਿਖੁ ਪੜ੍ਹੇ ਖਾਹਮ ਖਾਹ ।
ਅਜਾਣ ਨਾਸਤ ਬਾਦੀਆ ਸਿਖ ਜੋ ਹੋਵੈ ਦੋਖੀ । ਤਰਕਾ ਮਾਰੇ ਜਿਸ ਨੂ ਕਛੂ ਸਮਝ ਨ ਹੋਸੀ ।
ਅਗਾ ਪਿਛਾ ਸੂਤਰ ਜਿਹ ਨੂੰ ਰਹੈ ਨ ਯਾਦਿ । ਤਿਸ ਦਾ ਪੜ੍ਹਨਾ ਬਾਦੋ ਬਾਦ, ਮੂਲ ਨ ਆਵੈ ਸੁਆਦ।
ਇਹ ਬੁਧਿਵਾਨ ਅਤੇ ਗੁਰੂ ਕੇ ਸਿਖ ਦੇ ਹੈ ਕੰਮ । ਜਿਸ ਨੂੰ ਕਛੂ ਸਮਝਨੇ ਦੀ ਹੋਵੈ ਗੰਮ ।
ਜਿਸ ਨੂੰ ਕਛੂ ਸਮਝ ਨ ਮੂਲੇ ਆਵੈ। ਸੋ ਇਸ ਪੋਥੀ ਨੂੰ ਹਥ ਨ ਲਾਵੈ।
ਅਛਾ ਪੜ੍ਹੇ ਪਿਛਾ ਭੁਲਿ ਜਾਇ । ਤਿਸ ਨੂੰ ਸਮਝ ਕੀ ਪਉਸੀ ਆਇ।
ਜੇ ਲਿਖਨੇ ਦੀ ਹੋਵੈ ਕਛੂ ਚਾਹ। ਤਾ ਲਿਖੇ ਸਮਝ ਸੋਧਿ ਕੇ ਤੰਮਤ ਮਿਤੀ ਕਛੂ ਭੁਲੇ ਨਾਹ।
ਮੈ ਉਤਾਰੇ ਬਹੁਤ ਇਸ ਪੋਥੀ ਦੇ ਕੀਤੇ। ਸਮਝ ਸਮਝ ਕੇ ਸੁਖ ਲੀਤੇ।
ਜਿਤਨੇ ਮੈਂ ਉਤਾਰੇ ਇਸ ਪੋਥੀ ਦੇ ਕੀਤੇ ਹੈਨਿ। ਤਿਨਾ ਸਭਨਾ ਦੇ ਅਗੇ ਇਹੁ ਸੁਖਨ ਲਿਖ ਦੀਤੇ ਹੈਨਿ ।
ਅਗੇ ਭੀ ਬਹੁਤੁ ਉਤਾਰੇ ਹੋਸਨਿ ਹੋਏ। ਪਰ ਅੰਮ੍ਰਿਤ ਸੁਖਨ ਹੈਨਿ ਗੁਰੂ ਕੇ ਰਿਦੇ ਪਰੋਏ।
ਅਗੇ ਪਿਛੇ ਅਖਰ ਸੋਧ ਕੇ ਪੜ੍ਹੇ । ਜਿਸ ਕਾ ਅਰਥ ਆਇ ਰਸਨੀ ਚੜ੍ਹੈ ।

ੴ ਸਤਿਗੁਰੂ ਪ੍ਰਸਾਦਿ । ਅਥ ਬੰਸਾਵਲੀ ਨਾਮਾ ਦਸਾ ਪਾਤਿਸਾਹੀਆ ਕਾ।
ਦੋਹਰਾ ॥ ਸਤਿਗੁਰ ਪੁਰਖ ਮਨਾਇ ਕੇ, ਪੂਜੇ ਸਗਲੇ ਦੇਵ ।
ਰਿਖ ਤਪਸੀ ਕੇ ਚਰਨ ਲਗਿ, ਕੀਜੈ ਸਫਲ ਹਮਾਰੀ ਸੇਵ ॥੧॥ (ਪੱਤਰੇ ੧-੨)

ਅੰਤ— ...ਭੂਲੋ ਨਹੀਂ ਦੇਖ ਕੇ ਏਹ ਮ...ਰਾ। ਅੰਤ ਸਤਿਗੁਰੂ ਹੈ ਛਡਾਵਣ ਹਾਰਾ ।
ਅਪਨਾ ਕੁ...(ਚਰਣ ੧੪ ਵਾਂ) (ਪੱਤਰਾ ੩੧੫)

ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ, ਜਿਸ ਕਰ ਕੇ ਪੁਸਤਕ ਅਧੂਰੀ ਹੈ ।

੧੪੪. (ੳ) **ਅੱਠਵੇਂ-ਨੌਵੇਂ ਪਾਤਸ਼ਾਹ ਦੇ ਸ਼ਹੀਦੀ ਪ੍ਰਸੰਗ** (ਉਸਤਤਿ ਸਾਹਿਬਜ਼ਾਦੇ ਉੱਤਮ ਸਿੰਘ ਕੀ ਸਮੇਤ) (ਨੰ. ੫੨੫, ਸਿ. ਰੈ. ਲਾ.)

ਲੇਖਕ— ਕਵੀ ਗੁਲਾਬ ਸਿੰਘ। ਆਕਾਰ—5½" × 4", ਲਿਖਤ 3½" × 3"।

ਵੇਰਵਾ— ਪੱਤਰੇ ੩੭; ਪ੍ਰਤੀ ਸਫ਼ਾ ੧੧ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿੱਚ ਹੈ।

ਸਮਾਂ— ਸੰਮਤ ੧੮੯੦ ਬਿ.। ਲਿਖਾਰੀ—ਨਾਮਾਲੂਮ।

ਆਰੰਭ—੧ਓ ਸਤਿਗੁਰ ਪ੍ਰਸਾਦਿ। ਸ੍ਰੀ ਸਾਹਿਬ ਹਰਿ ਕ੍ਰਿਸਨ ਜੀ ਕਾ ਚਰਿਤ੍ਰ, ਬਪੁ ਤਜਾਗ ਤੇਗ ਬਹਾਦਰ ਜੀ ਕਾ ਆਗੇ ਲਿਖਿਆ।
ਦੋਹਰਾ॥ ਦੇਵੀ ਮਾਤਾ ਸਾਰਦਾ, ਸਿਮਰਤ ਹੋਂ ਕਰ ਜੋਰ।
ਧਿਖਨਾ ਕਰੋ ਪ੍ਰਕਾਸ ਮਮ, ਕੁਮਤਿ ਜਾਲ ਕਟਿ ਕੋਰ॥੧॥
ਤੁਮ ਕਰੁਨਾ ਕਰ ਗੁਰਨ ਕੀ, ਮਹਿਮਾ ਕਹੌਂ ਬਨਾਇ।
ਸੁਨਤ ਸੁ ਜਨ ਮਨ ਪ੍ਰੀਤਿ ਕਰ, ਜਾਵਤਿ ਅਘ ਸੁ ਬਿਲਾਇ॥੨॥
ਰਘੁ ਕੁਲੁ ਮੈ ਭਵ ਜਿਨ ਲਯੋ, ਹਰਨ ਭੂਮਿ ਕੋ ਭਾਰ।
ਦਸੋ ਸੀਸ ਅਰ ਬੰਦਨਾ, ਅਮਰਨ ਕੀਯੋ ਉਧਾਰ॥੩॥ .. (ਪਤਰਾ ੧)

ਅੰਤ— ...ਸੀਪੀ ਸਮ ਮਮ ਵਾਕ ਹੈਂ, ਮਹਿਮਾ ਮੋਤੀ ਜਾਨ।
ਯਾ ਮੈ ਸੰਸਾ ਕਛੁ ਨਹੀਂ, ਕਵਿ ਜਨ ਕਹੀ ਬਖਾਨ॥੨੧੩॥
ਸੰਮਤ ਠਾਰਾ ਸੈ ਗਏ, ਨੱਬੇ ਏਕ ਪ੍ਰਮਾਨ।
ਗੁਲਾਬ ਸਿੰਘ ਕਵਿ ਦਾਸ ਗੁਰ, ਉਸਤਵ ਰਚੀ ਸੁਜਾਨ॥੨੧੪॥
ਸਭ ਸੰਤਨ ਕੌ ਬੰਦਨਾ, ਕਰ ਹੌਂ ਮਨ ਚਿਤੁ ਲਾਇ।
ਖਿਮਾ ਕਰੋ ਸਿਸੁ ਜਾਨ ਕੈ, ਹੂਜੋ ਸਦਾ ਸਹਾਇ॥੨੧੫॥
ਹਰਿ ਗੁਰੁ ਮੋਨੂ ਦੀਜਿਯੇ, ਦਇਆ ਛਿਮਾ ਸੰਤੋਖੁ।
ਵੈਰ ਭਾਉ ਕਛੁ ਨਾ ਰਹੈ, ਮਨ ਬੁਧਿ ਉਠੈ ਨ ਦੋਖੁ॥੨੧੬॥
ਕਜਾ ਮੁਖੁ ਲੈ ਬਿਨਤੀ ਕਰੋ, ਲਾਜ ਆਵਤਿ ਹੈ ਮੋਹਿ।
ਤੈਂ ਦੇਖਤ ਔਗੁਨ ਕੀਏ, ਕੈਸੇ ਭਾਊਂ ਤੋਹਿ॥੨੧੭॥
ਤਵ ਲਗ ਮੇਰੋ ਆਸਰੋ, ਤਵ ਲਗ ਮੇਰੀ ਦੌਰ।
ਜੈਸੇ ਕਾਗ ਜਹਾਜ ਕੋ, ਸੂਝਤ ਅਵਰ ਨ ਠੌਰ॥੨੧੮॥
ਇਤਿ ਸ੍ਰੀ ਗੁਰੂ ਹਰਿ ਕ੍ਰਿਸਨ. ਗੁਰੂ ਤੇਗ ਬਹਾਦੁਰ ਜੀ ਕਾ ਬਪੁ ਤਜਾਗ ਚਰਿਤ੍ਰ ਉਸਤ੍ਰ ਸੰਪੂਰਨੰ।
(ਪੱਤਰੇ ੩੨—੩੩)

(ਅ) ਉਸਤਤਿ ਸ੍ਰੀ ਸਾਹਿਬ ਜ਼ਾਦੇ ਉੱਤਮ ਸਿੰਘ ਜੀ ਕੀ (ਕਵੀ ਗੁਲਾਬ ਸਿੰਘ)

ਆਰੰਭ— ਕਬਿੱਤ॥ ਓਅੰਕਾਰ ਰੂਪੁ ਜਾ ਕੇ ਰਿਦੈ ਮੇ ਬਿਰਾਜਮਾਨ,
ਤਮ ਅਗ੍ਯਾਨ ਕਹੂੰ ਦੇਖਨੇ ਨ ਪਾਈਯੇ।
ਸਿੰਧ ਸੇ ਗੰਭੀਰ ਧੀਰਵਾਨ ਜੋ ਸੁਮੇਰ ਹੂੰ ਸੇ,
ਗੁਨ ਜੋ ਅਗਾਧਿ ਤਾਹਿ ਕੈਸੇ ਕੈ ਲਖਾਈਯੇ।
ਘਨ ਜਯੋਂ ਅੰਚਲ, ਨ ਚਲਾਂਇਮਾਨ ਹੋਤ ਕਬੀ,
ਸੂਰਜ ਸੋ ਤੇਜ ਪੁੰਜ ਲੋਗ ਮੈ ਬਤਾਈਯੇ।
ਜੀਵ ਰੂਪ ਜਾਨ ਪ੍ਰਤਿਪਾਲ ਮੋਹਿ ਕੀਜੈ ਪ੍ਰਭੁ,
ਉਤਮ ਸਿੰਘ ਜੀ ਕੇ ਗੁਨ ਕਯੋਂ ਕਰ ਜਨਾਈਯੇ॥੧॥ (ਪੱਤਰਾ ੩੩)

ਅੰਤ— ਰਣਜੀਤ ਸਿੰਘ ਕਰਤਾਰ ਸਿੰਘ, ਮਧੁਸੂਦਨ ਸਿੰਘ ਜਾਨ।
ਰਘੁਨਾਥਿ ਸਿੰਘ ਚਾਰੋ ਬਲੀ, ਉਤਮ ਸਿੰਘ ਸੁਤੁ ਮਾਨ॥੧੨॥...
ਤੁਮ ਚਰਨਨ ਢਿਗ ਬੇਨਤੀ, ਮਾਤਾ ਆਗੇ ਜੋਇ।
ਗੁਲਾਬ ਸਿੰਘ ਕਵਿ ਦੀਨ ਕੀ, ਖਬਰ ਲੀਜੀਯੇ ਸੋਇ॥੧੩॥
ਚੌਪਈ॥ ਦਾਦਾ ਤੁਮਰੇ ਬਖਸ ਜੁ ਕੀਨੀ। ਪਿਤਾ ਤੁਮਾਰੇ ਨੇ ਲਿਖ ਦੀਨੀ।
ਤਾ ਮੈ ਬਿਘਨ ਪਰਯੋ ਕਛੁ ਆਈ। ਸੋਧ ਲੇਹੁ ਨੀਕੇ ਚਿਤੁ ਲਾਈ॥੧੪॥

ਇਤਿ ਸ੍ਰੀ ਸਾਬਿ (ਸਾਹਿਬ) ਉਤਮ ਸਿੰਘ ਜੀ ਕਾ ਬਪੁ ਤਯਾਗ ਚਰਿਤ੍ਰ ਸਮਾਪਤੰ। (ਪੱਤਰਾ ੩੭)

੧੮੫. **ਸ੍ਰੀ ਗੁਰੁ ਜਸ ਹੁਲਾਸ** (ਬਾਬਾ ਸਾਹਿਬ ਸਿੰਘ ਬੇਦੀ ਦਾ ਜੀਵਨ) (ਨੰ. ×, ਸਿ. ਕੋ. ਮ. ਵਿ., ਡੀ.)

ਲੇਖਕ— ਕਵੀ ਅਰਨ ਦਾਸ (ਲਾਲ ਰਾਮ), ਸੇਵਾ ਪੰਥੀ। ਆਕਾਰ—$10\frac{1}{2}" \times 6\frac{3}{4}"$, ਲਿਖਤ $7\frac{1}{2}" \times 4\frac{1}{2}"$।

ਵੇਰਵਾ— ਪੱਤਰੇ ੪੩੬; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਦੇਸੀ; ਲਿਖਤ ਨਿਹਾਇਤ ਸਾਫ਼ ਤੇ ਸ਼ੁੱਧ; ਪਰ ਕਿਤੇ ਕਿਤੇ ਕੁਝ ਉਕਾਈਆਂ ਹਾਸ਼ੀਏ ਉਤੇ ਦਰੁਸਤ ਕੀਤੀਆਂ ਹੋਈਆਂ; ਹਾਸ਼ੀਆ ਰੰਗੀਨ ਲਕੀਰਾਂ ਵਾਲਾ (ਅਤਿ ਸੁੰਦਰ); ਸਿਰਲੇਖ, ਛੰਦਾਂ ਦੇ ਨਾਮ ਤੇ ਅਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਪੂਰਣ ਤੇ ਅੱਛੀ ਹਾਲਤ ਵਿਚ ਹੈ, ਮੁੱਢਲੇ ਪੱਤਰਿਆਂ ਤੇ ਦੂਹਰਾ-ਤੀਹਰਾ ਰੰਗੀਨ ਹਾਸ਼ੀਆ; ਅਸ਼ੁੱਧੀਆਂ ਹਲਕੀ ਸਿਆਹੀ ਦਾ ਪੋਚਾ ਦੇ ਕੇ ਗੂੜ੍ਹੀ ਲਾਲ-ਕਾਲੀ ਸਿਆਹੀ ਨਾਲ ਸੋਧੀਆਂ ਹੋਈਆਂ।

ਸਮਾਂ— ਰਚਨਾ ਕਾਲ—ਸੰਮਤ ੧੯੨੦ ਬਿ.। ਸਥਾਨ—ਅਮ੍ਰਿਤਸਰ।

ਆਰੰਭ— ੧ੴ ਸਤਿਗੁਰ ਪ੍ਰਸਾਦਿ। ਅਥ ਸ੍ਰੀ ਗੁਰ ਜਸ ਹੁਲਾਸ ਗ੍ਰੰਥ ਲਿਖਯਤੇ ਕਵਿ ਕ੍ਰਿਤ ਭਾਈ ਲਾਲ ਰਾਮ, ਸੇਵਾ ਪੰਥੀ। ਸ੍ਰੀ ਵਾਹਗੁਰੂ ਜੀ ਕੀ ਫਤੇ ॥ ਦੋਹਰਾ ॥

ਏਕੋਹੰ ਬਹੁ ਸ੍ਯਾਮ ਇਤਿ, ਈਖਣ ਜਗ ਪ੍ਰਗਟਾਇ।
ਗੁਰ ਪ੍ਰਸਾਦਿ ਲਖੀਐ ਰਿਦੇ, ਮੰਗਲ ਰੂਪ ਸੁਹਾਇ ॥੧॥...
ਸ੍ਰੀ ਗੁਰ ਨਾਨਕ ਪਰਮ ਗੁਰ, ਸਾਂਤਿ ਰੂਪ ਜਗ ਨਾਥ।
ਬੰਦਨ ਪਦ ਅਰਬਿੰਦ ਕੋ, ਧਰ ਪਰ ਧਰ ਕਰ ਮਾਥ ॥੪॥... (ਪੱਤਰਾ ੧)
ਬਾਵੇ ਗੰਡੇ ਸਿੰਘ ਕੋ, ਗੁਰ ਬਿਲਾਸ ਪੁਨਿ ਜੋਇ।
ਕਵਿ ਦਰਸਾਇ ਗੁਰ ਅਸ ਕਹਯੋ, ਔਰ ਰਚੋ ਤੁਮ ਕੋਟਿ ॥੫੧॥
ਤੀਨ ਗ੍ਰੰਥ ਆਗੇ ਭਏ, ਚਤੁਰਥ ਰਚੀਏ ਔਰ।
ਸਾਰ ਤਿਨ੍ਹੂੰ ਕਾ ਕਾਢ ਕੈ, ਮੱਧ ਧਰੋ ਜਿਮ ਭੌਰ ॥੫੨॥... (ਪੱਤਰਾ ੭)

ਅੰਤ— ...ਸੰਤ ਦੁਖੇ ਪ੍ਰਭੁ ਕੋਪ ਕਰੈ, ਨਹਿ ਰਾਖ ਸਕੈ ਜਗ ਕੋਇ ਗੁਮਾਨੀ।
ਗੁਰ ਬੈਨ ਕਹੇ ਪ੍ਰਭੁ ਕੇ ਮੁਖ ਤੇ, ਸੁਨ ਯਾ ਪਰ ਸਾਖ ਮਨੈ ਸੁਖ ਦਾਨੀ ॥੪੯॥
ਇਤ ਆਦਿਕ ਬਹੁ ਵਾਕ ਗੁਰ, ਸੁਨ ਮਨ ਸੰਕ ਜੁ ਧਾਰ।
ਕਰਤ ਸੇਵ ਚਿਤ ਡਰਤ ਜੋ, ਤਰਤ ਬੇਗ ਸੰਸਾਰ ॥੫੦॥
ਚੌਪਈ ॥ ਸੁਨ ਨਰੇਸ ਸੁਤ ਮੌਲ ਝੁਕਾਯੋ। ਨਿਜ ਅਪਰਾਧੰ ਖਿਮਾ ਕਰਾਯੋ।
ਆਯਸ ਲੈ ਚਾਲਿਓ ਸੁਖ ਪਾਏ। ਦਸ ਨਵ ਅੰਸੁ ਉਤਰਾਰਧ ਆਏ ॥੫੧॥

ਇਤਿ ਸ੍ਰੀ ਗੁਰ ਜਸ ਹੁਲਾਸ ਗ੍ਰਿੰਥੇ ਉਤਰਾਰਧੇ ਸਕਲ ਕਲਿ ਕਲੁਖ ਬਿਧੁੰਸਨੇ ਨ੍ਰਿਪ ਅਸ੍ਵ ਅਰ ਸੇਰ ਮ੍ਰਿਗੇਸ਼ ਗਾਥਾ ਵਰਨਨੰ ਅਰਨ ਦਾਸ ਵਿਰਚਿਤਾਯੰ ਨਾਮ ਉਨੀਸਵੋਂ ਧਯਾਯ: ॥੧੯॥ (ਪੱਤਰਾ ੪੩੬)

ਇਸ ਪੁਸਤਕ ਦੇ ਪੂਰਬਾਰਧ (ਪਹਿਲੇ ਅੱਧ) ਦੇ ੪੬ ਅਧਿਆਇ ਹਨ ਤੇ ਉੱਤਰਾਰਧ (ਪਿਛਲੇ ਅੱਧ) ਦੇ ੧੯। ਇਸ ਤਰ੍ਹਾਂ ਕੁੱਲ ਅਧਿਆਇ ੬੫ ਹਨ। ਕਵੀ ਲਾਲ (ਅਰਨ) ਦਾਸ ਨੇ ਇਹ ਗ੍ਰੰਥ ਬਾਬਾ ਸਾਹਿਬ ਸਿੰਘ ਬੇਦੀ ਦੇ ਪੋਤ੍ਰੇ ਤੇ ਬਾਬਾ ਵਿਕ੍ਰਮ ਸਿੰਘ ਬੇਦੀ ਦੇ ਪੁਤ੍ਰ ਬੇਦੀ ਸੂਰਜ ਸਿੰਘ ਜੀ ਦੇ ਕਹਿਣ ਤੇ ਲਿਖਿਆ ਸੀ। (ਦੇਖੋ, ਪੱਤਰੇ ੭-੮)

ਬੇਦੀ ਸਾਹਿਬ ਸਿੰਘ ਦੇ ਜੀਵਨ ਬਾਰੇ ਇਸ ਤੋਂ ਪਹਿਲਾਂ, ਜਿਵੇਂ ਕਿ ਇਸ ਪੁਸਤਕ ਦੇ ਮੁੱਢ ਵਿਚ ਹੀ ਲਿਖਿਆ ਹੈ, ਤਿੰਨ ਗ੍ਰੰਥ ਹੋਰ ਰਚੇ ਗਏ ਹਨ: ਗੁਰ ਬਿਲਾਸ ਬਾਬਾ ਸਾਹਿਬ ਸਿੰਘ (ਕ੍ਰਿਤ ਬਾਵਾ ਗੰਡਾ ਸਿੰਘ), ਗੁਰ ਬਿਲਾਸ ਬਾਬਾ ਸਾਹਿਬ ਸਿੰਘ (ਕ੍ਰਿਤ ਸੋਭਾ ਰਾਮ, ਅੱਡਣ ਸ਼ਾਹੀ) ਆਦਿ, ਤੇ ਇਹ ਉਨ੍ਹਾਂ ਵਿਚੋਂ ਚੌਥਾ ਗੁਰ ਬਿਲਾਸ ਹੈ, ਜੋ ਕਿਤੇ ਛਪਿਆ ਨਹੀਂ।

੧੮੬. **ਗੁਰੁ ਬਿਲਾਸ ਬਾਬਾ ਸਾਹਿਬ ਸਿੰਘ ਕਾ** (ਨੰ. ੬੧੪, ਪੰ. ਆ.)

ਲੇਖਕ- ਸੋਭਾ ਰਾਮ, ਅੱਡਣ ਸ਼ਾਹੀ। ਆਕਾਰ—$12\frac{1}{2}" \times 7"$, ਲਿਖਤ—$8\frac{3}{4}" \times 5\frac{1}{4}"$।

ਵੇਰਵਾ ਪੱਤਰੇ ੧੧-੭੫੯; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸਿੱਧੀ ਸਾਦੀ, ਜੋ ਕਿਤੇ ਕਿਤੇ ਅਸ਼ੁੱਧ ਵੀ ਹੈ; ਹਾਸ਼ੀਆਂ ਸਾਦਾ ਪੱਤਰਾ ੩੧ ਤਕ ਲਕੀਰਾਂ ਵਾਲਾ ਤੇ ਬਾਕੀ ਸਾਰੀ ਪੁਸਤਕ ਦਾ ਹਾਸ਼ੀਆ ਬਿਨਾ ਲਕੀਰਾਂ ਦੇ; ਕਿਤੇ ਕਿਤੇ ਛੰਦਾਂ ਦੇ ਨਾਮ ਤੇ ਹੋਰ ਸਿਰਲੇਖਾਂ ਲਈ ਲਾਲ ਸਿਆਹੀ ਵੀ ਵਰਤੀ ਹੈ; ਆਦਿ-ਅੰਤ ਦੇ ਪੱਤਰੇ ਗੁੰਮ, ਜਿਸ ਕਰ ਕੇ ਪੁਸਤਕ ਅਧੂਰੀ ਹੈ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ...(ਸ)ਤਿਗੁਰ ਪਾਸੂ। ਸਭ ਮੈ ਆਤਮ ਲਖਯੋ ਪ੍ਰਕਾਸੂ।
ਰਾਗ ਨ ਦ੍ਵੈਖ ਨ ਹਰਖ ਨ ਸੋਕੂ। ਸਤ੍ਰੂ ਮਿਤ੍ਰੂ ਨਹ ਭਾਸੈ ਲੋਕੂ ॥੧੫੩॥ (ਪੱਤਰਾ ੧੧)

ਅੰਤ— ਸਿਖਨ ਹੋਤਿ ਭਲੀ ਬਿਧਿ ਬਰਨੀ। ਭਵ ਸਾਗਰ ਕੌ ਮਾਨੋ ਤਰੁਨੀ।
ਪਾਂਚ ਕਲੇਸੁ ਹੈ ਕਰੀ ਸਮਾਨਾ। ਤਿਨ ਖੰਡਨ ਵਰ ਹਰੀ ਮਹਾਨਾ ॥੧੭੫੯॥
ਦੋ: ॥ ਪ੍ਰੇਰਾ ਤੁਮ ਅਤਿ ਮਯਾ ਕਰੁ ਗੁ... (ਪੱਤਰਾ ੭੫੯)

ਇਸ ਤੋਂ ਅੱਗੇ ਪੱਤਰੇ ਗੁਮ ਹਨ ਜਿਸ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ।

ਇਸ ਪੁਸਤਕ ਵਿਚ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲੇ ਦਾ ਹਾਲ ਹੈ, ਜੋ ਸਿੱਖ ਰਾਜ ਤੋਂ ਪਹਿਲਾਂ ਬਾਰਾਂ ਮਿਸਲਾਂ ਦੇ ਸਮੇਂ ਦਾ ਸਿੱਖ ਸਰਦਾਰ ਸੀ।

(ਨੰ. ×, ਭ. ਸਿੰ. ਖ਼.)

੧੪੭. ਸ੍ਰੀ ਗੁਰੁ ਪੰਥ ਪ੍ਰਕਾਸ਼

ਲੇਖਕ— ਸ. ਰਤਨ ਸਿੰਘ, ਭੰਗੂ। ਆਕਾਰ—9″ × 7½″, ਲਿਖਤ 6¾″ × 5″।

ਵੇਰਵਾ— ਪੱਤਰੇ ੪੩੫; ਪ੍ਰਤੀ ਸਫ਼ਾ ੧੨ ਸਤਰਾਂ, ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਕਈ ਥਾਵੀਂ ਕੁਝ ਉਕਾਈਆਂ ਵੀ ਹਨ ਜੋ ਇਬਾਰਤ ਦੇ ਅੰਦਰ ਜਾਂ ਹਾਸ਼ੀਏ ਉਤੇ ਹੋਰ ਕਲਮ ਨਾਲ ਦਰੁਸਤ ਕੀਤੀਆਂ ਹੋਈਆਂ ਹਨ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੮੯੮ ਬਿ.। ਲਿਖਾਰੀ—ਭਾਈ ਰਤਨ ਸਿੰਘ। ਸਥਾਨ—ਮੀਰਾਂ ਕੋਟ, ਜ਼ਿਲਾ ਅੰਮ੍ਰਿਤਸਰ।

ਆਰੰਭ— ੧ਓ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ। ਅਕਾਲ ਸਹਾਇ। ਤ੍ਰ ਪ੍ਰਸਾਦਿ। ਅਥ ਸ੍ਰੀ ਗੁਰ ਪੰਥ ਪ੍ਰਕਾਸ ਗ੍ਰੰਥੇ ਪ੍ਰਥਮੇ ਖਾਲਸੇ ਕੀ, ਆਦਿ ਉਤਪਤੀ ਕੀ ਸਾਖੀ ਲਿਖਯਤੇ।
ਦੋਹਰਾ ॥ ਆਦਿ ਮਨਾਊ ਗਣਪਤਿਹਿ, ਬਿਘਨ ਨਿਵਾਰਨ ਕਾਜ।
ਬਹੁਰ ਸੁ ਸੇਵੋਂ ਸਾਰਦਾ, ਹਿਤ ਬਾਣੀ ਸੁਭ ਸਾਜ ॥੧॥... (ਪੱਤਰਾ ੧)

ਅੰਤ— ਸ੍ਰੀ ਰਾਮ ਦਾਸ ਦਰਬਾਰ ਢਿਗ, ਤਨ ਮਨ ਧਨ ਚਿਤ ਲਾਇ।
ਟਹਲ ਰਤਨ ਸਿੰਘ ਨੇ ਕਰੀ, ਗੁਰ ਇਤ ਉਤ੍ਰ ਰਖੈ ਸਹਾਇ ॥੧੨॥
ਬਿਕ੍ਰਮ ਬਸੁ ਗ੍ਰਿਹ ਅਹਿ ਸਸੀ, ਬੀਤਤ ਭਏ ਸੁ ਸਾਲ।
ਪਾਠਕ ਸ੍ਰੋਤੇ ਨਿਤ ਰਹੈ, ਨਿਹਾਲ ਨਿਹਾਲ ਨਿਹਾਲ ॥੧੩॥...
ਸਜਾਮ ਸਿੰਘ ਕੋ ਦਹੁਤ੍ਰੋ, ਭੰਗੂ ਰਤਨ ਸਿੰਘ ਨਾਮ।
ਸ੍ਰੀ ਸੁਧਾ ਸਰ ਢਿਗ ਜਿਸੈ ਮੀਰਾਂ ਕੋਟ ਗਿਰਾਮ ॥੧੪॥

ਇਤਿ ਸ੍ਰੀ ਗੁਰ ਪੰਥ ਪ੍ਰਕਾਸ ਗ੍ਰੰਥਾਯੋ ਕਵਿ ਰਤਨ ਸਿੰਘ ਵਿਰਚਿਤਾਯੋ ਪੁਸਤਕ ਔ ਬੁੰਗੈ ਸੁਧਾਰੈ ਕੋ ਪ੍ਰਸੰਗ ਸੰਪੂਰਣੰ ਮਸਤ ਸੁਭਮਸਤੁ ॥ (ਪੱਤਰਾ ੪੩੫)

(ਨੰ. ੭੯੭, ਪੰ. ਯੂ. ਚੰ.)

੧੪੮. ਸ੍ਰੀ ਗੁਰੁ ਪੰਥ ਪ੍ਰਕਾਸ਼

ਲੇਖਕ— ਸ. ਰਤਨ ਸਿੰਘ, ਭੰਗੂ। ਆਕਾਰ-10″ × 7½″, ਲਿਖਤ 6¾″ × 5″।

ਵੇਰਵਾ— ਪੱਤਰੇ ੨੪੭; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ, ਹਾਸ਼ੀਆ ਅਤਿ ਸੁੰਦਰ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ-ਨਾਮਾਲੂਮ।

ਆਰੰਭ— ੧ਓ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ। ਸ੍ਰੀ ਅਕਾਲ ਜੀ ਸਹਾਇ। ਤ੍ਰ ਪ੍ਰਸਾਦਿ। ਅਥ ਸਾਖੀ ਸ੍ਰੀ ਖਾਲਸੇ ਕੀ ਉਤਿਪਤੀ ਕੀ ਉਥਾਨਕਾ ਕੋ ਪ੍ਰਸੰਗ ਤੁਰਜੋ ॥ ਦੋਹਰਾ ॥
ਸ੍ਰੀ ਗੁਰ ਨਾਨਕ ਚਰਨ ਬੰਦੋ... (ਪੱਤਰਾ ੧)

ਅੰਤ— ਸਜਾਮ ਸਿੰਘ ਕੋ ਦੁਹਿਤਰੋ, ਰਤਨ ਸਿੰਘ ਜਿਸ ਨਾਮ।
ਸ੍ਰੀ ਸੁਧਾ ਸਰ ਢਿਗ ਜਿਸੈ ਮੀਰਾਂ ਕੋਟ ਗਰਾਮ ॥੧੦॥

ਇਤਿ ਸ੍ਰੀ ਗੁਰ ਪੰਥ ਪ੍ਰਕਾਸ ਗ੍ਰੰਥੇ ਪੁਸਤਕ ਐ ਬੁੰਗੇ ਸੁਧਾਰੇ ਕੋ ਪ੍ਰਸੰਗ ਪੂਰਣੰ ਸੁਭੰ ਭਵਤਿ।
(ਪੱਤਰਾ ੨੪੭)

(ਨੰ. ੪੪੭੨-੭੩, ਸਿ. ਰੈ. ਲਾ.)

੧੪੯. (ੳ) ਗੋਸ਼ਟਿ ਸ੍ਰੀ ਗੁਸਾਈਂ ਕਬੀਰ ਜੀਉ ਕੀ (ਦੋ ਜਿਲਦਾਂ)

ਲੇਖਕ– ਸੋਢੀ ਮਿਹਰਵਾਨ। ਆਕਾਰ—13″ × 6¾″, ਲਿਖਤ 10½″ × 5″।

ਵੇਰਵਾ— ਪੱਤਰੇ ੨੮੨+੧੮੭ = ੪੬੯; ਪ੍ਰਤੀ ਸਫ਼ਾ ਪਹਿਲੀ ਜਿਲਦ ੧੦ ਸਤਰਾਂ, ਦੂਜੀ ਜਿਲਦ ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਪਹਿਲੀ ਜਿਲਦ ਦਾ ਦੇਸੀ (ਪਤਲਾ-ਪੁਰਾਣਾ) ਤੇ ਦੂਜੀ ਜਿਲਦ ਦਾ ਕਸ਼ਮੀਰੀ; ਲਿਖਤ ਦੋਹਾਂ ਜਿਲਦਾਂ ਦੀ ਸਾਫ਼ ਤੇ ਸ਼ੁੱਧ; ਹਾਸ਼ੀਆ ਪਹਿਲੀ ਜਿਲਦ ਦਾ ਸਾਦਾ ਲਕੀਰਾਂ ਵਾਲਾ ਤੇ ਦੂਜੀ ਜਿਲਦ ਦਾ ਰੰਗੀਨ ਲਕੀਰਾਂ ਵਾਲਾ; ਦੋਵੇਂ ਪੁਸਤਕਾਂ ਸਜਿਲਦ, ਜੋ ਅੱਛੀ ਹਾਲਤ ਵਿਚ ਹਨ।

ਸਮਾਂ- ਪਹਿਲੀ ਪੁਸਤਕ ਸੰਮਤ ੧੯੨੦ ਬਿ., ਦੂਜੀ ਪੁਸਤਕ ਸੰਮਤ ੧੯੪੪ ਬਿ.। ਲਿਖਾਰੀ— ਨਾਮਾਲੂਮ।

ਆਰੰਭ- ੧ਓ ਸਤਿਗੁਰ ਪ੍ਰਸਾਦਿ ॥ ੧ ॥ ਗੋਸਟਿ ਸ੍ਰੀ ਗੁਸਾਈ ਕਬੀਰ ਜੀਉ ਕੀ। ਏਕ ਦਿਨ ਗੁਸਾਈ ਕਬੀਰ ਰਾਮਾਨੰਦ ਪਹਿ ਗਇਆ...
(ਪੱਤਰਾ ੧)

ਅੰਤ— ਤਬ ਉਹਿ ਗੋਬਿੰਦ ਉਠ ਕਬੀਰ ਗੁਸਾਈ ਜੀ ਕੀ ਚਰਨੀ ਲਾਗੇ। ਕਬੀਰ ਗੁਸਾਈ ਜੀ ਕੇ ਸਿਖ ਭਏ। ਰਾਮ ਨਾਮ ਲਾਗੇ ਸਿਮਰਨੇ। ਕਹਣੇ ਲਾਗੇ ਜੇ, "ਵਾਹ ਕਬੀਰ, ਧੰਨ ਕਬੀਰ, ਸਤ ਕਬੀਰ।" "ਕ੍ਰਿਸਨ ਕਬੀਰ, ਰਾਮ ਕਬੀਰ।" ਲਾਗੇ ਜਪਣੇ। ਬੋਲੋ ਰਾਮ ਰਾਮ, ਪੋਥੀ ਸੰਪੂਰਣ ਹੋਈ। ਸੰਮਤ ੧੯੨੦ ਵਿਚ ਮਿਤੀ ਵਿਸਾਖੋ ਦਿਨੇ ੧੩ ਸੁਕਰਵਾਰ।
(ਪੱਤਰਾ ੨੮੨)

(ਅ) *ਗੋਸ਼ਟਿ ਸ੍ਰੀ ਗੁਸਾਈਂ ਕਬੀਰ ਜੀ ਕੀ (ਲੇਖਕ—ਨਾਮਾਲੂਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਧੰਨ ਧੰਨ ਨਿਰੰਕਾਰ ਅਬਿਨਾਸੀ ਸਾਹਿਬ ਸਚਾ ਪਾਤਸਾਹਿ ਜੀ। ਧੰਨ ਧੰਨ ਸ੍ਰੀ ਸਤਿਗੁਰੁ ਦਇਆਲ ਨਿਰੰਕਾਰ ਅਬਿਨਾਸੀ ਸਾਹਿਬ ਸਚਾ ਪਾਤਸਾਹੁ ਜੀ। ਧੰਨ ਧੰਨ ਸ੍ਰੀ ਸਤਿਗੁਰੂ ਦਰਬਾਰਾ ਸਿੰਘ ਸਾਹਿਬ ਰਤਾ, ਸਾਹਿਬ ਸਚੇ ਪਾਤਸਾਹੁ ਜੀ। ਧੰਨ ਧੰਨ ਦਰਬਾਰ ਸਾਹਿਬ ਸਚੇ ਪਾਤਸਾਹ ਜੀ। ਗੋਸਟਿ ਸ੍ਰੀ ਕਬੀਰ ਗੁਸਾਈ ਸਾਹਿਬ ਜੀ ਕੀ। ਆਦਿ ਕਥਾ ਪੂਰਬਲੀ ਪਿਛਲੇ ਜਨਮ ਕੀ।...
(ਪੱਤਰਾ ੧)

ਅੰਤ— ਕਬੀਰ ਭਗਤ ਕਉ ਦੇਹੀ ਸਮੇਤ ਸ੍ਰੀ ਠਾਕੁਰ ਜੀ ਸਚਖੰਡ ਲੈ ਗਏ। ਬੋਲਹੁ ਕੇਵਲ ਰਾਮ, ਨਿਰਭਉ ਰਾਮ। ਪਤਿਤ ਉਧਾਰਨ ਰਾਮ। ਰਾਮ ਰਾਮ...

ਸੰਮਤ ੧੯੪੪ ਮਿਤੀ ਜੇਠੋ ਦਿਨੇ ੧੪ ਵਾਰ ਵੀਰ ਲਿਖੀ ਸ੍ਰੀ ਸਤਿਗੁਰ ਸਾਹਿਬ ਰਤੇ ਦੇ ਦਰਬਾਰ ਅਖੋੜੀ ਵਾਲੇ ਵਿਚ। ਧੰਨ ਧੰਨ ਨਿਰੰਕਾਰ, ਧੰਨ ਧੰਨ ਸ੍ਰੀ ਸਤਿਗੁਰੂ ਦਿਆਲ ਜੀ।
(ਪੱਤਰੇ ੧੮੬-੮੭)

(ਨੰ. ੩੬੭, ਭਾ. ਵਿ.)

੧੫੦. ਪ੍ਰੇਮ ਅਬੋਧ (ਸਚਿਤ੍ਰ)

ਲੇਖਕ- ਪਾਤਸ਼ਾਹੀ ੧੦। ਆਕਾਰ-5¼″ × 4″, ਲਿਖਤ 3¾″ × 3″।

ਵੇਰਵਾ- ਪੱਤਰੇ ੩੦੩; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ (ਖ਼ਾਕੀ ਪਤਲਾ); ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਅਤਿ ਸੁੰਦਰ ਚੌਭੌਰ ਰੰਗੀਨ ਲਕੀਰਾਂ ਵਾਲਾ, ਜਿਨ੍ਹਾਂ ਵਿਚ ਪੀਲਾ ਰੰਗ ਵਧੇਰੇ ਵਰਤਿਆ ਹੋਇਆ ਹੈ; ਮੁੱਢਲੇ ਪੱਤਰੇ ਦਾ ਹਾਸ਼ੀਆ ਦੂਹਰਾ; ਸਿਰਲੇਖ, ਛੰਦਾਂ ਦੇ ਨਾਮ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢ ਵਿਚ ਸਿੱਖਾਂ ਦੇ ਦਸ ਗੁਰੂਆਂ ਦੀਆਂ ਕਾਂਗੜਾ ਕ਼ਲਮ ਦੀਆਂ ੧੦ ਕ਼ਲਮੀ ਸਾਦੀਆਂ ਤੇ ਰੰਗੀਨ ਤਸਵੀਰਾਂ ਤੇ ਬਾਕ਼ੀ ਸੰਤਾਂ-ਭਗਤਾਂ ਦੀਆਂ ੧੬ ਤਸਵੀਰਾਂ, ਕੁੱਲ ਕ਼ਲਮੀ ਤਸਵੀਰਾਂ ੨੬; ਪੁਸਤਕ ਸਜਿਲਦ ਤੇ ਅੰਤਲੇ ਤਿੰਨ ਪੱਤਰੇ ਫਟਣ ਕਰ ਕੇ ਹੋਰ ਕ਼ਲਮ ਨਾਲ ਨਵੇਂ ਸਿਰਿਓਂ ਲਿਖ ਕੇ ਜੋੜੇ ਹੋਏ।

ਸਮਾਂ— ਦੋ ਕੁ ਸੌ ਸਾਲ ਪੁਰਾਣੀ ਪੁਸਤਕ ਹੈ। ਲਿਖਾਰੀ-ਨਾਮਾਲੂਮ।

ਆਰੰਭ—(ਮੁੱਢ ਵਿਚ ੧੦ ਪੱਤਰੇ ੧੦ ਤਸਵੀਰਾਂ ਸਿੱਖ ਗੁਰੂਆਂ ਦੀਆਂ ਦੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ। ਪਰਚੀਆਂ* ਪ੍ਰੇਮ ਭਗਤਾਂ ਕੀਆਂ ਪਾਤਿਸਾਹੀ ਦਸਵੀਂ ॥੧੦॥
ਦੋਹਰਾ ॥ ਓਂ ਨਮੋ ਪਰਮਾਤਮਾ, ਪੂਰਿ ਰਹਿਓ ਸਭ ਅੰਗਿ।
ਆਦਿ ਮਧਿ ਫੁਨਿ ਅੰਤਿ ਇਕਿ, ਤਾ ਕੋ ਜਗਤਿ ਤਰੰਗ ॥੧॥

*ਪਰਚੀ ਦਾ ਅਰਥ ਹੈ ਪਰਿਚਯ, ਅਥਵਾ ਜਾਣ-ਪਛਾਣ।

ਸੋਰਠਾ ॥ ਪ੍ਰੀਤਮ ਪ੍ਰੇਮ ਪਰਮਾਤਮਾ, ਪੁਰ ਤ੍ਰਿਕੁਟੀ ਜਿਨ ਰਚੀ ।
ਬਹੁ ਬਿਧਿ ਰਚਨਾ ਥਾਪੁ, ਲੇ ਖੇਲੇ ਪ੍ਰੇਮੀ ਹੋਇ ਕੈ ॥੧॥ (ਪੱਤਰਾ ੧)

ਅੰਤ— ਲੇ ਖੋੜਸ ਪਰਚੀ ਪੂਰਨ ਕੀਨੀ । ਭਗਤਿ ਗਿਆਨ ਪ੍ਰੇਮ ਰਸ ਭੀਨੀ ।
ਜੇ ਕੋਈ ਇਸ (ਕੋ) ਪੜ੍ਹੈ ਪੜ੍ਹਾਵੈ । ਭਾਉ ਭਗਤਿ ਪ੍ਰਭੁ ਜੀ ਤੇ ਪਾਵੈ ।
ਸ੍ਰੁਰਤਾ ਵਕਤਾ ਦੋਨੋਂ ਜੋਈ । ਮੋਖ ਦੁਆਰ ਕੋ ਪ੍ਰਾਪਤ ਹੋਈ ॥
ਦੋਹਰਾ ॥ ਭਗਤਨ ਕੇ ਪ੍ਰਸੰਗ ਯਹ, ਪੂਰਨ ਭਏ ਅਨੂਪ ।
ਭੂਲ ਚੁਕ ਹੌ ਖਿਮਾ ਕੀਜੀਏ, ਸੰਤ ਪ੍ਰਭੂ ਕੇ ਰੂਪ ॥ (ਪੱਤਰਾ ੩੦੩)

ਇਸ ਪੁਸਤਕ ਵਿਚ ਕੁੱਲ ੧੬ ਪਰਚੀਆਂ ਭਗਤਾਂ ਦੀਆਂ ਹਨ, ਜੋ ਅੱਗੇ ਦਿੱਤੇ ਕ੍ਰਮ-ਅਨੁਸਾਰ ਹਨ—

ਇਨ੍ਹਾਂ ਵਿਚੋਂ ਨੰ. ੧, ੨, ੩, ੪, ੫, ੬, ੯, ੧੦, ਤੇ ੧੧ ਦੇ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ।

੧੫੧. (ੳ) ਪਰਚੀਆਂ ਪ੍ਰੇਮ ਭਗਤਾਂ ਕੀਆਂ (ਸੁਦਾਮਾ ਚਰਿਤ੍ਰ ਆਦਿ ਸਮੇਤ) (ਨੰ. ×, ਡਾ. ਸੁ. ਸਿੰ. ਕੋ.)

ਲੇਖਕ— ਪਾਤਸ਼ਾਹੀ ੧੦ । ਆਕਾਰ— $9\frac{1}{2}'' \times 6''$ ਲਿਖਤ $6\frac{1}{2}'' \times 4\frac{1}{4}''$ ।

ਵੇਰਵਾ— ਪੱਤਰੇ ਪਰਚੀਆਂ ਪ੍ਰੇਮ ਭਗਤਾਂ ਕੀਆਂ ੧੪੫, ਸੁਦਾਮਾ ਚਰਿਤ੍ਰ ੬, ਹਰੀ ਚੰਦ ਸ਼ਤ ੨੪, ਕਥਾ ਸਤਜੁਗ ਕੀ ਪੁਰਾਤਮ ੨੪, ਫੁਟਕਲ ਕਵਿਤਾ ਸੂਰਦਾਸ ਆਦਿ ਕਵੀਆਂ ਦੀ ੪, ਭਗੌਤੀ ਸਤੋਤ੍ਰ ੨, ਧ੍ਰੂਹ ਹਸਦਾ ਘਰ ਆਇਆ... (ਵਾਰ) ਤੇ ਪਰਚੀ ਪੀਪੇ ਭਗਤ ਦੀ ੭, ਕੁੱਲ ਜੋੜ ੨੧੨; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਧਾਰਣ, ਜੋ ਕਿਤੇ ਕਿਤੇ ਅਸ਼ੁੱਧ ਵੀ ਹੈ, ਤੇ ਕਈ ਅਸ਼ੁੱਧ ਸ਼ਬਦ ਥਾਉਂ ਥਾਈਂ ਹਾਸ਼ੀਏ ਉਤੇ ਸੋਧੇ ਹੋਏ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਜਿਲਦ ।

ਸਮਾਂ— ਸੰਮਤ ੧੭੮੧ ਬਿ. । ਲਿਖਾਰੀ— ਰਾਮ ਸਿੰਘ । ਸਥਾਨ-ਸ੍ਰੀ ਕੋਟ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਪਰਚੀਆਂ ਪ੍ਰੇਮ ਭਗਤਾਂ ਕੀਆਂ । ਮਹਲਾ ੧੦ । ਪ੍ਰੇਮ ਅੰਬੋਧ ਪੋਥੀ ਕਾ ਨਾਉਂ ।
ਦੋਹਰਾ ॥ ਓਂ ਨਮੋ ਪਰਮਾਤਮਾ, ਪੂਰਿ ਰਹਿਉ ਸਭ ਅੰਗ ।
ਆਦਿ ਮਧਿ ਫੁਨਿ ਅੰਤਿ ਇਕੁ, ਤਾ ਕੋ ਜਗਤ ਤਰੰਗ ॥੧॥ (ਪੱਤਰਾ ੧)

ਅੰਤ— ... ਪ੍ਰੇਮ ਅੰਬੋਧ ਪੋਥੀ ਕਾ ਨਾਮ । ਪੜ੍ਹਤਿ ਸੁਨਤਿ ਲਹੈ ਸੁਖ ਬਿਸ੍ਰਾਮ ॥੬੭॥

ਦੋਹਰਾ ॥ ਪ੍ਰੇਮ ਅੰਬੋਧ ਮੈ ਪੈਠ ਕੈ, ਜੇ ਕੋ ਗੋਤਾ ਲੇਇ ।
ਹਰਿ ਰਤਨ ਅਮੋਲਕ ਹਾਥ ਤਿਸ, ਸਹਿਜੈ ਸਤਿਗੁਰ ਦੇਇ ॥੧॥੧॥੬॥
ਜੋੜ ॥੬॥ ਬੋਲੋ ਭਾਈ ਜੀ ਵਾਹਿਗੁਰੁ, ਸਾਖੀ ਸੰਪੂਰਣ ਹੋਈ । ਸੋਧ ਪੜ੍ਹਨੀ ॥ ੧ ॥ ੪ ॥ ੨ ॥ ੧ ॥ ਭੁਲ ਚੁਕ ਬਖਸ ਲੈਨੀ ॥ ੨ ॥ ੫ ॥ ੨ ॥ (ਪੱਤਰਾ ੧੪੫)

(ਅ) **ਸੁਦਾਮਾ ਚਰਿਤ੍ਰ** (ਕ੍ਰਿਤ ਸਾਧੂ ਜਨ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸੁਦਾਮਾ ਚਿਲਿਤਰਿ ।
ਪਰਮ ਸੁਸੀਲਾ ਨਾਰਿ ਸੁਦਾਮਾ ਕੋ ਪ੍ਰਨਾਈ ।
ਭਲੇ ਮਹੂਰਤਿ ਨਿਛਤਰਿ ਸੁਦਾਮਾ ਕੇ ਗ੍ਰਿਹ ਆਈ ।
"ਮੈ ਜਾਨਿਆ ਕੋਊ ਬਡੋ ਹੈ ਭਗਤ ਸੁਦਾਮਾ ਜਾਕਾ ਨਾਉ ।
ਤੀਨ ਤੰਦੁਲ ਘਰ ਮੈ ਨਹੀਂ, ਕਿਆ ਪਹਰੋ ਕਿਆ ਖਾਉ" ॥੧॥ (ਪੱਤਰਾ ੧)

ਅੰਤ— ...ਸੁਣੈ ਸੁਦਾਮਾ ਕੋ ਜਸ, ਤਾ ਕਉ ਦੁਖ ਦਾਲਿਦ੍ਰ ਨਹੀਂ ਬਿਆਪੇ ।
ਆਗਿਆ ਮਾਨੀ ਬੇਦ ਕੀ ਹਰਿ ਜਸੁ ਸੁਨੇ ਸੁਨਾਇ ।
ਸੰਤਿ ਜਨਾ ਕੇ ਚਰਨ ਪਰ, ਜਨ ਸਾਧੂ ਬਲਿ ਬਲਿ ਜਾਇ ॥੪॥
ਸੁਦਾਮਾ ਚਿਲਿਤਰਿ ਸੰਪੂਰਨ ਹੋਇਆ ਮਸਤੇ ॥ ਸੰਮਤ ੧੭੮੧ ॥ ਮਘਰ ਦਿਨ ੨੬ ॥ (ਪੱਤਰਾ ੬)

(ੲ) **ਹਰੀ ਚੰਦ** ਸ਼ਤ (ਕਵੀ ਕਾਇਥ) ਸੰਮਤ ੧੫੮੫ ਬਿ. ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਲਿਖਿਤੰ ਹਰੀ ਚੰਦੁ ਸਤੁ । ਸ੍ਰੀ ਗਨੇਸਾਇ ਨਮਹਿ । ਸ੍ਰੀ ਸਰਸ੍ਵਤੀਆਏ ਨਮਹਿ ।
ਪ੍ਰਿਥਮੈ ਸਿਮਰਉ ਸਿਰਜਨ ਹਾਰਾ । ਆਪ ਸਿਰਿਜ ਸਿਰਿਉ ਸੰਸਾਰਾ ।
ਬ੍ਰਹਮਾ ਦੇਵਿ ਕੇ ਲਾਗਉ ਪਾਇਆ । ਜਿਹ ਸਿਮਰੇ ਮੇਰੀ ਨਿਰਮਲ ਕਾਇਆ... ।
ਨਉ ਨਿਧਿ ਸਿੰਮਰਉ ਪਉਣ ਅਰ ਪਾਣੀ । ਸਿਮਰਉ ਕਾਸਮੀਰ ਕੀ ਰਾਣੀ ॥੧॥ (ਪੱਤਰਾ ੧)
ਦੋਹਰਾ ॥ ਕਾਸਮੀਰ ਕੀ ਰਾਣੀ ਦੇਵਿ ਕਰਿ ਜੋੜ ਮਨਾਉ ।
ਪਪ ਪ੍ਰਾਛਤਿ ਨਾ ਸੰਚਰੇ ਜੋ, ਹਰੀ ਚੰਦ ਸਤ ਗਾਉ ॥...
ਪੰਦਰਾ ਸੈ ਪਚਾਸੀ ਭਏ ਜਹੀਆ । ਕਥਾ ਅਰੰਭੁ ਕੀਨ ਮੈ ਤਈਆ ।... (ਪੱਤਰਾ ੨)

ਅੰਤ— ... ਗਇਆ ਬਨਾਰਸ ਪਿੰਡਾ ਦੀ ਜੈ । ਸੋ ਫਲ ਹਰੀ ਚੰਦ ਸਤੁ ਸੁਣਿ ਲੀਜੈ ।
ਇਤਨੀ ਕਥਾ ਹਰੀ ਚੰਦੁ ਸਤੁ ਸਪੂਰਨਿ ਸਮਤਿ ੧੯੮੭ (ਬਿ.) ਵਿਚ ਮਿਤੀ ਪੋਹ ਦਿਨੇ ਤ੍ਰੀਏ, ਵਾਰ ਬੁਧਿ ਸਪੂਰਨਿ ਹੋਈ । ਲਿਖਤੰ ਰਾਮ ਸਿੰਘ, ਲਿਖੀ ਸਿਰੀ ਕੋਟ ਵਿਚ, ਪੋਥੀ ਲਿਖਾਈ ਭਾਈ ...(ਅੱਗੇ ਸਿਆਹੀ ਡੁਲ੍ਹਣ ਕਰ ਕੇ ਨਾਂ ਪੜ੍ਹਿਆ ਨਹੀਂ ਜਾਂਦਾ) । (ਪੱਤਰਾ ੨੪)

ਇਸ ਤੋਂ ਅੱਗੇ ਕਥਾ ਸਤਜੁਗ ਕੀ ਪੁਰਾਤਮ, ਫੁਟਕਲ ਕਵਿਤਾਵਾਂ ਆਦਿ ਦਰਜ ਹਨ, ਜੋ ਕੋਈ ਖ਼ਾਸ ਵਿਸ਼ੇਸ਼ਤਾ ਨਹੀਂ ਰਖਦੀਆਂ ।

(ਨੰ. ੩੪੯, ਭਾ. ਵਿ.)

੧੫੨. (ੳ) **ਪਰਚੀਆਂ ਭਗਤਾਂ ਕੀਆਂ** (ਪ੍ਰੇਮ ਅੰਬੋਧ ਆਦਿ)

ਲੇਖਕ— ਪਾਤਸ਼ਾਹੀ ੧੦ । ਆਕਾਰ—$10\frac{1}{2}'' \times 6''$, ਲਿਖਤ $8\frac{1}{2}'' \times 5''$ ।

ਵੇਰਵਾ— ਪੱਤਰੇ ਪ੍ਰੇਮ ਅੰਬੋਧ ੧੨੪, ਇਕ ਸ਼ਲੋਕੀ ਸਹੰਸ੍ਰ ਨਾਮ ੧੨੪ਵਾਂ ਅੱਧਾ ਪੱਤਰਾ, ਇਕ ਸ਼ਲੋਕੀ ਰਾਮਾਇਣ ੧੨੪-੨੫ਵਾਂ ਅੱਧਾ ਪੱਤਰਾ, ਗਰਭ ਗੀਤਾ ਭਾਖਾ ੧੨੫—੩੪, ਬੈਂਤਾਂ ਸੰਤ ਦਾਸ ਤਪੱਸੀ ਕੀਆਂ ੧੩੪-੪੧, ਸ਼ਲੋਕ ਦਰਸ਼ਨ ਭਗਤ ਕੇ ੧੪੧—੪੫, ਨਸੀਹਤ ਨਾਮਾ ਮਹਲਾ ੧, ੧੪੫-੪੭, ਮੁਖ਼ਨ ਫ਼ਕੀਰਾਂ ਕੇ ੧੪੭—੫੧, ਸ਼ਲੋਕ ਕਬੀਰ ਜੀ ਕੇ ੧੫੧-੫੪, ਰਾਗ ਨਾਮ ਮਾਲਾ ਮਹਲਾ ੧, ੧੫੪-੫੫, ਕਮਲ ਨੇਤ੍ਰ ਸਤੋਤ੍ਰ, ਕ੍ਰਿਸ਼ਨ ਲੀਲਾ ੧੫੫—੫੬, ਜਲ ਭਗਵਾਨ ਸੰਧਿਆ ੧੫੬-੫੮, ਸ਼ਿਵ ਅਸ਼ਟਕ ੧੫੮-੫੯, ਰਾਮ ਅਸ਼ਟਕ ੧੫੯-੬੦, ਬਾਰਾ ਮਾਹਾਂ ਚਾਨਣ ਦਾਸ ਜੀ ਕਾ ੧੬੦-੬੨, ਫੁਟਕਲ ਸ਼ਬਦ—ਸ਼ਲੋਕ ਤੇ ਪਰਚੀਆਂ ਸੰਤਾਂ-ਭਗਤਾਂ ਕੀਆਂ ੧੬੩-੭੫; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ; ਜਿਲਦ ਟੁੱਟੀ ਹੋਈ, ਜਿਸ ਕਰ ਕੇ ਕਈ ਥਾਂਵੀਂ ਪੱਤਰੇ ਧੱਬੇ ਲੱਗਣ ਕਰ ਕੇ ਖ਼ਰਾਬ ਹਨ ।

ਸਮਾਂ— ਸੰਮਤ ੧੯੦੪ ਬਿ. । ਲਿਖਾਰੀ–ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਪਾਤਿਸਾਹੀ ੧੦ । ਪਰਚੀਆਂ ਪ੍ਰੇਮੁ ਭਗਤਾਂ ਕੀਆਂ । ਪ੍ਰੇਮ (ਅੰ)ਬੋਧ ਕੋ ਪੋਥੀ ਲਿਖਤੇ ॥੧॥ ਦੋਹਰਾ ॥ (ਪੱਤਰਾ ੧)
ਓਅੰ ਨਮੋ ਪਰਮਾਤਮਾ, ਪੂਰ ਰਹਿਓ ਸਭ ਅੰਗ ।...

ਅੰਤ– ਪ੍ਰੇਮ ਮਹੋਦਧਿ ਪੈਠਿ ਕੈ, ਜੋ ਕੋ ਗੋਤਾ ਖਾਇ ।
ਹਰਿ ਰਤਨ ਅਮੋਲਕੁ ਹਾਥਿ ਤਿਸੁ, ਸਹਜੇ ਸਤਿਗੁਰ ਪਾਇ ॥੧॥੧॥੬॥
ਪਰਚੀਆਂ ਸੋਲਹਿ ਸੰਪੂਰਣੰ । (ਪੱਤਰਾ ੧੨੪)

(ਅ) ਇਕ ਸ਼ਲੋਕੀ ਸਹੰਸ੍ਰ ਨਾਮ

ਆਰੰਭ– ੧ਓ ਸਤਿਗੁਰ ਪ੍ਰਸਾਦਿ । ਓਅੰ ਸ੍ਰੀ ਗਣੇਸਾਯ ਨਮਹ । ਅਰਜਨੋਵਾਚ ।
ਪਦਮ ਪਤ੍ਰ ਵਿਸ਼ਾਲਾਖਯ ਪਦਮ ਨਾਭ ਸੁਰੋਤਮ ।... (ਪੱਤਰਾ ੧੨੪ ੳ)

ਅੰਤ– ਤਤਫਲੰਮਵਾਪਨੋਤਿ ਸ੍ਰੁਤ੍ਵਾ ਦੇਵੰ ਜਨਾਰਦਨੰ ॥੯॥ (ਪੱਤਰਾ ੧੨੪ ਅ)
ਇਤ ਸ੍ਰੀ ਇਕ ˜ ਸਲੋਕੀ ਸਹਸ੍ਰ ਨਾਮ ਸਮਾਪਤੰ ।

(ੲ) ਇਕ ਸ਼ਲੋਕੀ ਰਾਮਾਇਣ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਓਅੰ ਸ੍ਰੀ ਗਣੇਸਾਯ ਨਮਹ ।
ਓਅੰ ਆਦਉ ਰਾਮ ਤਪੋਵਨਾਦਿ ਗਮਨੰ... (ਪੱਤਰਾ ੧੨੪ ਅ)

ਅੰਤ– ...ਪਸਚਾਦਰਾਵਣ ਕੁੰਭ ਕਰਣ ਮਰਣੰ ਸਮੇਤਦਰਮਾਇਣ ॥੧॥
ਇਤ ਸ੍ਰੀ ਇਕ ਸਲੋਕੀ ਰਮਾਇਣਜੰ ਸੰਪੂਰਣੰ । (ਪੱਤਰਾ ੧੨੫ ੳ)

(ਸ) ਗਰਭ ਗੀਤਾ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਗਰਭ ਗੀਤਾ ਸ੍ਰੀ ਕ੍ਰਿਸਨੁ ਅਰਜਨ ਜੀ ਕੇ ਬਚਨ ਹੈ। ਅਰਜਨ ਸ੍ਰੀ ਕ੍ਰਿਸਨੁ ਜੀ ਪਾਸਹੁ ਪ੍ਰਸਨ ਪੂਛਤਾ ਹੈ ।... (ਪੱਤਰਾ ੧੨੫ ੳ)

ਅੰਤ— ਹੇ ਅਰਜਨ ! ਮਾਨੁਖ ਕੇ ਸਾਰੇ ਸਰੀਰ ਮਹਿ ਸਾਢੀਆ ਤੀਨ ਕਰੋੜੀ ਰੁਮਾਵਲ ਹੈ । ਤਉ ਲਉ ਨਰਕ ਜਾਇਗਾ । ਉਪਦੇਸੁ ਦੀਆ ਹੈ । ਇਤਿ ਸ੍ਰੀ ਗਰਭ ਗੀਤਾ ਬੇਸਨੋ ਸਾਧ ਭਗਤ ਬੈਸਨਵ ਲਖਣ । ਪੁੰਨ ਪਾਪ ਬੀਚਾਰੇ ਸ੍ਰੀ ਕ੍ਰਿਸਨ ਅਰਜਨ ਸੰਬਾਦੇ, ਗਰਭ ਗੀਤਾ ਸੰਪੂਰਨੰ । ਸਮਾਪਤੰ । ਭੁਲ ਚੁਕ ਬਖਸਣਾ ਸਦਕਾ ਆਪਣੇ ਨਾਮ ਦਾ, ਸਦਕਾ ਆਪਣੇ ਸੰਤਾ ਦਾ, ਸਦਕਾ ਆਪਣੇ ਪਿਆਰਿਆ ਦਾ । (ਪੱਤਰਾ ੧੩੪)

(ਹ) ਬੈਤਾਂ ਸੰਤ ਦਾਸ ਤਪੱਸੀ ਕੀਆਂ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਲੋਕੁ ਸੰਤਿ ਦਾਸ ਤਪਸੀ ਕੇ ਲਿਖਤੇ ।
ਅਜਬ ਤੂ ਅਜਾਇਬ ਤੂ, ਅਜਬ ਤੇਰੇ ਤਮਾਸੇ ।
ਇਕਨਾ ਘਰ ਬੈਠਿਆ ਦੁਧ ਪਿਆਵੈ, ਇਕ ਨਦੀਆ ਫਿਰਨਿ ਪਿਆਸੇ ।
ਇਕਨਾ ਉਪਰਿ ਲਤਾ ਨਾਹੀ, ਇਕ ਪਹਿਰਨ ਮਲ ਮਲਿ ਖਾਸੇ ।
ਸੰਤ ਦਾਸ ਤਿਸੁ ਗੁਰ ਬਲਿਹਾਰੀ, ਸਭ ਕਿਛੁ ਤੇਰੇ ਪਾਸੇ ॥੧॥ (ਪੱਤਰਾ ੧੩੪)

ਅੰਤ— ਮੁਹ ਤੇ ਆਖਣ ਇਸਕ ਸੁਖਾਲਾ, ਸੋਈ ਜਾਨਿਨ ਜਿਨੀ ਕਮਾਇਆ ।
ਅਠੇ ਪਹਿਰ ਚਿੰਗਾਰੀ ਭਖੈ, ਜਿਉ ਸੀਖ ਕਬਾਬ ਚੜਾਇਆ ।
ਬਲ ਬਲ ਢਾਢ ਬਲਨ ਤਨ ਅੰਦਰਿ, ਆਹੀ ਜੀਵ ਜਲਾਇਆ ।
ਸੰਤ ਦਾਸ ਇਹੁ ਇਸਕ ਭਲੇਰਾ ਵੇਦਨ, ਜਿਉ ਫਟਿਆ ਲੂਣ ਲਗਾਇਆ ॥੪੫॥
ਸਲੋਕੁ ਸੰਪੂਰਨੰ । ਭੁਲਿਆ ਚੁਕਿਆ ਬਖਸਣਾ । ਸਦਕਾ ਅਪਣੇ ਨਾਮ ਦਾ । ਚਿਠਾ ਲਿਖਿਆ, ਅਉਤਾਰ ਕੀਤਾ । ਮਿਤੀ ਚੇਤ੍ਰ ਦੀ ੨੮, ਸੰਮਤ ੧੯੦੪ ਸੰਪੂਰਨੰ । ਰਾਮ ਰਾਮ ਰਾਮ ਰਾਮ ਰਾਮ ਰਾਮ ਸਦਾ ਸਹਾਈ। (ਪੱਤਰਾ ੧੪੧)

(ਕ) ਸ਼ਲੋਕ ਦਰਸ਼ਨ ਭਗਤ ਕੇ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਲੋਕ ਦਰਸਨ ਭਗਤ ਜੀ ਕੇ ।.
ਕਿਥੁ ਆਇਓ ਜੀਅੜੇ, ਤੂੰ ਵੈਸੀ ਕੇਹੜੇ ਦੇਸ ।

ਵਿਚ ਇਜੇਹੀ ਜਾਹ ਦੇ, ਥੋੜੇ ਦੇਹ ਪਰਵੇਸੁ ।
ਸੋ ਕਿਉ ਰਾਮ ਵਿਸਾਰਿਓ, ਜਿਸੁ ਨਾਲਿ ਕੰਮ ਹਮੇਸੁ ।
ਜੇਹੇ ਕਰਮ ਕਮਾਈਅਨ, ਤੇਹੇ ਆਵਨ ਪੇਸੁ । (ਪੱਤਰਾ ੧੪੧)

ਅੰਤ— ...ਲਥੀ ਘੁਮਰੁ ਘੇਰੁ ਦੇ, ਬੁਡੀ ਬਿਨ ਵਿਚਾਰੁ ।
ਤੁਲਾ ਤੇਰਾ ਨਾਮੁ ਹੈ, ਹੋਰ ਪਥਰੁ ਚਿਸਨੁ ਭਾਰੁ ॥ (ਪੱਤਰਾ ੧੪੭)

ਇਸ ਤੋਂ ਅੱਗੇ 'ਨਸੀਹਤ ਨਾਮਾ ਮਹਲਾ ੧', ਤੇ 'ਸੁਖਨ ਫ਼ਕੀਰਾਂ ਕੇ' ਪੱਤਰਾ ੧੫੧ ਤਕ ਦਰਜ ਹਨ ।

(ਖ) ਸ਼ਲੋਕ ਕਬੀਰ ਜੀ ਕੇ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਲੋਕ ਕਬੀਰ ਜੀ ਕੇ ।
ਏਕ ਕਨਕ ਅਰੁ ਕਾਮਨੀ, ਇਨ ਤੇ ਰਹੀਐ ਦੂਰੁ ।
ਦੇਖਦਿਆ ਛਲੁ ਜਾਹਿਗੀ, ਦੇਹਿ ਮੁਹਿ ਅੰਦਰਿ ਧੂਰਿ ॥
ਕਬੀਰ ਏਕ ਕਨਕ ਅਰ ਕਾਮਨੀ, ਦੋ ਲਾਂਬੀ ਤਲਵਾਰ ।
ਆਏ ਥੇ ਹਰਿ ਮਿਲਣ ਕਉ, ਬੀਚੇ ਲੀਏ ਮਾਰ ॥ (ਪੱਤਰਾ ੧੫੧)

ਅੰਤ— ਕਬੀਰ ਨਾਰੀ ਨੀਲੀ ਨਦੀ ਹੈ, ਮਤ ਕੋ ਬੋੜਹੁ ਪਾਉ ।
ਅਸਤਬਾਜੀ ਕਾ ਚੋਲਨਾ, ਪਹਿਰਤ ਹੀ ਜਲ ਜਾਉ ॥੩੭॥
ਕਬੀਰ ਨਾਰੀ ਨਿਕਟਿ ਨ ਜਾਈਐ, ਨਾਰੀ ਪਰਤਖ ਕਾਲੁ ।
ਜਿਨਿ ਨਾਰੀ ਮਨ ਖਿਚਿਆ, ਤਿਨਿ ਸਹਿਜੇ ਮਿਲਿਆ ਗੁਪਾਲੁ ॥੩੮॥ (ਪੱਤਰਾ ੧੫੪)

(ਗ) ਰਾਗੁ ਨਾਮੁ ਮਾਲਾ (ਮਹਲਾ ੧)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਰਾਗੁ ਨਾਮੁ ਮਾਲਾ ਮਹਲਾ ੧ ।
ਕਹੋ ਕਹਾ ਕਰਤਾਰ ਹਮਾਰੇ ।
ਨਾਮ ਅਨੰਤ ਅੰਤ ਨਹੀ ਯਾ ਕੋ, ਬਹੁ ਗੁਣ ਰੂਪ ਤੁਮਾਰੇ ॥੧॥ ਰਹਾਉ । (ਪੱਤਰਾ ੧੫੪)

ਅੰਤ— ਗੁਰ ਜਗਦੀਸ ਮੰਤ੍ਰ ਨਿਜੁ ਦੀਨਾ, ਰਾਮੁ ਨਾਮੁ ਜਪੁ ਸਾਰਾ ।
ਨਾਨਕ ਦਾਸ ਨਿਸਚੇ ਫਲੁ ਮਾਗੇ, ਤੇਰੇ ਭਗਤ ਭਰੇ ਭੰਡਾਰਾ ॥ (ਪੱਤਰਾ ੧੫੫)

ਇਸ ਤੋਂ ਅੱਗੇ ਪੱਤਰਾ ੧੬੦ ਤਕ ਕਮਲ ਨੇਤ੍ਰ (ਕ੍ਰਿਸ਼ਨ ਲੀਲਾ), ਜਲ ਭਗਵਾਨ ਸੰਧਿਆ, ਸ਼ਿਵ-ਅਸ਼ਟਕ ਤੇ ਰਾਮ-ਅਸ਼ਟਕ ਦਰਜ ਹਨ ।

(ਘ) ਬਾਰਾ ਮਾਹਾ ਚਾਨਣ ਦਾਸ ਜੀ ਕਾ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਬਾਰਹਾ ਮਹਾ ਦਾਸ ਚਨਣ ਜੀ ਕੇ ਲਿਖਤੇ ।
ਚੇਤ੍ਰ ਚਿਤਾਰ ਸੁ ਹਾਰੇ ਪ੍ਰਭੋ ਨੂ, ਤੁਧ ਬਿਨ ਘੜੀ ਨ ਜੀਵਾ ।
ਜਿਸ ਦਿਨ ਦਾ ਪ੍ਰਭੁ ਵਿਛੁੜਿ ਗਿਆ, ਮੈਂ ਘੋਲੁ ਹਲਾਹਲ ਪੀਵਾਂ ।
ਬਨ ਬਨ ਦੇ ਵਿਚ ਫਿਰਾ ਢੂਢੇਦੀ, ਘਫਨੀਆ ਬੰਨੇ ਸੀਵਾਂ ।
ਦਾਸ ਚਨੁਣ ਪ੍ਰਭੁ ਆਇ ਮਿਲੈ ਤਾ ਮੈਂ ਖੁਸੀ ਬਹਾਰਾਂ ਥੀਵਾਂ ॥੧॥ (ਪੱਤਰਾ ੧੬੦)

ਅੰਤ— ...ਰਾਧੇ ਤੇ ਸ੍ਰੀ ਕ੍ਰਿਸਨ ਅਕਠੇ ਹੋਏ, ਮਤ ਚਾਨਣ ਆਖੁ ਸੁਣਾਈ ।
ਚਾਨਣ ਜਾਤੁ ਪਾਤੁ ਕਾ ਸਾਹਾ, ਪਿਤਾ ਰਾਜ ਹੈ ਰੂਪ ।
ਨਿਕਭਉ ਜੀ ਕਾ ਪੋਤ੍ਰਾ ਵਰਨਿਆ ਹੈ ਸਰੂਪ ।
ਜੋ ਪੜ੍ਹੇ ਸੋ ਹਰਿ ਚਿਤ ਧਾਰੇ, ਟਲਨ ਜਮ ਕੇ ਦੂਤ ॥੧੨॥
ਬਹਰਾ ਮਹੁ (ਬਾਰਾ ਮਾਹਾ) ਸੰਪੂਰਨ ਚਾਨਣ ਦਾਸ ਕੇ । (ਪੱਤਰਾ ੧੬੨)

ਇਸ ਤੋਂ ਅੱਗੇ ਪੱਤਰਾ ੧੭੫ ਤਕ ਫ਼ੁਟਕਲ ਸ਼ਬਦ-ਸ਼ਲੋਕ ਤੇ ਪਰਚੀਆਂ ਸੰਤਾਂ-ਭਗਤਾਂ ਕੀਆਂ ਦਰਜ ਹਨ ।

੧੫੩. (੬) ਪਰਚੀਆਂ ਭਗਤਾਂ ਕੀਆਂ (ਬਾਰਾਂ ਮਾਹਾਂ ਸ੍ਰੀ ਗੁਰੂ ਨਾਨਕ ਜੀ ਸਮੇਤ) (ਨੰ. ×, ਡਾ. ਗੰ. ਸਿੰ.)

ਲੇਖਕ— ਨਾਮਾਲੂਮ । ਆਕਾਰ-6½" × 8", ਲਿਖਤ 3¾" × 5" ।

ਵੇਰਵਾ— ਪੱਤਰੇ ਪਰਚੀਆਂ ਭਗਤਾਂ ਕੀਆਂ ੬, ਗੁਰਬਾਣੀ ਦੇ ਸ਼ਬਦ ਪੱਤਰੇ ੩ (ਸਫ਼ੇ ੬), ਬਾਰਾਂ ਮਾਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਪੱਤਰੇ ੪, ਕੁੱਲ ਪੱਤਰੇ ੧੩; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਪਤਲਾ ਵਿਲਾਇਤੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਪੁਸਤਕ ਸਾਦੀ ਗੱਤੇ ਦੀ ਜਿਲਦ ਵਿਚ ਹੈ ।

ਸਮਾਂ— ਪੰਜਾਹ ਕੁ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ-ਨਾਮਾਲੂਮ ।

ਆਰੰਭ- ੧ਓ ਸਤਿਗਰ ਪ੍ਰਸਾਦਿ । ਅਥ ਪਰਚੀ ਧੰਨੇ ਭਗਤਿ ਕੀ ਲਿਖਯਤੇ ।
ਕਲਰ ਧੰਨਾ ਗਊਆਂ ਚਾਰੈ, ਬ੍ਰਾਹਮਣ ਨਿਕਲਿਆ ਆਇ ।.. (ਪੱਤਰਾ ੧)

ਅੰਤ— ਝੀਂਨੀ ਨਗਰੀ ਮੈ ਵਸਾ, ਮੋਹਿ ਲਖਿ ਸਕੈ ਨ ਕੋਇ ।
ਜਾ ਪਰ ਕਿਰਪਾ ਸਾਧ ਕੀ, ਤਾ ਕੋ ਦਰਸਨ ਹੋਇ ॥੧੫॥
ਜੋ ਜ... (ਪੱਤਰਾ ੬)

ਅੰਤਲੇ ਪੱਤਰੇ ਗੁਮ ਹੋਣ ਕਰ ਕੇ ਇਸ ਤੋਂ ਅਗਲਾ ਪਾਠ ਨਹੀਂ ਮਿਲਦਾ । ਇਸ ਸੰਗ੍ਰਹ ਵਿਚ ਭਗਤ ਧੰਨੇ ਤੇ ਨਰਸੀ ਦੀਆਂ ਸਿਰਫ਼ ਦੋ ਪਰਚੀਆਂ ਹਨ । ਇਨ੍ਹਾਂ ਵਿਚੋਂ ਵੀ ਪਿਛਲੀ ਪਰਚੀ, ਜਿਵੇਂ ਕਿ ਉਪਰਲੀ ਇਬਾਰਤ ਤੋਂ ਪਤਾ ਲਗਦਾ ਹੈ, ਅੰਤਲੇ ਪੱਤਰੇ ਨਾ ਹੋਣ ਕਰ ਕੇ ਅਧੂਰੀ ਹੈ । ਇਨ੍ਹਾਂ ਪਰਚੀਆਂ ਤੋਂ ਅੱਗ ੩ ਪੱਤਰੇ ਗੁਰਬਾਣੀ ਦੇ ਸ਼ਬਦਾਂ "ਮਾਹਾਂ ਮਾਹ ਮੁਮਾਰਖੀ, ਚੜਿਆ ਸਦਾ ਬਸੰਤ" ਆਦਿ ਦੇ ਹਨ ।

(ਅ) ਬਾਰਾ ਮਾਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਾ

ਆਰੰਭ—੧ਓ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਲਿਖਯਤੇ ।
ਦੋਹਰਾ ॥ ਪਾਪ ਗਿਰਾਸੀ ਪ੍ਰਿਥਮੀ, ਪ੍ਰਭੂ ਪਹਿ ਕਰੀ ਪੁਕਾਰ ।
ਤਿਲਵੰਡੀ ਕਾਲੂ ਸੁ ਗ੍ਰਿਹਿ, ਪ੍ਰਗਟਯੋ ਹਰਿ ਕਰਤਾਰ ॥
ਛੰਦ ॥ ਕਾਤਕ ਪੂਰਣਮਾਸੀ ਗੁਰ ਨਾਨਕ ਅਵਤਾਰ ਲੀਆ ।... (ਪਤਰਾ ੧)

ਅੰਤ— ਅਸੂ ਗਏ ਸੁਮੇਰ ਗੋਸਟਿ ਸਭ ਸਿਧਨ ਸੰਗ ਕੀਨੀ ।
ਸਿਧ ਭਰੇ ਅਹੰਕਾਰ, ਦੇਖ ਗੁਰ ਸਕਤੀ ਹਰ ਲੀਨੀ ।
ਸਿਧ ਗੁਰ ਚਰਨੀ ਆਯ ਪਏ ।
ਰਵ ਸਸ ਕੋਟ ਪ੍ਰਤਾਪ ਸ੍ਰੀ ਗੁਰ, ਤਿਨ ਤੇ ਅਧਿਕ ਭਏ ।
ਸਿਧਿਨ ਮਿਲ ਸਭ ਪ੍ਰਨਾਮ ਕੀਆ ।
ਕਲ ਤਾਰਨ ਨਿਰੰਕਾਰ ਗੁਰੂ ਨਾਨਕ ਅਵਤਾਰ ਲੀਆ ॥
ਯਹ ਗੁਰੂ ਨਾਨਕ ਬਾਰਾ ਮਾਹਾ ਜੋ ਪੜ੍ਹੈ ਸੁਣੇਗਾ...
ਸਤਿਗੁਰ ਪ੍ਰਤਾਪ ਰਿਦੈ ਕਾ ਸੰਸਾ ਮਿਟ ਜਾਵੈ । ਅ...ਨੌ ਨਿਧ ਸੋ ਪਾਵੈ ।
ਤਨ ਮਨ ਸੁਖ ਸਦ ਹੋਇ, ਜੋ ਗੁਰੂ ਨਾਨਕ ਜਸੁ ਧਿਆਵੈ ।
ਗੁਰੂ ਤਿਸੁ ਸਿਖੀ ਦਾ ਦਾਨੁ ਦੀਆ, ਕਲ ਤਾਰਨ ਨਿਰੰਕਾਰ ਗੁਰੂ ਨਾਨਕ ਅਵਤਾਰ ਲੀਆ ॥
ਸ੍ਰੀ ਗੁਰੂ ਨਾਨਕ ਬਾਰਾ ਮਾਹਾਂ ਸੰਪੂਰਣੰ । (ਪੱਤਰਾ ੪)

ਇਸ ਤੋਂ ਅੱਗੇ ਦੋ ਪੱਤਰੇ ਗੁਰਬਾਣੀ ਦੇ ਸ਼ਬਦਾਂ ਦੇ ਹਨ, ਜੋ ਸਿਆਹੀ ਖਿੰਡਣ ਕਰ ਕੇ ਚੰਗੀ ਤਰ੍ਹਾਂ ਪੜ੍ਹੇ ਨਹੀਂ ਜਾਂਦੇ ।

(ਕ) ਗੁਰੂ ਪ੍ਰਣਾਲੀਆਂ

(ਨੰ. ×, ਡਾ. ਗੰ. ਸਿੰ.)

੧੫੪. ਗੁਰੂ ਪ੍ਰਣਾਲੀ

ਲੇਖਕ— ਕੇਸਰ ਸਿੰਘ । ਆਕਾਰ—5" × 8", ਲਿਖਤ 3½" × 7" ।

ਵੇਰਵਾ– ਪੱਤਰੇ ੮ (ਸਫ਼ੇ ੧੬), ਪ੍ਰਤੀ ਸਫ਼ਾ ੧੫-੨੬ ਸਤਰਾਂ; ਕਾਗਜ਼ ਵਿਲਾਇਤੀ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਲਿਖਤ ਸਾਫ਼ ਤੇ ਸ਼ੁੱਧ (ਫੁੱਟ ਨੋਟ ਲਾ ਕੇ ਸੰਪਾਦਨ ਕੀਤੀ ਹੋਈ) ।

ਵਿਚ ਇਜੇਹੀ ਜਾਹ ਦੇ, ਬੱਝੇ ਏਹ ਪਰਵੇਸੁ ।
ਸੋ ਕਿਉ ਰਾਮ ਵਿਸਾਰਿਓ, ਜਿਸੁ ਨਾਲਿ ਕੰਮ ਹਮੇਸੁ ।
ਜੇਹੇ ਕਰਮ ਕਮਾਈਅਨ, ਤੇਹੇ ਆਵਨ ਪੇਸੁ । (ਪੱਤਰਾ ੧੪੧)

ਅੰਤ— ...ਲਥੀ ਘੁਮਰੁ ਘੇਰੁ ਦੇ, ਬੁਡੀ ਬਿਨ ਵਿਚਾਰੁ । (ਪੱਤਰਾ ੧੪੭)
ਤੁਲ੍ਹਾ ਤੇਰਾ ਨਾਮੁ ਹੈ, ਹੋਰ ਪਥਰੁ ਦਿਸਨੁ ਭਾਰੁ ॥

ਇਸ ਤੋਂ ਅੱਗੇ 'ਨਸੀਹਤ ਨਾਮਾ ਮਹਲਾ ੧', ਤੇ 'ਸੁਖ਼ਨ ਫ਼ਕੀਰਾਂ ਕੇ' ਪੱਤਰਾ ੧੫੧ ਤਕ ਦਰਜ ਹਨ ।

(ਖ) ਸ਼ਲੋਕ ਕਬੀਰ ਜੀ ਕੇ

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸਲੋਕ ਕਬੀਰ ਜੀ ਕੇ ।
ਏਕ ਕਨਕ ਅਰੁ ਕਾਮਨੀ, ਇਨ ਤੇ ਰਹੀਐ ਦੂਰੁ ।
ਦੇਖਦਿਆ ਛਲੁ ਜਾਹਿਗੀ, ਦੇਹਿ ਮੁਹਿ ਅੰਦਰਿ ਧੂਰਿ ॥
ਕਬੀਰ ਏਕ ਕਨਕ ਅਰ ਕਾਮਨੀ, ਦੋ ਲਾਂਬੀ ਤਲਵਾਰ । (ਪੱਤਰਾ ੧੫੧)
ਆਏ ਥੇ ਹਰਿ ਮਿਲਣ ਕਉ, ਬੀਚੇ ਲੀਏ ਮਾਰ ॥

ਅੰਤ— ਕਬੀਰ ਨਾਰੀ ਨੀਲੀ ਨਦੀ ਹੈ, ਮਤ ਕੋ ਬੋਰਹੁ ਪਾਉ ।
ਅਸਤਬਾਜੀ ਕਾ ਚੋਲਨਾ, ਪਹਿਰਤ ਹੀ ਜਲ ਜਾਉ ॥੩੭॥
ਕਬੀਰ ਨਾਰੀ ਨਿਕਟਿ ਨ ਜਾਈਐ, ਨਾਰੀ ਪਰਤਖ ਕਾਲੁ । (ਪੱਤਰਾ ੧੫੪)
ਜਿਨਿ ਨਾਰੀ ਮਨ ਖਿਚਿਆ, ਤਿਨਿ ਸਹਿਜੇ ਮਿਲਿਆ ਗੁਪਾਲੁ ॥੩੮॥

(ਗ) ਰਾਗੁ ਨਾਮੁ ਮਾਲਾ (ਮਹਲਾ ੧)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਰਾਗੁ ਨਾਮੁ ਮਾਲਾ ਮਹਲਾ ੧ ।
ਕਹੋ ਕਹਾ ਕਰਤਾਰ ਹਮਾਰੇ ।
ਨਾਮ ਅਨੰਤ ਅੰਤ ਨਹੀ ਯਾ ਕੇ, ਬਹੁ ਗੁਣ ਰੂਪ ਤੁਮਾਰੇ ॥੧॥ ਰਹਾਉ । (ਪੱਤਰਾ ੧੫੪)

ਅੰਤ— ਗੁਰ ਜਗਦੀਸ ਮੰਤ੍ਰੁ ਨਿਜੁ ਦੀਨਾ, ਰਾਮੁ ਨਾਮੁ ਜਪੁ ਸਾਰਾ । (ਪੱਤਰਾ ੧੫੫)
ਨਾਨਕ ਦਾਸ ਨਿਸਚੇ ਫਲੁ ਮਾਗੇ, ਤੇਰੇ ਭਗਤ ਭਰੇ ਭੰਡਾਰਾ ॥

ਇਸ ਤੋਂ ਅੱਗੇ ਪੱਤਰਾ ੧੬੦ ਤਕ ਕਮਲ ਨੇਤ੍ਰ (ਕ੍ਰਿਸ਼ਨ ਲੀਲਾ), ਜਲ ਭਗਵਾਨ ਸੰਧਿਆ, ਸ਼ਿਵ-ਅਸ਼ਟਕ ਤੇ ਰਾਮ-ਅਸ਼ਟਕ ਦਰਜ ਹਨ ।

(ਘ) ਬਾਰਾ ਮਾਹਾ ਚਾਨਣ ਦਾਸ ਜੀ ਕਾ

ਆਰੰਭ— ੧ੴ ਸਤਿਗੁਰ ਪ੍ਰਸਾਦਿ । ਬਾਰਹਾ ਮਹਾ ਦਾਸ ਚਨਣ ਜੀ ਕੇ ਲਿਖਤੇ ।
ਚੇਤ੍ਰ ਚਿਤਾਰ ਸੁ ਹਾਰੇ ਪ੍ਰਭੋ ਨੂ, ਤੁਧ ਬਿਨ ਘੜੀ ਨ ਜੀਵਾ ।
ਜਿਸ ਦਿਨ ਦਾ ਪ੍ਰਭੁ ਵਿਛੁੜਿ ਗਿਆ, ਮੈਂ ਘੋਲੁ ਹਲਾਹਲ ਪੀਵਾਂ ।
ਬਨ ਬਨ ਦੇ ਵਿਚ ਫਿਰਾ ਢੂਢੇਦੀ, ਘਫਨੀਆ ਬੰਨੇ ਸੀਵਾਂ ।
ਦਾਸ ਚਨੁਣ ਪ੍ਰਭੁ ਆਇ ਮਿਲੈ ਤਾ ਮੈਂ ਖੁਸੀ ਬਹਾਰਾਂ ਥੀਵਾਂ ॥੧॥ (ਪੱਤਰਾ ੧੬੦)

ਅੰਤ— ...ਰਾਧੇ ਤੇ ਸ੍ਰੀ ਕ੍ਰਿਸਨ ਅਕਠੇ ਹੋਏ, ਮਤ ਚਾਨਣ ਆਖੁ ਸੁਣਾਈ ।
ਚਾਨਣ ਜਾਤੁ ਪਾਤੁ ਕਾ ਸਾਹਾ, ਪਿਤਾ ਰਾਜ ਹੈ ਰੂਪ ।
ਨਿਕਭਉ ਜੀ ਕਾ ਪੋਤ੍ਰਾ ਵਰਨਿਆ ਹੈ ਸਰੂਪ ।
ਜੋ ਪੜ੍ਹੇ ਸੋ ਹਰਿ ਚਿਤ ਧਾਰੇ, ਟਲਨ ਜਮ ਕੇ ਦੂਤ ॥੧੨॥
ਬਹਰਾ ਮਹੁ (ਬਾਰਾ ਮਾਹਾ) ਸੰਪੂਰਨ ਚਾਨਣ ਦਾਸ ਕੇ । (ਪੱਤਰਾ ੧੬੨)

ਇਸ ਤੋਂ ਅੱਗੇ ਪੱਤਰਾ ੧੭੫ ਤਕ ਫੁਟਕਲ ਸ਼ਬਦ-ਸ਼ਲੋਕ ਤੇ ਪਰਚੀਆਂ ਸੰਤਾਂ-ਭਗਤਾਂ ਕੀਆਂ ਦਰਜ ਹਨ ।

੧੫੩. (੩) ਪਰਚੀਆਂ ਭਗਤਾਂ ਕੀਆਂ (ਬਾਰਾਂ ਮਾਹਾਂ ਸ੍ਰੀ ਗੁਰੂ ਨਾਨਕ ਜੀ ਸਮੇਤ) (ਨੰ. ×, ਡਾ. ਗੰ. ਸਿੰ.)

ਲੇਖਕ— ਨਾਮਾਲੂਮ। ਆਕਾਰ-6½"×8", ਲਿਖਤ 3½"×5"।

ਵੇਰਵਾ— ਪੱਤਰੇ ਪਰਚੀਆਂ ਭਗਤਾਂ ਕੀਆਂ ੬, ਗੁਰਬਾਣੀ ਦੇ ਸ਼ਬਦ ਪੱਤਰੇ ੩ (ਸਫ਼ੇ ੬), ਬਾਰਾਂ ਮਾਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਪੱਤਰੇ ੪, ਕੁੱਲ ਪੱਤਰੇ ੧੩; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਪਤਲਾ ਵਿਲਾਇਤੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਪੁਸਤਕ ਸਾਦੀ ਗੱਤੇ ਦੀ ਜਿਲਦ ਵਿਚ ਹੈ।

ਸਮਾਂ— ਪੰਜਾਹ ਕੁ ਸਾਲ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ-ਨਾਮਾਲੂਮ।

ਆਰੰਭ- ੧ੴ ਸਤਿਗਰ ਪ੍ਰਸਾਦਿ। ਅਥ ਪਰਚੀ ਧੰਨੇ ਭਗਤਿ ਕੀ ਲਿਖ੍ਯਤੇ।
ਕਲਰ ਧੰਨਾ ਗਊਆਂ ਚਾਰੇ, ਬ੍ਰਾਹਮਣ ਨਿਕਲਿਆ ਆਇ।.. (ਪੱਤਰਾ ੧)

ਅੰਤ— ਝੀਂਨੀ ਨਗਰੀ ਮੈਂ ਵਸਾ, ਮੋਹਿ ਲਖਿ ਸਕੈ ਨ ਕੋਇ।
ਜਾ ਪਰ ਕਿਰਪਾ ਸਾਧ ਕੀ, ਤਾ ਕੋ ਦਰਸਨੁ ਹੋਇ ॥੧੫॥
ਜੋ ਜ... (ਪੱਤਰਾ ੬)

ਅੰਤਲੇ ਪੱਤਰੇ ਗੁੰਮ ਹੋਣ ਕਰ ਕੇ ਇਸ ਤੋਂ ਅਗਲਾ ਪਾਠ ਨਹੀਂ ਮਿਲਦਾ। ਇਸ ਸੰਗ੍ਰਹਿ ਵਿਚ ਭਗਤ ਧੰਨੇ ਤੇ ਨਰਸੀ ਦੀਆਂ ਸਿਰਫ਼ ਦੋ ਪਰਚੀਆਂ ਹਨ। ਤਿਨ੍ਹਾਂ ਵਿਚੋਂ ਵੀ ਪਿਛਲੀ ਪਰਚੀ, ਜਿਵੇਂ ਕਿ ਉਪਰਲੀ ਇਬਾਰਤ ਤੋਂ ਪਤਾ ਲਗਦਾ ਹੈ, ਅੰਤਲੇ ਪੱਤਰੇ ਨਾ ਹੋਣ ਕਰ ਕੇ ਅਧੂਰੀ ਹੈ। ਇਨ੍ਹਾਂ ਪਰਚੀਆਂ ਤੋਂ ਅੱਗ ੩ ਪੱਤਰੇ ਗੁਰ-ਬਾਣੀ ਦੇ ਸ਼ਬਦਾਂ "ਮਾਹਾਂ ਮਾਹ ਮੁਮਾਰਖੀ, ਚੜਿਆ ਸਦਾ ਬਸੰਤ" ਆਦਿ ਦੇ ਹਨ।

(ਅ) ਬਾਰਾ ਮਾਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਾ

ਆਰੰਭ—੧ੴ ਸਤਿਗੁਰ ਪ੍ਰਸਾਦਿ। ਅਥ ਬਾਰਾਂ ਮਾਹਾ ਸ੍ਰੀ ਗੁਰੂ ਨਾਨਕ ਦੇਵ ਜੀ ਕਾ ਲਿਖ੍ਯਤੇ।
ਦੋਹਰਾ॥ ਪਾਪ ਗਿਰਾਸੀ ਪ੍ਰਿਥਮੀ, ਪ੍ਰਭੁ ਪਹਿ ਕਰੀ ਪੁਕਾਰ।
ਤਿਲਵੰਡੀ ਕਾਲੂ ਸੁ ਗ੍ਰਿਹਿ, ਪ੍ਰਗਟਜੋ ਹਰਿ ਕਰਤਾਰ॥
ਛੰਦ॥ ਕਾਤਕ ਪੂਰਣਮਾਸੀ ਗੁਰ ਨਾਨਕ ਅਵਤਾਰ ਲੀਆ।... (ਪਤਰਾ ੧)

ਅੰਤ— ਅਸੂ ਗਏ ਸੁਮੇਰ ਗੋਸਟਿ ਸਭ ਸਿਧਨ ਸੰਗ ਕੀਨੀ।
ਸਿਧ ਭਰੇ ਅਹਿੰਕਾਰ, ਦੇਖ ਗੁਰ ਸਕਤੀ ਹਰ ਲੀਨੀ।
ਸਿਧ ਗੁਰ ਚਰਨੀ ਆਯ ਪਏ।
ਰਵ ਸਸ ਕੋਟ ਪ੍ਰਤਾਪ ਸ੍ਰੀ ਗੁਰ, ਤਿਨ ਤੇ ਅਧਿਕ ਭਏ।
ਸਿਧਿਨ ਮਿਲ ਸਬ ਪ੍ਰਨਾਮ ਕੀਆ।
ਕਲ ਤਾਰਨ ਨਿਰੰਕਾਰ ਗੁਰੂ ਨਾਨਕ ਅਵਤਾਰ ਲੀਆ॥
ਯਹ ਗੁਰੂ ਨਾਨਕ ਬਾਰਾ ਮਾਹਾ ਜੋ ਪੜ੍ਹੇ ਸੁਣੇਗਾ...
ਸਤਿਗੁਰ ਪ੍ਰਤਾਪ ਰਿਦੈ ਕਾ ਸੰਸਾ ਮਿਟ ਜਾਵੈ। ਅ...ਨੌ ਨਿਧ ਸੋ ਪਾਵੈ।
ਤਨ ਮਨ ਸੁਖ ਸਦ ਹੋਇ, ਜੋ ਗੁਰੂ ਨਾਨਕ ਜਸੁ ਧਿਆਵੈ।
ਗੁਰੂ ਤਿਸੁ ਸਿਖੀ ਦਾ ਦਾਨੁ ਦੀਆ, ਕਲ ਤਾਰਨ ਨਿਰੰਕਾਰ ਗੁਰੂ ਨਾਨਕ ਅਵਤਾਰ ਲੀਆ॥
ਸ੍ਰੀ ਗੁਰੂ ਨਾਨਕ ਬਾਰਾ ਮਾਹਾਂ ਸੰਪੂਰਣੰ। (ਪੱਤਰਾ ੪)

ਇਸ ਤੋਂ ਅੱਗੇ ਦੋ ਪੱਤਰੇ ਗੁਰਬਾਣੀ ਦੇ ਸ਼ਬਦਾਂ ਦੇ ਹਨ, ਜੋ ਸਿਆਹੀ ਖਿੰਡਣ ਕਰ ਕੇ ਚੰਗੀ ਤਰ੍ਹਾਂ ਪੜ੍ਹੇ ਨਹੀਂ ਜਾਂਦੇ।

(ਕ) ਗੁਰੂ ਪ੍ਰਣਾਲੀਆਂ

੧੫੪. ਗੁਰੂ ਪ੍ਰਣਾਲੀ (ਨੰ. ×, ਡਾ. ਗੰ. ਸਿੰ.)

ਲੇਖਕ— ਕੇਸਰ ਸਿੰਘ। ਆਕਾਰ—5"×8", ਲਿਖਤ 3½"×7"।

ਵੇਰਵਾ- ਪੱਤਰੇ ੮ (ਸਫ਼ੇ ੧੬), ਪ੍ਰਤੀ ਸਫ਼ਾ ੧੫-੨੬ ਸਤਰਾਂ; ਕਾਗਜ਼ ਵਿਲਾਇਤੀ; ਹਾਸ਼ੀਆ ਸਾਦਾ ਬਗੈਰ ਲਕੀਰਾਂ ਦੇ; ਲਿਖਤ ਸਾਫ਼ ਤੇ ਸ਼ੁੱਧ (ਫੁੱਟ ਨੋਟ ਲਾ ਕੇ ਸੰਪਾਦਨ ਕੀਤੀ ਹੋਈ)।

ਸਮਾਂ— ਸੰਨ ੧੯੩੩ ਈ. । ਲਿਖਾਰੀ ਤੇ ਸੰਪਾਦਕ–ਗੰਡਾ ਸਿੰਘ । ਸਥਾਨ—ਅੰਮ੍ਰਿਤਸਰ (ਪੰਜਾਬ) ।

ਆਰੰਭ— ੧ਓ ਸਤਿਨਾਮ ਗੁਰ ਪ੍ਰਨਾਲੀ । ੧ਓ ਸਤਿਗੁਰ ਪ੍ਰਸਾਦਿ । ਅਥ ਗੁਰ ਪ੍ਰਨਾਲੀ ਲਿਖਯਤੇ ॥ ਦੋਹਰਾ ॥
ਉਤਪਤ ਜੋਤ ਬਿਅੰਤ ਕੀ, ਸਲਲੈ ਸਲਲ ਸਮਾਇ ।
ਸਾਰ ਸੋਧ ਸਾਸਤ੍ਰ ਸਕਲ, ਕੇਸਰ ਸਿੰਘ ਸੁਨਾਇ ॥

ਪ੍ਰਿਥਮੇ ਬਾਬਾ ਰਾਮ ਨਾਰਾਯਣ ਜੀ ਬੇਦੀ । ਤਿਨ ਕੇ ਘਰ ਮਹਿਲ ਮਾਤਾ ਕੁਸਾਲ ਦੇਈ ਜੀ, ਤਿਨ ਕੇ ਬੇਟੇ ਦੋਇ : ਸਿਵ ਰਾਮ ਜੀ, ਅਰੁ ਸਾਨਪਤ ਜੀ । ਸਿਵ ਰਾਮ ਜੀ ਕੇ ਘਰ ਮਹਲ ਮਾਤਾ ਬਨਾਰਸੀ ਜੀ, ਤਿਨ ਕੇ ਬੇਟੇ ਦੋਇ : ਇਕ ਕਲਿਯਾਨ ਦਾਸ, ਏਕ ਲਾਲ ਚੰਦ । ਕਲਿਯਾਨ ਦਾਸ ਕੇ ਘਰ ਮਹਲ ਬੀਬੀ ਜੀ, ਤਿਨ ਕੇ ਘਰ ਸ੍ਰੀ ਸਤਿਗੁਰੂ ਬਾਬਾ ਨਾਨਕ ਦੇਵ ਜੀ ਜਨਮੇ । ਰਾਇ ਭੋਇ ਭਟੀ ਦੀ ਤਲਵੰਡੀ, ਬਾਰ ਵਿਚ, ਸੰਮਤ ੧੫੨੬ ਕਤਕ ਦਿਨ ਗਿਆ ਅਠਾਰਾ ੧੮ ਬੁਧਵਾਰ ਪੂੰਨਿਯਾ ਸੁਦੀ ਦੁਇ ਪਹਰ ਅਤੇ ਇਕ ਘੜੀ ਰਾਤ ਗਈ ਅਨੁਰਾਧਾ ਨਛਤ੍ਰ ਵਿਚ । (ਪੱਤਰਾ ੧)

ਅੰਤ— ਬਤੀ ਵਰ੍ਹੇ ਤੇ ਯਾਰਾਂ ਮਹੀਨੇ ਪਾਤਸਾਹੀ ਕਰਨ ਕਾਰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀਤੀ, ਸੰਮਤ ੧੭੬੫ ਕਤਕ ਸੁਦੀ ੫ ਸੋਮਵਾਰ ਦੋਪਹਿਰ ਰਾਤ ਗਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਾਣੇ ਸ੍ਰੀ ਅਬਚਲ ਨਗਰ ਗੁਦਾਵਰੀ ਕਨਾਰੇ । ਪਾਤਸਾਹੀ ੧੦ ।
(ਪੱਤਰਾ ੬)

੧ਓ ਸਤਿਗੁਰ ਪ੍ਰਸਾਦਿ ।

ਅੱਗੇ ਬਖਸ ਖਾਲਸੇ ਉਪਰ ਹੋਈ । ਹੁਕਮ ਸ੍ਰੀ ਸਤਿਗੁਰੂ ਦਸਮ ਪਾਤਸਾਹ ਦੇ ਨਾਲ ਬੰਦਾ ਜੀ ਪ੍ਰਗਟ ਹੋਇਆ ਨੌ ਮਹੀਨੇ ਅਤੇ ਨੌ ਦਿਨ ਪਿਛੇ ਸੰਮਤ ੧੭੬੬ ਸਾਵਨ ਦਿਨ ੨੭ । ਬੰਦੇ ਲਛਮਨ ਦਾਸ ਬੈਰਾਗੀ ਲੋਹਗੜ੍ਹ ਦੇ ਬਾਗ ਵਿਚ ਤੁੰਗ ਰਾਜਪੂਤ ਦੇ ਦੇਸ । ਨੌਂ ਬਰਸ ਤੇ ਚਾਰ ਮਹੀਨੇ ਅਠ ਦਿਨ ਪਾਤਸਾਹੀ ਬੰਦਾ ਜੀ ਕੀਤੀ । ਸੰਮਤ ੧੭੭੫ ਫਗਣ ਦਿਨ ਗਿਆ ੨੨* ਬੰਦਾ ਜੀ ਬੇਟਾ ਅਜੈ ਸਿੰਘ ਜੀ ਸਮੇਤ ਚਾਂਦਨੀ ਚੌਕ ਦਿੱਲੀ ਵਿਚ ਸਤਾਈ ਸੈ ਤ੍ਰਾਨਵੇ ਸਿੰਘਾਂ ਨਾਲ ਚੜ੍ਹੇ, ਅਮਲ ਫ਼ੱਰੁੱਖ਼ਸੀਅਰ ਦੇ ਵਿਚ ।

ਚਾਰ ਬਰਸ ਤੇ ਸਤ ਦਿਨ ਪਾਤਸਾਹੀ ਸਾਹਿਬਜ਼ਾਦੇ—ਬਚਨ–ਦੇ ਅਜੀਤ ਸਿੰਘ ਜੀ ਕੀਤੀ ਦਿਲੀ ਵਿਚ । ਤਿੰਨ ਬਰਸ ਤੇ ਚੌਦਾਂ ਦਿਨ ਪਾਤਸਾਹੀ ਸਾਹਿਬਜ਼ਾਦੇ–ਬਚਨ ਦੇ ਹਠੀ ਸਿੰਘ ਦੀ ਕੀਤੀ ਦਿਲੀ ਵਿਚ । ਇਤੀ ਸੰਪੂਰਣੰ ।

ਇਹ ਪੁਸਤਕ ਡਾ. ਗੰਡਾ ਸਿੰਘ ਨੇ, ਜਿਵੇਂ ਕਿ ਅੰਤਲੇ ਨੋਟ ਤੋਂ ਪਤਾ ਲਗਦਾ ਹੈ, ਸ. ਗੁਰਦਿੱਤ ਸਿੰਘ ਹਰੀਕਾ, ਤਹਿਸੀਲਦਾਰ ਸੁਨਾਮ (ਰਿਆਸਤ ਪਟਿਆਲਾ) ਦੀ ਮਾਰਫ਼ਤ ਪਿੰਡ ਕੋਟ ਦੂੰਨਾ (ਬਰਨਾਲਾ) ਦੇ ਉਦਾਸੀ ਸਾਧੂਆਂ ਦੇ ਡੇਰੇ 'ਚੋਂ ਸੰਮਤ ੧੯੮੨ ਬਿ. (੧੯੨੫ ਈ.) ਨੂੰ ਮੰਗਵਾ ਕੇ ਨਕਲ ਕਰਵਾਈ ਤੇ ਫੇਰ ਸੰਨ ੧੯੩੩ ਵਿਚ ਉਸ ਨਕਲ ਦੀ ਨਕਲ ਕੀਤੀ ਸੀ ।

(ਨੰ. ੯੬, ਪੰ. ਯੂ. ਚੰ.)

੧੫੫. ਗੁਰੂ ਪ੍ਰਣਾਲੀ

ਲੇਖਕ– ਨਾਮਾਲੂਮ । ਆਕਾਰ— 5" × 3¼", ਲਿਖਤ 3¼" × 2¼" ।

ਵੇਰਵਾ— ਪੱਤਰੇ ੩੭; ਪ੍ਰਤੀ ਸਫ਼ਾ ੪ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ, ਪਰ ਮੁਟੇਰੀ; ਹਾਸ਼ੀਆ ਸੁੰਦਰ ਰੰਗੀਨ ਲਕੀਰਾਂ ਵਾਲਾ; ਮੁੱਢਲਾ ਪੱਤਰਾ ਹੋਰ ਕਲਮ ਦਾ ਲਿਖਿਆ ਹੋਇਆ; ਲਿਖਤ ਦੀ ਖ਼ੂਬਸੂਰਤੀ ਵਧਾਉਣ ਲਈ ਕਈ ਥਾਵੇਂ ਵਿਸ੍ਰਾਮ-ਚਿੰਨ੍ਹਾਂ ਤੇ ਸਿਰਲੇਖਾਂ ਲਈ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ ।

ਸਮਾਂ– ਲਿਖਤ ਅੱਸੀ ਕੁ ਵਰ੍ਹੇ ਪੁਰਾਣੀ ਜਾਪਦੀ ਹੈ । ਲਿਖਾਰੀ— ਨਾਮਾਲੂਮ ।

ਆਰੰਭ– ੧ਓ ਸਤਿਗੁਰੁ ਪ੍ਰਸਾਦਿ । ਅਥ ਗੁਰੂ ਪ੍ਰਨਾਲੀ ਲਿਖਯਤੇ । ਪਾਤਸਾਹੀ ਪਹਿਲੀ ਸਿਰੀ ਗੁਰੂ ਨਾਨਕ ਦੇਵ ਜੀ, ਵੇਦੀਆਂ ਕੀ ਵੰਸ ਵਿਚ ਜਾਤਿ ਖਤਰੀ ਗਰਾਮ ਰਾਇ ਭੋਏ ਦੀ ਤਿਲਵੰਡੀ, ਨਕੇ ਮੈ, ਸੰਮਤ ੧੫੨੬ ਕਤਕ ਸੁਦੀ ਪੂਰਨਮਾਸੀ ।
(ਪੱਤਰੇ ੧–੨)

ਅੰਤ— ਪਾਤਿਸਾਹੀ ਪਹਿਲੇ ਆਲਮਗੀਰ ਥਾ, ਪੀਛੇ ਸਾਹਿਬ ਦਸਮੇ ਪਾਤਿਸਾਹ ਜੀ ਕੀ ਬਖਸਸ ਸੇ ਬਹਾਦਰ ਸਾਹ ਭਇਆ । ਇਤਿ ਗੁਰ ਪ੍ਰਨਾਲਿਕਾ ਸੰਪੂਰਨੰ ॥ ੧ ॥ (ਪੱਤਰੇ ੩੬–੩੭)

*ਐਤਵਾਰ ੧੨ ਹਾੜ੍ਹ ਸੰਮਤ ੧੭੭੯ ਬਿ., ੨੭ ਜਮਾਦੀਉਲ ਆਖ਼ਰ ਸੰਨ ੧੧੨੮ ਹਿਜਰੀ, ਨੂੰ ਸ਼ਹੀਦ ਕੀਤਾ ਗਿਆ ।

੧੫੬੬. (ੳ) ਗੁਰੂ ਪ੍ਰਣਾਲੀ (ਦੇਵੀ ਪ੍ਰਗਟਾਵਣ ਦੇ ਪ੍ਰਸੰਗ ਆਦਿ ਸਮੇਤ) (ਨੰ. ੧੬੪, ਪੰ. ਪ੍ਰੀ. ਸਿੰ.)

ਲੇਖਕ— ਨਾਮਾਲੂਮ। ਆਕਾਰ— 5½" × 8½", ਲਿਖਤ 4¼" × 6¾"।

ਵੇਰਵਾ— ਪੱਤਰੇ ਗੁਰ ਪ੍ਰਣਾਲੀ ੨, ਦੇਵੀ ਪ੍ਰਗਟਾਵਣ ਦਾ ਪ੍ਰਸੰਗ ੩-੧੦, ਦਸਮੇਸ਼ ਜੀ ਦੇ ਜੋਤੀ ਜੋਤ ਸਮਾਵਣ ਦਾ ਪ੍ਰਸੰਗ ੧੦-੨੪, ਬਹਾਦੁਰ ਸ਼ਾਹ ਦੀ ਮੁਲਾਕਾਤ ਕਾ ਪ੍ਰਸੰਗ ੨੪-੨੯; ਪ੍ਰਤੀ ਸਫ਼ਾ ੧੭ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੮੮੧ ਬਿ.। ਲਿਖਾਰੀ-ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਗੁਰ ਪ੍ਰਨਾਲੀ ਲਿਖ੍ਯਤੇ। ਪ੍ਰਿਥਮੇ ਗੁਰੂ ਨਾਨਕ ਸਾਹਿਬ ਜੀ, ਤਿਨ ਕੇ ਬੇਟੇ ਦੋਇ: ਸ੍ਰੀ ਚੰਦ ਤੇ ਲਖਮੀ ਦਾਸ ਜੀ। ਪਿਤਾ ਕਾਲੂ ਤੇ ਮਾਤਾ ਤ੍ਰਿਪਤੇ। ਤੇ ਮਹਲ ਮਾਤਾ ਸੁਲਖਣੀ। ਦੂਜੇ ਬਖਸ ਹੋਈ ਘਰ ਤਿਹਣਾ ਦੇ, ਗੁਰੂ ਅੰਗਦ ਜੀ ਜੋਗ। ਤਿਨ ਕੇ ਬੇਟੇ ਦੋਇ: ਦਾਸੂ, ਦਾਤੂ। ਮਹਲ ਮਾਤਾ ਖੀਵੀ। ਪਿਤਾ ਭਾਈ ਫੇਰੂ ਤੇ ਮਾਤਾ ਦਯਾ ਕੌਰ।... (ਪੱਤਰਾ ੧)

ਅੰਤ— ...ਪਾਤਿਸਾਹੀ ਯਾਰਵੀ, ਬਖਸ ਹੋਈ ਗੁਰੂ ਖਾਲਸੇ ਜੋਗ, ਤਿਨ ਕੇ ਪੁਤ੍ਰ ਅਣਗਣਤ ॥੧॥ ਗੁਰ ਪ੍ਰਨਾਲੀ ਸੰਪੂਰਨ ਹੋਈ। ਬੋਲੋ ਭਾਈ ਜੀ, ਸ੍ਰੀ ਵਾਹਿਗੁਰੂ ਜੀ। (ਪੱਤਰਾ ੨)

(ਅ) ਪ੍ਰਸੰਗ ਦੇਵੀ ਪ੍ਰਗਟਾਵਣ ਤੇ ਅਮ੍ਰਿਤ ਛਕਾਵਣ ਕਾ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਪ੍ਰਸੰਗ ਦੇਵੀ ਕੋ ਪ੍ਰਗਟ ਕਰ ਕੇ ਅੰਮ੍ਰਿਤ ਛਕਣ-ਛਕਾਵਣ ਕਾ। ਤਿਨ ਬਰਸ ਗੁਰੂ ਜੀ, ਸਤਿਗੁਰੂ ਜੀ ਨੇ ਹੋਮ ਕੀਆ। (ਪੱਤਰਾ ੨)

ਅੰਤ— ...ਜਿਨਹੁ ਕੋ ਸ੍ਰੀ ਸਤਿਗੁਰੂ ਜੀ ਨੇ ਅਪਣੇ ਹਸਤ ਕਮਲਹੁ ਸੋਂ ਅੰਮ੍ਰਿਤ ਛਕਾਵਣਾ ਹੈ ਤਿਨ ਕੋ ਮੁਕਤ ਕਰਨਾ ਹੈ। ਸੋ ਮੁਕਤ ਬੀ ਹੋਤੀ ਹੈ ਜਬ ਦੇਹ ਅਭਿਮਾਨ ਛੂਟੈ। ਇਸ ਪਰੀਖ੍ਯਾ ਨਿਮਤ ਉਨ ਸੇ ਸੀਸ ਮਾਂਗੇ। ਬੋਲੋ ਭਾਈ ਜੀ ਵਾਹਗੁਰੂ, ਸਾਖੀ ਪੂਰੀ ਹੋਈ। (ਪੱਤਰਾ ੧੦)

(ੲ) ਸ੍ਰੀ ਦਸ਼ਮੇਸ਼ ਜੀ ਦੇ ਜੋਤੀ ਜੋਤਿ ਸਮਾਵਣ ਦਾ ਪ੍ਰਸੰਗ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਗੁਰੂ ਸਾਹਿਬ ਦਸਵੇ ਪਾਤਸਾਹ ਜੀ ਕੇ ਜੋਤੀ ਜੋਤਿ ਸਮਾਵਣੇ ਕਾ ਪ੍ਰਸੰਗ ਲਯਤੇ (ਲਿਖ੍ਯਤੇ)। ਜਿਸ ਪ੍ਰਕਾਰ ਹਜ਼ੂਰ ਕੇ ਖਾਸ ਸਿਖਾ ਦੀ ਰਸਨਾ ਥੀਂ ਪਰੰਪਰਾ ਸੁਣਿਆ ਹੈ ਸੋ ਲਿਖ੍ਯਾ ਹੈ। ਭੂਲ ਚੁਕ ਸਤਿਗੁਰ ਬਖਸੇ। ਇਕ ਸਮੇ ਸਾਹਬ ਦਸਵਾ ਪਾਤਸਾਹ ਜੀ ਸਵਾਰੀ ਵਿਚ ਚਲੇ ਜਾਂਦੇ ਸੇ ਸਿਰੰਦ ਦੇ ਤੱਲਕੇ ਵਿਚ, ਨਾਲ ਅਸਵਾਰ ਕੁਛ ਅਲਪ ਸੇ। ਉਸ ਸਮੇਂ ਇਕ ਕੋਈ ਪਠਾਣ ਰਸਤੇ ਵਿਚ ਖੜਾ ਥਾ। ਉਸ ਨੇ ਪੁਛਿਆ, "ਇਹ ਕੋਣ ਹੈ ?" ਤਬ ਸਿਖਾ ਕਹਿਆ, "ਦਸਵਾ ਪਾਤਸਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੈ।" ਤਬ ਉਸ ਨੇ ਕਹਿਆ, "ਗੋਬਿੰਦ ਸਿੰਘ ਇਹੀ ਹੈ ਜਿਸ ਨੇ ਸਾਰੇ ਮੁਲਖ ਮਹਿ ਤੁਫਾਨ ਡਾਰਿਆ।" ਏ ਕਹ ਕੇ ਕੁਛ ਔਰ ਦੁਰਬਚਨ ਭੀ ਕਹਿਆ। ਤਬ ਸ੍ਰੀ ਗੁਰੂ ਜੀ ਨੇ ਏਕ ਬਾਣ ਮਾਰ ਕਰ ਤਿਸ ਕੋ ਮਾਰ ਡਾਰਿਆ।... (ਪੱਤਰੇ ੧੦-੧੧)

ਅੰਤ— (ਗੁਰੂ ਜੀ ਦੇ ਉੱਪਰ ਕਟਾਰ ਨਾਲ ਹਮਲਾ ਕਰਨ ਵਾਲੇ ਪਠਾਣ ਬਾਰੇ) ਜੋ ਲੋਕ ਕਹਿਤੇ ਹੈ ਵਹ ਪਠਾਣ ਪੈਂਦੇ ਖਾ ਕਾ ਪੋਤ੍ਰਾ ਥਾ ਅਰੁ ਸਾਹਿਬ ਨੇ ਉਸ ਕੇ ਹਾਥ ਮੇ ਕਟਾਰ ਦੀਆ ਅਰ ਉਸ ਸੇ ਚੌਪੜਿ ਖੇਲਤੇ ਥੇ, ਸੋ ਬਾਤਾਂ ਕਪੋਲ ਕਲਪਿਤ ਹੈ। ਉਸ ਕੇ ਦਾਦੇ ਕੋ ਗੁਰੂ ਜੀ ਕੇ ਪਿਤਾਮਾ ਨੇ ਮਾਰਿਆ ਥਾ। ਸੋ ਤੀਸਰੀ ਪੀੜ੍ਹੀ ਮੇ ਏਤਾ ਕਿਆ ਬੈਰੁ ਥਾ ਅਰ ਚੌਪੜ ਕਾ ਖੇਲਣਾ ਸਤਿਗੁਰੋਂ ਕੋ ਕਬ ਸੋਭਤਾ ਹੈ। ਜਿਨੋਂ ਨੇ ਸਿਖੁ ਪ੍ਰਤਿ ਉਪਦੇਸ ਕੀਆ ਹੈ, "ਜੂਐ ਜਾਇ ਨ ਖੇਲੈ ਪਾਸੇ।" ਪ੍ਰਯੋਜਨ ਇਹ ਜਿਸ ਮੌਂ ਸਤਿਗੁਰੋਂ ਕੀ ਮਹਮਾਂ ਹੋਵੈ ਸੋ ਵਾਕਯ ਪ੍ਰਮਾਣ ਹੈ ॥੧॥ (ਪੱਤਰੇ ੨੩-੨੪)

(ਸ) ਬਹਾਦੁਰ ਸ਼ਾਹ ਕੀ ਮੁਲਾਕਾਤ ਕਾ ਪ੍ਰਸੰਗ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਬ ਬਹਾਦਰ ਸਾਹ ਕੀ ਮੁਲਾਕਾਤ ਕਾ ਪ੍ਰਸੰਗ ਲਿਖਤੇ ਹੈ। ਏਕ (ਦਫਾ) ਔਰੰਗ ਜੇਬ ਨੇ ਅਪਨੇ ਪੁਤ੍ਰ ਬਹਾਦਰ ਸਾਹਿ ਕੋ ਕੈਦ ਕੀਆ ਥਾ, ਜਬ ਕੇਤਾ ਚਿਰ ਭਯਾ।... (ਪੱਤਰਾ ੨੪)

ਅੰਤ— ...ਬਾਦਸਾਹ ਕੀ ਦਖਣ ਜਾਣੇ ਕੀ ਤਈਆਰੀ ਭਈ ਅਰੁ ਇਹ ਖਬਰ ਸ੍ਰੀ ਸਤਿਗੁਰੂ ਜੀ ਕੋ ਲਿਖੀ। ਤਾ ਸਮੇਂ ਸ੍ਰੀ

ਗੁਰੂ ਸਾਹਬ ਜੀ ਨੇ ਭੀ ਲਿਖਾ ਜੋ ਹਮਾਰੀ ਭੀ ਦਖਣ ਜਾਣੇ ਕੀ ਇੱਛਾ ਹੈ। ਏਕਠੇ ਹੀ ਚਲਹਿਗੇ। ਅਰੁ ਬਹਾਦਰ ਸਾਹ ਕੇ ਡੇਰੇ ਥੇ ਚਾਰ ਕੋਸ ਕੀ ਵਿਥ ਪਰ ਸਾਹਬ ਡੇਰਾ ਰਾਖਤੇ ਥੇ। ਔਰ ਪ੍ਰਸੰਗ ਜੋਤੀ ਜੋਤ ਸਮਾਵਣੇ ਕੇ ਚਰਿਤ੍ਰ ਮੇ ਲਿਖਾ ਹੈ ॥੧॥ ਸਾਖੀ ਪੂਰੀ ਹੋਈ।... ਸੰਮਤ ੧੯੮੧ ਕਤਕੋਂ ਪੰਜਵੀ, ਲਿਖੀ ਮੰਗਲਵਾਰ ਕੋ।

(ਪੱਤਰਾ ੨੮)

ਇਸ ਤੋਂ ਅੱਗੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜਨਮ-ਪਤ੍ਰੀ ਬਾਰੇ ਇਹ ਸਤਰਾਂ ਦਰਜ ਹਨ-

"੧ਓ ਸਤਿਗੁਰ ਪ੍ਰਸਾਦਿ। ਉਤਾਰ ਪਤ੍ਰੀ ਪਾਤਸਾਹੀ ੧੦। ਅਥ ਪ੍ਰਸੰਨ ਲਗਨਾ ਦ੍ਵੈਸ ਭਾਵ ਸੁ ਫਲਾ ਨਾਮ ਸਹ। ਸੰਬਤ ੧੭੨੬ ਪੋਖੇ ਮਾਸੇ ਸੁਕਲੇ ਪਖੇ ਤਿਥਾਹ ਸਪਤਮੀ ਰਵ ਵਾਸਰੇ ਘਟਿ ੪ ਉਤਰਾ ਭਾਦ੍ਰਪਦਾ ਨਿਖਤ੍ਰ ਘਟ ੩੬ ਉਦ ਆਗ ਤੇ ਘਟੀ ੧੧ ਪਲੇਖ ੫ ਸਮੇ ਮੀਨਃ ਲਗਨੇ ਸ੍ਰੀ ਮਤੇ ਪ੍ਰਸੰਨ: ॥੧॥ ਸ੍ਰੀ ਗੁਰੂ ਗੋਬਿੰਦ ਸਿੰਘ ਕੀ ਜਨਮ ਪਤ੍ਰੀ ਕਾ ਉਤਾਰ।" (ਪੱਤਰੇ ੨੮-੨੯)

ਇਹ ਪੁਸਤਕ ਗੁਰ ਬਿਲਾਸ ਪਾਤਸਾਹੀ ੧੦ (ਕ੍ਰਿਤ ਕੋਇਰ ਸਿੰਘ, ਕਲਾਲ) ਦੇ ਅਨੁਸਾਰ ਉਸੇ ਦੇ ਪ੍ਰਸੰਗ ਲੈ ਕੇ ਕੁਝ ਸੁਤੰਤ੍ਰ ਜੇਹਾ ਅਨੁਵਾਦ ਮਾਤ੍ਰ ਜਾਪਦੀ ਹੈ। ਉਹ ਇਸ ਕਰ ਕੇ ਕਿ ਇਸ ਦੇ ਪ੍ਰਸੰਗ ਇਸ ਗੁਰ ਬਿਲਾਸ ਤੋਂ ਬਿਨਾ ਹੋਰ ਕਿਸੇ ਪੁਸਤਕ ਨਾਲ ਨਹੀਂ ਮਿਲਦੇ।

੧੫੭. ਸੋਢੀਆਂ ਦੀ ਗੁਰੂ ਪ੍ਰਣਾਲੀ (ਨੰ. ੬੪, ਪ੍ਰੋ. ਪ੍ਰੀ. ਸਿੰ.)

ਲੇਖਕ— ਨਾਮਾਲੂਮ। ਆਕਾਰ—6" × 4¼" ਲਿਖਤ 4" × 3"।

ਵੇਰਵਾ— ਪੱਤਰੇ ੧੫; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ੧੯ ਵੀਂ ਸਦੀ ਬਿ.। ਲਿਖਾਰੀ—ਨਾਮਾਲੂਮ।

ਆਰੰਭ- ੧ਓ ਸਤਿਗੁਰ ਪ੍ਰਸਾਦਿ ॥ ਸਵੈਯਾ ॥
ਨਿਰੰਕਾਰ ਆਕਾਰ ਕੀਆ ਤਬ ਬੈਠ ਬਿਚਾਰ ਕੀਆ ਮਨ ਮੈਂ।
ਤੀਨ ਜੁਗ ਮੈਂ ਦੇਵਤ ਪੂਜਾ ਭਈ, ਕੋਈ ਭਗਤ ਉਪਾਉ ਕਰੋ ਕਲ ਮੈਂ।
ਗੁਰੂ ਨਾਨਕ ਕੂ ਬਕਸੀਸ ਕਰੀ ਤੁਮ ਨਾਮ ਉਚਾਰ ਉਪਾਉ ਕਰੋ ਸਭ ਮੈਂ।
ਗੁਰੂ ਨਾਨਕ ਆਇ ਉਤਾਰ ਲੀਆ, ਸਭ ਪਾਪ ਬਿਨਾਸ ਕੀਏ ਛਿਨ ਮੈਂ ॥ ੧ ॥ (ਪੱਤਰਾ ੧)

ਅੰਤ- ਗੁਰੂ ਬੈਠ ਬਚਨ ਉਚਾਰੇ। ਤੁਰਕ ਖਪਾਵਨ ਸਿੰਘ ਪਿਆਰੇ।
ਪਾਹੁਲ ਪੀਵਹੁ ਖੰਡਾ ਸਾਜੇ। ਪੰਜ ਸਿੱਖ ਤਹਾਂ ਗੁਰੂ ਬਿਰਾਜੈ ॥... (ਪੱਤਰਾ ੧੫)

ਇਸ ਗੁਰ ਪ੍ਰਣਾਲੀ ਦੇ ਅਨੁਸਾਰ ਸੋਢੀਆਂ ਦੀ ਗੁਰ—ਵੰਸ਼ਾਵਲੀ ਇਸਤਰ੍ਹਾਂ ਤੁਰਦੀ ਹੈ— (੧) ਗੁਰੂ ਨਾਨਕ, (੨) ਗੁਰੂ ਅੰਗਦ, (੩) ਗੁਰੂ ਅਮਰ ਦਾਸ, (੪) ਗੁਰੂ ਰਾਮ ਦਾਸ, (੫) ਗੁਰੂ ਅਰਜਨ. (੬) ਸੋਢੀ ਮਿਹਰਵਾਨ, (੭) ਸੋਢੀ ਹਰਿ ਜੀ, (੮) ਸੋਢੀ ਹਰਿ ਗੋਪਾਲ (੯) ਸੋਢੀ ਕੰਵਲ ਨੈਨ, (੧੦) ਬਾਬਾ ਗੁਰ ਦਿੱਤਾ ਜੀ, (੧੧) ਜੀਵਣ ਮੱਲ, (੧੨) ਸੋਢੀ ਹਰਿ ਸਹਾਇ, (੧੩) ਸੋਢੀ ਅਜੀਤ ਸਿੰਘ, ਤੇ (੧੪) ਸੋਢੀ ਹਮੀਰ ਸਿੰਘ[1]। ਇਨ੍ਹਾਂ ਤੋਂ ਪਿਛੋਂ ਸਿੱਖਾਂ ਦੇ ਦਸ ਗੁਰੂਆਂ ਦੀ ਗੁਰ ਪ੍ਰਣਾਲੀ ਵੀ ਕਵੀ ਨੇ ਦਿੱਤੀ ਹੈ। ਸੋਢੀ ਪ੍ਰਿਥੀ ਚੰਦ ਨੂੰ, ਜੋ ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਸੀ, ਕਵੀ ਨੇ 'ਸਾਹਿਬ' ਨਾਂ ਨਾਲ ਯਾਦ ਕੀਤਾ ਹੈ ਤੇ ਮਿਹਰਵਾਨ ਨੂੰ ਗੁਰਿਆਈ ਦੇਣ ਬਾਰੇ ਲਿਖਿਆ ਹੈ—

ਗੁਰੂ ਅਰਜਨ, ਸਾਹਿਬ ਪੀਰਤ (ਪਿਰਤ ਜਾਂ ਪ੍ਰੀਤ) ਭਲੀ, ਆਪਸ ਮਾਹਿ ਭਲੋ ਇਕ ਤਾਰੋ।
ਸਾਹਿਬ[2] ਸੁਤੁ ਮਿਹਰਵਾਨ ਭਯੋ, ਲਾਗਤ ਗੁਰੂ ਅਰਜਨ ਬਹੁਤੁ ਪਿਆਰੋ।
ਗੁਰਤਣ ਟੇਕ ਧਰੀ ਇਸ ਊਪਰ, ਹਰਿ ਗੋਬਿੰਦ ਤੇ ਲੀਓ ਅਉਤਾਰੋ।
ਪੋਥੀ ਦੇ ਕੀਓ ਗੁਰੂ ਸਾਹਿਬ, ਮੰਜੀ ਲਗਾਇ ਬਹੇ ਇਹੁ ਨਿਆਰੋ ॥ ੧੬ ॥

---

[1] ਚਉਦਾ ਗੁਰ ਕੀ ਉਸਤਤਿ ਕੀਨੀ। ਜੋ ਸਤਿਗੁਰ ਮੋਹਿ ਸੋਝੀ ਦੀਨੀ।
ਇਨ ਤੇ ਪਾਛੇ ਗੁਰੂ ਸਦਾਵੈਂ। ਤਿਸ ਕੂੰ ਕਬਿਤਾ ਫੇਰ ਮਿਲਾਵੈ ॥੧॥ (ਪੱਤਰਾ ੯)

[2] ਪ੍ਰਿਥੀ ਚੰਦ ਬਾਰੇ 'ਸਾਹਿਬ' ਵਿਸ਼ੇਸ਼ਣ ਸੋਢੀ ਹਰਿ ਜੀ ਆਦਿ ਕਈ ਹੋਰ ਲਿਖਾਰੀਆਂ ਨੇ ਵੀ ਇਸੇ ਤਰ੍ਹਾਂ ਵਰਤਿਆ ਹੈ।

ਦੋਹਰਾ ॥ ਪੋਥੀ ਵੇਖਨ ਸੰਗਤੀ, ਮਥਾ ਟੇਕਨ ਆਇ ।
ਮਸੰਦਾਂ ਥੋਂ ਪਰ ਬਾਹਰੇ, ਗੁਰਤਣ ਦੀਓ ਭਿਰਾਇ ॥ ੧੭ ॥ (ਪੱਤਰਾ ੪)

ਪਿਛੋਂ ਮਿਹਰਵਾਨ ਜੀ ਤੋਂ ਤੀਜੀ ਪੀੜ੍ਹੀ ਇਹ ਗੁਰਿਆਈ ਸੋਢੀ ਹਰਿ ਗੁਪਾਲ ਨੂੰ ਦਿੱਤੀ ਦੱਸੀ ਹੈ, ਪਰ ਸੋਢੀਆਂ ਦਾ ਪਰਸਪਰ ਝਗੜਾ ਪੈਣ ਤੇ ਲਿਖਿਆ ਹੈ ਕਿ ਇਹ ਗੁਰਿਆਈ ਫੇਰ ਦੋ ਥਾਵੇਂ ਵੰਡੀ ਗਈ—

ਸੋਰਠਾ ॥ ਪੋਥੀ ਕੇ ਪਰਥਾਇ, ਹਰਿ ਗੁਪਾਲ ਗੁਰੁ ਮਾਨੀਏ ।
ਜਿਸ ਕੇ ਕਠਿਨ ਸੁਭਾਇ, ਸੇ ਰਹੇ ਗੁਰੂ ਕਉਲ ਥੇ ॥ ੨੭ ॥ (ਪੱਤਰਾ ੬)

੧੫੮. **ਗੁਰੁ ਪ੍ਰਕਾਸ਼ ਬੰਸਾਵਲੀ** (ਨੰ. ×, ਸ਼. ਸਿੰ. ਅ.)

ਲੇਖਕ— ਦੌਲਤ ਰਾਮ, ਕਰਤਾਰ ਪੁਰੀਆ । ਆਕਾਰ–8½" × 7½", ਲਿਖਤ 7" × 6½" ।

ਵੇਰਵਾ - ਪੱਤਰੇ ੪੯; ਪ੍ਰਤੀ ਸਫ਼ਾ ੧੪-੧੫ ਸਤਰਾਂ; ਕਾਗਜ਼ ਖ਼ਾਕੀ, ਸਾਦਾ ਪਤਲਾ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਅਸ਼ੁੱਧ ਵੀ ਹੈ; ਸਿਆਹੀ ਫਿੱਕੀ ਕਾਲੀ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਅੰਤਲਾ ਇਕ ਪੱਤਰਾ ਗੁਮ, ਜਿਸ ਕਰ ਕੇ ਪੁਸਤਕ ਕੁਝ ਅਧੂਰੀ ਹੈ ।

ਸਮਾਂ— ਸੰਮਤ ੧੯੬੧ ਬਿ. । ਲਿਖਾਰੀ—ਲੇਖਕ ਖ਼ੁਦ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਸਤ ਚਿਤ ਆਨੰਦ ਸਰੂਪ ਕਉ ਨ: (ਨਮ:) ਸ੍ਰੀ ਗੁਰੁ ਸਾਹਬ ਨਾਨਕ ਨਿਰੰਕਾਰ ਜੀ ਕਉ ਨ: (ਨਮ:) । ਅਥ ਗੁਰ ਪ੍ਰਕਾਸ ਬੰਸਾਵਲੀ ਸ੍ਰੀ ਸਤਗੁਰਾਨ ਦਸੋਂ ਅਵਤਾਰਣੇ ਨਮਹਿ । ਗੁਰੂ ਕੁਲ ਕਉ ਨਮਹਿ ॥ ਦੋ: ॥

ਉਤਪਤ ਜੋਤ ਬਿਅੰਤ ਕੀ, ਅੰਤੁ ਨ ਪਾਰਾਵਾਰ ।
ਦੌਲਤ ਰਾਮ ਨਹ ਕਹ ਸਕੈ, ਨਿਰਗੁਣ ਸਰਗੁਣ ਸਾਰ ॥ ੧ ॥
ਨਿਮਸਕਾਰ ਕਰ ਗੁਰਾਂ ਕਉ, ਗੁਰ ਕੁਲ ਲਿਖੂੰ ਸਵਾਰ ।
ਦੇਵ ਭੇਵ ਜਿਹ ਨਾ ਲਖੇ, ਹਉ ਮਤਿ ਮੰਦ ਬਿਚਾਰ ॥ ੨ ॥
ਰਾਮ ਰਮਾਪਤ ਰਘੂ ਕੁਲ, ਗੁਰ ਘਰ ਜੋ ਅਵਤਾਰ ।
ਭੂਲ ਚੂਕ ਮੁਹ ਬਖਸ ਕਰ, ਬੁਧ ਜਨ ਪੜੋ ਸੁਧਾਰ ॥ ੩ ॥
ਸ੍ਰੀ ਬੇਦੀ, ਤੇਹਣ, ਭਲੇ, ਸੋਢੀ ਸੁਭਗ ਨਿਹਾਰ ।
ਚਾਰ ਬਰਣ ਪੂਰਣ ਧਰਣ, ਮਾਲਕ ਪੁਰ ਕਰਤਾਰ ॥ ੪ ॥
ਇੰਦ੍ਰ ਕੌਰ ਰਾਣੀ ਬਚਨ, ਮਾਨ ਆਗਜਾ ਸਾਰ ।
ਪ੍ਰੇਖਾ ਕਉ ਅਪ੍ਰੇਖ ਕਰ, ਘਰ ਘਰ ਦਇਓ ਖਿਲਾਰ ॥ ੫ ॥

(ਵਾਰਤਕ) ਪ੍ਰਿਥਮੇ ਏਕ ਅਦ੍ਵਤੀ (ਅਦੁਤੀ) ਸੈ ਓਅੰਕਾਰ ਤ੍ਰਿਧਾ ਮੂਰਤੀ ਬ੍ਰਹਮਾ ਬਿਸਨ ਸਿਵ ਤਮੋ ਰਜੋ ਸਤੋ ਗੁਣਾਦੀ ਹੋਤਾ ਭਇਆ, ਫੁਰਨਾ ਪੁਰਸ ਇੱਛਾ ਮਾਇਆ, ਆਗੇ ਤਿਸ ਬ੍ਰਹਮਾ ਸੈ ਮਰੀਚ ਹੋਤਾ ਭਇਆ । ਪੁਨਾ ਯੁਗਾਂ ਪ੍ਰਮਾਣ ਆਯੂ ਪੁਰਸੋ ਕੀ ਬਹੁਤ ਹੋਤੀ ਥੀ । ਇਸੀ ਤਰਾਂ ਸਨਾਤਨ ਉਤਪੱਤੀ ਚਲੀ ਆਈ ਹੈ ।... (ਪੱਤਰਾ ੧)

ਅੰਤ— ਬਾਬਾ ਬੁੱਢਾ ਸਾਹਬ ਜੀ ਕੀ ਆਉਖਾ ਕਰੀਬ ੨੦੦ ਸਵਾਂ ਦੋ ਸੈ ਬਰਸ ਕੇ ਉਪਰ ਥੀ । ਗੁਰਾ ਤੇ ਭਰੋਸਾ ਅਰ ਸਤਨਾਮ ਕਾ ਜਪਣਾ । ਧੰਨ ਸਿੱਖੀ ਭਾਈ ਭਿਖਾਰੀ ਜੀ ਤੇ ਆਦਿ ਲੇ ਕਰ ਹੈ, ਪ੍ਰਸਿੱਧ ਹੈ । ਅਬ ਮੈ ਕੁਛ ਥੋੜਾ ਸਾ ਧੰਨਵਾਦ ਸ੍ਰੀ ਮਾਤਾ ਮਹਾਰਾਣੀ ਜੀ ਸਾਹਬ ਇੰਦ੍ਰ ਕੌਰ ਕਾ ਕਰਦਾ ਹਾਂ ਜਿਨ੍ਹਾਂ ਨੇ ਉਪਦੇਸ ਦੇ ਕਰ ਆਪਣੇ ਦਾਸ (ਦੋ ਸ਼ਬਦ ਲਿਖ ਕੇ ਕੱਟੇ ਹੋਏ) ਕਉ ਗੁਰੂ ਘਰ ਕੀ ਬੰਸਾਵਲੀ ਜਸੁ ਸਰਵਣ ਕਰਾਇਆ ਹੈ ਵਾਸਤੇ ਉਧਾਰ ਸਭ ਸੰਗਤ ਕੇ ਧੰਨ ਹੈ, ਅਰ ਗੁਰੂ ਗੰਗ ਸਰ ਮੈ ਜੋ ਸਰੇਸ਼ਟ ਸੇਵਾ ਕਰੀ ਹੈ, ਗੁਰੇ ਕੇ ਉਤਸਵ ਗੁਰੂ ਨਾਨਕ ਨਿਰੰਕਾਰ ਜੀ ਕੇ ਜਨਮ ਦਿਨ ਕਾ ਉਤਸਵ, ਦਸਾਂ ਅਵਤਾਰਾਂ ਕਾ ਉਤਸਵ, ਹੋਰ ਅਨੇਕਾਂ ਪ੍ਰਕਾਰ ਕਾ ਧਰਮ ਸੰਗਤ ਕੀ ਸੇਵਾ ਕਾ, ਜੈਸੇ ਪੂਰਬ ਕਾਲ ਮੈ ਮਹਾਰਾਜ ਜੀ ਨੇ ਗਰੀਬੋਂ ਕੀ ਰਖਿਯਾ ਕਰੀ ਹੈ, ਜੈਸੇ ਮਹਾਰਾਣੀ ਜੀ ਸਾਹਬਾਨ ਜੀ ਨੇ ਕਰੀ ਹੈ । ਸਭ ਸਾਧ ਸੰਗਤ ਕਉ ਵਿਦਿਤ ਹੈ । ਤਾਂਤੇ ਧੰਨ ਹੈ ॥ ਦੋ: ॥

ਇੰਦ੍ਰ ਕੌਰ ਰਾਣੀ ਬਚਨ, ਮਾਨ ਆਗਿਯਾ ਸਾਰ ।
ਪ੍ਰੇਖਾ ਕਉ ਅਪ੍ਰੇਖ ਕਰ, ਘਰ ਘਰ ਦਇਓ ਖਿਲਾਰ ॥

ਦੋ: ॥ ਸਸੀ ਰਾਗ ਸੁਰ ਬ੍ਰਹਮ*... (ਪੱਤਰਾ ੪੯)

ਇਸ ਤੋਂ ਅੱਗੇ ਪੱਤਰਾ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ।

ਇਸ ਗੁਰ ਪ੍ਰਣਾਲੀ ਵਿਚ ਦਸ ਸਿੱਖ ਗੁਰੂਆਂ ਤੋਂ ਬਿਨਾ ਸੋਢੀ ਪ੍ਰਿਥੀ ਚੰਦ, ਸੋਢੀ ਕਰਤਾਰ ਪੁਰ (ਜਾਲੰਧਰ), ਸੋਢੀ ਆਨੰਦ ਪੁਰ, ਬੇਦੀ ਸਾਹਿਬ ਊਨਾ (ਹੁਸ਼ਿਆਰ ਪੁਰ) ਤੇ ਬਾਬਾ ਬੁੱਢਾ ਜੀ ਦੀ ਬੰਸਾਵਲੀ ਵੀ ਵੇਰਵੇ ਸਹਿਤ ਦਿੱਤੀ ਹੋਈ ਹੈ।

ਕਵੀ ਦੌਲਤ ਰਾਮ, ਜਿਸ ਨੇ ਇਹ ਬੰਸਾਵਲੀ ਲਿਖੀ, ਕਰਤਾਰ ਪੁਰੀਏ ਸੋਢੀਆਂ ਦਾ ਕੋਈ ਕਰਮਚਾਰੀ ਸੀ।

੧੫੯. ਗੁਰੂ ਬੰਸਾਵਲੀ ਅਥਵਾ ਗੁਰੰਡ ਨਾਮਾ (੧੪ ਅਵਤਾਰ) (ਨੰ. ੨੦੬, ਪ੍ਰੋ. ਪ੍ਰੀ. ਸਿੰ.)

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ। ਆਕਾਰ—7" × 5¼", ਲਿਖਤ 4¾" × 3½"।

ਵੇਰਵਾ— ਪੱਤਰੇ ੧੪; ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਅੰਤਲਾ ਪੱਤਰਾ ਕੁਝ ਫਟਿਆ ਹੋਇਆ; ਵੈਸੇ ਪੁਸਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਸਵਾ ਕੁ ਸੌ ਸਾਲ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ— ਨਾਮਾਲੂਮ।

ਆਰੰਭ— ੧ੴ ਸਤਿਗੁਰ ਪ੍ਰਸਾਦਿ। ਅਥ ਦੁਆਦਸ ਸਕੰਧੇ ਗੁਰ ਬੰਸਾਵਲੀ ਲਿਖ੍ਯਤੇ। ਚਤੁਰਦਸ ਅਵਤਾਰ ਸ੍ਰੀ ਗੁਰੰਡ ਨਾਮੇ ਕੇ ਬਰਨਨੰ ਸ੍ਰੀ ਮੁਖ ਵਾਕ ਪਾਤਿਸਾਹੀ ੧੦। ਭੋਗਲ ਪੁਰਾਨ ਦੁਰਾਨ ਦੁਆਦਸ ਇਸਕੰਧੇ ਸੁਕ ਰਾਜਾ ਪਰੀਛਤ ਸੰਬਾਦੇ।

ਇਤ ਸ੍ਰੀ ਗੁਰੰਡ ਨਾਮੇ ਕਲਿ ਜੁਗੇ ॥ ਦੋਹਰਾ ॥\
ਆਦਿ ਜੁਗ ਮੈ ਸੁਕ ਕਹਿਯੋ, ਸੋ ਅਬ ਕਹੋਂ ਸੁਨਾਇ।\
ਭੋਗਲ ਧਜਾਇ ਮੈਂ ਕਹ੍ਯੋ, ਸੁਕ ਪਰੀਛਤ ਪ੍ਰਤਿ ਗਾਇ ॥ ੧ ॥\
ਸੋਈ ਕਥਾ ਅਬ ਕਹਿਤ ਹੌ, ਪ੍ਰਿਥਮ ਗੁਰੰਡ ਪ੍ਰਸਾਦਿ।\
ਜਿਉ ਸੁਕ ਪਰੀਛਤ ਪ੍ਰਤਿ ਕਹੀ, ਸੁਨੋਂ ਆਦਿ ਕੀ ਆਦਿ ॥ ੨ ॥\
ਦਸ ਚਾਰ ਸਮ ਭਾਵ ਹੈ, ਏਕ ਜੋਤਿ ਸਭ ਗਾਤ।\
ਪ੍ਰਗਟੇ ਪੁਰਖ ਅਨਾਦਿ ਤੇ, ਉਸੀ ਪੁਰਖ ਕੀ ਕ੍ਰਾਤ ॥ ੩ ॥\
ਪਾਂਚ ਸਹੰਸ੍ਰ ਬਰਖ ਅਧ, ਦੁਆਦਸ ਬਪੁ ਧਰਿ ਸੰਤ।\
ਕਲਿਜੁਗਿ ਆਉਗ ਤਾਹਿ ਏਹਿ, ਤਦ ਪ੍ਰਗਟੇ ਆਨੰਤ ॥ ੪ ॥ (ਪੱਤਰਾ ੧)

ਅੰਤ— ਜਾਮਾ ਚੌਦਸ ਮਹੀ ਅਰ ਪਾਇਆ। ਸੁਕ ਵੰਸਾਦਿ ਭੋਗ ਮੈ ਗਾਇਆ ॥ ੪੦ ॥\
ਭਗਵਤ ਧਰਮ ਮਹਾ ਸੁ ਪੁਨੀਤਾ। ਗਾਯੋ ਕਵੀ ਸਜਾਮ ਯਾ ਰੀਤਾ ॥ ੪੧ ॥

ਇਤਿ ਦੁਆਦਸ ਗੁਰੰਡ ਅਵਿਨੀ ਆਇਤੇ ਇਸ ਪ੍ਰਕਾਰ ਬਿਰਚਿਤੰ ਦ੍ਵਾਦਸ ਅਸਕੰਧ ਭੋਗਲ ਧਜਾਉ, ਸੁਕ ਰਾਜਾ ਪਰੀਛਤ ਪ੍ਰਤਿ ਚਤੁਰਦਸ ਗੁਰੰਡ ਮਹਿਮਾ ਬਰਨਨੰ ਸੰਪੂਰਣੰ ॥ ੧ ॥ (ਪੱਤਰਾ ੧੪)

ਇਸ ਪੁਸਤਕ ਵਿਚ ਸੌ ਸਾਖੀ (ਗੁਰ ਰਤਨ ਮਾਲ) ਵਾਂਗੂ ਕੁਝ ਭਵਿੱਖ ਵਚਨ ਤੇ ਗੁਰੂ ਜੀ ਦੇ ੧੪ ਜਾਮੇ ਧਾਰਨੇ ਦੱਸ ਕੇ ਮੁੱਢ ਵਿਚ ਹੀ ਪੱਤਰਾ ੨ ਪਰ ਲਿਖਿਆ ਹੈ —

ਜਾਮੇ ਧਾਰੇ ਦਸਮ ਗੁਰੁ, ਨਵ ਸਤ ਕਲਾ ਸੁਧਾਰ।\
ਗੁਪਤ ਗਜਾਰ੍ਵਾ ਖੇਲਿਆ, ਕਿਨਹੂੰ ਨ ਪਾਇਯੋ ਪਾਰ ॥ ੬ ॥\
ਜਾਮਾ ਪਹਿਰ ਗਿਆਰਵਾਂ, ਬੀਜਾ ਪੁਰ ਕੇ ਮਾਹਿ।\
ਸੰਗਤਿ ਮਿਲੀ ਕਰੋੜ ਦੁਇ, ਦਰਸੁ ਦਿਖਾਇਓ ਤਾਹਿ ॥ ੭ ॥ (ਪੱਤਰਾ ੨)

ਤੇ ਅੰਤ ਵਿਚ ਕਵੀ ਦਾ ਨਾਮ ਸਜਾਮ ਲਿਖਿਆ ਹੈ ਜੋ ਸ੍ਰੀ ਦਸਮੇਸ਼ ਜੀ ਦਾ ਦਰਬਾਰੀ ਸੀ। ਗੁਰੰਡ ਨਾਮੇ ਦੀ ਥਾਵੇਂ ਇਸ ਪੁਸਤਕ ਦਾ ਨਾਮ ਭੋਗਲ ਪੁਰਾਣ ਜਾਂ ਭੋਗਲ ਧਿਆਉ ਵੀ ਲਿਖਿਆ ਹੈ।

੧੬੦. ਨਿਰਮਲੇ ਸਿੰਘਾਂ ਦੀ ਗੁਰ ਪ੍ਰਣਾਲਿਕਾ (ਨਾ-ਮੁਕੰਮਲ) (ਨੰ. ੮੮, ਖ਼ਾ. ਕਾ. ਪ.)

ਲੇਖਕ— ਨਾਮਾਲੂਮ। ਆਕਾਰ—6¼" × 9¾", ਲਿਖਤ—1½" × 8"।

ਵੇਰਵਾ— ਪੱਤਰੇ ੩੮-੭੦ (੩੩); ਪ੍ਰਤੀ ਸਫ਼ਾ ੧੫ ਸਤਰਾਂ, ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਕਿਤੇ ਕਿਤੇ ਅਸ਼ੁੱਧ;

*ਅਰਥਾਤ—ਸੰਮਤ ੧੯੬੧ ਬਿ.।

ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਰਲੇਖ ਆਦਿ ਲਾਲ ਸਿਆਹੀ ਨਾਲ ਲਿਖੇ ਹੋਏ, ਤੇ ਕਈ ਥਾਵੀਂ ਕੁਝ ਨੋਟ ਕਿਸੇ ਹੋਰ ਕਲਮ ਨਾਲ ਅੰਕਿਤ; ਮੁੱਢਲੇ ੩੭ ਪੱਤਰੇ ਗਵਾਚੇ ਹੋਣ ਕਰ ਕੇ ਪੁਸਤਕ ਅਧੂਰੀ ਹੈ।

ਸਮਾਂ— ਪੁਸਤਕ ੭੦-੮੦ ਵਰ੍ਹੇ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ—(ਪਹਿਲੇ ੩੭ ਪੱਤਰੇ ਗੁਮ ਹਨ)... ਜਬ ਮੁਸਲਮਾਨੋ ਕੀ ਪਾਤਸਾਹੀ ਪ੍ਰਜੁਲਤ ਹੋ ਰਹੀ ਸੀ ਤਿਸ ਸਮਯ ਤਿਨ ਕੇ ਭਯ ਸੇ ਸਿੰਘ ਨਿਰਮਲੇ ਹੋ ਗਏ ਥੇ।... (ਪੱਤਰਾ ੩੮)

ਅੰਤ— ...ਨਿਰਮਲ ਖਾਲਸਾ ਪੰਥ ਕੀ ਗੁਰੂ ਪ੍ਰਨਾਲਿਕਾ ਕੀ ਆਦਿ ਪ੍ਰਚਲਿਤ ਤਾ ਕੀ ਪਰਿਪਾਟੀ ਕੀ ਦ੍ਵਿਧਾ ਸਾਖੈਂ ਥੀ। ਏਕ ਤੋ ਭਾਈ ਬੁੱਢਾ, ਬਾਲਾ, ਬਹਲੋ, ਭਗਤੂ, ਰਾਜੇ ਆਦਿਕ ਗ੍ਰਿਹਸਥੀ ਨਿਰਮਲੇ ਸਿਖੜੋਂ ਕੀ ॥੧॥ ਦੂਸਰੀ ਭਾਈ ਧਰਮ ਸਿੰਘ, ਪਾਂਚੋਂ ਪਯਾਰੇ ਨਿਬ੍ਰਿਤੀ ਵਿਰਕਤ ਨਿਰਮਲੇ ਸਿਖਯੋਂ ਕੀ ॥੨॥ ਫਿਰ ਜਬ ਦਸਮ ਗੁਰੂ ਗੋਵਿੰਦ ਸਿੰਘ ਜੀ ਨੇ ਨਿਰਮਲ ਖਾਲਸੇ ਕੋ ਸਿੰਘ ਪਦਵੀ ਬਖਸੀ ਤਬ ਤ੍ਰਿਸਾਖੈਂ ਹੋ ਗਈਂ। ਕੇਵਲ ਨਿਰਮਲੇ ਸਿੰਘ ਤੋ ਗਯਾਨ ਕੇ ਧਨੀ ਬਨਾ ਦਿਯੇ ਅਰ ਨਿਹੰਗ ਸਿੰਘ ਨਿਰਮਲੇ ਕੇਵਲ ਤੇਗ ਕੇ ਧਨੀ ਕਰ ਦਿਯੇ, ਅਰ ਰਾਜੇ ਆਦਿ ਸਰਬ ਗ੍ਰਿਹਸਥੀ ਨਿਰਮਲੇ ਸਿੰਘ ਦੇਗ ਤੇਗ ਕੇ ਧਨੀ ਕਰ ਦਿਯੇ। ਤ੍ਰਿਗੁਣੋਂ ਕੇ ਅਨੁਸਾਰ ਈਸ੍ਵਰ ਰਚਿਤ ਤ੍ਰਿਗੁਣੀ ਸ੍ਰਿਸ਼ਟੀ ਵਤ ਇਤਿ ਭਾਵ: ਯਹ ਉਕਤ ਸਰਬ ਸਾਖੀਓਂ ਕੇ ਪ੍ਰਮਾਣ ਜੋ ਦਰਸਾਏ ਹੈਂ ਵੇ ਸਰਬ ਭਾਈ ਗੁਰਬਖਸ ਸਿੰਘ ਰਚਿਤ ਪਾਂਚ ਸੈ ਸਾਖੀਯੋਂ ਕੇ ਪੁਸਤਕ ੩੩੩ ਕੀ ਸਾਖੀ ਸੇ ਲੇ ਕਰਿ ਦਰਸਾਏ ਹੈਂ ਅਰ ਜੋਣ ਸੇ ਛੋਦੋਂ ਮੈਂ ਸ੍ਰੀ ਮੁਖ ਬਚਨੋਂ ਕੇ ਦਰਸਾਏ ਹੈਂ ਵੇ ਸਰਬ ਸਰਬ ਲੋਹ ਪ੍ਰਕਾਸ ਕੇ ੧੩ ਅਰ ੧੭ ਪ੍ਰਕਾਸ਼ ਮੈਂ ਹੈਂ। ਇਤਿ ਸ੍ਰੀ ਗੁਰੂ ਪ੍ਰਨਾਲਿਕਾ ਸਮਾਪਤਾ। (ਪੱਤਰੇ ੬੯-੭੦)

(ਖ) ਸ੍ਰੀ ਗੁਰੂ ਤੀਰਥ-ਮਹਿਮਾ

੧੬੧. (ੳ) **ਸ੍ਰੀ ਅੰਮ੍ਰਿਤਸਰ ਮਹਿਮਾ** (ਦੱਖਣ ਦੀ ਸਾਖੀ ਸਮੇਤ) (ਨੰ. ੨੫੫, ਸਿ. ਰੈ. ਲਾ.)

ਲੇਖਕ— ਸੰਤ ਦਾਸ, ਛਿੱਬਰ। ਆਕਾਰ—$5\frac{1}{2}'' \times 4\frac{1}{4}''$, ਲਿਖਤ $4'' \times 3''$।

ਵੇਰਵਾ— ਪੱਤਰੇ ਸ੍ਰੀ ਅੰਮ੍ਰਿਤਸਰ ਮਹਿਮਾ (ਸੰਤ ਦਾਸ) ੪੪, ਸ੍ਰੀ ਅੰਮ੍ਰਿਤਸਰ ਮਹਿਮਾ (ਕਵੀ ਸੌਂਧਾ) ੪੪–੭੨, ਸ੍ਰੀ ਦਸ਼ਮੇਸ਼ ਜੀ ਦੀ ਦੱਖਣ ਦੀ ਸਾਖੀ ੭੨-੧੨੦; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਹੈ। ਲਿਖਾਰੀ— ਨਾਮਾਲੂਮ।

ਆਰੰਭ— ੧ੴ ਸਤਿਗੁਰ ਪ੍ਰਸਾਦਿ ॥ਦੋਹਰਾ॥

ਗੁਰ ਗਣੇਸ ਅਰੁ ਸਾਰਦਾ, ਬੰਦੋ ਹਿਤੁ ਚਿਤੁ ਲਾਇ।
ਜਾ ਕੀ ਕ੍ਰਿਪਾ ਬਿਲਾਸ ਤੇ, ਉਤਮ ਮਤ ਕੋ ਪਾਇ ॥੧॥ (ਪੱਤਰਾ ੧)

ਅੰਤ— ਪਰਦਛਨ ਸਰ ਕੋ ਕਰੈ, ਦੂਰਿ ਹੋਤਿ ਤਿਹ ਪਾਪ।
ਸੁਰਗ ਵਾਸ ਤਿਹ ਕੋ ਭਯੋ, ਗਰਭ ਨ ਆਵੈ ਸੋਇ ਫੁਨਿ ॥੨੭॥
ਦੋਹਰਾ ॥ ਸਿਵ ਗਉਰੀ ਸੰਬਾਦ ਇਹ, ਗਿਰਿ ਕੈਲਾਸ ਪਰ ਹੋਇ।
ਸੰਤ ਦਾਸ ਸੰਤਨ ਸੁਨਿਓ, ਭਾਖਾ ਕਰੀ ਸੁ ਸੋਇ ॥੨੮॥

ਇਤਿ ਸ੍ਰੀ ਭਵਿਖਤ ਪੁਰਾਣੇ ਉਮਾ ਮਹੇਸੁਰ ਸੰਬਾਦੇ ਅੰਮ੍ਰਿਤਸਰ ਮਹਿਮਾ ਮਹਾਤਮੇ ਨਾਮ ਅਸਟਮੋ ਧਿਆਇ ॥੮॥ ਸਮਾਪਤੰ। ਭੁਲ ਚੁਕ ਬਖਸ ਲੈਣੀ। ਸਦਕਾ ਸਾਧ ਸੰਗਤ ਕਾ। ਸੋਧ ਪੜ੍ਹਨਾ। (ਪੱਤਰੇ ੪੩-੪੪)

ਅ) ਗੁਰੂ ਪ੍ਰਣਾਲੀ

ਆਰੰਭ—੧ੴ ਸਤਿਗੁਰ ਪ੍ਰਸਾਦਿ।

ਗੁਰ ਨਾਨਕ ਅੰਗਦ ਅਮਰ ਆਵੋਂ। ਰਾਮਦਾਸ ਗੁਰ ਅਰਜਨ ਗਾਵੋਂ। (ਪੱਤਰਾ ੪੪)

ਅੰਤ— ਆਦਿ ਬੀਚਾਰੁ ਅੰਮ੍ਰਿਤਸਰ ਕੀ ਮਿਰਜਾਦਾ ਸਤਿਜੁਗੁ ਪ੍ਰਮਾਨੰ।... ਇਕ ਸਉ ਕੁਮਾਵਾ ਵਿਚ ਆਹਾ ਅਤੇ ਤਾਂਬੇ ਦੀਆਂ ਪਉੜੀਆਂ ਆਹੀਆ ਕਲ ਜੁਗ ਵਿਚ ॥੧੮॥ ਅਠਾਰਾਂ ਕੁਮਾਵਾਂ ਵਿਚ ਹੈ, ਇਟਾਂ ਦੀਆਂ ਪਉੜੀਆਂ ਹੈਨ। ਜੋ ਕੋਈ ਉਦਮ ਕਰ ਕੈ ਇਸਨਾਨੁ ਕਰੇਗਾ ਤਿਸ ਕੀ ਪਰਮ ਗਤਿ ਹੋਵੇਗੀ। (ਪੱਤਰੇ ੫੪-੫੫)

(ੲ) ਗੁਰੂ ਉਸਤਤਿ (ਕਵੀ ਸੌਂਧਾ)

ਆਰੰਭ— ੧ੴ ਸਤਿਗੁਰ ਪ੍ਰਸਾਦਿ। ਅਬ ਗੁਰੂ ਉਸਤਤਿ ॥ ਤੋਟਕ ਛੰਦ ॥ ਤੂੰ ਮਛ ਕਛਿ ਬੇਰਾਹ ਤੁਹੀ।... (ਪੱਤਰੇ ੫੫-੫੬)

ਅੰਤ— ਉਸਤਤਿ ਜੋ ਗਰ ਦੁਆਰ ਕੀ, ਸੋਂਧੇ ਕਹੀ ਬਨਾਇ ।
ਸੁਨਿ ਕਰਿ ਆਦਰੁ ਕੀਜੀਏ, ਸਤਿਗੁਰੁ ਹੋਇ ਸਹਾਇ ॥੩੯॥...
ਉਸਤਤਿ ਗੁਰ ਕੀ ਘੀਉ ਸਮ, ਕੁਪੀ ਮੋਹਿ ਸਰੀਰ ।
ਕੁਪੀ ਹਿਤ ਸਿਉ ਰਾਖੀਅਹੁ, ਭਲਾ ਕਰੇ ਰਘੁਬੀਰ ॥੪੦॥ (ਪੱਤਰੇ ੭੧-੭੨)

(ਸ) **ਸ਼੍ਰੀ ਦਸ਼ਮੇਸ਼ ਜੀ ਕੀ ਦੱਖਣ ਦੀ ਸਾਖੀ** (ਦੇਵੀ ਦੇ ਪ੍ਰਸੰਗ ਸਮੇਤ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਪ੍ਰਸੰਗ ਦੇਵੀ ਕੋ ਪ੍ਰਗਟ ਕਰ ਕੇ ਅੰਮ੍ਰਿਤ ਛਕਣ-ਛਕਾਵਣ ਕਾ ।... (ਪੱਤਰਾ ੭੨)

ਅੰਤ— ...ਸੋ ਉਸ ਥਾਨ (ਨੰਦੇੜ) ਮੋ ਸ੍ਰੀ ਅਬਚਲ ਨਗਰ ਬੰਗਲਾ ਜੀ ਬਣਾਇਆ । ਤਹਾਂ ਅਬ ਭੀ ਸਤਿਗੁਰਾਂ ਕਾ ਦਰਸਨ ਪ੍ਰਤਖ ਹੋਤਾ ਹੈ । ਇਹ ਜੋਤੀ ਜੋਤ ਸਮਾਵਣੇ ਕਾ ਚਰਿਤ੍ਰ ਸਮਾਪਤ ਭਯਾ । (ਪੱਤਰਾ ੧੨੦)

੧੬੨. (ੳ) **ਸ਼੍ਰੀ ਅਮ੍ਰਿਤਸਰ-ਮਹਿਮਾ** (ਪਰਚੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਦਿ) (ਨੰ. ×, ਬਾ. ਹ. ਸਿੰ. ਵ.)

ਲੇਖਕ— ਕਵੀ ਸੋਂਧਾ । ਆਕਾਰ—9″ × 6¼″, ਲਿਖਤ 6¾ × 4½″ ।

ਵੇਰਵਾ— ਪੱਤਰੇ ੨-੩੯੫ (੩੯੪); ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਸਿਆਲਕੋਟੀ; ਲਿਖਤ ਨਿਹਾਇਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੋਕੋਰ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਮੁੱਢਲਾ ਇਕ ਪੱਤਰਾ ਗੁਮ ਹੋਣ ਕਰ ਕੇ ਅਧੂਰੀ ਹੈ ।

ਸਮਾਂ— ਨਿਸ਼ਚਿਤ ਨਹੀਂ । ਲਿਖਾਰੀ—ਨਾਮਾਲੂਮ ।

ਆਰੰਭ— ...(ਤੀ)ਰਥ ਨਾਵੈ ਜੋ ਕਾਮਣੀ, ਲਹੈ ਕੰਤ ਸੋ ਸਦਾ ਅਮਰ ।
ਦਾਰਿਦ੍ਰੀ ਨਾਵੈ ਜੇ ਕੋਈ ਅਧਿਕ ਲਹੈ ਸੁ ਮਾਇਆ ਜਰ ।... (ਪੱਤਰਾ ੨)

ਅੰਤ— ਅਮ੍ਰਿਤਸਰ ਤੇ ਤੀਨ ਕੋਸ, ਕਾਲੇ ਪਸਚਮ ਓਰ ।
ਸੰਧੂ ਬਹੁ ਤਾ ਮਹਿ ਬਸਹਿ, ਉਤਮ ਹੈ ਵਹ ਠੋਰ ॥੧॥
ਵਾਸੀ ਤਿਸ ਹੀ ਨਗਰ ਕਾ, ਸੋਂਧਾ ਕਵਿ ਕਾ ਨਾਮ ।
ਸੰਤਨ ਕੀ ਸਰਨਾਗਤੀ, ਰਾਖੈ ਤਿਨ ਕਉ ਰਾਮ ॥੨॥ (ਪੱਤਰਾ ੪)

(ਅ) ਪਰਚੀਆਂ ਗੁਰੂ ਗੋਬਿੰਦ ਸਿੰਘ ਜੀ ਕੀਆਂ (ਪਾਤਸ਼ਾਹੀ ੧੦)

ਆਰੰਭ— ੧ਓ ਸਤਿਗੁਰ ਪ੍ਰਸਾਦਿ ।...ਪ੍ਰਿਥਮੇ ਦਸਾ ਮਹਲਾ ਕੇ ਨਾਮ ਲਿਖੇ । ਫੇਰਿ ਦਸਾਂ ਮਹਲਾਂ ਕੇ ਉਸਤਤ ਕੇ ਸਲੋਕ ਲਿਖੇ । ਫੇਰਿ ਦਸਾਂ ਮਹਲ ਕੀਆਂ ਸਾਖੀਆਂ ਲਿਖੀਆਂ ।...
ਸਲੋਕੁ ॥ ਸਚੁ ਖੰਡ ਸਤਿਗੁਰ ਬਸੈ, ਸੁਧ ਸਾਤਕੀ ਦੇਸ ।
ਬੇਗਮ ਪੁਰਾ ਹੈ ਨਗਰ ਨਾਮ, ਤਹਾ ਕੀਓ ਪਰਵੇਸੁ ॥੧॥ (ਪੱਤਰਾ ੫)

ਅੰਤ— ਸੰਮਤ ੧੭੬੫ ਕਤਕ ਦੀ ਪੰਚਮੀ ਸਿਰੀ ਗੁਰੂ ਗੋਬਿੰਦ ਸਿੰਘ ਜੀ ਸਮਾਣੇ ।...ਸਾਖੀਆਂ ਪੰਜਾਹ ਸੰਪੂਰਨ ਹੋਈਆਂ ॥੫॥ (ਪੱਤਰੇ ੮੬-੮੭)

ਇਸ ਤੋਂ ਅੱਗੇ ਪੱਤਰਾ ੧੬੪ ਤਕ ਕੁਝ ਸਾਖੀਆਂ ਹੋਰ ਸ੍ਰੀ ਗੁਰੂ ਨਾਨਕ-ਅੰਗਦ ਜੀ ਆਦਿ ਸਿੱਖ ਗੁਰੂ ਦੀਆਂ ਹਨ, ਤੇ ਫੇਰ ਪੱਤਰਾ ੧੬੪ ਤੋਂ ੧੭੮ ਤਕ ਭਾਈ ਗੁਰਦਾਸ ਕ੍ਰਿਤ ਵਾਰਾਂ ਗਯਾਨ ਰਤਨਾਵਲੀ ਵਿਚੋਂ ਪਹਿਲੀ ਵਾਰ ਦਾ ਪਾਠ ਤੇ ਫੇਰ ਸਿਖਾਂ ਦੀ ਭਗਤ ਮਾਲਾ ਪੱਤਰਾ ੨੮੫ ਤਕ ਦਰਜ ਹਨ । ਇਸ ਤੋਂ ਬਿਨਾ ਅੰਤ ਵਿਚ ਸ਼ਲੋਕ ਸਹਸਕ੍ਰਿਤੀ ਮਹਲਾ ੧ ਤੇ ੫ ਪੱਤਰੇ ੨੮੫-੯੪, ਗਾਥਾ ਮਹਲਾ ੫, ੨੯੪-੯੬, ਹਜ਼ਾਰੇ ਦੇ ਸ਼ਬਦ ਪਾਤਸ਼ਾਹੀ ੧੦, ਜਾਪੁ ਪਾਤਸ਼ਾਹੀ ੧੦ ਆਦਿ ੩੯੫ ਤਕ ਦਿੱਤੇ ਹੋਏ ਹਨ ।

੧੬੩. (ੳ) **ਉਸਤਤਿ ਸ਼੍ਰੀ ਅਮ੍ਰਿਤਸਰ ਜੀ ਕੀ** (ਸ੍ਰੀ ਅਮ੍ਰਿਤਸਰ ਅਸ਼ਟਕ ਆਦਿ ਸਮੇਤ) (ਨੰ. ੨੭, ਪ੍ਰੋ. ਪ੍ਰੀ. ਸਿੰ.)

ਲੇਖਕ— ਕਵੀ ਸੋਂਧਾ. । ਆਕਾਰ— 7¾″ × 6½″, ਲਿਖਤ 5¼″ × 4″ ।

ਵੇਰਵਾ— ਪੱਤਰੇ ਉਸਤਤਿ ਸ੍ਰੀ ਅਮ੍ਰਿਤਸਰ ਜੀ ਕੀ (ਕਵਿ ਸੋਂਧਾ) ੩-੯, ਉਸਤਤਿ ਸ੍ਰੀ ਅਮ੍ਰਿਤਸਰ ਜੀ ਕੀ ਅਥਵਾ ਅਮ੍ਰਿਤਸਰ ਅਸ਼ਟਕ (ਕਵਿ ਬੁੱਧ ਸਿੰਘ) ੯-੧੨; ਸੀਹਰਫ਼ੀ ਹਾਕਮ ਸਿੰਘ ਕੀ ੧੨-੨੮, ਕਵਲ ਨੇਤ੍ਰ ੨੮-੩੧, ਸਤੋਤ੍ਰ ਸ੍ਰੀ ਕ੍ਰਿਸ਼ਨ ਜੀ ਕਾ ੩੧-੩੮, ਦ੍ਰੋਪਤਾ ਕਾ ਅਸ਼ਟਕ ੩੮-੩੯, ਕਥਾ ਰਾਜੇ ਨਿਰਮੋਹ ਕੀ ੩੯-੪੪, ਵੈਰਾਗ ਛੰਦ (ਸੰਤ ਰੇਣ) ੪੪-੪੮, ਗੁਰੂ-ਸਿੱਖ ਸੰਬਾਦ (ਸੰਤ ਰੇਣ) ੪੮-੫੩; ਕਵਿ ਬਿਹਾਰਾ ਸਿੰਘ ਦੇ ਨਾਮ ਦੀ ਮਹਿਮਾ ਦੇ ਛੰਦ ੫੩-੬੭;

ਮਾਤ੍ਰਾਂ ਬਿਹਾਰੀ ਕੀਆਂ ੬੭-੭੧, ਬਾਰਾਂ ਮਾਹਾਂ ਮੋਤੀ ਰਾਮ ਕਾ ੭੧-੭੬, ਬਾਰਾਂ ਮਾਹਾਂ ਨੱਥੇ ਭੱਜੇ ਕਾ ੭੬-੮੦, ਬਾਰਾਂ ਮਾਹਾਂ ਸੰਜੋਗੀ ਕ੍ਰਿਸ਼ਨ ਜੀ ਕਾ (ਬੁੱਧ ਸਿੰਘ) ੮੦-੮੭, ਬਾਰਾਂ ਮਾਹਾਂ ਕ੍ਰਿਸ਼ਨ ਜੀ ਕਾ ਵਿਜੋਗੀ (ਬੁੱਧ ਸਿੰਘ, ੮੭-੯੫, ੯੫, ਬਾਰਾ ਮਾਹਾ ਵਿਯੋਗ ਸ਼ਿੰਗਾਰ (ਸਾਹਿਬ ਸਿੰਘ, ਮ੍ਰਿਗਿੰਦ) ੯੫-੧੪੬, ਬਾਰਾਂ ਮਾਹਾਂ ਕ੍ਰਿਸ਼ਨ ਜੀ ਕਾ (ਦੀਦਾਰ ਸਿਘ) ੧੪੬-੬੬, ਬਾਰਾਂ ਮਾਹਾਂ ਮੂਲ ਸਿਘ ਲਹਿਰੀ ਕਾ ੧੬੭-੭੦, ਕੁੱਲ ਪੱਤਰੇ ੧੬੭; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਨਿਹਾਇਤ ਸਾਫ਼-ਸੁੱਥਰੀ, ਜਿਸ ਵਿਚ ਬਹੁਤ ਥਾਵੀਂ ਵਿਸ੍ਰਾਮ-ਚਿੰਨ੍ਹਾਂ ਲਈ ਲਾਲ ਸਿਆਹੀ ਵੀ ਵਰਤੀ ਹੈ; ਹਾਸ਼ੀਆ ਅਤਿ ਸੁੰਦਰ ਚੋਕੋਰ ਤੇ ਦੂਹਰਾ ਰੰਗੀਨ ਲਕੀਰਾਂ ਵਾਲਾ; ਜਿਲਦ ਟੁੱਟਣ ਕਰ ਕੇ ਆਦਿ-ਅੰਤ ਦੇ ਪਤਰੇ ਗੁਮ, ਜਿਸ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ ।

ਸਮਾਂ— ਸੰਮਤ ੧੯੦੧ ਬਿ. ਦੇ ਨੇੜੇ ਤੇੜੇ । ਲਿਖਾਰੀ—ਨਾਮਾਲੂਮ ।

ਆਰੰਭ— (ਦਰਿ)ਦ੍ਰੀ ਨਾਵੈ ਜੋ ਕੋਈ, ਅਧਿਕ ਲਹੈ ਸੋ ਮਾਇਆ ਜਰ ।
ਖਾਇ ਖਰਚ ਤੋਟਾ ਨਹੀਂ ਆਵੈ, ਏ ਸੀ ਲਛ ਹੋਇ ਤਿਹ ਘਰ ।... (ਪੱਤਰਾ ੩)

ਅੰਤ— ...ਅੰਮ੍ਰਿਤਸਰ ਤੇ ਤੀਨ ਕੋਸ, ਕਾਲੇ ਪਸਚਮ ਓਰ ।
ਸੰਧੂ ਤਾ ਮਹਿ ਬਸਤ ਹੈ; ਉੱਤਮ ਹੈ ਵਹਿ ਠੌਰ ॥੬॥
ਦੋਹਰਾ ॥ ਵਾਸੀ ਤਿਸ ਹੀ ਨਗਰ ਕਾ, ਸੈਂਧਾ ਕਵਿ ਕਾ ਨਾਮ ।
ਸੰਤਨ ਕੀ ਸਰਣਾਗਤੀ, ਰਾਖੈ ਤਿਸ ਕੋ ਰਾਮ ॥੭॥
ਇਤਿ ਉਸਤਤਿ ਸ੍ਰੀ ਅੰਮ੍ਰਿਤਸਰ ਜੀ ਕੀ ਸੰਪੂਰਨੰ । (ਪੱਤਰਾ ੯)

(ਅ) ਉਸਤਤਿ ਸ੍ਰੀ ਅਮ੍ਰਿਤਸਰ ਜੀ ਕੀ (ਬੁੱਧ ਸਿੰਘ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਉਸਤਤਿ ਸ੍ਰੀ ਅੰਮ੍ਰਿਤਸਰ ਜੀ ਕੀ ॥ ਨਗ ਸਰੂਪਣੀ ਛੰਦ ॥
ਮਹਾ ਪਵਿਤ੍ਰ ਉਜਲੰ ਕਲੰਮਲੰ ਵਿਨਾਸਨੰ ।... (ਪੱਤਰੇ ੯-੧੦)

ਅੰਤ— ਇਦੰ ਸਤੋਤ੍ਰ ਪਠਤੰ ਅਨੇਕ ਦੁਸਕ੍ਰਿਤੰ ਟਰੰ ।
ਭਜਾਮਿ ਰਾਮਦਾਸ ਜੂ ਨਮਾਮਿ ਅੰਮ੍ਰਿਤਸਰੰ ॥੮॥
ਇਤਿ ਸ੍ਰੀ ਅੰਮ੍ਰਿਤਸਰਾਸਟਕ ਕ੍ਰਿਤ ਕਵਿ ਸਸਿਜ ਮ੍ਰਿਗਾਧਿਪ ਸਮਾਪਤ । (ਪੱਤਰਾ ੧੨)

(ੲ) ਸਿਹਰਫ਼ੀ ਹਾਕਮ ਸਿੰਘ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਿਹਰਫੀ ਹਾਕਮ ਸਿੰਘ ਕੀ ਲਿਖ਼ਯਤੇ । ਉਸਤਤਿ ਸ੍ਰੀ ਗੁਰੂ ਗੋਬਿੰਦ ਜੀ ਕੇ ਖਾਲਸੇ ਜੀ ਕੀ, ਬੈਂਤਾਂ ।
ਅਲਫ ਆਪ ਗੁਰੂ ਗੋਬਿੰਦ ਸਿੰਘ ਸਚੇ, ਸਾਹਬ ਖਾਲਸੇ ਪੰਥ ਨੂੰ ਧਾਰਿਆ ਜੀ ।
ਚਾਰੇ ਵਰਣ ਕੋ ਵੀਰ ਬਣਾਇ ਸਾਜੇ, ਸਾਧ ਗਊਆਂ ਨੂੰ ਪਕੜ ਉਬਾਰਿਆ ਜੀ ।.. (ਪੱਤਰੇ ੧੨-੧੩)

ਅੰਤ— ਰੰਗੇ ਕਾ ਸੁਤ ਬਖਤ ਮਲ, ਬਾਘਾ ਜਾਹਿ ਸੁਪੂਤ ।
ਸਾਹਿਬ ਬਖਸ ਤਾ ਸੁਤ ਭਇਓ, ਹਾਕਮ ਸਿੰਘ ਤਿਹ ਪੂਤ ॥੧॥
ਸਾਹਿਬ ਏਕ ਅਭੁਲ ਹੈ, ਭੁਲਣਹਾਰ ਜਹਾਨ ।
ਹਾਕਮ ਸਿੰਘ ਕੀ ਭੂਲ ਪਰ, ਮਤ ਕੋਈ ਧਰਿਓ ਕਾਨ ॥੨॥
ਇਤਿ ਸ੍ਰੀ ਬੈਤਾਂ ਗੁਰੂ ਗੋਬਿੰਦ ਸਿੰਘ ਜੀ ਕੇ ਖਾਲਸੇ ਕੀਆਂ, ਫਤੇ ਜੰਗ ਉਸਤਤਿ ਸੰਪੂਰਨੰ ॥੧॥ (ਪੱਤਰਾ ੨੮)

ਇਸ ਤੋਂ ਅੱਗੇ ਪੱਤਰਾ ੨੮ ਤੋਂ ੩੧ ਤਕ ਕੰਵਲ ਨੇਤ੍ਰ ਕਟਿ ਪੀਤੰਬਰ ਅਸਰ ਮੁਰਲੀ ਗਿਰਿਧਰੰ...), ਸਤੋਤ੍ਰ ਸ੍ਰੀ ਕ੍ਰਿਸ਼ਨ ਜੀ ਕਾ (ਤੇਰਾ ਨਾਮ ਹੈ ਦੁਖ ਹਰਨ ਦੀਨਾ ਨਾਥ ।... ਪੱਤਰਾ ੩੧ ਤੋਂ ੩੮ ਤਕ), ਦ੍ਰੋਪਤਾ ਕਾ ਅਸ਼ਟਕ (ਪੱਤਰਾ ੩੮ ਤੋਂ ੩੯ ਤਕ), ਕਥਾ ਰਾਜੇ ਨਿਰਮੋਹ ਕੀ (ਪੱਤਰਾ ੩੯ ਤੋਂ ੪੪ ਤਕ) ਯਥਾ-ਕ੍ਰਮ ਦਰਜ ਹਨ ।

(ਸ) ਵੈਰਾਗ ਛੰਦ (ਸ੍ਰੀ ਸੰਤ ਰੇਣ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਵੈਰਾਗ ਛੰਦ ।
ਇਕ ਦਮ ਕਾ ਈਹਾਂ ਗੁਜ਼ਾਰਾ ਰੇ ।, ਤੁਮ ਕਿਸ ਪਰ ਪਾਉਂ ਪਸਾਰਾ ਹੇ ॥੧॥ ਰਹਾਉ ।

ਆਖਰ ਸਭ ਨੇ ਮਰਨਾ ਹੈ, ਹੁਛ ਕਰ ਲੈ ਜੋ ਅਬ ਕਰਨਾ ਹੈ ।
ਕਲ ਸਭ ਕਾ ਕੂਚ ਨਗਾਰਾ ਰੇ । ਤੁਮ ਕਿਸ ਪਰ ਪਾਉ ਪਸਾਰਾ ਰੇ ॥੧॥... (ਪੱਤਰਾ ੪੪)

ਅੰਤ— ...ਸੰਤ ਰੇਣ ਸਭ ਜਾਨੇ ਹੈ । ਕੋਈ ਵਿਰਲਾ ਦਿਲ ਮੋਂ ਮਾਨੇ ਹੈ ।
ਯਹ ਸੰਤਨ ਨਿਸਚੈ ਧਾਰਾ ਰੇ । ਤੁਮ ਕਿਸ ਪਰ ਪਾਉ ਪਸਾਰਾ ਰੇ ॥੨੨ ॥ ਸੰਪੂਰਨੰ । (ਪੱਤਰਾ ੪੮)

(ਹ) ਗੁਰੁ ਸਿੱਖ ਸੰਬਾਦ (ਸ੍ਰੀ ਸੰਤ ਰੇਣ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਗੁਰੁ ਸਿਖ ਸੰਬਾਦ* । ਸਿਖੋਵਾਚ ॥ ਦੋਹਰਾ ॥
"ਹਉ ਸਰਣਾਗਤਿ ਰਾਵਰੇ ! ਕਰੀਏ ਮੋਹਿ ਉਪਦੇਸ ।
ਐਸਾ ਭਜਨ ਬਤਾਈਏ, ਰਹੈ ਨ ਕੋਊ ਕਲੇਸ" ॥੧॥
"ਸਤਿਗੁਰ ਤੁਮ ਕ੍ਰਿਪਾਲ ਹੋ, ਤੁਮ ਸਮ ਬਡੋ ਨ ਕੋਇ ।
ਐਸਾ ਭਜਨ ਬਤਾਈਏ, ਸੰਸਾ ਰਹੈ ਨ ਕੋਇ" ॥੨॥ (ਪੱਤਰੇ ੪੮-੪੯)

ਅੰਤ— ਸੰਤ ਰੇਣ ਗੁਰ ਕ੍ਰਿਪਾ ਤੇਂ ਕਹੀ ਭਜਨ ਕੀ ਰੀਤਿ ।
ਨਿਰਸੰਸੇ ਵਹਿ ਮੁਕਤਿ ਹੈ, ਪੜ੍ਹੇ ਸੁਣੇ ਕਰਿ ਪ੍ਰੀਤਿ ॥੨੮॥
ਭਜਨ ਕੀ ਰੀਤਿ ਸੰਪੂਰਣੰ । ਸੁਭੰ । (ਪੱਤਰੇ ੫੨-੫੩)

(ਕ) ਨਾਮ ਦੀ ਮਹਿਮਾ । (ਕ੍ਰਿਤ ਕਵੀ ਬਿਹਾਰਾ ਸਿੰਘ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਮਹਾਰਾਜ ਸਹਾਇ ॥ ਦੋਹਰਾ ॥
ਤੀਨੋ ਲੋਕਨ ਪਤਿ ਪਤੀ, ਨਿਰਭੌ ਪੁਰਖ ਅਨਾਦਿ ।
ਮਹਿਮਾ ਤਾ ਕੇ ਨਾਮ ਕੀ ਜਪੀਏ ਗੁਰ ਪ੍ਰਸਾਦਿ ॥ ੧ ॥ (ਪੱਤਰੇ ੫੩)

ਅੰਤ— ...ਤਿਆਗ ਬਣ ਜਾਇ, ਚੁਣ ਕੰਦ ਮੂਲ ਖਾਇ,
ਮਨ ਹੋਇ ਨ ਸਫਾਇ ਭਾਵੇਂ ਜਤਨ ਅਨੇਕ ਕੀ ।
ਕਾਨ ਕੋ ਤਪਾਇ, ਤਪੇ ਭਸਮ ਲਗਾਇ,
ਸੁਆਂਗ ਦੇਹਿ ਦੇ ਬਣਾਇ, ਮਿਟੇ ਬਾਸਨਾ ਨ ਭੇਖ ਕੀ ।
ਸਿਧ ਹੋ ਸਮਾਧ ਲਾਇ, ਪੌਣ ਕੋ ਰਹੇ ਚੜ੍ਹਾਇ,
ਪੂਜਨਾ ਭਵਾਨੀ ਸਿਵ ਹੋਇ ਜੋ ਗਣੇਸ ਕੀ ।
ਕਹਿਤ ਬਿਹਾਰਾ ਸਿੰਘ ਬਿਨ ਗੁਰ ਗਜਾਨ ਭਾਵੇਂ,
ਸੇਸ ਸੁਰ ਭਾਨ ਮਹਿਮਾ ਜਾਣੇ ਨਾ ਅਲੇਖ ਕੀ ॥ ੩੦ ॥ (ਪੱਤਰਾ ੬੭)

(ਖ) ਮਾਝਾਂ ਬਿਹਾਰੀ ਆਦਿ ਕੀਆਂ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਮਾਝਾਂ ਬਿਹਾਰੀ ਕੀਆਂ ।
ਇਕ ਦਿਨ ਸਤਿਗੁਰ ਪੂਰੇ ਕੋਲੋਂ, ਅਸਾਂ ਪ੍ਰੇਮ ਸੁਰਾਹੀ ਪੀਤੀ ।
ਭਾਇ ਅਸਾਡੇ ਲਿਖੀ ਫਕੀਰੀ, ਅਸਾ ਮਸਤਕ ਧਰ ਲੀਤੀ ।... (ਪੱਤਰੇ ੬੭-੬੮)

ਅੰਤ— ...ਇਸਕ ਹੰਢਾਵਣ, ਮਹੁਰਾ ਖਾਵਣ, ਆਠ ਪਹਿਰ ਦਿਲ ਝੇਰਾ ।
ਜਿਉਂ ਜਿਉਂ ਜਾਲਮ ਬਿਰਹੋਂ ਸੰਤਾਏ, ਤਾਗਤ ਰਹੇ ਨ ਭੋਰਾ ।
ਜਿਉਂ ਲਕੜੀ ਨੂੰ ਕੀੜਾ ਖਾਏ, ਬਿਰਹੋਂ ਕਰੇ ਤਨ ਖੋਰਾ ।
ਸੰਤ ਦਾਸ ਕੋਇ ਮਹਿਰਮ ਜਾਣੇ, ਕੀ ਜਾਣੇ ਪਥਰ ਕੋਰਾ ॥ ੧੦ ॥ (ਪੱਤਰਾ ੭੧)

(ਗ) ਬਾਰਾ ਮਾਹਾਂ ਮੋਤੀ ਰਾਮ ਕਾ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾਂ ਮੋਤੀ ਰਾਮ ਕਾ ਲਿਖਯਤੇ ॥ ਛੰਦ ॥ ਚੇਤ ਚਤੰਨ ਮਨ ਸਮਝ ਪਜਾਰੇ ...। (ਪੱਤਰਾ ੭੧)

*ਸ਼ੁਰੂ ਵਿਚ ਇਸ ਪੁਸਤਕ ਦਾ ਨਾਮ 'ਗੁਰ ਸਿੱਖ ਸੰਬਾਦ' ਹੈ ਤੇ ਅੰਤ ਵਿਚ 'ਭਜਨ ਕੀ ਰੀਤਿ', ਜੋ ਵਿਚਾਰ ਜੋਗ ਹੈ ।

ਅੰਤ— ਮੋਤੀ ਰਾਮ ਭਗਵਾਨ ਸਿਮਰ ਲੈ, ਕਿਉਂ ਗਾਫਲ ਐਧ ਗਵਾਵੇ ਵੇ ॥ ੧੨ ॥ ਸੰਪੂਰਣੰ । (ਪੱਤਰੇ ੭੫-੭੬)

(ਘ) ਬਾਰਾਂ ਮਾਹਾਂ ਨੱਥੇ ਭੱਯੇ ਕਾ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾਂ ਨਥੇ ਭਯੇ ਕਾ ਲਿਖ੍ਯਤੇ ।
ਛੰਦ ॥ ਚੜ੍ਹੇ ਚੇਤ ਚਮੰਨ ਫੁਲਾਂ ਪਰ ਲਾਲੀ ਆਈ ।
ਬਿਨ ਡਿਠਿਆਂ ਉਸ ਯਾਰ ਅਸਾਂ ਨੂੰ ਸੁਧ ਨਹੀ ਕਾਈ । ... (ਪੱਤਰਾ ੭੬)

ਅੰਤ— ਸਾਹੂਕਾਰ ਦਾ ਪੁਤ ਨਾਮ ਨਥੇ ਸਦਵਾਵੇ ।
ਭਯਾ ਜਾਤ ਬ੍ਰਾਹਮਣ ਓਸ ਦਾ ਇਸਕ ਕਮਾਵੇ ॥ ੧੩ ॥ ਸੰਪੂਰਨ । (ਪੱਤਰੇ ੭੯-੮੦)

(ਙ) ਬਾਰਾ ਮਾਹਾਂ ਕ੍ਰਿਸ਼ਨ ਜੀ ਕਾ ਸੰਜੋਗੀ (ਬੁੱਧ ਸਿੰਘ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬਾਰਾ ਮਾਹਾ ਸੰਜੋਗੀ ਕ੍ਰਿਸਨ ਜੀ ਕਾ ਕ੍ਰਿਤ ਬੁਧ ਸਿੰਘ ।
ਦੋਹਰਾ ॥ ਚੇਤ ਚਲੋ ਕਹਿ ਸਜਾਮ ਜੀ, ਚਤਰ ਕਹਿਤ ਬ੍ਰਿਜ ਬਾਲ ।
ਆਨੰਦ ਸੋ ਬ੍ਰਿਜ ਬਾਸੀਏ, ਹੇ ਪ੍ਰਭੁ ਦੀਨ ਦਯਾਲ ॥ ੧ ॥ (ਪੱਤਰਾ ੮੦)

ਅੰਤ— ਇਹ ਬਿਧਿ ਪ੍ਰਭ ਜੀ ਘਰ ਰਹੇ, ਪਜਾਰੀ ਪ੍ਰੇਮ ਪਛਾਨ ।
ਬਾਰਹਿ ਮਾਸਾ ਭੋਗਜੋ, ਪੂਰਨ ਰਸ ਕੀ ਖਾਨ ॥ ੨੫ ॥ ਸੰਪੂਰਨੰ । (ਪੱਤਰਾ ੮੭)

(ਚ) ਬਾਰਾਂ ਮਾਹਾਂ ਕ੍ਰਿਸ਼ਨ ਜੀ ਕਾ ਵਿਯੋਗੀ (ਬੁੱਧ ਸਿੰਘ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾਂ ਕ੍ਰਿਸਨ ਜੀ ਕਾ ਬਿਯੋਗੀ ਕ੍ਰਿਤ ਕਵੀ ਬੁਧ ਸਿੰਘ ।
ਦੋਹਰਾ ॥ ਚੇਤ ਸਖੀ ਚਿਤਵੈ ਖੜੀ, ਸਭ ਗੋਪੀ ਬ੍ਰਿਜ ਬਾਲ ।
ਤਨ ਬਿਯੋਗ ਹਾ ਹਾ ਕਰੈ, ਘਰ ਆਵੋ ਨੰਦ ਲਾਲ ॥ ੧ ॥ (ਪੱਤਰੇ ੮੭-੮੮)

ਅੰਤ— ਰਾਵਣ ਰਿਪੁ ਮ੍ਰਿਗਰਾਜ ਸੁਭ, ਮੇਧਾ ਹਰਿ ਜਿਹ ਨਾਮ ।
ਦ੍ਵਾਦਸ ਮਾਸ ਬਿਯੋਗ ਦੈ, ਆਨ ਮਿਲੇ ਘਨ ਸਜਾਮ ॥ ੨੫ ॥
ਬਾਰਾਂ ਮਾਹਾਂ ਬੁਧ ਸਿੰਘ ਕ੍ਰਿਤ ਸੰਪੂਰਨੰ । (ਪੱਤਰਾ ੯੫)

(ਛ) ਬਾਰਾਂ ਮਾਹਾਂ (ਸਾਹਿਬ ਸਿੰਘ, ਮ੍ਰਿਗਿੰਦ) ਸੰਮਤ ੧੮੦੯ ਬਿ. ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾਂ ਕ੍ਰਿਤ ਕਵਿ ਸਾਹਿਬ ਮ੍ਰਿਗਿੰਦ ਲਿਖ੍ਯਤੇ ।
ਦੋਹਰਾ ॥ ਬਨ ਉਪਬਨ ਮੌਲੇ ਸਕਲ, ਲਲਿਤ ਲਤਾ ਗੁਲਜਾਰ ।... (ਪੱਤਰਾ ੯੫)

ਅੰਤ— ਕਵਿ ਮ੍ਰਿਗ ਰਾਜ ਛੰਦ ਸੁਭ ਕੀਤੇ ।
ਸੰਮਤ ਰਸ ਨਭ ਅਹਿ ਸਸਿ ਬੀਤੇ ।
ਅਸੂ ਸੁਕਲ ਪੰਚਮੀ ਬੀਤੇ ।
ਪੜ੍ਹ ਸੁਨ ਪਾਵਨ ਪਰਮ ਪਵੀਤੇ । ਵੇ ਪਰਵਾਹ ਨੂੰ ॥੪॥
ਫੂਲ ਹਰੀ ਕਿ ਹਰਦਮ ਯਾਰ । ਸਿਮਰ ਲੈ ਸਚਾ ਪਰਵਦਗਾਰ ।
ਚੜ੍ਹੀ ਹੁਣਿ ਅਗਲੀ ਅਜਬ ਬਹਾਰ । ਮਹੀਨਾ ਗੁਜ਼ਰਿਆ ॥੧੨॥
ਇਤਿ ਸ੍ਰੀ ਕ੍ਰਿਸਨ ਰਾਧਾ ਜੀ ਕੋ ਬਿਰਹ ਨਾਟਕ ਕਥਾ ਬਾਰਾਂ ਮਾਹਾਂ ਕ੍ਰਿਤ ਕਵਿ ਸਾਹਿਬ ਮ੍ਰਿਗਿੰਦ ਵਿਯੋਗ ਸਿੰਗਾਰ ਬਰਨਨੰ ਸਮਾਪਤੰ ਸੁਭੰ ਭੂਯਾਤ । (ਪੱਤਰਾ ੧੪੬)

(ਜ) ਬਾਰਾਂ ਮਾਹਾਂ ਕ੍ਰਿਸ਼ਨ ਜੀ ਕਾ (ਦੀਦਾਰ ਸਿੰਘ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾਂ ਕ੍ਰਿਸਨ ਜੀ ਕਾ ਕ੍ਰਿਤ ਕਵਿ ਦੀਦਾਰ ਸਿੰਘ ।
ਦੋਹਰਾ ॥ ਚੇਤ੍ਰ ਚਿਤਵਤ ਹੇ ਸਖੀ, ਕਬ ਆਵੇਗੇ ਸਜਾਮ ।
ਬਿਰਹ ਵਯੋਗਨਿ ਹੌ ਭਈ, ਨਿਸ ਦਿਨ ਜਪਤੀ ਨਾਮ ॥੧॥ (ਪੱਤਰੇ ੧੪੬-੪੭)

ਅੰਤ— ਕਵਿ ਸਿੰਘ ਦੀਦਾਰ ਮਧੁਰ ਮੁਖ ਬੋਲਤ ਰਾਗ ।

ਇਸ ਬਿਧਿ ਮਥੁਰਾ ਪੁਰਿ ਸਖੀ, ਖੇਲਤ ਗਿਰਿਧਰ ਫਾਗ ॥ ੪ ॥ ੪੮ ॥ ੧੨ ॥
ਇਤਿ ਬਾਰਾਂ ਮਾਹਾਂ ਕ੍ਰਿਸਨ ਜੀ ਕਾ ਸੰਪੂਰਨੰ । (ਪੱਤਰਾ ੧੬੬)

(ੲ) ਬਾਰਾਂ ਮਾਹਾਂ ਮੂਲ ਸਿੰਘ ਕਾ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਬਾਰਾਂ ਮਾਹਾਂ ਮੂਲ ਸਿੰਘ ਕਾ ਲਿਖਤੇ । ਚੇਤ੍ਰ ਮਹੀਨੇ ਚਲੇ ਸਜਾਮ ਜੀ, ਮਥੁਰਾ ਓਰ ਸਿਧਾਰੇ ।... (ਪੱਤਰੇ ੧੬੬-੬੭)

ਅੰਤ— ਮਾਘ ਮਹੀਨੇ ਕੁਲ ਖੇਤ੍ਰ ਵਿਚ, ਸਜਾਮ ਰੂਪ ਚਲ ਆਇਆ ।
ਸੁਣਿ ਕਰਿ ਆਇ ਮਿਲੀ ਸਭ ਗਵਾਰਨ, ਚਰਨੀ ਸੀਸ ਨਿਵਾਇਆ ।... (ਪੱਤਰਾ ੧੭੦)
ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਅਗਲਾ ਪਾਠ ਨਹੀਂ ਮਿਲਦਾ, ਜਿਸ ਕਰ ਕੇ ਇਹ ਬਾਰਾਂ ਮਾਹਾਂ ਅਧੂਰਾ ਹੈ ।

੧੬੪. ਸ੍ਰੀ ਅਮ੍ਰਿਤਸਰ ਜੀ ਕੀ ਉਸਤਤਿ (ਨੰ. ×, ਪ੍ਰਿ. ਸਿੰ. ਜੋ.)

ਲੇਖਕ— ਭਾਈ ਗੁਲਾਬ ਸਿੰਘ । ਆਕਾਰ— 4″ × 4¼″, ਲਿਖਤ 3″ × 3¼″ ।

ਵੇਰਵਾ— ਪੱਤਰੇ ੫੪; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਸਿਆਹੀ ਫਿੱਕੀ ਕਾਲੀ; ਅੰਤ ਵਿਚ ਇਸ ਪੁਸਤਕ ਦੇ ਮਹਾਰਾਜਾ ਰਣਜੀਤ ਸਿੰਘ ਦੀ ਉਪਮਾ ਵਿਚ ਦੋ ਪੱਤਰਿਆਂ ਉਤੇ ਫ਼ਾਰਸੀ ਦੇ ਸ਼ਿਅਰ, ਫੇਰ ਸਾਖੀ ਪਾਤਸ਼ਾਹੀ ਦਸਵੀਂ (ਸੱਚਖੰਡ ਚਲਾਣੇ) ਕੀ, ਰਾਗ ਰਾਮਕਲੀ ਪਾਤਸ਼ਾਹੀ ੧੦ ਆਦਿ ਸ਼ਬਦ, ਦਰਜ ਹਨ; ਪੱਤਰਿਆਂ ਉਤੇ ਗਿਣਤੀ ਦੇ ਅੰਕ ਨਹੀਂ ਲਿਖੇ ਹੋਏ ।

ਸਮਾਂ— ਸੰਮਤ ੧੮੬੮ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸ੍ਰੀ ਅੰਮ੍ਰਿਤਸਰ ਜੀ ਕੀ ਉਸਤਤਿ ਲਿਖਿਅਤੇ । ਸ੍ਰੀ ਵਾਹਗੁਰੂ ਜੀ ਕੀ ਫਤੇ ਹੈ ।
ਦੋਹਰਾ ॥ ਸਤਿਗੁਰ ਪਰਮ ਸੁਜਾਨ ਪ੍ਰਭ, ਕਰਨ ਕਰੀਮ ਕ੍ਰਿਪਾਲ ।... (ਪੱਤਰਾ ੧)

ਅੰਤ— ਸੋਰਠਾ ॥ ਨਹੀਂ ਭਗਤ ਹਰ ਭਾਇ, ਨਹੀਂ ਗਿਆਨ ਜੋਗੀ ਨਹੀਂ ।
ਸਤਿਗੁਰ ਕੀ ਸਰਨਾਇ, ਗੁਲਾਬ ਸਿੰਘ ਗੁਨ ਹੀਨ ਹੈ ॥ ੧੪੧ ॥
ਬੁੰਗਾ ਬਨਾ ਨਵੀਨ, ਸ੍ਰੀ ਹਰਿ ਮੰਦਿਰ ਚਰਣ ਤਰ ।
ਉਸਤਤ ਰਚੀ ਪ੍ਰਬੀਨ, ਸ੍ਰੀ ਅੰਮ੍ਰਿਤਸਰ ਗ੍ਰੰਥ (ਸੁਭ) ॥ ੧੪੨ ॥
ਲਿਖ ਕਰ ਦੇਵੇ ਦਾਦ, ਸੁਨੇ ਸੁਨਾਵੇ ਕੰਠ ਕਰ ।
ਜਨ ਮਨ ਹੀ ਕਰੇ ਪਲਾਨ, ਸਤਿਗੁਰ ਧਾਮ ਵਿਰਾਜ ਹੀ ॥ ੧੪੩ ॥
ਅਠ ਸਠ ਅਉਰ ਬਿਤਾਹਿ, ਸੰਮਤ ਅਠ ਦਸ ਸਹਿਸ ਹੈ ।
ਕੁਆਰ ਸੁਦੀ ਸੁਕਲਾਹਿ, ਦਸਵੀ ਬਿਜੈ ਪ੍ਰਸਿਧ ਦਿਨ ॥ ੧੪੪ ॥

ਇਤਿ ਸ੍ਰੀ ਅੰਮ੍ਰਿਤਸਰ ਮਹਾਤਮਨੇ ਸਮਾਪਤ, ਪੜ੍ਹੰਤੇ ਸੁਨੰਤੇ ਮੋਖ ਮੁਕਤ ਲਹੰਤੇ । ਮਸਤ ਸੁਭਮਸਤੁ । ਭੂਲ ਚੂਕ ਸੋਧ ਪੜ੍ਹਨੀ, ਗੁਰੂ ਬਖਸੰਦ ਹੈ ਸਦ ਸਦਾ । ਸੰਮਤ ੧੮੬੮ ਮਿਤੀ ਕੁਆਰ ਸੁਦੀ ੧੦ ਸੁਕਰ ਵਾਰ ਉਸਤਤ ਸੰਪੂਰਣੰ ਸ੍ਰੀ ਅੰਮ੍ਰਿਤਸਰ ਜੀ ਕੀ । (ਪੱਤਰਾ ੫੪)

੧੬੫. ਸ੍ਰੀ ਅਮ੍ਰਿਤਸਰ ਜੀ ਕੀ ਉਸਤਤਿ (ਉਸਤਤਿ ਗੰਗਾ, ਸੀਹਰਫ਼ੀ ਆਦਿ ਸਮੇਤ) (ਨੰ. ੧੦੮, ਪੰ. ਯੂ. ਚੰ.)

ਲੇਖਕ— ਰਾਮ ਪ੍ਰਕਾਸ਼, ਉਦਾਸੀ, ਪਰਮਹੰਸ । ਆਕਾਰ—6″ × 4½″, ਲਿਖਤ 4½″ × 3¼″ ।

ਵੇਰਵਾ— ਪੱਤਰੇ ੬੬; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਛੰਦਾਂ ਦੇ ਨਾਮ, ਅੰਕ ਤੇ ਹੋਰ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ਤਿੰਨ ਪੱਤਰੇ ਕੁਝ ਕਿਰਮ ਖ਼ੁਰਦਾ ਹੋਣ ਕਰ ਕੇ ਛੇਕਦਾਰ, ਵੈਸੇ ਪੁਸਤਕ ਅੱਛੀ ਹਾਲਤ ਵਿਚ ਹੈ ।

ਸਮਾਂ— ਸਵਾ ਕੁ ਸੌ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸ੍ਰੀ ਅੰਮ੍ਰਿਤਸਰ ਜੀ ਕੀ ਉਸਤਤਿ ਰਾਮ ਪ੍ਰਕਾਸ ਪਰਮਹੰਸ ਉਦਾਸੀਨ ਕ੍ਰਿਤ ਲਿਖਯਤੇ ॥ ਓ ॥

ਸ੍ਰੀ ਗੁਰੁ ਪਦ ਰਜ ਉਰ ਧਰੋ, ਨਮੋ ਸੁ ਬਾਰੰਬਾਰ ।
ਅੰਮ੍ਰਿਤਸਰ ਉਸਫਤਿ ਕਰੋਂ, ਜਥਾ ਬੁੱਧਿ ਅਨੁਸਾਰ ॥ ੧ ॥
ਸ੍ਰੀ ਗੁਰ ਮੰਗਲ ਰੂਪ ਹੈ, ਮੰਗਲਦਾਯਕ ਜੋਇ ।
ਤਾ ਕੋ ਜੋ ਸਿਮਰਨ ਸਦਾ, ਬਿਘਨ ਬਿਨਾਸਕ ਸੋਇ ॥ ੨ ॥
ਸ੍ਰੀ ਸੋਭਾ ਸੁੰਦਰ ਸਦਨ, ਸਭ ਜਨ ਕੋ ਸੁਖ ਧਾਮ ।
ਸ੍ਰੀ ਮੰਦਰ ਸ੍ਰੀ ਗੁਰੁ ਰਚਯੋ, ਰਾਮ ਦਾਸ ਜਹ ਨਾਮ ॥ ੩ ॥ (ਪੱਤਰਾ ੧)

ਅੰਤ— ਕੇਵਲ ਪ੍ਰੇਮ ਹੁਲਾਸ ਧਰ, ਕਰ ਬਿਲਾਸ ਸੁ ਬਖਾਨ ।
ਅੰਮ੍ਰਿਤਸਰ ਉਸਤੁਤਿ ਜੁਈ, ਪ੍ਰਕਾਸ ਰਾਮ ਕ੍ਰਿਤ ਠਾਠ ॥ ੬੯ ॥

ਇਤਿ ਸ੍ਰੀ ਅੰਮ੍ਰਿਤਸਰ ਜੂ ਕੀ ਉਸਤੁਤਿ ਕ੍ਰਿਤ ਸ੍ਰੀ ਰਾਮ ਪ੍ਰਕਾਸ ਪਰਮਹੰਸ ਉਦਾਸੀਨ ਸਮਾਪਤੰ ॥ ੧ ॥
(ਪੱਤਰਾ ੧੪)

(ਅ) ਗੰਗਾ ਜੂ ਕੀ ਉਸਤਤਿ (ਰਾਮ ਪ੍ਰਕਾਸ਼, ਪਰਮਹੰਸ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸ੍ਰੀ ਗੰਗਾ ਜੂ ਕੀ ਉਸਤੁਤਿ ਲਿਖਯਤੇ ਕ੍ਰਿਤ ਸ੍ਰੀ ਰਾਮ ਪ੍ਰਕਾਸ ਪਰਮਹੰਸ ਉਦਾਸੀਨ ਕੀ ॥ ਦੋ ॥ ਸ੍ਰੀ ਗੁਰ ਪਾਦੰ ਕਮਲ ਯੁਗ... (ਪੱਤਰਾ ੧੫)

ਅੰਤ— ਸੰਮਤ ਹਰਿ ਮੁਖ ਰਿਧ ਵਸੂ ਸਸੀ ਜਾਨ ਪਰਮਾਨ ।
ਵਿਸਾਖ ਮਾਸ ਪਖ ਸੁਕਲ ਮੈ, ਤਿਥ ਤ੍ਰਯੋਦਸੀ ਜਾਨ ॥ ੩੭ ॥

ਇਤਿ ਸ੍ਰੀ ਗੰਗਾ ਜੂ ਕੀ ਉਸਤੁਤਿ ਸ੍ਰੀ ਰਾਮ ਪ੍ਰਕਾਸ ਪਰਮਹੰਸ ਉਦਾਸੀਨ ਕ੍ਰਿਤ ਸੰਪੂਰਣੰ ।
ਦੋ ॥ ਸ੍ਰੀ ਗੁਰੁ ਸਾਧੂ ਰਾਮ ਕੇ, ਚਰਣ ਕਮਲ ਧਰ ਧਯਾਨ ।
ਸੁਧਾ ਸਰੋਵਰ ਗੰਗ ਕੀ, ਉਸਤੁਤਿ ਕਰੀ ਵਖਾਨ ॥ ੧ ॥ (ਪੱਤਰੇ ੨੩-੨੪)

(ਣ) ਸੀਹਰਫੀ (ਰਾਮ ਪ੍ਰਕਾਸ਼, ਪਰਮਹੰਸ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਗੁਰ ਚਰਣ ਕਮਲੇ ਭਜੋ ਨਮਃ । ਅਥ ਸੀਹਰਫੀ ਰਾਮ ਪ੍ਰਕਾਸ ਉਦਾਸੀਨ ਪਰਮਹੰਸ ਕ੍ਰਿਤ ਲਿਖਯਤੇ ।
ਅਲਫ ਆਦਿ ਅਦ੍ਵੈਤ ਪੁਨ ਅੰਤ ਅਦ੍ਵੈਤ ਹੈ, ਮੱਧ ਮੋ ਦ੍ਵੈਤ ਵਤ ਭਯੋ ਭਾਨੋਂ ।... (ਪੱਤਰਾ ੨੫)

ਅੰਤ— ਵਿਮਲ ਸੁ ਅੰਤਹਕਰਨ ਜਹ, ਤਾ ਕੋ ਹੈ ਅਧਿਕਾਰ ।
ਸੁਨੈ ਪਢੇ ਚਰਚਾ ਕਰੈ, ਅਥਵਾ ਕਰੈ ਵਿਚਾਰ ॥ ੩ ॥
ਸੁਧਾ ਸਰੋਵਰ ਤਟ ਵਿਖੈ ਸੁੰਦਰ ਬਨਯੋ ਅਵਾਸ ।
ਕਰ ਨਿਵਾਸ ਰਚਨਾ ਰਚੀ, ਸਿਹਰਫੀ ਰਾਮ ਪ੍ਰਕਾਸ ॥ ੪ ॥

ਇਤਿ ਸ੍ਰੀ ਰਾਮ ਪ੍ਰਕਾਸ ਪਰਮਹੰਸ ਉਦਾਸੀਨੇਨ ਕ੍ਰਿਤ ਸੀਹਰਫੀ ਸੰਪੂਰਣੰ ਸੁਭੰ ॥ ੧ ॥
ਸੰਮਤ ਉਨੀ ਸੈ ਬਿਖੇ ਅਧਿਕ ਤੀਨ ਫੁਨ ਜਾਨ ।
ਕਰੀ ਸੀਹਰਫੀ ਜਾਨਿਯੇ, ਪ੍ਰਕਾਸ ਰਾਮ ਸੁਖ ਖਾਨ ॥ ੧ ॥ (ਪੱਤਰਾ ੩੫)

ਇਸ ਤੋਂ ਅੱਗੇ ਪੱਤਰਾ ੩੬ ਤੋਂ ੬੬ ਤਕ ਕਵੀ ਗਿਰਿਧਰ ਰਾਇ ਦੇ ਕੁੰਡਲੀਏ ਦਰਜ ਹਨ, ਜੋ ਅਨੇਕ ਵੇਰ ਗੁਰਮੁਖੀ ਤੇ ਦੇਵ ਨਾਗਰੀ ਵਿਚ ਛਪ ਚੁਕੇ ਹਨ ।

੧੬੬. ਸੁਧਾਸਰ ਮਹਾਤਮ (ਸ੍ਰੀ ਗੁਰ ਗਿਆਨ ਪ੍ਰਕਾਸ਼ ਵਿਚੋਂ) (ਨੰ, ×, ਡਾ. ਸੁ. ਸਿੰ. ਕੋ.)

ਲੇਖਕ— ਸੰਤ ਲਾਲ ਸਿੰਘ । **ਆਕਾਰ—** $7\frac{1}{4}'' \times 5''$, ਲਿਖਤ $5'' \times 3\frac{1}{2}''$ ।

ਵੇਰਵਾ— ਪੱਤਰੇ, ਮੁੱਢਲੇ ਇਕ ਵਾਧੂ ਪੱਤਰੇ ਸਮੇਤ, ੧੦੧; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸੁੱਧ; ਹਾਸ਼ੀਆ ਰੰਗੀਨ ਲਾਲ-ਊਦੀਆਂ ਲਕੀਰਾਂ ਵਾਲਾ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਲਿਖਤ ਇਕ ਸੌ ਸਾਲ ਦੇ ਲਗਭਗ ਪੁਰਾਣੀ ਹੈ। **ਲਿਖਾਰੀ—** ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸੁਧਾਸਰ ਮਹਾਤਮ ਸੰਤ ਲਾਲ ਸਿੰਘ ਕ੍ਰਿਤ ਲਿਖਯਤੇ । ਗੁਰ ਗਿਆਨ ਪ੍ਰਕਾਸ ਗ੍ਰੰਥ ਵਿਚੋਂ

ਉਤਾਰਾ ਕੀਤਾ।   (ਮੁੱਢਲਾ ਵਾਧੂ ਪੱਤਰਾ)

ਸਿਖ ਬਿਨੋ, "ਹੇ ਭਗਵਾਨ! ਸੁਧਾਸਰ ਕੈਸੇ ਪ੍ਰਗਟ ਭਯਾ ਹੈ। ਜਿਸ ਪ੍ਰਕਾਰ ਇਹ ਪ੍ਰਿਥਮੇ ਪ੍ਰਗਟ ਹੂਆ ਹੈ ਤੈਸੇ ਕਿਰਪਾ ਕਰ ਮੁਝ ਕੋ ਕਹੋ ॥ ੧ ॥"

ਸ੍ਰੀ ਗੁਰੋਵਾਚ: "ਹੇ ਸਿਖ! ਤੂੰ ਧੰਨਜ ਹੈ! ਬਹੁੜ ਤੇਰੀ ਬੁਧ ਭੀ ਧੰਨਜ ਹੈ। ਕਾਹੇ ਤੇ ਜੋ ਤੂੰ ਜੀਵੋ ਕੇ ਹਿਤ ਅਰਥ ਪ੍ਰਸਨ ਕਰਤਾ ਹੈ ਜਿਸ ਕਰ ਕੇ ਜੀਵੋਂ ਕਾ ਉਧਾਰ ਹੋਵੈ, ਤਾਂ ਤੇ ਅਬ ਤੂੰ ਸੁਧਾਸਰ ਕੇ ਪ੍ਰਗਟ ਹੋਣੇ ਕਾ ਕਾਰਣ ਸੁਣ ਜਿਸ ਪ੍ਰਕਾਰ ਸੁਧਾਸਰ ਪ੍ਰਗਟ ਭਯਾ ਹੈ। ਹੇ ਸਿਖ! ਏਕ ਸਮੇ ਸ੍ਰੀ ਗੁਰੂ ਅਰਜਨ ਜੀ ਗੋਇੰਦਵਾਲ ਵਿਖੇ ਇਸਥਿਤ ਥੇ ਅਰ ਨਾਰਦ ਜੀ ਬ੍ਰਿਧ ਰੂਪ ਧਾਰ ਕੇ ਬ੍ਰਹਮਚਾਰੀ ਕਾ ਆਇ ਪ੍ਰਾਪਤ ਭਏ ਅਰ ਦੋਨੋ ਹਾਥ ਜੋੜ ਕਰ ਗੁਰੂ ਜੀ ਕੇ ਚਰਨੋ ਵਿਖੇ ਬੰਦਨਾ ਕਰੀ।   (ਪੱਤਰੇ ੧-੨)

ਅੰਤ— ...ਹੇ ਸਿਖ! ਸੁਧਾਸਰ ਕਾ ਮਹਾਤਮ ਕਿਸੀ ਤੇ ਕਹਿਆ ਨਹੀ ਜਾਤਾ। ਕਾਹੇ ਤੇ ਜੋ ਤਿਸ ਕੋ ਸ੍ਰੁਤੀ ਅਰ ਸਿਮ੍ਰਿਤੀ ਅਕਹ ਕਰ ਕੇ ਪੁਕਾਰਤੀ ਹੈ, ਤਾ ਤੇ ਅਕਹ ਕਾ ਕਹਣਾ ਕਹਣਾ ਕਿਆ ਹੈ ਅਰ ਜੇ ਕਰ ਮੈਂ ਕਹੂੰ ਭੂਲ ਭੀ ਗਯਾ ਹੋਂ ਤਬ ਮੁਝ ਕੋ ਸੰਤ ਜਨ ਮਹਾਤਮਾ ਆਪਣਾ ਦਾਸ ਜਾਣ ਕਰ ਬਖਸ ਲੇਵੈਗੇ ਅਰ ਮੇਰੀ ਭੂਲ ਕੋ ਨਹੀ ਗ੍ਰਹਣ ਕਰੈਗੇ ॥ ੨ ॥

ਇਤਿ ਸ੍ਰੀ ਗੁਰ ਗਯਾਨ ਪ੍ਰਕਾਸ ਗ੍ਰੰਥੇ ਗੁਰ ਸਿਖ ਸੰਬਾਦੇ ਉਤਮ ਪ੍ਰਮਾਣੇ ਸੁਧਾਸਰ ਮਹਾਤਮ ਵਰਨਨੰ ਨਾਮ ਤ੍ਰਿਤਾਲੀਸਮੋ ਧਯਾਇ ॥ ੪੩ ॥ ਸਮਾਪਤੰ ਸੁਭਮਸਤੁ। ਸੰਤ ਲਾਲ ਸਿੰਘ ਕ੍ਰਿਤ ਅੰਮ੍ਰਿਤਸਰ ਮਹਾਤਮ ਭਵਿਖਤ ਪੁਰਾਣ ਸਾਖੇ ਜਥਾਬੁਧ ਵਖਯਾਨੇ ਸੰਪੂਰਨੰ।   (ਪੱਤਰੇ ੯੯-੧੦੦)

(ਨੰ. ੮੦, ਪ੍ਰੋ. ਪ੍ਰੀ. ਸਿੰ.)

੧੬੭. ਬ੍ਰਹਮਾਂਡ ਪੁਰਾਣ ਦੇ ਮਹਾਤਮ

ਲੇਖਕ— ਬਾਵਾ ਸੁਮੇਰ ਸਿੰਘ, ਪਟਨਾ।   ਆਕਾਰ—6″ × 7¾″, ਲਿਖਤ 3½″ × 5½″।

ਵੇਰਵਾ— ਪੱਤਰੇ ੩੫; ਪ੍ਰਤੀ ਸਫ਼ਾ ੧੩ ਸਤਰਾਂ; ਕਾਗ਼ਜ਼; ਪਤਲਾ ਦੇਸੀ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਲਿਖਤ ਨਿਹਾਇਤ ਸਾਫ਼ ਤੇ ਸ਼ੁੱਧ; ਪੁਸਤਕ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੨੭ ਬਿ.।   ਲਿਖਾਰੀ—ਨਾਮਾਲੂਮ।

ਆਰੰਭ— ੧ਓ ਸ੍ਰੀ ਵਾਹਗੁਰੂ ਜੀ ਕੀ ਫਤੇ ਹੈ।

ਸੋਰਠਾ ॥ ਕਰਨ ਸੁ ਕਰੁਨਾ ਦੀਨ, ਕਾਲੂ ਸੁਤ ਕਲਗੀਧਰਨ।

ਕਲਿ ਕਲ ਬਲ ਛਲ ਛੀਨ, ਕ੍ਰਿਪਾ ਕਰਹੁ ਗਨ ਬਿਘਨ ਹਰ ॥ ੧ ॥   (ਪੱਤਰਾ ੧)

ਅੰਤ— ਸੋਰਠਾ ॥ ਸੰਬਤਸਰ ਰਿਖ ਪਾਖ, ਰਾਖਹੁ ਗ੍ਰਹ ਸਸਿ ਤਾਸ ਵਿਗ।

ਮਾਸ ਕਾਰਤਿਕ ਭਾਖ, ਸੁਦੀ ਸੱਤਮੀ ਦਯੋਸ ਰਵਿ ॥ ੬੩ ॥

ਇਤਿ ਸ੍ਰੀ ਅਬਚਲ ਗੋਬਿੰਦ ਨਗਰੀ ਮਹਾਤਮ ਗੰਗਾ ਗੋਦਾਵਰੀ ਆਵਨ ਬਿਧਿ ਬਰਨਨੰ ਗ੍ਰੰਥ ਸਮਾਪਤ ਅਸਟਮੋ ਧਯਾਯ ॥ ੮ ॥   (ਪੱਤਰਾ ੩੪)

ਇਸ ਤੋਂ ਅੱਗੇ ਪੱਤਰਾ ੩੫ ਪਰ ਕੁਝ ਵਾਧੂ ਛੰਦ, ਜੋ ਇਸੇ ਪੁਸਤਕ ਦੇ ਵਾਧੇ ਦੇ ਹਨ, ਲੇਖਕ ਜੀ ਨੇ ਪਰਿਸ਼ਿਸ਼ਟ ਦੇ ਰੂਪ ਵਿਚ ਦਿੱਤੇ ਹਨ। ਵਿਸ਼ਾ ਇਸ ਪੁਸਤਕ ਦਾ ਪੁਰਾਣਿਕ ਢੰਗ ਨਾਲ ਦੱਖਣ ਦੇ ਸਿੱਖ ਗੁਰਦੁਆਰਿਆਂ ਦੀ ਮਹਿਮਾ ਦਾ ਵਰਣਨ ਹੈ, ਜਿਵੇਂ ਕਿ ਕਵੀ ਨੇ ਲਿਖਿਆ ਹੈ—

ਅਬ ਯਹ ਗ੍ਰੰਥ ਸੰਪੂਰਨ ਕੀਨਾ। ਅਬਚਲ ਧਾਮ ਮਹਾਤਮ ਚੀਨਾ ॥ ੪੯ ॥
ਬੰਦਾ ਘਾਟ ਪ੍ਰਸਿੱਧ ਜੁ ਆਹੀ। ਮਣੀ ਕਰਣਕਾ ਜਾਣੋ ਤਾਹੀ।
ਘਾਟ ਨਗੀਨਾ ਨਾਮ ਨਗੀਨਾ। ਜਹਾਂ ਨਗੀਨਾ ਗੁਰ ਧਰ ਦੀਨਾ ॥ ੫੦ ॥
ਪੂਰਬ ਨਾਮ ਬਾਮ ਸੁਖ ਧਾਮਾ। ਅਹੇ ਪਿਸਾਚ ਸੁ ਮੋਚਨ ਨਾਮਾ।
ਕਪਲਾ ਸੰਗਮ ਤਾ ਕੇ ਤੀਰਾ। ਜਾਨਹੁ ਸੰਤ ਖਾਲਸਾ ਬੀਰਾ ॥ ੫੧ ॥
ਪੰਚ ਗੁਰੂ ਕੇ ਧਾਮ ਅਨੂਪਮ। ਸ੍ਰੀ ਹਜੂਰ ਸਾਹਬ ਜਾਨੋ ਤੁਮ।
ਦੁਤਿਯ ਨਗੀਨਾ ਘਾਟ ਨਗੀਨਾ। ਸੰਗਤ ਸਾਹਬ ਤੀਸਰ ਚੀਨਾ ॥ ੫੨ ॥
ਚਤੁਰਥ ਹੀਰਾ ਘਾਟ ਅਨੂਪਾ। ਘਾਟ ਸਿਕਾਰ ਪੰਚਮੋ ਭੂਪਾ।
ਇਨ ਪਾਂਚੋਂ ਕੋ ਦਰਸਨ ਕਰਈ। ਜਥਾ ਸਕਤਿ ਕਛੁ ਭੇਟਾ ਧਰਈ ॥ ੫੩ ॥   (ਪੱਤਰਾ ੩੩)

(ਗ) ਗੁਰ-ਉਪਮਾ

(ਨੰ. ×, ਪ੍ਰ. ਪ੍ਰੀ. ਸਿੰ.)

੧੯੮. ਮਹਿਮਾ ਪ੍ਰਕਾਸ਼ (ਗੁਰੂ ਨਾਨਕ ਦੀ ਸਾਖੀ)

ਲੇਖਕ— ਸੰਤ ਲਾਲ ਸਿੰਘ । ਆਕਾਰ—10¾" × 7", ਲਿਖਤ 7½" × 6½"।

ਵੇਰਵਾ— ਪੱਤਰੇ ੯੪; ਪ੍ਰਤੀ ਸਫ਼ਾ ੧੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਪਰ ਸਿੱਧੀ ਸਾਦੀ; ਹਾਸ਼ੀਆ ਸਾਧਾਰਣ ਲਕੀਰਾਂ ਵਾਲਾ; ਪੁਸਤਕ ਬਗ਼ੈਰ ਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੨੦ ਬਿ. । ਲਿਖਾਰੀ—ਲਾਲ ਸਿੰਘ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਦੋ ॥
ਸਤਿਗੁਰ ਪ੍ਰਕਾਸ ਸਾਖੀ ਜਨਮ, ਜਗ ਗਾਵਤ ਨਿਤ ਨੀਤ । (ਪੱਤਰਾ ੧)
ਮਹਿਮਾ ਪ੍ਰਕਾਸ ਤਿਹ ਨਾਮ ਧਰ, ਪੋਥੀ ਕੀਨੀ ਮੀਤ ॥ ੧ ॥..

ਅੰਤ— ...ਸਤਿਗੁਰ ਕ੍ਰਿਪਾ ਨਿਧਾਨ, ਨਿਮਾਨੋਂ ਕੇ ਮਾਨ ਪ੍ਰਭੁ ।
ਕਰ ਕ੍ਰਿਪਾ ਦੀਜੈ ਦਾਨ, ਲਾਲ ਸਿੰਘ ਤੁਹ ਦਾਸ ਹੈ ॥ ੨੯ ॥...
ਸੰਮਤ ਬਿਕ੍ਰਮ ਨਿਰਪ ਜੋ ਉਨੀ ਸੈ ਵੀਆਹਿ ।
ਬਾਣੀ ਸਤਿਗੁਰ ਕੀ ਲਿਖੀ, ਭਦਰੋ ਥਿਤ ਦੁਤ ਆਹਿ ॥ ੩੩ ॥
ਸੁਣੈ ਸੁਣਾਵੈ ਮਨ ਧਰੈ, ਮਹਿਮਾ ਸਤਿਗੁਰ ਜੋਇ ।
ਜਨਮ ਮਰਨ ਤਾ ਕਾ ਮਿਟੈ, ਅੰਤ ਪਰਮਗਤਿ ਹੋਇ ॥ ੩੪ ॥ (ਪੱਤਰੇ ੯੩-੯੪)
ਸਮਾਪਤੰ ਸੰਮਤ ੧੯੨੦ ਭਦਰੋ ੧੦ ਥਿਤ ੧੦ ਸੋਮਵਾਰੁ । ਅੰਮ੍ਰਿਤ ਸਮੇ ।

ਇਸ ਪੁਸਤਕ ਵਿਚ ਗੁਰੂ ਨਾਨਕ ਦਾ ਜੀਵਨ ਦਰਜ ਹੈ ਤੇ ਸਾਖੀਆਂ ਕੁੱਲ ੫੮ ਹਨ । ਗੁਰੂ ਜੀ ਦਾ ਜਨਮ ਵਿਸਾਖ ਸੁਦੀ ੩ ਦਾ ਲਿਖਿਆ ਹੈ ਜੋ ਪੁਰਾਤਨ ਜਨਮ ਸਾਖੀ ਦੇ ਅਨੁਸਾਰ ਹੈ ।

੧੯੯. (ੳ) **ਕੜਖਾ ਗੁਰੂ ਗੋਬਿੰਦ ਸਿੰਘ ਕਾ** (ਕੜਖੇ ਦਸਮ ਅਵਤਾਰ ਗੁਰੂ ਕੇ ਸਮੇਤ) (ਨੰ. ੩੫੪੭, ਸਿ. ਰੈ. ਲਾ.)

ਲੇਖਕ— ਕਵੀ ਭਗਵਤੀ ਨੰਦ । ਆਕਾਰ—5" × 8¼", ਲਿਖਤ 3¾" × 6"।

ਵੇਰਵਾ— ਪੱਤਰੇ ੧੦; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ (ਚਿਕਨਾ); ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਸਜਿਲਦ ।

ਸਮਾਂ— ਪੁਸਤਕ ੭੦ ਕੁ ਵਰ੍ਹੇ ਪੁਰਾਣੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਆਗੈ ਕੜਖਾ (ਗੁਰੂ) ਗੋਬਿੰਦ ਸਿੰਘ ਕਾ । (ਪੱਤਰਾ ੧)
ਰਾਗ ਟੋਡੀ । ਹੂਓ ਪ੍ਰਗਟ ਸੰਜਾਰ, ਗੋਬਿੰਦ ਸਿੰਘ ਸਾਕੋ ਕੀਓ ।...

ਅੰਤ— ...ਸਿਮਰਿ ਸ੍ਰੀ ਭਗਵਤੀ ਨੰਦ ਬਿਨਤੀ ਕਰੀ, ਜਸਹਿ ਉਚਾਰ ਕੜਖੋ ਬਣਾਯੋ ॥ ੧੨ ॥
ਦੋਹਰਾ ॥ ਕਾਬਜ ਸਰਲ ਬੁਧ ਅਲਪ ਹੌਂ, ਕੀਨੋ ਜਸਹਿ ਉਚਾਰ ।
ਜੋ ਕਛੁ ਯਾ ਮੈ ਅਲਪੁ ਹੈ, ਲੀਜੌ ਚਤੁਰ ਸੁਧਾਰੁ ॥ ੧ ॥ ੧੩ ॥ ੧ ॥ ੪੪ ॥ ਸੰਪੂਰਨ ॥ (ਪੱਤਰਾ ੫)

(ਅ) **ਕੜਖੇ ਪਾਤਿਸ਼ਾਹ ਦਸਵੇਂ ਕੇ** (ਭਗਵਤੀ ਨੰਦ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਵਾਹਗੁਰੂ ਜੀ ਕੀ ਫਤਿਹ । ਕਰਖੇ ਪਾਤਿਸਾਹ ਦਸਵੇਂ ਕੇ ॥ ੧੦ ॥
ਸਲੋਕੁ ॥ ਸਦਾ ਭਗਉਤੀ ਦਾਹਨੀ ਜੀ ਲੋਹੇ ਸੋ ਪ੍ਰੇਮ ।
ਗੁਰ ਗੋਬਿੰਦ ਸਿੰਘ ਨ੍ਰਿਪ ਕੇ ਦਾਨ ਖਰਗ ਕੋ ਨੇਮ ॥ ੧ ॥
ਸਲੋਕੁ ॥ ਪੈਜ ਨਿਬਾਹਨ ਰਨ ਭਿਰਨ, ਸਰਨ ਸੂਰ ਬਲਵਾਨ ।
ਕਲਿ ਮੈ ਗੋਬਿੰਦ ਸਿੰਘ ਗੁਰ, ਨਰ ਸੋਢੀ ਸੁਲਤਾਨ ॥ ੨ ॥ (ਪੱਤਰੇ ੫-੬)

ਅੰਤ— ਰਾਜ ਲੈ ਦੀਓ ਮੇਦਨੀ ਪ੍ਰਗਾਸ ਕੋ, ਸੁਨਿਯੋ ਚਹੂੰ ਜਗ ਇਹ ਸੁਜਸ ਵਾ ਕਾ ।
ਸਦਾ ਰਛਿਆ ਕਰੇ ਦੁਸਟ ਕਾ ਦਮ ਲੈ, ਸੰਤ ਜਨ ਜਪੈ ਰਸ ਬੀਰ ਬਾਕਾ ॥ ੯ ॥ ੧ ॥ (ਪੱਤਰੇ ੮-੯)

ਇਸ ਤੋਂ ਅੱਗੇ ਤਿੰਨ ਪੱਤਰਿਆਂ ਉਤੇ ਹੋਰ ਫੁਟਕਲ ਕੜਖੇ ਛੰਦ ਲਿਖੇ ਹੋਏ ਹਨ ।

੧੭੦. (ੳ) ਦਸ ਅਵਤਾਰ ਗੁਰੂ ਉਸਤਤਿ (ਬਾਬਾ ਬੁੱਢਾ ਜੀ ਦੀ ਬੰਸਾਵਲੀ ਸਮੇਤ) (ਨੰ. ੫੪੩੫, ਸਿ. ਰੈ. ਲਾ.)

ਲੇਖਕ— ਕਵੀ ਸੋਂਧਾ । ਆਕਾਰ—$4\frac{1}{2}'' \times 3\frac{1}{4}''$, ਲਿਖਤ $3'' \times 2\frac{1}{4}''$ ।

ਵੇਰਵਾ— ਪੱਤਰੇ ਗੁਰੂ ਦਸ ਅਵਤਾਰ ਉਸਤਤਿ ੧੭੦, ਬਾਬਾ ਬੁੱਢਾ ਜੀ ਕੀ ਬੰਸਾਵਲੀ ੧੭੦-੯੨; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਲਿਖਤ ਦੀ ਸੁੰਦਰਤਾ ਵਧਾਉਣ ਲਈ ਲਿਖਾਰੀ ਨੇ ਲਾਲ ਸਿਆਹੀ ਵੀ ਥਾਂ ਪਰ ਥਾਂ ਵਰਤੀ ਹੈ; ਪਹਿਲਾ ਪੱਤਰਾ ਫਟਿਆ ਹੋਣ ਕਰ ਕੇ ਪੁਸਤਕ ਨਾ-ਮੁਕੰਮਲ ਹੈ ।

ਸਮਾਂ— ੧੯ ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ।

ਆਰੰਭ— ੧ੴ ਸਤਿਗੁ(ਰ ਪ੍ਰਸਾਦਿ।) ਅਥ ਦਸ ਅਵ(ਤਾਰ)... (ਕ੍ਰਿਤ) ਕਵਿ ਸੌਂਧਾ । (ਪੱਤਰਾ ੧)
ਚਾਰੋ ਹੀ ਬੇਦ ਕੀਯੋ ਖਟ ਸਾਸਤ੍ਰ, ਤਾ ਤੇ ਕੀਏ ਦਸ ਅਸਟ ਪੁਰਾਨਾ ।
ਬੇਦਨ ਕੌ ਮੁਖ ਚਾਰ ਜਪੇ, ਤਿਨ ਰਾਮ ਬਿਅੰਤ ਕਾ ਅੰਤ ਨ ਜਾਨਾ ।... (ਪੱਤਰਾ ੨)

ਅੰਤ— ...ਉਸਤਤ ਹੈ ਗੁਰ ਫੂਲ ਸਮਾਨ, ਪੜ੍ਹੇ ਨਰ ਊਚ ਸੋ ਊਚ ਹੀ ਜਾਨੇ ॥ ੮ ॥ ੩੩੫ ॥
ਇਤਿ ਉਸਤਤ ਪ੍ਰਿਥਮ ਧਿਆਇ ਸਮਾਪਤੇ ।... (ਪੱਤਰਾ ੧੭੦)

(ਅ) ਬਾਬਾ ਬੁੱਢਾ ਜੀ ਦੀ ਬੰਸਾਵਲੀ (ਕਵੀ ਸੌਂਧਾ)

ਆਰੰਭ— ਅਥ ਕਥਾ ਦਸ ਅਵਤਾਰਨ ਉਸਤਤ ਬੁਢੇ ਕੀ ਬਰਨੀ ।
ਦੋਹਰਾ ॥ ਬਾਰਸ ਇਹ ਪ੍ਰਜੰਕ ਕੇ, ਜਾਨੇ ਸਗਲ ਜਹਾਨ ।
ਪੀਛੇ ਕੇ ਬਾਰਸ ਜਿਤੇ, ਸੋ ਅਬ ਕਰੋ ਬਖਾਨ ॥ ੧ ॥ (ਪੱਤਰੇ ੧੭੦-੭੧)

ਅੰਤ— ਤਾ ਕਾ ਨੰਦ ਸੁਜਾਨ ਸਿੰਘ, ਟੀਕਾ ਅਬ ਜਿਹ ਭਾਲ ।
ਜੁਗੁ ਜੁਗੁ ਸੁਖੀ ਅਨੰਦ ਸਿਉ, ਰਾਖੇ ਤਿਸ ਗੋਪਾਲ ॥ ੬੮ ॥
ਚੌਪਈ ॥ ਮੇਰ ਸੁਮੇਰ ਗਗਨ ਹੈ ਜੋ ਲੌ । ਸੁਖ ਸਿਉ ਰਾਖੇ ਹਰਿ ਜੀ ਤੋ ਲੌ ।
ਗੰਗ ਜਮਨ ਸੂਰਜ ਔ ਚੰਦ । ਤਬ ਲੌ ਤਾ ਕੇ ਰਹੇ ਅਨੰਦ ॥ ੬੯ ॥
ਦੋਹਰਾ ॥ ਇਹ ਅਸੀਸ ਸੌਂਧੇ ਕਹੀ, ਸੁਨੀਅਹੁ ਸਭ ਮਨ ਲਾਇ ।
ਦੋ ਕਰ ਜੋਰ ਸਭੋ ਕਹੈ, ਹੋਵੈ ਰਾਮ ਸਹਾਇ ॥ ੭੦ ॥
ਸਵੈਯਾ ॥ ਤਾ ਤੇ ਕਹੋ ਗੁਰ ਕੀ ਉਪਮਾ, ਕਵਿ ਕੇ ਸਗਰੇ ਦੁਖ ਦੋਖ ਹਰੈਗੋ ।
ਦੇਹ ਅਨਿਤ ਨ ਨਿਤ ਰਹੇ, ਜੋਊ ਮਿਤ ਪੜ੍ਹੇ ਸੋਊ ਚਿਤ ਕਰੈਗੋ ।
ਜੋ ਹਿਤ ਸੋ ਗੁਰ ਨਾਮ ਜਪੇ, ਤਿਸ ਕਾ ਜਗ ਮੇ ਸਭ ਕਾਜ ਸਰੈਗੋ ।
ਦੇਹ ਕੇ ਛੂਟਤ ਹੀ ਜਗ ਮੈਂ, ਫਿਰ ਇੰਦ੍ਰ ਕੇ ਧਾਮ ਪੈ ਪਾਇ ਧਰੈਗੋ ॥ ੭੧ ॥
ਸੰਪੂਰਨੰ । ਗੁਰ ਨਾਨਕ ਜੀ ਸਹਾਇ । (ਪੱਤਰਾ ੧੯੨)

੧੭੧. ਹੁਕਮਨਾਮਾ ਗੁਰੂ ਗੋਬਿੰਦ ਸਿੰਘ ਜੀ ਦਾ (ਨਕਲ) (ਨੰ. ੪੦੩, ਪੰ. ਆ.)

ਲੇਖਕ— ਸ੍ਰੀ ਗੁਰੂ ਗੋਬਿੰਦ ਸਿੰਘ ਜੀ । ਆਕਾਰ—$11\frac{1}{4}'' \times 10\frac{3}{4}''$, ਲਿਖਤ $9\frac{1}{2}'' \times 4\frac{1}{2}''$ ।

ਵੇਰਵਾ— ਪੱਤਰਾ ੧, ਜਿਸ ਪਰ ੧੧ ਸਤਰਾਂ ਹਨ; ਕਾਗਜ਼ ਸਾਦਾ ਦੇਸੀ; ਲਿਖਤ ਕੁਝ ਅਸ਼ੁੱਧ ਤੇ ਸਿੱਧੀ ਸਾਦੀ, ਮੱਧਮ ਜਿਹੀ ਕਾਲੀ ਸਿਆਹੀ ਨਾਲ ਲਿਖੀ ਹੋਈ; ਹੁਕਮ ਨਾਮੇ ਦੀ ਨਕਲ ਪੁਰਾਣੀ ਹੋਣ ਕਰ ਕੇ ਫਟਣ ਦੇ ਡਰ ਤੋਂ ਟਿਸ਼ੂ ਪੇਪਰ ਲਾ ਕੇ ਨਵੇਂ ਵਿਗਯਾਨਕ ਢੰਗ ਨਾਲ ਮੁਰੰਮਤ ਕੀਤੀ ਹੋਈ, ਜਿਸ ਕਰ ਕੇ ਇਸ ਦਾ ਹਾਸ਼ੀਆ ਕੁਦਰਤੀ ਤੌਰ ਤੇ ਵਧ ਗਿਆ ਹੈ ।

ਸਮਾਂ— ਸੰਮਤ ੧੭੬੪ ਬਿ. ਤੇ ਨਕਲ ਦਾ ਸੰਮਤ ਕਿਤੇ ਨਹੀਂ ਲਿਖਿਆ । ਲਿਖਾਰੀ—ਨਾਮਾਲੂਮ ।

ਆਰੰਭ— ਗੋਬਿੰਦ ਸਿੰਘ ੧ ਸਤਿਗੁਰੂ ਜੀ, ਸ੍ਰਬਤ ਸੰਗਤਿ ਧਉਲ ਕੀ ਤੁਸੀ ਮੇਰਾ ਖਾਲਸਾ ਹੋ, ਗੁਰੂ ਰਖੇਗਾ, ਗੁਰੂ ਜਪਣਾ, ਜਨਮ ਸਵਰੇਗਾ...

ਅੰਤ— ਤੁਸਾ ਹੁਕਮ ਵੇਖਦਿਆ ਹੁਡੀ ਕਰਾਇ ਭੇਜਣੀ, ਮੇਵੜੇ ਨੂੰ ਤੁਰਤ ਭੇਜਣਾ, ਜੇ ਮੇਵੜਾ ਢਿਲ ਕਰੇ ਤਾ ਸੰਗਤ ਵਿਚੋ ਕਢਿ ਦੇਣਾ, ਪੈਸੇ ਹੁੰਡੀ ਕਰਾਇ ਭੇਜਣੇ, ਸੰਮਤ ੧੭੬੪ ਮਿਤੀ ਕਾਤਕੋ ੧ ਮਾ(ਘ) ।

ਇਹ ਹੁਕਮ ਗੁਰੂ ਸਾਹਿਬ ਨੇ ਨੰਦੇੜ (ਦੱਖਣ) ਤੋਂ ਧਉਲ ਦੀ ਸੰਗਤ ਦੇ ਨਾਮ ਪੰਜਾਬ ਵਿਚ ਭੇਜਿਆ ਸੀ ਕਿ ਤੁਸੀਂ

ਸਨੱਧ ਬੱਧ ਹੋ ਕੇ ਧਰਮ-ਯੁੱਧ ਲਈ ਤਿਆਰ ਰਹਿਣਾ ਤੇ ਅਸੀਂ ਥੋੜੇ ਦਿਨਾਂ ਵਿਚ ਹੀ ਪੰਜਾਬ ਵਾਪਸ ਆ ਰਹੇ ਹਾਂ। ਡਾਕਟਰ ਗੰਡਾ ਸਿੰਘ ਜੀ ਨੇ ਇਹ ਹੁਕਮਨਾਮਾ ਅਸਲੀ ਹੁਕਮ ਨਾਮੇ ਦੀ ਫੋਟੋ ਸਮੇਤ ਇਕ ਵੇਰ ਛਾਪ ਕੇ ਪ੍ਰਕਾਸ਼ਿਤ ਵੀ ਕੀਤਾ ਸੀ। ਇਹ ਹੱਥ-ਲਿਖਤ ਉਸੇ ਹੁਕਮਨਾਮੇ ਦੀ ਪ੍ਰਤੀ ਲਿਪੀ ਹੈ।

੧੭੨. ਅਮ੍ਰਿਤ ਗੁਟਕਾ (ਗੁਰ ਪ੍ਰਣਾਲੀ ਆਦਿ) (ਨੰ. ੩੮੬, ਪੰ. ਆ.)

ਲੇਖਕ– ਨਾਮਾਲੂਮ। ਆਕਾਰ—7" × 4¼", ਲਿਖਤ 2¼" × 2¼"।

ਵੇਰਵਾ— ਪੱਤਰੇ ੧੧੨; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਖਾਕੀ, ਹਰਾ, ਊਦਾ ਆਦਿ ਕਈ ਰੰਗਾਂ ਦਾ; ਲਿਖਤ ਨਿਹਾਇਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੌਕੋਰ ਅਤਿ ਸੁੰਦਰ ਰੰਗੀਨ ਲਕੀਰਾਂ ਵਾਲਾ; ਪੱਤਰੇ ੫੦ ਤੋਂ ੫੩ ਤਕ ਗੁਮ, ਜਿਸ ਕਰਕੇ ਪੁਸਤਕ ਅਧੂਰੀ ਹੈ।

ਸਮਾਂ— ਸੰਮਤ ੧੯੯੦ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੧ੴ ਸਤਿਗੁਰ ਪ੍ਰਸਾਦਿ। ਸ੍ਰੀ ਗੁਰੂ ਪ੍ਰਨਾਲੀ ਲਿਖਯਤੇ। ਪ੍ਰਥਮੇ ਸ੍ਰੀ ਗੁਰੂ ਨਾਨਕ ਸਾਹਿਬ ਜੀ, ਤਿਨ ਕੇ ਬੇਟੇ ਦੋਇ: ਸ੍ਰੀ ਚੰਦ ਤੇ ਲਖਮੀ ਦਾਸ ਜੀ, ਪਿਤਾ ਕਾਲੂ ਤੇ ਮਾਤਾ ਤ੍ਰਿਪਤੈ, ਤੇ ਮਹਲ ਮਾਤਾ ਸੁਲਖਣੀ... (ਪੱਤਰਾ ੧)

ਅੰਤ— ...ਮਾਤਾ ਸਾਹਬ ਦੇਵੀ, ਤਿਨ ਕੀ ਗੋਦ ਗੁਰੂ ਖਾਲਸਾ ਜੀ ॥੧॥ ਪਾਤਿਸਾਹੀ ਯਾਰਵੀ ਬਖਸ ਹੋਈ ਗੁਰੂ ਖਾਲਸੇ ਜੰਗ, ਤਿਨ ਕੇ ਬੇਟੇ ਅਣਗਣਤ ॥੧॥ ਸ੍ਰੀ ਗੁਰੂ ਪ੍ਰਣਾਲੀ ਸੰਪੂਰਨੰ ਹੋਈ। ਬੋਲੋ ਭਾਈ ਜੀ ਸ੍ਰੀ ਵਾਹਗੁਰੂ ਜੀ, ਸ੍ਰੀ ਵਾਹਗੁਰੂ ਜੀ, ਸ੍ਰੀ ਵਾਹਗੁਰੂ ਜੀ।

(ਅ) ਸ੍ਰੀ ਦਸ਼ਮੇਸ਼ ਜੀ ਦੀਆਂ ਸਾਖੀਆਂ

ਆਰੰਭ– ੧ੴ ਸਤਿਗੁਰ ਪ੍ਰਸਾਦਿ। ਅਬ ਪ੍ਰਸੰਗ ਸ੍ਰੀ ਦੇਵੀ ਪ੍ਰਗਟਾਵਣ ਸ੍ਰੀ ਮਹਾਰਾਜ ਗੁਰੂ ਸਾਹਬ ਜੀ ਕਾ... (ਪੱਤਰਾ ੬)

ਅੰਤ— .. ਬਹਾਦਰ ਸਾਹ ਕੇ ਡੇਰੇ ਸੌਂ ਚਾਰ ਕੋਸ ਕੀ ਵਿਥ ਪਰ ਸਾਹਬ ਡੇਰਾ ਰਾਖਤੇ ਥੇ। ਔਰ ਪ੍ਰਸੰਗ ਜੋਤੀ ਜੋਤਿ ਸਮਾਵਣੇ ਕੈ ਚਰਿਤ੍ਰ ਮੋ ਲਿਖਾ ॥੧॥ ਸਾਖੀ ਸੰਪੂਰਨ ਹੋਈ ॥ ਬੋਲੋ ਭਾਈ ਜੀ, ਵਾਹਗੁਰੂ ਜੀ। ਸੰਮਤ ੧੯੯੦ ਚੇਤ੍ਰ ੨੦ ਵਾਰ ਚੰਦ ॥੧॥ (ਪੱਤਰਾ ੧੧੨)

ਇਸ ਪੁਸਤਕ ਵਿਚ ਪ੍ਰਸੰਗ ਦੇਵੀ ਪ੍ਰਗਟਾਵਣ ਤੋਂ ਬਿਨਾ ਪ੍ਰਸੰਗ ਅਮ੍ਰਿਤ ਛਕਣ-ਛਕਾਵਣ ਕਾ ਵੀ ਹੈ, ਜਿਸ ਕਰ ਕੇ ਇਸ ਪੁਸਤਕ ਦਾ ਨਾਮ 'ਅਮ੍ਰਿਤ ਗੁਟਕਾ' ਰਖਿਆ ਜਾਪਦਾ ਹੈ, ਪੱਤਰਾ ੨੩ ਤੋਂ ੪੪ ਤਕ, ਦਸ਼ਮ ਗੁਰੂ ਦੇ ਜੋਤੀ ਜੋਤਿ ਸਮਾਵਣ ਦਾ ਪ੍ਰਸੰਗ ਪੱਤਰਾ ੪੫ ਤੋਂ ੯੪ ਤਕ ਤੇ ਬਹਾਦੁਰ ਸ਼ਾਹ ਦੇ ਮੇਲ ਦਾ ਪ੍ਰਸੰਗ ਪੱਤਰਾ ੯੪ ਤੋਂ ੧੧੨ ਤਕ ਦਰਜ ਹਨ। ਦੱਖਣ ਦੀਆਂ ਸਾਖੀਆਂ ਦੇ ਨਾਂ ਹੇਠ ਇਸ ਪੁਸਤਕ ਦੇ ਇਕ ਦੋ ਉਤਾਰੇ ਹੋਰ ਪੁਸਤਕਾਲਯਾਂ ਵਿਚ ਵੀ ਮਿਲਦੇ ਹਨ ਤੇ ਇਹ ਸ੍ਰੀ ਦਸ਼ਮੇਸ਼ ਜੀ ਦੀਆਂ ਸਾਖੀਆਂ ਗੁਰ ਬਿਲਾਸ ਪਾਤਸ਼ਾਹੀ ੧੦ ਕ੍ਰਿਤ ਕੁਇਰ ਸਿੰਘ ਦੇ ਆਧਾਰ ਉਤੇ ਲਿਖੀਆਂ ਜਾਪਦੀਆਂ ਹਨ ਕਿਉਂਕਿ ਇਨ੍ਹਾਂ ਦੇ ਲਗਭਗ ਸਾਰੇ ਹੀ ਪ੍ਰਸੰਗ ਇਸ ਗੁਰ ਬਿਲਾਸ ਨਾਲ ਮਿਲਦੇ-ਜੁਲਦੇ ਹਨ।

੧੭੩. ਸਿਖ ਖ਼ਾਲਸਾ ਧਰਮ ਤਤ ਦਰਸ਼ਨ (ਨੰ. ×, ਡਾ, ਗੰ. ਸਿੰ.)

ਲੇਖਕ– ਭਾਈ ਅਵਤਾਰ ਸਿੰਘ, ਵਹੀਰੀਆ। ਆਕਾਰ-6½" × 8", ਲਿਖਤ 5" × 6"।

ਵੇਰਵਾ— ਪੱਤਰੇ ੨੨; ਪ੍ਰਤੀ ਸਫ਼ਾ ੧੪ ਸਤਰਾਂ; ਕਾਗ਼ਜ਼ ਵਿਲਾਇਤੀ; ਲਿਖਤ ਸਾਫ਼ ਤੇ ਸ਼ੁੱਧ, ਦੋ ਕਲਮਾਂ ਨਾਲ ਲਿਖੀ ਹੋਈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਪੁਸਤਕ ੭੦-੭੫ ਵਰ੍ਹੇ ਪੁਰਾਣੀ ਜਾਪਦੀ ਹੈ। ਲਿਖਾਰੀ-ਲੇਖਕ ਖ਼ੁਦ।

ਆਰੰਭ– ਸਿਖ ਖਾਲਸਾ ਧਰਮ ਤਤ ਦਰਸਨ। ਸਿਖ ਹੋਣਾ ਕੀ ਹੈ ? ਹਰ ਕੋਈ ਸ੍ਰੀ ਗੁਰੂ ਨਾਨਕ ਜੀ ਦੀ ਸਿਖ੍ਯਾ ਤਾਲੀਮ ਨੂੰ ਤਸਲੀਮ ਕਰੇ ਉਸ ਦਾ ਨਾਉ ਸਿਖ ਹੈ। ਸੋ ਇਨ੍ਹਾਂ ਸਿਖਾਂ ਦੇ ਦੋ ਭੇਦ ਹਨ: ਇਕ ਉਹ ਜਿਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਛਕ ਲਇਆ ਤੇ ਸਾਬਤ ਸੂਰਤ ਰਹਿ ਕੇ ਕੇਸਾਧਾਰੀ ਸਿਖ ਅਰਥਾਤ ਵਾਹਿਗੁਰੂ ਦਾ ਖਾਲਸਾ ਹੋਏ। ਇਨ੍ਹਾਂ ਦੇ ਨਾਉਂ ਨਾਲ ਸਿੰਘ ਲਕਬ ਹੁੰਦਾ ਹੈ, ਤੇ ਦੂਜੇ ਉਹ ਜਿਨ੍ਹਾਂ ਨੇ ਅਜੇ ਤਕ ਕੇਸ ਧਾਰਨ ਨਹੀਂ ਕੀਤੇ ਉਹ ਸਹਜਧਾਰੀ ਸਿਖ ਕਹਿਲਾਏ।... (ਪੱਤਰਾ ੧)

ਅੰਤ— (ਬੇਨਤੀ) ਐ ਪਾਠਕੋ ! ਅੰਤ ਵਿਚ ਮੈਂ... ਰੂਏ ਜ਼ਮੀਨ ਦੇ ਹਰ ਇਕ ਨਫ਼ਸ ਨੂੰ, ਅਮੂਮਨ ਸਹਜਧਾਰੀ ਸਿਖ ਹੋ ਕੇ ਪੂਤ ਹੋਨ ਲਈ, ਅਤੇ ਖਸੂਸਨ ਕੇਸਾਧਾਰੀ ਖਾਲਸਾ ਹੋ ਕੇ ਸਪੂਤ ਹੋਨ ਦੀ ਦਾਵਤ ਕਰਦਾ ਹਾਂ। ਇਤੀ। (ਪੱਤਰਾ ੨੨)

ਇਹ ਪੁਸਤਕ ਪਹਿਲੇ ਪਹਿਲ ੧੯ਵੀਂ ਸਦੀ ਈ. ਦੇ ਅੰਤ ਵਿਚ ਪ੍ਰਸਿੱਧ ਵਿਦ੍ਵਾਨ ਮਿਸਟਰ ਮਕਾਲਿਫ ਪਾਸ ਰਾਵਲ ਪਿੰਡੀ ਸੀ, ਜਿਵੇਂ ਇਸ ਦੇ ਮੁੱਢਲੇ ਸਫ਼ੇ ਪਰ ਉਸ ਦੇ ਦਸਖ਼ਤਾਂ ਤੋਂ ਕੁਝ ਪਤਾ ਲਗਦਾ ਹੈ। ਇਸ ਤੋਂ ਪਿੱਛੋਂ ਇਹ ਪੁਸਤਕ ਕਿਸੇ ਤਰ੍ਹਾਂ ਲੰਡਨੋਂ ਹੋ ਕੇ ਕਈ ਹੱਥਾਂ ਵਿਚੋਂ ਦੀ ਲੰਘਦੀ ਹੋਈ ਡਾ. ਗੰਡਾ ਸਿੰਘ ਜੀ ਦੇ ਪੁਸਤਕਾਲਯ ਵਿਚ ਪੁੱਜੀ ਹੈ।

੧੭੪. ਸਿੰਘਾਂ ਦੀ ਰਹਿਤ ਮਰਯਾਦਾ (ਨੰ. ੪੯, ਪ੍ਰੋ. ਪ੍ਰੀ. ਸਿੰ.)

ਲੇਖਕ— ਨਾਮਾਲੂਮ। ਆਕਾਰ—7" × 5", ਲਿਖਤ 4½ × 3"।

ਵੇਰਵਾ— ਪੱਤਰੇ ੨੦; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਕਸ਼ਮੀਰੀ ਸਾਦਾ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਕਈ ਥਾਵੀਂ ਸਿਰਲੇਖ, ਹਿੰਦਸੇ ਆਦਿ ਲਈ ਲਾਲ ਸਿਆਹੀ ਦੀ ਵਰਤੀ ਹੈ; ਪੁਸਤਕ ਬਿਨਾ ਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਪੁਸਤਕ ੮੦-੯੦ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ—੧ਓ ਸਤਿਗੁਰ ਪ੍ਰਸਾਦਿ। ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ। ਦੇਗ ਤੇਗ ਫਤੇ ਨੁਸਰਤ ਬੇਦਰੰਗ ਯਾਫ਼ਤੇ ਨਾਨਕ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਅਕਾਲ ਪੁਰਖ ਜੀ ਸਹਾਇ। ਤਖ਼ਤ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਅਕਾਲ ਬੁੰਗਾ ਸਾਹਿਬ ਸੇ, ਤਖਤ ਸ੍ਰੀ ਪਟਣਾ ਸਾਹਿਬ ਸੇ, ਤਖਤ ਸ੍ਰੀ ਆਨੰਦ ਪੁਰ ਸਾਹਿਬ ਸੇ, ਤਖਤ ਸਚ ਖੰਡ ਸ੍ਰੀ ਅਬਚਲ ਨਗਰ ਸਾਹਿਬ ਜੋਤੀ ਸਰੂਪ ਜੀ ਕੇ ਦਰਬਾਰ ਸੇ, ਚਾਰੋਂ ਤਖਤੋਂ ਕੀ ਰਾਇ ਲੇ ਕਰ ਕੇ ਔਰ ਰਹਿਤੀਓਂ, ਬਿਬੇਕੀਓ, ਨਿਹੰਗੋਂ ਸਿੰਘੋਂ, ਸਰਬਤ੍ਰ ਖਾਲਸਾ ਜੀ ਬੁੱਧਵਾਨੋਂ ਨੇ ਏਹੁ ਬਿਚਾਰ ਕਰ ਕੇ ਲਿਖਾ ਹੈ, ਜੈਸੀ ਰੀਤੀ ਗੁਰੂ ਮਹਾਰਾਜ ਕੀ ਹੈ ਪਰਮਪਰਾ ਸੇ।
ਦੋਹਰਾ॥ ਇਸੀ ਪੰਥ ਕੇ ਕਾਰਣੇ, ਸਤਿਗੁਰ ਲਾਏ ਸੀਸ।
ਤਨ ਮਨ ਧਨ ਸਭ ਅਰਪਜੇ, ਆਪ ਗੁਰੂ ਜਗਦੀਸ॥੨॥ (ਪੱਤਰੇ ੧-੨)

ਅੰਤ— ਝੂਲਨਾ॥ ਸ੍ਰੀ ਗੁਰੂ ਦਰਬਾਰ ਅਬਚਲ ਨਗਰ ਮੈ ਗੁਰੂ ਗੋਬਿੰਦ ਸਿੰਘ ਖੜਗ ਧਾਰੀ।
ਸਚੇ ਖੰਡ ਕੇ ਤਖਤ ਕੀ ਦੇਤ ਚੌਕੀ ਜਹਾਂ ਗੁਪਤ ਪ੍ਰਗਟ ਰਹੈ ਸਹੀਦ ਭਾਰੀ।
ਚੜ੍ਹੇ ਤਖਤ ਪਰ ਨਾ ਮਿਲੇ ਰਾਤਿ ਕੋ ਆਨ ਅਰਦਾਸ ਕੀ ਕਰੀ ਤਿਯਾਰੀ।
ਰਹਿਤ ਮ੍ਰਿਜਾਦ ਕੋ ਫੋੜ ਧਨ ਦੀਯੇ ਹੋਇ ਬੇਈਮਾਨ ਜਾਂ ਕੇ ਪੁਜਾਰੀ।
ਹਾਜਰਾ ਹਜੂਰ ਨੇ, ਜਾਹਰਾ ਜਹੂਰ ਨੇ ਬਿਰਦ ਕੇ ਲਾਜ ਕੋ ਪੰਥ ਮੈ ਕਲਾ ਧਾਰੀ॥੩॥
ਭੂਲ ਚੂਕ ਮਾਫ ਕਰਨੀ, ਸੋਧ ਕੇ ਪਾਠ ਕਰਨਾ। (ਪੱਤਰਾ ੧੯)

ਇਸ ਤੋਂ ਅੱਗੇ ੨੦ਵਾਂ ਪੱਤਰਾ ਖ਼ਾਲੀ ਛੱਡਿਆ ਹੋਇਆ ਹੈ।

੧੭੫. ਗੁਰਦੁਆਰੋਂ ਕੀ ਰੀਤਿ ਮਰਯਾਦਾ (ਨੰ. ×, ਡਾ. ਗੰ. ਸਿੰ.)

ਲੇਖਕ— ਨਾਮਾਲੂਮ। ਆਕਾਰ—6¾" × 10", ਲਿਖਤ 4¾" × 7½"।

ਵੇਰਵਾ— ਪੱਤਰੇ ੧੨; ਪ੍ਰਤੀ ਸਫ਼ਾ ੧੭ ਸਤਰਾਂ; ਕਾਗਜ਼ ਸਿਆਲ ਕੋਟੀ ਵਧੀਆ; ਲਿਖਤ ਸਾਫ਼ ਤੇ ਸ਼ੁੱਧ, ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੱਤਰੇ ਖੁਲ੍ਹੇ ਤੇ ਪੁਸਤਕ ਬਿਨਾ ਜਿਲਦ ਦੇ।

ਸਮਾਂ— ਲਗਭਗ ੨੦ਵੀਂ ਸਦੀ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਗੁਰਦੁਆਰੋਂ ਕੀ ਰੀਤਿ ਅਨੁਸਾਰ ਮ੍ਰਿਜਾਦਾ ਲਿਖੀ ਹੈ। ਦਰਬਾਰ ਜੀ ਕੀ ਮੰਜੀ ਸਾਹਿਬ ਪਰ ਸਸਤ੍ਰਾਂ ਦੀ ਪੂਜਾ ਹੋਵੈ। ਗ੍ਰੰਥ ਸਾਹਿਬਾਂ ਦੇ ਪ੍ਰਕਾਸ਼ ਦਾ ਅਸਥਾਨ ਜੁਦਾ ਚਾਹੀਯੇ। ਨੀਸਾਨ ਸਾਹਿਬ ਦਾ ਕੇਲ ਬਨੇ। ਇਸਨਾਨੁ ਹੋਇ। ਧੂਪ ਦੀਪ ਆਦਿਕ ਪੁਸਪ ਚੜ੍ਹੇ। ਹੋਲੇ ਦਸਹਿਰੇ ਨੂੰ ਪੁਸਾਕਾ ਚੜ੍ਹੇ। ਦਰਬਾਰ ਦੀ ਪੂਜਾ ਦੀ ਮ੍ਰਿਜਾਦਾ ਲਿਖੀ। ਦੋ ਪੁਜਾਰੀ: ਇਕੁ ਅੰਦਰਲਾ, ਇਕੁ ਬਾਹਿਰਲਾ। ਸਵਾ ਪਹਰ ਰਾਤ ਰਹੀ ਤੋਂ ਉਠ ਕੇ ਇਸਨਾਨੁ ਆਦਿਕ ਕਰ ਕੇ, ਪਵਿਤ੍ਰ ਪੁਸਾਕ ਪਹਿਰ ਕੇ, ਸੁਰਮਈ ਦਸਤਾਰ ਸਜਾਇ ਕੇ, ਸ੍ਰੀ ਸਾਹਿਬ ਗਾਤਰੇ ਪਾਇ ਕੇ, ਦਰਬਾਰ ਆਇ ਕੇ, ਮਥਾ ਟੇਕ ਕੇ, ਪ੍ਰਕਰਮਾ ਕਰ ਕੇ ਪ੍ਰਕਾਸ ਕਰਨਾ। ਬਾਹਰਲਾ ਪੁਜਾਰੀ ਇਸੀ ਮਰਜਾਦਾ ਸੈਂ ਜਲ ਦੀ ਗਾਗਰ ਪਵਿਤ੍ਰ ਹਾਜਰ ਕਰੇ। (ਪੱਤਰਾ ੧)

ਅੰਤ— ਗੁਰੂ ਰਹਿਤ ਕੋ ਜਾਨ ਕੈ, ਕਾਰਜ ਤੁਰਤ ਕਰਾਇ ।
ਸੋਭਾ ਤੀਨੋਂ ਲੋਕ ਮੈ, ਸਤਿਗੁਰ ਹੋਇ ਸਹਾਇ ॥੨॥ (ਪੱਤਰਾ ੧੨)

(ਘ) ਫੁਟਕਲ ਸਿੱਖ-ਸਾਹਿੱਤ

੧੭੬. (ੳ) ਸ਼ਰਧਾ ਪੂਰਕ ਸ਼ਬਦ-ਸੰਗ੍ਰਹਿ (ਗਿਆਨ ਸਰੋਜ ਸਮੇਤ) (ਨੰ. ×, ਸ਼. ਸਿੰ. ਅ.)

ਸੰਗ੍ਰਹਿ ਕਰਤਾ—ਨਾਮਾਲੂਮ । ਆਕਾਰ—$6\frac{1}{2}'' \times 4''$, ਲਿਖਤ $4\frac{3}{4}'' \times 2\frac{3}{4}''$ ।

ਵੇਰਵਾ— ਪੱਤਰੇ ਸ਼ਰਧਾ ਪੂਰਕ ਸ਼ਬਦ-ਸੰਗ੍ਰਹਿ ੧੫੨, ਗਿਆਨ ਸਰੋਜ ਮਹਲਾ ੧, ਪੱਤਰੇ ੧੫੨-੭੯; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੋਕੋਰ ਸੁੰਦਰ ਰੰਗੀਨ ਲਕੀਰਾਂ ਵਾਲਾ; ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਿਕ ਸਜਿਲਦ, ਜੋ ਹਰ ਤਰ੍ਹਾਂ ਪੂਰਣ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਲਿਖਤ ਇਕ ਸੌ ਸਾਲ ਤੋਂ ਵੱਧ ਪੁਰਾਣੀ ਹੈ । ਲਿਖਾਰੀ-ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਰਾਗ ਸਿਰੀ ਰਾਗ ਮਹਲਾ ੧, ਘਰ ੧ ।
ਮੋਤੀ ਤ ਮੰਦਰ ਉਸਰਹਿ ਰਤਨੀ ਤ ਹੋਹਿ ਜੜਾਉ ।... (ਪੱਤਰਾ ੧)
ਮਤੁ ਦੇਖਿ ਭੂਲਾ ਵੀਸਰੇ, ਤੇਰਾ ਚਿਤਿ ਨ ਆਵੈ ਨਾਉ ॥ ੪ ॥ ੧ ॥
ਮੰਦਰਾ ਦੀ ਉਸਾਰੀ ਜੇ ਖੇਤੀ ਸੌਦਾਗਰੀ ਤੇ ਪਾਠ ਕਰਨਾ । (ਪੱਤਰਾ ੨)
ਸਿਰੀ ਰਾਗੁ ਮਾਲਾ ੧ ।
ਜਾਲਿ ਮੋਹਿ ਘਸੁ ਮਸੁ ਕਰਿ, ਮਤਿ ਕਾਗਦੁ ਕਰਿ ਸਾਰੁ ।
ਭਉ ਕਲਮ ਕਰਿ ਚਿਤੁ ਲੇਖਾਰੀ, ਗੁਰ ਪੁਛ ਲਿਖ ਬੀਚਾਰੁ ।... (ਪੱਤਰਾ ੨)
ਨਾਨਕ ਉਠੀ ਚਲਿਆ, ਸਭਿ ਕੂੜੇ ਤੁਟੇ ਨੇਹ । (੪॥)
ਲੜਕਿਆ ਪੜ੍ਹਾਵਨ ਤੇ ਸਮੇ ਪਾਠ ਕਰੇ । (ਪੱਤਰਾ ੩)

ਅੰਤ— ਰਾਮ ਦਾਸ ਸਰੋਵਰਿ ਨਾਤੇ । ਸਭਿ ਉਤਰੇ ਪਾਪ ਕਮਾਤੇ ।... (ਪੱਤਰਾ ੧੧੦)
ਨਾਨਕ ਨਾਮ ਧਿਆਇਆ । ਆਦਿ ਪੁਰਖ ਪ੍ਰਭੁ ਪਾਇਆ ॥ ੨ ॥
ਇਸਨਾਨ ਸਮੇ ਪੜ੍ਹੇ । (ਪੱਤਰਾ ੧੧੧)

ਇਸ ਤੋਂ ਅੱਗੇ ਸੋਰਠਿ ਮਾਲਾ ੫ ਦਾ ਸ਼ਬਦ "ਨਾਲਿ ਨਾਰਾਇਣ ਮੇਰੈ । ਜਮਦੂਤ ਨ ਆਵੈ ਨੇਰੈ ।" ... ਲਿਖ ਕੇ ਅਧੂਰਾ ਛਡਿਆ ਹੋਇਆ ਹੈ ਤੇ ਫਰ ਦੋ ਪੱਤਰੇ ਖ਼ਾਲੀ ਛੱਡ ਕੇ ਸੋਦਰ ਦੇ ਸ਼ਬਦ "... ਸਰਨਿ ਪਰੇ ਕੀ ਰਾਖਹੁ ਸਰਮਾ ।" ਸੋਹਿਲੇ ਦੇ ਸ਼ਬਦ ਦਸ਼ਮ ਗ੍ਰੰਥ ਵਿਚੋਂ "ਪੁੰਨ ਰਾਛਸ ਕਾ ਕਾਟਾ ਸੀਸਾ ।" ਤੋਂ "ਬਾਹ ਗਹੇ ਕੀ ਲਾਜ ਅਸ, ਗੋਬਿੰਦ ਦਾਸ ਤਿਹਾਰ ।," ਫੇਰ ਮੰਦਾਵਨੀ ਤੇ ਆਨੰਦ (ਰਾਮਕਲੀ ਮਹਲਾ ੩) ਦਾ ਪਾਠ ਪੱਤਰਾ ੧੫੨ ਤਕ ਦਰਜ ਹੈ ।

(ਅ) ਗਿਆਨ ਸਰੋਜਿ*

ਆਰੰਭ—੧ਓ ਸਤਿਗੁਰ ਪ੍ਰਸਾਦਿ । ਰਾਗੁ ਰਾਮਕਲੀ ਗਿਆਨ ਸਰੋਜਿ ਮਹਲਾ ੧ ।
ਪੁਰਸੋਤਮ ਪਰਮਾਤਮਾ ਪੂਰਨ ਬਿਸਵਾ ਬੀਸ ।... (ਪੱਤਰਾ ੧੫੨)

ਅੰਤ— ਨਾਨਕ ਆਤਮ ਤਤ ਬਿਚਾਰ ਕੈ, ਅਜਪਾ ਸੋ ਮਨ ਸਮ ਰਹੇ ।
ਇਤ ਸ੍ਰੀ ਗਿਆਨ ਸੁਰੋਦੈ ਮਾਲਾ ਮੈਤ੍ਰੈ, ਨਾਨਕ ਦਾਸ ਕ੍ਰਿਤ ਗ੍ਰੰਥ ਸੰਪੂਰਣ ਸਮਾਪਤ ।... (ਪੱਤਰੇ ੧੭੮—੭੯)

੧੭੭. ਸ਼ਰਧਾ ਪੂਰਨ (ਅਦਭੁਤ ਬਿਲਾਸ ਸਮੇਤ) (ਨੰ. ੮੭, ਪ੍ਰੋ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ—$6\frac{1}{2}'' \times 5\frac{1}{2}''$, ਲਿਖਤ $5'' \times 4\frac{3}{4}''$ ।

ਵੇਰਵਾ— ਪੱਤਰੇ ੩, ਅਦਭੁਤ ਬਿਲਾਸ ਪੱਤਰੇ ੪-੩੨ (੨੯), ਕੁੱਲ ਜੋੜ ੩੨; ਪ੍ਰਤੀ ਸਫ਼ਾ ੧੨-੧੫ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਾਫ਼ੀ ਹੱਦ ਤਕ ਅਸ਼ੁੱਧ ਵੀ ਹੈ, ਹਾਸ਼ੀਆ ਸਾਦਾ ਪੱਤਰਾ ੩ ਤਕ ਲਕੀਰਾਂ ਤੋਂ ਬਗੈਰ ਤੇ ਬਾਕੀ ਪੱਤਰਿਆਂ ਦਾ ਲਕੀਰਾਂ ਵਾਲਾ; ਸਿਆਹੀ ਫਿੱਕੀ ਕਾਲੀ ਤੇ ਪੁਸਤਕ ਬਗੈਰ ਜਿਲਦ; ਅਦਭੁਤ ਬਿਲਾਸ ਸੰਮਤ

*ਮੁੱਢ ਵਿਚ 'ਗਿਆਨ ਸਰੋਜਿ' ਪਾਠ ਹੈ ਤੇ ਅੰਤ ਵਿਚ 'ਗਿਆਨ ਸੁਰੋਦੈ ।' ਅਸਲ ਵਿਚ ਸਹੀ ਨਾਮ ਇਸ ਪੁਸਤਕ ਦਾ 'ਗਿਆਨ ਸੁਰੋਦੈ' ਹੀ ਹੈ ।

੧੯੯੫ ਬਿ. ਦੀ ਰਚਨਾ ਹੈ।

ਸਮਾਂ— ੯੦-੯੫ ਸਾਲ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ਗੋਂਡ ਮ: ੪। ਨਿਮਾਣੇ ਕੋ ਜੋ ਦੇਤਾ ਮਾਨੁ। ਮਾਨ ਵਾਸਤੇ ਪੜੇ। ...ਅਸਟਪਦੀ ੬। ਜਾ ਕੋ ਮੁਸਕਲ ਅਤਿ ਬਣੈ...। ਭੀੜ ਅਪਦਾ ਨੂ ਪਾਰ ਕਰੇ।... (ਪੱਤਰਾ ੧)

ਅੰਤ— ਫਰੀਦਾ ਗਲੀਏ ਚਿਕੜ...। ਮਿਲਾਪ ਹੋਵੈ, ਪੜ੍ਹੇ।
ਸਲੋਕ ਵਾਰਾ ਤੇ ਵਧੀਕ। ਓਤੰਗੀ ਪੈਓਹਰੀ...। ਵੈਰੀ ਦੇ ਗਰਬ ਦੂਰ ਕਰਨ ਨੂੰ ਪੜ੍ਹੇ ॥੧॥
ਸਲੋਕ ਸਹੰਸਕ੍ਰਿਤੀ ਮ: ੫... (ਪੱਤਰਾ ੩)

ਇਸ ਤੋਂ ਅੱਗੇ ਇਸੇ ਪੱਤਰੇ ਉਤੇ ਅੱਗੇ-ਪਿੱਛੇ ਕਰ ਕੇ ਕੁਝ ਵਸ਼ੀਕਰਣ ਆਦਿ ਮੰਤ੍ਰ, ਜੋ ਇਸ ਸ਼ਰਧਾ ਪੂਰਨ ਗ੍ਰੰਥ ਨਾਲ ਸੰਬੰਧ ਨਹੀਂ ਰਖਦੇ, ਦਿੱਤੇ ਹੋਏ ਹਨ।

(ਅ) **ਅਦਭੁਤ ਬਿਲਾਸ** (ਲੇਖਕ—ਕਵਿ ਤਾਹਰ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਅਦਭੁਤ ਬਿਲਾਸ ਲਿਖਤੇ ॥ ਦੋਹਰਾ ॥
ਜੈਸੇ ਜੈਸੇ ਪੁਹਪ ਸੰਗ, ਧਰਹਿ ਜੁ ਤਿਲ ਕਾ ਤੇਲ।
ਤੈਸੇ ਤੈਸੇ ਬਾਸ ਗੁਨ, ਕਹੀਅਹਿ ਨਾਮ ਫੁਲੇਲ ॥੧॥
ਚੌਪਈ ॥ ਕੋਈ ਬ੍ਰਹਮਚਰਜ ਦਿਖਲਾਵੈ। ਕੋਈ ਇੰਦ੍ਰ ਜਾਲ ਲੈ ਆਵੈ।
ਕੋਈ ਲੋਕਾਂਜਨ ਮੋਹਨ ਕਰੈ। ਕੋਈ ਫਲ ਬਿਨ ਰੁਤ ਹੀ ਫਲੈ।
ਕੋਈ ਜਲ ਪੈਠ ਹੋਇ ਜਲ ਵਾਸੀ।... ॥੨॥...
ਮੇਰਾ ਖੇਲ ਔਰ ਸਿਧ ਜਾਨੈ। ਤਾਹਰ ਏ ਸਭ ਭੇਦ ਬਖਾਨੈ ॥੪॥
ਦੋਹਰਾ ॥ ਸੰਬਤ ਸੋਰਹਿ ਸੈ ਗਨੈ, ਅਰ ਪਚਾਨਵ ਰਾਖ।
ਅੰਤ ਕਾਲ ਗਨ ਲੀਜੀਜੋ, ਬੇਦ ਭੇਦ ਸਭ ਸਾਖ ॥੫॥ (ਪੱਤਰਾ ੪)

ਅੰਤ— ਅਥ ਕਸਟੀ ਛੂਟੈ। ਅਦਿਤ ਵਾਰ ਮੂਲ ਕੇਲੇ ਕੀ ਟੋਕੇ ਬਿਨਾ ਮੰਗਾਵੈ।
ਕੰਨਾ ਪਾਸ ਕਤਾਇ ਸੂਤ ਕੋ ਤੇਰਹਿ ਤਾਰ ਤਗਾਵੈ।
ਬਾਧੈ ਕਮਰ ਕਾਮਨੀ ਅਪਨੈ, ਕੇਲਾ ਮੂਲ ਜੋ ਆਨੀ।
ਮੱਚੈ ਗਰਭ ਸੰਕਟੀ ਕਾਮਨ, ਸੁਖ ਦੇਖੈ ਦੁਖ ਪਾਨੀ ॥੧੨੨॥ (ਪੱਤਰੇ ੩੦-੩੧)

ਇਸ ਤੋਂ ਅੱਗੇ ਪੱਤਰਾ ੩੨ ਦੇ ਅਖ਼ੀਰ ਤਕ ਇਸੇ ਤਰ੍ਹਾਂ ਉਲੂ ਵਿਧਿ, ਅਜਾਪੀ ਮੰਤ੍ਰ, ਅਦ੍ਰਿਸ਼ਟ ਹੋਣ ਦੀ ਵਿਧਿ, ਭੁੱਖ ਬੰਨ੍ਹਣ ਦਾ ਮੰਤ੍ਰ, ਬੰਧਜਾ ਗਰਭ ਧਾਰੈ ਆਦਿ ਮੰਤ੍ਰ ਲਿਖੇ ਹੋਏ ਹਨ।

੧੭੮. (ੲ) ਸ੍ਰੀ ਗੁਰੂ ਨਾਨਕ ਨਾਰਾਯਣ ਧਿਆਨ (ਆਤਮ ਅਨਾਤਮ ਬਿਬੇਕ ਸਮੇਤ) (ਨੰ.×, ਡਾ. ਗੰ. ਸਿੰ.)

ਲੇਖਕ— ਭਾਈ ਉੱਜਲ ਸਿੰਘ। ਆਕਾਰ—$5\frac{3}{4}'' \times 9\frac{1}{4}''$, ਲਿਖਤ $4\frac{1}{2}'' \times 7''$।

ਵੇਰਵਾ— ਪੱਤਰੇ ੧੦; ਪ੍ਰਤੀ ਸਫ਼ਾ, ੨੩ ਸਤਰਾਂ; ਕਾਗਜ਼ ਦੇਸੀ (ਮੋਟਾ) ਬਹੀਆਂ ਵਾਲਾ; ਲਿਖਤ ਸਾਫ਼ ਤੇ ਕੁਝ ਅਸ਼ੁੱਧ, ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਮੁਕੰਮਲ ਪਰ ਸਾਧਾਰਣ ਹਾਲਤ ਵਿਚ ਹੈ।

ਸਮਾਂ— ਸੰਮਤ ੧੯੧੦ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸ੍ਵਸਤਿ ਸ੍ਰੀ ਸ੍ਵਾਤਮਨੇ ਨਮ:। ਅਥ ਸ੍ਰੀ ਗੁਰੂ ਨਾਨਕ ਨਾਰਾਯਣ ਧਯਾਨੰ। ਨਰਾਜ ਛੰਦ ॥
ਗੁਰੂ ਗੁਰੂ ਨਾਨਕੰ ਅਸੇਸ ਬੁਧ ਧਾਮ ਹੈ। ਅਕਾਲ ਬਿਸ੍ਵਪਾਲ ਦੀਨ ਦਯਾਲ ਸਤ੍ਯਨਾਮ ਹੈ। (ਪੱਤਰਾ ੧)

ਅੰਤ— ਧਯੇ ਅਹੰ ਅਯੇ ਸੁ ਤ੍ਵੰ ਅਯੰ ਮਮੰ ਅਯੰ ਨ ਮੇ।
ਨਿਵਾਰ ਚਾਰ ਭੇਦ ਜਾਹਿ ਤਾਹਿ ਨਾਨਕੰ ਨਮੇ ॥ ੧੧ ॥

ਇਤਿ ਸ੍ਰੀ ਗੁਰੂ ਨਾਨਕ ਯਤੇਂਦ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਸੂਰੇਂਦ੍ਰ ਪਾਦ ਪਦਮ ਪ੍ਰਾਗਭੁਗ ਭ੍ਰਿਗ ਭਾਈ ਉਜਲ ਸਿੰਘ ਕ੍ਰਿਤ ਸ੍ਰੀ ਗੁਰੂ ਨਾਨਕ ਨਾਰਾਯਣ ਧਯਾਨੰ ਸਮਾਪਤੰ ਸੁਭਮਸਤੁ ॥ ੧ ॥ (ਪੱਤਰਾ ੨)

(ਅ) ਆਤਮ ਅਨਾਤਮ ਬਿਬੇਕ (ਭਾਈ ਉੱਜਲ ਸਿੰਘ)

ਆਰੰਭ—ਸਰਬ ਭੂਤ ਅਨਸੂਤ ਜੋ, ਨਿਤਜ ਮੁਕਤ ਚਿਦ ਰੂਪ ।
ਪ੍ਰਤਕ ਸਾਛੀ ਸਕਲ ਕੋ, ਬੰਦੋ ਆਤਮ ਭੂਪ ॥ ੧ ॥
ਪੜ੍ਹੇ ਬਿਆਕਰਣ ਕਾਬ ਪੁਨਿ, ਕੋਸ ਨਜਾਯ ਬੇਦਾਂਤ ।
ਅਲੰਕਾਰ ਪਿੰਗਲ ਪੜ੍ਹੇ, ਸੰਸਕ੍ਰਿਤ ਏਕਾਂਤ ॥ ੨ ॥
ਬਹੁਰ ਸਰਬ ਭਾਖਾ ਪੜ੍ਹੇ, ਕਵਿਤਾ ਕਹੀਯੇ ਸੋਇ ।
ਜੈਸੇ ਦੋ ਪੰਖਨ ਬਿਨਾ ਪੰਖੀ ਉੜੈ ਨ ਕੋਇ ॥ ੩ ॥
ਪੂਛ ਸੰਸਕ੍ਰਿਤ ਅਵਰ ਤੇ, ਭਾਖਾ ਕਰੈ ਬਖਾਨ ।
ਨਹੀਂ ਜਥਾਰਥ ਅਰਥ ਹੈ, ਭਾਖਾ ਨਹੀਂ ਪ੍ਰਮਾਨ ॥ ੪ ॥
ਤਾਂ ਤੇ ਆਪ ਬਿਲੋਕ ਕੈ, ਅਰਥ ਸੰਸਕ੍ਰਿਤ ਜੋਇ ।
ਛੰਦ ਬੰਦ ਭਾਖਾ ਰਚੂੰ, ਸੰਸੈ ਰਹੈ ਨ ਕੋਇ ॥ ੫ ॥ (ਪੱਤਰਾ ੩)

ਅੰਤ— ਮੂਰਖ ਨਰ ਕੋ ਹੈ ਨਹੀਂ, ਮੇਰੇ ਸਮ ਕੋ ਗਜਾਨ ।
ਅੰਧੇ ਆਗੇ ਨ੍ਰਿਤਜ ਜਜੂੰ, ਬਧਰੇ ਆਗੇ ਗਾਨ ॥ ੧੩੦ ॥
ਹੇ ਬਿਧ ! ਯਹ ਬਰ ਦੇਹ ਮੁਹਿ, ਕਰ ਕਵਿਯਨ ਕੋ ਗੋਲ ।
ਸੁਨੈਂ ਛੰਦ ਬਹੁ ਮੋਲ ਕੇ, ਬੋਲ ਬੋਲ ਨਿਰਮੋਲ ॥ ੧੩੧ ॥
ਸੰਬਤ ਉੱਨੀ ਸੈ ਭਏ, ਦਸ ਊਪਰ ਅਧਿਕਾਯ ।
ਮਾਘ ਬਦੀ ਏਕਮ ਤਿਥੀ, ਰਵੀ ਵਾਰ ਸੁਖਦਾਯ ॥ ੧੩੨ ॥

ਇਤਿ ਸ੍ਰੀ ਅਕਾਲ ਭਗਵਤੀ ਸਹਾਇ ਸ੍ਰੀ ਗੁਰੂ ਨਾਨਕ ਯਤੇਂਦ੍ਰ ਸ੍ਰੀ ਗੁਰੂ ਗੋਬਿੰਦ ਸਿੰਘ ਸੂਰੇਂਦ੍ਰ ਪਾਦ ਪਦਮ ਪ੍ਰਾਗ ਭ੍ਰਗ ਭ੍ਰਿਗ ਭਾਈ ਉਜਲ ਸਿੰਘ ਕ੍ਰਿਤ ਆਤਮਾਨਾਤਮ ਬਿਬੇਕ ਬੇਦਾਂਤ ਪ੍ਰਕਰਣੰ ਸਮਾਪਤੇ ॥ ੨ ॥ (ਪੱਤਰਾ ੧੦)

ਇਸ ਤੋਂ ਅੱਗੇ ਇਸੇ ਪੱਤਰੇ ਪਰ "ਖੋੜਸ ਦਲ ਕਵਲ ਤ੍ਰਿਭੰਗੀ" (ਚਿਤ੍ਰ) ਤੇ ਉਸ ਦਾ ਵੇਰਵਾ ਦਰਜ ਹੈ ।

੧੭੯. (ੳ) ਸ੍ਰੀ ਨਾਨਕ ਨੁਤਿ ਨਵਕ (ਸ੍ਰੀ ਗੁਰੂ ਕੀਰਤਿ ਕਵਿਤਾਵਲੀ ਆਦਿ ਸਮੇਤ) (ਨੰ. ੪੦੦, ਪੰ. ਯੂ. ਚੰ.)

ਲੇਖਕ—ਸਾਧੂ ਰਤਨ ਹਰਿ, ਉਦਾਸੀਨ । ਆਕਾਰ—$9\frac{3}{4}'' \times 6\frac{1}{2}''$, ਲਿਖਤ $8\frac{3}{4}'' \times 5\frac{3}{4}''$ ।

ਵਰਵਾ—ਪੱਤਰੇ ਸ੍ਰੀ ਗੁਰੂ ਨਾਨਕ ਨੁਤਿ ਨਵਕ ੩, ਸ੍ਰੀ ਗੁਰੂ ਕੀਰਤਿ ਕਵਿਤਾਵਲੀ ੩-੨੪, ਜਾਨਕੀ-ਜੀਵਨ ਯਮਕ ਪਚੀਸੀ ੨੪-੨੯, ਭਵ ਪ੍ਰਭਾਵੋ ਭਾਖਯਾ (ਕਬਿੱਤ ਕੁਸੁਮਾਵਲੀ) ੨੯-੩੩, ਸ੍ਰੀ ਕ੍ਰਿਸ਼ਨ ਕਵਿਤਾਵਲੀ ੩੪-੬੩; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਵਿਲਾਇਤੀ ਚਿਕਨਾ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਨਵੀਨ ਲਿਖਤ; ਪੁਸਤਕ ਸਜਿਲਦ, ਜੋ ਹਰਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਰਚਨਾ ਕਾਲ: ਸੰਮਤ ੧੯੨੨, ਨਕਲ: ਸੰਮਤ ੧੯੫੧ ਬਿ. । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸ੍ਰੀ ਰਾਮ ਕ੍ਰਿਸਨਾਯ ਨਮ: । ੧ਓ ਸਤਿਗੁਰ ਪ੍ਰਸਾਦਿ ॥ ੧ ॥
ਅਥ ਸ੍ਰੀ ਮਨਨਾਨਕ ਨੁਤਿ ਨਵਕ ਪ੍ਰਾਰੰਭਤੇ ॥ ਕਬਿਤ ॥
ਬੇਦੀ ਬੰਸ ਬਾਰਿਧਿ ਕੇ ਬਿਧੁ ਬਿਦ ਬੰਦਨੀਯ, ਬਿੰਦਕ ਗੁਬਿੰਦ ਗੁਨ ਬ੍ਰਿੰਦਨ ਕੇ ਬਹੁ ਬਿਧਿ ।... (ਪੱਤਰਾ ੧)

ਅੰਤ— ...ਕਲਿ ਕਲੁਖਨ ਕੇ ਕਲਖ ਕਾਟੇ ਕੋਟਿ ਕੋਟਿ, ਕਰੇ 'ਹਰਿ ਰਤਨ' ਰਨਿਕ ਰਹਿ ਨਿਤ ਪ੍ਰਤਿ ॥ ੯ ॥ ਸਮਾਪਤੰ ।
ਇਤਿ ਸ੍ਰੀ ਮਨਨਾਨਕ ਨੁਤਿ ਨਵਕ ਸਮਾਪਤਿਮਗਮਤ । (ਪੱਤਰਾ ੩)

(ਅ) ਸ੍ਰੀ ਗੁਰੂ ਕੀਰਤਿ ਕਵਿਤਾਵਲੀ (ਰਤਨ ਹਰਿ)

ਆਰੰਭ- ੧ਓ ਸਤਿਗੁਰ ਪ੍ਰਸਾਦਿ । ਸ੍ਰੀ ਗੁਰੂ ਚਰਨ ਕਮਲੇ ਭਯੋ ਨਮ: । ਅਥ ਸ੍ਰੀ ਗੁਰੂ ਕੀਰਤਿ ਕਬਿਤਾਵਲੀ ਲਿਖਯਤੇ ॥ ਦੋਹਾ ॥
ਸ੍ਰੀ ਗੁਰ ਬਰ ਕਬਿਤਾਵਲੀ, ਗੁਰ ਬਰ ਕਰੁਨਾ ਪਾਇ ।
ਗੁਰ ਬਰ ਕਰੁਨਾ ਪਾਤ੍ਰ ਪ੍ਰਿਯ, ਜਨ ਗਨ ਹਿਤ ਚਿਤ ਲਾਇ ॥... (ਪੱਤਰਾ ੩)

ਅੰਤ- ...ਗੁਰ ਅਵਤਾਰ ਦਸ, ਹਰਿ ਅਵਤਾਰ ਦਸ, ਮੇਰੇ ਅਵਤਾਰ ਤਿਨੈ ਬੰਦੌਂ ਸਿਰ ਧਰ ਧਰਿ ॥ ੧੧੦ ॥

ਦੋਹਾ॥ ਗੁਰ ਕੀਰਤਿ ਕਬਿਤਾਵਲੀ, ਗੁਰ ਗੁਨ ਮੁਕਤਾ ਮਾਲ ।
ਦ੍ਰਿਗ ਦ੍ਰਿਗ ਨੌ ਸਸਿ ਸਰਿਤ ਸਰ, ਗੁਰ ਪਹਿਰੀ ਰਘੁ ਲਾਲ ॥
ਇਤਿ ਸ੍ਰੀ ਗੁਰੂ ਕੀਰਤਿ ਕਬਿਤਾਵਲੀ ਰਤਨ ਹਰਿ ਬਿਧਿ ਕਰ ਬਧਨ ਦ੍ਵਾਰਾ ਸ੍ਰੀ ਗੁਰ ਕ੍ਰਿਤਾ ਸਾਵਣ ਕ੍ਰਿਸਨਾ ਪਖਜੇ ਪਰਿ ਪੂਰਤਿ ਸੁਭੰਮ। ਸ੍ਰੀ ਰਾਮਾਯ ਨਮ: । ਸ੍ਰੀ ਰਾਮ ਚੰਦ੍ਰਾਯ ਨਮ: । (ਪੱਤਰਾ ੨੪)

(ੲ) **ਜਾਨਕੀ-ਜੀਵਨ ਯਮਕ ਪਚੀਸੀ** (ਰਤਨ ਹਰਿ)

ਆਰੰਭ— ਅਥ ਜਾਨਕੀ-ਜੀਵਨ ਜਮਕ ਪਚੀਸੀ ਪ੍ਰਾਰੰਭਜਤੇ ।

ੴ ਸਤਿਗੁਰ ਪ੍ਰਸਾਦਿ । ਸ੍ਰੀ ਰਾਮਾਯ ਨਮ: ॥ ਕਬਿਤ ॥ ਭੂ ਕੋ ਭੂਰਿ ਭਾਰ ਹਰਬੇ ਕੋ ਹਰਿ ਆਦਿ ਸੁਰ...। (ਪੱਤਰਾ ੨੪)

ਅੰਤ— ...ਰਾਜ ਦੈ ਬਿਭੀਖਨ ਕੋ ਰਾਮ ਅਰਿ ਭੀਖਨ, ਸ ਸਿਯ ਆਏ ਅਬਧ ਅਬਧ ਹਰਖਾਇ ਕੈ ॥ ੨੫ ॥
ਇਤਿ ਸ੍ਰੀ ਜਾਨਕੀ ਜੀਵਨ ਯਮਕ ਪਚੀਸੀ ਸ੍ਰੀ ਸਮਾਪਤੰਮ ਸੁਭੰਮ । (ਪੱਤਰਾ ੨੯)

(ਸ) **ਭਵ ਪ੍ਰਭਾਵੋ ਭਾਖਜਾ** (ਰਤਨ ਹਰਿ) ਸੰਮਤ ੧੯੨੦ ਬਿ. ।

ਆਰੰਭ—੧ ਸ੍ਰਿਯੈ ਨਮ: । ਸੈਲ ਜਾਯੈ ਨਮ: । ੴ ਸਤਿਗੁਰੂ ਪ੍ਰਸਾਦਿ ।
ਸ੍ਰੀ ਰਾਮਾਯ ਨਮ: । ਅਥ ਭਵ ਪ੍ਰਭਾਵੋ ਭਾਖਜਾ ਭਨਜਤੇ ॥ ਦੋਹਾ ॥
ਬੰਦਿ ਬਿਧੁ ਬਹਨ ਬਿਬੁਧ ਬਰ, ਰਘੁਬਰ ਪ੍ਰੇਮ ਪ੍ਰਧਾਨ ।
ਤਾ ਕੀ ਕਲ ਕੀਰਤਿ ਕਹੌਂ, ਕਰਨੀ ਕੁਲ ਕਲਜਾਨ ॥ ੧ ॥ (ਪੱਤਰਾ ੨੯)

ਅੰਤ— ਸੰਬਤਸਰ ਬਿੰਸਤਿ ਬਹੁਰ, ਨਵ ਸਸਿ ਸੁਕਲ ਸੁ ਪਛ ।
ਪੌਖ ਪ੍ਰਥਮ ਪੂਰਤਿ ਪਗਜੌਂ, ਪੁਰ ਪਰਸਤ ਬਸੁ ਪਛ ॥ ੨੩ ॥
ਇਤਿ ਸ੍ਰੀ ਸੰਕਰ ਸਿਰਸਿ ਰਤਨ ਹਰਿ ਦੱਤਾ ਕਬਿਤ ਕੁਸਮਾਵਲੀ ਸਮਾਪਤੰ। ਸਮਾਗਮਤਾ ਸੁਭੰਮ । (ਪੱਤਰਾ ੩੩)

(ਹ) **ਸ੍ਰੀ ਕ੍ਰਿਸ਼ਨ ਕਵਿਤਾਵਲੀ** (ਰਤਨ ਹਰਿ)

ਆਰੰਭ—ੴ ਸ੍ਰੀ ਗਣੇਸਾਯ ਨਮ: । ਸ੍ਰੀ ਗੁਰ ਭਯੋ ਨਮ: । ੴ ਸਤਿਗੁਰ ਪ੍ਰਸਾਦਿ । ਅਥ ਸ੍ਰੀ ਕ੍ਰਿਸਨ ਕਵਿਤਾਵਲੀ ਲਿਖ਼ਜਤੇ ॥ ਕਬਿਤ ॥
ਭੂ ਕੋ ਭਾਰ ਭਾਰੀ ਭਯੋ ਭੂਪ ਬਜਾਜ ਅਸੁਰ ਅਨੀਕਨ ਅਨੇਕਨ ਕੋ ਤਾ ਕੋ ਸਿਤ ਸੋਕ ਸਨਿ।... (ਪੱਤਰਾ ੩੩)

ਅੰਤ— ...ਜਾਹੀ ਹਿਤ ਛਿਤਿ ਪਤਿ ਛਿਤਿ ਤਜਿ ਤਪ ਤਪੈਂ, ਤਾਹੀ ਪਦ ਤੇਈ ਬਿਨ ਤਪਨ ਪਧਾਰੇ ਹੈ ॥ ੧੦੧॥
ਦੋਹਾ ॥ ਯਾ ਬਿਧਿ ਸ੍ਰੀ ਬ੍ਰਜ ਰਤਨ ਹਰਿ, ਦਾਸ 'ਰਤਨ ਹਰਿ' ਦ੍ਵਾਰ ।
ਸੁਕ ਸੁ ਚਰਿਤ ਸੰਛੇਪ ਛਬਿ, ਕੀਨੋ ਚਾਰ ਉਚਾਰ ॥ ੧ ॥
ਨੈਨ ਨੈਨ ਤ੍ਰੈ ਨੈਨ ਤ੍ਰੈ, ਨੈਨ ਨੈਨ ਨਿਸ ਕ੍ਵਾਰ ।
ਏਕ ਨੈਨ ਦਿਨ ਨੈਨ ਸਿਵ, ਸਿਤ ਤਿਥਿ ਸੰਬਤ ਸਾਰ ॥ ੨ ॥

ਇਤਿ ਸ੍ਰੀ ਕ੍ਰਿਸਨ ਕਵਿਤਾਵਲੀ ਉਤਰਾਰਧ ਸਮਾਸ ਸਮਾਪਤਿਸਮਾਸੀਤ ਸੁਭੰਮ । ਹਾੜ੍ਹ ਸੁਦੀ ੧੧, ਵਾਰ ਸੁਕਰ ਸੰਮਤ ੧੯੫੧ । (ਪੱਤਰਾ ੬੩)

ਸ੍ਰੀ ਕ੍ਰਿਸ਼ਨ ਕਵਿਤਾਵਲੀ ਦੋ ਭਾਗਾਂ ਵਿਚ ਹੈ । ਪਹਿਲਾ ਭਾਗ (ਪੂਰਬਾਰਧ-ਪਹਿਲਾ ਅੱਧ) ਪੱਤਰਾ ੪੫ ਪਰ ਸਮਾਪਤ ਹੋਇਆ ਹੈ ਤੇ ਦੂਜਾ ਭਾਗ (ਉੱਤਰਾਰਧ) ਪੱਤਰਾ ੬੩ ਪਰ । ਸ੍ਰੀ ਰਤਨ ਹਰਿ ਜੀ ਦੀਆਂ ਹੋਰ ਪੁਸਤਕਾਂ ਦਾ ਵਿਵਰਣ ਇਸ ਪੁਸਤਕ ਵਿਚ ਵੱਖੋ ਵੱਖ ਥਾਵੀਂ ਵਿਸ਼ੇ-ਕ੍ਰਮ ਦੇ ਅਨੁਸਾਰ ਦਿਤਾ ਗਿਆ ਹੈ, ਉਥੋਂ ਦੇਖ ਲੈਣਾ ।

੧੯੦. (ੳ) **ਮੁਨਾਜਾਤ ਸਤਿਗੁਰੂ ਜੀ ਕੀ** (ਜ਼ਫ਼ਰਨਾਮੇ ਸਮੇਤ ਫ਼ਾਰਸੀ ਅੱਖਰਾਂ ਵਿਚ) (ਨੰ. ੯੨੪, ਪੰ. ਆ.)

ਲੇਖਕ—ਸ੍ਰੀ ਗੁਰੂ ਨਾਨਕ ਦੇਵ ਜੀ । ਆਕਾਰ– $7\frac{1}{4}'' \times 11\frac{1}{2}''$, ਲਿਖਤ $4\frac{3}{4}'' \times 8\frac{1}{4}''$ ।

ਵੇਰਵਾ– ਪੱਤਰੇ ੫੯; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਵਧੀਆ ਮੋਟਾ ਵਿਲਾਇਤੀ ਕਈ ਰੰਗਾਂ ਦਾ; ਲਿਖਤ ਨਿਹਾਇਤ ਸਾਫ਼ ਤੇ ਸ਼ੁੱਧ (ਮੋਤੀਆਂ ਵਰਗੀ); ਹਰੇਕ ਸ਼ਿਅਰ ਜੁਦੇ ਜੁਦੇ ਖ਼ਾਨੇ ਲਕੀਰ ਕੇ ਖ਼ੁਸ਼ਖ਼ਤ ਲਿਖਿਆ ਹੋਇਆ; ਹਾਸ਼ੀਆ ਅਤੀ

ਸੁੰਦਰ ਤੀਹਰਾ-ਚੌਹਰਾ ਚੌਕੋਰ ਰੰਗ ਬਰੰਗੀਆਂ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਬੜੀ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੨੯ ਬਿ. (ਮੁਤਾਬਿਕ ਸੰਨ ੧੮੭੨ ਈ.)। ਲਿਖਾਰੀ-ਪੰਡਿਤ ਰਾਜਾ ਰਾਮ ਕੌਲ, ਉਰਫ਼ 'ਤੋਤਾ' ਕਸ਼ਮੀਰੀ ।

ਆਰੰਭ— ਓਅੰ ਸਤਿਗੁਰ ਪ੍ਰਸਾਦਿ । ਮੁਨਾਜਾਤ ਸਤਿਗੁਰੂ ਜੀ । ਸਤਿਨਾਮ ਕਰਤਾ ਪੁਰਖ ਨਿਰਭੌ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਸ੍ਰੀ ਗੁਰ ਪ੍ਰਸਾਦਿ । ਆਦਿ ਸਚੁ ਜੁਗਾਦਿ ਸਚੁ । ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।
ਮੁਨਾਜਾਤ ਬਾਬਾ ਨਾਨਕ ਦੀ ਮਹਲਾ ਪਹਿਲਾ ਰਾਗ ਤਿਲੰਗ ਮੱਕੇ ਵਿਚ ਹੋਈ ।
ਲਾਇਕ ਆਂ ਅਸਤ । ਸਜ਼ਾਵਾਰ ਹਮਾਂ ਅਸਤ ।... (ਪੱਤਰਾ ੧)

ਅੰਤ— ...ਯੇ ਜੀਉ ਜਾਨ ਤਾਈਂ । ਨਾਨਕ ਗ਼ਰੀਬ ਸਾਈਂ ।
ਤੂੰ ਬਖਸ਼ ਖ਼ਤਾ ਰਾ । ਤੱਮਤ ਤਮਾਮ ਸ਼ੁਦ ।
ਮੁਨਾਜਾਤ ਬਾਬਾ ਨਾਨਕ ਸਾਹਿਬ ਦਰ ਸੰਮਤ ੧੯੨੮ ਬਿਕ੍ਰਮੀ ਸੰਨ ੧੮੭੨ ਈ. ਬਕ਼ਲਮ ਅਹਕ਼ਰ-ਉਲ-ਅਨਾਮ ਰਾਜਾ ਰਾਮ ਕੌਲ ਮਾਰੂਫ਼ ਤੋਤਾ, ਵਲਦ ਪੰਡਿਤ ਹਰ ਦਾਸ ਤੋਤਾ । (ਪੱਤਰਾ ੧੨)

(ਅ) **ਜ਼ਫ਼ਰ ਨਾਮਾ** (ਪਾਤਸ਼ਾਹੀ ੧੦)

ਆਰੰਭ-ਓਅੰ ਜ਼ਫ਼ਰ ਨਾਮਾ ਸ੍ਰੀ ਮੁਖ ਪਾਤਸ਼ਾਹੀ ਦਸ । ਓਅੰ ਸ੍ਰੀ ਵਾਹਗੁਰੂ ਜੀ ਕੀ ਫ਼ਤਿਹ । ਜਾਪ ਸ੍ਰੀ ਮੁਖ ਪਾਤਸ਼ਾਹੀ ਦਸ । ਛਪੈ ਛੰਦ ॥ ਤੇਰੇ ਪ੍ਰਸਾਦਿ । ਚਕ੍ਰ ਚਿਹਨ ਅਰ ਬਰਨ... ਕਮਾਲੇ ਕਰਾਮਾਤ ਕ਼ਾਇਮ ਕਰੀਮ । ਰਜ਼ਾ ਬਖ਼ਸ਼ ਰਾਜ਼ਕ਼ ਰਹਾ ਕੋ ਕਰੀਮ...। (ਪੱਤਰਾ ੧੩)

ਅੰਤ— ...ਬਦਿਹ ਸਾਕੀਆ ਸਾਗਰੇ ਸਬਜ਼ ਗੂੰ ।
ਕਿ ਮਾਰਾ ਬਕਾਰਸਤ ਬਜੰਗ ਅੰਦਰੂੰ ।
ਲਬਾ ਲਬ ਕੁਨ ਵ ਦਮਬਦਮ ਨੋਸ਼ ਕੁਨ ।
ਗ਼ਮੇ ਹਰ ਦੋ ਆਲਿਮ ਫ਼ਰਾਮੋਸ਼ ਕੁਨ ॥
ਤੱਮਤ ਬਿਲ ਖ਼ੈਰ... (ਪੱਤਰਾ ੫੮)

ਇਸ ਤੋਂ ਅੱਗੇ ਲਿਖਾਰੀ ਪੰਡਿਤ ਰਾਜਾ ਰਾਮ ਕੌਲ ਉਰਫ਼ ਤੋਤਾ ਕਸ਼ਮੀਰੀ ਵਲੋਂ ਇਸ ਪੁਸਤਕ ਦੇ ਉਤਾਰਾ ਕੀਤੇ ਜਾਣ ਦਾ ਸੰਮਤ ੧੯੨੮ (ਸੰਨ ੧੮੭੨) ਤੇ ਹੋਰ ਵੇਰਵਾ ਦਿੱਤਾ ਹੈ । ਇਸ ਪੁਸਤਕ ਵਿਚ ਦੋ ਕ਼ਲਮੀ ਤਸਵੀਰਾਂ ਵੀ ਹਨ—(੧) ਸ੍ਰੀ ਗੁਰੂ ਨਾਨਕ ਦੇਵ ਜੀ ਦੀ, ਜਿਸ ਵਿਚ ਉਨ੍ਹਾਂ ਦੀ ਹਜ਼ੂਰੀ ਵਿਚ ਭਾਈ ਬਾਲਾ ਤੇ ਮਰਦਾਨਾ ਹਾਜ਼ਰ ਹਨ ਤੇ (੨) ਘੋੜ-ਸਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ, ਜਿਸ ਵਿਚ ਗੁਰੂ ਜੀ ਦੇ ਸੱਜੇ ਹੱਥ ਉਤੇ ਬਾਜ਼ ਹੈ ਤੇ ਨਾਲ ਇਕ ਸ਼ਿਕਾਰੀ ਕੁੱਤਾ ਹੈ ਅਤੇ ਪਿਛੇ ਇਕ ਸ਼ਸਤ੍ਰਧਾਰੀ ਸਿੰਘ ਛਤ੍ਰੀ ਤਾਣ ਕੇ ਜਾ ਰਹਿਆ ਹੈ ।

(ਨੰ.੭੪, ਪ੍ਰੋ.ਪ੍ਰੀ. ਸਿੰ.)

੧੮੧. ਪਰੀਛਾ ਗੁਰੂ ਨਾਨਕ ਜੀ ਕੀ

ਲੇਖਕ—ਨਾਮਾਲੂਮ । ਆਕਾਰ—6¾″ × 4½″, ਲਿਖਤ 4¾″ × 3″ ।

ਵੇਰਵਾ— ਪੱਤਰੇ ੯; ਪ੍ਰਤੀ ਸਫ਼ਾ ੮-੯ ਸਤਰਾਂ; ਕਾਗ਼ਜ਼ ਦੇਸੀ ਪਤਲਾ, ਜੋ ਕੁਝ ਕਿਰਮ ਖ਼ੁਰਦਾ ਵੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਬਗ਼ੈਰ ਜਿਲਦ ਤੇ ਅੰਤਲੇ ਪੱਤਰੇ ਗੁਮ, ਜਿਸ ਕਰ ਕੇ ਇਹ ਪ੍ਰਤੀ ਅਧੂਰੀ ਹੈ ।

ਸਮਾਂ— ੭੦-੭੫ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ- ੧ਓ ਸਤਿਗੁਰ ਪ੍ਰਸਾਦਿ । ਪਰੀਛਾ ਗੁਰੂ ਨਾਨਕ ਜੀ ਕੀ, ਆਗਿਆ ਸਤ ਬਚਨ ਆਵੇ । ਸੰਸਾ ਭਉ ਮਿਟ । ਜਸ ਕਿਸੇ ਬਾਤ ਗੁਰੂ ਵਰਤਾਈ ਹੋਵੈ ਉਹੁ ਪ੍ਰੀਛਾ ਨਾਮ ਕੀ ਕਹਿ ਬਤਲਾਵੈ । ਸਤਿਗੁਰੂ ਇਵੇ ਭਾਵੈ । (ਪੱਤਰਾ ੧)

ਅੰਤ— ਮਸਮ । ਸੋ ਤੈ ਜੋ ਕਾਰਜ ਚਿਤਵਿਆ ਹੈ । ਤੇਰਾ ਕਾਮੁ ਅਛਾ ਹੋਵੈਗਾ । ਜਲਦੀ ਹੋਵੈਗਾ । ਦੌਲਤ ਪਾਵੈਗਾ ।
ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰਕੇ ਬਾਕ਼ੀ ਪਾਠ ਨਹੀਂ ਮਿਲਦਾ । (ਪੱਤਰਾ ੯)

(ਨੰ. ×, ਸੈਂ. ਸਿੰ. ਮਯੂ.)

੧੮੨. (ੳ) ਪਰੀਛਾ ਗੁਰੂ ਅਰਜਨ ਜੀ ਕੀ (ਭਗਤ ਮਾਲਾ ਆਦਿ ਸਮੇਤ)

ਲੇਖਕ— ਨਾਮਾਲੂਮ । ਆਕਾਰ— 3″ × 2½″, ਲਿਖਤ 2¼″ × 1½″ ।

ਵੇਰਵਾ- ਪੱਤਰੇ ਪਰੀਛਾ ਗੁਰੂ ਅਰਜਨ ਜੀ ਕੀ ੩੮, ਭਗਤ ਮਾਲਾ (ਮਲੂਕ ਦਾਸ) ੩੮-੫੦, ਜਾਪੁ ਪਾਤਸ਼ਾਹੀ ੧੦, ਪੱਤਰੇ ੫੧-੧੦੯, ਨਸੀਹਤ ਨਾਮਾ ਮਹਲਾ ੧, ਪੱਤਰੇ ੧੦੯-੧੮, ਸੀਹਰਫ਼ੀ ਮੀਰਨ ਕੀ ੧੧੮-੪੮; ਪ੍ਰਤੀ ਸਫ਼ਾ ੫ ਸਤਰਾਂ;

ਕਾਗਜ਼ ਕਸ਼ਮੀਰੀ; ਪੱਤਰੇ ਸਿਲ੍ਹ ਚੜ੍ਹਨ ਕਰ ਕੇ ਦਾਗ਼ਦਾਰ ਅਤੇ ਫਟਣ ਕਰ ਕੇ ਨਵੇਂ ਸਿਰਿਓਂ ਚੇਪੀਆਂ ਲਾ ਕੇ ਮੁਰੰਮਤ ਕੀਤੇ ਹੋਏ; ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ; ਪੱਤਰਾ ੧੧੮-੧੯ ਪਰ ਸ੍ਰੀ ਕ੍ਰਿਸ਼ਨ ਰਾਧਿਕਾਂ ਦਾ ਇਕ ਕਲਮੀ ਤਿਰੰਗਾ ਚਿਤ੍ਰ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ— ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਪਰੀਛਾ ਗੁਰੂ ਅਰਜਨ ਜੀ ਕੀ ਮਹਲਾ ੫।
ਜੋ ਜਨ ਮਨ ਮੈ ਚਿਤਵਨੀ ਰਖਾਵੈ। ਸੋ ਮਨ ਕਾ ਸਹਿਸਾ ਕਹਿ ਪ੍ਰਗਟਾਵੈ।
ਗੁਰ ਪ੍ਰਸਾਦਿ ਸਹਸਾ ਭਉ ਮਿਟੈ। ਹੋਇ ਅਚਿੰਤ ਚਿੰਤਾ ਸਭ ਛੁਟੈ।
ਮਨ ਕੀ ਦੁਬਿਧਾ ਕਹਿ ਸਮਝਾਵੈ। ਪ੍ਰਭੂ ਭਾਵੈ ਤਾਂ ਸਭ ਸੁਖ ਪਾਵੈ। (ਪੱਤਰਾ ੧)

ਅੰਤ— ਚਿੰਤਾ ਆਪਣੇ ਮਨ ਮਹਿ ਕਾਈ ਨ ਕਰਿ। ਜਪ ਸ੍ਰੀ ਭਗਵਾਨ ਕਾਰਜ ਸਫਲ ਫਲੈਗੇ। ਰਾਂਮ ਰਾਂਮ (੨੨ ਵੇਰ) ਪਰੀਛਾ ਗੁਰੂ ਅਰਜਨ ਜੀ ਕੀ ਸਪੂਰਨ ਹੋਈ। ਵਾਹਗੁਰੂ, ਧੰਨ ਗੁਰੂ, ਸਤਿਗੁਰੂ ਜੀ ॥੧॥ (ਪੱਤਰੇ ੩੭-੩੮)

(ਅ) **ਭਗਤ ਮਾਲਾ** (ਮਲੂਕ ਦਾਸ)

ਆਰੰਭ—੧ਓ ਸਤਿਗੁਰ ਪ੍ਰਸਾਦਿ। ਅਬ ਭਗਤ ਮਾਲਾ ਲਿਖ੍ਯਤੇ।
ਭਗਤ ਵਛਲ ਸੰਤਨ ਸੁਖਦਾਈ। ਜਾ ਕੇ ਦੂਖ ਨਿਵਾਰੋ ਭਾਰੀ।
ਜਾ ਕੇ ਦੂਖ ਆਪ ਦੁਖ ਪਾਵੇ। ਬੰਦੀ ਹੋਇ ਤ ਜਾਇ ਛੁਡਾਵੇਂ। (ਪੱਤਰਾ ੩੮)

ਅੰਤ— ਜਬ ਕੀ ਸਰਨ ਰਾਮ ਕ੍ਰਿਸਨ ਕੀ ਆਯਾ। ਦਾਸ ਮਲੂਕ ਬਹੁਤਾ ਸੁਖ ਪਾਇਆ।
ਭਗਤਨ ਕੀ ਇੰਦ੍ਰਾਵਲੀ ਕਥੀ ਮਲੂਕੇ ਦਾਸ। ਸੁਖ ਸੰਪਤਿ ਆਨੰਦ ਘਣੋ, ਬਡੇ ਲੀਲ ਬਿਲਾਸ।੧॥
ਇਤਿ ਸ੍ਰੀ ਭਗਤ ਮਾਲਾ ਸੰਪੂਰਨੰ ॥੧॥ ਮਸਤ ਸੁਭਮਸਤ ॥ (ਪੱਤਰਾ ੫੦)

ਇਸ ਤੋਂ ਅੱਗੇ ਪੱਤਰਾ ੧੦੯ ਤਕ ਜਾਪੁ ਪਾਤਸ਼ਾਹੀ ੧੦ ਤੇ ਪੱਤਰਾ ੧੧੮ ਤਕ ਨਸੀਹਤ ਨਾਮਾ ਮਹਲਾ ੧ ਦਰਜ ਹਨ।

(ੲ) **ਸੀਹਰਫ਼ੀ ਮੀਰਨ ਕੀ**

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸਿਹਰਫੀ ਮੀਰਨ ਜੀ ਕੀ।
ਅਲਫ ਆਇ ਕੈ ਇਸਕ ਲਿਖਾਇ ਲੀਤਾ, ਮੈ ਤਾਂ ਮੰਜੜੇ ਚਾਇ ਬੀਮਾਰ ਸੁਟੀ।... (ਪੱਤਰੇ ੧੧੮-੧੯)

ਅੰਤ— ...ਮੀਰਨ ਚਲਿ ਘਰਾ ਨੂ ਕੀ ਮੰਗਨਾ ਹੈ, ਕੌਦੀ ਇਸਕ ਪਨੀਰ ਤੇ ਨਾਨ ਨਾਹੀ ॥੩੧॥
ਦੋਹਰਾ ॥ ਜਿਨਿ ਕਰਿ ਅਛਰ ਪਠੇ ਹੈ, ਦਸ ਇਕ ਮਾਨੋ ਬੀਸ।
ਅਧਿਕ ਪ੍ਰੇਮ ਯਾ ਮੈ ਬਸੈ, ਜਾਨਤ ਹੈ ਜਗਦੀਸ ॥੧॥
ਇਤਿ ਸ੍ਰੀ ਸਿਹਰਫੀ ਮੀਰਨ ਜੀ ਕੀ ਸਮਾਪਤੰ। (ਪੱਤਰਾ ੧੪੭)

ਇਸ ਤੋਂ ਅੱਗੇ ਲਿਖਾਰੀ ਵਲੋਂ, ਜਿਸ ਦਾ ਨਾਮ ਮਾਲੂਮ ਨਹੀਂ ਹੋ ਸਕਿਆ, ਪੱਤਰਾ ੧੪੮ ਪਰ ਆਪਣੇ ਕਿਸੇ ਮਿਤ੍ਰ ਹਰਿਦਿੱਤ ਸਿੰਘ ਬਾਰੇ ਮਿਤ੍ਰ-ਭਾਵ ਦੀਆਂ ਇਹ ਤੁਕਾਂ ਦਰਜ ਹਨ:—
ਦੋਹਰਾ ॥ ਸ੍ਰੀ ਹਰਦਿੱਤ ਮ੍ਰਿਗਿੰਦ ਹੈ, ਪਰਮ ਹਮਾਰੋ ਮਿੱਤ।
ਸੂਰਤ ਤਾ ਕੀ ਬਸਿ ਰਹੀ, ਸਦਾ ਹਮਾਰੇ ਚਿੱਤ ॥੧॥
ਪਰਮ ਰਸੀਲੋ ਹਸਿ ਮੁਖੀ, ਮਿਤ੍ਰਨ ਕੋ ਦੈ ਮਾਨ।
ਜੁਗ ਜੁਗ ਜੀਵੋ ਮੀਤ ਮਮ, ਸਦਾ ਹੋਇ ਕਲਯਾਨ ॥੨॥
ਜਯੋਂ ਰਵਿ ਕੋ ਚਕਵੀ ਕਮਲ, ਪੇਖਤ ਹੋਤ ਅਨੰਦ।
ਨੈਨੀ ਮਿਤ ਕੋ ਤਯੋਂ ਪਿਖੋਂ, ਜਯੋਂ ਚਕੋਰ ਚਿਤ ਚੰਦ ॥੩॥
ਘਟਾ ਛਟਾ ਜਯੋਂ ਘਨਨ...
ਇਸ ਤੋਂ ਅੱਗੇ ਅੰਤਲਾ ਪੱਤਰਾ ਗੁੰਮ ਹੋਣ ਕਰ ਕੇ ਬਾਕੀ ਪਾਠ ਇਨ੍ਹਾਂ ਦੋਹਰਿਆਂ ਦਾ ਨਹੀਂ ਮਿਲਦਾ।

ਇਤਿਹਾਸ

੧. (ੳ) ਇਤਿਹਾਸਿਕ ਘਟਨਾਵਲੀ ਪਤ੍ਰ (ਦੋ ਜਿਲਦਾਂ) (ਨੰ. ×, ਡਾ. ਗੰ. ਸਿੰ.)

ਲੇਖਕ— ਭਾਈ ਕਾਨ੍ਹ ਸਿੰਘ । **ਆਕਾਰ**— ਪਹਿਲੀ ਜਿਲਦ: ਪਹਿਲਾ ਪੱਤਰਾ 5" × 8", ਦੂਜੀ ਜਿਲਦ 4½" × 6½" ਲਿਖਤ 3½" × 6½" ।

ਵੇਰਵਾ— ਪਹਿਲੀ ਜਿਲਦ ਪੱਤਰਾ ੧, ਦੂਜੀ ਜਿਲਦ ਪੱਤਰੇ ੭; ਪ੍ਰਤੀ ਸਫ਼ਾ ਪਹਿਲੀ ਜਿਲਦ ੨੨-੨੫ ਸਤਰਾਂ, ਦੂਜੀ ਜਿਲਦ ਪ੍ਰਤੀ ਸਫ਼ਾ ੨੧-੨੭ ਸਤਰਾਂ; ਕਾਗਜ਼ ਦੇਸੀ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਵਿਚ ਥਾਂ ਪਰ ਥਾਂ ਛੇਕ ਪਏ ਹੋਏ: ਪੱਤਰੇ ਸਾਰੇ ਫਟਣ ਕਰ ਕੇ ਨਵੇਂ ਸਿਰੇ ਚੇਪੀਆਂ ਲਾ ਕੇ ਜੋੜੇ ਹੋਏ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਅੰਤਲੇ ਪੱਤਰੇ ਗ਼ੁਮ, ਜਿਸ ਕਰ ਕੇ ਪੁਸਤਕ ਨਾ-ਮੁਕੰਮਲ ਹੈ । ਇਹ ਪੁਸਤਕ ਪੰਜਾਬ ਦੇ ਇਤਿਹਾਸ ਨਾਲ ਗਹਿਰਾ ਸੰਬੰਧ ਰਖਦੀ ਹੈ ।

ਸਮਾਂ— ੧੯੦੦ ਈ. ਦੇ ਨੇੜੇ ਤੇੜੇ ਦੀ ਲਿਖਤ ਹੈ । ਲਿਖਾਰੀ—ਨਾਮਾਲੂਮ ।

ਆਰੰਭ— (ਪਹਿਲੀ ਜਿਲਦ)

ਸੰਮਤ ੧੮੧੪ ਕਰਤਾਰ ਪੁਰਾ ਸੋਢੀਆ ਦਾ ਕਤਲ ਅਹਮਦ ਸਾਹ ਨੇ
ਸੰਮਤ ੧੮੧੫ ਸ੍ਰੀ ਦਰਬਾਰ ਸਾਹਬ ਜੀ ਦੀ ਬਿਅਦਬੀ
੧੮੧੬ ਜੰਡਯਾਲਾ ਕਤਲ ਕੀਤਾ
੧੮੨੩ ਕਿਲਾ ਝੰਡਾ ਸਿੰਘ ਭੰਗੀ ਬਣਾਯਾ
੧੮੧੮ ਸ੍ਰੀ ਦਰਬਾਰ ਜੀ ਕੀ ਤਯਾਰੀ
੧੮੨੯ ਝੰਡਾ ਸਿੰਘ ਭੰਗੀ ਸੁਰਗ ਬਾਸੀ ਹੂਆ
੧੮੩੭ ਰਾਮ ਗੜ੍ਹੀਏ ਸਿਰਦਾਰ ਦੇਸ ਥੀ ਨਿਕਾਲੇ... (ਸਫ਼ਾ ਪਹਿਲਾ)
੧੮੨੨ ਖਾਲਸੇ ਜੀ ਨੇ ਲਾਹੌਰ ਲਯਾ (ਸਫ਼ਾ ਦੂਜਾ)

ਅੰਤ— ...੧੮੫੮ ਭਾਗ ਸਿੰਘ ਬੱਘਾ ਮੂਆ ਸੁਜਾਨ ਪੁਰ ਮੈ, ੧੮੬੫ ਕਸੂਰ ਰਣਜੀਤ ਸਿੰਘ ਜੀਤੀ ।...

(ਅ) ਇਤਿਹਾਸਿਕ ਘਟਨਾਵਲੀ ਪਤ੍ਰ (ਜਿਲਦ ਦੂਜੀ)

ਆਰੰਭ— ਸਤ ਕਰੀ ਪ੍ਰਹਿਲਾਦਿ ਗਿਰਾ, ਪ੍ਰਗਟੇ ਨਰ ਕੇਹਰ ਖੰਭ ਮਹਾਂ ।
ਝਖ ਰਾਜ ਗਹੇ ਗਜਰਾਜ ਜਹਾਂ, ਤਹਾਂ ਕਾਜ ਬਿਲੰਬ ਨ ਕੀਨੋ ਤਹਾਂ ।
ਸੁਰ ਸਾਖਦ ਰਾਖਦ ਪੰਡ ਬਧੂ, ਪਟ ਲੂਟਤ ਕੋਟਨ ਭੂਪ ਜਹਾਂ ।
ਤੁਲਸੀ ਭਜ ਸੋਚ ਬਿਮੋਚਨ ਕੋ, ਜਨੁ ਕੋ ਪ੍ਰਨ ਰਾਮ ਨ ਰਾਖਯੋ ਕਹਾਂ ॥ ੧ ॥
ਹੈ ਤਜਨੀਯ ਸਭਾ ਸਦ ਭਾਖਤ, ਜੋ ਜਗ ਮੈ ਤਨ ਕੋ ਅਭਿਮਾਨੀ ।
ਬੂਡਤ ਹੈ ਨਰ ਤਾਹਿ ਕੀ ਸੰਗਤ, ਆਤਮ ਕੀਰਤਿ ਨਾਹਿ ਪਛਾਨੀ ।
ਪਾਥਰ ਨਾਵ ਤਰੇ ਕਿਮ ਬਾਰਿਧਿ, ਬੋਧ ਅਪਾਰ ਅਕੱਥ ਕਹਾਨੀ ।
ਤਾਹੀ ਤੇ ਬੰਧਨ ਸੰਗਮ ਤਾਸ ਕੋ, ਕਾਨ੍ਹ ਮ੍ਰਿਗਿੰਦ ਕਹੀ ਧਰਿ ਕਾਨੀ ॥ ੨ ॥
ਤੂੰ ਸੁਣ ਸਜਣ ! ਮੰਨ ਗਲ ਅਸਾਡੀ ਕੰਨ ਧਰ ।
ਕਜੋਂ ਉਠੇਂ ਕੇਹਾ ਕੰਮ, ਮਾਖੇ ਕਿੱਤ੍ਰ ਡੁਖਾਂਵਦੋ ।
ਮਾਖੇ ਆਖੇ ਕਿਤ ਉਠਣ ਮੈਡੀ ਕਾ ਰਹੇ ।
ਜਾਂ ਉਠਣ ਵੰਞੇ ਮੈਥੋ, ਮਿਟ ਤਾਂ ਜੀਵਣ ਮੇਡਾ ਨਾ ਥੀਏ ।
ਜਾਂ ਉਠਣ ਤੈਡੀ ਕਾਰ ਤਾਂ ਗਲ ਅਸਾਡੀ ਹੋਰ ਸੁਣ ।
ਜਾਂ ਉਠੈ ਤਾ ਯਾਰੁ ਪੁਕਾਰ, ਹੋਰੁ ਤ ਸਭ ਵਿਸਾਰਦੇ ।
ਚੇਦਾਂ ਲੋਕ ਭਵਾਂ ਆਵਾਂ, ਵੰਞਾਂ ਪਲਕ ਵਿਚ ।

ਜਾਂ ਪਿਰੀਆਂਡਉ ਜੁਲਾਂ ਤਾਂ ਜੀਵਣ ਮੈਂਡਾ ਨਾ ਥੀਏ।
ਦਾਰੂ ਤੈਂਡੀ ਮੌਤ ਦਾ ਕੀਤਮ ਅਜੁ ਸਹੀ।
ਜਿਉ ਕਿਉ ਪਿਰੀ ਮਿਲਾਵਣਾ, ਹੋਰੁ ਤ ਸਭ ਰਹੀ ॥ ੧ ॥
ਸੰ ੧੮੫੧ ਹਾੜ ੨੭ ਮਾਵਸ ਸੋਮ ਜੈਮ(ਲ) ਸਿੰਘ ਕੈਦ
ਜੈਮਲ ਸਿੰਘ ਭ੍ਰਾਤਾ ਸਾਥ ਕੀਆ ਫਤੇ ਸਿੰਘ ...ਤੋੜ ਗੜ ਮੈ
ਸੰ ੧੮੫੬ ਮਾਘ ੨੫ ਸਹੂਰ ਪਿੰਡ ਲੜਕੇ ਮੂਆ ਫਤੇ ਸਿੰਘ ਕਨ੍ਹੈਯਾ
ਸੰ ੧੮੫੬ ਹਾੜ੍ਹ ੧੫ ਵੀਰ ਲਹੌਰ ਮਲਜਾ ਰਣਜੀਤ ਸਿੰਘ ਨੇ
ਸੰ ੧੮੬੦ ਫਗਣ ਹੋਲੀ ਸ੍ਰੀ ਅਮ੍ਰਿਤਸਰ ਜੀ ਰਣਜੀਤ ਸਿੰਘ ਨੇ ਜੀਤਾ... (ਪੱਤਰਾ ੧)

ਅੰਤ— ਸੰਮਤ ੧੯੦੨ ਫੇਰ ਮਘਰ ਮੈ ਫਿਰੰਗੀ ਏਕਠਾ ਹੋ ਕੇ ਪਰੋਜ ਪੁਰ ਕੇ ਪਰੇ ਸਤਲੁਦ੍ਰ ਬਜਾਸਾ ਕੇ ਬੀਚ ਬੁਤਕੀ ਪਿੰਡ ਨਜੀਕ ਖਾਲਸੇ ਸਾਥ ਜੁਧ ਕੀਆ, ਖਾਲਸਾ ਬਹੁਤ ਲੜਾ, ਰਾਜਾ ਲਾਲ ਸਿੰਘ ਬਾਮਣ, ਮਾਕੇ ਖਾਂ ਤੋਪਾਂ ਵਾਲਾ ਫਿਰੰਗੀ ਸੇ ਮਿਲ ਗਏ, ਚਾਰ ਘੜੀ ਰਾਤ ਗਈ ਭਾਜ ਗਏ, ਪਾਛੇ ਖਾਲਸਾ ਭੀ ਜਾਗਜਾ, ਸਵਾ ਸੈ ਤੋਪ ਸਭ ਬੰਦ ਬਸਤ ਰਹਜਾ, ਫਿਰੰਗੀ ਭਾਜੇ ਹੂਏ ਚਾਰ ਕੋਸ ਤੇ ਮੁੜੇ, ਖੇਤ ਲੀਆ, ਗਨਤੀ ਕਰੀ, ਪਾਂਚ ਸੈ ਸਿੰਘ ਮੂਏ, ਨੌ ਦਸ ਹਜਾਰ ਗੋਰਾ ਕਾਲਾ ਮੂਆ। (ਪੱਤਰਾ ੭)

੨. ਤਰਜੁਮਾ ਰਪੋਟ ਰਾਸ ਬੇਲ ਸਾਹਿਬ ਕਾ (ਦੋ ਜੁਜ਼ਾਂ ਵਿਚ) (ਨੰ. ×, ਡਾ. ਗੰ. ਸਿੰ.)

ਲੇਖਕ— ਰਾਸ ਬੇਲ ਸਾਹਿਬ। ਅਨੁਵਾਦਕ— ਨਾਮਾਲੂਮ। ਆਕਾਰ— 6½" × 11", ਲਿਖਤ 4½" × 9½"।

ਵੇਰਵਾ— ਪੱਤਰੇ ੧੬; ਪ੍ਰਤੀ ਸਫ਼ਾ ੨੨-੨੩ ਸਤਰਾਂ; ਕਾਗਜ਼ ਦੇਸੀ, ਬਹੀਆਂ ਵਾਲਾ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਬਿਨਾ ਲਕੀਰਾਂ ਦੇ; ਕਾਗ਼ਜ਼ ਭਿੱਜਣ ਕਰ ਕੇ ਹਰੇਕ ਸਫ਼ੇ ਦੇ ਉੱਪਰਲੇ ਸਿਰੇ ਵਲ ਕੁਝ ਧੱਬੇ ਲੱਗੇ ਹੋਏ; ਪੱਤਰੇ ਖੁਲ੍ਹੇ, ਬਿਲਾ ਜਿਲਦ।

ਸਮਾਂ— ਸੰਨ ੧੮੩੬ ਈ.। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਤਰਜੁਮਾ ਰਪੋਟ ਰਾਸ ਬੇਲ ਸਾਹਿਬ ਦੀ ਕਾ ਬਨਾਮ ਸਾਹਿਬ ਇਜੰਟ ਦਿਲੀ ਕੇ ਕਾ। ਦਫੈ ਪਹਿਲੀ ਸਾਮਲ ਇਸ ਬਾਤ ਕੇ ਊਪਰ ਕਿ ਮੈ ਮੁਵਾਫਕ ਇਸਾਰੇ ਚਿਠੀ ਸਿਕੱਤਰੀ ਲਿਖੀ ਹੂਈ ਗਜਾਰਵੀਂ ਜੋਲਾਈ ਸੰਨ ਅਠਾਰਾਂ ਸੈ ਛਤੀਸ ਕੀ। ਬੋਰ ਬੀਚ ਮੁਕਦਮੇ ਕਹੀ ਕਹੀ ਕੇ ਕਿ ਮੈਂ ਵਾਸਤੇ ਝਗੜਾ ਫੈਸਲਾ ਕਰਨੇ ਜੋ ਗਇਆ ਥਾ, ਰਪੋਟ ਤਜਵੀਜ ਅਪਨੀ ਕੀ ਕਰਤਾ ਹੂੰ।... (ਪੱਤਰਾ ੧)

ਅੰਤ— ...ਦਫੈ ਨਵਾਸੀ ਕੀ ਜਬ ਜਾਰਜ ਤਾਮਸ ਕੋ ਲੋਦੀ ਸਾਹਿ ਨੇ ਸਿਕਸਤ ਦੀਈ, ਤਬ ਫੌਜ ਮਹਾਰਾਜੇ ਸਾਹਿਬ ਸਿੰਘ ਬਹਾਦਰ ਕੀ ਮੁਨਕ ਸੇ ਇਰਾਦੇ ਕਨੌਂਹੀ ਕੇ ਬਡੀ ਸੀ ਚਲੀ, ਔਰ ਉਹ ਫੈਸਲੇ ਕਿਸੀ ਦਾਵੇ ਕੇ ਜਾਹਰ ਹੋਨੇ ਤਕ ਕਿ ਥੋੜੇ ਦਿਨ ਪੀਛੇ ਕਿ ਬੰਦੋਬਸਤ ਜਾਰਜ ਤਾਮਸ ਕਾ ਮੁਕਰਰ ਹੂਵਾ ਜਬ ਤਕ ਓਹੁ ਫੋਜ ਉਸ ਕੇ ਘੇਰੇ ਮੈ ਮਸਗੂਲ ਰਹੇ ਔਰ ਆਖਰ ਕੋ ਓਹ ਬੀਚ ਕਬਜੇ ਉਸੀ ਰਾਜਾ ਕੇ ਕਿ ਜਿਸ ਕੇ ਕਬਜੇ ਅਬ ਲਗ ਓਹੁ ਹੈ ਉਸੀ ਕੇ ਤਈ ਫੇਰੀ ਗਈ। (ਪੱਤਰਾ ੧੬)

੩. (ੳ) ਫੂਲ ਬੰਸ ਪ੍ਰਕਾਸ਼ ਸਾਨੀ* (ਪਿੰਡ ਕੁੜਕਾ ਵਰਣਨ ਸਮੇਤ) (ਨੰ, ×, ਡਾ. ਗੰ. ਸਿੰ.)

ਲੇਖਕ- ਕਵਿ ਮਦਨ ਸਿੰਘ, ਸੰਗਰੂਰ ਵਾਲੇ। ਆਕਾਰ— 6½" × 10", ਲਿਖਤ 4½" × 8½"।

ਵੇਰਵਾ—ਪੱਤਰੇ ੪੦, ਫੁਟਕਲ ੪+ ੩੪-੩੭ (੪), ਕੁੱਲ ਜੋੜ ੪੮; ਪ੍ਰਤੀ ਸਫ਼ਾ ੨੦ ਸਤਰਾਂ; ਕਾਗਜ਼ ਸਾਦਾ ਖ਼ਾਕੀ, ਪਤਲਾ; ਲਿਖਤ ਸਿੱਧੀ ਸਾਦੀ, ਜੋ ਥਾਂ ਪਰ ਥਾਂ ਬੜੀ ਅਸ਼ੁੱਧ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰੇ ਖੁਲ੍ਹੇ ਤੇ ਉਹ ਵੀ ਕਈ ਥਾਵੀਂ ਫੁਟਕਲ ਰੂਪ ਵਿਚ ਹਨ।

ਸਮਾਂ— ਪੁਸਤਕ ੭੦-੮੦ ਵਰ੍ਹੇ ਪੁਰਾਣੀ ਜਾਪਦੀ ਹੈ। ਲਿਖਾਰੀ—ਲੇਖਕ ਖ਼ੁਦ। ਸਥਾਨ—ਸੰਗਰੂਰ (ਰਿਆਸਤ ਜੀਂਦ)।

ਆਰੰਭ—੧ਓ ਸਤਿਗੁਰ ਪ੍ਰਸਾਦਿ। ਅਥ ਫੂਲ ਬੰਸ ਪ੍ਰਕਾਸ ਗ੍ਰੰਥ ਸਾਨੀ ਨਾਜ਼ ਕਰਨ ਅਗਰ ਮਹਾਰਾਜ ਰਘੁਬੀਰ ਸਿੰਘ ਜੀ ਕੋ

---

*ਇਹ ਪੁਸਤਕ ਫੂਲ ਬੰਸ ਪ੍ਰਕਾਸ਼ (ਸਾਹਿਬ ਸਿੰਘ, ਮ੍ਰਿਗਿੰਦ) ਦਾ ਉੱਤਰਾਰਧ ਅਥਵਾ ਦੂਜਾ ਅੱਧ ਹੈ, ਜੋ ਪਿੱਛੋਂ ਉਸ ਦੇ ਪੁਤ੍ਰ ਮਦਨ ਸਿੰਘ ਨੇ ਰਚ ਕੇ ਪੂਰਾ ਕੀਤਾ ਸੀ।

ਸਮਾਪਤ ਅਤਏਵ ਮਹਾਰਾਜ ਰਣਬੀਰ ਸਿੰਘ ਜੀ ਕੋ ਰਾਜ-ਸਿੰਘਾਸਨ ਪਰ ਬਿਰਾਜ ਕੇ ਮਿਨਜੁਮਲੇ ਕੌਂਸਲ ਕੋ ਰਾਜ ਕਾਜ ੧੨ ਬਰਖ, ੭ ਮਹੀਨੇ ਤੇ ੨੧ ਦਿਨ ਕਰ ਕੇ ਅਲਹਦੇ ਹੋਨਾ ਕੌਂਸਲ ਕਾ ਤੇ ਮਹਾਰਾਜ ਕੋ ਰਾਜ ਬਾ ਅਖਤਯਾਰ ਹੋ ਕਰ ਰਾਜ ਕਰਨੋ ਲਿਖਯਤੇ ਕ੍ਰਿਤ ਕਵਿ ਮਦਨ ਮ੍ਰਿਗੇਂਦ ॥ ਦੋਹਰਾ ॥

ਸ੍ਰੀ ਸਵਿਤਾ ਸੁਭ ਸਾਰਦਾ, ਸੁਰ ਗੁਰ ਔ ਸੁਰ ਬਾਸ ।

ਸ਼ੇਸ ਸਿਵਾ ਸਿਵ ਸ੍ਰੀ ਪਤੀ, ਸਿਵ ਸੁਤ ਬਾਹਨ ਰਾਸ ॥ ੧ ॥

ਨਿਜ ਗੁਰ ਔ ਪੁਨ ਦਸੇ ਗੁਰ, ਗੀਰਬਾਨ ਗੁਰ ਲੰਗ ।

ਇਨ ਕੇ ਚਰਨ ਮਨਾਤ ਹੀ, ਮਿਟਵਤ ਸਗਤੇ ਸੋਗ ॥ ੨ ॥ (ਪੱਤਰਾ ੧)

ਅੰਤ— ...ਸਵਾ ਪੰਜ ਸਭ ਨਕਦ ਰੁਪਈਆ । ਪੰਚਾਮ੍ਰਿਤ ਪੁਨ ਤਿਆਰ ਸੁ ਕਈਆ ।

ਸਭ ਸ੍ਰੀ ਗੁਰੂ ਗ੍ਰੰਥ ਅਸਵਾਰੇ । ਜਿਤੇ ਸਥਾਪਤ ਸੰਗ... (ਪੱਤਰਾ ੪੦)

ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਅੰਤਲਾ ਪਾਠ ਇਸ ਪੁਸਤਕ ਦਾ ਨਹੀਂ ਮਿਲਦਾ ।

(ਅ) ਪਿੰਡ ਰੁੜਕਾ ਵਰਣਨ

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਦੋਹਰਾ ॥

ਦੁਰਦ ਬਦਨ ਦੁਰਜਨ ਦਲਨ, ਦੂਰ ਅਘ ਓਘ ਨਿਕੰਦ ।

ਮਦਨ ਕਦਨ ਪ੍ਰਿਯਾਨੰਦ ਪ੍ਰਦ, ਮਦਨ ਮ੍ਰਿਗੰਦ ਸੁ ਬੰਦ ॥ ੧ ॥ (ਪੱਤਰਾ ੧)

ਅੰਤ— ਹੋਤ ਦਾਸੀ ਦਾਸ ਜਿਸ ਦੇਖ ਨਰ ਨਾਰੀ ਖਾਸ,

ਮੰਤ੍ਰ ਮੋਹਨੀ ਕੇ ਮਾਨੋ ਕੀਨੋ ਪ੍ਰਕਾਸ਼ ਹੈ ॥ ੨੩ ॥ (ਪੱਤਰਾ ੪)

ਪੁਨ: ਕਬਿਤ ।...

ਇਸ ਤੋਂ ਅਗਲੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਹੱਥ-ਲਿਖਤ ਦਾ ਨਹੀਂ ਮਿਲਦਾ ਜਿਸ ਕਰ ਕੇ ਇਹ ਅਧੂਰੀ ਹੈ ।

ਇਸ ਤੋਂ ਬਿਨਾ ੮ ਪੱਤਰੇ ਇਸ ਸੰਗ੍ਰਹਿ ਵਿਚ ਫੂਲ ਬੰਸ ਪ੍ਰਕਾਸ਼ ਦੇ ਵਾਧੂ ਹਨ, ਜੋ ਇਸੇ ਨਾਮ ਦੀ ਦੂਜੀ ਪੁਸਤਕ (ਕ੍ਰਿਤ ਕਵੀ ਸਾਹਿਬ ਸਿੰਘ) ਦੇ ਜਾਪਦੇ ਹਨ ।

੪. (ੳ) ਬੰਸਾਵਲੀ ਸਿੱਧੂਆਂ ਦੀ (ਕੁੰਡਲੀਏ ਗਿਰਿਧਰ ਜੀ ਆਦਿ) (ਨੰ. ×, ਡਾ. ਗੰ. ਸਿੰ.)

ਲੇਖਕ— ਭਾਈ ਪੰਜਾਬ ਸਿੰਘ, ਬਹਿਲੋ ਕਾ । ਆਕਾਰ—$5\frac{1}{4}'' \times 8\frac{1}{4}''$, ਲਿਖਤ $4\frac{1}{2}'' \times 7''$ ।

ਵੇਰਵਾ— ਪੱਤਰੇ ੨੮; ਪ੍ਰਤੀ ਸਫ਼ਾ ੧੬-੨੧ ਸਤਰਾਂ; ਕਾਗ਼ਜ਼ ਦੇਸੀ (ਮੋਟਾ) ਬਹੀਆਂ ਵਾਲਾ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਖੁਲ੍ਹੇ ਪੱਤਰੇ ।

ਸਮਾਂ— ੧੯ ਵੀਂ ਸਦੀ ਬਿ. । ਲਿਖਾਰੀ—ਲੇਖਕ ਖ਼ੁਦ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਨਮਹ । ਅਥ ਬੰਸਾਵਲੀ ਲਿਖਯਤੇ ॥ ਚੌਪਈ ॥

ਜਦੂ ਰਾਜਾ ਤੇ ਜਾਦਵ ਵੰਸਾ । ਤਾ ਕੁਲ ਸਲਵਾਹਨ ਅਹਿ ਅੰਸਾ ।

ਮੰਨੇਸਰ ਤਾ ਕਾ ਸੁਤ ਜਾਨਹੁ । ਮੰਨ ਭੂਪ ਵਾਂ ਤੇ ਉਪਜਾਨਹੁ ।... (ਪੱਤਰਾ ੧ ੳ)

ਅੰਤ— ਗੁਰ ਅੰਗਦ ਲੀਨੋ ਜਨਮ ਸਰਾਇ ।

ਸਿਧੂ ਵੰਸ ਲਗੋ ਤਿਨ ਪਾਇ ।

ਸ੍ਰੀ ਗੁਰੂ ਨਾਨਕ ਆਪ ਚਰਨ ਤਹਿ ਧਾਰੇ ।

ਸਹਰ ਸ੍ਰਾਇ ਜੰਗਲ ਵਿਚਕਾਰੇ ।

ਕੌਮ ਬੈਰਾੜ ਜਗਤ ਮਹਿ ਜੇਤੋ ।

ਹੋਤ ਭਯੋ ਗੁਰ-ਸੰਗਤਿ ਤੇਤੋ ॥ ੨ ॥ (ਪੱਤਰਾ ੧ ਅ)

ਇਤ ਸਿਧੂ-ਵੰਸ ਸਿਖੀ ਉਤਪਤੀ ।

(ਅ) ਰਾਜਨੀਤਿ ਅਥਵਾ ਕੁੰਡਲੀਏ ਗਿਰਿਧਰ ਜੀ ਕੇ (ਪੱਤਰੇ ੨-੧੭)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਅਥ ਰਾਜਨੀਤਿ ਗਿਰਿਧਰ ਜੀ ਕੀ ਲਿਖਜਤੇ ॥ ਕੁੰਡਲੀ ਛੰਦ ॥
ਸਾਈ ਗਿਰਿਧਰ ਗਿਰਿ ਧਰਜੇ...। (ਪੱਤਰਾ ੨)

ਅੰਤ— ਸਾਈਂ ਯਾ ਸੰਸਾਰ ਮੈਂ, ਮਤਲਬ ਕੋ ਬਿਵਹਾਰ ।
ਜਬ ਲਗ ਪੈਸਾ ਗਾਂਠ ਮੈ ਤਬ ਲਗ ਤਾ ਕੋ ਯਾਰ ।
ਤਜ ਲਗ ਤਾਕੋ ਯਾਰ, ਗੈਲ ਵਾਹੀ ਕੀ ਡੋਲੇ ।
ਰਹਜੋ ਜੁ ਪੈਸਾ ਜਾਤ, ਯਾਰ ਮੁਖ ਸੋ ਨਹੀਂ ਬੋਲੇ ।
ਕਹਿ ਗਿਰਿਧਰ ਕਵਿ ਰਾਇ...। (ਪੱਤਰਾ ੧੭)
ਅੱਗੇ ਬਾਕੀ ਪਾਠ ਨਹੀਂ ਮਿਲਦਾ ।

ਕਵਿ ਗਿਰਿਧਰ ਦੇ ਕੁੰਡਲੀਆਂ ਤੋਂ ਬਾਦ ਇਸ ਸੰਗ੍ਰਹਿ ਵਿਚ ਭਾਈ ਪੰਜਾਬ ਸਿੰਘ, ਬਹਿਲੋ ਕਾ ਦੇ ਕੁਝ ਫੁਟਕਲ ਛੰਦ (ਸ੍ਰੀ ਗੁਰੂ ਗ੍ਰੰਥ ਜੀ ਦੇ ਪਾਠ ਦੀ ਮਹਿਮਾ ਦੇ), ਦ੍ਵਾਦਸ਼ ਜਮ ਤੇ ਮਾਰਕੰਡੇ ਪੁਰਾਣ ਬਾਰੇ ਸੰਖੇਪ ਪ੍ਰਸੰਗ ਦਰਜ ਹਨ ।

੫. ਬੰਸਾਵਲੀ ਸਿੱਧੂਆਂ ਕੀ (ਬਹਿਲੋ ਵੰਸ਼ ਦੋ ਭਾਗ) (ਨੰ. ×, ਡਾ. ਗੇ. ਸਿੰ.)

ਲੇਖਕ— ਭਾਈ ਪੰਜਾਬ ਸਿੰਘ, ਬਹਿਲੋ ਕਾ । ਆਕਾਰ—5¾″ × 8¾″, ਲਿਖਤ 5″ × 8″ ।

ਵੇਰਵਾ— ਪੱਤਰੇ ਭਾਗ ਪਹਿਲਾ-ਚੌਬੀਸ ਅਵਤਾਰ, ਮੰਤ੍ਰ ਜੰਤ੍ਰ ਆਦਿ ਦੇ ਸੰਖੇਪ ਵਿਵਰਣ ਸਮੇਤ ੯੧; ਭਾਗ ਦੂਜਾ (ਬਹਿਲੋ ਵੰਸ਼) ਪੱਤਰੇ ੮, ਕੁੱਲ ਜੋੜ ਪੱਤਰੇ ੯੯; ਪ੍ਰਤੀ ਸਫ਼ਾ ੧੯-੨੧ ਸਤਰਾਂ; ਕਾਗਜ਼ ਦੇਸੀ (ਮੋਟਾ) ਬਹੀਆਂ ਵਾਲਾ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰੇ ਖੁੱਲ੍ਹੇ ।

ਸਮਾਂ— ੧੯ ਵੀਂ ਸਦੀ ਬਿ. । ਲਿਖਾਰੀ— ਲੇਖਕ ਖ਼ੁਦ ।

ਆਰੰਭ— (ਭਾਗ ਪਹਿਲਾ)...ਤਤਕਰਾ ਪੋਥੀ ਕਾ...। ਸਿਧੂ ਰਾਜਾ, ਦਾੜ੍ਹ, ਢੰਡ, ਆਹੜ੍ਹ, ਫਿੜਦਾ, ਕੌਲ... (ਪੱਤਰਾ ੧)

ਅੰਤ— ...ਫੂਲ ੧੯, ਬੀਰਾ ਡਲਾ ੧੯, ਕਪੂਰਾ ੧੯, ਰਾਮਾ ੨੦... (ਪੱਤਰਾ ੯੧)
ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਬੰਸਾਵਲੀ ਦਾ ਨਹੀਂ ਮਿਲਦਾ ।

(ਅ) **ਬੰਸਾਵਲੀ, ਭਾਗ ਦੂਜਾ**

ਆਰੰਭ— ੧ੴ ਸਤਿਗੁਰ ਪ੍ਰਸਾਦਿ ।
ਪ੍ਰਨਮ ਆਦਿ ਸਿਰੀ ਗੁਰ ਚਰਨਾ । ਪਾਵਨ ਵੰਸ ਛੰਦ ਕਰ ਵਰਨਾ ।
ਜਾਦਵ ਵੰਸ ਭਏ ਜਿਸ ਜਦੁਪਤਿ । ਰਾਜ ਪੁਨ ਭਾਟੀ ਕਹਵਤਿ ॥ ੧ ॥ (ਪੱਤਰਾ ੧)

ਅੰਤ— ...ਇਤਿ ਸ੍ਰੀ ਇਹ ਬੰਸਾਵਲੀ, ਵਰਨੀ ਸਿੰਘ ਪੰਜਾਬ ।
ਜੈਸੀ ਕਹੀ ਨਿਹਾਲ ਸਿੰਘ, ਤੈਸੀ ਕੀਨੀ ਕਾਬ ॥ ੫੦ ॥
ਇਤਿ ਸ੍ਰੀ ਸਿਧੂ ਵੰਸ, ਭਾਈ ਬਹਲੋ ਜੀ ਕੀ ਵੰਸ, ਕਵਿ ਪੰਜਾਬ ਸਿੰਘ ਵਰਨਨੰ ਸੁਭੰ ਸ੍ਰੀ ਗੁਰ ਏ ਨਮਹ ।
ਖੇਰਾ ਫਫੜਾ ਭਾਈ ਬਹਲੋ ਦਾ ਤਾਯਾ ਸੀ, ਸ੍ਰੀ ਗੁਰੂ ਅਰਜਨ ਦਾ ਘੋੜ ਚੜ੍ਹਾ ਸੀ, ਅੰਮ੍ਰਿਤਸਰ । (ਪੱਤਰਾ ੮)

੬. ਮਿਲਟਰੀ ਅਕਾਊਂਟ ਆਫ਼ (ਮਹਾਰਾਜਾ) ਰਣਜੀਤ ਸਿੰਘ (ਹਿਸਾਬੇ ਫ਼ੌਜੀ ਰਣਜੀਤ ਸਿੰਘ) (ਨੰ. ੬੨੨/੮੭੨, ਖ਼ੁ. ਬ. ਲਾ. ਪਟਨਾ)

ਲੇਖਕ— ਨਾਮਾਲੂਮ । ਆਕਾਰ—12″ × 7½″, ਲਿਖਤ 7½″ × 7¼″ ।

ਵੇਰਵਾ—ਪੱਤਰੇ ੪੭੭; ਪ੍ਰਤੀ ਸਫ਼ਾ ੭-੩੨ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਨੀਮ ਸ਼ਿਕਸਤਾ ਦੁਕਾਲਮੀ ਫ਼ਾਰਸੀ ਤੇ ਗੁਰਮੁਖੀ, ਜੋ ਕ੍ਰਮ-ਅਨੁਸਾਰ ਇਕ ਦੂਜੀ ਦੀ ਬਿਲਮੁਕਾਬਲ ਨਕਲ ਹੈ, ਪਰ ਪੂਰੀ ਨਕਲ ਨਹੀਂ, ਕਿਉਂਕਿ ਫ਼ਾਰਸੀ ਨਾਲੋਂ ਗੁਰਮੁਖੀ ਵਿਚ ਕਈ ਥਾਵੀਂ ਕੁਝ ਵੇਰਵੇ ਘੱਟ ਹਨ, ਜਿਵੇਂ—"ਵੈਸਾਖਾ ਸਿੰਘ ਤਿਫ਼ਲ ਸੁਖਾ ਸਿੰਘ ਬਸੀਗਾਇ ਧਰਮ ਅਰਥ ੪॥ (ਫ਼ਾਰਸੀ), ਵਿਸਾਖਾ ਸਿੰਘ ਲੜਕਾ ੪॥ (ਗੁਰਮੁਖੀ) ਪੱਤਰਾ ੪੭੧"; ਹਾਸ਼ੀਆ ਸੁੰਦਰ ਰੰਗੀਨ (ਸੁਨਹਿਰੀ ਵੇਲਦਾਰ) ਲਕੀਰਾਂ ਵਾਲਾ; ਫ਼ਾਰਸੀ ਲਿਖਤ ਕਾਲੀ ਸਿਆਹੀ ਨਾਲ ਕੀਤੀ ਹੋਈ ਤੇ ਗੁਰਮੁਖੀ ਲਿਖਤ ਲਾਲ ਸਿਆਹੀ ਨਾਲ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ੧੯ ਵੀਂ ਸਦੀ ਈ. ਦਾ ਪਹਿਲਾ ਅੱਧਾ ।

ਆਰੰਭ— ਫ਼ਾਰਸੀ

ਬਰਾਵੁਰਦ ਪਲਟਨ ਅਤਰ ਸਿੰਘ ਕੁਮੇਦਾਨ
ਅਫ਼ਸਰਾਨ ਕੰਪਨੀ ਅੱਵਲ
ਅਤਰ ਸਿੰਘ ਮਾਨ ਕੁਮੇਦਾਨ ੧੨੦ ਅਸਲ ੪੫
ਇਜ਼ਾਫ਼ਾ ੭੫
ਆਸਾ ਸਿੰਘ ਅਜੀਟਨ ੬੦ ਅਸਲ ੩੫
ਇਜ਼ਾਫ਼ਾ ੨੫

ਗੁਰਮੁਖੀ

ਬਰਾਵੁਰਦ ਪਲਟਣ ਅਤਰ ਸਿੰਘ ਕੁਮੇਦਾਨ
ਅਫਸਰਾਨੁ ਕੰਪਣੀ ਪਹਲੀ ੧
ਅਤਰ ਸਿੰਘ ਕੁਮੇਦਾਨ ੧੨੦ ਜਾ ੪੫ ਅ ੭੫
ਆਸਾ ਸਿੰਘ ਅਜੀਟਣ ੬੦ ਜਾ ੩੫ ਅ ੨੫
(ਪੱਤਰਾ ੧)

ਅੰਤ— ਫ਼ਾਰਸੀ

ਆਲਾ ਸਿੰਘ, ਵਜ਼ੀਰ ਸਿੰਘ ੫
ਚੰਦਾ ਸਿੰਘ, ਰਤਨ ਸਿੰਘ ੪
ਫ਼ਤਿਹ ਸਿੰਘ, ਬੁਲਾਕਾ ਸਿੰਘ ੩॥
ਅਹਲਿਆ ਬੇਲਾ ਸਿੰਘ ਮਾਂਗ ੪॥

ਗੁਰਮੁਖੀ

ਆਲਾ ਸਿੰਘ ੫
ਚੰਦਾ ਸਿੰਘ ੪
ਫਤਿਹ ਸਿੰਘ ੩॥
ਕਬੀਲਾ ਬੇਲਾ ਸਿੰਘ ਦਾ ੪॥ (ਪੱਤਰਾ ੪੭੭)

ਇਸ ਪੁਸਤਕ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :—

(੧)	ਪੈਦਲ ਫ਼ੌਜ (ਪਲਟਨਾਂ ਆਮ)	ਪੱਤਰੇ ੧—੧੩੫
(੨)	ਘੋੜ ਚੜ੍ਹਾ ਫ਼ੌਜ (ਰਸਾਲਾ ਚਾਰ ਯਾਰੀ ਆਦਿ)	,, ੧੩੬—੨੦੩
(੩)	ਤੋਪ ਖ਼ਾਨਾ	,, ੨੦੪—੩੧੭
(੪)	ਪਲਟਨਾਂ ਖ਼ਾਸ	,, ੩੧੮—੪੭੭

ਵਧੀਕ ਵੇਰਵੇ ਲਈ ਵੇਖੋ Catalogue of the Arabic and Persian Manuscripts in the Oriental Public Library at Banki Pore, Patna (Bihar), Pp. 165-66.

੭. **ਰਾਜਾਵਲੀ ਭਾਖਾ** (ਫ਼ਾਰਸੀ ਤੋਂ ਕਾਂਗੜੀ ਅਨੁਵਾਦ-ਅੱਖਰ ਦੇਵ ਨਾਗਰੀ) (ਨੰ. ੩੭੩, ਭਾ. ਵਿ,)

ਲੇਖਕ—ਮੁਨਸ਼ੀ ਵਲੀ ਰਾਮ । ਅਨੁਵਾਦਕ—ਟਹਿਲ ਦਾਸ । ਆਕਾਰ— $11\frac{3}{4}'' \times 7\frac{1}{4}$, ਲਿਖਤ $9\frac{1}{2}'' \times 5''$ ।

ਵੇਰਵਾ—ਪੱਤਰੇ ੩੬; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ. ਕਿਰਮ ਖ਼ੁਰਦਾ ਹੋਣ ਕਰ ਕੇ ਪੱਤਰਿਆਂ ਵਿਚ ਕਈ ਥਾਵੇਂ ਸੁਰਾਖ਼ ਪਏ ਹੋਏ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਾਲ ਲਕੀਰਾਂ ਵਾਲਾ; ਸਿਰਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਜਿਲਦ ਟੁੱਟੀ ਹੋਈ, ਵੈਸੇ ਪੁਸਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ। ਬੋਲੀ ਇਸ ਪੁਸਤਕ ਦੀ ਪਹਾੜੀ (ਕਾਂਗੜੀ) ਪੰਜਾਬੀ ਹੈ । ਇਹ ਪੁਸਤਕ ਭਾਸ਼ਾ ਵਿਭਾਗ ਪੰਜਾਬ ਨੂੰ ਅਜੇ ਥੋੜਾ ਹੀ ਚਿਰ ਹੋਇਆ ਰਾਜਾ ਬਲਦੇਵ ਸਿੰਘ ਗੁਲੇਰ (ਹਰੀ ਪੁਰ, ਜ਼ਿਲਾ ਕਾਂਗੜਾ) ਪਾਸੋਂ ਮਿਲੀ ਹੈ ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ । ਲਿਖਾਰੀ— ਨਾਮਾਲੂਮ ।

ਆਰੰਭ— ਓਂ ਸ੍ਰੀ ਗਣੇਸ਼ਾਯ ਨਮਃ ।

ਸ੍ਰੀ ਪਤਿ ਗਣਪਤਿ ਸ਼ਾਰਦਾ. ਸਿਮਰੋਂ ਮਨ ਚਿਤ ਲਾਯ ।
ਦਿੱਲੀ ਪਤਿ ਜੇਤੇ ਭਯੇ, ਵਲੀ ਰਾਮ ਤਿਹ ਗਾਯ ॥੧॥
ਰਾਯ ਯੁਧਿਸ਼ਟਰ ਆਦਿ ਲੈ, ਸ਼ਾਹ ਜਹਾਂ ਲੋਂ ਜੇਤ ।
ਭਿੰਨ ਭਿੰਨ ਵਰਣਨ ਕਿਯੇ, ਸੰਮਤ ਸਹਿਤ ਜੁ ਤੇਤ ॥੨॥
ਉਦੈ ਭਾਲ ਜੁ ਵਿਸਾਲ ਮਤਿ, ਧਜਾਨ ਸਿੰਘ ਰਣਧੀਰ ।
ਥਾਪਯੋ ਸ੍ਰੀ ਪਤਿ ਅਚਲ ਕਰਿ, ਗੋਪਾਚਲ ਵਜ਼ੀਰ ॥੩॥
ਰਾਜਨ ਤੇ ਸਾਹਸ ਬਡੋ, ਜਸ ਪ੍ਰਤਾਪ ਆਧਾਰ ।
ਮਾਤ ਕਿਯੋ ਸੰਸਾਰ ਚੰਦ, ਬਾਜੀ ਸੁਤ ਰਜਧਾਰ ॥੪॥
ਸਭ ਰਾਜਾ ਆਸ੍ਰਿਤ ਬਸੇ, ਨਿਸ ਦਿਨ ਦੇਤ ਅਸੀਸ ।
ਧਜਾਨ ਸਿੰਘ ਅਰਿ ਕੋ ਦਮਨ, ਜੀਵਹੁ ਲਾਖ ਵਰੀਸ ॥੫॥

ਤਿਨ ਕੀ ਆਗਯਾ ਤੇ ਲਿਖਯੋ, ਦਿੱਲੀ ਪਤਿ ਵਖਯਾਨ ।
ਲੇਖਕ ਦਾਰਾ ਸ਼ਾਹ ਕੋ, ਵਲੀ ਰਾਮ ਸੁਰ ਗਯਾਨ ॥੬॥
ਸੁਖ ਸੰਪਤਿ ਤ੍ਰਿਣ ਵਤ ਤਜਯੋ, ਭਯੋ ਤੀਬ੍ਰ ਵੈਰਾਗ ।
ਬਰਨਯੋ ਜ ਕਛੁ ਤਿਨ ਲਿਖਯੋ, ਟਹਲ ਦਾਸ ਵਡਭਾਗ ॥੭॥

ਫ਼ਾਰਸੀਆਂ ਵਿਚ ਵਲੀ ਰਾਮ ਲਿਖਦਾ ਹੈ ਜੇ, "ਹੇ ਪਾਤਸਾਹੋ ! ਦੁਨੀਆ ਦੀ ਵਫ਼ਾਦਾਰੀ ਮੇਰੇ ਕਥਾ ਸੁਣੋ ।..."
(ਪੱਤਰੇ ੧-੨)

ਅੰਤ— ਪਾਤਸਾਹ ੧—ਆਲਮਗੀਰ, ਵਰਖ ੫੦, ਮਾਸ ੨, ਦਿਨ ੨੭; ਪਾਤਸਾਹ ੨—ਬਹਾਦੁਰ ਸ਼ਾਹ, ਵਰਖ ੪, ਮਾਸ ੨, ਦਿਨ ੨੧; ਪਾਤਸਾਹ ੩—ਫਰੁਖ਼ਸੇਰ, ਵਰਖ ੫, ਮਾਸ ੭, ਦਿਨ ੨੭; ਪਾਤਸ਼ਾਹ ੪—ਮੁਹੰਮਦ ਸ਼ਾਹ. ਵਰਖ ੩੦, ਮਾਸ ੦, ਦਿਨ ੦; ਪੁਰ੍...... ੫, ਵਰਖ ੮੯, ਮਾਸ ੧੧, ਦਿਨ ੧੫; ਸਬ ਏਕਤ੍ਰ ਜੋੜ ... ੪੮੩੪, ਮਾਸ ੩, ਦਿਨ ੧੧; ਪਾਤਸ਼ਾਹ ੧—ਏਹਮਦ ਸ਼ਾਹ ਮੁਹੰਮਦ ਸ਼ਾਹੇ ਦਾ ਪੁਤ੍ਰ, ਅਗੇ ਸ਼ਾਹ ਆਲਮ ।
(ਪੱਤਰਾ ੩੬)

ਇਸ ਪੁਸਤਕ ਦਾ ਇਕ ਫ਼ਾਰਸੀ ਨੁਸਖ਼ਾ ਵੀ ਮੇਰੇ ਦੇਖਣ ਵਿਚ ਆਇਆ ਹੈ ਜੋ ਚਾਰ ਜੁਗਾਂ ਦੇ ਵੇਰਵੇ ਦੱਸ ਕੇ ਸ਼ੁਰੂ ਹੁੰਦਾ ਹੈ ਤੇ ਖ਼ਤਮ ਹੁੰਦਾ ਹੈ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੇ ਜ਼ਿਕਰ ਉਤੇ । ਕਲ੍ਹਣ ਦੀ ਰਾਜ ਤਰੰਗਿਣੀ ਬਾਰੇ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਉਸ ਤੋਂ ਪਹਿਲਾਂ ਸੰਸਕ੍ਰਿਤ ਵਿਚ ਰਾਜਾਵਲੀ ਨਾਮੀ ਪੁਸਤਕ ਲਿਖੀ ਗਈ ਸੀ ਜੋ ਪਿੱਛੋਂ ਕਵੀ ਕਲ੍ਹਣ ਦੀ ਇਸ ਪੁਸਤਕ ਦਾ ਮੂਲ-ਆਧਾਰ ਬਣੀ । ਸੰਸਕ੍ਰਿਤ ਰਾਜਾਵਲੀ ਦੀ ਕੋਈ ਛਪੀ ਹੋਈ ਪ੍ਰਤੀ ਦੇਖਣ ਵਿਚ ਨਹੀਂ ਆਈ । ਹਾਂ, ਪ੍ਰਸਿੱਧ ਸੂਚੀਕਾਰ ਵਿਦਵਾਨ Theodor Aufrect ਨੇ Catalogus Catalogorum (1891), ਹਿੱਸਾ ਪਹਿਲਾ ਦੇ ਸਫ਼ਾ ੫੦੩ ਉਤੇ ਸੰਸਕ੍ਰਿਤ ਰਾਜਾਵਲੀ ਦੀਆਂ ਕਈ ਪ੍ਰਤੀਆਂ ਦਾ ਜ਼ਿਕਰ ਅਵੱਸ਼ ਕੀਤਾ ਹੈ ।

ਸ਼ਬਦ-ਕੋਸ਼ ਤੇ ਨਿਘੰਟੂ

੧. (ੳ) ਉਰਦੂ-ਪੰਜਾਬੀ ਸ਼ਬਦ-ਕੋਸ਼ (ਕਹਾਣੀ-ਸੰਗ੍ਰਹ ਆਦਿ ਸਮੇਤ) (ਨੰ. ੧੦੯, ਪ੍ਰੋ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ—$4\frac{1}{2}'' \times 7''$, ਲਿਖਤ $4\frac{1}{2}'' \times 7''$ ।

ਵੇਰਵਾ—ਪੱਤਰੇ ਸ਼ਬਦ-ਕੋਸ਼ ੨, ਕਹਾਣੀ-ਸੰਗ੍ਰਹ ੩-੨੧ (੧੯), ਹੋਰ ਕਹਾਣੀਆਂ ੨੨-੨੪ (੩), ਯੂਹੰਨਾ ਪਿਕੰਬਰ ਦੀ ਪੋਥੀ ੨੫-੨੭ (੩), ਪੰਜਾਬੀ ਅਖੇਤਾਂ ੨੮-੩੫ (੮); ਪੂਰੀ ਸਫ਼ਾ ੧੯ ਤੋਂ ੪੫ ਤਕ ਸਤਰਾਂ; ਕਾਗਜ਼ ਵਿਲਾਇਤੀ ਪਤਲਾ; ਹਾਸ਼ੀਆ ਕਿਤੇ ਨਹੀਂ ਛੱਡਿਆ; ਲਿਖਤ ਫਿੱਕੀ ਤੇ ਗੂੜ੍ਹੀ ਕਲੀ ਸਿਆਹੀ ਦੀ, ਜੋ ਕਈ ਕਲਮਾਂ ਦੀ ਲਿਖੀ ਹੋਈ ਹੈ; ਪੁਸਤਕ ਇਕ ਖਰੜੇ ਦੀ ਹਾਲਤ ਵਿਚ ਹੈ, ਜੋ ਪ੍ਰੈਸ ਕਾਪੀ ਹੋਣ ਕਰ ਕੇ ਕਈ ਥਾਵੀਂ ਸੋਧੀ ਹੋਈ ਵੀ ਹੈ; ਕਹਾਣੀਆਂ ਦੀ ਜ਼ਬਾਨ-ਹਿੰਦੀ-ਪੰਜਾਬੀ ਰਲਵੀਂ ਹੈ ।

ਸਮਾਂ— ੧੯ਵੀਂ ਸਦੀ ਈ. । ਲਿਖਾਰੀ—ਨਾਮਾਲੂਮ ।

ਆਰੰਭ— ਚੌਂਚ—ਚੁੰਜ, ਦਾਹਰੀ—ਦਾਹੜੀ, ਸੋਨੇ ਕਾ ਵਕਤ—ਸੌਣ ਵੇਲਾ । (ਪੱਤਰਾ ੧)

ਅੰਤ— ਪੇਚੀਲਾ, ਘੁੰਘਰਾਲਾ—ਵਲਾਂ ਵਾਲਾ, ਵਹਾਉ—ਵੇਗ, ਲਾਨਤ—ਧ੍ਰਿਕਾਰਨਾ, ਲਾਨਤਾਣ—ਫਿਟਕਾਰਨਾ, ਕਾਟਨਾ—ਵੱਢਣਾ । (ਪੱਤਰਾ ੨)

(ਅ) ਕਹਾਣੀ-ਸੰਗ੍ਰਹ

ਆਰੰਭ—ਇਕ ਦਿਨ ਗਰਮੀ ਕੇ ਮੌਸਮ ਮੇਂ ਇਕ ਰਾਜਾ ਅਰ ਉਸ ਕਾ ਬੇਟਾ ਸ਼ਿਕਾਰ ਕੋ ਗਏ । ਜਦ ਹਵਾ ਬਡੀ ਗਰਮ ਹੂਈ ਤਦ ਉਨੋਂ ਨੇ ਆਪਨੇ ੨ ਚੋਗੇ ਕਿਸੇ ਠਠੋਲ ਦੀ ਪਿਠ ਪਰ ਰਖ ਦੀਏ । ਰਾਜਾ ਨੇ ਹਸ ਕਰ ਕਹਾ, "ਐ ਠਠੋਲ! ਅਬ ਇਕ ਗਧੇ ਕਾ ਭਾਰ (ਬੋੜ) ਤੁਮਾਰੀ ਪੀਠ ਪੇ ਹੈ ।" ਠਠੋਲ ਨੇ ਜਵਾਬ ਦੀਆ, "ਸਚ ੨ ਹਜ਼ੂਰ! ਦੋ ਗਧਯੋਂ ਕਾ ਬੋਝ ਉਠਾਤਾ ਹੂੰ ।" (ਪੱਤਰਾ ੩)

ਅੰਤ— ਚੰਡੋਲ ਤੇ ਉਦੇ ਬਚਿਆਂ ਦੀ ਕਹਾਣੀ । ਇਕ ਚੰਡੋਲ ਦੇ ਨਿਕੇ ੨ ਬਚਿਆਂ ਦਾ ਆਲਣਾ ਕਿਸੇ ਕਣਕ ਦੇ ਖਤੇ ਵਿਚ ਪਿਯਾ ਹੋਯਾ ਸੀ । ਤਾਂ ਉਦੀ ਮਾਂ ਜੋ ਰੋਜ ੨ ਵਾਢੀਆਂ ਦੀ ਉਡੀਕ ਰਖਦੀ ਸੀ ਉਸ ਨੇ ਉਨ੍ਹਾਂ ਨੂੰ ਇਸ ਤਰਾਂ ਸਮਝਾਯਾ ਜੋ ਜਦੋਂ ਮੈਂ ਖੁਰਾਕ ਲਭਣ ਵਾਸਤੇ ਜਾਵਾਂ ਤਾਂ ਤੁਸਾਂ ਮੇਰੇ ਪਿਛੋਂ ਜੋ ਖਬਰ ਸੁਣਨੀ ਸੋ ਮੈਨੂੰ ਦਸਣੀ... ਤੇ ਉਹ ਆਪਣੇਂ ਗਵਾਂਢੀਆਂ ਗੱਲ ਮੈਨੂੰ ਤੇ ਜਰੂਰ ਉਨ੍ਹ ਕੁਝ ਚਿਰ ਤੋੜੀ ਠਹਿਰਣਾ ਪਊ ਤੇ ਦੂਜੇ ਦਿਨ ਮਾਲਕ ਫੇਰ ਆਯਾ । (ਪੱਤਰਾ ੧੯)

ਇਸ ਤੋਂ ਅੱਗੇ ਪੱਤਰਾ ੨੦ ਤਕ ਪੁਰਾਣੀਆਂ ਪੁਸਤਕਾਂ ਦੇ ਨਾਮ ਤੇ ਤੋਟਕ, ਚੌਪਈ, ਆਦਿ ਛੰਦਾਂ ਦੇ ਨੋਟ ਦਰਜ ਹਨ ।

(ੲ) ਹੋਰ ਕਹਾਣੀਆਂ

ਆਰੰਭ—੧ੴ ਇਕ ਮਨੁਖ ਕਿਸੇ ਦੇ ਮਿਲਨ ਲਈ ਦੁਪਹਰਾਂ ਵੇਲੇ ਉਦੇ ਘਰ ਗਿਆ । (ਪੱਤਰਾ ੨੨)

ਅੰਤ— ਇਹ ਗਲ ਚੰਗੀ ਹੈ ਜੋ ਕੁਸੋਹਣੀ ਤੀਵੀ ਦਾ ਖਸਮ ਅੰਨ੍ਹਾ ਹੋਵੇ ।... (ਪੱਤਰਾ ੨੪)

(ਸ) ਯੂਹੰਨਾ ਪਿਕੰਬਰ ਦੀ ਪੋਥੀ

ਆਰੰਭ-੧ੴ ਯੂਹੰਨਾ ਪਿਕੰਬਰ ਦੀ ਪੋਥੀ ਪਹਿਲਾ ਧਿਆਇ । ੧ । ਪ੍ਰਭੂ ਦੀ ਬਾਨੀ ਅਮਿਟਾਇ ਦੇ ਪੁਤ੍ਰ ਯੂਹਨਾ ਨੂੰ ਆਈ । (ਪੱਤਰਾ ੨੫)

ਅੰਤ— ...ਹੇ ਪ੍ਰਭੂ ਮੇਰੇ ਪਰਮੇਸਰ! ਤੂੰ ਮੇਰੀ ਜਿੰਦ ਨੂੰ ਸਮਾਧ ਵਿਚੋਂ ਛੁਟਕਾਰਾ ਕਰੇਗਾ । (ਪੱਤਰਾ ੨੫)

ਇਸ ਤੋਂ ਅੱਗੇ ਪੱਤਰਾ ੨੬ ਤਕ ਕੁਝ ਸ਼ਬਦਾਰਥ ਲਿਖੇ ਹੋਏ ਹਨ ਤੇ ਫੇਰ ਟ੍ਰੈਕਟ ਨੰਬਰ ੩

ਬਾਬਤ ਸੰਨ ੧੮੬੭ ਈ. ਦਾ ਪਾਠ ਡੇਢ ਪੱਤਰੇ ਉਤੇ ਦਰਜ ਹੈ।

(ਹ) ਪੰਜਾਬੀ ਅਖੌਤਾਂ

ਆਰੰਭ—੧ ਮੂੰਹ ਛੋਟਾ ਤੇ ਗੱਲ ਵੱਡੀ।
੨ ਜਾਤ ਦੀ ਕੋੜ੍ਹ ਕਿਰਲੀ ਏ ਸਤੀਰਾਂ ਨਾਲ ਜਫੇ। (ਪੱਤਰਾ ੨੮)

ਅੰਤ— ੪੩੮ ਬਾਰੀਂ ਬਰਸੀਂ ਸੰਢ ਵਿਆਹੀ।
ਉਨ ਭੀ ਕਾਲੀ ਕੁਤੀ ਜਾਈ॥
੪੩੯ ਸੁਤੇ ਪਏ ਦਾ ਮੂੰਹ ਚੁੰਮਿਆ, ਨਾ ਚੁੰਮਦੇ ਨੂੰ ਸੁਆਦ ਨਾ ਚੁੰਮਾਵਦੇ ਨੂੰ।
੪੪੦ ਤੇਲੀ ਬੀ ਕੀਤਾ ਤੇ ਰੁਖਾ ਬੀ ਖਾਧਾ।
੪੪੧ ਜੇ ਮਨੁੱਖ ਸਿਆਣਾ ਬੀ ਹੋਵੇ ਤਾਂ ਬੀ ਕੰਧ ਨੂੰ ਹੀ ਪੁਛ ਲਏ। (ਪੱਤਰਾ ੩੫)

ਇਹ ਪੁਸਤਕ ਈਸਾਈ ਮਿਸ਼ਨ ਲੁਧਿਆਨਾ ਦੀ ਲਿਖਤ ਜਾਪਦੀ ਹੈ ਜੋ ਸ਼ਾਇਦ ਇਕ ਅੱਧੀ ਵੇਰ ਛਪ ਵੀ ਚੁਕੀ ਹੈ।

੨. ਅਮਰ-ਕੋਸ਼ ਭਾਖਾ (ਰਤਨ ਦਾਮ) (ਨੰ. ×, ਕ. ਸਿੰ. ਗ੍ਰੰ.)

ਲੇਖਕ— ਅਮਰ ਸਿੰਘ। ਅਨੁਵਾਦਕ—ਕਵੀ ਟਹਿਕਨ। ਆਕਾਰ—$12\frac{1}{4}'' \times 5\frac{1}{2}''$, ਲਿਖਤ $10\frac{1}{2}'' \times 4\frac{1}{4}''$।

ਵੇਰਵਾ— ਪੱਤਰੇ ੭੬; ਪ੍ਰਤੀ ਸਫ਼ਾ ੧੧ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੱਤਰੇ ਖੁਲ੍ਹੇ; ਮੁੱਢਲਾ ਪੱਤਰਾ ਕੁਝ ਫਟਿਆ ਹੋਣ ਕਰ ਕੇ ਨਵੇਂ ਸਿਰੇ ਮੁਰੰਮਤ ਕੀਤਾ ਹੋਇਆ।

ਸਮਾਂ— ੧੮ ਸਦੀ ਬਿ.। ਲਿਖਾਰੀ—ਨਾਮਾਲੂਮ।

ਆਰੰਭ—ੴ ਸਤਿਗੁਰ ਪ੍ਰਸਾਦਿ। ਅਥ ਅਮਰ ਕੋਸ ਭਾਖਾ ਲਿਖਯਤੇ। ਟਹਕਨ ਕ੍ਰਿਤ। ਗਣੇਸ ਉਪਮਾ॥ ਕਵਿਤ ਛਪੈ॥
ਦ੍ਵਰਦ ਬਦਨ ਸੁਖ ਸਦਨ ਰਦਨ ਬਰ ਏਕ ਗਵਰਿ ਤਨ।
ਬਿਘਨ ਹਰਨ ਸੁਭ ਕਰਨ, ਦਲਿਨ ਦੁਖ ਦਾਰਿਦ ਅਘ ਹਰਨ।... (ਪੱਤਰਾ ੧)

ਅੰਤ— ...ਜਨ ਟਹਿਕਨ ਹੀਏ ਬਸੋ ਸਦਾ, ਨੰਦ ਲਾਲ ਆਨੰਦ ਘਨ॥੧੪੨੬॥
ਇਤਿ ਸ੍ਰੀ ਰਤਨ ਦਾਮ ਟਹਕਨ ਬਿਰਚਤਾਯਾਂ ਨੌ ਬਿਸਮੋ ਪ੍ਰਭਾਵ:॥੨੯॥
ਇਤਿ ਰਤਨ ਦਾਮ ਭਾਖਾ ਸੰਪੂਰਨ।
ਰਤਨ ਨਾਮ ਨਾਨਾ ਤਰਾਂ, ਜਿਉ ਰਾਜਤ ਰਤਨਾ ਖਾਨ।
ਨਿਕਸਤ ਬਹੁਤ ਅਮੋਲ ਕੇ, ਪ੍ਰੀਖਤ ਹੈ ਬੁਧਿਵਾਨ॥੧॥ (ਪੱਤਰਾ ੭੬)

ਮੱਢ ਵਿਚ ਇਸ ਪੁਸਤਕ ਦਾ ਨਾਮ 'ਅਮਰ ਕੋਸ਼' ਤੇ ਅੰਤ ਵਿਚ 'ਰਤਨ ਦਾਮ' ਲਿਖਿਆ ਹੈ।

੩. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇ ਪ੍ਰਯਾਯ (ਨੰ. ੮੩, ਪ੍ਰੋ. ਪ੍ਰੀ. ਸਿੰ)

ਲੇਖਕ— ਭਾਈ ਅਤਰ ਸਿੰਘ, ਗਿਆਨੀ। ਆਕਾਰ—$6\frac{1}{2}'' \times 10''$, ਲਿਖਤ $4\frac{1}{2}'' \times 7\frac{3}{4}''$।

ਵੇਰਵਾ— ਪੱਤਰੇ ੨੨; ਪ੍ਰਤੀ ਸਫ਼ਾ ੧੧-੧੫ ਸਤਰਾਂ; ਕਾਗਜ਼ ਦੇਸੀ, ਖ਼ਾਕੀ, ਸਾਦਾ ਤੇ ਪਤਲਾ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਸਿੱਧੇ ਸਾਦੇ ਤੌਰ ਤੇ ਯਾਦਦਾਸ਼ਤ ਵਜੋਂ ਲਿਖੀ ਹੋਈ, ਜਿਸ ਕਰ ਕੇ ਪੱਤਰਿਆਂ ਦੇ ਅੰਕ ਵੀ ਸ਼ਬਦਾਂ ਦੀ ਵਿਆਖਿਆ ਸਮੇਤ, ਬੇ-ਤਰਤੀਬ ਤੇ ਅੱਗੇ-ਪਿੱਛੇ ਲੱਗੇ ਹੋਏ; ਸ਼ਬਦ-ਅਰਥ ਵੀ ਟਾਵੇਂ ਟਾਵੇਂ ਹੀ ਦਿੱਤੇ ਹਨ, ਜੋ ਬੜੇ ਸਾਧਾਰਣ ਹਨ।

ਸਮਾਂ— ਸੰਮਤ ੧੯੬੧ ਬਿ.। ਸਥਾਨ—ਕੋਠੀ ਮਹਾਰਾਜਾ ਰਣਬੀਰ ਸਿੰਘ ਜੀ, ਸੰਗਰੂਰ (ਰਿਆਸਤ ਜੀਂਦ)।

ਆਰੰਭ—ੴ ਸਤਿਗੁਰ ਪ੍ਰਸਾਦਿ। ਆਗੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੈ ਜੋ ਸਬਦ-ਸਲੋਕ ਪਾਠ ਕਠਿਨ ਹੈ, ਸੋ ਪ੍ਰੇਮੀ ਜਨੋਂ ਕੇ ਪੜ੍ਹਨੇ ਵਾਸਤੇ ਬਾਲ ਬੁਧੀਓਂ ਕੇ ਲਿਖਤੇ ਹੈਂ। ਕਹੀਂ ਤੁਕ ਕਹੀਂ ਸੰਪੂਰਨ ਸਬਦ-ਸਲੋਕ ਅੰਕ ਸਮੇਤ ਰਾਗ ਸਮਝ ਲੈਨਾ। ਇਸ ਕੋ ਪੜ੍ਹ ਕੈ ਕਠਿਨ ਪਦੋਂ ਕਾ ਬੋਧ ਹੋ ਜਾਵੈਗਾ। ਅਤਰ ਸਿੰਘ ਗਯਾਨੀ ਤਖਤ ਸ੍ਰੀ ਅਨੰਦ ਪੁਰ ਜੀ ਨੇ ਸੰਗ੍ਰਹਿ ਕੀਏ। ਸਮਤ ੧੯੬੧ ਭਾਦੋਂ ਪ੍ਰਵਿਸਟਾ ੧, ਮੁਕਾਮ ਸੰਗਰੂਰ ਦਰ ਕੋਠੀ ਮੁਬਾਰਿਕ ਸ੍ਰੀ ਹਜ਼ੂਰ ਮਹਾਰਾਜੇ ਰਾਜਗਾਨ ਰਣਬੀਰ ਸਿੰਘ ਜੀ, ਜੀਂਦ ਰਾਜਧਾਨੀ।

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥
ਪੰਚੇ ਸੋਹਹ ਦਰ ਰਾਜਾਨ । ਸੁਆਸਤ ਆਥਿ ਬਾਣੀ ਬਰਮਾਉ । ਨਦੀਆਂ ਅਤੇ ਵਾਹ ਪਵਹਿ ਸਮੁੰਦ.. (ਪੱਤਰਾ ੧)

ਅੰਤ– ਨਾਨਕ ਦੇਵ, ਅਪਾਰ ਸੇਵ, ਤਟਹ ਖਟਹ ਬਰਤ ਪੂਜਾ, ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ। (ਪੱਤਰਾ ੨੨)

੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਯਾਯ (ਨੰ. ੩੬੮, ਪੰ. ਯੂ. ਚੰ.)

ਲੇਖਕ— ਨਾਮਾਲੂਮ । ਆਕਾਰ—6″ × 7¾″, ਲਿਖਤ 5″ × 6½″ ।

ਵੇਰਵਾ— ਪੱਤਰੇ ੨੭੬ ਤੇ ਕੁਝ ਹੋਰ ਫੁਟਕਲ ਪ੍ਰਤੀਆਂ । ਆਦਿ-ਅੰਤ ਦੇ ਪੱਤਰੇ ਗੁਮ ਹੋਣ ਕਰ ਕੇ ਪੁਸਤਕ ਅਧੂਰੀ ਹੈ ।

੫. ਸ੍ਰੀ ਗੁਰੂ ਨਾਨਕ ਪ੍ਰਕਾਸ਼ ਕੇ ਪ੍ਰਯਾਯ (ਨੰ. ੩੮੭, ਪੰ. ਆ.)

ਲੇਖਕ— ਨਾਮਾਲੂਮ । ਆਕਾਰ— 5″ ×7″, ਲਿਖਤ 3½″ × 5½″ ।

ਵੇਰਵਾ— ਪੱਤਰੇ ੧੦; ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ—ਸਾਫ਼ ਤੇ ਸ਼ੁੱਧ, ਪਰ ਕਈ ਥਾਵੇਂ ਕੁਝ ਅਸ਼ੁੱਧੀਆਂ ਹੋਣ ਤੇ ਦਰੁਸਤ ਕੀਤੀਆਂ ਹੋਈਆਂ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ, ਜੋ ਕੁਝ ਵਧਵਾਂ-ਘਟਵਾਂ ਵੀ ਹੈ; ਮੁੱਢਲੇ ਤੇ ਆਖ਼ਰੀ ਪੱਤਰੇ ਫਟੇ ਹੋਣ ਕਰ ਕੇ ਪੁਸਤਕ ਸ਼ਿਕਸਤਾ ਹਾਲਤ ਵਿਚ ਹੈ ।

ਸਮਾਂ– ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ— ਨਾਮਾਲੂਮ ।

ਆਰੰਭ—ੴ ਸਤਿਗੁਰ ਪ੍ਰਸਾਦਿ । ਅਥ ਨਾਨਕ ਪ੍ਰਕਾਸ ਕੇ ਪ੍ਰਯਾਯ ਲਿਖਜਤੇ । ਤੀਨੋ ਲੋਕ ਬਰ ਦਾਨੀ । ਇਤੀ । ਅਥ ਤੀਨ ਲੋਕ ਸੁਰਗ ੧, ਮਾਤ ੨, ਪਤਾਲ ੩ ਤੀਨੋ ਜਾਂਚੈ ਤ੍ਰੈਲੋਕੀ ਦੇ ਜੀਵ । ਤੀਨੋ ਤਾਪ ਹਾਨੀ ਅਧਜਾਤਮਕ ੧, ਅਧਿ ਭੂਤਕ ੨, ਅਧਿਦੈਵਿਕ ੩... (ਪੱਤਰਾ ੧)

ਅੰਤ— ੪੫ ਧਿਆਉ । ਤਰ, ਅਤਸੇ ਕਰ ਕੇ । ਸਮਤ, ਹਾਸ਼ੀ । ਅਨਕਲ, ਬਿਆਕਲ । ਅਚੋਰੀ ਪ੍ਰਗਟ ਪ੍ਰਕਾਰ ਚਾਦਰ । ਮੰਤਰ ਘ੍ਰਾਨ । ਤਰ ਜਾਤ ਪਾਲਜਾ । ਕਰਨੀ, ਹਾਥਣੀ । ਸਟਕਿਓ ਨਾਮ ਚਲਿਆ ਕਰ ਸੇਖ ਅਕਵਲ । ਰਮਲੀ ਖੁਸੀ । ਮੀਢੀ, ਭੇਢ । ਕੁਲਟਾ, ਬਿਭਚਾਰਨ । ਨੀਖਤਾਤਲਾ ਅਮਪਾਪ ਜਾਤ੍ਰੀ । ਬਨ ਜਲ । ਬਾਣੀ, ਪਣੀ । ਬਾਰ, ਦਰਵਾਜਾ । ਬਿਪਨੀ, ਬਜਾਰ । ਰਥਾਗਲੀ, ਫਾਸ ਘਰ । ਮਸਕ, ਕਸਤੂਰੀ । ਚੇਟਕੀ, ਜਾਦੂਗਰ । ਅਸੂ, ਛੁਟੜ । ਗੜੋਈ ਬਡਾ, ਅਭੀਰ, ਨਿਡਰ । ਸਊਰ, ਸਵਾਰ । ਅਹਿ ਰਿਪੂ ਕੇਤੁ । (ਪੱਤਰਾ ੧੦)

ਇਸ ਤੋਂ ਅੱਗੇ ਪੱਤਰੇ ਦੇ ਦੂਜੇ ਪਾਸੇ ਇਹ ਤਕਾਂ ਹਨ —

ਤਨਿਆ ਮਿਲ ਤੋਖ ਤਿਖਾ ਤਰਖੀ ।
ਜਲ ਮੇਲ ਮਿਲਾ ਸੁਖ ਸੇ ਹਰਖੀ ।
ਜਗ ਕਾਰਜ ਜਾਰ ਸਮਾਨ ਵਸੇ ।
ਬਿਲਮ ਜੁ ਮਿਲੇ ਬਿਨ ਕਜੋਂ ਨਿਕਸੇ ।
ਵਿਗ ਹੋਵਤ ਭੀ ਨਹਿ ਮੇਲ ਬਨ ।
ਦਿਸਟਾਤ ਇਹੈ ਮਤਿਵਾਨ ਭਨੈ ॥

੬. ਨਾਮ ਮਾਲਾ ਸਟੀਕ (ਫ਼ਾਰਸੀ ਅੱਖਰ) (ਨੰ. ੪੭੭, ਪੰ. ਯੂ. ਚੰ.)

ਲੇਖਕ— ਬੁਧਵੰਤ । ਟੀਕਾਕਾਰ— ਲੇਖਕ ਖ਼ੁਦ । ਆਕਾਰ—6″ × 9½, ਲਿਖਤ 4½″ × 7″ ।

ਵੇਰਵਾ— ਪੱਤਰੇ ੧੦; ਪ੍ਰਤੀ ਸਫ਼ਾ ੧੪ ਸਤਰਾਂ; ਕਾਗਜ਼ ਦੇਸੀ; ਲਿਖਤ ਸ਼ਿਕਸਤਾ, ਜੋ ਮੁਸ਼ਕਿਲ ਨਾਲ ਪੜ੍ਹੀ ਜਾਂਦੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਹਾਸ਼ੀਏ ਉਤੇ ਅਤੇ ਇਬਾਰਤ ਦੇ ਨਾਲੋ ਨਾਲ ਬਾਰੀਕ ਕਲਮ ਤੋਂ ਟਿੱਪਣੀਆਂ ਦਿੱਤੀਆਂ ਹੋਈਆਂ; ਕਈ ਥਾਂਵੀਂ ਸਿਰ ਲੇਖਾਂ ਲਈ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਬਗ਼ੈਰ ਜਿਲਦ, ਜੋ ਸ਼ਿਕਸਤਾ ਹਾਲਤ ਵਿਚ ਹੈ ।

ਸਮਾਂ— ਨਿਸ਼ਚਿਤ ਨਹੀਂ । ਲਿਖਾਰੀ—ਲੇਖਕ ਖ਼ੁਦ ।

ਆਰੰਭ– ਆਦਿ ਕਰਨ ਗੁਰੂ ਸਿਸ਼ਟਿ ਕਰ, ਜੋ ਦਾਤਾ ਜਗ ਪਾਲ ।
ਪਤਿਤ ਉਧਾਰਨ ਅਵਰ ਹਰਿ, ਦੀਨਾ ਨਾਥ ਦਿਆਲ ॥
ਠਾਕੁਰ ਈਸਨ ਈਸ ਫੌਨ, ਨਾਥ ਅਨਾਥ ਆਧਾਰ ।

ਜਗਤ ਉਪਾਵਨ ਨਾਸ ਕਰ, ਅਨਿਆਸੀ ਉਧਾਰ ॥
ਨਿਹਚਲ ਅਨੰਤਿ ਪ੍ਰਭੂ ਪਰਮ, ਪਰਮੇਸੁਰ ਅਨੂਰੂਪ ।
ਸਕਲ ਕਲਾ ਪਰਬੀਨ ਅਰੁ, ਨਿਰੰਕਾਰ ਜਗ ਭੂਪ ॥
ਅਲਖ ਪੁਰਖ ਕਰਤਾਰ ਫੁਨ, ਨਿਰੀਕਾਰ ਸਬ ਗਰਬ ।
ਅਨਾਲੋਕ ਸੋ ਨਿਰੰਜਨਾ, ਕਹਿਤ ਅਮੂਰਤਿ ਸਰਬ ॥
'ਅਮਰ ਗ੍ਰੰਥ' ਮੈ ਜੋ ਕਹੇ, ਯਹੀ ਸੁਨੋ ਕਰ ਸੁੱਧ ।
ਕਛ ਉਪਜਾਏ ਅਰਥ ਸੋ, ਨਏ ਨਾਉਂ ਨਿਜ ਬੁੱਧ ॥
ਏਕ ਕਿਰਤ ਨਿਰਬਾਹ ਸੋਂ, ਕੀਏ ਜਾਤ ਸੋ ਕਬਿਤ ।
ਸਹੇਸ ਕ੍ਰਿਤ ਪ੍ਰਾਕ੍ਰਿਤ ਔਰ ਭਾਖਾ ਸੁਨੀਏ ਨਿਤ ॥ (ਪੱਤਰਾ ੧)

ਅੰਤ– ਚਾਰ ਗਨ ਨਾਮ

ਜਗਨ ਮੱਧ ਕਰ ਜਾਨੀਏ, ਸਗਨ ਮੱਧ ਲੈ ਲੇਖ ।
ਤਗਨ ਦੋਇ ਕਰ ਅੰਤ ਲਿਖ, ਰਗਨ ਅੰਤ ਕਰ ਦੇਖ ॥
ਕਾਬ ਰੀਤਿ ਨਾਮ
ਰਸ ਤਜ ਚਾਰੋ ਪਰਹਰਹੁ, ਤੇ ਫੁਨ ਲਾਵਹੁ ਚਿੱਤ ।
ਹਜ ਧਰ ਖਿਨ ਖਿਨ ਆਵਦੇ, ਕਬਿ ਜਨ ਕਰਹਿ ਕਬਿੱਤ ॥
ਤਮਤ ਨਾਮ ਮਾਲਾ ਮਿਨ ਤਸਨੀਫ਼ ਬੁੱਧ ਵੰਤ । ਬਦਸਤਖ਼ਤ ਖ਼ੁਦ... (ਪੱਤਰਾ ੧੦)

ਇਹ ਸਬਦ-ਕੋਸ਼, ਜਿਵੇਂ ਕਿ ਇਸ ਦੇ ਮੁੱਢਲੇ ਸ਼ਬਦਾਂ ਤੋਂ ਪਤਾ ਲਗਦਾ ਹੈ, ਕਵੀ ਬੁੱਧਵੰਤ ਨੇ ਅਮਰ ਕੋਸ਼ ਆਦਿ ਦੇ ਆਧਾਰ ਤੇ ਤਿਆਰ ਕੀਤਾ ਸੀ, ਜੋ ਅਜੇ ਤਕ ਕਿਤੇ ਛਪਿਆ ਨਹੀਂ ਹੈ ।

੭. (ੳ) ਨਾਮ ਮਾਲਾ (ਅਨੇਕਾਰਥੀ ਆਦਿ ਸਮੇਤ) (ਨੰ. ੨੭੮, ਭਾ. ਵਿ.)

ਲੇਖਕ– ਕਵੀ ਨੰਦ ਦਾਸ । ਆਕਾਰ 7" × 5¼", ਲਿਖਤ 5" × 3½" ।

ਵੇਰਵਾ– ਪੱਤਰੇ ੮੭; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ: ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ੧੭ਵੀਂ ਸਦੀ ਬਿ. । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸ੍ਰੀ ਗਣੇਸਾਯ ਨਮ: । ਅਥ ਮਾਨ ਮੰਜਰੀ ਨਾਮ ਮਾਲਾ ਖਿਯਤੇ (ਲਿਖਯਤੇ) ਕ੍ਰਿਤ ਕਵਿ ਨੰਦ ਦਾਸ ।
ਦੋਹਰਾ ॥ ਤੰ ਨਮਾਮਿ ਪਦ ਪਰਮ ਗੁਰ, ਕ੍ਰਿਸਨ ਕਮਲ ਦਲ ਨੈਨ ।
ਜਗ ਕਾਰਨ ਕਰੁਨਾਰਨਵ, ਗੋਕਲ ਜਿਨ ਕੋ ਐਨ ॥ ੧ ॥ (ਪੱਤਰਾ ੧)

ਅੰਤ— ਮਾਲਾ ਸ੍ਰਿਕ ਜੋ ਗੁਨਵਤੀ, ਯਹਿ ਜੁ ਨਾਮ ਕੀ ਦਾਮ ।
ਕਰ ਹੈ ਜੋ ਨਰ ਕੰਠ ਯਹਿ, ਸੋ ਹ੍ਵੈ ਹੈ ਛਬਿ ਨਾਮ ॥ ੨੭੮ ॥
ਇਤਿ ਸ੍ਰੀ ਮਾਨ ਮੰਜਰੀ ਨਾਮ ਮਾਲਾ ਨੰਦ ਦਾਸ ਕ੍ਰਿਤ ਸੰਪੂਰਨੰ ਸੁਭੰ । (ਪੱਤਰਾ ੩੬)

(ਅ) **ਅਨੇਕਾਰਥੀ** (ਕੋਸ਼)

ਆਰੰਭ– ੧ਓ ਸਤਿਗੁਰ ਪ੍ਰਸਾਦਿ । ਅਥ ਅਨੇਕਾਰਥੀ ਲਿਖਯਤੇ । ਸ੍ਰੀ ਗਣੇਸਾਯ ਨਮ: ।
ਦੋਹਰਾ ॥ ਜੋ ਪ੍ਰਭ ਜੋਤਿ ਜਗੱਤ ਮੈ, ਕਾਰਨ ਕਰਨ ਅਭੇਵ ।
ਬਿਘਨ ਹਰਨ, ਸਭ ਸੁਖ ਕਰਨ, ਨਮੋ ਨਮੋ ਤਿਹ ਦੇਵ ॥ ੧ ॥ (ਪੱਤਰੇ ੩੬-੩੭)

ਅੰਤ— ...ਜੋ ਅਨੇਕ ਅਰਥੀ ਪੜ੍ਹਹਿ, ਅਥਵਾ ਸੁਨਹਿ ਜੁ ਕੋਇ ।
ਤਾ ਕੋ ਅਨਕ ਅਰੱਥ ਇਹੁ, ਪੁੰਨ ਪਰਾਪਤਿ ਹੋਇ ॥ ੫੭ ॥
ਇਤਿ ਸ੍ਰੀ ਅੰਨੇਕਾਰਥੀ ਸੰਪੂਰਨੰ ਸਮਾਪਤੰ ਸੁਭੰ । (ਪੱਤਰਾ ੫੫)

(ੲ) **ਰੂਪ ਦੀਪ ਪਿੰਗਲ** (ਜੈ ਕ੍ਰਿਸ਼ਨ)

ਆਰੰਭ— ੧ਓ ਸ੍ਰੀ ਗਣੇਸਾਯ ਨਮ: । ਸ੍ਰੀ ਸਰਸ੍ਵਤ੍ਯੈ ਨਮ: । ਅਥ ਰੂਪ ਦੀਪ ਪਿੰਗਲ ਭਾਖਾ ਲਿਖ੍ਯਤੇ ।
ਦੋਹਰਾ ॥ ਸਾਰਦ ਮਾਤਾ ਤੂ ਬਰੀ, ਸੁਬੁਧਿ ਦੇਹੁ ਦਰ ਹਾਲ ।
ਪਿੰਗਲ ਕੀ ਛਾਯਾ ਲਿਯੈ, ਬਰਨੌ ਬਾਵਨ ਚਾਲ ॥ ੧ ॥ (ਪੱਤਰਾ ੫੭)

ਅੰਤ— ...ਭੂਲਿ ਭੇਦ ਜਾ ਕੋ ਕਹਜੋ, ਕਰੋ ਕਵੀਸੁਰ ਸੁਧਜ ॥ ੬੬ ॥
ਇਤਿ ਸ੍ਰੀ ਪਿੰਗਲ ਰੂਪ ਦੀਪ ਭਾਖਾ ਜੈ ਕ੍ਰਿਸਨ ਭੁੰਜਗ ਕ੍ਰਿਤ ਸੰਪੂਰਣੰ ਸਮਾਪਿਤੰ ਸੁਭੰਮਸਤੁ । (ਪੱਤਰਾ ੩੯)

(ਸ) ਨਾਮ ਮਾਲਾ (ਕੋਸ਼)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਨਾਮ ਮਾਲਾ ਲਿਖ੍ਯਤੇ ॥ ਦੋਹਰਾ ॥
ਦਿਸਾ ਕੇ ਦੇਵਤਾ ਬਰਨਨੰ ।
ਪੂਰਬ ਦਿਸ ਕੋ ਇੰਦ੍ਰਪਤਿ, ਦੱਛਨ ਕੋ ਜਮ ਜਾਨ ।
ਪਸਚਮ ਕੋ ਜਲਰਾਜ ਹੈ, ਉੱਤਰ ਧਨਦ ਪਛਾਨ ॥ ੧ ॥ (ਪੱਤਰਾ ੬੯)

ਅੰਤ— ਸੋਲਾ ਸੀਗਾਰ ਵਰਨਨੰ ॥ ਕਬਿੱਤੁ ॥
ਮੰਜਨ ਕੌ ਧਾਰ ਪੁਨ ਕੇਸਨ ਸਵਾਰ ਖੋਰ,
ਟੀਕੇ ਕੋ ਸੁਧਾਰ ਦ੍ਰਿਗ ਅੰਜਨ ਸਰਾਯੋ ਹੈ ।
ਅਚਿਤ ਸੁਗੰਧ ਅੰਗ ਕੰਡਲ ਕਰਣ ਚਾਰ,
ਮੁਦ੍ਰਿਕਾ ਮੁਕਟ ਸੀਸ ਸੁੰਦਰ ਬਨਾਯੋ ਹੈ ।
ਪੈਰੀ ਪਦਤ੍ਰਾਣ ਪੁਨ ਹਾਥ ਮੈ ਖੜਗ ਜਾਨ,
ਓਢ ਕੇ ਪਟੰਬਰ ਖਿਰਕਟ ਧਰਾਯੋ ਹੈ ।
ਵਿਦਜਾ ਕੋ ਵਿਨੋਦ ਸਾਰ ਖਾਇ ਕੈ ਤੰਬੋਲ ਸਾਰ,
ਸੋਲ ਸੋ ਸਿੰਗਾਰ ਨਰ ਸੋਲਹਿ ਸੁਹਾਯੋ ਹੈ ॥ ੫੦ ॥ (ਪੱਤਰਾ ੭੬)

ਇਸ ਤੋਂ ਅੱਗੇ ਸ੍ਰੀ ਗੁਰੂ ਗ੍ਰੰਥ ਜੀ ਦੇ ਬਾਣੀ-ਲੇਖਕਾਂ ਦੀ ਨਾਮਾਵਲੀ ਪੱਤਰਾ ੭੭ ਦੇ ਅੰਤ ਵਿਚ ਦਰਜ ਹੈ ।

(ਹ) ਗੁਰਰਹ ਸਨ ਹਿਜਰੀ ਕਾ (ਲੇਖਕ-ਹਕੀਮ ਮੁਹੰਮਦ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਗੁਰਰਹ ਸਨ ਹਿਜਰੀ ਕਾ ਲਿਖ੍ਯਤੇ ।
ਦੋਹਰਾ ॥ ਅੱਵਲ ਸਿਫਤ ਸਮੀਮ ਦੀ, ਖਾਲਕ ਖਲਕ ਖੁਦਾਇ ।
ਕੁਦਰਤ ਓਸ ਕਰੀਮ ਦੀ, ਹਰ ਗਿਜ਼ ਲਖੀ ਨ ਜਾਇ ॥ ੧ ॥ (ਪੱਤਰਾ ੭੭)

ਅੰਤ— ਹਕੀਮ ਮੁਹੰਮਦ ਲਿਖਿਆ, ਮਾਫਕ ਅਕਲ ਬਣਾਇ ।
ਅੱਗੇ ਕੁਦਰਤ ਰੱਬ ਦੀ, ਜਾਣੇ ਆਪ ਖੁਦਾਇ ॥ ੯੦ ॥
ਇਤਿ ਗੁਰਰਾ ਸਮਾਪਤੰ । (ਪੱਤਰਾ ੮੭)

ਇਹ ਪੁਸਤਕ ਫ਼ਾਰਸੀ ਤੋਂ ਹਿੰਦੀ ਵਿਚ ਅਨੁਵਾਦਿਤ ਕੀਤੀ ਹੋਈ ਹੈ ।

੮. ਪਸ਼ਤੋ ਸ਼ਬਦ-ਕੋਸ਼ (ਅਧੂਰਾ) (ਨੰ. ੮੬, ਪ੍ਰੋ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ-5½" × 8", ਲਿਖਤ 3¼" × 6½" ।

ਵੇਰਵਾ— ਪੱਤਰੇ ੬; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਦੇਸੀ ਖ਼ੁਰਦਰਾ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰੇ ਖੁਲ੍ਹੇ ।

ਸਮਾਂ— ੮੦-੯੦ ਸਾਲ ਪੁਰਾਣੀ ਲਿਖਤ ਹੈ । **ਲਿਖਾਰੀ**— ਨਾਮਾਲੂਮ ।

ਆਰੰਭ— ਗਿਣਤੀ ਪਸਤੋਂ ਮੇਂ ।

ਯੋ	ਇਕ	ਯ੍ਹਾਰਲਸ	ਚੋਦਾਂ
ਦੂਆ	ਦੋ	ਪੀਂਜਲਸ	ਪੰਦ੍ਹਾਂ

ਦੂ	ਤੀਨ	ਸ਼ਪਾੜਸ	ਸੋਲਾਂ
ਸਲੋਰ	ਚਾਰ	ਉਵੱਲਸ	ਸਤਾਰਾਂ
ਪੀਜ਼ਾਂ	ਪਾਂਚ	ਅਤੱਲਸ	ਠਾਰਾਂ
ਸਪਗ	ਛੈ	ਨੂਲਸ	ਉੱਨੀ
ਓਵੇ	ਸਾਤ	ਸ਼ਿਲ	ਬੀਸ
ਅਤਹ	ਆਠ	ਯੋਵਿਸ਼ਤ	ਇੱਕੀ
ਨਹਾ	ਨੌਂ	ਦੁਆਵਿਸਤ	ਬਾਈ
ਲਸ	ਦਸ	ਦ੍ਰਿਵਿਸਤ	ਤੇਈ
ਯੋਲਸ	ਗਜਾਰਾਂ	ਸਲੋਰਿਸਤ	ਚੋਬੀ
ਦੋਲਸ	ਬਾਰਾਂ	ਪੀਂਜ ਵਿਸਤ	ਪੱਚੀ
ਦਜਾਰਲਸ	ਤੇਰਾਂ	ਸੁਪਗਵਿਸਤ	ਛੱਬੀ

ਅੰਤ— ਮੁਤਫ਼ਰਕਾਤ ਯਾ ਸਮੁਚੇ ਨਾਮ ।

ਖੁਦਾਇ,ਰੱਬ	ਪਰਮੇਸਰ
ਪੈਗੰਬਰ	ਅਵਤਾਰ
ਪੀਰ	ਗੁਰਦੇਵ
ਪਕੀਰ	ਫ਼ਕੀਰ, ਸਾਧੂ
ਸੜੇ	ਮਰਦ
ਪੇਰੇ, ਖਾਪੇਰੇ	ਜਿੰਨ, ਪਰੀ, ਅਪੱਛਰਾ

(ਪੱਤਰਾ ੬)

ਇਸ ਤੋਂ ਅੱਗੇ ਪੱਤਰੇ ਗੁਮ ਹਨ ਜਿਸ ਕਰ ਕੇ ਇਹ ਕੋਸ਼ ਅਧੂਰਾ ਹੈ ।

ਇਹ ਸ਼ਬਦ-ਕੋਸ਼, ਜਿਵੇਂ ਕਿ ਇਨ੍ਹਾਂ ਉਦਾਹਰਣਾਂ ਤੋਂ ਪਤਾ ਲਗਦਾ ਹੈ, ਇਕ ਪ੍ਰਕਾਰ ਦੀ ਸ਼ਬਦਾਵਲੀ ਤੇ ਉਨ੍ਹਾਂ ਦੀ ਅਰਥਾਵਲੀ ਮਾਤ੍ਰ ਹੀ ਹੈ, ਤੇ ਹੋਰ ਕੋਸ਼-ਕਾਰੀ ਦਾ ਹੁਨਰ ਇਸ ਵਿਚ ਲੇਖਕ ਨੇ ਕਿਤੇ ਨਹੀਂ ਵਰਤਿਆ । ਇਸ ਕੋਸ਼ ਵਿਚ ਗਿਣਤੀ, ਵਜ਼ਨ, ਸ੍ਵਾਦ (ਕੌੜਾ ਮਿੱਠਾ ਆਦਿ), ਸ਼ਰੀਰ ਦੇ ਅੰਗਾਂ ਦੇ ਨਾਮ ਤੇ ਰੰਗਾਂ ਦੇ ਸਾਧਾਰਣ ਸ਼ਬਦ ਹੀ ਆਏ ਹਨ ।

(ਨੰ. ੬੩, ਪ੍ਰੋ. ਪ੍ਰੀ. ਸਿੰ.)

੯. ਪ੍ਰਯਾਯ ਦਸ਼ਮ ਗ੍ਰੰਥ ਜੀ ਕੇ

ਲੇਖਕ— ਨਾਮਾਲੂਮ । ਆਕਾਰ—7" × 5½"; ਲਿਖਤ 5¾" × 4½" ।

ਵੇਰਵਾ— ਪੱਤਰੇ ੧੨੨+੭੧ ਤੋਂ ੯੪ ਤਕ (੨੪) = ੧੪੬; ਪ੍ਰਤੀ ਸਫ਼ਾ ੧੧ ਤੋਂ ੧੭ ਤਕ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੋ ਕੁ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਜਾਪੁ ਕਿਆ ਜਪਨੇ ਜੋਗ ਹੈ । ਸਿਰੀ ਕਿਆ ਇਹੁ ਪਦੁ ਲਿਖਾਰੀ ਕਾ ਹੈ । ਚਕ੍ਰ. ਗਦਾ ਆਦਿ ਚਿਹਨ ਨਹੀਂ ਹੈ, ਵਾ ਪ੍ਰਤੱਖ ਹਥ ਮੈ ਬਰਨ ਖਤ੍ਰੀਆ ਦੀਨਾ, ਬ੍ਰਨ ਖੱਤਰੀਆ ਦੀ ਵਾ ਰੰਗ ਨਹੀਂ ਹੈ, ਇਹ ਦੋ ਅਰਥ ਸਾਰੇ ਕਰਣ । ਜਾਤ ਪਾਤ ਪ੍ਰਤਖ ਕਿਆ ਜਨਮ, ਪਾਤ ਕਿਆ ਮਰਨਾ ਨਹੀਂ ਹੈ । ਇਹੁ ਪਦੁ ਸਾਰੇ ਦੇਨਾ ਹੈ ।... (ਪੱਤਰਾ ੧)

ਅੰਤ— ਲੋਹਿ ਪ੍ਰਜੰਤ, ਲੋਹੇ ਕੀ ਮੁਖੀ ਤੱਕ ਤਾਣ ਕੇ ਬਾਣ ਮਾਰੇ । ਤਨ ਤਾਨਾ ਕਰ ਕੈ । ਅਕਾਲ ਪੁਰਖ ਕੀ ਸਹਾਇ ਸੈਂ ਪ੍ਰਿਯਾਉ ਪੂਰੇ ਹੋਇ ਹੈ । (ਪੱਤਰਾ ੯੪)

ਇਸ ਪ੍ਰਯਾਯ ਵਾਚੀ ਕੋਸ਼ ਵਿਚ ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ ਉਕਤਿ ਬਿਲਾਸ, ਚੰਡੀ ਦੀ ਵਾਰ, ਵਾਰ ਸ੍ਰੀ ਭਗਉਤੀ ਜੀ ਕੀ, ਚੋਬੀਸ ਅਵਤਾਰਾਂ ਦੀ ਕਥਾ, ਉਪ ਅਵਤਾਰ, ਸ਼ਸਤ੍ਰ ਨਾਮ ਮਾਲਾ, ੩੩ ਸਵੈਯੇ ਤਥਾ ਹਜ਼ਾਰੇ ਦੇ ਸ਼ਬਦ; ਤ੍ਰਿਯਾ ਚਰਿਤ੍ਰ ਆਦਿ ਬਾਣੀਆਂ ਦੇ ਅਰਥ-ਭਾਵ ਦਰਜ ਹਨ ।

(ਨੰ. ×, ਡਾ. ਸ਼ੇ. ਸਿੰ.)

੧੦. (ੳ) ਪ੍ਰਯਾਯ ਭਗਤ ਬਾਣੀ ਕੇ (ਸ੍ਰੀ ਗੁਰੂ ਗ੍ਰੰਥ ਗੂੜ੍ਹਾਰਥ ਪ੍ਰਦੀਪ ਸਮੇਤ)

ਲੇਖਕ— ਸਾਧੂ ਪੰਡਿਤ ਦੇਵਾ ਸਿੰਘ, ਨਰੋੱਤਮ। ਆਕਾਰ—$8\frac{1}{2}'' \times 10''$, ਲਿਖਤ $5\frac{1}{2}'' \times 9''$।

ਵੇਰਵਾ— ਪੱਤਰੇ ੭੮+੨੭੬+੪੦੮, ਕੁਲ ਜੋੜ ੭੬੨; ਪ੍ਰਤੀ ਸਫ਼ਾ ੧੧ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਨਿੱਕੇ-ਮੋਟੇ ਅੱਖਰਾਂ ਵਿਚ ਕਈ ਕਲਮਾਂ ਬਦਲ ਕੇ ਲਿਖੀ ਹੋਈ, ਜੋ ਕਈ ਥਾਵੀਂ ਅਸ਼ੁੱਧੀਆਂ ਹੋਣ ਕਰ ਕੇ ਹੜਤਾਲ ਫੇਰ ਕੇ ਸੋਧੀ ਹੋਈ, ਤੇ ਕਈ ਥਾਵੇਂ ਅਸ਼ੁੱਧੀਆਂ ਹਾਸ਼ੀਏ ਉਤੇ ਦਰੁਸਤ ਕੀਤੀਆਂ ਹੋਈਆਂ; ਖੁਲ੍ਹੇ ਪੱਤਰੇ, ਜਿਸ ਕਰ ਕੇ ਕਿਤੇ ਕਿਤੇ ਕੁਝ ਪੱਤਰੇ ਫਟੇ ਹੋਏ ਵੀ ਹਨ।

ਸਮਾਂ— ਸੰਮਤ ੧੯੫੩ ਬਿ.। ਲਿਖਾਰੀ-ਲੇਖਕ ਖ਼ੁਦ।

ਆਰੰਭ— ਸਿਰੀ ਰਾਗ ਭਗਤ ਬਾਣੀ। ੧ਓ ਸਤਿਗੁਰ ਪ੍ਰਸਾਦਿ। ਪਰੀਯਾ ਭਗਤ ਬਾਣੀ ਗੁਰੂ ਗ੍ਰੰਥ ਜੀ ਕੀ। (ਅਨਤ ਜੀਵਣ ਬਾਣੀ) ਰਾਮ ਜਪੇ ਬਿਨਾ ਅਨਤ ਕਹੀਯੇ ਔਰ ਜੋ ਜੀਵਣ ਹੈ ਸੋ ਬਾਣੀ ਮਾਤ੍ਰ ਹੈ, ਭਾਵ ਕਹਿਣੇ ਮਾਤ੍ਰ ਤਿਸ ਕਾ ਜੀਵਣਾ ਹੈ... (ਪੱਤਰਾ ੧)

ਅੰਤ— (ਸਾਇਰੁ ਸੱਖਿ ਭੁਜੰ ਬਲਦਿਓ) ਜਿਸ ਭੁਜਾ ਕੇ ਬਲ ਰੂਪ ਸਮੁਦ੍ਰ ਕਾ ਜੀਵ ਕੋ ਵਡਾ ਭਰੋਸਾ ਥਾ ਸੋ ਭੁਜਾ ਕਾ ਬਲ ਰੂਪ (ਸਾਇਰੁ) ਸਮੁੰਦ੍ਰ ਬ੍ਰਿਧਪਨੇ ਰੂਪ ਅਗਸਤਿ ਰਿਖੀ ਨੇ ਸਕਾ (ਸੋਕਾ)... (ਪੱਤਰਾ ੭੮)

ਇਸ ਤੋਂ ਅੱਗੇ ਪੱਤਰੇ ਨਾ ਮਿਲਣ ਕਰ ਕੇ ਇਸ ਟੀਕੇ ਦਾ ਅੰਤਲਾ ਪਾਠ ਨਹੀਂ ਮਿਲਦਾ।

(ਅ) ਸ੍ਰੀ ਗੁਰੂ ਗ੍ਰੰਥ ਗੂੜ੍ਹਾਰਥ ਪ੍ਰਦੀਪ (ਪੰਡਿਤ ਦੇਵਾ ਸਿੰਘ)

ਆਰੰਭ—...੧ਓ ਸਤਿਗੁਰ ਪ੍ਰਸਾਦਿ। ਰਾਗੁ ਸਿਰੀ ਰਾਗੁ ਮ: ੧। ਘਰੁ ੧। ਜੋ ਪੁਰਖ ਦੁਰਲਭ ਮਨੁਖ ਸਰੀਰ ਕੋ ਪਾਇ ਕੇ ਮੁਕਤੀ ਕੀ ਇਛਾ ਕਰੇ ਹੈ, ਸੋ ਪੁਰਖ ਪਹਲੇ ਸੁਭਾਸੁਭ ਕਰਮੋ ਮੇ ਅਸੁਭ ਕਰਮੋਂ ਕੋ ਤਯਾਗ ਕੇ ਸੁਭ ਕਰਮ ਕਰੇ... (ਪੱਤਰਾ ੧)

ਅੰਤ— (ਖਸਟ ਰਾਗ ਉਨ ਗਾਏ, ਸੰਗ ਰਾਗਨੀ ਤੀਸ)... ਸਭੀ ਬੇਟੇ ਰਾਗੋਂ ਕੇ ਅਠਾਰਾ ਅਸਟਦਸ ਔ ਬੀਸ ਹੈ, ਭਾਵ ਅਠਤਾਲੀ ਹੈ। ਗੁਰੂ ਗ੍ਰੰਥ ਸਾਹਬ ਜੀ ਕੇ ਔਖੇ ਸ਼ਬਦੋਂ ਕਾ ਔ ਤੁਕੋਂ ਕਾ ਪੂਨਾ ਪਦੋਂ ਕਾ ਟੀਕਾ ਨਿਰਮਲ ਸਾਧੂ ਦੇਵ ਹਰੀ ਨਰੋਤਮ ਕ੍ਰਿਤ ਹੈ। ਸੰਬਤ ਉਨੀ ਸੈ ਤਿਵੰਜਾ ਮੇ ਕਾਰਤਕ ਪੂਰਣਮਾਸੀ ਕੋ ਸਮਾਪਤਿ ਭਯਾ ਹੈ। (ਪੱਤਰਾ ੪੦੮)

ਇਸ ਪੁਸਤਕ ਵਿਚ ਗੁਰਬਾਣੀ ਦੇ ਪ੍ਰਯਾਯ ਦੇ ਦੋ ਭਾਗ ਹਨ: ਪਹਿਲਾ ਭਾਗ ਸ੍ਰੀ ਰਾਗ ਤੋਂ ਰਾਗ ਗੋਂਡ ਤਕ ਹੈ ਤੇ ਦੂਜਾ ਭਾਗ ਰਾਗ ਰਾਮਕਲੀ ਤੋਂ ਰਾਗ ਮਾਲਾ ਦੇ ਅੰਤ ਤਕ।

੧੧. ਪ੍ਰਬੋਧ ਚੰਦ੍ਰ ਨਾਟਕ ਕੇ ਪ੍ਰਯਾਯ (ਨੰ. ੪੦, ਪੰ. ਪ੍ਰੀ. ਸਿੰ.)

ਲੇਖਕ— ਨਾਮਾਲੂਮ। ਆਕਾਰ—$8\frac{1}{2}'' \times 4\frac{1}{2}''$, ਲਿਖਤ $8'' \times 3\frac{1}{2}''$।

ਵੇਰਵਾ— ਪੱਤਰੇ ੯; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਵਿਲਾਇਤੀ; ਲਿਖਤ ਸਾਧਾਰਣ; ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ; ਪੱਤਰੇ ਖੁਲ੍ਹੇ।

ਸਮਾਂ— ਪੁਸਤਕ ੫੦-੬੦ ਵਰ੍ਹੇ ਪੁਰਾਣੀ ਜਾਪਦੀ ਹੈ। ਲਿਖਾਰੀ-ਨਾਮਾਲੂਮ।

ਆਰੰਭ—੧ਓ ਸਤਗੁਰ ਪ੍ਰਸਾਦਿ। ਸ੍ਰੀ ਗੁਰ ਭਜੋ ਨਮ:। ਅਥ ਪ੍ਰਬੋਧ ਚੰਦ੍ਰ ਨਾਟਕ ਕੇ ਪ੍ਰਯਾਇ ਲਿਖਯਤੇ। ਬੋਧ ਕਿਆ? ਬੋਧ ਕੇ ਵਾਸਤੇ। ਪ੍ਰਤਕ ਕਿਆ? ਅੰਤਰ ਜੋਤ ਕਿਆ? ਸੁਭਰਣ ਰੂਪ। ਬ੍ਰਹਮ ਰੰਧ੍ਰ ਕਹੀਏ ਦਸਵੇਂ ਦੁਆਰ ਕੀ ਤਰਫ ਤੇ ਕਹੀਏ ਸੋ ਵਾਯੂ। ਤਹਿ ਕਹੀਏ ਤਾਹਾਂ।... (ਪੱਤਰਾ ੧)

ਅੰਤ— ਵਿਆਕਰਣ ਮੇਂ ਬੋਲ ਜਣਾਏ ਚਹਸਲ ਜੁਤ ਰੂਪ ਭੂਜਾ ਵਾਸ ਕਹੀਏ ਅਸਥਾਨ ਅਵਛਿੰਨ ਕਹੀਏ ਦੇਹ। ਅਵਛਿੰਨ ਨੂਪਰ ਕਹੀਏ ਅਧਯਾਰੋਪ ਕਰ ਕੇ ਉਤਪਤਿ ਕੋ ਕਰਨੇ ਵਾਲੇ ਵਾਕਜ ਕੋ ਵਾਇਮਾਨੀ ਇਤਾਦਿ ਤਿਨ ਕਾ ਤਾਤਪਰਜ ਬ੍ਰਹਮ ਕੇ ਜਵ ਮੇ ਹੈ, ਟੂਟਨਾ ਕਿਆ ਜੋ ਚਿਤ ਆਤਮ ਮੇਂ ਹੀ ਅਰਥ ਸਮਝਣਾ। ਇਤਿ ਚੰਦ੍ਰ ਪ੍ਰਬੋਧ ਨਾਟਕੇ ਪ੍ਰਯਾਯ ਸਮਾਪਤੰ। (ਪੱਤਰਾ ੯)

੧੨. ਲਘੁ ਸਿੰਘ ਪ੍ਰਕਾਸ਼ ਨ੍ਰਿਘੰਟੂ (ਨੰ. ੧੨੧, ਭਾ. ਵਿ.)

ਲੇਖਕ— ਕਵੀ ਮੋਹਰ ਸਿੰਘ। ਆਕਾਰ-$5\frac{1}{2}'' \times 4\frac{1}{2}''$, ਲਿਖਤ $4'' \times 3\frac{1}{2}''$।

ਵੇਰਵਾ— ਪੱਤਰੇ ੨-੩੭੦; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਮੁੱਢ ਵਿਚ ਇਕ ਪੱਤਰਾ ਗੁਮ ਤੇ ਬਾਕੀ ਪੰਜ ਪੱਤਰੇ ਸਿਰੇ ਦੀਆਂ ਨੁੱਕਰਾਂ ਤੋਂ ਫਟੇ ਹੋਏ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਕਈ

ਦੇ੍	ਤੀਨ	ਸ਼ਪਾੜਸ	ਸੋਲਾਂ
ਸਲੱਰ	ਚਾਰ	ਉਵੱਲਸ	ਸਤਾਰਾਂ
ਪੀਜ਼ਾਂ	ਪਾਂਚ	ਅਤੱਲਸ	ਠਾਰਾਂ
ਸਪਗ	ਛੈ	ਨੂਲਸ	ਉਂਨੀ
ਓਵੱ	ਸਾਤ	ਸ਼ਿਲ	ਬੀਸ
ਅਤਹ	ਆਠ	ਯੱਵਿਸ਼ਤ	ਇੱਕੀ
ਨਹਾ	ਨੌਂ	ਦੁਆਵਿਸਤ	ਬਾਈ
ਲਸ	ਦਸ	ਦ੍ਰਵਿਸਤ	ਤੇਈ
ਯੱਲਸ	ਗਜਾਰਾਂ	ਸਲੋਰਿਸਤ	ਚੱਬੀ
ਦੱਲਸ	ਬਾਰਾਂ	ਪੀਂਜ ਵਿਸਤ	ਪੱਚੀ
ਦਜਾਰਲਸ	ਤੇਰਾਂ	ਸ੍ਰਪਗਵਿਸਤ	ਛੱਬੀ

ਅੰਤ— ਮੁਤਫ਼ਰਕਾਤ ਯਾ ਸਮੁਚੇ ਨਾਮ ।

ਖ਼ੁਦਾਇ,ਰੱਬ	ਪਰਮੇਸਰ
ਪੈਗੰਬਰ	ਅਵਤਾਰ
ਪੀਰ	ਗੁਰਦੇਵ
ਪਕੀਰ	ਫਕੀਰ, ਸਾਧੂ
ਸੜੈ	ਮਰਦ
ਪੇਹੇ, ਖਾਪੇਰੇ	ਜਿੱਨ, ਪਰੀ, ਅਪੱਛਰਾ

(ਪੱਤਰਾ ੬)

ਇਸ ਤੋਂ ਅੱਗੇ ਪੱਤਰੇ ਗੁਮ ਹਨ ਜਿਸ ਕਰ ਕੇ ਇਹ ਕੋਸ਼ ਅਧੂਰਾ ਹੈ ।

ਇਹ ਸ਼ਬਦ-ਕੋਸ਼, ਜਿਵੇਂ ਕਿ ਇਨ੍ਹਾਂ ਉਦਾਹਰਣਾਂ ਤੋਂ ਪਤਾ ਲਗਦਾ ਹੈ, ਇਕ ਪ੍ਰਕਾਰ ਦੀ ਸ਼ਬਦਾਵਲੀ ਤੇ ਉਨ੍ਹਾਂ ਦੀ ਅਰਥਾਵਲੀ ਮਾਤ੍ਰ ਹੀ ਹੈ, ਤੇ ਹੋਰ ਕੋਸ਼-ਕਾਰੀ ਦਾ ਹੁਨਰ ਇਸ ਵਿਚ ਲੇਖਕ ਨੇ ਕਿਤੇ ਨਹੀਂ ਵਰਤਿਆ । ਇਸ ਕੋਸ਼ ਵਿਚ ਗਿਣਤੀ, ਵਜ਼ਨ, ਸੁਆਦ (ਕੌੜਾ ਮਿੱਠਾ ਆਦਿ), ਸ਼ਰੀਰ ਦੇ ਅੰਗਾਂ ਦੇ ਨਾਮ ਤੇ ਰੰਗਾਂ ਦੇ ਸਾਧਾਰਣ ਸ਼ਬਦ ਹੀ ਆਏ ਹਨ ।

(ਨੰ. ੬੩, ਪ੍ਰੋ. ਪ੍ਰੀ. ਸਿੰ.)

੯. ਪ੍ਰਯਾਯ ਦਸ਼ਮ ਗ੍ਰੰਥ ਜੀ ਕੇ

ਲੇਖਕ— ਨਾਮਾਲੂਮ । ਆਕਾਰ—7" × 5½"; ਲਿਖਤ 5¾" × 4½" ।

ਵੇਰਵਾ— ਪੱਤਰੇ ੧੨੨+੭੧ ਤੋਂ ੯੪ ਤਕ (੨੪) = ੧੪੬; ਪ੍ਰਤੀ ਸਫ਼ਾ ੧੧ ਤੋਂ ੧੭ ਤਕ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੌ ਕੁ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਜਾਪੁ ਕਿਆ ਜਪਨੇ ਜੋਗ ਹੈ । ਸਿਰੀ ਕਿਆ ਇਹੁ ਪਦੁ ਲਿਖਾਰੀ ਕਾ ਹੈ । ਚਕ੍ਰ, ਗਦਾ ਆਦਿ ਚਿਹਨ ਨਹੀਂ ਹੈ, ਵਾ ਪ੍ਰਤੱਖ ਹਥ ਮੈ ਬਰਨ ਖਤ੍ਰੀਆ ਦੀਨਾ, ਬ੍ਰਨ ਖੱਤਰੀਆ ਦੀ ਵਾ ਰੰਗ ਨਹੀਂ ਹੈ, ਇਹ ਦੋ ਅਰਥ ਸਾਰੇ ਕਰਣ । ਜਾਤ ਪਾਤ ਪ੍ਰਤਖ ਕਿਆ ਜਨਮ, ਪਾਤ ਕਿਆ ਮਰਨਾ ਨਹੀਂ ਹੈ । ਇਹੁ ਪਦੁ ਸਾਰੇ ਦੈਨਾ ਹੈ ।... (ਪੱਤਰਾ ੧)

ਅੰਤ— ਲੋਹਿ ਪ੍ਰਜੰਤ, ਲੋਹੇ ਕੀ ਮੁਖੀ ਤੱਕ ਤਾਣ ਕੇ ਬਾਣ ਮਾਰੇ । ਤਨ ਤਾਣਾ ਕਰ ਕੇ । ਅਕਾਲ ਪੁਰਖ ਕੀ ਸਹਾਇ ਸੈਂ ਪ੍ਰਿਯਾਉ ਪੂਰੇ ਹੋਇ ਹੈ । (ਪੱਤਰਾ ੯੪)

ਇਸ ਪ੍ਰਯਾਯ ਵਾਚੀ ਕੋਸ਼ ਵਿਚ ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰੋਕਤਿ ਬਿਲਾਸ, ਚੰਡੀ ਦੀ ਵਾਰ, ਵਾਰ ਸ੍ਰੀ ਭਗਉਤੀ ਜੀ ਕੀ, ਚੋਬੀਸ ਅਵਤਾਰਾਂ ਦੀ ਕਥਾ, ਉਪ ਅਵਤਾਰ, ਸ਼ਸਤ੍ਰ ਨਾਮ ਮਾਲਾ, ੩੩ ਸਵੈਯੇ ਤਥਾ ਹਜ਼ਾਰੇ ਦੇ ਸ਼ਬਦ; ਤ੍ਰਿਯਾ ਚਰਿਤ੍ਰ ਆਦਿ ਬਾਣੀਆਂ ਦੇ ਅਰਥ-ਭਾਵ ਦਰਜ ਹਨ ।

(ਨੰ. ×, ਡਾ. ਸ਼ੇ. ਸਿੰ.)

੧੦. (ੳ) ਪ੍ਰਯਾਯ ਭਗਤ ਬਾਣੀ ਕੇ (ਸ੍ਰੀ ਗੁਰੂ ਗ੍ਰੰਥ ਗੂੜ੍ਹਾਰਥ ਪ੍ਰਦੀਪ ਸਮੇਤ)

ਲੇਖਕ— ਸਾਧੂ ਪੰਡਿਤ ਦੇਵਾ ਸਿੰਘ, ਨਰੋੱਤਮ । ਆਕਾਰ—6½″ × 10″, ਲਿਖਤ 5½″ × 9″ ।

ਵੇਰਵਾ— ਪੱਤਰੇ ੭੮+੨੭੬+੪੦੮, ਕੁਲ ਜੋੜ ੭੬੨; ਪ੍ਰਤੀ ਸਫ਼ਾ ੧੧ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਪਰ ਸਾਫ ਤੇ ਸ਼ੁੱਧ; ਹਾਸ਼ੀਆ ਸਾਦਾ ਬਗੈਰ ਲਕੀਰਾਂ ਦੇ; ਪੁਸਤਕ ਨਿੱਕੇ-ਮੋਟੇ ਅੱਖਰਾਂ ਵਿਚ ਕਈ ਕਲਮਾਂ ਬਦਲ ਕੇ ਲਿਖੀ ਹੋਈ, ਜੋ ਕਈ ਥਾਵੀਂ ਅਸ਼ੁੱਧੀਆਂ ਹੋਣ ਕਰ ਕੇ ਹੜਤਾਲ ਫੇਰ ਕੇ ਸੋਧੀ ਹੋਈ, ਤੇ ਕਈ ਥਾਵੇਂ ਅਸ਼ੁੱਧੀਆਂ ਹਾਸ਼ੀਏ ਉਤੇ ਦਰੁਸਤ ਕੀਤੀਆਂ ਹੋਈਆਂ; ਖੁਲ੍ਹੇ ਪੱਤਰੇ, ਜਿਸ ਕਰ ਕੇ ਕਿਤੇ ਕਿਤੇ ਕੁਝ ਪੱਤਰੇ ਫਟੇ ਹੋਏ ਵੀ ਹਨ ।

ਸਮਾਂ— ਸੰਮਤ ੧੯੫੩ ਬਿ. । ਲਿਖਾਰੀ-ਲੇਖਕ ਖ਼ੁਦ ।

ਆਰੰਭ— ਸਿਰੀ ਰਾਗ ਭਗਤ ਬਾਣੀ । ੧ੴ ਸਤਗੁਰ ਪ੍ਰਸਾਦਿ । ਪਰੀਯਾ ਭਗਤ ਬਾਣੀ ਗੁਰੂ ਗ੍ਰੰਥ ਜੀ ਕੀ । (ਅਨਤ ਜੀਵਣ ਬਾਣੀ) ਰਾਮ ਜਪੇ ਬਿਨਾ ਅਨਤ ਕਹੀਯੇ ਔਰ ਜੋ ਜੀਵਣ ਹੈ ਸੋ ਬਾਣੀ ਮਾਤ੍ਰ ਹੈ, ਭਾਵ ਕਹਿਣੇ ਮਾਤ੍ਰ ਤਿਸ ਕਾ ਜੀਵਣਾ ਹੈ... (ਪੱਤਰਾ ੧)

ਅੰਤ— (ਸਾਇਰੁ ਸੰਖਿ ਭੁਜੰ ਬਲਇਓ) ਜਿਸ ਭੁਜਾ ਕੇ ਬਲ ਰੂਪ ਸਮੁੰਦ੍ਰ ਕਾ ਜੀਵ ਕੋ ਵਡਾ ਭਰੋਸਾ ਥਾ ਸੋ ਭੁਜਾ ਕਾ ਬਲ ਰੂਪ (ਸਾਇਰੁ) ਸਮੁੰਦ੍ਰ ਬਿਧਪਨੇ ਰੂਪ ਅਗਸਤਿ ਰਿਖੀ ਨੇ ਸਕਾ (ਸੋਕਾ)... (ਪੱਤਰਾ ੭੮)

ਇਸ ਤੋਂ ਅੱਗੇ ਪੱਤਰੇ ਨਾ ਮਿਲਣ ਕਰ ਕੇ ਇਸ ਟੀਕੇ ਦਾ ਅੰਤਲਾ ਪਾਠ ਨਹੀਂ ਮਿਲਦਾ ।

(ਅ) ਸ੍ਰੀ ਗੁਰੂ ਗ੍ਰੰਥ ਗੂੜ੍ਹਾਰਥ ਪ੍ਰਦੀਪ (ਪੰਡਿਤ ਦੇਵਾ ਸਿੰਘ)

ਆਰੰਭ— ..੧ੴ ਸਤਿਗੁਰ ਪ੍ਰਸਾਦਿ । ਰਾਗੁ ਸਿਰੀ ਰਾਗੁ ਮ: ੧ । ਘਰੁ ੧ । ਜੋ ਪੁਰਖ ਦੁਰਲਭ ਮਨੁਖ ਸਰੀਰ ਕੋ ਪਾਇ ਕੇ ਮੁਕਤੀ ਕੀ ਇਛਾ ਕਰੇ ਹੈ, ਸੋ ਪੁਰਖ ਪਹਲੇ ਸੁਭਾਸੁਭ ਕਰਮੋ ਮੇ ਅਸੁਭ ਕਰਮੋਂ ਕੋ ਤਜਾਗ ਕੇ ਸੁਭ ਕਰਮ ਕਰੇ... (ਪੱਤਰਾ ੧)

ਅੰਤ— (ਖਸਟ ਰਾਗ ਉਨ ਗਾਏ, ਸੰਗ ਰਾਗਨੀ ਤੀਸ)...ਸਭੀ ਬੇਟੇ ਰਾਗੋਂ ਕੇ ਅਠਾਰਾ ਅਸਟਦਸ ਔ ਬੀਸ ਹੈ, ਭਾਵ ਅਠਤਾਲੀ ਹੈ । ਗੁਰੂ ਗ੍ਰੰਥ ਸਾਹਬ ਜੀ ਕੇ ਔਖੇ ਸ਼ਬਦੋਂ ਕਾ ਔ ਤੁਕੋਂ ਕਾ ਪੁਨਾ ਪਦੋਂ ਕਾ ਟੀਕਾ ਨਿਰਮਲ ਸਾਧੂ ਦੇਵ ਹਰੀ ਨਰੋਤਮ ਕ੍ਰਿਤ ਹੈ । ਸੰਬਤ ਉਨੀ ਸੈ ਤ੍ਰਿਵੰਜਾ ਮੇ ਕਾਰਤਕ ਪੂਰਣਮਾਸੀ ਕੋ ਸਮਾਪਤਿ ਭਯਾ ਹੈ । (ਪੱਤਰਾ ੪੦੮)

ਇਸ ਪੁਸਤਕ ਵਿਚ ਗੁਰਬਾਣੀ ਦੇ ਪ੍ਰਯਾਯ ਦੇ ਦੋ ਭਾਗ ਹਨ: ਪਹਿਲਾ ਭਾਗ ਸ੍ਰੀ ਰਾਗ ਤੋਂ ਰਾਗ ਗੋਂਡ ਤਕ ਹੈ ਤੇ ਦੂਜਾ ਭਾਗ ਰਾਗ ਰਾਮਕਲੀ ਤੋਂ ਰਾਗ ਮਾਲਾ ਦੇ ਅੰਤ ਤਕ ।

੧੧. ਪ੍ਰਬੋਧ ਚੰਦ੍ਰ ਨਾਟਕ ਕੇ ਪ੍ਰਯਾਯ (ਨੰ. ੪੦, ਪ੍ਰੋ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ—8½″ × 4½″, ਲਿਖਤ 8″ × 3½″ ।

ਵੇਰਵਾ— ਪੱਤਰੇ ੯; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਵਿਲਾਇਤੀ; ਲਿਖਤ ਸਾਧਾਰਣ; ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ; ਪੱਤਰੇ ਖੁਲ੍ਹੇ ।

ਸਮਾਂ— ਪੁਸਤਕ ੫੦-੬੦ ਵਰ੍ਹੇ ਪੁਰਾਣੀ ਜਾਪਦੀ ਹੈ । ਲਿਖਾਰੀ-ਨਾਮਾਲੂਮ ।

ਆਰੰਭ— ੧ੴ ਸਤਗੁਰ ਪ੍ਰਸਾਦਿ । ਸ੍ਰੀ ਗੁਰ ਭਜੋ ਨਮ । ਅਥ ਪ੍ਰਬੋਧ ਚੰਦ੍ਰ ਨਾਟਕ ਕੇ ਪ੍ਰਯਾਇ ਲਿਖਯਤੇ । ਬੋਧ ਕਿਆ ? ਬੋਧ ਕੇ ਵਾਸਤੇ । ਪ੍ਰਤਕ ਕਿਆ ? ਅੰਤਰ ਜੋਤ ਕਿਆ ? ਸੁਭਰਣ ਰੂਪ । ਬ੍ਰਹਮ ਰੰਧ੍ਰ ਕਹੀਏ ਦਸਵੇਂ ਦੁਆਰ ਕੀ ਤਰਫ ਤੇ ਕਹੀਏ ਸੋ ਵਾਯੂ । ਤਹਿ ਕਹੀਏ ਤਾਹਾਂ ।... (ਪੱਤਰਾ ੧)

ਅੰਤ— ਵਿਆਕਰਣ ਮੇਂ ਬੋਲ ਜਣਾਏ ਚਹਸਲ ਜੁਤ ਰੂਪ ਭੂਜਾ ਵਾਸ ਕਹੀਏ ਅਸਥਾਨ ਅਵਛਿੰਨ ਕਹੀਏ ਦੇਹ । ਅਵਛਿੰਨ ਨੂਪਰ ਕਹੀਏ ਅਧਯਾਰੋਪ ਕਰ ਕੇ ਉਤਪਤਿ ਕੋ ਕਰਨੇ ਵਾਲੇ ਵਾਕਯ ਕੋ ਵਾਦਿਮਾਨੀ ਇਤਾਦਿ ਤਿਨ ਕਾ ਤਾਤਪਰਜ ਬ੍ਰਹਮ ਕੇ ਜਵ ਮੇ ਹੈ, ਟੂਟਨਾ ਕਿਆ ਜੋ ਚਿਤ ਆਤਮ ਮੇਂ ਹੀ ਅਰਥ ਸਮਝਣਾ । ਇਤਿ ਚੰਦ੍ਰ ਪ੍ਰਬੋਧ ਨਾਟਕੇ ਪ੍ਰਯਾਯ ਸਮਾਪਤੰ । (ਪੱਤਰਾ ੯)

੧੨. ਲਘੁ ਸਿੰਘ ਪ੍ਰਕਾਸ਼ ਨਿਘੰਟੂ (ਨੰ. ੧੨੧, ਭਾ. ਵਿ.)

ਲੇਖਕ— ਕਵੀ ਮੋਹਰ ਸਿੰਘ । ਆਕਾਰ—5¾″ × 4¼″, ਲਿਖਤ 4″ × 3½″ ।

ਵੇਰਵਾ— ਪੱਤਰੇ ੨-੩੭੦; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ, ਪਰ ਕਿਤੇ ਕਿਤੇ ਅਸ਼ੁੱਧ; ਮੁੱਢ ਵਿਚ ਇਕ ਪੱਤਰਾ ਗੁਮ ਤੇ ਬਾਕੀ ਪੰਜ ਪੱਤਰੇ ਸਿਰੇ ਦੀਆਂ ਨੁੱਕਰਾਂ ਤੋਂ ਫਟੇ ਹੋਏ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਕਈ

ਬਾਵੇਂ ਹਾਸ਼ੀਏ ਉਤੇ ਹੋਰ ਕਲਮ ਨਾਲ ਫੁੱਟ ਨੋਟ ਲੱਗੇ ਹੋਏ; ਆਦਿ-ਅੰਤ ਦੇ ਪੱਤਰੇ ਗੁੰਮ ਹੋਣ ਕਰ ਕੇ ਪੁਸਤਕ ਨਾ-ਮੁਕੰਮਲ ਤੇ ਜਿਲਦ ਟੁੱਟਣ ਕਰ ਕੇ ਖ਼ਸਤਾ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੦੦ ਬਿ. ਦੇ ਲਗਭਗ । ਲਿਖਾਰੀ-ਨਾਮਾਲੂਮ ।

ਆਰੰਭ— ...ਕੂਟਸਥ ਅਜ ਸਤ ਰਿਤ ਆਨੰਦ ਬ੍ਰਹਮ ।... (ਪੱਤਰਾ ੨)

ਵਿਚਕਾਰ ਮੈਨ ਸਨਿਗਧ ਮ੍ਰਿਦ ਭੂਤ ਹਰ, ਬ੍ਰਣ ਰੋਪਣ ਸੋ ਜਾਨ ।
ਭਗਨ ਸੰਧਾਨ ਕ੍ਰਿਤ ਮਰ ਕੁਸਟ ਵੀ, ਸਰਪ ਰਕਤ ਜਿਤ ਮਾਨ ॥੧੪॥
ਇਤਿ ਸ੍ਰੀ ਲਘ ਸਿੰਘ ਪ੍ਰਕਾਸ਼ ਨਿਘੰਟੇ ਕਨਕ ਮੁਦ੍ਰਿਕਾ ਸਿੰਘ ਬਿਰਚਿਤੇ ਦੁਧਾਦਿ ਵਰਗਾ: ੬ ॥ (ਪੱਤਰਾ ੨੧੦)

ਅੰਤ— ਗੁੰਜ ਮਾਨ ਗੁਟ ਘਸ ਅੰ... ਮੂਰਛਾ ਜ੍ਵਰ ਤਜ ਜਾਤ ।
ਅਨਭ੍ਯਾਸ ਤੇਰਸ ਸੈਨ ਹਰੈ ਕਥੈ ਵਿਖਯਾਤ ॥੨੪॥
ਇਤਿ ਸ੍ਰੀ... (ਪੱਤਰਾ ੩੭੦)

ਇਸ ਤੋਂ ਅੱਗੇ ਪੱਤਰਾ ਗੁੰਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ ।

(ਨੰ. ×, ਡਾ. ਗੰ. ਸਿੰ.)

੧੩. ਵਾਹਦ ਬਾਰੀ

ਲੇਖਕ— ਭਾਈ ਪੰਜਾਬ ਸਿੰਘ, ਬਹਿਲੋਂ ਕਾ । ਆਕਾਰ-$5\frac{1}{2}'' \times 8\frac{1}{4}''$, ਲਿਖਤ $5\frac{1}{4}'' \times 7\frac{1}{4}''$ ।

ਵੇਰਵਾ— ਪੱਤਰੇ ੨੧; ਪ੍ਰਤੀ ਸਫ਼ਾ ੨੦-੨੨ ਸਤਰਾਂ; ਕਾਗਜ਼ ਦੇਸੀ (ਮੋਟਾ), ਬਹੀਆਂ ਵਾਲਾ; ਲਿਖਤ ਸਾਫ਼ ਤੇ ਸ਼ੁੱਧ, ਪਰ ਕਿਤੇ ਕਿਤੇ ਅਸ਼ੁੱਧੀਆਂ ਵੀ ਹਨ, ਜੋ ਬਾਰੀਕ ਕਲਮ ਨਾਲ ਸੋਧੀਆਂ ਹੋਈਆਂ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਸਾਧਾਰਣ ਹਾਲਤ ਵਿਚ ਹੈ ਤੇ ਪੱਤਰਾ ੧੫ 'ਅ' ਪਰ ਅਲਫ਼, ਬੇ, ਪੇ ਆਦਿ ਉਰਦੂ-ਗੁਰਮੁਖੀ ਤੇ ਦੇਵ ਨਾਗਰੀ ਵਿਚ ਲਿਖਿਆ ਹੋਇਆ ।

ਸਮਾਂ— ੧੯ਵੀਂ ਸਦੀ ਬਿ. । ਲਿਖਾਰੀ-ਭਾਈ ਪ੍ਰਤਾਪ ਸਿੰਘ, ਖ਼ੁਦ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਬਾਹਦਵਾਰੀ* ਲਿਖਯਤੇ ।
ਬਾਹਦ ਵਾਰੀ ਏਕੋ ਸਾਈ । ਏਕੋ ਨਾਮ ਸਹੰਸੀ ਨਾਈ ।
ਮਾਦਰ ਮਾਉਂ ਬਿਰਾਦਰ ਭਾਈ । ਪਿਦਰ ਬਾਪ ਜੰਗਹ ਭਰਜਾਈ ॥੧॥
ਬੇਟਾ ਪਿਸਰ ਕਨੀਜਕ ਦਾਸੀ । ਖਾਲੂ ਮਾਸੜ ਖਾਲੇ ਮਾਸੀ ।
ਐਦੂਮ ਚਾਚਾ ਜਦ ਹੈ ਦਾਦਾ । ਖ੍ਵਾਹਰ ਭੈਣ ਖੜਾ ਇਸਤਾਦਾ ॥੨॥ (ਪੱਤਰਾ ੧)

ਅੰਤ— ਖ੍ਵਾਹਦ ਗ੍ਰਿਫ਼ਤ ਚਾਹੇਗਾ ਲੈਆ । ਬਗੀਰ ਲੈਯਾ ਮਗੀਰ ਮਤ ਲੈ ।
ਤਮਾਮ ਸ਼ੁਦ । ਸ਼ਾਹ ਸਾਦੀਗੋ ।

(ਹੇਠਾਂ ਫ਼ਾਰਸੀ ਅੱਖਰਾਂ ਵਿਚ)

"ਨੁਸਖਾ ਆਮਦ ਨਾਮਾ ਤਮਾਮ ਸ਼ਵੱਦ ਭਾਈ ਪੰਜਾਬ ਸਿੰਘ ਵਲਦ ਨਿਹਾਲ ਸਿੰਘ, ਸ੍ਰੀ ਵਾਹਗੁਰੂ ਜੀ ਕੀ ਫ਼ਤਹ ਵਾਚਨੀ ਸ੍ਰੀ ਅਕਾਲ ।" (ਪੱਤਰਾ ੨੧)

---

*ਸਹੀ ਨਾਮ "ਵਾਹਦ ਬਾਰੀ ।"

ਕਵਿਤਾ

(ੳ) ਕਿੱਸੇ–ਕਹਾਣੀਆਂ

੧. **ਸੱਸੀ ਸੁਲਤਾਨ ਅਹਮਦ ਕੀ** (ਸੀਹਰਫ਼ੀ) (ਨੰ. ੪੨੬੦, ਸਿ. ਰੈ. ਲਾ.)

ਲੇਖਕ—ਕਵੀ ਸੁਲਤਾਨ ਅਹਮਦ । ਆਕਾਰ—5¾" × 4½", ਲਿਖਤ—1¾" × 3¼" ।

ਵੇਰਵਾ—ਪੱਤਰੇ ੧੪੬–੫੫, ਪੁਸਤਕ ਦੇ ਮੁੱਢ ਵਿਚ ਪੱਤਰਾ ੨ ਤੋਂ ੧੩੨ ਤਕ ਹੀਰ (ਗੁਰਦਾਸ,. ਗੁਣੀ) ਨਾ-ਮੁਕੰਮਲ ਤੇ ਫੇਰ ਪ੍ਰੇਮ ਸੁਮਾਰਗ ਗ੍ਰੰਥ ਦਾ ਪਹਿਲਾ ਅਧਿਆਇ ਪੱਤਰਾ ੧੩੩ ਤੋਂ ੧੪੫ ਤਕ ਅਤੇ ਅੰਤ ਵਿਚ ਕੁਝ ਫੁਟਕਲ ਛੰਦ, ਰੇਖ਼ਤੇ, ਝੂਲਨੇ ਵਲੀ ਰਾਮ ਆਦਿ ਦਿੱਤੇ ਹੋਏ; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਪੁਸਤਕ–ਸੰਗ੍ਰਹਿ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੫੮ ਬਿ. । ਲਿਖਾਰੀ—ਸੌਂਧਾ ਸਿੰਘ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਸੀ ਸੁਲਤਾਨ ਅਹਮਦ ਕਥੀ ।
ਅਲਫ ਆਖ ਰਹੀ ਤੈਨੂੰ ਮਾਉ ਸਸੀ, ਨਹੀਂ ਹੋਤਾ ਦਾ ਕੁਝ ਵਿਸਾਹੁ ਕੁੜੇ ।... (ਪੱਤਰਾ ੧੪੬)

ਅੰਤ— ...ਸੁਲਤਾਨ ਅਹਮਦ ਆਖ ਸਸੜੀ ਨੂੰ, ਰਬਾ ਮਾਰ ਕੇ ਯਾਰ ਮਿਲਾਵਣਾਈ ।੩੦॥੧॥ (ਪੱਤਰਾ ੧੫੨)

੨. **ਸਿੱਧ ਵਿਨੋਦ** (ਨੰ. ×, ਸ. ਸਿੰ. ਅ.)

ਲੇਖਕ— ਸ੍ਵਾਮੀ ਭਗਤਾਨੰਦ। ਆਕਾਰ–6½" × 10", ਲਿਖਤ 4½" × 9" ।

ਵੇਰਵਾ— ਪੱਤਰੇ ੨੧ ਤੇ ਛੰਦ–ਅੰਕ ੧੨੯, ੧੩੦, ੧੩੧, ੧੩੨, ੧੩੩, ੧੩੪ ਤੇ ੧੩੫ ਦੇ ਪੱਤਰੇ ਗੁਮ; ਪ੍ਰਤੀ ਸਫ਼ਾ ੨੦ ਸਤਰਾਂ; ਕਾਗਜ਼ ਖ਼ਾਕੀ ਸਾਦਾ; ਹਾਸ਼ੀਆ ਸਾਦਾ ਬਿਨਾਂ ਲਕੀਰਾਂ ਦੇ; ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਸ਼ੁੱਧ; ਪੱਤਰੇ ਖੁਲ੍ਹੇ (ਬਗ਼ੈਰ ਜਿਲਦ); ਆਦਿ–ਅੰਤ ਸੰਸਕ੍ਰਿਤ ਵਿਚ ਮੰਗਲਾਚਰਣ ਰੂਪ ਕੁਝ ਸ਼ਲੋਕ ਲਿਖੇ ਹੋਏ।

ਸਮਾਂ— ਸੰਮਤ ੧੯੭੩ ਬਿ. । ਲਿਖਾਰੀ–ਲੇਖਕ ਖ਼ੁਦ । ਸਥਾਨ–ਖਨੌੜਾ (ਤਹਿਸੀਲ ਨਾਭਾ) ।

ਆਰੰਭ— ੧ਓ ਸਿੱਧ ਵਿਨੋਦ ਨਾਮ । ਲੀਲਾ ਪਰਮ ਸਿੱਧ ਜੋਗੀਸ੍ਵਰ ਖਿਆਲੀ ਦਾਸ ਜੀਓ । ਖਨੌੜਾ । ਅਨੁਵਾਦਕ ਪੰਡਿਤ ਭਕਤਾਨੰਦ ।...(ਟਾਈਟਲ) (ਫੇਰ ਸੰਸਕ੍ਰਿਤ ਮੰਗਲਾਚਰਣ ਦੇ ੩ ਸ਼ਲੋਕਾਂ ਤੋਂ ਬਾਦ ਅਗਲਾ ਪਾਠ ਹੈ)

੧ਓ ਸਤਿਗੁਰ ਪ੍ਰਸਾਦਿ । ਲੀਲਾ ਸ੍ਰੀ ਗੁਰੂ ਮਹਾ ਜੋਗੇਸ੍ਰੁਰ ਖਯਾਲੀ ਦਾਸ ਜੀਊ ਖਨੌੜਾ । (ਇਹ ਲਿਖ ਕੇ ਕਲਮ ਫੇਰੀ ਹੋਈ ਤੇ ਫੇਰ ਮੁੱਢਲਾ ਪਾਠ ਇਸ ਤਰ੍ਹਾਂ ਸ਼ੁਰੂ ਹੁੰਦਾ ਹੈ–)
ਦੋਹਰਾ ॥ ਸ੍ਰੀ ਗੁਰ ਸਾਰਦ ਮਾਤ ਕੋ, ਕਰ ਕਰ ਪੁਟ ਪ੍ਰਣਾਮ ।
ਲੀਲਾ ਹਿਤ ਚਿਤ ਸੋਂ ਭਨੋਂ, ਗੁਰੁਵਰ ਖਯਾਲੀ ਰਾਮ ॥੧॥
ਸੁਖੰ ਕਰੀ ਅਘ ਧਰ ਹਰੀ, ਤਰੀ ਖਰੀ ਭਵ ਨੀਰ ।
ਭਗਤ ਸੁਖਦ ਅਤਿ ਕਥਾ ਇਹ, ਸੁਨੋ ਸੰਤ ਧਰ ਧੀਰ ॥੨॥
ਚੌਪਈ ॥ ਏਕ ਸਮੇਂ ਗੁਰੁ ਖਯਾਲੀ ਰਾਮ । ਸੁਹੰਦ ਬਿਰਾਜੇ ਗੁਣ ਗਣ ਧਾਮ ।
ਲਗੀ ਵਿਭੂਤਿ ਸਰੀਰ ਹਿਮਾਲਾ । ਜਟਾ ਮੁਕਟ ਸਿਰ ਤੇਜ ਬਿਸਾਲਾ ॥੩॥ (ਪੱਤਰੇ ੧-੨)

ਅੰਤ— ਗਗਨ ਵੇਦ ਸਿਧੀ ਸਸੀ, ਸੰਮਤ[2] ਬਿਕ੍ਰਮ ਜਾਨ ।
ਜੋਗੀਸ੍ਵਰ ਤਿਨ ਦਿਨੋਂ ਮੇਂ, ਭੂਮਿ ਰਟੇ ਭਗਵਾਨ ॥੧੫੫॥
ਲੀਲਾ ਖਯਾਲੀ ਦਾਸ ਕੀ, ਹੈ ਬਹੁ ਸੁਨੋ ਕਵਿੰਦ ।
ਗ੍ਰੰਥ ਬਢਨ ਉਰ ਭੀਤਿ ਧਰ, ਕਹੀ ਸਿੰਧੁ ਸੇ ਬਿੰਦੁ ॥੧੫੬॥
ਮੱਤ ਗਇੰਦ ॥

---

੧ ਇਹ ਪੰਜਾਬ ਸਿੰਘ ਭਾਈ ਬਹਿਲੋ ਜੀ ਦੇ ਖ਼ਾਨਦਾਨ ਵਿਚੋਂ ਸੀ । ੨ ਅਰਥਾਤ–ਸੰਮਤ ੧੯੮੦ ਬਿ. ।

ਸ਼ੰਕਰ ਨੈਨ ਰਿਖੀ ਗਣ ਸੰਗਮ, ਨਾਥ ਨਿਸਾਕਰ ਸਾਥ ਮਿਲਾਏ।
ਵਿਕ੍ਰਮ ਸੰਮਤ ਜਨ ਲਿਜੈ ਸ਼ੁਭ, ਮੇਖ ਬਦੀ ਤਿਥਿ ਦ੍ਵਾਦਸ ਭਾਏ।
ਵਾਰ ਸਨੀ ਇਤ ਹੋਤ ਭਯੋ ਰਿਪੁ ਸੂਦਨ ਸਿੰਘ ਮਹਾ ਨ੍ਰਿਪ ਛਾਏ।
ਨਾਭ ਪਤੀ ਨਹ ਭੀਤ ਰਤੀ ਘਟ, ਸਿੰਘ ਸ਼ਿਕਾਰ ਗਿਰੀ ਵਨ ਗਾਹੇ ॥੧੫੭॥ (ਪੱਤਰੇ ੧੯-੨੦)

ਇਸ ਤੋਂ ਅੱਗੇ ਮਹਾਰਾਜਾ ਰਿਪੁਦਮਨ ਸਿੰਘ ਜੀ ਨਾਭਾ ਦੀ ਉਪਮਾ ਵਿਚ ੪ ਭਾਸ਼ਾ ਦੇ ਕਬਿੱਤ ਤੇ ਫੇਰ ੧੦ ਸੰਸਕ੍ਰਿਤ ਸ਼ਲੋਕ ਲਿਖੇ ਹੋਏ ਹਨ।

ਇਸ ਪੁਸਤਕ ਦੇ ਨਾਇਕ ਸਾਧੂ ਖ਼ਿਆਲੀ ਦਾਸ ਜੀ ਉਦਾਸੀ, ਜੋ ਪਹਿਲਾਂ ਸਰਹਿੰਦ ਰਹਿੰਦੇ ਸਨ, ਪਿੰਡ ਖਨੌੜਾ (ਰਿਆਸਤ ਨਾਭਾ) ਵਿਚ ਰਾਜਾ ਹਮੀਰ ਸਿੰਘ ਦੇ ਸਮੇਂ ਕਿਵੇਂ ਆਏ ਤੇ ਫੇਰ ਏਥੇ ਹੀ ਡੇਰਾ ਬਣਾ ਕੇ ਰਹਿਣ ਲੱਗੇ, ਇਹੋ ਇਸ 'ਸਿੱਧ ਵਿਨੋਦ' ਦੀ ਵਿਸ਼ੈ-ਵਸਤੂ ਹੈ। ਪੰਡਿਤ ਭਗਤਾਨੰਦ ਜੀ, ਜਿਨ੍ਹਾਂ ਨੇ ਇਹ ਪੁਸਤਕ ਲਿਖੀ, ਬਾਬਾ ਖ਼ਿਆਲੀ ਦਾਸ ਦੇ ਡੇਰੇ ਦੇ ਹੀ ਗੱਦੀ ਨਸ਼ੀਨ (ਮਹੰਤ) ਸਨ। ਇਨ੍ਹਾਂ ਤੋਂ ਪਿਛੋਂ ਪੰਡਿਤ ਕ੍ਰਿਸ਼ਨ ਦਾਸ ਜੀ ਖਟ ਸ਼ਾਸਤ੍ਰੀ ਵਯਾਕਰਣਾਚਾਰਯ ਹੋਏ ਜੋ ਇਸ ਪੁਸਤਕ ਨੂੰ ਛਾਪਣਾ ਚਾਹੁੰਦੇ ਸਨ, ਪਰ ਅਚਾਣਕ ਉਨ੍ਹਾਂ ਦਾ ਦੇਹਾਂਤ ਹੋਣ ਕਰ ਕੇ ਇਹ ਪੁਸਤਕ ਛਪਣੋਂ ਰਹਿ ਗਈ।

੩. ਸਿੰਘਾਸਨ ਬਤੀਸੀ (ਨੰ. ੩੪੦, ਭਾ. ਵਿ.)

ਲੇਖਕ— ਨਾਮਾਲੂਮ। ਅਨੁਵਾਦਕ— ਲਾਲਾ ਜਮੀਅਤ ਰਾਇ, ਸੁਨਾਮੀ। ਆਕਾਰ— $6\frac{1}{2}'' \times 4\frac{1}{2}''$, ਲਿਖਤ $4\frac{3}{4}'' \times 2\frac{3}{4}''$।

ਵੇਰਵਾ— ਪੱਤਰੇ ੧੦-੩੯੮; ਪ੍ਰਤੀ ਸਫ਼ਾ ੭ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਜਿਲਦ ਟੁੱਟੀ ਹੋਈ ਤੇ ਮੁੱਢਲੇ ੯ ਪੱਤਰੇ ਗੁਮ ਹੋਣ ਕਰ ਕੇ ਪੁਸਤਕ ਅਧੂਰੀ ਹੈ।

ਸਮਾਂ— ੧੯ਵੀਂ ਸਦੀ ਬਿ.। ਲਿਖਾਰੀ— ਨਾਮਾਲੂਮ।

ਆਰੰਭ- ...ਹੋਇ ਅਦਿਸਟ ਤਹਾਂ ਛਿਪ ਗਯੋ। ਤਹਾ ਬਿਪ ਇਕ ਆਵਤ ਭਯੋ॥੪੧॥... (ਪੱਤਰਾ ੧੦)

ਅੰਤ- ਸਾਕੇ ਸਭ ਪੂਰਨ ਭਏ, ਸ੍ਰੀ ਬਿਕ੍ਰਮਾਜੀਤ।
ਜੋ ਯਾ ਕੋ ਪਢ਼ਬੋ ਕਰੈ, ਬਢੈ ਧਰਮ ਕੀ ਰੀਤ ॥੨੦॥
ਜਥਾ ਬੁੱਧ ਬਰਨਨ ਕੀਏ, ਸਤਿਗੁਰ ਕੇ ਪ੍ਰਸਾਦਿ।
ਰਟੇ ਨਾਮ ਗੁਰ ਚਿੱਤ ਮੈਂ, ਸਦਾ ਅੰਤ ਅਰ ਆਦਿ ॥੨੧॥
ਸਭ ਔਰਨ ਕੋ ਛਾਡ ਕੇ, ਆਇਓ ਤਵ ਸਰਨਾਇ।
ਦਾਸ ਜਮਈਯਤ ਰਾਇ ਪਰ, ਅਬ ਤੁਮ ਕਰੋ ਸਹਾਇ ॥੨੨॥
ਨਗਰ ਬਠਿੰਡਾ ਵਤਨ ਹੈ, ਅਬ ਬਾਸੀ ਸੁ ਸੁਨਾਮ।
ਪੁਰੀ ਬੰਸ ਮੈਂ ਕਹਤ ਹੈਂ, ਮਮ ਅਧੀਨ ਕੋ ਨਾਮ ॥੨੩॥
ਕਵਨ ਬੁਧ ਹਮ ਪੈ ਹੁਤੀ, ਜੋ ਕਛੁ ਕਰੋ ਬਿਚਾਰ।
ਦਇਆ ਦਿਸਟ ਤੁਮ ਜਬ ਕਰੀ, ਤਬ ਯਹ ਕਿਯੋ ਉਚਾਰ ॥੨੪॥
ਸਭ ਔਗੁਣ ਗੁਣ ਏਕ ਨਹਿ, ਕਹਾ ਕਹੂੰ ਤੁਮਰੇ ਪਾਸ।
ਦਾਸ ਜਾਨ ਕੇ ਢਾਕੀਯੋ, ਯਹੀ ਮਾਨ ਅਰਦਾਸ ॥੩੦॥
ਇਤ ਸ੍ਰੀ ਸਿੰਘਾਸਨ ਬਤੀਸੀ ਸੰਪੂਰਨੰ ਸ਼ੁਭੰ(ਮਸਤੁ।) (ਪੱਤਰੇ ੩੯੭-੯੮)

੪. ਸਿੰਘਾਸਨ ਬਤੀਸੀ (ਨੰ. ੨੯੦, ਭਾ. ਵਿ.)

ਲੇਖਕ— ਕਵੀ ਪ੍ਰਹਿਲਾਦ। ਆਕਾਰ-$7'' \times 3\frac{3}{4}''$, ਲਿਖਤ $4\frac{3}{4}'' \times 2\frac{1}{2}''$।

ਵੇਰਵਾ— ਪੱਤਰੇ ੧੧-੯੮, ੧੧੮, ੧੨੧-੨੯, ੧੩੩-੩੮, ੧੪੩-੪੮, ੧੫੩-੫੭, ੧੬੦-੩੫੪, ੧-੭, ਕੁੱਲ ਪੱਤਰੇ ੩੦੬; ਪ੍ਰਤੀ ਸਫ਼ਾ ੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਇਸ ਹਥ-ਲਿਖਤ ਵਿਚੋਂ, ਜਿਵੇਂ ਕਿ ਉਪਰੋਕਤ ਪੱਤਰਿਆਂ ਦੇ ਵੇਰਵੇ ਤੋਂ ਪਤਾ ਲਗਦਾ ਹੈ, ਕਿਤਨੇ ਹੀ ਪੱਤਰੇ ਗੁਮ ਹਨ, ਜਿਸ ਕਰ ਕੇ ਪੁਸਤਕ ਅਧੂਰੀ ਹੈ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ। ਲਿਖਾਰੀ-ਨਾਮਾਲੂਮ।

ਆਰੰਭ– ...ਖਨ ਤਿਹ ਲੈ ਆਵਹੁ ।
ਕੁਵਰ ਨਿਸਾ ਫੁਨਿ ਤਹੀ ਸਿਧਾਏ ।
ਅਨਤ ਲਾਡ ਲਾਡੁਲੀ ਲਡਾਏ ।...

ਅੰਤ – ਬਿਕ੍ਰਮ ਕਥਾ ਪ੍ਰਸੰਗ ਸੁਭ, ਪੜ੍ਹੈ ਸੁਨੇ ਚਿਤੁ ਲਾਇ ।
ਧਰਮ ਬਿਲਾਸੀ ਪੁਰਖੁ ਹੁਇ, ਪਾਪੁ ਸਰੀਰੋ ਜਾਇ ॥੩੨॥
ਇਤਿ ਬਤੀਸੀ ਕਥਾ ਬਿਕ੍ਰਮ ਸਿੰਘਾਸਨ ਸਨਬੰਧਨੀ ਸਪੂਰਨੰ ॥੩੨॥
ਪਰਮ ਅਨੰਦ ਬਿਚਾਰੁ ਸੁਭ੍ਹ, ਕਥਾ ਕਲਸੁ ਸਿਰ ਛਤ੍ਰ ਧਰਿ ॥੨॥੧॥

(ਨੰ. ੩੩੮, ਪੰ. ਆ.)

੫. ਸਿੰਘਾਸਨ ਬਤੀਸੀ (ਪੁਤਲੀਆਂ ਰਾਜੇ ਵਿਕ੍ਰਮਾਜੀਤ ਕੀਆਂ)

ਲੇਖਕ— ਨਾਮਾਲੂਮ । ਅਨੁਵਾਦਕ- ਸੋਢੀ ਮਿਹਰਵਾਨ । ਆਕਾਰ-6½″ × 4″ ਲਿਖਤ 5″ × 2¾″ ।

ਵੇਰਵਾ—ਪੱਤਰੇ ੧੫੮; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਾਧਾਰਣ ਹਾਲਤ ਵਿਚ ਹੈ ।

ਸਮਾਂ— ਇਕ ਸੌ ਸਾਲ ਤੋਂ ਵੱਧ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ– ੧ਓ ਸਤਿਗੁਰ ਪ੍ਰਸਾਦਿ । ਪੁਤਲੀਆ ਰਾਜੇ ਵਿਕ੍ਰਮਾਜੀਤ ਕੀ ਲਿਖਤਿ ॥ ਤਬ ਰਾਜਾ ਭੋਜ ਸੁਭ ਮਹੂਰਤ ਦੇਖ ਕੇ ਰਾਜੇ ਬਿਕ੍ਰਮਾਜੀਤ ਕੇ ਸਿੰਘਾਸਨ ਪਰ ਚਰਣ ਲਾਗਾ ਰਾਖਨੇ, ਤਤ ਆਗੇ ਤੇ ਪੁਤਲੀ ਬੋਲੀਜੇ, "ਹੇ ਰਾਜਾ ਭੋਜ ! ਜੋ ਕੋਈ ਰਾਜੇ ਵਿਕ੍ਰਮਾਜੀਤ ਜੈਸਾ ਪਰਉਪਕਾਰੀ ਹੋਵੈ ਸੋ ਪੁਰਖ ਇਸ ਸਿੰਘਾਸਨ ਪਰ ਪਗ ਧਰੇ ।" ਤਤ ਰਾਜਾ ਭੋਜ ਬੋਲਿਆ ਜੋ, "ਰਾਜਾ ਵਿਕ੍ਰਮਾਜੀਤ ਕੈ ਸਾਥ..." । ਤਬ ਪੁਤਲੀ ਵਾਰਤਾਲਾਪ ਕਰਨੇ ਲਾਗੀ । (ਪੱਤਰਾ ੧)
ਪੁਤਲੀ ਪ੍ਰਿਥਮ ਨਾਰਾਇਣ ਕੀ ਆਗਿਆ ਸੋ ਪੂਰਨ ਭਈ ॥੧॥
ਸਲੋਕ ॥ ਪਰ ਉਪਕਾਰੀ ਆਪ ਹੈ, ਸਭ ਜੀਆ ਕਾ ਦਾਤਾਰ ।
ਨਿਰਾਧਾਰ ਪ੍ਰਭੁ ਆਪ ਹੈ, ਸਭ ਜਗ ਕਾ ਆਧਾਰ ॥
ਬ੍ਰਹਮਾ ਚੀਟੀ ਆਦ ਲਉ, ਜਹਿ ਸਿਰਜਿਆ ਸਭ ਸੰਸਾਰ ।
ਅਗਨ ਕੁੰਡ ਮਹਿ ਰਾਖਿਆ, ਪ੍ਰਭੁ ਐਸਾ ਪਾਲਨਹਾਰ ॥੨॥
ਜਿਸ ਪਰ ਆਪ ਦਇਆ ਕਰੇ, ਤਿਸ ਬਲ ਬੁਧਿ ਦੇ ਬੀਚਾਰ ।
ਪਰ ਉਪਕਾਰੀ ਆਪ ਕਰੇ, ਤਿਸ ਅਖੁਟ ਭੰਡਾਰ ।
ਆਪੇ ਆਪ ਵਰਤਦਾ, ਪ੍ਰਭੁ ਅਪਨੇ ਆਪ ਮੰਝਾਰ ।
ਤਿਸ ਦਿਨ ਦੂਜਾ ਨਾਹਿ ਕੋਇ, ਜਨ ਨਾਨਕ ਅਪਰ ਅਪਾਰ ॥੨॥
(ਪੱਤਰਾ ੧੭)
ਦੂਸਰੀ ਪੁਤਲੀ ਚਲੀ ॥

ਅੰਤ— "ਹੇ ਰਾਜਾ ਭੋਜ । ਹਮੋ ਅਧਿਕਿ ਕਾਲਿ ਤੁਮਾਰਾ ਦਰਸਨ ਪਾਇਆ ਅਰ ਰਾਜਾ ਵਿਕ੍ਰਮਾਜੀਤ ਕੇ ਸੁਭ ਕਰਮ ਤੁਮ ਕਉ ਪੂਰਨੁ ਸੁਨਾਇ ਅਰ ਤੁਮਰੀ ਕ੍ਰਿਪਾ ਤੇ ਰਾਜੇ ਇੰਦ੍ਰ ਕਾ ਸਰਾਪ ਹਮ ਤੇ ਨਿਵਰਤ ਭਇਆ ।"
(ਪੱਤਰਾ ੧੫੮)

ਇਸ ਤੋਂ ਅਗਲੇ ਪੱਤਰੇ ਗੁੰਮ ਹੋਣ ਕਰ ਕੇ ਅੰਤਲਾ (੩੨ਵੀਂ ਕਹਾਣੀ ਦਾ) ਪਾਠ ਨਹੀਂ ਮਿਲਦਾ ।

(ਨੰ. ×, ਸ਼. ਸਿੰ. ਅ.)

੬. ਸਿੰਘਾਸਨ ਬਤੀਸੀ (ਨਾ-ਮੁਕੰਮਲ)

ਲੇਖਕ- ਨਾਮਾਲੂਮ । ਅਨੁਵਾਦਕ—ਸੋਢੀ ਮਿਹਰਵਾਨ । ਆਕਾਰ—6½″ × 4½″, ਲਿਖਤ 4½″ × 3″ ।

ਵੇਰਵਾ- ਪੱਤਰੇ ੪੭–੨੧੨ (੧੬੬); ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਤੇ ਸ਼ਲੋਕਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ, ਮੁੱਢਲੇ ਤੇ ਅਖ਼ੀਰਲੇ ਪੱਤਰੇ ਗੁੰਮ, ਜਿਸ ਕਰਕੇ ਪੁਸਤਕ ਨਾ-ਮੁਕੰਮਲ ਹੈ ।

ਸਮਾਂ- ਪੁਸਤਕ ਇਕ ਸੌ ਸਾਲ ਤੋਂ ਵਧੀਕ ਪੁਰਾਣੀ ਜਾਪਦੀ ਹੈ । ਲਿਖਾਰੀ-ਨਾਮਾਲੂਮ ।

ਆਰੰਭ—(ਮੁੱਢਲੇ ੪੬ ਪੱਤਰੇ, ਜੋ ਗੁੰਮ ਹਨ, ਛੱਡ ਕੇ) ਤੀਸਰੀ ਇਸਤ੍ਰੀ ਆਪ ਕਉ ਸੀਗਾਰ ਕਰ ਭਰਤਾ ਕੀ ਸੇਜ ਪਰ ਆਵੈ ਤਿਸ ਕਉ ਨ ਵਰਜਨਾ ਅਰੁ ਮੈਂ ਰਾਜਾ ਜੀ ਕੀ ਉਦਾਰਤਾ ਕਉ ਭਲੀ ਭਾਂਤ ਜਾਨਤਾ ਥਾ ਜੋ ਰਾਜਾ ਕੇ ਆਗੇ ਪਾਰ

ਰਤਨ ਤ੍ਰਿਣ ਸਮਾਨ ਹੈ । ਜੋ ਏਵਟ ਦਸ ਰਤਨ ਮਾਂਗਤਾ ਤਉ ਦਸ ਹੀ ਦੇਤਾ, ਪਰ ਰਾਜਾ ਜੀ ਕੀ ਆਗਿਆ ਭੰਗ ਨਾ ਕਰਤਾ । ਤਬ ਰਾਜਾ ਅਨੁਚਰ ਕੀ ਬਾਤ ਸੁਨ ਕਰਿ ਅਤਿ ਪ੍ਰਸੰਨ ਭਇਆ ਅਰ ਵਹੁ ਪਾਂਚੋ ਰਤਨ ਅਨੁਚਰ ਕਉ ਇਨਾਮੁ ਦੀਨਾ । ਤਬ ਪੁਤਲੀ ਪਾਂਚਵੀ ਕਹਿਆ, "ਹੇ ਰਾਜਾ ਭੋਜ ! ਜੋ ਕੋਊ ਐਸੀ ਉਦਾਰਤਾ ਧਰਤਾ ਹੋਵੈ ਸੋ ਯਾ ਸਿੰਘਾਸਨ ਪਰ ਪਗੁ ਧਰੈ । ਪੁਤਲੀ ਪੰਜਵੀ ਨਾਰਾਇਨ ਜੀ ਕੀ ਕਿਰਪਾ ਤੇ ਪੂਰੀ ਭਈ ।।੫।। ਸਲੋਕ ॥ ...

ਕਰਨ ਕਾਰਨ ਭਗਵਾਨ ਹੈ, ਪ੍ਰਭੁ ਅੰਤਰਜਾਮੀ ।
ਜਾਨਨਹਾਰ ਗਿਆਨ ਰੂਪ (ਨਿਰਮਲ ?) ਨਿਹਕਾਮੀ ।
ਆਗਿਆਕਾਰੀ ਦਾਸ ਨਰ, ਸੋ ਅਤਿ ਬਿਸਰਾਮੀ ।
ਜਨਮ ਮਰਨ ਦੁਖ ਭੰਜਨਾ, ਨਾਨਕ ਕਾ ਸੁਆਮੀ ।।੫।। (ਪੱਤਰੇ ੪੭-੪੮)

ਅੰਤ– ਰਾਜਾ ਵਿਕ੍ਰਮਾਜੀਤ ਉਸ ਕੀ ਬਾਤੇਂ ਸੁਨ ਕਰ ਮੁਸਕਾਇਆ ਅਰ ਮਨ ਮੇਂ ਵੀਚਾਰਿਆ ਜੋ ਮੇਰਾ ਉਪਦੇਸ ਇਸ ਕੇ ਹਿਰਦੇ ਮਾਂਹਿ ਪ੍ਰਵੇਸ ਕਰਤਾ ਨਾਹੀ ਅਰ ਮੇਰੇ ਪਾਸ ਆਇਆ ਹੈ, ਮੁਝ ਤੇ ਨਿਰਾਸ ਹੋਇ ਕਰ ਨਾ ਜਾਵੈ । ਤਬ ਰਾਜਾ ਕਹਨੇ ਲਾਗਾ, ਜੋ "ਧੰਨ ਤੂ ਅਰ ਤੇਰਾ ਨੇਮ, ਜਉਨ ਸੇ ਉਤਮ ਪੁਰਖ ਹੈ ਸੋ ਅਪਨੇ ਨੇਮ ਭੀ ਕਦਾਚਿਤ ਫਿਰਤੇ ਨਾਹੀ । ਅਬ ਤੂੰ ਅਪਨੇ ਮਨ ਕਾ ਮਨੋਰਥ ਵਰਨਨ ਕਰ ਜੋ ਮੈ ਉਸ ਕਾ ਉਪਾਇ ਕਰੋ ।" ਤਬ ਜੁਆਰੀਆ ਬੋਲਿਆ, "ਹੇ (ਰਾਜਾ !) ਕਿਰਤਨ ਨਾਮਾ ਪਰਬਤ (ਪਰ) ਏਕ ਦਿਵਾਲਾ ਮਨਸਾ ਦੇਵੀ ਕਾ ਹੈ ਅਰ ਵਾ ਦਿਵਾਲੇਂ ਮੇਂ ਏਕ ਖੂਹਾ ਜਲ ਸੋਂ ਪੂਰਨ ਹੈ, ਜੋ ਕੋਊ ਮਨਸਾ ਧਾਰ ਕਰ ਵਾ ਦਿਵਾਲੇ ਮੇਂ ਜਾਵੈ ਅਰ ਖੂਹੇ ਸੋ ਜਲ...। (ਪੱਤਰਾ ੨੧੨)

ਇਸ ਤੋਂ ਅੱਗੇ ਪੱਤਰੇ ਗੁੰਮ ਹਨ ਜਿਸ ਕਰਕੇ ੨੬ਵੀਂ ਪੁਤਲੀ ਦੀ ਕਥਾ ਅਧੂਰੀ ਰਹਿ ਗਈ ਹੈ ਤੇ ਅੰਤਲਾ (ਬਾਕੀ ਛੇ ਪੁਤਲੀਆਂ ਦੀਆਂ ਕਥਾ ਦਾ) ਭਾਗ ਵੀ ਨਹੀਂ ਮਿਲਦਾ ।

ਸੋਢੀ ਮਿਹਰਵਾਨ ਦੀ "ਆਦਿ ਰਮਾਇਣ" ਵਾਂਗੂ, ਜਿਸ ਦਾ ਜ਼ਿਕਰ ਪਿੱਛੇ ਰਾਮ-ਸਾਹਿੱਤ ਵਿਚ ਆ ਚੁੱਕਾ ਹੈ, ਇਸ ਸਿੰਘਾਸਨ ਬਤੀਸੀ ਦੀ ਹਰੇਕ ਕਥਾ ਦੇ ਅੰਤ ਉਸ ਦਾ ਸੰਖੇਪ ਭਾਵ ਇਕ ਇਕ ਸ਼ਲੋਕ ਵਿਚ ਦਿੱਤਾ ਹੈ, ਤੇ ਉਨ੍ਹਾਂ ਸ਼ਲੋਕਾਂ ਵਿਚ ਕਰਤਾ ਨੇ ਸ੍ਰੀ ਗੁਰੂ ਗ੍ਰੰਥ ਜੀ ਦੀ ਬਾਣੀ ਵਾਂਗੂ ਬਤੌਰ ਲੇਖਕ ਆਪਣਾ ਉਪਨਾਮ 'ਨਾਨਕ' ਵਰਤਿਆ ਹੈ, ਜਿਵੇਂ ਕਿ ਉਦਾਹਰਣ ਹਨ–

(੧) ਸੱਤਵੀਂ ਕਥਾ ਦੇ ਅੰਤ ਵਿਚ–

ਨਿਰੰਕਾਰ ਨਿਰਵੈਰ ਪ੍ਰਭ, ਸਭ ਜੀਆ ਕਾ ਦਾਤਾ ।
ਚੀਟੀ ਕੁੰਚਰ ਆਦਿ ਲਉ, ਸਭ ਮਾਹਿ ਸਮਾਤਾ ।
ਇਕ ਰਸ ਏਕਿ ਸਮਾਨ ਹੈ, ਪ੍ਰਭੁ ਪੁਰਖ ਬਿਧਾਤਾ ।
ਅਲਖ ਅਰੂਪ ਅਪ੍ਰਮਾਣ, ਕਛੂ ਜਾਇ ਨ ਜਾਤਾ ।
ਜੋ ਜੈਸੀ ਮਨਸਾ ਕਰੈ, ਤੈਸਾ ਫਲ ਪਾਤਾ ।
ਧਰਮੀ ਧਰਮ ਨ ਤਿਆਗ ਹੀ, ਕਪਟੀ ਪਛੁਤਾਤਾ ।
ਸੁਤੇ ਪ੍ਰਕਾਸ ਸਰੂਪ ਹੈ, ਚੇਤੰਨ ਗਿਆਤਾ ।
'ਨਾਨਕ' ਸਰਨ ਦਇਆਲ ਪ੍ਰਭ, ਜਿਸ ਬਾਪ ਨ ਮਾਤਾ ।।੭।। (ਪੱਤਰੇ ੮੧-੮੨)

(੨) ਅੱਠਵੀਂ ਕਥਾ ਦੇ ਅੰਤ ਵਿਚ–

ਦੀਨ ਦਇਆਲ ਕਿਰਪਾਲ ਪ੍ਰਭ, ਰਾਖਨ ਸਿਰਜਨਹਾਰ ।...
ਰਾਉ ਰੰਕ ਤੇ ਆਦਿ ਲਉ, ਜਿਸ ਸਭ ਜਗੁ ਸਾਜਾ ।
ਜੋ ਤਨ ਧਨੁ ਪ੍ਰਭ ਕਾ ਜਾਨ ਕੈ ਅਰਪੇ ਪ੍ਰਭ ਕਾਜਾ ।
'ਨਾਨਕ' ਸੋ ਜਨ ਆਪਨਾ, ਪ੍ਰਭੁ ਆਪ ਨਿਵਾਜਾ ।।੨।। (ਪੱਤਰਾ ੮੫)

੭. ਸ਼ੀਰੀਂ ਫ਼ਰਹਾਦ (ਫ਼ਾਰਸੀ ਅੱਖਰ) (ਨੰ. ੪੮੬, ਪੰ. ਆ.)

ਲੇਖਕ– ਕਵੀ ਹਾਸ਼ਿਮ । ਆਕਾਰ– $6\frac{1}{4}'' \times 8''$, ਲਿਖਤ $3'' \times 5\frac{3}{4}''$ ।

ਵੇਰਵਾ— ਪੱਤਰੇ ੮੭; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ (ਨਸਤਾਲੀਕ); ਹਾਸ਼ੀਆ ਦੂਹਰਾ ਰੰਗੀਨ ਚੌਕੋਰ ਲਕੀਰਾਂ ਵਾਲਾ, ਜੋ ਅਤਿ ਸੁੰਦਰ ਹੈ; ਪੁਸਤਕ ਸਚਿਤ੍ਰ (ਪੱਤਰਾ ੨੪ ਪਰ ਹੇਠਾਂ ਉਤੇ ਦੋ ਰੰਗੀਨ ਤਸਵੀਰਾਂ। ਮੁੱਢਲੇ ਸਫ਼ੇ ਦਾ ਹਾਸ਼ੀਆ ਰੰਗੀਨ-ਸੁਨਹਿਰੀ ਵੇਲ-ਬੂਟਿਆਂ ਵਾਲਾ, ਤੇ ਪਹਿਲੇ ਪੱਤਰੇ ਉਤੇ, ਜੋ ਸਾਦਾ ਦੇਸੀ ਕਾਗ਼ਜ਼ ਦਾ ਹੈ, ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ, ਸੰਮਤ ੧੮੬੯ ਬਿ. (ਸੰਨ ੧੮੧੨ ਈ.) ਦੀ, ਮੁਹਰ ਲੱਗੀ ਹੋਈ, ਜਿਸ ਤੋਂ ਇਸ ਕਿੱਸੇ ਦੀ ਪੁਰਾਤਨਤਾ ਦਾ ਪਤਾ ਲਗਦਾ ਹੈ।

ਸਮਾਂ— ਸੰਮਤ ੧੮੬੯ ਬਿ.। ਲਿਖਾਰੀ—ਨਾਮਾਲੂਮ।

ਆਰੰਭ— ਸਾਹਿਬ ਰੱਬ ਕਾਰੀਗਰ ਅਜ਼ਲੀ, ਕੁਦਰਤ ਅਪਰ ਅਪਾਰਾ।
ਹਰ ਹਰ ਦੇ ਵਿਚ ਨੂਰ ਉਸੇ ਦਾ, ਪਰ ਉਹ ਆਪ ਨਿਆਰਾ।
ਇਕ ਦਾਨਾ ਸਭ ਜਗਤ ਭਿਖਾਰੀ, ਕੁਲ ਖ਼ਲਕਾਂ ਦਾ ਵਾਲੀ।
ਗਿਣ ਗਿਣ ਰਿਜ਼ਕ ਪਚਾਵੇ ਸਭਨਾਂ, ਕੋਈ ਨ ਰਹਿੰਦਾ ਖ਼ਾਲੀ। (ਪੱਤਰਾ ੧)

ਅੰਤ— ...ਕਿੱਸਾ ਛੋਡ ਦਲੀਲੀ ਹਾਸ਼ਮ, ਨਾ ਕਰ ਏਡ ਪਸਾਰੇ।
ਤੂੰ ਕੀ ਸਿਫ਼ਤ ਉਨ੍ਹਾਂ ਦੀ ਕਰਸੇਂ, ਜੋ ਰਬ ਆਪ ਸਵਾਰੇ।
ਤੱਮਤ ਤਮਾਮ ਸ਼ੁਦ...... (ਪੱਤਰਾ ੮੭)

੮. ਸ਼ੀਰੀ ਫ਼ਰਹਾਦ (ਸਚਿਤ੍ਰ) (ਨੰ. ੬੧੫, ਪੰ. ਆ.)

ਲੇਖਕ— ਕਵੀ ਹਾਸ਼ਮ। ਆਕਾਰ— $4\frac{3}{4}'' \times 6\frac{1}{2}''$, ਲਿਖਤ $3\frac{1}{4}'' \times 4\frac{3}{4}''$।

ਵੇਰਵਾ— ਪੱਤਰੇ ੭੪; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਅਤਿ ਸੁੰਦਰ ਰੰਗੀਨ ਲਕੀਰਾਂ ਵਾਲਾ; ਸਿਰਲੇਖ ਤੇ ਅੰਤਮ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ਦੋ ਪੱਤਰਿਆਂ ਦੇ ਦੋ ਸਫ਼ੇ ਸੁਨਹਿਰੀ ਰੰਗੀਨ ਵੇਲ ਨਾਲ ਸੁਸੱਜਿਤ; ਪੱਤਰੇ ੧੪, ੩੫, ੩੭, ੪੬, ੫੫ ਤੇ ੬੫ ਪਰ ਸ਼ੀਰੀਂ ਫਰਿਹਾਦ ਬਾਰੇ ੬ ਰੰਗੀਨ ਤਸਵੀਰਾਂ, ਜੋ ਰਾਜਪੂਤ ਤੇ ਮੁਗ਼ਲੇਈ ਚਿਤ੍ਰਕਲਾ ਨਾਲ ਸੰਬੰਧ ਰਖਦੀਆਂ ਹਨ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਸਮਤ ੧੯੦੬ ਬਿ.। ਸਥਾਨ—ਬਾਉਲੀ ਸਾਹਿਬ, ਲਾਹੌਰ। ਲਿਖਾਰੀ— ਰਾਮ ਸਿੰਘ, ਤਪੀ।

ਆਰੰਭ— ੧ੴ ਸਤਿਗੁਰ ਪ੍ਰਸਾਦਿ। ਅਥ ਸੀਰੀਂ ਤੇ ਫਰਹਾਦ ਲਿਖਜਤੇ। ਪ੍ਰਥਮੇ ਉਸਤਤਿ ਸਾਹਿਬ ਦੀ ਕਰੀਏ।
ਸਾਹਿਬ ਰੱਬ ਕਾਰੀਗਰ ਅਜਲੀ, ਕੁਦਰਤ ਅਪਰ ਅਪਾਰਾ।
ਹਰਿ ਹਰਿ ਦੇ ਵਿਚ ਜਾਤ ਉਸੇ ਦੀ, ਫਿਰਿ ਉਹ ਆਪ ਨਿਆਰਾ।
ਇਕੁ ਦਾਤਾ ਸਭ ਜਗਤ ਭਿਖਾਰੀ, ਸਭ ਰਯਤ ਓਹੁ ਵਾਲੀ।
ਗਿਣਿ ਗਿਣਿ ਰਿਜਕ ਪੁਚਾਵੇ ਸਭਨਾ, ਕੋਇ ਨ ਰਹਦਾ ਖਾਲੀ॥... (ਪੱਤਰੇ ੧-੨)

ਅੰਤ— ਕਿੱਸੇ ਛਡਿ ਦਲੀਲੀ ਹਾਸਮੁ, ਨਾ ਕਰੁ ਐੜ ਪਸਾਰੇ।
ਤੂੰ ਕੀ ਸਿਫਤਿ ਉਨਾ ਦੀ ਕਰਸੇਂ, ਜੋ ਰਬੁ ਆਪੁ ਸਵਾਰੇ॥
ਇਤਿ ਸ੍ਰੀ ਫਰਹਾਦ ਤੇ ਸੀਰੀਂ ਦਾ ਕਿੱਸਾ ਸੰਪੂਰਨੰਮਸਤ ਸੁਭਮਸਤੁ। ਸੰਮਤ ੧੯੦੬ ਵਾਰ ਐਤ, ਲਹੌਰ ਸਹਰ ਬਾਵਲੀ ਮਧਿ, ਦਸਖਤ ਰਾਮ ਸਿੰਘ ਤਪੀ॥੧॥ (ਪੱਤਰੇ ੭੩-੭੪)

੯. (ੳ) ਸ਼ੀਰੀਂ ਫ਼ਰਹਾਦ ਕੀ ਕਥਾ (ਸੱਸੀ ਹਾਸ਼ਮ ਆਦਿ ਸਣੇ) (ਨੰ. ੪੧੪, ਪੰ. ਯੂ. ਚੰ.)

ਲੇਖਕ— ਕਵੀ ਹਾਸ਼ਮ। ਆਕਾਰ— $7\frac{1}{4}'' \times 4\frac{1}{2}''$, ਲਿਖਤ $5'' \times 3\frac{1}{2}''$।

ਵੇਰਵਾ— ਪੱਤਰੇ ੪੩-੩੯੭; ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਬੇਪਰਵਾਹੀ ਨਾਲ ਲਿਖੀ ਹੋਣ ਕਰ ਕੇ ਅਨੇਕ ਥਾਵੀਂ ਅਸ਼ੁੱਧ ਹੈ ਤੇ ਮੁੱਢ ਵਿਚ ਹਰ ਇਕ ਉਕਾਈ ਦੀ ਦਰੁਸਤੀ ਹਾਸ਼ੀਏ ਉਤੇ ਕੀਤੀ ਹੋਈ; ਹਾਸ਼ੀਆ ਰੰਗੀਨ ਲਕੀਰਾਂ ਵਾਲਾ, ਜਿਨ੍ਹਾਂ ਵਿਚ ਕਈ ਥਾਵੀਂ ਲਾਲ ਲਕੀਰਾਂ ਵਧੇਰੇ ਚੌੜੀਆਂ ਹਨ; ਪੁਸਤਕ ਸਜਿਲਦ ਤੇ ਹਾਲਤ ਸਾਧਾਰਣ; ਪੱਤਰੇ ੩੯੧-੯੨ ਪੁਸਤਕ ਦੇ ਅੰਤ ਵਿਚ ਲੱਗੇ ਹੋਏ।

ਸਮਾਂ— ਸੰਮਤ ੧੯੨੦ ਬਿ.। ਲਿਖਾਰੀ—ਅਤਰ ਸਿੰਘ।

ਆਰੰਭ— ...ਦਿ ਪਿਆ ਡਿਗ ਪੈਰੀ, ਕਿਉਂ ਤੂੰ ਦੂਰ ਹਟਾਵੇ ।
ਮੈਨੂੰ ਦਰਦ ਹਿਦਾਇਤ ਵਾਲੀ, ਮੁਨਸਬ ਨਜ਼ਰੀ ਆਵੇ । ... (ਪੱਤਰਾ ੪੩)

ਅੰਤ— ...ਯਾਰੀ ਕਾਰ ਖਰਾਂ ਦੀ ਨਾਹੀ, ਬਹੁਤ ਖਰੀ ਅਰ ਭਾਰੀ ।
ਯਾਰੀ ਕਰਨ ਅਸੀਲ ਨਿਬਾਹਿਨ, ਲਾਜ ਨ ਲਾਵਨ ਯਾਰੀ ॥੨੪॥
ਹਰੇ । ਅਬ ਸੀਰੀ ਫਰਿਆਦ ਕੀ ਕਥਾ ਸਮਾਪਤੰ । (ਪੱਤਰਾ ੪੭)

(ਅ) ਸੱਸੀ-ਹਾਸ਼ਮ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਬ ਹਾਸ਼ਮ ਸ਼ਾਹ ਕੀ ਸਸੀ ਲਿਖਯਤੇ ।
ਹਿਕਮਤ ਓਸ ਖੁਦਾਵੰਦੁ ਵਾਲੀ... (ਪੱਤਰਾ ੪੭)

ਅੰਤ— ਹਾਸ਼ਮੁ ਇਸਕ ਬਲੋਚ ਸਸੀ ਦਾ, ਜੁਗੁ ਜੁਗੁ ਰਹੂ ਕਹਾਨੀ ॥੧੨੫॥
ਅਬ ਕਥਾ ਸਸੀ ਪੁਨੂ ਦੀ ਸਮਾਪਤੰ ॥੧੨੫॥ (ਪੱਤਰਾ ੭੭)

(ੲ) ਮੌਜੁਲ ਸਿੰਘ ਅਥਵਾ ਸੋਹਣੀ ਮਹੀਂਵਾਲ (ਹਾਸ਼ਮ)

ਆਰੰਭ— ਅਬ ਮੌਜੁ ਸਿੰਘ ਗ੍ਰੰਥ ਲਿਖਅਤੇ । ਕਿਸਾ ਸੋਹਣੀ ਮੇਹੀਵਾਲ ਕਾ ਲਿਖਅਤੇ ।
ਅਵਲ ਨਾਮ ਧਿਆਵਹੁ ਉਸ ਦਾ, ਜਿਨ ਏਹੁ ਜਗਤ ਉਪਾਇਆ ।... (ਪੱਤਰਾ ੭੭)

ਅੰਤ— ...ਹਾਸ਼ਮੁ ਇਸਕ ਸੋਹਣੀ ਦਾ ਰੋਸਨੁ, ਜਗੁ ਵਿਚੁ ਰਹੂ ਕਹਾਨੀ ॥੧੫੦॥ (ਪੱਤਰਾ ੧੧੦)

(ਸ) ਹੀਰ ਵਾਰਿਸ ਸ਼ਾਹ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥਿ ਹੀਰੁ ਵਾਰੇ ਸਾਹ ਦੀ ਲਿਖਅਤੇ ।
ਅਵਲੁ ਹਮਦੁ ਖੁਦਾਇ ਦਾ ਵਿਰੁਦੁ ਕੀਚੇ, ਇਸਕ ਕੀਤਾ ਸੁ ਜਗੁ ਦਾ ਮੂਲ ਮੀਆਂ ।... (ਪੱਤਰਾ ੧੧੧)

ਅੰਤ— ...ਵਾਰੇ ਸਾਹੁ ਨਿਮਾਣਿਆ ਮੋਮਨਾ ਨੂੰ, ਦੇਈ ਦੀਨ ਅਮਾਨ ਲੁਕਾ ਮੀਆ ॥੬੩੯॥
ਸਮਤੁ ੧੯੨੦ ਮਾਗੁ (ਮਾਘ) ਦੀ ੧੨ ਬੁਦੁਵਾਰੁ (ਬੁੱਧ ਵਾਰ), ਲਿਖੀ ਹੀਰ ਅਤੁਰ ਸਿੰਘ ਨੇ ।
(ਪੱਤਰਾ ੩੮੨)

(ਹ) ਸੀਹਰਫ਼ੀ ਬੁਲ੍ਹੇ ਸ਼ਾਹ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥਿ ਸਿਹਰਫੀ ਬੁਲ੍ਹੇ ਸਾਹੁ ਕੀ ਲਿਖਿਅਤੇ ।
ਅਲਫ ਆਪਨੇ ਆਪ ਨੂ ਸਮਝੁ ਪਹਲੇ... (ਪੱਤਰਾ ੩੮੨)

ਅੰਤ— ...ਬੁਲਾ ਸਾਹੁ ਮੁਮਾਰਖਾ ਲਖੁ ਦੇਵੋਂ, ਭਈ ਸਾਂਤੁ ਜਾਨੀ ਗਲੁ ਲਾਇ ਕੇ ਜੀ ॥੩੦॥
ਅਬੁ ਬੁਲ੍ਹੇ ਸਾਹੁ ਦੀ ਸੀਹਰਫੀ ਪੂਰੀ ਹੋਈ । ਸੰਪੂਰਨੁ । (ਪੱਤਰਾ ੩੯੧)

(ਕ) ਸੀਹਰਫ਼ੀ ਦੇਵੀ ਦਾਸ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥਿ ਸਿਰਫ਼ (ਸੀਹਰਫ਼ੀ) ਦੇਵੀ ਦਾਸੁ ਕੀ ।
ਅਲਫ਼ ਆਦੁ ਸਰੂਪੁ ਵਿਸਾਰ ਦਿਤੇ...। (ਪੱਤਰਾ ੩੯੧)

ਅੰਤ— ... ਹੇ ਹੋਰ ਉਪਾਦੁ (ਉਪਾਧ) ਨਾਂ ਵਿਚੁ ਤੇਰੇ, ਮੈ ਤਾ ਸੁਧੁ ਅਲਖੁ ਅਛੇਦੁ ਹਾਂ ਜੀ ।
ਕੁਝੁ ਛਡਨਾ ਪਾਵਨਾ ਨਹੀ ਮੈਨੂ, ਨਿਰਾ ਵਿਆਦੁ (ਵਿਆਧ) ਉਪਾਦ ਅਭੇਦੁ ਹਾਂ ਜੀ ।
ਸਰਬੁ ਬਿਆਪਕੁ ਅਕਾਸ ਦੇ ਵਾ... (ਪੱਤਰਾ ੩੯੭)

ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਅੰਤਲਾ ਪਾਠ ਇਸ ਸੀਹਰਫ਼ੀ ਦਾ ਨਹੀਂ ਮਿਲਦਾ ।

੧੦. (ੳ) ਸ਼ੀਰੀਂ ਫ਼ਰਹਾਦ (ਸਚਿਤ੍ਰ) (ਸੋਹਣੀ ਮਹੀਂਵਾਲ, ਸੱਸੀ ਪੁੰਨੂ ਆਦਿ) (ਨੰ. ੩੭੩, ਪੰ. ਆ.)

ਲੇਖਕ— ਕਵੀ ਹਾਸ਼ਮ । ਆਕਾਰ—$7'' \times 8\frac{1}{4}''$, ਲਿਖਤ $3\frac{1}{2}'' \times 5\frac{1}{2}''$ ।

ਵੇਰਵਾ— ਪੱਤਰੇ ੧੨੬; ਪ੍ਰਤੀ ਸਫ਼ਾ ੧੬ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਅਸ਼ੁੱਧ ਹੋਣ ਕਰ ਕੇ ਹਾਸ਼ੀਏ ਉੱਤੇ ਸੋਧੀ ਹੋਈ; ਹਾਸ਼ੀਆ ਸਾਦਾ ਰੰਗੀਨ ਲਕੀਰਾਂ ਵਾਲਾ; ਪੱਤਰਾ ੩੯-੪੦ ਗੁੰਮ ਹੋਣ ਕਰ ਕੇ ਪੁਸਤਕ

ਅਧੂਰੀ, ਤੇ ਨਵੇਂ ਸਿਰਿਓਂ ਟਿਸ਼ੂ ਪੇਪਰ ਲਾਕੇ ਮੁਰੰਮਤ ਕੀਤੀ ਹੋਈ, ਜਿਸ ਕਰ ਕੇ ਹਾਸ਼ੀਆ ਕੁਦਰਤੀ ਤੌਰ ਤੇ ਵਧ ਗਿਆ ਹੈ।

ਸਮਾਂ— ਨਿਸ਼ਚਿਤ ਨਹੀਂ। ਲਿਖਾਰੀ—ਨਾਮਾਲੂਮ।

ਆਰੰਭ– ੧ਓ (ਦੋ ਵੇਰ) ਸਤਿਗੁਰ ਪ੍ਰਸਾਦਿ। ਅਬ ਸੀਰੀ ਫਰਹਾਦ ਲਿਖਜਤੇ।
ਪ੍ਰਿਥਮੇ ਉਸਤਤ ਸਾਹਿਬ ਦੀ। ਸਾਹਿਬ ਰਬ ਕਾਰੀਗੁਰ ਅਜਲੀ... (ਪੱਤਰਾ ੧)

ਅੰਤ— ...ਕਿਸੇ ਛਡਿ ਦਲੀਤੀ ਹਾਸਮੁ, ਨਾ ਕਰ ਐਤੁ ਪਸਾਰੇ।
ਤੂੰ ਕੀ ਸਿਫਤ ਉਨਾ ਦੀ ਕਰਸੇਂ, ਜੋ ਰਬੁ ਆਪੁ ਸਵਾਰੇ ॥ ੧ ॥ ੨੫੮ ॥ (ਪੱਤਰਾ ੫੦)

(ਅ) ਸੋਹਣੀ ਮੇਹੀਵਾਲ ਕੀ ਬਾਰਤਾ (ਹਾਸ਼ਮ)

ਆਰੰਭ– ੧ਓ ਸਤਿਗੁਰ ਪ੍ਰਸਾਦਿ। ਅਬ ਸੋਹਣੀ ਮੇਹੀਵਾਲ ਕੀ ਬਾਰਤਾ ਲਿਖਜਤੇ। ਪ੍ਰਿਥਮੇ ਉਸਤਤਿ ਸਾਹਿਬੁ ਦੀ ॥ ਦੋਹੜੇ ॥
ਅਵਲਿ ਨਾਮੁ ਧਿਆਵਾਂ ਉਸ ਦਾ, ਜਿਨਿ ਇਹੁ ਜਗਤੁ ਉਪਾਯਾ।... (ਪੱਤਰਾ ੫੦)

ਅੰਤ— ...ਹਾਸਮ ਇਸਕ ਸੋਹਣੀ ਦਾ ਜਗ ਵਿਚਿ, ਜੁਗ ਜੁਗੁ ਰਹੁਗੁ ਕਹਾਣੀ ॥ ੧੫੮ ॥ (ਪੱਤਰਾ ੮੧)

(ੲ) ਸੱਸੀ ਪੁੰਨੂ ਕੀ ਕਥਾ (ਹਾਸ਼ਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਬ ਸਸੀ ਪੁੰਨੂ ਕੀ ਕਥਾ ਕ੍ਰਿਤ ਹਾਸੁਮ ਲਿਖਜਤੇ ॥ ੧ ॥
ਹਿਕਮਤਿ ਓਸ ਖੁਦਾਵੰਦ ਵਾਲੀ, ਮਾਲਕ ਮੁਲਖ ਮਲਕ ਦਾ।... (ਪੱਤਰਾ ੮੧)

ਅੰਤ— ...ਹਾਸਮੁ ਇਸਕ ਬਲੋਚ ਸਸੀ ਦਾ, ਜੁਗ ਜੁਗ ਰਹਗੁ ਕਹਾਣੀ ॥ ੧੨੪ ॥ (ਪੱਤਰਾ ੧੦੪)

(ਸ) ਬਾਰਾਂ ਮਾਹਾਂ ਸ੍ਰੀ ਰਾਮ ਚੰਦ੍ਰ ਜੀ ਦਾ (ਗੁਰਦਿਆਲ ਸਿੰਘ)

ਆਰੰਭ—੧ਓ ਸਤਿਗੁਰ ਪ੍ਰਸਾਦਿ ॥ ਦੋਹਰਾ ॥ ਚੇਤ੍ਰ ਚਿੰਤਾ ਚਿਤਵਨੀ, ਫੂਲ ਰਹੀ ਬਨ ਰਾਇ।...
(ਪੱਤਰੇ ੧੦੪-੦੫)

ਅੰਤ— ਰਾਮ ਰਾਮ ਸਭ ਕੋ ਕਹੇ, ਦਸਰਥ ਕਹੇ ਨਾ ਕੋਇ।
ਏਕ ਬਾਰ ਦਸਰਥ ਕਹੇ, ਕੋਟ ਯਗ ਫਲ ਹੋਇ ॥ ੧ ॥ (ਪੱਤਰੇ ੧੧੫-੧੬)

(ਹ) ਸੀਹਰਫ਼ੀ ਮੀਰਾਂ ਸ਼ਾਹ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਲਫ ਆਇ ਕੇ ਇਸਕ ਲਖਾਉ ਕੀਤਾ...। (ਪੱਤਰਾ ੧੧੬)

ਅੰਤ— ...ਮੀਰਨ ਸ਼ਾਹ ਦੇ ਲੱਖ ਸਦੱਕੜੇ ਨੀ, ਮਿੱਠੇ ਯਾਰ ਨੂੰ ਮਿੱਠੜੀ ਭਾਵਨੀ ਹਾਂ ॥ ੩੦ ॥
ਇਤਿ ਸ੍ਰੀ ਸਤਿਗੁਰੂ ਜੀ ਪੋਥੀ ਪੂਰੀ ਕੀਤੀ ਸਾਰੀ। ਰਾਮ ਰਾਮ... (ਪੱਤਰਾ ੧੨੧)

(ਕ) ਕਥਾ ਹੀਰ ਰਾਂਝੇ ਕੀ (ਕਵੀ ਮੁਕਬਲ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਕਥਾ ਹੀਰ ਰਾਝੇ ਮੁਕ(ਬ)ਲ ਕਥੀ ॥
ਝੂਲਨੇ ॥ ਅਵਲ ਆਖਿ ਖਾ ਸਿਫਤ ਖੁਦਾਇ ਦੀ ਤੂ...। (ਪੱਤਰਾ ੧੨੨)

ਅੰਤ– ...ਮੈ ਤਾਂ ਜਾਇ ਕੇ ਫੰਦ ਫਰੇਬ ਕਰ ਕੇ, ਮੁਕਬਲੁ ਯਾਰ ਨੂ ਆਨਿ ਮਿ...। (ਪੱਤਰਾ ੧੨੫)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਕਿੱਸੇ ਦਾ ਨਹੀਂ ਮਿਲਦਾ। ਇਸ ਤੋਂ ਬਿਨਾ ਬੰਦ ਨੰ. ੧੫ ਤੋਂ ੩੬੮ ਤਕ ਦੇ ਪੱਤਰੇ ਵੀ ਗੁਮ ਹਨ, ਜਿਸ ਕਰ ਕੇ ਇਹ ਕਿੱਸਾ ਬਹੁਤ ਅਧੂਰਾ ਹੈ। ਪੱਤਰਾ ੧੨੬ ਪਰ, ਜੋ ਜ਼ਿਆਦਾਤਰ ਖ਼ਾਲੀ ਹੈ, ਸਿਵਾਇ ਇਨ੍ਹਾਂ ਕਿੱਸਿਆਂ ਦੀ ਨਾਮਾਵਲੀ ਦੇ, ਜੋ ਹੋਰ ਕਲਮ ਤੋਂ ਹੈ, ਹੋਰ ਕੁਝ ਨਹੀਂ ਲਿਖਿਆ ਹੋਇਆ; ਕੁਲ ਤਸਵੀਰਾਂ ਦੀ ਗਿਣਤੀ, ਜੋ ਇਸ ਪੁਸਤਕ-ਸੰਗ੍ਰਹਿ ਦਿਤੀਆਂ ਹੋਈਆਂ ਹਨ, ੧੯ ਹੈ।

(ਨੰ. ×, ਸ਼. ਸਿੰ. ਅ.)

੧੧. ਸੁਪਨ ਨਾਟਕ (ਪੂਰਬਾਰਧ)

ਲੇਖਕ– ਭਾਈ ਦਿੱਤ ਸਿੰਘ, ਗਿਆਨੀ। ਆਕਾਰ-6¼″ × 8″, ਲਿਖਤ 5¾″ × 7″।

ਵਰਵਾ— ਸਫ਼ੇ ੧੪; ਪ੍ਰਤੀ ਸਫ਼ਾ ੨੩ ਸਤਰਾਂ; ਕਾਗ਼ਜ਼ ਦੇਸੀ (ਸਾਦਾ ਪਤਲਾ); ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ, ਬਿਨਾ ਲਕੀਰਾਂ ਦੇ; ਪੁਸਤਕ ਬਿਨਾ ਜਿਲਦ; ਹਾਸ਼ੀਏ ਉਤੇ ਉਰਦੂ ਵਿਚ ਨਾਟਕ ਦੇ ਪਾਤ੍ਰਾਂ ਬਾਰੇ ਟਿੱਪਣੀਆ ਦਿੱਤੀਆ ਹੋਈਆਂ।

ਸਮਾਂ— ਸੰਨ ੧੮੮੭ ਈ.। ਸਥਾਨ-ਲਾਹੌਰ (ਪੱਛਮੀ ਪੰਜਾਬ)। ਲਿਖਾਰੀ—ਲੇਖਕ ਦੇ ਹੱਥਾਂ ਦੀ ਨਕਲ ਦੀ ਨਕਲ, ਜੋ ਸੰਨ ੧੮੮੭ ਈ. ਦੇ 'ਖ਼ਾਲਸਾ ਅਖ਼ਬਾਰ (ਸਪਤਾਹਿਕ ਪੱਤ੍ਰ) ਲਾਹੌਰ ਵਿਚ ਇਕ ਵੇਰ ਛਪ ਵੀ ਚੁਕੀ ਹੈ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਸੁਪਨ ਨਾਟਕ ਲਿਖ੍ਯਤੇ ॥ ਸਵੈਯਾ ॥
ਜਿਹ ਸਤਜ ਕੇ ਕਾਰਨ ਦੇਹ ਧਰੀ, ਜਗ ਪਾਪਨ ਕੇ ਸਭ ਓਘ ਮਿਟਾਏ।
ਗੁਰੂ ਨਾਨਕ ਆਦਿ ਗੁਰੂ ਨਵ ਕੇ, ਪੁਰਖਾਰਥ ਕੇ ਤਰੁ ਕੇ ਫਲ ਲਾਏ।
ਧਰ ਧਾਰਮ ਯੁੱਧ ਕਰੇ ਬਲ ਸੇ, ਕਬਹੂੰ ਨਹਿ ਆਪਦ ਮੈਂ ਘਬਰਾਏ।
ਜਿਨ ਪੰਥ ਕੇ ਹੇਤ ਸਰਬੰਸ ਦਯੋ, ਸੁਤ ਔ ਪਿਤ ਦੇਤ ਨਹੀਂ ਸਕੁਚਾਏ ॥੧॥
ਦੋਹਰਾ ॥ ਅਸ ਗੁਰ ਦਸਮੇ ਪਾਤਿਸਾਹੁ, ਕਲਗੀਧਰ ਜਗ ਰਾਇ।
ਸੁਖ ਸੰਪਤਿ ਅਰੁ ਬਿਪਤ ਮੇ, ਹਮਰੀ ਕਰੇਂ ਸਹਾਇ ॥੨॥
ਚੌਪਈ ॥ ਏਕ ਦਿਵਸ ਸੰਵਤ ਯਹਿ ਬਾਲਾ। ਦੇਖਯੋ ਸੁਪਨ ਸੁ ਅਧਿਕ ਬਿਸਾਲਾ।
ਮਾਨੋ ਏਕ ਭੂਪ ਬਲ ਧਾਰੀ। ਚਤੁਰੰਗਨਿ ਸੈਨਾ ਅਤਿ ਭਾਰੀ ॥੩॥
ਕਿਲਾ ਕੋਟ ਅਰ ਬਾਗ ਲਗਾਯੋ। ਜੰਗਲ ਮੈਂ ਮੰਗਲ ਕਰਵਾਯੋ।...
ਹੰਕਾਰ ਨਾਮ ਤਿਸ ਨ੍ਰਿਪਤਿ ਕਾ, ਹੁਤੋ ਪੁਰੋਹਿਤ ਦੰਭ।
ਚਾਹਤ ਥੋ ਜਗ ਜਿਤੈ ਕੋ, ਝੂਲੇ ਹਮਰੋ ਖੰਭ ॥੭॥... (ਪੱਤਰਾ ੧)

ਅੰਤ— ਹੇ ਹੰਕਾਰ, ਗਰਬ ਕਯੋਂ ਕਰੈਂ। ਕਾਲ ਦੰਡ ਤੇ ਨਾਹੀਂ ਡਰੈਂ।
ਕਹਾਂ ਕੰਸ ਹਰਨਾਕਸ ਕਹਾਂ। ਦੁਰਯੋਧਨ ਰਾਵਨ ਨਹਿ ਯਹਾਂ ॥੧੦੨॥...
ਅਹੋ ਦੰਭ. ਤੁਹਿ ਮਿਥਯਾ ਜਾਲ। ਅਬ ਕੋਊ ਨਹਿ ਮਾਨੈ ਬਾਲ।
ਅਬ ਵਿਦਯਾ ਕੇ ਸੂਰਜ ਭਯੋ। ਤਸਕਰ ਦਾਉ ਲਗਨ ਨਹਿ ਦਯੋ ॥੧੦੬॥
ਅਗਰ ਪਖੰਡ ਰਚਨ ਤੂੰ ਚਹੈਂ। ਜਾਹ ਮੂੜ੍ਹ ਮਤਿ ਨਰ ਜਹਿੰ ਰਹੈਂ।
ਯਹਾਂ ਬਾਸ ਸੁਭ ਨਾਹੀਂ ਤੇਰਾ। ਬੁਧ ਵਿਦਯਾ ਜਹਿੰ ਕਰਤ ਬਸੇਰਾ ॥੧੦੭॥
ਐਸੀ ਔਰ ਬਾਤ ਬਹੁ ਭਾਖੀ। ਬੀਰ ਕਿਯੋ ਪਰਮੇਸੁਰ ਸਾਖੀ।
ਦੋਹਰਾ ॥ ਐਸੇ ਸਤਜ ਸੁਹਿਰਦ ਜਬ, ਕਰਤੇ ਭਏ ਬਿਚਾਰ।
ਅਗਰ ਦਯਾ ਜੋ ਦੰਭ ਕੀ, ਸੰਤ ਸੁਨੋ ਕਰ ਪਯਾਰ ॥੧੦੮॥ (ਪੱਤਰਾ ੧੪)
ਇਤਿ ਪੁਰਬਾਰਧ ॥

ਇਹ ਲਿਖਤ ਸ੍ਰੀ ਗੁਰੂ ਸਿੰਘ ਸਭਾ ਲਹਿਰ (੧੮੭੩–੮੭) ਦੇ ਇਤਿਹਾਸ ਨਾਲ ਸੰਬੰਧ ਰਖਦੀ ਹੈ। ਇਸ ਵਿਚ ਖੰਡਨ-ਮੰਡਨ ਦੇ ਸਿੱਧਾਂਤ ਨੂੰ ਮੁਖ ਰੱਖ ਕੇ ਗਯਾਨੀ ਦਿੱਤ ਸਿੰਘ ਨੇ ਸ੍ਰੀ ਗੁਰੂ ਸਿੰਘ ਸਭਾ, ਲਾਹੌਰ ਤੇ ਉਸ ਦੇ ਮੋਢੀ ਭਾਈ ਗੁਰਮੁਖ ਸਿੰਘ (ਪ੍ਰੋਫੈਸਰ) ਦੀ ਹਿਮਾਇਤ ਵਿਚ ਸ੍ਰੀ ਗੁਰੂ ਸਿੰਘ ਸਭਾ ਅਮ੍ਰਿਤਸਰ ਦੇ ਮੋਢੀ ਰਾਜਾ ਬਿਕ੍ਰਮ ਸਿੰਘ ਫ਼ਰੀਦਕੋਟ, ਬਾਬਾ ਖੇਮ ਸਿੰਘ ਬੇਦੀ, ਗਿਆਨੀ ਝੰਡਾ ਸਿੰਘ, ਗਿਆਨੀ ਸੰਤ ਸਿੰਘ ਕਪੂਰਥਲਾ, ਬਾਬਾ ਸੁਮੇਰ ਸਿੰਘ ਮਹੰਤ ਪਟਨਾ (ਬਿਹਾਰ) ਆਦਿ ਉਤੇ ਕਰੜੀ ਨੁਕਤਾਚੀਨੀ ਕੀਤੀ ਹੈ।

(ਨੰ. ੯੧, ਭਾ. ਵਿ.)

੧੨. ਹਨੁਮਾਨ ਨਾਟਕ

ਲੇਖਕ— ਹਿਰਦੇ ਰਾਮ, ਭੱਲਾ। ਆਕਾਰ– $7\frac{1}{2}'' \times 12\frac{3}{4}''$ ਲਿਖਤ $4\frac{1}{2}'' \times 4\frac{1}{2}''$।

ਵੇਰਵਾ– ਪੱਤਰੇ ੧੫੯ ਤੋਂ ੩੦੪ (੧੪੬); ਪ੍ਰਤੀ ਸਫ਼ਾ ਸਤਰਾਂ ਦੀ ਔਸਤ ੧੦; ਕਾਗਜ਼ ਦੇਸੀ; ਲਿਖਤ ਪ੍ਰਾਚੀਨ; ਬੜਾ ਲੰਮਾ ਚੌੜਾ ਹਾਸ਼ੀਆ ਤੇ ਕਾਗਜ਼ ਕਿਰਮ ਖ਼ੁਰਦਾ।

ਸਮਾਂ— ਸੰਮਤ ੧੬੮੦ ਬਿ. (ਚੇਤ ਸੁਦੀ ੨)। ਲਿਖਾਰੀ– ਨਾਮਾਲੂਮ।

ਆਰੰਭ— ਮੁੱਢਲੇ ਪੱਤਰੇ ਗਵਾਚੇ ਹੋਣ ਕਰਕੇ ਸ਼ੁਰੂ ਦਾ ਪਾਠ ਨਹੀਂ ਮਿਲਦਾ।

ਅੰਤ— ॥ ਛਪੈ ॥
ਸੰਮਤ ਬਿਕ੍ਰਮ ਨ੍ਰਿਪਤਿ, ਸਹਿਸ ਖਟ ਸਤ ਅਸੀ ਬਰ।
ਚੇਤ ਚਾਂਦਨੀ ਦੂਜ, ਛਤ੍ਰ ਜਹਾਂਗੀਰ ਸੁਭਟ ਪਰ।
ਸੁਭ ਲੱਛਨ ਦੱਛਨ ਸੁ ਦੇਸ, ਕਵਿ ਰਾਮ ਬਿਚੱਛਨ।
ਕ੍ਰਿਸਨ ਦਾਨ ਤਨ ਕੁਲ ਪ੍ਰਕਾਸ, ਜਸ ਦੀਪ ਬਚੱਛਨ।

ਰਘੁਪਤਿ ਚਰਿਤ੍ਰ ਤਿਨ ਜਥਾਮਤਿ, ਪ੍ਰਗਟ ਕਹਜੋ ਸੁਭ ਲਗਨ ਗਣ ।
ਦੈ ਭਗਤ ਦਾਨ ਨਿਰਭੈ ਕਰਹੁ, ਜੰ ਰਘੁ ਪਤਿ ਰਘੁ ਬੰਸ ਮਣਿ ॥ ੧੪੩ ॥ ੧੪ ॥ ੧ ॥

ਇਤ ਸ੍ਰੀ ਰਾਮ ਗੀਤੇ ਰਾਵਨ ਬਧਹ ਨਾਮ ਚਤੁਰਦਸੋ ਅੰਕ ਸਮਾਪਤੇ ॥ ੧੪ ॥

ਹਨੂਮਾਨ ਨਾਟਕ ਸਮਾਪਤੇ ॥ ੧ ॥ ਜੇਠ ॥ ੧੮੫੦ ॥

(ਹੋਰ ਕਲਮ ਨਾਲ) "ਪ੍ਰਿਥਮ ਅੰਕ ੧੪੫" ।

੧੩. ਹਨੂਮਾਨ ਨਾਟਕ (ਨਾ-ਮੁਕੰਮਲ) (ਨੰ. ੫੨, ਭਾ. ਵਿ.)

ਲੇਖਕ— ਹਿਰਦੇ ਰਾਮ, ਭੱਲਾ । ਆਕਾਰ—$7\frac{1}{2}$" × ੭", ਲਿਖਤ 4" × 6" ।

ਵੇਰਵਾ— ਪੱਤਰੇ ੯੪; ਪ੍ਰਤੀ ਸਫ਼ਾ ੧੫ ਸਤਰਾਂ; ਲਿਖਤ ਬਹੁਤੀ ਪੁਰਾਣੀ ਨਹੀਂ, ਪਰ ਹੈ ਬੜੀ ਸ਼ੁੱਧ ਤੇ ਸਾਫ਼, ਜੋ ਪੰਜਾਬੀ ਲਿਖਤ ਦਾ ਇਕ ਵਧੀਆ ਨਮੂਨਾ ਹੈ; ਕਾਗਜ਼ ਪਤਲਾ ਦੇਸੀ; ਛੰਦਾਂ ਦੇ ਨਾਮ, ਸਿਰਲੇਖ ਤੇ ਵਿਸ਼ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਦੋ-ਦੋ ਇੰਚ ਚੁਫੇਰੇ; ਪੁਸਤਕ ਅਧੂਰੀ ਹੈ ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਅਥ ਹਨੂਮਾਨ ਨਾਟਕ ਕ੍ਰਿਤ ਕਵਿ ਹਿਰਦੇ ਰਾਮ ਲਿਖ੍ਯਤੇ ॥ਕਬਿਤ ॥
ਤੀਨੋ ਲੋਕ ਪਤਿ ਪ੍ਰਾਨਪਤਿ ਪ੍ਰੀਤਿ ਹੀ ਸੋ ਰਤਿ,
ਅਗਤਿਨ ਗਤਿ ਕੇ ਚਰਨ ਸਿਰ ਨਾਇ ਹੋਂ ।
ਸਦਾ ਸੀਲ ਪਤਿ ਸਤਿ ਪਤਿ ਏਕ ਨਾਰੀ ਬ੍ਰਤ,
ਸਿਵ ਸਨਕਾਦਿ ਪਤਿ ਜਸਹਿ ਸੁਨਾਇ ਹੋਂ ।
ਸੁਰਪਤਿ ਹੂੰ ਕੇ ਪਤਿ ਜਾਨਕੀ ਕੇ ਪਤਿ ਰਾਮ,
ਨੈਨ ਕੋਰ ਓਰ ਕਬਹੂੰ ਤੋ ਪਰ ਜਾਇ ਹੋਂ ।
ਫੁਰੇ ਬਾਕ ਪਤਿ ਸੁਨੋ ਸੰਤ ਸਾਧ ਮਤਿ
ਤਬ ਐਸੇ ਰਘੁਪਤਿ ਕੇ ਕਛੁਕ ਗੁਨ ਗਾਇ ਹੋਂ ।

ਅੰਤ— ...ਇਹ ਬਿਧਿ ਸਭ ਸੁਖ ਸੋ ਬਚਨ, ਸੁਨੇ ਰਾਮ ਪਰਬੀਨ ।
ਹਨੂਮਾਨ ਸੋ ਹਸਿ ਕਹਜੋ, ਜਜੋ ਹਮ ਦ੍ਵੈ ਤਜੋਂ ਤੀਨ ॥ ੧੧੯ ॥
ਇਤਿ ਸ੍ਰੀ ਰਾਮ ਗੀਤੇ ਹਨੂਮਾਨ ਲੰਕਾ ਫਿਰਿ ਆਇਬੋ ਖੰਸਟਮੋ ਅੰਕ ਸਮਾਪਤੇ ॥ ੬ ॥
ਕਬਿਤ॥ ਚੰਦ੍ਰਮਾ ਚੰਕੋਰ ਜੈਸੇ ਗੁਡੀ ਬਸਿ ਡੋਰਿ... ਵਡਾ ਪਾਪ ਊਖ ਪਾਨ ਸੋ ।... (ਪੱਤਰਾ ੯੪)

ਅਗੋ ਪੱਤਰੇ ਗੁੰਮ ਹਨ ਜਿਸ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ ।

(ਨੰ. ੨੪੨੮, ਸਿ. ਰੈ. ਲਾ.)

੧੪. (ੳ) ਹਾਤਮ ਨਾਮਾ (ਸ੍ਰੀ ਸਤਿਗੁਰੂ ਉਸਤਤਿ ਸਮੇਤ)

ਲੇਖਕ— ਕਵੀ ਸੋਂਧਾ, ਪਿੰਡ ਕਾਲਾ ਨਿਵਾਸੀ । ਆਕਾਰ— 5" × 6", ਲਿਖਤ $4\frac{1}{2}$" × $5\frac{1}{4}$" ।

ਵੇਰਵਾ— ਪੱਤਰੇ ਹਾਤਮ ਨਾਮਾ ੪੯੭, ਗੁਰ ਉਸਤਤਿ ੪੯੭-੫੫੫; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਕਾਗਜ਼ ਕੁਝ ਕਿਰਮ ਖ਼ੁਰਦਾ ਹੋਣ ਕਰ ਕੇ ਪੱਤਰਿਆਂ ਉਤੇ ਕਈ ਥਾਵੇਂ ਛੇਕ ਪਏ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੯੫ ਬਿ. । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਹਾਤਮ ਨਾਮਾ ਬਰਨਨੰ ।
ਦੋਹਰਾ ॥ ਉਸਤਤਿ ਲਿਖ ਕਰਤਾਰ ਕੀ, ਕਰੇ ਕੋਈ ਦਿਨ ਰਾਤ । (ਪਤਰਾ ੧)
ਤਊ ਨ ਪੂਰਨ ਹੋਇ ਹੈ, ਏਕ ਰੋਮ ਕੀ ਬਾਤ ॥ ੧ ॥

ਅੰਤ— ਸੰਮਤ ਬਿਕ੍ਰਮ ਰਾਇ ਕਾ, ਦਸ ਅਰੁ ਅਸਟ ਪਛਾਨ ।

ਇਤਨੇ ਸੈ ਪੀਠੇ ਬਰਸ, ਊਪਰਿ ਪੈਹਟ ਜਾਨ ॥ ੧੫੬ ॥
ਪੂਰਨ ਕੀਨੀ ਇਹ ਕਥਾ, ਤਿਸ ਦਿਨ ਆਦਿਤ ਵਾਰ ।
ਬਿਰਛਕ ਮਾਸ ਪਛਾਨੀਅਹੁ, ਕਰੋ ਪਾਠ ਸੰਜਾਰ ॥ ੧੫੭ ॥...
ਅੰਮ੍ਰਿਤਸਰ ਤੇ ਤੀਨ ਕੋਸ, ਕਾਲੇ ਪਸਚਮ ਓਰ ।
ਤਾ ਮਹਿ ਸਬ ਸੰਧੂ ਬਸਹਿ, ਬੀਸ ਕੋਸ ਲਾਹੌਰ ॥ ੧੫੯ ॥
ਤਿਸ ਨਗਰੀ ਮੈ ਬੈਠ ਕੇ ਕੀਨੀ ਕਥਾ ਤਯਾਰ ।
ਜਹਾਂ ਪਾਠ ਮਹਿ ਭੰਗ ਹੋਇ, ਸੰਤਹੁ ਲੇਹੁ ਸੁਧਾਰ ॥ ੧੬੦ ॥
ਚੈਨ ਸਿਘ ਉਪਦੇਸ ਕਰਿ, ਮੋ ਸੈ ਕਹਿਓ ਸੁਨਾਇ ।
ਫਾਰਸੀਓਂ ਇਹ ਗੁਰਮੁਖੀ, ਕੀਨੀ ਹਿਤ ਚਿਤੁ ਲਾਇ ॥ ੧੬੧ ॥
ਇਤਿ ਨਉਮੋ ਧਿਆਇ ਸਪਤਮ ਸਵਾਲ ਪੂਰਨੇ । ਮਸਤ ਸੁਭਮਸਤੁ ॥ (ਪੱਤਰਾ ੪੯੭)
੯ ॥ ੧ ॥

(ਅ) ਗੁਰੂ-ਉਸਤਤਿ

ਆਰੰਭ— ੧ਓ ਸਤਿਗੁਰ ਉਸਤਤਿ । ਗੁਰ ਪ੍ਰਸਾਦਿ ।
ਦੋਹਰਾ ॥ ਤੀਨ ਲੋਕ ਪਤਿ ਰਾਮ ਹੈ, ਅਮਰ ਭਵਨ ਦਸ ਚਾਰ ।
ਤਿਨ ਕੀ ਉਪਮਾ ਕਿਆ ਕਹੋਂ, ਸੇਖ ਨ ਪਾਵੇ ਪਾਰ ॥ ੧ ॥ (ਪੱਤਰਾ ੪੯੭)

ਅੰਤ— ...ਮਾਲਨ ਕੇ ਕਰ ਹੈ ਅਪਵੀਤ ਪੈ, ਫੂਲਨ ਕੋ ਅਪਵੀਤ ਵਖਾਨੈ ॥ ੧ ॥ (ਪੱਤਰਾ ੫੫੯)

(ਨੰ. ੧੯੭, ਪ੍ਰੋ. ਪ੍ਰੀ. ਸਿੰ.)

੧੫. ਹੀਰ ਦਾਮੋਦਰ* (ਅਧੂਰੀ)

ਲੇਖਕ— ਕਵੀ ਦਮੋਦਰ । ਆਕਾਰ—$4\frac{1}{4}'' \times 3\frac{1}{4}''$, ਲਿਖਤ $3\frac{1}{2}'' \times 2\frac{1}{4}''$ ।

ਵੇਰਵਾ— ਪੱਤਰੇ ੩੨; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਕਈ ਥਾਵੇਂ ਤੁਕਾਂ ਲਈ ਲਾਲ ਸਿਆਹੀ ਵੀ ਵਰਤੀ ਹੈ; ਪੱਤਰੇ ੧,੩੦-੩੨ ਤੇ ੩੮ ਤੋਂ ਅੱਗੇ ਗੁੰਮ, ਜਿਸ ਕਰ ਕੇ ਪੁਸਤਕ ੮੩ ਵੇਂ ਛੰਦ ਤਕ ਸੀਮਿਤ ਹੋਣ ਦੇ ਕਾਰਣ ਅਧੂਰੀ ਹੈ ।

ਸਮਾਂ— ਹਥ-ਲਿਖਿਤ ਡੇਢ ਕੂ ਸੌ ਵਰ੍ਹਾ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— (ਪਹਿਲਾ ਪੱਤਰਾ ਗੁੰਮ)...ਣੀ ਉਥੇ ਬਣਾਈ ॥ ੨ ॥
ਵਿਚ ਸਿਆਲੇ ਰਹੈ ਦਮੋਦਰ, ਖੁਸੀ ਰਹੈ ਮਿਰ ਤਾਈ ।
ਅਖੀ ਵੇਖ ਤਮਾਸਾ ਸਾਰਾ, ਲਖ ਮੰਝੀ ਲਖ ਗਾਈ ।
ਪਾਤਿਸਾਹੀ ਜੋ ਅਕਬਰ ਸੰਦੀ, ਹੀਲ ਹੁਜਤਿ ਕਿਛੁ ਨਾਹੀ ।
ਪੁੱਤਰ ਚਾਰ ਚੂਚਕ ਘਰ ਹੋਏ, ਦਮੋਦਰ ਆਖ ਸੁਣਾਈ ॥ ੩ ॥ (ਪੱਤਰਾ ੨)

ਅੰਤ— .. ਆਇ ਖਲੋਤੀ ਹੀਰ ਫਉਜ ਘਿਨ, ਕਰਿ ਤਾ ਮੁਰ ਮਥਾ ਲਾਏ ।
ਇਦੋ ਉਦੋ.. (ਅਗਲੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ) । (ਪੱਤਰਾ ੩੨)

(ਨੰ. ੧੧੪੯੮, ਮ. ਕਾ. ਪ.)

੧੬. (ੳ) ਕਿੱਸਾ ਹੀਰ ਰਾਂਝਾ (ਲੀਲਾ ਕਾਨ੍ਹ ਗੁਜਰੀ ਦੀ ਆਦਿ)

ਲੇਖਕ— ਕਵੀ ਮੁਕਬਲ । ਆਕਾਰ—$7\frac{1}{2}'' \times 3\frac{1}{2}''$, ਲਿਖਤ $5\frac{1}{2}'' \times 2\frac{1}{2}''$ ।

ਵੇਰਵਾ— ਪੱਤਰੇ ਹੀਰ ਮੁਕਬਲ ੩-੧੨੨ (੧੨੦), ਲੀਲਾ ਕਾਨ੍ਹ ਗੁਜਰੀ (ਕਵੀ ਗੁਮਾਨੀ) ੧੨੩-੪੫ (੨੩), ਤੇਉਰ ੧੪੬-੪੮ (੩), ਦਿਆਲ ਸਿੰਘ ਦੀਆਂ ਬੈਤਾਂ ੧੪੮-੫੦ (੩), ਉਤਪੱਤੀ ਬਿਕ੍ਰਮ ਜੀਤ ਦੀ ੧੫੧-੬੩ (੧੩), ਉਦਾਸੀ ਗੋਪੀ ਚੰਦ ਮੈਨਾਵੰਤੀ ੧੬੩-੨੪੨ (੭੯), ਕਥਾ ਰੂਪ ਬਸੰਤ ਕੀ (ਕਵੀ ਨਾਹਰ ਸਿੰਘ) ੨੪੨-੩੦੯ (੬੭), ਬਾਰਾ ਮਾਹਾਂ ਟਕੂਮਤ ਕਾ ੩੦੯-੨੮ (੧੯), ਵਿਸਟ ਕੂੰਟਾਂ ੩੨੮-੩੩ (੫), ਮਿੱਟੜੇ ਬਦਨ ਹਰਿ ਕ੍ਰਿਸ਼ਨ ਜੀ ਕੇ ੩੩੭-੩੮ (੬), ਕੁੱਲ ਜੋੜ ੩੩੬; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ

* ਇਹ ਪੁਸਤਕ ਪੰਜਾਬੀ (ਗੁਰਮੁਖੀ) ਵਿਚ ਬਾਬਾ ਗੰਗਾ ਸਿੰਘ ਬੇਦੀ ਵਲੋਂ ਸੰਪਾਦਿਤ ਹੋ ਕੇ ਛਪ ਚੁਕੀ ਹੈ ।

ਸਾਦੀ, ਜੋ ਕਈ ਥਾਵੀਂ ਅਸ਼ੁੱਧ ਵੀ ਹੈ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਕਈ ਥਾਵੀਂ ਲਾਲ ਸਿਆਹੀ ਨਾਲ ਲਿਖੇ ਹੋਏ; ਆਦਿ-ਅੰਤ ਦੇ ਪੱਤਰੇ ਫਟੇ ਹੋਣ ਕਰ ਕੇ ਪੁਸਤਕ ਅਧੂਰੀ ਹੈ।

ਸਮਾਂ— ਸੰਮਤ ੧੯੮੧ ਬਿ.। ਲਿਖਾਰੀ—ਖੁਸ਼ਹਾਲ, ਬ੍ਰਾਹਮਣ ।

ਆਰੰਭ— ...ਗਇਆ ॥੬॥

ਦਰਦ ਵੰਦ ਰਾਂਝਾ ਭਰਜਾਈਆਂ ਨੂੰ, ਰੋਇ ਆਪਣਾ ਹਾਲ ਸੁਣਾਂਵਦਾ ਈ।

ਮੰਗ ਖਾਵਣਾ ਅਸਾਂ ਕਬੂਲ ਕੀਤਾ, ਸਾਥੋਂ ਕੰਮ ਕੀਤਾ ਨਹੀ ਜਾਂਵਦਾ ਈ।

ਮੇਰੀ ਪਨਹਿ ਖੁਦਾਇ ਹੈ ਭਾਬੀਓ ਨੀ, ਮੇਰਾ ਚਿਤ ਨਾ ਮੂਲ ਠਹਿਰਾਂਵਦਾ ਈ।

ਮੁਕਬਲਿ ਮਾਲ ਮਤਾਹਿ ਨੂੰ ਅਗ ਲਗੇ, ਸਾਨੂੰ ਫਕਰ ਫਾਕਾ ਖੁਸ਼ ਆਂਵਦਾ ਈ ॥੭॥ (ਪੱਤਰਾ ੩)

ਅੰਤ— ...ਮੁਕਬਲ ਨਾਉ ਖੁਦਾਇ ਦਾ ਕੀਤਾ ਹੈ, ਹੋਰ ਸੁੰਞਾ ਜਿਕਰ ਖਿਆਲ ਹੈ ਜੀ ॥੩੫੫॥

ਕਥਾ ਹੀਰ ਰਾਂਝੇ ਦੀ ਪੂਰੀ ਹੋਈ ॥੧੦੦੮॥੩੦੦੦॥੧੩੦੦॥ (ਪੱਤਰਾ ੧੨੨)

(ਅ) ਲੀਲਾ ਕਾਨ੍ਹ ਗੂਜਰੀ ਦੀ (ਗੁਮਾਨੀ)

ਆਰੰਭ— ੴ ਸਤਿਗੁਰ ਪ੍ਰਸਾਦਿ। ਲੀਲਾ ਕਾਨ ਗੂਜਰੀ ਦੀ ।

ਏਕੋ ਅਲਫ ਸਹੀ ਕਰ ਜਾਨੋ। ਖੇਦ ਚਾਰ ਯਹਿ ਖੇਲ ਪਛਾਨੋ।... (ਪੱਤਰਾ ੧੨੩)

ਅੰਤ— ...ਕਾਨ ਕਹੇ ਸੁਣ ਮਾਤ ਜਸੋਧਾ, ਬਿਰਹੁ ਦੀ ਕਾਨੀਂ ਲਾਈ।

ਗੁਝੀ ਪੀੜ ਨਾ ਬਹਿੰਦਾ ਲੋਹੂ, ਹਿਕਮਤ ਲਖੀ ਨ ਜਾਂਈ।

ਨੈਣੀ ਨੀਦ ਨ ਭੁਖਿ ਅਸਾਂ ਨੂੰ, ਪਾਨਪ ਲਾਗਤਿ ਪਾਈ ।

ਗੁਜਰੀ ਮਿਲੇ ਤ ਕੋਈ ਦਮ ਜੀਵਾ, ਘਰਿ ਜਾਹੁ ਤੂ ਮੇਰੀ ਮਾਈ ॥੮੬॥

ਕਾਨ ਗੂਜਰੀ ਦਾ ਝੇੜਾ ਸੰਪੂਰਣੰ । ਸ੍ਰੀ ਭਗਵਾਨ ਜੀ। (ਪੱਤਰਾ ੧੪੫)

(ੲ) ਤੇਊਰ (ਲਿਖਾਰੀ-ਮਲੂਕ)

ਆਰੰਭ—ੴ ਸਤਿਗੁਰ ਪ੍ਰਸਾਦਿ । ਤੇਉ(ਰ) ਲਿਖਯਤੇ ।

ਪ੍ਰਿਥਮੇ ਸਿਮਰੋ ਪਰਵਦਗਾਰਾ । ਜੀਆ ਰਿਜਕ ਸੰਬਾਹਨ ਹਾਰਾ ।

ਸਾਹਿਬ ਜੀ ਕੇ ਕੇਤੇ ਨਾਮ । ਆਦਿ ਗੁਬਿੰਦ ਸਾਂਈ ਭਗਵਾਨ।... (ਪੱਤਰਾ ੧੪੬)

ਅੰਤ— ...ਜੋ ਕਛੁ ਲੋੜੇ ਕਾਮਨੀ, ਸੋ ਕਛੁ ਲੀਨੋ ਮੰਗ।

ਜੋੜਾ ਘੋੜਾ ਦੇਇ ਕੈ, ਤੇਊਰ ਲਾਈ ਅੰਗ ॥ ਤੇਊਰ ਸੰਪੂਰਣੰ । (ਪੱਤਰਾ ੧੪੮)

(ਸ) ਦਿਆਲ ਸਿੰਘ ਦੀਆਂ ਬੈਂਤਾਂ

ਆਰੰਭ— ੴ ਸਤਿਗੁਰ ਪ੍ਰਸਾਦਿ। ਦਿਆਲ ਸਿੰਘ ਦੀਆਂ ਬੈਤਾਂ ॥੫॥

ਅਲਫ ਆਉ ਤੂ ਯਾਰ ਮਹਬੂਬ ਮੇਰੇ, ਤੇਰੇ ਬਾਝ ਅਰਾਮ ਨ ਆਂਵਦਾ ਈ।... (ਪੱਤਰਾ ੧੪੮)

ਅੰਤ— ...ਦਿਆਲ ਸਿੰਘ ਤੇਰਾ ਦਰਦ ਇਆਣਿਆਂ ਦਾ, ਡਿਠੇ ਯਾਰ ਦੇ ਬਾਝੋਂ ਬਚਾਉ ਨਾਹੀ ॥੭॥ (ਪੱਤਰਾ ੧੫੦)

(ਹ) ਉਤਪੱਤੀ ਬਿਕ੍ਰਮਾਜੀਤ ਦੀ

ਆਰੰਭ— ੴ ਸਤਿਗੁਰ ਪ੍ਰਸਾਦਿ। ਉਤਪਤੀ ਬਿਕ੍ਰਮਾਜੀਤ ਦੀ ਅਰ ਭਰਥਰੀ ਮੈਨਾਵੰਤੀ ਦੀ । ਏਕ ਗੰਧਰਬ ਸੈਣ ਰਾਜਾ ਥਾ ਗੰਧਰਬ ਦਾ... (ਪੱਤਰਾ ੧੫੧)

ਅੰਤ— ਰਾਜੇ ਭਰਥਰੀ ਰਾਜੁ ਕਾ ਤਿਆਗ ਕੀਆ । ਗੁਰੂ ਗੋਰਖ ਨਾਥ ਕੋ ਜਾਇ ਮਿਲਿਆ । ਜੋਗੀ ਹੂਆ । ਸਿਧ ਪਦਮੀ ਪਾਈ। ਇਸੀ ਕਰ ਕੇ ਭਰਥਰੀ ਗੋਪੀ ਚੰਦ ਕਾ ਮਾਮਾ ਲਗਤਾ ਹੈ । ਫੇਰ ਰਾਜ ਆਨਿ ਰਾਜੇ ਬਿਕ੍ਰਮਾ ਜੀਤ ਕੀਤਾ । ਕਥਾ ਸੰਪੂਰਨ ਹੋਈ।... (ਪੱਤਰਾ ੧੬੩)

(ਕ) ਉਦਾਸੀ ਗੋਪੀ ਚੰਦ ਮੈਨਾਵੰਤੀ ਕੀ

ਆਰੰਭ—ਰਾਗ ਰਾਮਕਲੀ। ਉਦਾਸੀ ਗੋਪੀ ਚੰਦ, ਮੌਜ ਗੋਬਿੰਦ ਕਾ ਬੇਟਾ ਅਰੁ ਮੈਨਾਵੰਤੀ ਮਾਈ। ੴ ਸਤਿਗੁਰ ਪ੍ਰਸਾਦਿ।

ਸਲੋਕ ॥ ਏਕ ਸਮੇ ਗੋਪੀ ਚੰਦ ਦੇਖਿਆ, ਮੱਜਨ, ਕਰਤਾ ਰਾਨੀ। (ਪੱਤਰਾ ੧੬੩)

ਅੰਤ— ਜੀਵਤ ਮ੍ਰਿਤਕ ਹੋਇ ਰਹਿਆ ਬਾਲਾ, ਕਰਿ ਨਿਰਮਲ ਇਸਨਾਨੁ।
ਬਦੰਤ ਸ੍ਰੀ ਗੋਰਖ ਨਾਥ ਮੈਨਾਵੰਤੀ, ਤੇਰਾ ਅਸਥਿਰੁ ਭਇਆ ਰਾਜਾਨੁ ॥੪॥

ਇਤਨੀ ਗੋਸਟਿ ਕਰ ਕੈ ਮੈਨਾਵੰਤੀ ਦੇਵ ਲੋਕ ਕੋ ਗਈ। ਤਬ ਗੋਪੀ ਚੰਦ ਮਾਤਾ ਕੋ ਸਿਸਕਾਰ ਕੈ ਸੁਮੇਰ ਪਰਬਤ ਪਰਿ ਆਇਆ। ਸਰਬ ਸਿਧ ਮੰਡਲੀ ਕੋ ਅਦੇਸੁ ਅਦੇਸੁ ਕਹਿ ਸੁਨਾਇਆ। ਬੋਲਹੁ ਭਾਈ ਰਾਮ ਰਾਮ ਜੀ। ਉਦਾਸ ਗੋਪੀ ਚੰਦ ਕਾ, ਮੈਨਾਵੰਤੀ ਕਾ ਸੰਪੂਰਨੰ ਸੁਭੰਮਸਤ, ਸਮਾਪਤੰ ਸੁਭਮਸਤੁ ॥ ਦੋਹਰਾ ॥
ਪ੍ਰੇਮ ਮਹੋਦਧਿ ਪੈਠਿ ਕੈ, ਜੋ ਕੋ ਗੋਤਾ ਲੇਇ।
ਹਰਿ ਰਤਨ ਅਮੋਲਕ ਹਾਥ ਤਿਸੁ, ਸਹਜੇ ਸਤਿਗੁਰ ਦੇਇ ॥੧॥
ਦੋਹਰਾ ॥ ਨੈਨ ਮੈਨ ਮਦ ਮਸਤ ਹੈ, ਦੂਜੋ ਅੰਜਨ ਸਾਰ।
ਰੀ ਬੌਰੀ ਕੋਊ ਦੇਤ ਹੈ, ਮਤਵਾਰੇ ਹਥਿਆਰ ॥੨॥
ਸ੍ਰੀ ਵਾਹਿਗੁਰੂ ਜੀ ਕੀ ਫਤੇ। ਸ੍ਰੀ ਭਗਵਤਿ ਜੀ ਸਹਾਇ। (ਪੱਤਰਾ ੨੪੨)

(ਖ) **ਕਥਾ ਰੂਪ ਬਸੰਤ ਕੀ** (ਨਾਹਰ ਸਿੰਘ)

ਆਰੰਭ— ੧ੴ ਸਤਿਗੁਰ ਪ੍ਰਸਾਦਿ। ਕਥਾ ਰੂਪ ਬਸੰਤ ਕੀ। ਰਾਗ ਸੋਰਠਿ ਨੌ ਤਾਲ ਹੋਲੀ ॥ ਚੌਪਈ ॥
ਸਿੰਗਲ ਦੀਪ ਜਗਤ ਪਰਸਿਧ। ਜਾ ਮੈ ਪਾਈਅਤ ਹੈ ਨੌ ਨਿਧਿ।... (ਪੱਤਰਾ ੨੪੨)

ਅੰਤ— ...ਮੁਹੰਮਦ ਸਾਹ ਪਾਤਸਾਹ ਜਹਾਨ। ਜਿਹ ਵਜੀਰ ਕਮਰਦੀ ਖਾਨ।
ਤਿਹ ਕੇ ਆਗੇ ਹਉ ਪੇਸਕਾਰ। ਜਾਨਤ ਹੈ ਸਗਲੋ ਸੰਸਾਰ।
ਸ਼ਾਹ ਜਹਾਨਾਬਾਦ ਸਹਰ ਮੈ। ਸਗਲ ਬਨਾਈ ਸਾਤ ਪਹਰ ਮੈ।
ਕਹੀ ਜਥਾਸਕਤਿ ਯਹਿ ਕਥਾ। ਤਬ ਗੁਰ ਆਗੇ ਟੇਕਿਓ ਮਥਾ ॥੯੭॥
(ਲਿਖਾਰੀ ਵਲੋਂ) ਨਫਰ ਬ੍ਰਾਹਮਨ ਜਾਤ ਕੋ, ਮੇਰੋ ਨਾਉ ਖ਼ੁਸਾਲ।
ਪੜ੍ਹੈ ਸੁਨੈ ਪ੍ਰਸੰਨਿ ਹੋਇ, ਸੋ ਮੁਹਿ ਕਰੈ ਨਿਹਾਲ ॥
ਮਿਤੀ ਮਾਘ ਸੁਦੀ ਪੰਚਮੀ ਸੰਮਤੁ ੧੮੮੧ ਅਠਾਰਾ ਸੈ ਅਕਾਸੀਆ। ਕਹਾਣੀ ਰੂਪ ਬਸੰਤ ਕੀ ਪੂਰੀ ਹੋਈ...
(ਪੱਤਰਾ ੩੦੯)

(ਗ) **ਬਾਰਾਂ ਮਾਹਾਂ ਹਕੂਮਤ ਕਾ**

ਆਰੰਭ— ੧ੴ ਸਤਿਗੁਰ ਪ੍ਰਸਾਦਿ। ਬਾਰਾਂ ਮਾਹਾਂ ਹਕੂਮਤ ਕਾ ॥ ਦੋਹਰਾ ॥
ਚੇਤ੍ਰ ਦੇ ਵਿਚਿ ਫੂਲਿਆ, ਵਣ ਤ੍ਰਿਣ ਬਸੰਤ ਬਹਾਰ।
ਕਾਬਲ ਪਰ ਧਾਈ ਕਰੀ, ਮੈਂ ਬਾਂਦੀ ਦੇ ਯਾਰ ॥੧॥ (ਪੱਤਰਾ ੩੦੯)

ਅੰਤ— ...ਏਕ ਘੜੀ ਮਹਿ ਨਉ ਨਿਧ ਪਾਈ, ਜੇ ਉਸ ਭਾਵਦਾ ॥੧੨॥
ਬਾਰਾ ਮਾਹਾਂ ਸੰਪੂਰਨ ਹਕੂਮਤਿ ਕਾ। (ਪੱਤਰਾ ੩੨੮)

(ਘ) **ਦ੍ਰਿਸ਼ਟ ਕੂਟਾਂ** (ਕਵੀ ਸੁੰਦਰ)

ਆਰੰਭ— ੧ੴ ਸਤਿਗੁਰ ਪ੍ਰਸਾਦਿ। ਦ੍ਰਿਸਟ ਕੂਟਾ ਲਿਖਯਤੇ।
ਭੂਮ ਡਸਨ ਰਿਪੁ ਸਬਦ ਸੁਨ, ਚਲੇ ਤਿਆਰ ਪਿਯ ਮੋਹਿ।
ਸਿਵ ਸੁਤ ਬਾਹਨ ਤਾਸ ਰਿਪੁ, ਭੋਰ ਮਿਲਾਊ ਤੋਹਿ ॥ ੧ ॥ (ਪਤਰਾ ੩੨੮)

ਅੰਤ— ...ਅੰਤ ਕਟੇ ਤੇ ਜਗ ਕੋ ਮੀਠਾ। ਸੋ ਸਜਨੀ ਮੈ ਨੈਣੀ ਦੀਠਾ ॥ ੩੯ ॥ ੧ ॥ (ਪੱਤਰਾ ੩੩੨)

(ਙ) **ਮਿੱਠੜੇ ਬਚਨ ਹਰਿ ਕ੍ਰਿਸ਼ਨ ਜੀ ਕੇ**

ਆਰੰਭ—੧ੴ ਸਤਿਗੁਰ ਪ੍ਰਸਾਦਿ ॥ ੧ ॥ ਮਿਠੜੇ ਬਚਨ ਹਰਿ ਕ੍ਰਿਸਨ ਜੀ ਕੇ ਲਿਖਯਤੇ।
ਸੋਹਣੀ ਨੂੰ ਛਡਿ ਕੇ ਕੁ ਸੋਹਣੀ ਦੇ ਨਾਲ ਰਤਾ... (ਪੱਤਰਾ ੩੩੩)

ਅੰਤ— ...ਮਥਰਾ ਮੇ ਜਾਇ ਕਾਨ ਮਾਲਨੀ ਦੇ... (ਪੱਤਰਾ ੩੩੮)

ਅੰਤਲਾ ਪੱਤਰਾ ਫਟਿਆ ਹੋਣ ਕਰ ਕੇ ਤੇ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ, ਜਿਸ ਕਰ ਕੇ ਪੁਸਤਕ ਅਧੂਰੀ ਹੈ।

੧੭. ਕਿੱਸਾ ਹੀਰ ਰਾਂਝਾ (ਅਧੂਰਾ) (ਨੰ. ੪੦੬, ਪੰ. ਆ.)

ਲੇਖਕ— ਕਵੀ ਮੁਕਬਲ । ਆਕਾਰ 5" × 4¼", ਲਿਖਤ 3¼" × 3¾" ।

ਵੇਰਵਾ— ਪੱਤਰੇ ੫-੨੧੨ (੨੦੮); ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੱਤਰੇ ਕੁਝ ਕਿਰਮ ਖ਼ੁਰਦਾ ਹੋਣ ਕਰ ਕੇ ਸਫ਼ਿਆਂ ਉਤੇ ਕਈ ਥਾਵੀਂ ਛੇਕ ਪਏ ਹੋਏ; ਪੁਸਤਕ ਬਗ਼ੈਰ ਜਿਲਦ ਦੇ ।

ਸਮਾਂ— ਸਵਾ ਕੁ ਸੌ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ— ਨਾਮਾਲੂਮ ।

ਆਰੰਭ— (ਮੁੱਢਲੇ ੪ ਪੱਤਰੇ ਗਵਾਚੇ ਹੋਣੇ ਛੱਡ ਕੇ)... ਸੁਣਾਵਦਾਈ ।
ਮੰਗ ਖਾਵਣਾ ਅਸਾਂ ਕਬੂਲ ਕੀਤਾ, ਸਾਥੋਂ ਕੰਮ ਨਾ ਕੀਤੜਾ ਜਾਂਵਦਾਈ ।
ਮੇਰੀ ਪਨਹਿ ਖੁਦਾਇ ਦੀ ਭਾਭੀਓ ਨੀ, ਮੇਰਾ ਜੀਉ ਨਾ ਮੂਲ ਠਹਿਰਾਂਵਦਾਈ ।
'ਮੁਕਬਲ' ਮਾਲ ਮਤਾਹ ਨੂੰ ਭਾਹਿ ਲਗੇ, ਸਾਨੂੰ ਫਕਰ ਫਾਕਾ ਖੁਸ ਆਂਵਦਾਈ ॥ ੧੦॥ (ਪੱਤਰਾ ੫)

ਅੰਤ— ਕਰਾਮਾਤ ਫਕੀਰ ਦੀ ਦੇਖ ਕੇ (ਜੀ), ਰਾਜਾ ਨੌਕਰਾਂ ਨੂੰ ਫੁਰਮਾਂਵਦਾਈ ।
ਮੈਥੇ ਖੇੜਿਆ ਨੂੰ ਸਣੇ ਹੀਰ ਲਿਆਵੋ, ਨਾਲ ਹੁਕਮ ਦੇ ਫੌਜ ਦੁੜਾਂਵਦਾਈ ।
ਸਦਵਾਇ ਕੇ ਰਾਝੇ ਨੂੰ ਨੌਕਰਾ ਥੋਂ, ਰਾਜਾ ਅਦਲੀ ਪਾਸ ਬਹਾਂਵਦਾਈ ।
ਮੁਕਬਲ ਬਖਸ ਗੁਨਾਹ ਖੁਦਾਇ ਦੇ ਨਾਇ ਮੇਰਾ, ਕੀਤੇ ਆਪਣੇ ਨੂੰ ਪਛੋਤਾਂਵਦਾਈ ॥ ੩੫੧ ॥
ਖੇੜੇ ਫੌਜ ਨੇ ਜਾਇ ਕੇ ਘੇਰ ਆਂਦੇ, ਆਈ ਹੀਰ ਸਿ... (ਪੱਤਰਾ ੨੧੨)

ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਅੰਤਲਾ ਪਾਠ ਨਹੀਂ ਮਿਲਦਾ, ਜਿਸ ਕਰ ਕੇ ਪੁਸਤਕ ਅਧੂਰੀ ਹੈ ।

੧੮. ਹੀਰ ਮੁਕਬਲ (ਨੰ. ×, ਡਾ. ਗੰ. ਸਿੰ.)

ਲੇਖਕ—ਮੁਕਬਲ । ਆਕਾਰ— 5" × 3½", ਲਿਖਤ 3½" × 2½" ।

ਵੇਰਵਾ— ਪੱਤਰੇ ੧੫-੧੬੭ (੧੫੩); ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼, ਪਰ ਸਿੱਧੀ ਸਾਦੀ ਪੁਰਾਣੇ ਢੰਗ ਦੀ ਜੋ ਕੁਝ ਅਸ਼ੁੱਧ ਵੀ ਹੈ, ਜਿਵੇਂ—ਮੁਕਬਲ ਸੂਰੀਆਂ ਚਾਰੀਆਂ ਸੇਖ 'ਸੁੰਨੇ'... ਵਿਚ 'ਸਨਾ' ਦੀ ਥਾਂਵੇਂ 'ਸੁੰਨੇ' ਸ਼ਬਦ ਅਸ਼ੁੱਧ ਹੈ; ਹਾਸ਼ੀਆ ਲਾਲ ਲਕੀਰਾਂ ਵਾਲਾ; ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਪੁਰਾਣੀ ਲਿਖਤ ਹੋਣ ਕਰ ਕੇ ਅੱਖਰ ਕਈ ਥਾਵੀਂ ਕੁਝ ਉੱਡੇ ਹੋਏ; ਜਿਲਦ ਟੁੱਟਣ ਕਰ ਕੇ ਪੱਤਰੇ ਕੁਝ ਸ਼ਿਕਸਤਾ ਤੇ ਫਟੇ ਜਾਂ ਭੁਰੇ ਹੋਏ; ਆਦਿ-ਅੰਤ ਦੇ ਪੱਤਰੇ ਗੁੰਮ ਹੋਣ ਕਰ ਕੇ ਪੁਸਤਕ ਨਾ-ਮੁਕੰਮਲ ਹਾਲਤ ਵਿਚ ਹੈ; ਹੱਥ-ਲਿਖਤ ਸਾਧਾਰਣ ਹੋਣ ਕਰ ਕੇ ਹੋਰ ਕੋਈ ਵਿਸ਼ੇਸ਼ਤਾ ਇਸ ਨੁਸਖ਼ੇ ਦੀ ਨਹੀਂ ਹੈ ।

੧੯. (ੳ) ਹੀਰ ਰਾਂਝੇ ਕਾ ਬ੍ਰਿਤੰਤ (ਸੱਸੀ ਹਾਸ਼ਮ ਆਦਿ ਸਣੇ) (ਨੰ. ੫੦੩, ਪੰ. ਯੂ. ਚੰ.)

ਲੇਖਕ— ਕਵੀ ਮੁਕਬਲ । ਆਕਾਰ–6" × 4", ਲਿਖਤ 4½" × 2½" ।

ਵੇਰਵਾ— ਪੱਤਰੇ ਹੀਰ ਰਾਂਝੇ ਕਾ ਬ੍ਰਿਤੰਤ ੧੩੪, ਸੱਸੀ ਹਾਸ਼ਮ ੧੩੫–੭੩, ਸੀਹਰਫ਼ੀ ਪੂਰਣ ਦੀ (ਕਾਦਰ ਯਾਰ) ੧੭੪-੨੨੭; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਸਿਆਲ ਕੋਟੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਅਤਿ ਸੁੰਦਰ ਰੰਗੀਨ ਲਕੀਰਾਂ ਵਾਲਾ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸਵਾ ਕੁ ਸੌ ਸਾਲ ਪੁਰਾਣੀ ਲਿਖਤ ਹੈ । ਲਿਖਾਰੀ— ਨਾਮਾਲੂਮ ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਹੀਰ ਰਾਂਝੇ ਕਾ ਬ੍ਰਿਤੰਤ ਕ੍ਰਿਤ ਮੁਕਬਲੇ ਕੀ ।...
ਮਉਜੂ ਜਟ ਦਾ ਲਾਡਲਾ ਨਾਉ ਧੀਦੋ, ਵਿਚ ਤਖਤ ਹਜਾਰੇ ਦੇ ਵਸਦਾ ਸੀ ।... (ਪੱਤਰਾ ੧)

ਅੰਤ— ...ਮੁਕਬਲ ਨਾਉ ਖੁਦਾਇ ਦਾ ਕੀਮੀਆ ਹੈ, ਹੋਰ ਸੁੰਜੜਾ ਜਿਕਰ ਖਿਆਲ ਹੈ ਜੀ ॥ ੩੬੧ ॥
ਹੀਰ ਰਾਂਝੇ ਦੀ ਕਥਾ* ਪੂਰੀ ਹੋਈ । (ਪੱਤਰਾ ੧੩੪)

(ਅ) ਸੱਸੀ ਹਾਸ਼ਮ

ਆਰੰਭ— ੧ੴ ਸਤਿਗੁਰ ਪ੍ਰਸਾਦਿ । ਅਥ ਸਸੀ ਹਾਸਮ ਕ੍ਰਿਤ ਲਿਖਯਤੇ ।
ਕੁਦਰਤ ਓਸੁ ਖੁਦਾਵੰਦ ਵਾਲੀ, ਮਾਲਕੁ ਮੁਲਖ ਮਲਕ ਦਾ ।... (ਪੱਤਰਾ ੧੩੫)

---

* ਮੁੱਢ ਵਿਚ ਇਸ ਕਿਸੇ ਦਾ ਨਾਉਂ 'ਹੀਰ ਰਾਂਝੇ ਕਾ ਬ੍ਰਿਤੰਤ' ਹੈ ਤੇ ਅੰਤ ਵਿਚ 'ਹੀਰ ਰਾਂਝੇ ਦੀ ਕਥਾ' ।

ਅੰਤ— ਹਾਸਮ ਇਸਕ ਬਲੋਚ ਸਸੀ ਦਾ, ਜੁਗ ਜੁਗ ਰਹਗੁ ਕਹਾਨੀ ॥ ੧੨੪ ॥
ਸੰਪੂਰਨ ਹੋਈ ਸਸੀ । (ਪੱਤਰਾ ੧੭੩)

(ੲ) **ਸੀਹਰਫ਼ੀ ਪੂਰਣ ਦੀ** (ਕਾਦਰ ਯਾਰ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਅਥ ਸਿਹਰਫੀ ਪੂਰਣ ਦੀ ਲਿਖਜਤੇ ।
ਅਲਫ ਆਉ ਸਖੀ ਸਲਕੋਟ ਅੰਦਰ, ਪੂਰਣੁ ਪੁਤ ਸਲਵਾਨ ਨੇ ਜਾਇਆਈ ।... (ਪੱਤਰਾ ੧੭੪)

ਅੰਤ— .. ਪੂਰਣ ਭਗਤ ਮਿਲਿਆ ਫੇਰ ਮਾਇ ਤਾਈ, ਕਿਸਾ ਜੋੜਿਆ ਸੀ ਕਾਦਰ ਯਾਰ ਲੋਕੋ ॥ ੧੫ ॥ (ਪੱਤਰਾ ੨੨੭)

੨੦. (ੳ) **ਕਿੱਸਾ ਹੀਰ ਵ ਰਾਂਝਾ** (ਸੋਹਣੀ ਮਹੀਵਾਲ ਆਦਿ ਸਮੇਤ) (ਨੰ. ੪੦੩, ਪੰ. ਸਾ. ਅ.)

ਲੇਖਕ— ਕਵੀ ਮੁਕਬਲ । ਆਕਾਰ–5″ × 8″, ਲਿਖਤ 3¾″ × 7¼″ ।

ਵੇਰਵਾ– ਪੱਤਰੇ ੨-੧੭੨; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਮੁੱਢਲੇ ਪੰਜਾਹ ਕੁ ਪੱਤਰੇ ਹੇਠੋਂ ਖੱਬੀ ਨੁੱਕਰ ਤੋਂ ਕਿਰਮ ਖ਼ੁਰਦਾ ਹੋਣ ਕਰ ਕੇ ਭੁਰੇ ਹੋਏ, ਪੁਸਤਕ-ਸੰਗ੍ਰਹਿ ਵੈਸੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੧੭-੧੯੧੯ ਬਿ. ।

ਆਰੰਭ— ... ਆਸਕਾ ਨੂੰ, ਜਿਨ ਰਬ ਦੇ ਨਾਲਿ ਪਰੀਤਿ ਲਾਈ ॥ ੫ ॥
ਦਰਦਵੰਦ ਗ਼ਰੀਬ ਯਤੀਮ ਰਾਂਝਾ, ਮੁਇਆਂ ਮਾਪਿਆਂ ਦਿੱਤੀ ਸੂ ਹਾਰ ਦੱਮਾ ।
ਕਦੇ ਕੰਮ ਨੂੰ ਹਥ ਨਾ ਲਾਂਵਦਾ ਸੀ, ਇਕ ਵਾਰ ਹੀ ਘੇਰਿਆ ਆਇ ਕੰਮਾ ।
ਪਏ ਵਾਇਦੇ ਬਹੁਤ ਹੈਰਾਨ ਹੋਇਆ, ਰੋ ਰੋ ਆਖਦਾ, "ਹਾਇ, ਮੈਂ ਕਿਉਂ ਜੰਮਾ ।"
ਜਦੋਂ ਆਦਮੀ ਨੂੰ ਦੁਖ ਲਗਦਾ ਹੀ, ਤਦੋ ਆਂਵਦੀ ਮੁਕਬਲਾ ਯਾਦ ਅੰਮਾ ॥ ੬ ॥ (ਪੱਤਰਾ ੨)

ਅੰਤ— ...ਮੁਕਬਲ ਰੱਬ ਦਾ ਨਾਮੁ ਮੁਸੱਲਮਾ ਹੈ, ਸੁੰਞਾ ਜਿਕੁਰ ਜਹਾਨ ਦਾ ਖਜਾਲ ਹੈ ਜੀ ॥ ੩੬੦ ॥ ਹੀਰ ਸੰਪੂਰਨੰ ।
(ਪੱਤਰਾ ੭੦)

(ਅ) **ਸੋਹਣੀ ਮਹੀਵਾਲ** (ਹਾਸ਼ਮ)

ਆਰੰਭ– ੧ੴ ਸਤਿਗੁਰ ਪ੍ਰਸਾਦਿ । ਅਥ ਸੋਹਣੀ ਮੇਹੀਵਾਲ ਲਿਖਜਤੇ ।
ਅੱਵਲ ਨਾਮੁ ਧਿਆਵਾ ਉਸ ਦਾ, ਜਿਨ ਇਹ ਜਗਤ ਉਪਾਇਆ ।... (ਪੱਤਰਾ ੭੧)

ਅੰਤ– ...ਹਾਸ਼ਮ ਸਿਦਕ ਸੋਹਣੀ ਦਾ ਜਗ ਵਿਚ, ਜੁਗ ਜੁਗ ਤੁਰੀ ਕਹਾਨੀ ॥ ੧੫੮ ॥
ਸੋਹਨੀ ਮੇਹੀਵਾਲ ਸੰਪੂਰਣੰ ॥੧੯੧੭॥ (ਪੱਤਰਾ ੯੪)

(ੲ) **ਸੱਸੀ ਹਾਸ਼ਮ**

ਆਰੰਭ— ੧ੴ ਸਤਿਗੁਰ ਪ੍ਰਸਾਦਿ । ਅਥ ਸਸੀ ਹਾਸਮ ਕ੍ਰਿਤ ਲਿਖਜਤੇ ।
ਕੁਦਰਤਿ ਓਸ ਖੁਦਾਵੰਦ ਵਾਲੀ, ਮਾਲਕ ਮੁਲਕ ਮਲਕ ਦਾ ।... (ਪੱਤਰਾ ੯੫)

ਅੰਤ— ...ਹਾਸਮ ਇਸਕ ਬਲੋਚ ਸਸੀ ਦਾ, ਜੁਗ ਜੁਗ ਰਹਿਗੁ ਕਹਾਨੀ ॥ ੧੨੪ ॥
ਸਸੀ ਪੁੰਨੂ ਹਾਸਮ ਕ੍ਰਿਤ ਸੰਪੂਰਨ ॥ ੧ ॥ ਸੰਮਤ ੧੯੧੯ ॥ ਫਾਲਗੁਨ ਸੁਦੀ ਗੁਰੁਵਾਰੇ ਏਕਮ । (ਪੱਤਰਾ ੧੧੩)

(ਸ) **ਸੀਹਰਫ਼ੀ ਦਿਆਲ ਸਿੰਘ ਕੀ**

ਆਰੰਭ— ੧ੴ ਸਤਿਗੁਰ ਪ੍ਰਸਾਦਿ । ਸੀਹਰਫੀ ਦਿਆਲ ਸਿੰਘ ਦੀ ਲਿਖਜਤੇ ।
ਅਲਫ ਆਇਓ ਕੁਝ ਕਮਾਵਣੇ ਨੂ, ਅਤੇ ਚਾਵਣੇ ਕੁਝ ਤੂੰ ਚਾਵਨਾ ਹੈ ।... (ਪੱਤਰਾ ੧੧੫)

ਅੰਤ— ...ਦਿਆਲ ਸਿੰਘ ਇਹ ਕਹਿਰ ਕੀ ਪਇਆ ਤੈਨੂੰ, ਬੂਹੇ ਵੜਦਿਆਂ ਵਸਤ ਮੁਹਾਈਆ ਹੀ ॥ ੩੦ ॥
ਸੀਹਰਫੀ ਸੰਪੂਰਣੰ । (ਪੱਤਰਾ ੧੨੦)

(ਹ) **ਸੱਸੀ ਪੁੰਨੂ** (ਗੁਰਬਖ਼ਸ਼ ਸਿੰਘ)

ਆਰੰਭ— ਅਥ ਸਸੀ ਪੁਨੂ । ੧ੴ ਸਤਿਗੁਰ ਪ੍ਰਸਾਦਿ ।

ਅਲਫ ਆਣਕੇ ਇਸਕ ਨੇ ਜ਼ੋਰਿ ਕੀਤਾ, ਕੋਈ ਹਾਲ ਨਿਮਾਣੀ ਦਾ ਦੇਖ਼ ਮਾਏ ।... (ਪੱਤਰਾ ੧੨੦)

ਅੰਤ— .. ਗੁਰਬਖਸ ਸਿੰਘ ਸਸੀ ਉਠ ਚਲੀ, ਰਬ ਆਣ ਮੇਲੇ ਮੇਰੇ ਬੇਲੀਆ ਨੂੰ ॥ ੩੦ ॥
ਸੀਹਰਫੀ ਸੰਪੂਰਨੰ । (ਪੱਤਰਾ ੧੨੭)

(ਕ) **ਗੋਪੀ ਚੰਦ ਦੀ ਸੀਹਰਫ਼ੀ** (ਗੰਗਾ ਰਾਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸੀਹਰਫੀ ਗੋਪੀ ਚੰਦ ਦੀ । ਔਂ ।
ਅਲਫ ਆਇ ਗੋਪੀ ਚੰਦੂ ਨਾਵਣ ਬੈਠਾ, ਮਾਤਾ ਦੇਖ ਮਹਲ ਦੇ ਵਿਚ ਰੋਈ ।... (ਪੱਤਰਾ ੧੨੭)

ਅੰਤ— ...ਗੰਗਾ ਰਾਮ ਤ੍ਰਈ ਲੋਕ ਢੂੰਡ ਡਿਠੇ, ਅੰਤ ਕਾਲ ਜੋ ਮਾਤਾ ਨੂ ਦਾਗੁ ਲਾਇਆ ॥ ੩੦ ॥
ਸੀਹਰਫੀ ਸੰਪੂਰਨੰ ਸੁਭੰ । (ਪੱਤਰਾ ੧੩੨)

(ਖ) **ਸੀਹਰਫ਼ੀ ਦੀਦਾਰ ਬਖ਼ਸ਼ ਦੀ**

ਆਰੰਭ—੧ਓ ਸਤਿਗੁਰ ਪ੍ਰਸਾਦਿ ।
ਅਲਫ ਆਵੋ ਖਾ ਅੰਗ ਸਹੇਲੀਓ ਨੀ, ਕਿਹਾ ਕੰਮੁ ਬਣਿਆ ਡਾਢੇ ਨਾਲ ਮੇਰਾ ।...

ਅੰਤ— ... ਵਗੇ ਇਸ਼ਕ ਦਰਿਯਾਉ ਦੀਦਾਰ ਬਖਸਾ, ਸਚੇ ਯਾਰ ਦਾ ਨਾਉ ਉਚਾਰਦੀ ਹਾਂ ॥ ੩੦ ॥
ਸੀਹਰਫੀ ਸੰਪੂਰਨੰ । (ਪੱਤਰਾ ੧੩੯)

(ਗ) **ਬਾਰਾਂ ਮਾਹਾਂ ਮੋਤੀ ਰਾਮ ਦਾ**

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਛੰਦ ॥ ਚੇਤ ਚਿਤਨ ਕਰ ਸਮਝ ਪਿਆਰੇ...। (ਪੱਤਰਾ ੧੩੯)
ਅੰਤ— ...ਮੋਤੀ ਰਾਮ ਰਾਮ ਭਜ ਪਜਾਰੇ, ਬਹੁਰ ਨ ਜੂਨੀ ਆਵੇਂਗਾ ॥ ੧੨ ॥
ਬਾਰਾ ਮਾਹਾ ਸੰਪੂਰਨ ਭਯਾ । ਸੁਭੰ । (ਪੱਤਰਾ ੧੪੧)

(ਘ) **ਬਾਰਾਂ ਮਾਹਾਂ ਹੀਰ ਗੁਰਬਖ਼ਸ਼ ਸਿੰਘ ਦਾ**

ਆਰੰਭ— ੧ਓ ਸਤਿਗੁਰ ਪ੍ਰਸਾਦਿ । ਚੜ੍ਹੇ ਚੇਤ ਚਿਤ ਚਿੰਤਾ ਕਰ ਕੇ... (ਪੱਤਰਾ ੧੪੨)
ਅੰਤ— ...ਕਹਿ ਗੁਰਬਖਸ ਸਿੰਘ ਰਬ ਕੀਤੀ, ਹੀਰ ਨਸੀਬਾ ਵਾਲੀ, ਭਈ ਖੁਸਾਲੀ ॥ ੧੨ ॥
ਬਾਰਾ ਮਾਹਾਂ ਹੀਰ ਦਾ ਸੰਪੂਰਨ ਹੋਇਆ । ਸੰਪੂਰਨੰ । (ਪੱਤਰਾ ੧੪੪)

(ਙ) **ਕਿੱਸਾ ਪੂਰਨ ਭਗਤ ਦਾ** (ਕਾਦਰ ਯਾਰ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸੀਹਰਫੀ ਪੂਹਨ ਭਗਤ ਦੀ ॥ ਸੀਹਰਫੀ ਪਹਿਲੀ ॥
ਅਲਫ ਆਉ ਸਖੀ ਸਿਆਲ ਕੋਟ ਅੰਦਰ, ਪੂਰਨ ਪੁਤ੍ਰ ਸਲਵਾਨ ਨੇ ਜਾਇਆ ਈ ।.. (ਪੱਤਰਾ ੧੪੫)

ਅੰਤ— ... ਕਾਦਰ ਯਾਰ ਕਿਸਾ ਪੂਰਨ ਭਗਤ ਵਾਲਾ, ਸੁਣੋ ਸਭ ਯਾਰੋ ਹੋਇਆ ਅਜੁ ਪੂਰਾ ॥ ੩੦ ॥
ਸੰਪੂਰਨੰ । ਸੀਹਰਫੀਆਂ ਪੰਜ ਸਪੂਰਨ ਹੋਈਆਂ । (ਪੱਤਰਾ ੧੭੨)

(ਨੰ. ×, ਅ. ਸਿੰ. ਆ.)

੨੧. ਹੀਰ ਵਾਰੇ ਸ਼ਾਹ ਕੀ

ਲੇਖਕ— ਸੱਯਦ ਵਾਰਿਸ ਸ਼ਾਹ । ਆਕਾਰ—$5\frac{1}{2}'' \times 8\frac{1}{2}''$, ਲਿਖਤ $3\frac{1}{2}'' \times 7''$ ।

ਵੇਰਵਾ— ਪੱਤਰੇ ੨੨੬; ਪ੍ਰਤੀ ਸਫ਼ਾ ੧੯ ਸਤਰਾਂ; ਕਾਗ਼ਜ਼ ਸਿਆਲ ਕੋਟੀ; ਲਿਖਤ ਸਾਫ਼ ਤੇ ਸ਼ੁੱਧ, ਪਰ ਕਿਤੇ ਕਿਤੇ ਫ਼ਾਰਸੀ ਸ਼ਬਦ ਅਸ਼ੁੱਧ ਵੀ ਹਨ; ਸਿਰਲੇਖ ਤੇ ਬੰਦਾਂ ਦੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ; ਪਹਿਲੇ ਵਰਕੇ ਦਾ ਹਾਸ਼ੀਆ ਦੂਹਰਾ ।

ਸਮਾਂ— ਸੰਮਤ ੧੮੭੮ ਬਿ. (ਪਹਿਲਾ ਉਤਾਰਾ), ਤੇ ਸੰਮਤ ੧੯੧੯ ਬਿ. (ਦੂਜਾ ਉਤਾਰਾ) । ਲਿਖਾਰੀ—(ਪਹਿਲਾ) ਸੇਵਾ ਰਾਮ ਚੂਹਣੀਆਂ ਵਾਲਾ ਤੇ (ਦੂਜਾ) ਰਾਗ ਹਰੀ (ਪ੍ਰੇਮ ਸਿੰਘ) ।

ਆਰੰਭ— ੧ਓ ਸ੍ਰੀ ਗੁਰਬਰ ਅਕਾਲ । ਹੀਰ ਵਾਰੇ ਸਾਹ ਕੀ ।
ਅਵਲ ਹਮਦ ਖੁਦਾਇ ਦਾ ਵਿਰਦ ਕੀਚੈ, ਇਸਕ ਕੀਤਾ ਹੈ ਜਗ ਦਾ ਮੂਲ ਮੀਆਂ ।

(ਪੱਤਰਾ ੧)

ਪਹਿਲੰ ਆਪ ਹੀ ਰਬ ਨੇ ਇਸਕ ਕੀਤਾ, ਤੇ ਮਾਸੂਕ ਹੈ ਨਬੀ ਰਸੂਲ ਮੀਆਂ ।...

ਅੰਤ— ...ਜਗ ਜਾਣ ਏਵੇ ਜਿਵੇ ਝੰਗ ਪੇਕੇ, ਗੋਰ ਕਾਲੜਾ ਬਾਗ ਬਣਾਇਆ ਈ ।
ਵਾਰੇ ਸਾਹ ਮੀਆਂ ਬੇੜੇ ਪਾਰ ਤਿਨਾ, ਜਿਨਾ ਰਬ ਦਾ ਨਾਮ ਧਿਆਇਆ ਈ ।। ੯੬੦ ।।
(ਲਿਖਾਰੀ ਵਲੋਂ) ਜਵਾਬ ਸੇਵਾ ਰਾਮ ।
ਸਹਰ ਚੂਹਣੀਆਂ ਵਿਚਿ ਚੌਂਬੂਤਰੇ ਦੇ, ਸੇਵਾ ਰਾਮ ਨੇ ਸੋਕ ਦਿਲ ਧਾਰਿਆ ਜੇ ।
ਲਿਖੀ ਆਪ ਤੇ ਕੁਝ ਲਿਖਾਇ ਲਈ, ਕੰਮ ਬਹੁਤ ਹੀ ਖੂਬ ਸਵਾਰਿਆ ਜੇ ।
ਹੀਰ ਮਾਹੀ ਦੀ ਕਥਾ ਲਿਖਾਇ ਲਈਏ, ਮਤਾ ਚਿਤ ਦੇ ਵਿਚੁ ਚਿਤਾਰਿਆ ਜੇ ।
ਭੂਲ ਚੁਕ ਜੋ ਲਿਖਤ ਦੇ ਵਿਚਿ ਹੋਵੇ, ਸਾਹਿਬ ਗੁਨਿ ਜਨੋ ਵੇਖਿ ਸਵਾਰਿਆ ਜੇ ।
ਅਠਾਰਾ ਸੈ ਅਠੜ੍ਹ ਸੰਮਤ ਆਹਾ, ਮਾਹ ਭਾਦਰੋਂ ਚਾਰ ਦਿਹਾਰਿਆ ਜੇ ।
ਰੋਜ ਜੁੰਮੇ ਦੇ ਕੁੱਲ ਤਮਾਮ ਹੋਈ, ਸੁਣਨ ਪੜ੍ਹਨ ਅਸੀਸ ਉਚਾਰਿਆ ਜੇ ।। ੯੬੧ ।।
ਹੀਰ ਰਾਂਝੇ ਦੀ ਕਹਾਣੀ ਵਾਰੇ ਸਾਹ ਕ੍ਰਿਤ ਤਮ ਤਮ ਤਮਾਮ ਤਮਾਮ ਸੁਦ ।। ੧ ।। ਦੋਹਰਾ ।।
ਸੰਮਤ ਵਿਕ੍ਰਮ ਜੀਤ ਨ੍ਰਿਪਤਿ ਕੋ, ਉਨੀਸੈ ਉਨੀ ਜਾਨੋ ।
ਵਿਸਾਖ ਸੁਦੀ ਪੰਚਮ ਰਵਿ ਬਾਸੁਰ, ਰਾਸ ਮੇਖ ਮੈ ਭਾਨੋ ।
ਸੁਧਾ ਸਰੋਵਰ ਕੇ ਤਟ ਬੁੰਗੇ, ਨਾਮ ਨੀਸਾਨ ਬਖਾਨੋ । (ਪੱਤਰਾ ੨੨੫)
ਲਿਖੀ ਰਾਗ ਹਰਿ ਤਾ ਮੈ ਵਾਸੀ, ਬਖਸੋ ਭੂਲ ਪਛਾਨੋ ।। ੧ ।। ਸੁਧੁ ।

ਮੁੱਢ ਵਿਚ ਇਸ ਪੁਸਤਕ ਦਾ ਨਾਮ 'ਹੀਰ ਵਾਰੇ ਸਾਹ ਕੀ' ਤੇ ਅੰਤ ਵਿਚ 'ਹੀਰ ਰਾਂਝੇ ਦੀ ਕਹਾਣੀ' ਲਿਖਿਆ ਹੈ ।

(ਨੰ. ×, ਸ਼. ਸਿੰ. ਅ.)

੨੨. ਕਿੱਸਾ ਹੀਰ ਰਾਂਝੇ ਕਾ

ਲੇਖਕ— ਸੱਯਦ ਵਾਰਿਸ ਸ਼ਾਹ । ਆਕਾਰ— $6\frac{1}{2} \times 9\frac{1}{2}''$, ਲਿਖਤ $4\frac{1}{4}'' \times 7\frac{3}{4}''$ ।

ਵੇਰਵਾ—ਪੱਤਰੇ ੧੭੦, ਜਿਨ੍ਹਾਂ ਵਿਚੋਂ ਪੱਤਰੇ ੧੦-੧੧, ੨੧-੨੨ ੩੦-੩੪, ੪੬, ੫੦, ੬੧, ੬੮, ੭੧, ੮੯-੯੧, ੧੦੧-੧੦੨, ੧੦੪-੧੦੬, ੧੦੯ ਤੇ ੧੬੮ ਗੁਮ ਹਨ; ਪ੍ਰਤੀ ਸਫ਼ਾ ੨੧ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਤੇ ਬੰਦਾਂ ਦੇ ਅੰਕ ਕਈ ਥਾਵੇਂ ਲਾਲ ਸਿਆਹੀ ਨਾਲ ਲਿਖੇ ਹੋਏ; ਪੱਤਰਾ ੧, ੪੧ ਤੇ ੧੬੯ ਅਧਵਾਟਿਓਂ ਫਟੇ ਤੇ ਜਿਲਦ ਟੁੱਟਣ ਕਰ ਕੇ ਲਗਭਗ ਸਾਰੇ ਹੀ ਪੱਤਰੇ ਨੁੱਕਰਾਂ ਤੋਂ ਭੁਰੇ ਹੋਏ; ਸਿਲ੍ਹ ਚੜ੍ਹਨ ਕਰ ਕੇ ਸਫ਼ਿਆਂ ਉਤੇ ਥਾਂ ਪਰ ਥਾਂ ਧੱਬੇ ਲੱਗੇ ਹੋਏ ਵੀ ਹਨ ।

ਸਮਾਂ— ਪੁਸਤਕ ਡੇਢ ਕੁ ਸੌ ਵਰ੍ਹਾ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਕਿਸਾ ਹੀਰ ਰਾਂਝੇ ਕਾ ਲਿਖਜਤੇ ਕ੍ਰਿਤ ਕਵਿ ਬਾਰੇ ਸਾਹਿ ਦੀ ।। ਝੂਲਨਾ ਛੰਦ ।।
ਅਵਲ ਹਮਦ ਖੁਦਾਇ ਦਾ ਬਿਰਦ ਕੀਜੈ, ਇਸਕੁ ਕੀਤਾ ਸੁ ਜਗ ਦਾ ਮੂਲ ਮੀਆ ।
ਪਹਿਲੇ ਆਪ ਹੀ ਰਬ ਨੇ ਇਸਕ ਕੀਤਾ, ਮਾਸੂਕ ਹੈ ਨਬੀ ਰਸੂਲ ਮੀਆ ।... (ਪੱਤਰਾ ੧)

ਅੰਤ— ਹੀਰ ਰੂਹ ਤੇ ਚਾਕ ਕਲਬੂਤ ਜਾਣੋ, ਬਾਲ ਨਾਥ ਏ ਪੀਰ ਬਣਾਇਆ ਈ ।
ਪੰਜ ਪੀਰ ਖਵਾਸ ਇਹ ਪੰਜ ਤੇਰੇ, ਜਿਨ੍ਹਾ ਥਾਪਣਾ ਤੁਧ ਨੂ ਲਾਇਆ ਈ ।
ਕਾਜੀ ਹਕ ਝਬੇਲ ਨੀ ਅਮਲ ਤੇਰਾ, ਅਜਾਲ ਮਨ ਤਕਸੀਰ ਠਹਿਰਾਇਆ ਈ ।
ਕੋਠਾ ਗੋਰ ਇਜਰਾਈਲ ਅਹੈ ਖੇੜਾ, ਜਿਹੜਾ ਲੈਂਦੋ ਹੀ ਰੂਹ ਨੂੰ ਧਾਇਆ ਈ ।
ਕੈਦੋ ਲੰਙਾ ਸੈਤਾਨ ਮਲਊਨ ਜਾਣੋ, ਜਿਸ ਨੇ ਵਿਚ ਦੀਵਾਨ ਪਹੁਚਾਇਆ ਈ ।
ਸਯਾਂ ਹੀਰ ਦੀਆਂ ਸਨ ਘਰ ਬਾਰ ਤੇਰਾ, ਜਿਨਾ (ਨਾਲ) ਪੈਵੰਦ ਬਣਾਇਆ ਈ ।
......ਬੋਲਦਾ ਸੀ ਵਿਚਿ ਵੰਝਲੀ ਦੇ, ਜਿਸੁ ਰੌਹ ਦਾ......ਸੁਣਾਇਆ ਈ ।
ਸਹਤੀ ਮੌਤ ਤੇ ਜਮ ਹੈ ਯਾਰ......, ਉਨ੍ਹਾਂ ਦੋਹਾਂ ਨੇ ਭੇੜ ਨਚਾਇਆ ਈ ।
ਸਹਵਤ...... ਤੇ ਭੁਖ ਰਵੇਲ ਬਾਦੀ, ਜਿਨਾ ਜੰਨਤੋਂ ਮਾਰ ਕਢਾਇਆ ਈ ।... (।। ੬੪੧ ।।)

(ਪੱਤਰਾ ੧੭੦)

ਇਸ ਤੋਂ ਅੱਗੇ ਪੱਤਰਾ ਫਟਿਆ ਹੋਣ ਕਰ ਕੇ ਬਾਕੀ ਅੰਤਲਾ ਪਾਠ ਨਹੀਂ ਮਿਲਦਾ, ਜਿਸ ਕਰ ਕੇ ਪੁਸਤਕ ਅਧੂਰੀ ਹੈ । ਕੁੱਲ ਬੰਦ ਇਸ ਪੁਸਤਕ ਦੇ ੬੪੧ ਹਨ ।

੨੩. ਕਿੱਸਾ ਹੀਰ ਵ ਰਾਂਝਾ (ਫ਼ਾਰਸੀ ਅੱਖਰ) (ਨੰ. ੪੬੭, ਪੰ. ਯੂ. ਚੰ.)

ਲੇਖਕ— ਸੱਯਦ ਵਾਰਿਸ ਸ਼ਾਹ । ਆਕਾਰ—5¼" × 9¼", ਲਿਖਤ 3¼" × 6½" ।

ਵੇਰਵਾ ਪੱਤਰੇ ੧੩੦; ਪ੍ਰਤੀ ਸਫ਼ਾ ੧੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਨਸਤਾਲੀਕ, ਜੋ ਸਾਫ਼ ਪੜ੍ਹੀ ਜਾਂਦੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਕਵੀ ਵਾਰਿਸ ਸ਼ਾਹ ਦਾ ਨਾਂ ਲਗਭਗ ਹਰੇਕ ਬੰਦ ਦੇ ਅਖ਼ੀਰ ਵਿਚ ਲਾਲ ਸਿਆਹੀ ਨਾਲ ਅੰਕਿਤ; ਜਿਲਦ ਟੁੱਟੀ ਹੋਈ, ਜਿਸ ਕਰ ਕੇ ਪੁਸਤਕ ਖ਼ਸਤਾ ਹਾਲਤ ਵਿਚ ਹੈ; ਪੱਤਰੇ ਫਟੇ ਹੋਣ ਕਰ ਕੇ ਪੁਸਤਕ ਅਧੂਰੀ ਹੈ ।

ਸਮਾਂ— ਲਿਖਤ ਡੇਢ ਕੁ ਸੌ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਫ਼ਕੀਰ ਹਾਮਿਦ ਅਲੀ ਪੁਤ੍ਰ ਜਾਨ ਮੁਹੰਮਦ । ਸਥਾਨ—ਨਾਮਾਲੂਮ ।

ਆਰੰਭ— ਬਿਸਮਿੱਲਾਹਿੱਰਹਮਾਨੁੱਰਹੀਮ ।
ਅੱਵਲ ਹਮਦ ਖ਼ੁਦਾਇ ਦਾ ਵਿਰਦ ਕੀਜੇ, ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ ।... (ਪੱਤਰਾ ੧)

ਅੰਤ— ...ਵਾਰਿਸ ਸ਼ਾਹ ਮੀਆਂ ਬੇੜੇ ਪਾਰ ਤੇਰੇ, ਕਲਮਾ ਪਾਕ ਜ਼ੁਬਾਨ ਤੇ ਆਇਆ ਈ ।
ਤੱਮਤ ਤਮਾਮ ਸ਼ੁਦ ਕਿੱਸਾ ਹੀਰ ਵ ਰਾਂਝਾ ਤਸਨੀਫ਼ ਸੱਯਦ ਵਾਰਿਸ ਸ਼ਾਹ ਸਕਨਾ ਕਦੀਮ ਜੰਡਿਆਲਾ ਸ਼ੇਰ ਖ਼ਾਨ ਬਦਸਤ ਫ਼ਕਰ ਹਕੀਰ ਪੁਰ ਤਕਸੀਰ ਹਾਮਿਦ ਅਲੀ ਵਲਦ ਜਾਨ ਮੁਹੰਮਦ ਬਵਕਤ ਦੀਗਰ ਬਰੋਜ਼ ਯਕ ਸ਼ੰਬਾ ਤਹਰੀਰ ਯਾਫ਼ਤ ।
(ਪੱਤਰਾ ੧੩੦)

੨੪. ਕਿੱਸਾ ਹੀਰ ਵ ਰਾਂਝਾ (ਅਧੂਰਾ) (ਨੰ. ੪੮੧, ਪੰ. ਯੂ. ਚੰ.)

ਲੇਖਕ— ਸੱਯਦ ਵਾਰਿਸ ਸ਼ਾਹ । ਆਕਾਰ—5¼" × 8½", ਲਿਖਤ 3½" × 7" ।

ਵੇਰਵਾ— ਪੱਤਰੇ ੨—੧੯੧(੧੯੦); ਪ੍ਰਤੀ ਸਫ਼ਾ ੧੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾ ਵਾਲਾ; ਸਿਰਲੇਖ ਤੇ ਬੰਦਾਂ ਦੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਆਦਿ-ਅੰਤ ਦਾ ਇਕ-ਇਕ ਪੱਤਰਾ ਗੁੰਮ ਹੋਣ ਕਰ ਕੇ ਪੁਸਤਕ ਨਾ-ਮੁਕੰਮਲ ।

ਸਮਾਂ— ਲਿਖਤ ਇਕ ਸੌ ਸਾਲ ਤੋਂ ਵੱਧ ਪੁਰਾਣੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ... ...ਆਨ ਮਕਾਨ ਕੀਤਾ, ਦੁਖ ਦਰਦ ਪੰਜਾਬ ਦਾ ਦੂਰ ਹੈ ਜੀ ॥੫॥
ਜਦੋਂ ਅਸਕ ਦੇ ਕੰਮ ਨੂੰ ਹੱਥ ਲਾਈਏ, ਪਹਿਲਾਂ ਰੱਬ ਦਾ ਨਾਉਂ ਧਿਆਈਏ ਜੀ ।
ਯਾਰਾਂ ਅਸਾਂ ਨੂੰ ਆਣਿ ਸੁਆਲ ਕੀਤਾ, ਇਸਕ ਹੀਰ ਦਾ ਨਵਾਂ ਬਣਾਈਏ ਜੀ ।... (ਪਤਰਾ ੧)

ਅੰਤ— ...ਸੈਈਆਂ ਹੀਰ ਦੀਆਂ ਨੀ ਘਰ ਬਾਰ ਤੇਰਾ, ਜਿਨ੍ਹਾਂ ਨਾਲ ਪੇਵੰਦ ਬਣਾਇਆ ਈ ।
ਸਹਿਤੀ ਮੌਤ ਤੇ ਜਿਸਮ ਹੈ ਯਾਰ ਰਾਂਝਾ, ਏਨ੍ਹਾਂ ਦੁਹਾਂ ਨੇ ਭੇੜ ਮਚਾਇਆ ਈ ।
ਸਾਹਦ ਭਾਬੀ ਤੇ ਭੁਖ ਰਵੇਲ ਬਾਂਦੀ, ਜਿਨਾਂ ਜੰਨਤੋਂ ਮਾਰ ਕਢਾਇਆ ਈ ।
ਤ੍ਰਿੰਵਣ ਏਹ ਬੱਦ ਅਮਲੀਆਂ ਤੇਰੀਆਂ ਨੀ, ਕੱਢ ਕਬਰ ਥੀਂ ਦੋਜਕੀਂ ਪਾਇਆ ਈ ॥੯੫੭॥
ਅਦਲੀ ਰਾਜਾ ਹੈ ਨੇਕ ਨੀ ਅੱਮਲ ਤੇਰੇ, ਜਿਸ ਫੇਰ ਈਮਾਨ ਦੇਵਾਇਆ ਈ ।
ਏਹੁ ਔਰਤ ਜੋਗੀ... (ਪੱਤਰਾ ੧੯੧)

ਇਸ ਤੋਂ ਅੱਗੇ ਪੱਤਰਾ ਗੁੰਮ ਹੋਣ ਕਰ ਕੇ ਬਾਕੀ ਅੰਤਲਾ ਪਾਠ ਨਹੀਂ ਮਿਲਦਾ ।

(ਨੰ. ×, ਡਾ. ਗੰ. ਸਿੰ.)

੨੫. **ਹੀਰ ਵਾਰਿਸ ਸ਼ਾਹ**

ਲੇਖਕ— ਸੱਯਦ ਵਾਰਿਸ ਸ਼ਾਹ । ਆਕਾਰ—6" × 4", ਲਿਖਤ 4½" × 3" ।

ਵੇਰਵਾ— ਪੱਤਰੇ ੬-੧੫੭(੧੪੯); ਪ੍ਰਤੀ ਸਫ਼ਾ ੮ ਸਤਰਾਂ, ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਆਦਿ-ਅੰਤ ਦੇ ਪੱਤਰੇ ਗੁੰਮ, ਤੇ ਬੈਂਤ ਨੰ. ੧੫ ਤੋਂ ੩੦੧ ਤਕ ਅਧੂਰਾ ਪਾਠ ਹੋਣ ਕਰ ਕੇ ਪੁਸਤਕ ਨਾ-ਮੁਕੰਮਲ ਹੈ ।

੨੬. ਹੀਰ ਰਾਂਝਾ ਕਾ ਪ੍ਰਸੰਗ (ਦੇਵ ਨਾਗਰੀ ਅੱਖਰ) (ਨੰ. ੫੫੫, ਪੰ. ਆ.)

ਲੇਖਕ— ਕਵਿ ਗੁਰਦਾਸ, ਗੁਣੀ । ਆਕਾਰ—6¼" × 9¼", ਲਿਖਤ 4½" × 7" ।

ਵੇਰਵਾ— ਪੱਤਰੇ ੧੨੧; ਪ੍ਰਤੀ ਸਫ਼ਾ ੧੭ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਅਤਿ ਸੁੰਦਰ ਰੰਗੀਨ ਲਕੀਰਾਂ ਵਾਲਾ (ਚੌਕੋਰ); ਸਿਰਲੇਖ, ਛੰਦਾਂ ਦੇ ਨਾਮ ਤੇ ਵਿਸ੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ਤੇ ਅੰਤਲੇ ਪੱਤਰੇ ਪੁਰਾਣੇ ਹੋਣ ਕਰ ਕੇ ਕੁਝ ਭੁਰੇ ਹੋਏ; ਜਿਲਦ ਸਿੱਧੀ ਸਾਦੀ ਤੇ ਹਾਲਤ ਕੁਝ ਖ਼ਸਤਾ ।

ਸਮਾਂ— ਜਲੂਸੀ ਸੰਨ ੫੦ ਔਰੰਗਸ਼ਾਹੀ, ਮੁਤਾਬਕ ਸੰਨ ੧੭੦੬ ਈ. । ਲਿਖਾਰੀ—ਨਾਮਾਲੂਮ ।

ਆਰੰਭ— ੴ ਸ੍ਵਸਤਿ ਸ੍ਰੀ ਗਣੇਸ਼ਾਯ ਨਮ : । ਅਥ ਹੀਰ ਰਾਂਝਾ ਕਾ ਪ੍ਰਸੰਗ ਲਿਖਯਤੇ ।

ਸੋਰਠਾ ॥ ੴ ਸ੍ਰੀ ਗਣੇਸ਼ ਰਣਧੀਰ, ਪ੍ਰਥਮੇ ਤੋ ਪੂਜਾ ਕਰੋਂ ।
ਵਾਰੋਂ ਸਬੈ ਸਰੀਰ, ਮਸਤਕ ਕੌ ਚਰਨਨ ਧਰੋਂ ॥
ਚੌਪਈ ॥ ਸ਼ਿਰਿ ਗਣੇਸ਼ ਕੋ ਪ੍ਰਿਥਮੈ ਜਜੋਂ । ਪੂਜਾ ਕਰ ਸਰਨਾਗਤ ਭਜੋਂ ।
ਚੰਦਨ ਪੁਹਪ ਭਾਵ ਕੈ ਕਰੋਂ । ਧੂਪ ਦੀਪ ਲੈ ਆਗੈ ਧਰੌ ॥
ਤੁਸਟਮਾਨ ਕ੍ਰਿਪਾ ਕਰਿ ਹੋਵੈਂ । ਦਾਸ ਹ੍ਰਿਦੇ ਕੇ ਸਬ ਮਲ ਧੋਵੈਂ ।
ਕਰਿ ਕ੍ਰਿਪਾ ਬੁਧਿ ਨਿਰਮਲ ਹੋਇ । ਬਾਨੀ ਮਾਲਾ ਧਰੋਂ ਪਰੋਇ ॥... (ਪੱਤਰਾ ੧)

ਅੰਤ— ਪੂਰਨ ਭਈ ਕਥਾ ਅਬ ਤਾ ਕੀ । ਜੋਊ ਬਨਾਈ ਟੇਢੀ ਬਾਂਕੀ ।
ਪੜੇ ਸੁਨੇ ਜੋ ਕੋਇ ਸਵਾਨੀ । ਜਾਨੇਂ ਯਹ ਗੁਰਦਾਸ ਵਖਾਨੀ ।
ਭੂਲ ਚੂਕ ਜੋ ਕੀਨੀ ਹੋਈ । ਦਾਸ ਜਾਨ ਬਖਸੇ ਸਬ ਕੋਈ ।
ਕਹਿ ਪੂਰਨ ਗੁਰਦਾਸ ਨਿਵਾਰੀ । ਧਨੀ ਨਾਮ ਹ੍ਰਿਦ ਮਾਂਹ ਸਮ੍ਹਾਰੀ ।
ਦੋਹਾ ॥ ਪਾਰਬ੍ਰਹਮ ਪੂਰਨ ਪੁਰਖ, ਜਬ ਕਥ ਹੋਇ ਸਹਾਯ ।
ਕਰੋਂ ਸਮਰਪਨ ਤਾ ਚਰਨ, ਜੋ ਕਛੁ ਨਹੀ ਬਨਾਯ ॥
ਇਤਿ ਹੀਰ ਰਾਂਝਾ ਕਥਾ ਸੰਪੂਰਣੰ । ਸ਼ੁਭਮਸਤੁ । (ਪੱਤਰਾ ੧੨੧)

੨੭. ਕਥਾ ਹੀਰ ਰਾਂਝੇ ਕੀ (ਨੰ. ੭੯੮, ਪੰ. ਯੂ. ਚੰ.)

ਲੇਖਕ— ਕਵੀ ਜੋਗ ਸਿੰਘ । ਆਕਾਰ—$7\frac{3}{4}'' \times 5\frac{1}{4}''$, ਲਿਖਤ $5\frac{1}{2}'' \times 3\frac{1}{2}''$ ।

ਵੇਰਵਾ— ਪੱਤਰੇ ੧੮੦; ਪ੍ਰਤੀ ਸਫ਼ਾ ੧੧ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਕੁਝ ਸਫ਼ਿਆਂ ਦਾ ਹਾਸ਼ੀਆ ਲਕੀਰਾਂ ਤੋਂ ਬਗ਼ੈਰ ਤੇ ਬਾਕੀ ਹਾਸ਼ੀਆ ਲਾਲ ਲਕੀਰਾਂ ਵਾਲਾ; ਕਿਤੇ ਕਿਤੇ ਕੁਝ ਉਕਾਈਆਂ ਹਾਸ਼ੀਏ ਉਤੇ ਸੋਧੀਆਂ ਹੋਈਆਂ; ਪੁਸਤਕ ਸਜਿਲਦ, ਜੋ ਹਰ ਤਰਾਂ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਹੈ । ਲਿਖਾਰੀ—ਮਿਸ੍ਰ ਗੋਪਾਲ ਸਿੰਘ ।

ਆਰੰਭ— ਕਥਾ ਹੀਰ ਰਾਂਝੇ ਕੀ ਲਿਖਯਤੇ । ੧ੴ ਸਤਿਗੁਰ ਪ੍ਰਸਾਦਿ ।

ਮਾਤਾ ਜਾਕੀ ਗਉਰਜਾਂ, ਗਣਪਤਿ ਸ੍ਰੀ ਗਣੇਸ ।
ਬਿਘਨ ਹਰਨਿ ਮੰਗਲਿ ਕਰਨ, ਨਾਸਨ ਸਗਲ ਕਲੇਸ ॥੧॥
ਦੋ: ॥ ਸਾਰਦ ਮਾਤਾ ਬਾਕ ਪਤਿ, ਬਿਦਯਾ ਦਾਤੀ ਸੋਇ ।
ਕਿਰਪਾ ਕੀਜੈ ਦਾਸ ਪਰ, ਸਿਧਿ ਮਨੋਰਥ ਹੋਇ ॥੨॥
ਕਬਿੱਤ ॥ ਤੇਰੀ ਸਾਹਿਬੀ ਅਪਾਰ ਬੇਸੁਮਾਰ ਤੂ ਬੇਅੰਤ ਸਾਈਂ,
ਦਯਾ ਕਰੋ ਕਿਸਾ ਹੀਰ ਰਾਂਝੇ ਦਾ ਉਚਾਰੀਏ ।
ਤਖਤ ਹਜਾਰੇ ਮਉਜੂ ਚਉਧਰੀ ਦਾ ਪੂਤ੍ਰ ਰਾਂਝਾ,
ਸੁੰਦਰ ਅਨੂਪ ਰੂਪ ਮਨੋਂ ਨਾ ਬਿਸਾਰੀਏ ।
ਮੂਏ ਮਾਪੇ ਹੋਇ ਦਲਿਗੀਰ ਚਿਤ ਟਿਕੇ ਨਾਹੀ,
ਸੋਚ ਕਰੇ ਕਿਵੇਂ ਹੁਣਿ ਵਖਤਿ ਗੁਜਾਰੀਏ ।
ਜੋਗ ਸਿੰਘ ਰਾਂਝਾ ਕਹੇ, "ਛਡੀਏ ਜੰਜਾਲ ਸਭਿ,
ਹੋਇ ਕੇ ਫਕੀਰ ਕਿਸੇ ਦੇਸ ਨੂ ਸਿਧਾਰੀਏ" ॥੩॥ (ਪੱਤਰਾ ੧)

ਅੰਤ— ...ਪਰ। ਉਦਾਰ ਗੁਰੂ ਭੁਲ ਚੁਕੁ ਮਾਫ ਕਰੋ,
ਜੋਗ ਸਿੰਘ ਸਰਨ ਤੁਮਾਰੀ ਲਈ ਆਇ ਕੇ ॥੬੪੩॥
ਇਤਿ ਸ੍ਰੀ ਕਥਾ ਹੀਰ ਰਾਂਝੇ ਕੀ ਸੰਪੂਰਣੰ ਮਸਤ ਸੁਭਮਸਤ ।
ਬਦਸਤਖਤ ਮਿਸ੍ਰ ਗੋਪਾਲ ਸਿੰਘੇਨ : ... (ਪੱਤਰਾ ੧੮੦)
ਇਸ ਤੋਂ ਅੱਗੇ ਅੰਤਲਾ ਪੱਤਰਾ ਗੁਮ ਹੋਣ ਕਰ ਕੇ ਬਾਕੀ ਹਾਲ ਲਿਖਾਰੀ ਦਾ ਨਹੀਂ ਮਿਲਿਆ ।

੨੮. ਦਾਸਤਾਨ ਇਬਤਦਾ ਰਾਜੇ ਕਾਮ ਰੂਪ ਕੀ (ਨੰ. ੮੭, ਪੰ. ਯੂ. ਚੰ.)

ਲੇਖਕ— ਕਵੀ ਅਹਿਮਦ ਯਾਰ । ਆਕਾਰ—$6\frac{3}{4}'' \times 9\frac{3}{4}''$, ਲਿਖਤ $4\frac{1}{4}'' \times 7''$ ।

ਵੇਰਵਾ— ਪੱਤਰੇ ੬੧; ਪ੍ਰਤੀ ਸਫ਼ਾ ੧੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਪੱਤਰੇ ੪-੫ ਦੀਆਂ ਦੋ ਉਕਾਈਆਂ ਹਾਸ਼ੀਏ ਉਤੇ ਨੋਟ ਕੀਤੀਆਂ ਹੋਈਆਂ; ਵਿਚਕਾਰੋਂ ਕਈ ਥਾਵੀਂ ਕੁਝ ਸਫ਼ੇ ਤਸਵੀਰਾਂ ਵਾਸਤੇ ਖ਼ਾਲੀ ਛੱਡੇ ਹੋਏ; ਕਾਗਜ਼ ਕੁਝ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਉਤੇ ਕਈ ਥਾਵੀਂ ਕੁਝ ਛੇਕ ਪਏ ਹੋਏ; ਪੱਤਰੇ ੮੯, ੬੦ ਤੇ ੬੧ ਹੇਠਲੀਆਂ ਨੁਕਰਾਂ ਤੋਂ ਫਟਣ ਕਰ ਕੇ ਚੇਪੀਆਂ ਲਾ ਕੇ ਨਵੇਂ ਸਿਰੇ ਮੁਰੰਮਤ ਕੀਤੇ ਹੋਏ; ਜਿਲਦ ਸਾਦੀ ਚਮੜੇ ਦੀ।

ਸਮਾਂ- ਲਿਖਤ ਸਵਾ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਦਾਸਤਾਨ ਇਬਤਦਾ ਰਾਜੇ ਕਾਮ ਰੂਪ ਦੀ।

ਹਿੰਦੂ ਊਂਧ ਨਗਰ ਦਾ ਰਾਜਾ, ਰਾਜਪਤੀ ਸੀ ਵਾਲੀ।
ਮੁਲਕ ਖਜਾਨੇ ਲਸਕਰੁ ਫੌਜਾਂ, ਪਰਜਾ ਬਹੁਤ ਸੁਖਾਲੀ।
ਉਸ ਦੇ ਘਰੁ ਫਰਜੰਦੁ ਨ ਹੋਵੇ, ਗੁਜਰੀ ਉਪਰ ਜਵਾਨੀ।
ਰਾਜੇ ਦਉਲਤ ਮਾਲੁ ਨ ਭਾਵੇ, ਲਗ ਰਹੀ ਹੈਰਾਨੀ ॥੧॥ (ਪੱਤਰਾ ੧)

ਅੰਤ— ਜੇ ਕੋਈ ਸੁਣੇ ਖ਼ੁਦਾ ਦਿਓ ਪਾਰੋ, ਕਰੇ ਦੁਆਈ ਤਾਹੀ।
ਰਬਾ ਇਥੇ ਦਈ ਈਮਾਨ ਸਲਾਮਤ, ਉਥੇ ਸੁਖ ਵਿਖਾਹੀ।
ਮੇਰੀਆਂ ਪੂਰੀਆਂ ਪਾਵਣ ਵਾਲਾ, ਹਜਰਤੁ ਸਾਹਿ ਜੀਲਾਨੀ।
ਅਹਮਦੁ ਯਾਰ ਮੁਰੀਦ ਮੀਰ ਦਾ, ਬਰਦਾ ਦੋਹੀ ਜਹਾਨੀ ॥
ਤਮਾਮ ਸੁਦ। (ਪੱਤਰਾ ੬੧)

੨੯. **ਕਥਾ ਕਾਮ ਰੂਪ ਵ ਕਾਮ ਲਤਾ ਦੀ** (ਫ਼ਾਰਸੀ ਅੱਖਰ) (ਨੰ. ੧੪੯, ਪ੍ਰੋ. ਪ੍ਰੀ. ਸਿੰ.)

ਲੇਖਕ— ਕਵੀ ਅਹਿਮਦ ਯਾਰ। ਆਕਾਰ—$4\frac{1}{2}'' \times 8\frac{1}{4}''$, ਲਿਖਤ $2\frac{1}{2}'' \times 7''$।

ਵੇਰਵਾ- ਪੱਤਰੇ ੩੯; ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ ਨਸਤਾਲੀਕ; ਕੁਝ ਪੱਤਰੇ ਕਿਰਮ ਖ਼ੁਰਦਾ ਤੇ ਫਟੇ ਹੋਏ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਕਈ ਥਾਵੇਂ ਕੁਝ ਉਕਾਈਆਂ ਹਾਸ਼ੀਏ ਉਤੇ ਟੇਢੇ ਹੱਥ ਨਾਲ ਸੋਧੀਆਂ ਹੋਈਆਂ; ੨੯ਵਾਂ ਪੱਤਰਾ ਅੱਧਾ ਫਟਿਆ ਹੋਇਆ; ਆਦਿ-ਅੰਤ ਦੇ ਪੱਤਰੇ ਗ਼ੁਮ ਹੋਣ ਕਰ ਕੇ ਪੁਸਤਕ ਅਧੂਰੀ ਹੈ।

ਸਮਾਂ— ਸੰਨ ੧੮੫੦ ਈ. ਦੇ ਨੇੜੇ ਤੇੜੇ। ਲਿਖਾਰੀ-ਨਾਮਾਲੂਮ।

ਆਰੰਭ— ਸਾਵੀ ਜੂਹੀ ਰੁੱਖ ਰੰਗੀਲੇ, ਪੀਤਾ ਮਿੱਠਾ ਪਾਨੀ।
ਬੈਠੇ ਇਕ ਰੁੱਖੇ ਦੀ ਛਾਵੇਂ, ਦੋਵੇਂ ਯਾਰ ਹਵਾਨੀ।... (ਪੱਤਰਾ ੧)

ਅੰਤ— ਰਾਜਾ ਛਤ੍ਰਪਤੀ ਖ਼ੁਸ਼ ਹੋਇਆ, ਸੁਨ ਸੁਨ ਏਹ ਕਹਾਨੀ।
ਨਾਲੇ ਦੇਵੀ ਰੋਕ ਵੰਜਾਇਆ, ਨਾਲੇ ਸੱਦੀ ਰਾਨੀ।
ਫ਼ਜਰੀ ਵਕ਼ਤ... ... ... (ਪੱਤਰਾ ੩੮)
ਕਾਮ ਕੰਵਰ ਤੋਂ ਸਾਰੀ ਵਿਥਿਆ ਸੁਨੀ ਵਜ਼ੀਰ ਪਿਆਰੇ।
ਤੁਰਦੇ ਤੁਰਦੇ ਦੋਵੇਂ ਸਾਥੀ, ਪਹੁੰਚੇ ਨਦੀ ਕਿਨਾਰੇ। (ਵਾਧੂ ਪੱਤਰਾ)

ਇਸ ਤੋਂ ਅਗਲੇ-ਪਿਛਲੇ ਤੇ ਮੁੱਢਲੇ ਪੱਤਰੇ ਗ਼ੁਮ ਹੋਣ ਕਰ ਕੇ ਇਹ ਪੁਸਤਕ ਅਧੂਰੀ ਹੈ।

੩੦. (ੳ) **ਕਥਾ ਗੋਪੀ ਚੰਦ ਮੈਨਾਵੰਤੀ ਕੀ** (ਸੀਹਰਫ਼ੀ ਮੀਰਨ ਕੀ ਸਮੇਤ) (ਨੰ. ੨੬੬, ਭਾ. ਵਿ.)

ਲੇਖਕ— ਨਾਮਾਲੂਮ। ਆਕਾਰ—$2\frac{3}{4}'' \times 2\frac{1}{4}''$, ਲਿਖਤ $2\frac{1}{4}'' \times 1\frac{1}{2}''$।

ਵੇਰਵਾ—ਪੱਤਰੇ ੧੪-੧੩੦ (੧੧੭), ਸੀਹਰਫ਼ੀ ਮੀਰਨ ਕੀ ੧੮, ਕੁੱਲ ਜੋੜ ੧੩੫; ਪ੍ਰਤੀ ਸਫ਼ਾ ੫ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸੁੰਦਰ ਚੌਕੋਰ ਦੂਹਰੀਆਂ ਲਕੀਰਾਂ ਵਾਲਾ; ਸਿਰਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਅੰਕਿਤ; ਪੱਤਰਾ ੧੦੯ ਤੋਂ ਹਾਸ਼ੀਆ ਦੇਖਣ ਤੇ ਪਤਾ ਲਗਦਾ ਹੈ ਕਿ ਇਹ ਪੁਸਤਕ ਕ੍ਰਿਪਾ ਸਿੰਘ ਨਾਮੀ ਕਿਸੇ ਵਿਅਕਤੀ ਦੀ ਸੀ ਜੋ ਪਿਛੋਂ ਵਿਕ੍ਰੀ ਹੋ ਕੇ ਭਾਸ਼ਾ ਵਿਭਾਗ ਦੇ ਹੱਥ ਆਈ; ਮੁੱਢਲੇ ੧੩ ਪੱਤਰੇ ਗ਼ੁਮ ਹੋਣ ਕਰ ਕੇ ਪੁਸਤਕ ਅਧੂਰੀ ਹੈ।

ਸਮਾਂ— ਇਕ ਸੌ ਸਾਲ ਤੋਂ ਵੱਧ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ- ...ਰੋਵੈ ਬਿਦ ਗਏ ਕੋ ਜੋਗੀ ॥੨੭॥

"ਮਾਤਾ ! ਛਾਉ ਹੋਇ ਤਾ ਧੂਪ ਲੋੜੀਐ, ਧੂਪ ਹੋਇ ਤਾਂ ਛਾਇਆ ।
ਮੀਹੁ ਹੋਇ ਤਾ ਛਪੜੀ ਲੋੜੀਐ, ਕਿਉਂ ਕਰ ਰਹੈ ਮੇਰੀ ਜਲ ਬਿੰਦ ਕੀ ਕਾਇਆ ॥੨੯॥ (ਪੱਤਰਾ ੧੪)

ਅੰਤ— ਗਗਨ ਮੰਡਲ ਕਾ ਮਾਰਗ ਲੀਆ, ਨਿਰਖਿ ਅਗਮ (ਅਸ)ਥਾਨ ।
ਛੁਟਕਿਆ ਨਾਭ ਦੁਆਦਸ ਆਇਆ, ਲਾਗਾ ਤ੍ਰਿਕੁਟੀ ਧਿਆਨ ।
ਓਨਮ ਗਤ ਗਗਨੰਤਰ ਚੜ੍ਹਿਆ, ਤਬ ਬਿਸਰਿਆ ਦੇਹ ਪਿਰਾਨ ।
ਜੀਵਤ ਮ੍ਰਿਤਕ ਹੋਇ ਰਹੁ ਆਜ ਨ ਕਰ ਬਿਮਲਾ ਇਸਨਾਨ ।
ਬਦਤਿ ਗੋਰਖ ਸੁਣ ਮੈਣਾਵੰਤੀ, ਤੇਰਾ ਇਸਥਿਰ ਭਇਆ ਰਾਜਾਨ ॥੪॥੨੮੨॥
ਧਿਆਉ ਪੰਜ ਸੰਪੂਰਣ ਭਇਆ, ਮੈਣਾਵੰਤੀ ਰਾਜੇ ਗੋਪੀ ਚੰਦ ਕੀ ਸੰਪੂਰਨ ਭਈ । (ਪੱਤਰੇ ੧੨੯-੩੦)

(ਅ) **ਸੀਹਰਫ਼ੀ ਮੀਰਨ ਕੀ** (ਕਵੀ ਮੀਰਨ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸੀਹਰਫ਼ੀ ਮੀਰਨ ਜੀ ਕੀ ।
ਅਲਫ਼ ਆਹਿ ਕੈ ਇਸ਼ਕ ਲਖਾਉ ਕੀਤਾ, ਮੈਂ ਤਾਂ ਮੰਜੜੇ ਚਾਇ ਬੀਮਾਰ ਸੁੱਟੀ ।... (ਪੱਤਰਾ ੧)

ਅੰਤ— ...ਸੇਜੇ ਦਰੂਨਾ ਦੂਰਿ ਦਰਾਜ ਹੋਇਆ, ਪਾਸ ਰਹਿਣੇ ਦਾ ਕੋਈ ਪੱਜ (ਨਾਹੀ) । (ਪੱਤਰਾ ੨੮)
ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ ।

੩੧. **ਕਿੱਸਾ ਸ਼ਾਹ ਬਹਰਾਮ ਵ ਹੁਸਨ ਬਾਨੋ ਕਾ** (ਗੱਦ ਵਿਚ ਅਨੁਵਾਦ) (ਨੰ. ੯੦, ਪੂੰ. ਪ੍ਰੀ. ਸਿ.)

ਲੇਖਕ— ਮੀਰ ਹਸਨ ਤੇ ਫ਼ਰਖ਼ੰਦਹ ਅਲੀ । ਆਕਾਰ—$7\frac{1}{2}'' \times 12\frac{3}{4}''$, ਲਿਖਤ $5\frac{3}{4}'' \times 11\frac{1}{2}''$ ।

ਵੇਰਵਾ— ਪੱਤਰੇ ੨੭; ਪ੍ਰਤੀ ਸਫ਼ਾ ੨੧ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ-ਸਾਦੀ, ਜੋ ਬੇ ਪਰਵਾਹੀ ਨਾਲ ਲਿਖੀ ਹੋਣ ਕਰ ਕੇ ਕਈ ਥਾਵਾਂ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰੇ ਖੁਲ੍ਹੇ; ਪੁਸਤਕ ਅੱਛੀ ਹਾਲਤ ਵਿਚ ਹੈ ।

ਸਮਾਂ— ੨੦ ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸ਼ੁਰੂ ਦਾਸਤਾਨ । ਕਹਤੇ ਹੈ ਕਿ ਫਾਰਸ ਕੇ ਮੁਲਿਕ ਮੈ ਏਕ ਬਾਦਸ਼ਾਹ ਬਹਰਾਮ ਗੋਰ ਥਾ, ਬਹੁਤ ਖ਼ੂਬਸੂਰਤ ਯੂਸੁਫ ਜੈਸਾ, ਉਸ ਕੀ ਤਸਵੀਰ ਖੈਚਨੇ ਮੈਂ ਤਸਵੀਰ ਖੈਂਚਨੇ ਵਾਲੇ ਹੈਰਾਨ ਥੇ ਔਰ ਹੁਸਨ ਉਸ ਕਾ ਜਹਾਨ ਮੈ ਮਸ਼ਹੂਰ ਥਾ । ਐਸਾ ਇਨਸਾਫ ਕਰਤਾ ਥਾ ਕਿ ਨੌਸ਼ੇਰਵਾਨ ਨਾਮ ਜਹਾਨ ਸੇ ਮਿਟਾਇਯਾ ਔਰ ਬਹਾਦਰੀ ਉਸ ਕੀ ਨੇ ਰੁਸਤਮ ਪਹਲਵਾਨ ਕਾ ਜਿਕਰ ਦੁਨੀਯਾ ਸੇ ਭੁਲਾਇਯਾ, ਅਗਰ ਹਾਤਮ ਸਖੀ ਉਸ ਕੇ ਵਕਤ ਮੈ ਹੋਤਾ ਤੋ ਅਪਨੀ ਸਖਾਵਤ ਸੇ ਸ਼ਰਮਿੰਦਾ ਹੋਤਾ, ਹਰ ਏਕ ਇਲਮ ਔਰ ਹੁਨਰ ਮੈ ਅਪਨੇ ਬਰਾਬਰ ਦੂਸਰਾ ਨ ਰਖਤਾ ਥਾ, ਦਿਨ ਕੋ ਅਦਾਲਤ ਔਰ ਇਨਸਾਫ਼ ਸੇ ਅਪਨੇ ਮੁਲਕ ਕਾ ਇਨਸਾਫ ਕਰਤਾ ਥਾ। (ਪੱਤਰਾ ੧)

ਅੰਤ— ... ਬਹਰਾਮ ਨੇ ਅਪਨਾ ਯੇਹ ਦਸਤੂਰ ਮੁਕਰਰ ਕੀਆ ਕਿ ਛੇ ਮਹੀਨੇ ਹੁਸਨਬਾਨੋ ਕੇ ਸਾਥ ਸਬਜ਼ ਸਹਰ ਮੇ ਆਰਾਮ ਕੀਆ ਕਰਤਾ, ਮੁਲਕ ਫਾਰਸ ਮੇ ਛੋਟੇ ਮਹਲ ਕੇ ਸਾਥ ਜ਼ਿੰਦਗੀ ਕੀ ਲੁਤਫ਼ ਉਠਾਤਾ ਥਾ, ਤਮਾਮ ਉਮਰ ਯਿਸੀ ਤਰੇ ਸੇ ਕਾਟੀ, ਅਬ ਖੁਦਾ ਸੇ ਯੇਹ ਅਮੇਦ ਹੈ ਕਿ ਜਿਸਤਰੇ ਖ਼ੁਦਾ ਨੇ ਉਨ ਕੋ ਰੰਜ ਕੇ ਪੀਛੇ ਆਰਾਮ ਦੀਆ ਇਸੀ ਤਰੇ ਉਨ ਕੋ ਥੀ ਜੋ ਜੋ ਇਸ ਕਿਤਾਬ ਕੇ ਬਨਾਨੇ ਵਾਲੇ ਹੈ ਯਾਨੇ ਜਨਾਬ ਮੀਰ ਹਸਨ ਸਾਹਬ ਔਰ ਫਰਖੰਦਹੁ ਅਲੀ ਸਾਹਬ ਔਰ ਇਸ ਕੇ ਲਿਖਨੇ ਵਾਲੇ ਔਰ ਜੋ ਇਸ ਕੋ ਮੋਲ ਲੇਂ ਔਰ ਪੜ੍ਹੇ ਆਰਾਮ ਦੇ...
(ਪੱਤਰਾ ੨੭)

ਇਹ ਪੁਸਤਕ ਮੀਰ ਹਸਨ ਦਿਹਲਵੀ ਨੇ ਪਹਿਲਾਂ ਉਰਦੂ ਨਜ਼ਮ ਵਿਚ ਲਿਖੀ ਤੇ ਫੇਰ ਮੀਰ ਫ਼ਰਖੰਦਹ ਅਲੀ ਨੇ ਗੱਦ ਵਿਚ ਅਨੁਵਾਦ ਕੀਤਾ ਸੀ ।

੩੨. **ਕਿੱਸਾ ਸਿਪਾਹੀ ਜ਼ਾਦਾ** (ਅਧੂਰਾ-ਫ਼ਾਰਸੀ ਅੱਖਰ) (ਨੰ. ×, ਸ਼. ਸਿੰ. ਅ,)

ਲੇਖਕ- ਖ਼ੁਸ਼ਦਿਲ, ਕੀਰਤ ਪੁਰੀ । ਆਕਾਰ—$6\frac{3}{4}'' \times 10''$, ਲਿਖਤ $4'' \times 8\frac{1}{2}''$ ।

ਵੇਰਵਾ— ਪੱਤਰੇ ੧੫; ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਦੇਸੀ; ਖ਼ਤ ਨਸਤਾਲੀਕ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ ।

ਸਮਾਂ— ਸੰਮਤ ੧੯੧੫ ਬਿ. । ਲਿਖਾਰੀ— ਬਧਾਵਾ ਮੱਲ ।

ਆਰੰਭ- (ਸ਼ੁਰੂ ਦਾ ਇਕ ਪੱਤਰਾ ਗਵਾਚਾ ਹੋਇਆ ਛੱਡ ਕੇ)
ਖ਼ੁਸ਼ ਆਤਾ ਹੈ ਮੁਝੇ ਜ਼ਿਕਰਿ ਮੁਹੱਬਤ ।
ਨਹੀਂ ਰਹਿਤਾ ਬਜੁਜ਼ ਫ਼ਿਕਰਿ ਮੁਹੱਬਤ ।
ਅਗਰਚਿ ਹੂੰ ਬਹੁਤ ਦੀਵਾਨਾ ਇਸ਼ਕ ।
ਵ ਲੇਕਨ ਯਹ ਨਹੀਂ ਅਫ਼ਸਾਨਾ ਇਸ਼ਕ ।... (ਪੱਤਰਾ ੨)

ਅੰਤ— ਜਹਾਂ ਸੇ ਬੋਲ ਕੇ ਮੈਂ ਦਾਮ ਲੂੰਗਾ ।
ਵਹਾਂ ਸੇ ਤੁਮਹੇਂ ਭੀ ਕੁਛ ਖ਼ਰਚ ਦੂੰਗਾ ।
ਬਸ ਅਬ 'ਖ਼ੁਸ਼ ਦਿਲ' ਜ਼ਬਾਨ ਕੋ ਬੰਦ ਕਰ ਤੂ ।
ਬਹੁਤ ਸਾ ਕਹਿ ਚੁਕਾ ਹੈ ਦਰ ਗੁਜ਼ਰ ਤੂ ।
ਤਮਾਮ ਅਬ ਹੋ ਚੁਕੀ ਯਹ ਸਬ ਕਹਾਨੀ ।
ਕਰੀ ਹੈ ਤੂ ਨੇ ਬਸ ਗੌਹਰ ਫ਼ਿਸ਼ਾਨੀ ।
ਤਮਾਮ ਸ਼ੁਦ ਕਿੱਸਾ ਸਿਪਾਹੀ ਜਾਦਾ ਮਿਨ ਤਸਨੀਫ਼ ਖ਼ੁਸਦਿਲ ਸਾਕਿਨ ਕੀਰਤ ਪੁਰ ਬਕਲਮ ਸ਼ਿਕਸਤਾ ਰਕਮ ਬਧਾਵਾ ਮੱਲ ।
(ਪੱਤਰਾ ੧੫)

ਇਹ ਕਿੱਸਾ ਇਕ ਵੇਰ ਨਵਲ ਕਿਸ਼ੋਰ ਪ੍ਰੈਸ ਲਖਨਊ ਵਲੋਂ ਛਪ ਚੁਕਾ ਹੈ ।

੩੩. ਕਿੱਸਾ ਸੁਲਤਾਨ ਮਹਮੂਦ ਗ਼ਜ਼ਨਵੀ (ਫ਼ਾਰਸੀ ਅੱਖਰ) (ਨੰ. ×, ਸ਼. ਸਿੰ. ਅ.)

ਲੇਖਕ- ਸ਼ਾਹ ਰਹਮਾਨ । ਆਕਾਰ—$5\frac{3}{4}'' \times 10''$, ਲਿਖਤ $4'' \times 8\frac{1}{2}''$ ।

ਵੇਰਵਾ— ਪੱਤਰੇ ੧੯; ਪ੍ਰਤੀ ਸਫ਼ਾ ੧੪ ਸਤਰਾਂ; ਕਾਗ਼ਜ਼ ਦੇਸੀ; ਖ਼ਤ ਨਸਤਾਲੀਕ; ਹਾਸ਼ੀਆ ਸਾਦਾ : ਲਕੀਰਾਂ ਦੇ ।

ਸਮਾਂ— ਸੰਮਤ ੧੯੧੫ ਬਿ. । ਲਿਖਾਰੀ— ਦੇਵੀ ਚੰਦ ਪੁਤ੍ਰ ਕਨ੍ਹੈਯਾ ਲਾਲ, ਕੌਮ ਖਤ੍ਰੀ, ਸਾਕਿਨ ਕਸਬਾ ਮਨਸੂਰ ਪੁਰ (ਛੀਂਟਾ ਵਾਲਾ), ਇਲਾਕਾ ਪਟਿਆਲਾ ।

ਆਰੰਭ- ਯਾ ਫ਼ਤਾਹ । ਕਿੱਸਾ ਸੁਲਤਾਨ ਮਹਮੂਦ ਗ਼ਜ਼ਨਵੀ ਅਲੈਹੁੱਰਹਮਤੁੱਲਾਹ । ਬਿਸਮਿੱਲਾਹਿੱਰਹਮਾਨੁੱਰਹੀਮ ।
ਅੱਵਲ ਨਾਮ ਅੱਲਾਹ ਕਾ ਸਰਤਾਜ ਹੈ ।
ਦੋ ਆਲਿਮ ਮੇਂ ਜਿਸ ਕਾ ਬੜਾ ਰਾਜ ਹੈ ।
ਵਹੁ ਅੱਵਲ ਵੁਹ ਆਖ਼ਿਰ ਕਰੇਗਾ ਜੋ ਹੋ ।
ਕਿ ਦੁਨੀਆ ਮੇਂ ਆਇਆ ਰਹੇਗਾ ਨ ਕੋ ॥
ਵੁਹ ਕਾਦਰ ਹੈ ਕੁਦਰਤ ਸੇ ਸਬ ਕੁਛ ਕਰੇ ।
ਵੁਹ ਬਖ਼ਸ਼ੇਗਾ ਉਸ ਕੋ ਜੋ ਉਸ ਸੇ ਡਰੇ ।
ਵੁਹ ਚਾਹੇ ਰਾਈ ਸੇ ਪਰਬਤ ਕਰੇ ।
ਵੁਹ ਪਰਬਤ ਕੋ ਨਾਚੀਜ਼ ਕਰ ਕਰ ਧਰੇ ।... (ਪੱਤਰਾ ੧)

ਅੰਤ— ਇਹ ਸੁਨ ਕਰ ਸ਼ਾਹ ਚੋਰੋਂ ਕਾ ਕੀਲੋਕਾਲ ।
ਤਬੱਸੁਮ ਕੀਆ ਮੂੰਹ ਪੇ ਧਰ ਕਰ ਰੁਮਾਲ ।
ਕਹਾ-"ਛੋੜ ਦੋ ਇਨ ਕੋ ਅਬ ਸਾਫ਼ ਸਾਫ਼ ।
ਕੀਆ ਮੈਨੇ ਯਹ ਖ਼ੂਨ ਇਨ ਕਾ ਮੁਆਫ਼ ।"
ਬਾਅਦਬ ਕਹਾਨੀ ਹੂਈ ਸਬ ਤਮਾਮ ।
ਤੁਫ਼ੈਲ ਮੁਹੰਮਦ ਅਲਹ-ਅਲ-ਇਸਲਾਮ ।

ਤਮਾਮ ਸ਼ੁਦ । ਈਂ ਕਿੱਸਾ ਸੁਲਤਾਨ ਮਹਮੂਦ ਗ਼ਜ਼ਨਵੀ ਦਸਤਖਤ ਦੇਵੀ ਚੰਦ ਵਲਦ ਕਨ੍ਹੈਯਾ ਲਾਲ ਕੌਮ ਖਤ੍ਰੀ ਸਾਕਿਨ ਕਸਬਾ ਮਨਸੂਰ ਪੁਰ, ਮਿਤੀ ਜੇਠ ਅੱਵਲ, ਸੁਦੀ ਤੀਜ ਸੰਮਤ ੧੯੧੫ ।

(ਪੱਤਰਾ ੧੬)

੩੪. ਕਿੱਸਾ ਚੰਦ੍ਰ ਬਦਨ ਮਾਹੀਯਾਰ (ਫ਼ਾਰਸੀ ਅੱਖਰ) (ਨੰ. × ,ਸ਼. ਸਿੰ. ਅ)

ਲੇਖਕ— ਮੀਆਂ ਸੈਫੁੱਲਾ । ਆਕਾਰ—6" × 10½ , ਲਿਖਤ 3¾" × 8" ।

ਵੇਰਵਾ— ਪੱਤਰੇ ੧੮ (ਪਹਿਲਾ ਪੱਤਰਾ ਗੁਮ); ਪ੍ਰਤੀ ਸਫ਼ਾ ੪੮ ਸਤਰਾਂ, (ਵਿੰਗ ਟੇਢ ਪਾ ਕੇ ਲਿਖੀਆਂ ਹੋਈਆਂ); ਕਾਗ਼ਜ਼ ਦੇਸੀ (ਕਿਰਮ ਖ਼ੁਰਦਾ); ਕੁਝ ਪੱਤਰੇ ਸਿਲ੍ਹ ਦੇ ਕਾਰਣ ਖ਼ਰਾਬ ਤੇ ਲਿਖਤ ਚਿੱਧ ਮਿੱਧ, ਜੋ ਸਾਫ਼ ਪੜ੍ਹੀ ਨਹੀਂ ਜਾਂਦੀ; ਪੁਸਤਕ ਦੀ ਬੋਲੀ ਉਰਦੂ-ਹਿੰਦੀ ਰਲਵੀਂ ਤੇ ਸ਼ੁਰੂ ਵਿਚ ਅਰਬੀ-ਫ਼ਾਰਸੀ ਦੇ ਸ਼ਬਦਾਂ ਦੀ ਭਰਮਾਰ; ਅੰਤਲੇ ਕੁਝ ਪੱਤਰੇ ਗੁਮ, ਜਿਸ ਕਰ ਕੇ ਕਿੱਸਾ ਅਧੂਰਾ ਹੈ ।

ਸਮਾਂ— ਲਿਖਤ ਸਵਾ ਕੁ ਸੌ ਸਾਲ ਪੁਰਾਣੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—ਬਯਾਦੇ ਆਮਦਤ ਆਈਨਾਏ ਦਿਲਪਜ਼ੀਰ ।

ਬਿਆ ਸਾਕੀਆ ! ਜਾਮ ਲਿਬਰੇਜ਼ ਦਿਹ । (ਪੱਤਰਾ ੨)

ਕਿੱਸਾ ਤਸਵੀਰੇ ਚੰਦ੍ਰ ਬਦਨ ਕਾ ਕਹਿਤਾ ਹੈ:—

ਕਿ ਥਾ ਸ਼ਹਿਰ ਪੱਟਨ ਅਜਬ ਦਿਲਪਜ਼ੀਰ । ਵਹਾਂ ਰਾਜ ਹਿੰਦੂ ਕਾ ਥਾ ਬੇ-ਨਜ਼ੀਰ ।

ਵਹਾਂ ਏਕ ਬੁਤ ਖ਼ਾਨਾ ਮਨਜ਼ੂਰ ਥਾ । ਕਿ ਮਨਜ਼ੂਰ ਮਾਮੂਰ ਮਸ਼ਹੂਰ ਥਾ ।

ਬਰਸ ਪੀਛੇ ਸਬ ਲੋਗ ਮੇਲਾ ਕਰੇਂ । ਕਰੇਂ ਸੈਰ ਮੇਲੇ ਕੀ ਪੂਜਾ ਕਰੇਂ ।

ਜੋ ਉਸ ਨਾਮ ਰਾਜਨ ਕਾ ਰੰਗਾਪਤੀ । ਗਿਆਨੀ ਜੀਤੇ ਸਾਧ ਸੰਤ ਔਰ ਸਤੀ ।

ਲੜਾਈ ਮੇ ਵਹ ਭੀਮ ਅਰਜਨ ਕਾ ਬਰਨ । ਸਭੀ ਖ਼ਲਕੇ ਆਲਮ ਲਗੀ ਆ ਚਰਨ ।

ਗੋਯਾ ਬਿਕ੍ਰਮਾਜੀਤ ਔਰ ਇੰਦ੍ਰ ਥਾ । ਜਗਤ ਮੇ ਵੁਹ ਰਾਵਨ ਕੀ ਮਾਨਿੰਦ ਥਾ ।

ਵੁਹ ਰਾਜਾ ਜਾਦੂ ਬੰਸ ਕੀ ਅੰਸ ਥਾ । ਔਤਾਰੀ ਗੋਯਾ ਰਾਜਾ ਕੰਸ ਥਾ ।

ਨਾ ਥਾ ਉਸ ਕੇ ਫ਼ਰਜ਼ੰਦ ਲਖਤੇ ਜਿਗਰ । ਵਲੇ ਏਕ ਬੇਟੀ ਥੀ ਸੁੰਦਰ ਚਤੁਰ ।

ਸੁੰਦਰ ਸਾਂਵਰੀ ਮਸਤ ਜੋਬਨ ਭਰੀ । ਸ਼ਿਗੁਫ਼ਤਹ ਜਬੀਂ ਸੈਰ ਦਿਲ ਮਨ ਭਰੀ ।

ਜੋ ਜ਼ੁਲਫ਼ੇਂ ਡਸੇਂ ਨਾਗਨੀ ਕਾਲੀਆਂ । ਨੈਨ ਮ੍ਰਿਗ ਸੀ ਮਸਤ ਮਤਵਾਲੀਆਂ ।

ਭਵਾਂ ਤੇਜ਼ ਖ਼ੰਜਰ ਨਿਪਟ ਆਬਦਾਰ ।... (ਪੱਤਰਾ ੩)

ਅੰਤ— ਉਠੀ ਲਾ ਧੜਕ ਫਿਰ ਚਲੀ ਆਪ ਚੁਪ । ਪਿਛੇ ਰੋਤੇ ਜਾਤੇ ਥੇ ਮਾਉਂ ਬਾਪ ਚੁਪ ।

ਸਈਆਂ ਰੋਤੀਆਂ ਸਿਰ ਖੁਲ੍ਹੇ ਵਾਲ ਚੁਪ । ਸਭੀ ਸਰਬਸਰ ਸਖ਼ਤ ਪਾਮਾਲ ਚੁਪ ।

ਜ਼ਨੋ ਮਰਦ ਲਾਖੋਂ ਨਿਪਟ ਦੰਗ ਚੁਪ । ਦਿਲ ਆਜ਼ੁਰਦਹ ਦਿਲ ਮੁਰਦਹ ਦਿਲ ਤੰਗ ਚੁਪ ।

ਬੋਲੀ ਫਿਰ ਅਜਬ... (ਪੱਤਰਾ ੧੯)

ਇਸ ਤੋਂ ਅੱਗੇ ਪੱਤਰਾ ੨੦ ਗੁਮ ਹੋਣ ਕਰ ਕੇ ਅੰਤਲਾ ਪਾਠ ਨਹੀਂ ਮਿਲਦਾ । ਪੱਤਰਾ ੧੬ ਤੇ ੧੭ ਪਰ ਇਕ ਬਾਰਾਂ ਮਾਹਾਂ ਦਰਜ ਹੈ, ਜੋ ਇਸ ਕਿੱਸੇ ਦੀ ਕਹਾਣੀ ਨਾਲ ਹੀ ਸੰਬੰਧ ਰਖਦਾ ਹੈ । ਉਸ ਦਾ ਆਦਿ-ਅੰਤ ਇਸ ਪ੍ਰਕਾਰ ਹੈ—

ਆਰੰਭ— ਖ਼ੁਦਾ ਨੇ ਕੀਆ ਪੀ ਜੁਦਾ ਚੇਤ ਕੂੰ ।

ਕਹੂੰ ਕਿਸ ਕੂੰ ਮੈਂ ਪੀ ਬਿਨਾ ਭੇਤ ਕੂੰ ।... (ਪੱਤਰਾ ੧੬)

ਅੰਤ— ਹੂਆ ਯਾਰ ਫਾਗਨ ਮੇ ਜਬ ਰੂਬਰੂ ।

ਮੁਬਾਰਕ ਕਹੋਂ ਮੁਝ ਕੂੰ ਅਜ਼ ਚਾਰ ਸੂ ।

ਖ਼ਲਾਸੀ ਹਈ ਮੁਝ ਕੂੰ ਆਜ਼ਾਰ ਸੇਂ ।

ਚਲੂੰ ਖੇਲੂੰ ਹੋਰੀ ਅਪਨੇ ਯਾਰ ਸੇਂ ।...

ਬਦਿਹ ਸਾਕੀਆ ! ਜਾਮ ਰੰਗੀਨ ਮੇ ।

ਜਬੀਂ ਯਾਰ ਬਿਨ ਸਖ਼ਤ ਬੇ ਚੈਨ ਹੈ । (ਪੱਤਰਾ ੧੭)

੩੫. ਕਿੱਸਾ ਧੰਨਾ ਭਗਤ (ਨੰ. × , ਡਾ. ਸੁ. ਸਿੰ. ਕੋ.)

ਲੇਖਕ— ਕਵੀ ਧਾਰਾ ਸਿੰਘ । ਆਕਾਰ—5" × 6½", ਲਿਖਤ 6" × 1½" ਤੇ 7¼" × 5½" ।

ਵੇਰਵਾ— ਪੱਤਰੇ ੨੧; ਪ੍ਰਤੀ ਸਫ਼ਾ ੮ ਤੋਂ ੧੨ ਤਕ ਸਤਰਾਂ; ਕਾਗਜ਼ ਸਾਦਾ ਵਿਲਾਇਤੀ, ਕਾਪੀਆਂ ਵਾਲਾ; ਲਿਖਤ ਸਿੱਧੀ ਸਾਦੀ, ਸਾਫ਼ ਤੇ ਕੁਝ ਅਸ਼ੁੱਧ; ਹਾਸ਼ੀਆ ਬਗ਼ੈਰ ਲਕੀਰਾਂ ਦੇ; ਕਿੱਸਾ ਕਾਪੀ ਨੁਮਾ ਹੈ, ਤੇ ਮੁੱਢਲੇ ਪੱਤਰੇ ਉਤੇ ਡਾਕਟਰ ਕੋਹਲੀ ਸਾਹਿਬ ਦੇ ਦਸਖਤਾਂ ਦੇ ਨਾਲ ਹੀ ਭਾਈ ਚਤੁਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਦੀ ਮੋਹਰ ਅੰਗ੍ਰੇਜ਼ੀ ਵਿਚ ਲੱਗੀ ਹੋਈ ਹੈ ।

ਸਮਾਂ— ਕਿੱਸਾ ੬੦-੭੦ ਵਰ੍ਹੇ ਪੁਰਾਣਾ ਜਾਪਦਾ ਹੈ । ਲਿਖਾਰੀ—ਲੇਖਕ ਖ਼ੁਦ ।

ਆਰੰਭ—ਪਾਲ ਮਾਪੇਆ ਰਖੇਆ ਲਾਡਲਾ ਸੀ, ਪੈਹਿਨਣ ਖਾਣ ਨੂੰ ਦੇਹਿਣ ਪਿਆਰ ਕਰ ਕੇ ।
ਛਬਾ ਚੋਕ ਟਿਕਾ ਕੰਢਨ ਪਾ ਕੁੜੀਆ. ਮਾਂ ਰਖੇਆ ਪੁੱਤ ਛੰਗਾਰ ਕਰ ਕੇ ।...
ਉਮਰਾ ਧੱਨੇ ਦੀ ਜਦੋਂ ਸੱਤ ਸਾਲ ਹੋਈ, ਸੇਜ ਰਹਿ ਰਾਜੀ ਗਊਆਂ ਚਾਰ ਕਰ ਕੇ ।
ਧਾਰਾ ਸਿੰਘ ਘਰ ਵਿਚ ਪ੍ਰਵਿਤ (ਪ੍ਰਵ੍ਰਿਤ) ਹੋਯਾ, ਸੱਤ ਸਾਲ ਦੀ ਉਮਰ ਉਸ਼ਿਯਾਰ ਕਰ ਕੇ ॥ (ਪੱਤਰਾ ੧)

ਅੰਤ— ਬੇਨਤੀ ਕਵੀ ।
ਜਿਵੇਂ ਸੁਣਿਆ ਪ੍ਰਸੰਗ ਮਹਾਤਮਾ ਤੋਂ, ਸਾਖੀ ਦਾਸ ਨੇ ਤਿਵੇਂ ਲਿਖਾਈਏ ਜੀ ।
ਥੋੜਾ ਕਰ ਵਿਸਥਾਰ ਬਿਆਨ ਕੀਤਾ, ਮਨਮੱਤ ਕਰ ਨਹੀਂ ਵਧਾਈਏ ਜੀ ।
ਕਵਤਾ ਕਰਨ ਦੀ ਸਾਰ ਕੀਹ ਜਾਣਦਾ ਮੈਂ, ਰੱਬ ਆਸਰੇ ਕਲਮ ਉਠਾਈਏ ਜੀ ।
ਧਾਰਾ ਸਿੰਘ ਦੋਵੇਂ ਹੱਥ ਜੋੜ ਕੈਹਿਦਾ, ਭੁੱਲ ਹੋਵੇ ਤਾਂ ਬਕਸ਼ਨੀ ਚਾਹੀਦੇ ਜੀ ॥ ਸੰਪੂਰਣ ॥
(ਪੱਤਰਾ ੨੧)

(ਨੰ. ੮੦੦, ਪੰ. ਯੂ. ਚੰ.)

੩੬. (ੳ) ਕਿੱਸਾ ਪੱਤਲ (ਝਗੜਾ ਜੱਟੀ ਤੇ ਖਤ੍ਰਾਣੀ ਸਣੇ)

ਲੇਖਕ—ਤੁਲਸਾ ਸਿੰਘ । ਆਕਾਰ—7" × 5", ਲਿਖਤ $4\frac{1}{2}" \times 3\frac{1}{2}"$ ।

ਵੇਰਵਾ—ਪੱਤਰੇ ਪੱਤਲ ਦੇ ੫, ਝਗੜਾ ਜੱਟੀ ਤੇ ਖਤ੍ਰਾਣੀ ਦਾ ੬-੯; ਪ੍ਰਤੀ ਸਫ਼ਾ ੧੦-੧੧ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਪੁਸਤਕ ਸਜਿਲਦ ।

ਸਮਾਂ—ਸੰਮਤ ੧੯੯੬ ਬਿ. । ਲਿਖਾਰੀ-ਨਾਮਾਲੂਮ ।

ਆਰੰਭ— ੧ੳ ਸਤਿਗੁਰ ਪ੍ਰਸਾਦਿ ॥ ਦੋਹਰਾ ॥
ਪ੍ਰਿਥਮ ਗਣੇਸ ਮਨਾਇ ਕੇ, ਦੇਵੀ ਬ੍ਰਿਹਸਪਤਿ ਦੇਵ ।
ਦੇਵ ਬੁਧਿ ਤਤ੍ਕਾਲ ਮਹਿ, ਲਗੋ ਤੁਮਾਰੀ ਸੇਵ ॥੧॥
ਸੁਣੋ, ਸਖੀ ! ਮੁਹਿ ਬਚਨ ਉਚਾਰੋ । ਤੁਮਰੇ ਮਨ ਕਾ ਭਰਮ ਉਤਾਰੋ ।
ਤੁਮੇ ਬਾਂਧੀ ਹੈ ਜੰਵ ਹਮਾਰੀ । ਅਬ ਬੇਨਤੀ ਸੁਣਿ ਲੇਹੁ ਹਮਾਰੀ ।
ਮਹਾਰਾਜ ਜਬ ਭਏ ਦਇਆਲਾ । ਸਭ ਜੰਵ ਛੁਡਾਵੋ ਮੈ ਤਤਕਾਲਾ ।... (ਪੱਤਰਾ ੧)

ਅੰਤ— ...ਮਾਂ ਤੇਰੀ ਜੋ ਆਗਰੇ ਬਧੀ, ਪਿਉ ਤੇਰਾ ਅਜਮੇਰਿ ।
ਜੇ ਤੂੰ ਸੁਘੜ ਸੁਜਾਨ ਹੈ, ਤਾਂ ਦੁਹਾਂ ਦਾ ਕਰਿ ਦੇ ਮੇਲਿ ॥੪੦॥੧॥
ਸੰਮਤ ਠਾਰਾਂ ਮੈ ਛਿਆਨਵੇ, ਮਿਤੀ ਭਾਦੋਂ ਦੀ ਸੋਲਵੀ, ਲਿਖੀ ਸੁਕਰਵਾਰ ਤੁਲਸਾ ਸਿੰਘ, ਵਾਸੀ ਅੰਮ੍ਰਿਤਸਰ ਦੀ, ਸੰਪੂਰਨੰ ਸਮਾਪਤੰ ਹੋਈ । (ਪੱਤਰਾ ੫)

(ਅ) ਝਗੜਾ ਜੱਟੀ ਤੇ ਖਤ੍ਰਾਣੀ ਦਾ

ਆਰੰਭ—੧ੳ ਸਤਿਗੁਰ ਪ੍ਰਸਾਦਿ । ਝਗੜਾ ਜਟੀ ਤੇ ਖਤ੍ਰਾਣੀ ਦਾ ਲਿਖਿਆ ।
ਏਕ ਨਗਰ ਮੈ ਲੜਦੀ ਡਿਠੀ, ਜਟੀ ਤੇ ਖਤ੍ਰਾਣੀ ।
ਜਿਉ ਜਿਉ ਉਨ੍ਹਾਂ ਨੇ ਝਗੜਾ ਕੀਤਾ, ਤਿਉ ਤਿਉ ਬਣੀ ਕਹਾਣੀ ।... (ਪੱਤਰਾ ੬)

ਅੰਤ— ਨਗਰੀ ਦਾ ਤੂੰ ਮਾਨ ਕਰੇਂਦੀ, ਰੱਖ ਪਰੇਡੇ ਹੱਟੀ ।
ਸੈਹਰੀ ਪਾਣੀ ਭਰਦੀ ਡਿਠੀ ਖਤ੍ਰੀਆ ਦਾ ਜੱਟੀ ।
ਸੈਹਰ ਬਜਾਰਾਂ ਨਾਲ ਸੋਹਣੇ...ਝ ਬਜਾਰ ਪਿੰਡੇਰਾ ।
ਕਹੇ ਸੌਧਾ ਇਹ ਝਗੜਾ ਝੇੜਾ, ਬਚਨ ਸੁਣੋ ਤੁਮ ਮੇਰਾ ।

ਇਤਿ ਸ੍ਰੀ ਜਟੀ ਖਤਰਾਣੀ ਦਾ ਝਗੜਾ ਸੰਪੂਰਨੇ ਸਮਾਪਤੇ । ਲਿਖਿਆ ਸੰਮਤ ਠਾਰਾਂ ਸੈ ਛਿਆਨਵੇ । (ਪੱਤਰਾ ੬)

ਲਿਖਤਮ ਤੁਲਸਾ ਸਿੰਘ, ਵਾਰ ਐਤਿ ।

(ਨੰ. ੭੬੯, ਪੰ. ਯੂ. ਚੰ.)

੩੭. ਕਿੱਸਾ ਯੂਸਫ਼ ਜ਼ੁਲੈਖਾਂ (ਅਰਬੀ ਅੱਖਰ)

ਲੇਖਕ— ਹਜ਼ਰਤ ਸਦੀਕ਼ ਲਾਲੀ । ਆਕਾਰ—$5\frac{1}{2}'' \times 8''$, ਲਿਖਤ $3\frac{1}{2}'' \times 6''$ ।

ਵੇਰਵਾ— ਪੱਤਰੇ ੬੧; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਹਾਸ਼ੀਏ ਉਤੇ ਉਸੇ ਕ਼ਲਮ ਤੋਂ ਲਿਖਾਰੀ ਨੇ ਅਰਬੀ-ਫ਼ਾਰਸੀ ਅੱਖਰਾਂ ਵਿਚ ਕੁਝ ਟਿੱਪਣੀਆਂ ਦਿੱਤੀਆਂ ਹੋਈਆਂ; ਇਸ ਤੋਂ ਬਿਨਾ ਆਦਿ-ਅੰਤ ਦੇ ਕੁਝ ਵਾਧੂ ਪੱਤਰੇ ਨਮਾਜ਼ ਆਦਿ ਦੀ ਮਹਿਮਾ ਵਿਚ ਜਾਂ ਕੁਝ ਪੱਤਰੇ ਯਾਦਾਸ਼ਤਾਂ ਦੇ ਵੀ ਹਨ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸਨ ੧੨੨੪ ਹਿਜਰੀ । ਲਿਖਾਰੀ—ਨਾਮਾਲਮ ।

ਆਰੰਭ—ਬਿਸਮਿੱਲਾਹਿੱਰਹਮਾਨੁੱਰਹੀਮ ।

ਲਾ ਇਲਾਹਾ ਇਲਿੱਲਾ ਅਲਹਾਦੀ ਹੱਯੁੱਲ ਕ਼ਯੂਮ ।
ਮੁਹੰਮਦ ਰਸੂਲ ਅਲਾਹ ਉਪਰ ਅਰਸ਼ ਦੇ ਮਰਕੂਮ ।
ਚਾਰ ਸੈ ਵਰ੍ਹਿਆ ਕ਼ਲਮ ਚੱਲੀ ਤਾਂ ਕਲਮਾ ਲਿਖਿਆ ਸਾਰਾ ।
ਯਾ ਮਦ ਪੜ੍ਹੇ ਹਿਕ ਵਾਰ ਕੋਈ ਰਹੇ ਗੁਨਾਹ ਨਾ ਭਾਰਾ । (ਪੱਤਰਾ ੧)

ਅੰਤ— ਰੰਗ ਦੀਵਾਨੇ ਹੋਰ ਰਹਿਆ, ਸੈ ਤਾਨੇ ਸਰ ਪਰ ਜਾਲੇ ।
ਜੈਂਦੇ ਕਾਰਨ ਰੰਗ ਕਮੱਤਾ, ਹਾਦੀ ਕਦੇ ਸਮਹਾਲੇ ।
ਛੋੜ ਕਜ਼ਈਆ ਫ਼ਜ਼ਲੋਂ ਫ਼ਜ਼ਲੀ, ਤਾਲਿਬ ਅਸਲ ਅਸੀਲਾ ।
ਕਲਮਾ ਤੈਯੱਬ ਯਾਦ ਕਰ ਲਈ, ਅਸਲੀ ਏਹੁ ਵਸੀਲਾ ।...

ਤੱਮਤ ਤਮਾਮ ਸ਼ੁੱਦ ਕਿੱਸਾ ਮਿਹਤਰ ਯੂਸਫ਼ ਅਲੈ ਇਸਲਾਮ ਅਜ਼ ਤਸਨੀਫ਼ ਹਜ਼ਰਤ ਵਲੀ ਅੱਲਾਹ ਮਕਾਨੀ ਸਦੀਕ਼ ਲਾਲੀ ਫ਼ਕ਼ਤ... (ਪੱਤਰਾ ੬੧)

ਇਸ ਤੋਂ ਅੱਗੇ ਲੇਖਕ ਵਲੋਂ ਕੁਝ ਸਤਰਾਂ ਕਵਿਤਾ ਦੀਆਂ ਫ਼ਾਰਸੀ ਸ਼ਿਕਸਤਾ ਵਿਚ ਲਿਖੀਆਂ ਹੋਈਆਂ ਹਨ, ਜਿਨ੍ਹਾਂ ਵਿਚ ਉਸ ਨੇ ਦੱਸਿਆ ਹੈ ਕਿ ਇਹ ਕਿੱਸਾ ਉਸ ਨੇ ਕਿਵੇਂ ਤਿਆਰ ਕੀਤਾ ਸੀ, ਤੇ ਨਾਲੇ ਇਸ ਵਿਚ ਹੋਈਆਂ ਗ਼ਲਤੀਆਂ ਬਾਰੇ ਪਾਠਕਾਂ ਤੋਂ ਮਾਫ਼ੀ ਮੰਗੀ ਹੈ ।

(ਨੰ. ੩੬੧, ਭਾ. ਵਿ.)

੩੮. ਕਿੱਸਾ ਰੂਪ ਬਸੰਤ ਦਾ

ਲੇਖਕ— ਨਾਮਾਲੂਮ । ਆਕਾਰ—$4\frac{1}{2}'' \times 3\frac{1}{2}''$, ਲਿਖਤ $3\frac{1}{4}'' \times 2''$ ।

ਵੇਰਵਾ—ਪੱਤਰੇ ੪੨-੨੧੮ (੧੭੭); ਪ੍ਰਤੀ ਸਫ਼ਾ ੪ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਅਤਿ ਸੁੰਦਰ ਰੰਗੀਨ ਲਕੀਰਾਂ ਵਾਲਾ ਚੋਕੋਰ; ਕਈ ਥਾਵੀਂ ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ਤੇ ਅੰਤਲੇ ਪੱਤਰੇ ਫਟੇ ਹੋਣ ਕਰ ਕੇ ਪੁਸਤਕ ਨਾ-ਮੁਕੰਮਲ ਹੈ ।

ਸਮਾਂ— ਨਿਸ਼ਚਿਤ ਨਹੀਂ । ਲਿਖਾਰੀ—ਨਾਮਾਲੂਮ ।

ਆਰੰਭ— . .ਰ ਭਈ ਆਗੈ ਉਠ ਚਲੇ । ਡਰ ਰਾਜਾ ਕੇ ਨਿਪਟ ਬਿਕਲੇ ॥੧॥
ਆਠ ਪਹਰ ਤਤਕਾਲ ਕਰੀ ਸਿਧ । ਪਹੁਚੇ ਔਰ ਦੇਸ ਕਾਹੂ ਬਿਧ ॥੨॥
ਸੰਗਲ ਦੀਪ ਪਗ ਪਾਛੇ ਦਯੋ । ਬਹੁਰੋ ਮਨ ਮੈ ਆਲਸ ਭਯੋ ॥੩॥
ਪੁਨਿ ਬਨ ਭੀਤਰ ਬਾਸ ਕੀਓ । ਬ੍ਰਿਛ ਕੇ ਤਲੇ ਬਸੇਰਾ ਕੀਓ ॥੪॥
ਰੂਪ ਕਹਿਓ ਭਾਈ ਸੋਂ ਐਸੇ । "ਤੁਮ ਬਿਨਤੀ ਹਮ ਮਾਨੀ ਜੈਸੇ ॥੫॥
ਹਮਰੀ ਆਗਿਆ ਮਾਨੋ ਆਜ । ਪਹਲੈ ਤੁਮ ਹੀ ਰਹੋ ਬਿਰਾਜ" ॥੬॥
ਆਗਿਆ ਲੈ ਬਸੰਤ ਸੋ ਰਹੇ । ਨੀਂਦ ਨੈਨ ਰੂਪ ਕੇ ਗਹੇ ॥੭॥
ਗਿਰਿਓ ਖਾਇ ਪਛਾਰ ਭੂਮਿ ਪਰ । ਕਾਲ ਪਾਇ ਨ ਸਕੈ ਕੋਊ ਕਰ ॥੮॥੧੮॥
ਦੋਹਰਾ ॥ ਅਤਿ ਕੋਮਲ ਤਨ ਲਾਡਲੇ, ਦੋਊ ਰਾਜ ਕੁਮਾਰ ।
ਬਿਪਤ ਪਰੀ ਕੈਸੇ ਸਹੈ, ਏਤੋ ਦੁਖ ਇਕ ਬਾਰ ॥੧॥ (ਪੱਤਰੇ ੪੨-੪੪)

ਅੰਤ— ...ਰੂਪ ਕਹਿਓ ਰਾਜਾ ਸੋ ਐਸੇ । ਜੈਸੀ ਆਗਿਆ ਕਰ ਹੌ ਤੈਸੇ ॥੭॥
ਕਹੀਐ ਜੋ ਆਵਾ ਮਨ ਮਾਹੀ । ਮੇਰੋ ਯਾ ਮੈ ... । (ਪੱਤਰਾ ੨੧੮)

ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਅੰਤਲਾ ਪਾਠ ਨਹੀਂ ਮਿਲਦਾ ।

(ਨੰ. ੭੯੬, ਪੰ. ਯੂ. ਚੰ.)

੩੯. ਕਿੱਸਾ ਲੇਲਾ ਮਜਨੂੰ (ਫ਼ਾਰਸੀ ਅੱਖਰ)

ਲੇਖਕ—ਮੀਆ ਜਾਨ ਮੁਹੰਮਦ । ਆਕਾਰ—5½" × 9¼", ਲਿਖਤ 3½" × 7" ।

ਵੇਰਵਾ—ਪੱਤਰੇ ੧੧੩; ਪ੍ਰਤੀ ਸਫ਼ਾ ੧੦-੧੩ ਸਤਰਾਂ; ਕਾਗ਼ਜ਼ ਦੇਸੀ ਕਿਰਮ ਖ਼ੁਰਦਾ, ਜਿਸ ਕਰ ਕੇ ਸਫ਼ਿਆਂ ਉੱਤੇ ਛੇਕ ਪਏ ਹੋਏ; ਲਿਖਤ ਕੁਝ ਸ਼ਿਕਸਤਾ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰਾ ੧੦੬ ਤੋਂ ਅੱਗੇ ਕੁਝ ਪੱਤਰੇ ਗੁੰਮ, ਜਿਸ ਕਰ ਕੇ ਪੁਸਤਕ ਅਧੂਰੀ; ਪੁਸਤਕ ਸਜਿਲਦ, ਪਰ ਪੱਤਰੇ ਫਟੇ ਹੋਣ ਕਰ ਕੇ ਖ਼ਸਤਾ ਹਾਲਤ ਵਿਚ ਹੈ ।

ਸਮਾਂ— ਪੁਸਤਕ ਡੇਢ ਕੁ ਸੌ ਸਾਲ ਪੁਰਾਣੀ ਹੈ । ਲਿਖਾਰੀ-ਗੌਸ ਮੁਹੰਮਦ, ਮੁਹਤਮਿਮ ।

ਆਰੰਭ—...ਬਿਸਮਿੱਲਾਹਿੱਰਹਮਾਨੁਰਹੀਮ ।
ਅਲਫ਼ ਇੱਕਾ ਜ਼ਾਤ ਇਲਾਹੀ ਆਹੀ, ਬੀਆ ਬਿਆ ਨਾ ਕੋਈ ।
ਸ਼ੁਅਲਾ ਇਸ਼ਕ ਜਾਂ ਜ਼ਾਹਿਰ ਹੋਇਆ, ਤਾਹੀ ਲੱਗੀ ਲੋਈ ।
ਉਸ ਥੀਂ ਨੂਰ ਹਜ਼ਰਤ ਦਾ ਹੋਇਆ, ਵਿੱਚ ਕੰਦੀਲ ਰਖਾਇਆ ।
ਤਾਂ ਫਿਰ ਪਿੱਛੇ ਨੂਰ ਫ਼ਿਰਾਕੋਂ, ਜੁੰਬਿਸ਼ ਦੇ ਦਰ ਆਇਆ ।
ਦਰਦੋਂ ਆਹ ਮਾਰੀ ਖ਼ੁਦ ਸ਼ੌਕੋਂ, ਉਸ ਥੀਂ ਧੂਆਂ ਧਾਰੀ ।
ਅਰਸ਼ ਕੁਰਸ ਅਸਮਾਨ ਓਸ ਥੀਂ ਕੀਤਾ ਏਜ਼ਦ ਬਾਰੀ ।... (ਪੱਤਰਾ ੧)
ਹਿਕ ਖ਼ੁਜ਼ਸਤਾ ਨਾਮ ਅਰਬ ਵਿਚ, ਕਰਦਾ ਸੀ ਬਾਦਸ਼ਾਹੀ ।
ਦੌਲਤ ਦੀ ਉਸ ਕਮੀ ਨ ਕਾਈ, ਇਕ ਬਾਂਡ ਉਲਾਦੀ ਆਹੀ ।
ਮੰਗੇ ਨਿਤ ਦਰਗਾਹੋਂ ਰੱਬ ਦੀਓਂ, ਦੇਹ ਫ਼ਰਜ਼ੰਦ ਨਿਸ਼ਾਨੀ ।
ਹੋਰ ਜੁ ਕੀਤੋ ਫ਼ਜ਼ਲ ਤੂ ਮੈਂ ਪਰ, ਏਹੀ ਕਰ ਮਿਹਰਬਾਨੀ ।
ਰਹੀ ਮੁਰਾਦ ਨ ਕਾਈ ਮੇਰੀ, ਕੁਲ ਬਰ ਆਈਆਂ ਆਸਾਂ ।
ਜੇ ਫ਼ਰਜ਼ੰਦ ਨ ਹੋਇਆ ਮੈਨੂੰ, ਨਾ ਮੁਰਾਦ ਹੋ ਜਾਸਾਂ ।... (ਪੱਤਰੇ ੧੨-੧੩)

ਅੰਤ— ਜਾਨ ਮੁਹੰਮਦ ਆਖ ਸੁਨਾਇਆ, ਲੇਲਾ ਮਜਨੂੰ ਕਿੱਸਾ ।
ਮਤ ਹੋ ਰਾਜੀ ਆਜਿਜ਼ ਉਤੇ, ਸ਼ੌਕੋਂ ਦੇਵਨ ਹਿੱਸਾ ।
ਅਗਲਿਆਂ ਕਿੱਸਿਆਂ ਸ਼ਾਇਰਾਂ ਤਾਈਂ, ਥੀਏ ਬਰਾਬਰ ਕਿਥੋਂ ।
ਪਰ ਆਜਿਜ਼ ਯਾਦ ਲਿਆਵਸਨ ਤੁਹਾਨੂੰ ਪੜ੍ਹਨ ਕਿੱਸਾ ਜਿਥੋਂ ।..
ਬਹਰ-ਉਲ-ਇਸ਼ਕ ਤੇ ਅਹਸਨ ਕਿੱਸਾ, ਪੁਰ ਮਜ਼ਮੂਨ ਕਲਾਮੋਂ ।
ਏਹੀ ਨਹਰ-ਉਲ-ਇਸ਼ਕ ਤਾਂ ਹੋਈ, ਤੁਹਫ਼ਾ ਏਸ ਗੁਲਾਮੋਂ ।
ਜੇ ਵਹਿ ਵੱਗੇ ਨਾਲ ਉਨ੍ਹਾਂ ਦੇ, ਐਬ ਸਭੇ ਛੁਪ ਜਾਸਨ ।
ਜੇ ਚੁਪ ਨਿੱਖੜ ਰਹੇ ਕਿਨਾਰੇ, ਤਾਂ ਵਿਰਲੇ ਰਮਜ਼ਾਂ ਪਾਸਨ ।
ਪਰ ਨਿਖੜੇ ਕਿਕੂੰ ਰਲਸੀ ਅਕਸਰ, ਯਾ ਨੇੜਿਓਂ ਯਾ ਦੂਰੋਂ ।
ਨਾ ਤਾਂ ਦਾਈ ਹਈ ਸਮੁੰਦ੍ਰ, ਮੇਲਾ ਹੋਗੁ ਹਜ਼ੂਰੋਂ ।
ਜੋ ਤਾਂ ਕਦੀ ਨਾ ਰਲਨਾ ਹੋਵਸ, ਤਾਂ ਵਿਸਵਾਸੋਂ ਮਾਰੇ ... (ਪੱਤਰਾ ੧੦੬)

ਇਸ ਤੋਂ ਅੱਗੇ ਵਰਕੇ ਗੁੰਮ ਹੋਣ ਕਰ ਕੇ ਇਹ ਪੁਸਤਕ ਅਧੂਰੀ ਰਹਿ ਗਈ ਹੈ । ਪੱਤਰਾ ੧੦੭ ਤੋਂ ੧੧੧ ਤਕ ਕਿੱਸਾ ਨਹਿਰ-ਉਲ-ਇਸ਼ਕ ਦਾ, ਜੋ ਇਸੇ ਕਵੀ ਦੀ ਸਤੰਤ੍ਰ ਰੂਪ ਰਚਨਾ ਹੈ, ਅਧੂਰਾ ਨੁਸਖਾ ਹੈ ਤੇ ਇਸੇ ਤਰ੍ਹਾਂ ਇਸ ਤੋਂ ਅੱਗੇ ਪੱਤਰਾ ੧੧੩ ਤਕ ਇਸੇ ਕਵੀ ਦੀ ਇਕ ਹੋਰ ਮਦਾਹੀਆ ਨਜ਼ਮ ਹੈ, ਜੋ ਕਿੱਸਾ ਲੇਲਾ ਮਜਨੂੰ ਨਾਲ ਕੋਈ ਸੰਬੰਧ ਨਹੀਂ ਰਖਦੀ । ਕਿੱਸਾ ਲੇਲਾ ਮਜਨੂੰ ਦਾ ਅਸਲ ਨਾਮ, ਜਿਵੇਂ ਕਿ ਇਸ ਕਿੱਸੇ ਦੇ ਅੰਤ ਲਿਖਿਆ ਹੈ, ਕਿੱਸਾ ਬਹਰ-ਉਲ-ਇਸ਼ਕ (ਪ੍ਰੇਮ ਦਾ ਸਮੁੰਦ੍ਰ) ਹੈ । ਕਵੀ ਮੌਲਾਨਾ ਜਾਨ ਮੁਹੰਮਦ, ਜਿਸ ਨੇ ਇਹ ਕਿੱਸਾ ਲਿਖਿਆ, ਪਿੰਡ ਲਵੇਰੀਆਂ ਵਾਲਾ, ਜ਼ਿਲਾ ਸ਼ੇਖ਼ੂ ਪੁਰਾ ਦਾ ਦਾ ਵਸਨੀਕ ਸੀ।

ਉਸ ਨੇ ਨਹਿਰ-ਉਲ-ਇਸ਼ਕ ਤੇ 'ਬਹਰ-ਉਲ-ਇਸ਼ਕ' ਇਹ ਦੋ ਕਿੱਸੇ ਪੰਜਾਬੀ ਵਿਚ ਲਿਖੇ ਸਨ। ਮੀਆਂ ਮੌਲਾ ਬਖ਼ਸ਼ ਕੁਸ਼ਤਾ ਨੇ ਮੀਆਂ ਜਾਨ ਮੁਹੰਮਦ ਦਾ ਜ਼ਿਕਰ ਆਪਣੀ ਪੁਸਤਕ 'ਪੰਜਾਬੀ ਸ਼ਾਇਰਾਂ ਦਾ ਤਜ਼ਕਰਾ (੧੯੬੦) ਦੇ ਸਫ਼ਾ ੧੧੨/੧ ਪਰ ਕੀਤਾ ਹੈ, ਪਰ ਇਸ ਦੇ ਇਸ ਕਿੱਸੇ ਲੇਲਾ ਮਜਨੂੰ ਆਦਿ ਦਾ ਕਿਤੇ ਜ਼ਿਕਰ ਨਹੀਂ ਕੀਤਾ।

(ਨੰ. ੩੩੪, ਭਾ. ਵਿ.)

੪੦. ਬਾਤ ਪੰਨਾ ਕੀ (ਦੇਵ ਨਾਗਰੀ)

ਲੇਖਕ— ਕੰਵਰ ਸ਼ੇਰ ਸਿੰਘ। ਆਕਾਰ—$5\frac{1}{2}'' \times 9''$, ਲਿਖਤ $4\frac{1}{4}'' \times 7\frac{1}{4}''$।

ਵੇਰਵਾ— ਪੱਤਰੇ ੬੧; ਪ੍ਰਤੀ ਸਫ਼ਾ ੧੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰਲੇਖ ਛੰਦਾਂ ਦੇ ਨਾਮ ਤੇ ਵਿਸ਼੍ਰਾਮ-ਚਿਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ ਤੇ ਮੁਕੰਮਲ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ—ਸ੍ਰੀ ਗਣੇਸ਼ਾਯ ਨਮ: । ਅਥ ਬਾਤ ਪੰਨਾਂ ਕੀ ਲਿਖਜਤੇ।

ਦੋਹਾ ॥ ਸਦਾ ਮਨੋਰਥ ਸਿਧ ਕਰਣ, ਬਾਣੀ ਆਖਰ ਬੇਸ।
ਸਾਰਾਂ ਪਹਲੀ ਸਿਵਰ ਜੇ, ਗੁਣ ਦਾਤਾਰ ਗਣੇਸ ।੧।
ਨਿਮਸਕਾਰ ਸਰਸੁਤਿ ਨਮੋ, ਦੇ ਗੁਣ ਮੈ ਦਰਸਟਾਯ।
ਭਾਸ਼ਾ ਬੀਰ ਸ਼ਿੰਗਾਰ ਕੀ; ਬਰਣੋ ਸਰਸ ਬਧਾਯ ॥੨॥
ਸੁਬਰਣ ਨਿਜ ਧਾਤਾ ਸਿਰੈ, ਬਨਾ ਜੁ ਚੰਦਣ ਬੇਸ।
ਪਦਮਣ ਤਿਰਿਯਾ ਪਰਖਜੇ, ਦੇਸਾਂ ਪੁੰਗਲ ਦੇਸ ॥੩॥
ਕਰਹਾਂ ਘੋੜਾ ਕਾਮਰਾਂ, ਨਰ ਪਾਣਿਪ ਅਣਥਾਹ।
ਜਿਣ ਘਰ ਪਦਮਣ ਨੀਪਜੈ, ਬਾਹ ਧਰਤੀ ਹੈ ਬਾਹ ॥੪॥ (ਪੱਤਰਾ ੧)

ਅੰਤ– ..ਜਗਮਲ ਨਾਂ ਬੇਖੀਬਰੈ, ਦੂਲ ਰਾਖੀ ਅਬਿ ਪਾਤ।
ਯੋ ਰਹਸੀ ਜਗ ਉਪਰਾਂ; ਬੀਰਮ ਦੇ ਰੀ ਬਾਤ ॥੪॥
ਇਤੀ ਸ੍ਰੀ ਪੰਨਾ ਕੀ ਬਾਤ ਕੰਵਰ ਸ਼ੇਰ ਸੀਂਘ ਕ੍ਰਿਤ ਸੰਪੂਰਣ ॥ (ਪੱਤਰਾ ੬੧)

ਇਸ ਪੁਸਤਕ ਦੀ ਬੋਲੀ ਰਾਜਸਥਾਨੀ ਹੈ, ਜੋ ਕਾਫ਼ੀ ਹੱਦ ਤਕ ਪੰਜਾਬੀ ਨਾਲ ਮਿਲਦੀ-ਜੁਲਦੀ ਹੈ, ਜਿਵੇਂ-'ਦੇਵਾਂਗਾ' ਦੀ ਥਾਵੇਂ 'ਦੇਸਾਂ', 'ਰਹੇਗੀ' ਦੀ ਥਾਵੇਂ 'ਰਹਸੀ' ਆਦਿ ਕ੍ਰਿਆਵਾਂ ਤੇ ਹੋਰ ਸ਼ਬਦਾਂ ਤੋਂ ਪਤਾ ਲਗਦਾ ਹੈ।

੪੧. ਬਿਕ੍ਰਮ ਬਿਲਾਸ (ਬੈਤਾਲ ਪਚੀਸੀ ਦਾ ਅਨੁਵਾਦ) (ਨੰ. ੧੪੧, ਖ਼ਾ. ਕਾ. ਪ.)

ਲੇਖਕ— ਬਾਬਾ ਗਣੇਸ਼ਾ ਸਿੰਘ, ਬੇਦੀ। ਆਕਾਰ–$5\frac{3}{4}'' \times 7\frac{1}{2}''$, ਲਿਖਤ $4\frac{1}{4}'' \times 5\frac{3}{4}''$।

ਵੇਰਵਾ— ਪੱਤਰੇ ੧੧੨; ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਹਾਸ਼ੀਆ ਸਾਦਾ ਲਕੀਰਾਂ ਵਾਲਾ; ਕਾਗ਼ਜ਼ ਕਿਰਮ ਖ਼ੁਰਦਾ, ਜਿਸ ਕਰ ਕੇ ਕਈ ਥਾਵੀਂ ਪੱਤਰਿਆਂ ਉਤੇ ਛੇਕ ਪਏ ਹੋਏ।

ਸਮਾਂ– ਸੰਮਤ ੧੯੩੩ ਬਿ.। ਲਿਖਾਰੀ—ਲੇਖਕ ਖ਼ੁਦ ਜਾਪਦਾ ਹੈ।

ਆਰੰਭ—੧ਓ ਸਤਿਗੁਰ ਪ੍ਰਸਾਦਿ। ਅਥ ਬਿਕ੍ਰਮ ਬਿਲਾਸ ਗ੍ਰੰਥ ਲਿਖਜਤੇ ਕ੍ਰਿਤ ਕਵਿ ਬੇਦੀ ਗਨੇਸ਼ ਸਿੰਘ ॥ ਦੋਹਰਾ ॥
ਗਜ ਮੁਖ ਮੁਖ ਸਭ ਸੁਖ ਸਦਨ, ਰਦਨ ਏਕ ਅਘ ਭੰਜ।
ਕਵਿ ਸੰਭੁਜ ਹਰਿ ਕੀ ਨਮੋ, ਸ੍ਰੀ ਸੰਭੁਜ ਪਦ ਕੰਜ ॥੧॥
ਮਧੁਰ ਬੈਨ ਕਰ ਬੈਨ ਬਰ, ਕਰ ਕਵਿ ਬੈਨ ਨਿਵਾਸ।
ਹੰਸ ਅਰੋਹਨਿ ਜੈ ਗਿਰਾ, ਬਿਸਦ ਬਰਨ ਸੁਖ ਰਾਸ ॥੨॥ (ਪੱਤਰਾ ੧)
ਪੁਰ ਤਥਾ ਨ੍ਰਿਪ ਬਰਨਨੰ ॥ ਦੋਹਰਾ ॥
ਭਾਰਥ ਭੁਵ ਪਾਵਨ ਪਰਮ, ਬਰਨਤ ਸਬੈ ਪੰਜਾਬ।
ਤਾ ਮਹ ਸਤਦ੍ਰਵ ਨਦੀ ਤਟ, ਦੇਸ ਕਲੂਰ ਅਜਾਬ ॥੭॥
ਚੌਪਈ ॥ ਤਿਹ ਬਿਲਾਸ ਪੁਰ ਨਗਰੀ ਸੁੰਦਰ। ਤੁੰਗ ਧੁਜਾ ਸੋਵਤ ਸੁਭ ਮੰਦਰ।...॥੮॥
ਤਿਹ ਨ੍ਰਿਪ ਹੀਰਾ ਚੰਦ ਸੁਜਾਨ। ਮਹਾ ਧਰਮ ਧੁਜ ਨੀਤਿ ਨਿਧਾਨ।..॥੯॥
ਬੇਦੀ ਗੁਰ ਨਾਨਕ ਹਰਿ ਰੂਪ। ਤਿਹ ਕੁਲ ਮੈ ਕਵਿ ਜਨਮ ਅਨੂਪ।

ਨਾਮ ਗਣੇਸ਼ਾ ਸਿੰਘ ਕਹ ਤਾਸ । ਸੁਖ ਸੈਂ ਰਹਤ ਮਹੀਪਤਿ ਪਾਸ ॥੧੪॥
ਦੋਹਰਾ ॥ ਸ੍ਰੀ ਗੁਰ ਨਗਰ ਅਨੰਦ ਪੁਰ, ਪ੍ਰਿਥਮ ਹੁਤੋ ਕਵਿ ਧਾਮ ।
ਅਬ ਬਿਲਾਸ ਪੁਰ ਵਾਸ ਦਿਯ, ਪੁਰ ਬਿਲਾਸ ਅਭਿਰਾਮ ॥੧੫॥
ਸਖ ਸੰਪਤਿ ਅਨ ਗਨ ਦਈ, ਸ੍ਰੀ ਨ੍ਰਿਪ ਹੀਰਾ ਚੰਦ ।
ਬਹੁਰ ਮੁਦਤਿ ਮਨ ਦਿਵਸ ਇਕ, ਭਨੀ ਗਿਰਾ ਸੁਖ ਕੰਦ ।੧੬॥
ਗ੍ਰੰਥ ਬਤਾਲ ਪਚੀਸਕਾ, ਸੰਸਕ੍ਰਿਤ ਮੈ ਆਹਿ ।
ਭਾਖਾ ਛੰਦ ਪ੍ਰਬੰਧ ਕਰ, ਰਚੋ ਸਰਲ ਕਰ ਤਾਹਿ ॥੧੭॥
ਨ੍ਰਿਪ ਬਰ ਆਯਸ ਸੀਸ ਧਰ, ਨਿਜ ਮਤਿ ਕੇ ਅਨਸਾਰ ।
ਬਰਨਤ ਕਥਾ ਪ੍ਰਸੰਗ ਅਬ, ਗੁਰ ਨਾਨਕ ਉਰ ਧਾਰ ॥੧੮॥

ਕਥਾ ਪ੍ਰਸੰਗ ਕੀ ਉਥਾਨਕਾ ਯਥਾ ॥ਦੋਹਰਾ ॥

ਦੱਖਨ ਦਿਸ ਧਾਰਾ ਨਗਰਿ, ਅਤਿ ਪ੍ਰਸਿਧ ਜਗ ਮਾਹਿ ।
ਗੰਧ੍ਰਵ ਸੈਨ ਨਰੇਸ ਤਿਹ, ਧਰਮ ਧੁਰੰਧਰ ਆਹਿ ॥੧੯॥ (ਪੱਤਰੇ ੨—੩)

ਅੰਤ— ਅਮਰ ਚੰਦ ਨਿਜ ਨੰਦ ਹਿਤ, ਸ੍ਰੀ ਨ੍ਰਿਪ ਹੀਰਾ ਚੰਦ ।
ਬਨਵਾਯੋ ਸੁਭ ਗ੍ਰੰਥ ਯਹ, ਨੀਤਿ ਸਾਰ ਸੁਖ ਕੰਦ ॥੩੨॥
ਨੈਨ ਨੈਨ ਨਿਧਿ ਕਲਾ ਨਿਧਿ, ਸੰਬਤ ਲੇਹੁ ਬਿਚਾਰ ।
ਗ੍ਰੰਥ ਸਮਾਪਤਿ ਕੀਨ ਸੁਭ, ਮੇਖ ਗਤੇ ਦਿਨ ਚਾਰ ।੩੮॥

ਇਤਿ ਸ੍ਰੀ ਮਤਿ ਬਿਕ੍ਰਮ ਬਿਲਾਸ ਗ੍ਰੰਥੇ ਬੇਦੀ ਗਣੇਸ ਸਿੰਘ ਬਿਰਚਿਤਾਯੋ ਜੋਗੀ ਪ੍ਰਸੰਗ ਬਰਨਨੋ ਨਾਮ ਸਪਤ ਬਿੰਸਤਿ ਧਿਯਾਇ ॥੨੭॥ (ਪੱਤਰੇ ੧੧ੑ-੧੨)

ਇਸ ਤੋਂ ਅੱਗੇ ਦੋ ਛੰਦ ਅੰਤਰਲਾਪਿਕਾ ਤੇ ਬਹਿਰਲਾਪਿਕਾ ਦੇ ਕਵੀ ਗਣੇਸ਼ਾ ਸਿੰਘ ਬੇਦੀ ਕ੍ਰਿਤ ਦਿੱਤੇ ਹੋਏ ਹਨ । ਇਸ ਤੋਂ ਬਾਦ ਅਗਲੇ ਵਾਧੂ ਪੱਤਰੇ ਉਤੇ ਇਕ ਸ਼ਲੋਕ ਸੰਸਕ੍ਰਿਤ ਦਾ ਦੇਵ ਨਾਗਰੀ ਅੱਖਰਾਂ ਵਿਚ ਹੈ ।

(ਨੰ. ੫੫੬, ਪੰ. ਆ.)

੪੨. ਮਾਧਵਾਨਲ ਕਾਮ ਕੰਦਲਾ

ਲੇਖਕ— ਕਵੀ ਆਲਿਮ । ਆਕਾਰ—6¾" × 4", ਲਿਖਤ 5¼" × 4" ।

ਵੇਰਵ— ਪੱਤਰੇ ੯੨; ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ ਜੋ, ਕਈ ਥਾਵੀਂ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਰਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਨ ੯੯੧ ਹਿ. (ਮੁਤਾਬਿਕ ਸੰਮਤ ੧੬੪੦ ਬਿ.) । ਲਿਖਾਰੀ—ਨਾਮਾਲੂਮ । ਸਥਾਨ—ਨਾਮਾਲੂਮ ।

ਆਰੰਭ— ੧ਓ ਸ੍ਰੀ ਗਣੇਸਾਇ ਨਮਹ । ਅਥ ਮਾਧਵਾਨਲ ਭਾਖਾ ਲਿਖਤੇ । ਪ੍ਰਥਮੇ ਪਾਰਬ੍ਰਹਮੁ ਕਤਿ ਪ੍ਰਣਵਹੁ ।... (ਪੱਤਰਾ ੧)

ਅੰਤ— ਪੰਡਤ ਬੁਧ ਵੇਤਾ ਗੁਣੀ, ਕਵਿ ਜਨ ਅਛਰ ਟੇਕ ।
ਨਾਮ ਨਮਿਤ ਗੁਨ ਉਚਰਹਿ, ਕਰਿ ਹੈ ਕਥਾ ਅਨੇਕ ॥੩੪੦॥

ਇਤਿ ਸ੍ਰੀ ਮਾਧਵਾਨਲ ਕਥਾ ਸੰਪੂਰਣੰ ਸਮਾਪਤੰ । ਸੁਭੰ । (ਪੱਤਰਾ ੯੨)

(ਨੰ. ੨੫੯, ਭਾ. ਵਿ.)

੪੩. ਮਾਧਵਾਨਲ ਕਾਮ ਕੰਦਲਾ

ਲੇਖਕ— ਕਵੀ ਬੋਧ ਸਿੰਘ । ਆਕਾਰ—5½" × 4¼", ਲਿਖਤ 4" × 3" ।

ਵਰਵਾ— ਪੱਤਰੇ ੨੨-੧੬੩ (੧੪੨); ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਮੁੱਢਲੇ ਪੱਤਰੇ ਗਵਾਚੇ ਹੋਣ ਕਰ ਕੇ ਪੁਸਤਕ ਨਾ-ਮੁਕੰਮਲ ਹੈ ।

ਸਮਾਂ— ਸੰਮਤ ੧੮੩੦ ਬਿ., ਨਕਲ: ਸੰਮਤ ੧੮੯੬ ਬਿ. । ਲਿਖਾਰੀ—ਪੰਡਿਤ ਵਾਸ ਦੇਵ, ਕਸ਼ਮੀਰੀ ।

ਆਰੰਭ— ... ... ਦਫ ਛਬਿ ਦੇਤਿ ।

ਹਾਵ ਭਾਵ ਕਰਿ ਅਦਿਭੁਤਨ, ਮਨੋ ਮੋਲ ਮਨ ਲੇਤ ॥੬੪॥ (ਪੱਤਰਾ ੨੨)

ਅੰਤ— ...ਸੰਬਤ ਸੈ ਅਠ ਐ ਦਸਮੌ ਪੁਨ, ਤ੍ਰਿੰਸਤ ਊਪਰ ਦੋਹ ਮਿਲਾਈ।
ਹਾੜ੍ਹ ਬਦੀ ਤਿਥਹੂੰ ਪਰਬਾ, ਬੁਧ ਸਿੰਘ ਕਵੀ ਸੁਭ ਪੂਰਨ ਗਾਈ ॥੫੬੮॥
ਲਿਖਤਮਿਦੰ ਪੁਸਤਕੰ ਬਾਸਦੇਵ ਪੰਡਿਤ ਕਸ਼ਮੀਰੀ। ਸਾਲ ੧੮੯੬। ਰਾਮ ਜੀ ਸਹਾਇ ਜੀ। ਕ੍ਰਿਸਨ ਜੀ ਸਹਾਇ ਜੀ। ਫਗਨ ਬਦੀ ਚੌਥ ਸੰਪੂਰਨ ਲਿਖੀ। ਮਾਧਵਨਲ ਬੁਧ ਸਿੰਘ ਸੰਪੂਰਣੰ ਸਮਾਪਤੰ।
(ਪੱਤਰਾ ੧੬੩)

(ਨੰ. ੯੫, ਪ੍ਰ. ਪ੍ਰੀ. ਸਿੰ.)

੪੪. (ੳ) ਮਾਧਵ ਨਲ ਭਾਖਾ (ਕੋਕ ਸਾਰ ਆਦਿ)

ਲੇਖਕ—ਕਵਿ ਬੁੱਧ ਸਿੰਘ। ਆਕਾਰ—6¾" × 4¾", ਲਿਖਤ 4¾" × 3"।

ਵੇਰਵਾ—ਪੱਤਰੇ (ਮਾਧਵ ਨਲ ਭਾਖਾ) ੧੧੭, ਕੋਕ ਸਾਰ (ਆਨੰਦ ਕਵਿ) ੬੭, ਨਵ ਨਾਯਕਾ ਭੇਦ ੬, ਜ਼ਫ਼ਰ ਨਾਮਾ (ਪਾਤਸ਼ਾਹੀ ੧੦) ੯੩, ਕੁੱਲ ਜੋੜ ੨੮੩; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ: ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਜਿਲਦ ਟੁੱਟੀ ਹੋਈ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਇਹ ਪੁਸਤਕ-ਸੰਗ੍ਰਹਿ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਰਚਨਾ ਕਾਲ-ਸੰਮਤ ੧੮੩੭ ਬਿ. ਨਕਲ—੧੮੯੦ ਬਿ.। ਲਿਖਾਰੀ—ਭਾਈ ਮੋਹਰ ਸਿੰਘ।

ਆਰੰਭ—੧ੴ ਸ੍ਰੀ ਸਤਿਗੁਰ ਪ੍ਰਸਾਦਿ। ਸ੍ਰੀ ਗਣੇਸਾਯ ਨਮ:। ਅਥ ਮਾਧਵ ਨਲ ਭਾਖਾ ਲਿਖਯਤੇ ॥ ਦੋਹਰਾ ॥
ਗੁਰ ਗਨਪਤਿ ਪਦ ਬੰਦਿ ਕੈ, ਨਾਇ ਸੀਸ ਸਬ ਸੰਤ।... (ਪੱਤਰਾ ੧)

ਅੰਤ— ਪਰ ਦੁਖ ਖੰਡਨ ਉਦਾਰ ਚਿਤ, ਬਿਕ੍ਰਮ ਬੁੱਧ ਸਿੰਘ ਰਾਇ।
ਤਾ ਕਾ ਸਾਕਾ ਬੁੱਧ ਸਿੰਘ, ਬਰਨਜੈ ਸਹਜ ਸੁਭਾਇ ॥੧੦੦॥
ਇਤਿ ਸ੍ਰੀ ਮਾਧਵ ਨਲ ਖਸਟਮ ਪ੍ਰਭਾਵ ॥ਦੋਹਰਾ॥
ਸੰਬਤ ਦਿਕ ਬਸੁ ਜਾਨੀਏ, ਦਿਕ ਘਟ ਸਤ ਪੁਨ ਮਾਨ।
ਮਾਧਵ ਨਲ ਪੋਥੀ ਲਿਖੀ, ਬਡੀ ਪ੍ਰੇਮ ਰਸ ਖਾਨ ॥੧॥
ਰਾਜਾ ਘਨ ਸਿੰਘ ਪਠਨ ਹਿਤ, ਲਿਖੀ ਮੁਹਰ ਸਿੰਘ ਜਾਨ।
ਜੇਠ ਬਦੀ ਪੰਚਮਿ ਤਿਥੀ, ਪੂਰਣ ਕੀਨ ਬਖਾਨ ॥(੨)॥
ਸੁਭੰ ਭੂਯਾਤ। (ਪੱਤਰਾ ੧੧੭)

(ਅ) ਕੋਕ ਸਾਰ ਭਾਖਾ (ਕ੍ਰਿਤ ਕਵੀ ਆਨੰਦ)

ਆਰੰਭ— ੧ੴ ਸਤਿਗੁਰ ਪ੍ਰਸਾਦਿ। ਅਥ ਕੋਕ ਸਾਰ ਭਾਖਾ ਆਨੰਦ ਕ੍ਰਿਤ ਲਿਖਯਤੇ ॥ ਦੋਹਰਾ ॥
ਲਲਤਿ ਸੁਮਨ ਧਨ ਅਲਿ ਪਨਿਚ, ਤਨ ਛਬਿ ਅਭਿਨਵ ਕੰਦ।
ਮਧ ਰਿਤ ਹਿਤ ਚਿਤ ਰਤਿ ਰਮਨ, ਜੌ ਜੈ ਮਦਨ ਅਨੰਦ ॥੧॥ (ਪੱਤਰਾ ੧)

ਅੰਤ— ਖੰਡ ਚਤਰ ਦਸ ਅਤਿ ਸਰਸ, ਰਚੇ ਜੁ ਬਹੁ ਬਿਧਿ ਛੰਦ।
ਪੜ੍ਹਤ ਚੜ੍ਹਤ ਚਿਤ ਚੌਪ ਅਤਿ, ਬਾਲਿ ਅਧਿਕ ਆਨੰਦ ॥੨੭੦॥
ਇਤਿ ਕੋਕ ਸਾਰ ਭਾਖਾ ਅਨੰਦ ਕ੍ਰਿਤ ਚਤੁਰ ਦਸ ਖੰਡ ਸਮਾਪਤਮਸਤੁ ਸੁਭਮਸਤੁ। (ਪੱਤਰਾ ੬੭)

(ੲ) ਨਵ ਨਾਯਕਾ ਭੇਦ (ਲੇਖਕ—ਨਾਮਾਲੂਮ)

ਆਰਭ—੧ੴ ਸ੍ਰੀ ਸਤਿਗੁਰ ਪ੍ਰਸਾਦਿ। ਨਵ ਨਾਯਕਾ ਭੇਦ ॥ਦੋਹਰਾ॥
ਪ੍ਰੋਖਿਤ ਪਤਿਕਾ, ਖੰਡਤਾ, ਕਲਹੰਤਰਤਾ ਨਾਰ।
ਉਤਕੰਠਾ, ਅਭਿਸਾਰਕਾ, ਬਾਸਕ ਸਜਾ ਬਿਚਾਰ ॥(੧॥)
ਬਿਪ੍ਰਲਬਧ, ਸ੍ਵਾਧੀਨਪਤਿ, ਪ੍ਰਵਤਿਸਕਾ ਪਤਿ ਜਾਨ।
ਨਵ ਅਬਲਾ ਕੇ ਭੇਦ ਯਹ, ਗੁਨਿ ਜਨ ਕਹਿਤ ਬਖਾਨ ॥੨॥
ਮੁਗਧਾ, ਮਧਜਾ, ਪ੍ਰੌਢਤਾ, ਸਭ ਕੇ ਤਿਨ ਤਿਨ ਰੂਪ।
ਏਕ ਏਕ ਮੈਂ ਬਰਨ ਹੌਂ, ਤੁਮਰੇ ਕਾਜ ਅਨੂਪ ॥੩॥ (ਪੱਤਰਾ ੧)

ਅੰਤ— ਜਾ ਕੌ ਪਤਿ ਪਰਦੇਸ ਕੋ, ਕਰੈ ਸੁ ਭੋਰ ਪਯਾਨ।
ਸੋ ਕਾਮਨ ਪ੍ਰਵਤਸ ਪਤਿ, ਤਾਹਿ ਕਹੈ ਸੁਰ ਗਯਾਨ ॥੨੦॥
ਸਵੈਯਾ। ਮੈਂ ਅਲਿ, ਆਪਨੇ ਧਾਮ ਬਿਖੈ, ਸੁ ਬਿਰਾਜਤਿ ਥੀ ਮਨ ਆਨੰਦ ਪਾਈ।
ਤੌਨ ਹੀ ਕਾਲ ਸਖੀ ਇਕ ਆਇ ਕੈ, ਮੋਹਨ ਕੀ ਅਸ ਬਾਤ ਅਲਾਈ।
ਭੋਰ ਚਲੇ ਮਥੁਰਾ ਪੁਰ ਕੋ ਅਕ੍ਰੂਰ ਕੇ ਸੰਗ ਸੁ ਸਜਾਮ ਕਨ੍ਹਾਈ।
ਏ ਬਤੀਯਾ ਸੁਨਿ ਕੈ ਅਲਿ, ਮੋ ਤਨੁ ਮੈ ਜਨੁ ਸਾਂਗ ਕੀ ਨੋਕ ਧਸਾਈ ॥੨੧॥
ਇਤਿ ਪ੍ਰਵਤਸਪਤਿਕਾ। ਨਵ ਨਾਯਕਾ ਭੇਦ ਸਮਾਪਤੰ। (ਪੱਤਰਾ ੬)

(ਸ) ਜ਼ਫ਼ਰ ਨਾਮਾ (ਪਾਤਸ਼ਾਹੀ ੧੦)

ਆਰੰਭ-੧ੳ ਸ੍ਰੀ ਵਾਹਿਗੁਰੂ ਜੀ ਕੀ ਫਤੇ। ਜਫਰ ਨਾਮਹਿ ਪਾਤਸਾਹੀ ੧੦।
ਕਮਾਲੇ ਕਰਾਮਾਤ ਕਾਇਮ ਕਰੀਮ। ਰਜਾ ਬਖਸ ਰਾਜਕ ਰਹਾ ਕੋ ਰਹੀਮ ॥੧॥ (ਪੱਤਰਾ ੧)
ਅੰਤ— ਲਬਾ ਲਬ ਬਕੁਨ, ਦਮ ਬਦਮ ਨੋਸ ਕੁਨ।
ਗਮੇ ਹਰ ਦੁ ਅ ਲਮ, ਫ਼ਰਾਮੋਸ ਕੁਨ ॥੨੧॥੧੨॥੮੭੦॥ਜੋੜ ਸੁਭੰ। (ਪੱਤਰਾ ੯੩)

(ਅ) ਬਾਰਾਂ ਮਾਹੇਂ

੪੫. (ੳ) ਬਾਰਾਂ ਮਾਹਾਂ (ਫ਼ਾਰਸੀ ਅੱਖਰ) (ਹਜ਼ਰਤ ਬਾਹੂ ਦੇ ਕਲਾਮ ਸਮੇਤ) (ਨੰ. ੭੭੧, ਪੰ. ਯੂ. ਚੰ.)
ਲੇਖਕ—ਸ਼ਾਹ ਫ਼ਰਦ। ਆਕਾਰ—$5\frac{1}{2}'' \times 9''$, ਲਿਖਤ $4'' \times 7''$।
ਵੇਰਵਾ— ਪੱਤਰੇ ੧੧; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ, ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ।
ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਹੈ। ਲਿਖਾਰੀ—ਮੀਆਂ ਫ਼ਜ਼ਲ ਦੀਨ, ਪੁਤ੍ਰ ਮੀਆਂ ਉਮਰ ਬਖ਼ਸ਼, ਬਿਨ ਮੀਆਂ ਅਲੀ ਬਖ਼ਸ਼।
ਆਰੰਭ—ਬਿਸਮਿੱਲਾਹਿੱਰਹਮਾਨੁੱਰਹੀਮ।
ਸਭ ਸਿਫ਼ਤ ਸਨਾ ਅਲਾਹ ਨੂੰ। ਜਿਹੜਾ ਬਖ਼ਸ਼ੇ ਕੁੱਲ ਗੁਨਾਹ ਨੂੰ।
ਫਿਰ ਆਖ ਦਰੂਦ ਰਸੂਲ ਨੂੰ। ਉਸ ਅੱਲਾਹ ਦੇ ਮੁਕ਼ਬੂਲ ਨੂੰ। (ਪੱਤਰਾ ੧)
ਅੰਤ— ਕਿਥੇ ਯਾਰ ਅਸਾਡੇ ਨਾਲ ਦੇ। ਜਿਹੜੇ ਮਹਿਰਮ ਆਹੇ ਹਾਲ ਦੇ।
ਉਹ ਗਏ ਅਸਾਂ ਤੇ ਜਾਵਨਾ। ਫਿਰ ਮੁੜ ਕੇ ਵੱਤ ਨ ਆਵਨਾ।
ਜੇ ਕਰੇ ਬਕ਼ਾ ਨਸੀਬ ਰੱਬ। ਤਾਂ ਫ਼ਰਦਾ ਮੌਜ ਬਹਾਰ ਦੀ॥
ਤਮਾਮ ਸ਼ੁਦ ਨੁਸਖ਼ਾਇ ਬਾਰਾਂ ਮਾਹਾਂ ਸ਼ਾਹ ਫ਼ਰਦ ਵਕ਼ਤੇ ਅਸਰ ਬਰੋਜ਼ ਚਹਾਰ ਸ਼ੰਬਾ ਦਰ ਮਾਹ ਸ਼ਾਬਾਨ ਬਦਸਤਖ਼ਤ ਮੀਆਂ ਫ਼ਜ਼ਲ ਦੀਨ ਬਿਨ ਮੀਆਂ ਉਮਰ ਬਖ਼ਸ਼ ਬਿਨ ਮੀਆਂ ਅਲੀ ਮੁਹੰਮਦ... (ਪੱਤਰਾ ੭)

(ਅ) ਕਲਾਮ ਹਜ਼ਰਤ ਬਾਹੂ

ਆਰੰਭ— ਬਿਸਮਿਲਾਹਿੱਰਹਮਾਨੁੱਰਹੀਮ।
ਅਲਫ਼ ਅਲਾਹ ਚੰਬੇ ਦੇ ਬੂਟੇ, ਮੁਰਸ਼ਿਦ ਮਨ ਮੇਰੇ ਵਿਚ (ਲਾ)ਏ ਹੋ।... (ਪੱਤਰਾ ੭)
ਅੰਤ— ਜਿਨ੍ਹਾਂ ਖ਼ੌਫ਼ ਰੱਬੇ ਦਾ ਬਾਹੂ... (ਪੱਤਰਾ ੧੧)
੪੬. (ੳ) ਬਾਰਾਂ ਮਾਹਾਂ ਕਾਸ਼ੀ ਰਾਮ (ਹੋਰ ਬਾਰਾਂ ਮਾਹੇ ਤੇ ਸੀਹਰਫ਼ੀਆਂ ਸਮੇਤ) (ਨੰ. ੨੮੧, ਭਾ. ਵਿ.)
ਲੇਖਕ— ਕਾਸ਼ੀ ਰਾਮ। ਆਕਾਰ—$4\frac{3}{4}'' \times 6\frac{1}{2}''$, ਲਿਖਤ $3\frac{1}{4}'' \times 5''$।
ਵੇਰਵਾ— ਪੱਤਰੇ ਬਾਰਾਂ ਮਾਹਾਂ ਗੋਪੀ ਚੰਦ (ਕਾਸ਼ੀ ਰਾਮ) ੪-੨੦(੧੬), ਸੀਹਰਫ਼ੀਆਂ ਪੂਰਨ ਭਗਤ (ਕਾਦਰ ਯਾਰ) ੨-੫੯ (੫੮), ਬਾਰਾਂ ਮਾਹਾਂ ਹਕੀਕਤ ਰਾਇ (ਗੰਗਾ ਰਾਮ) ੨-੪੫, ਸੀਹਰਫ਼ੀ ਦੂਸਰੀ (ਕਾਸ਼ੀ ਰਾਮ) ੧੧, ਕੁੱਲ ਜੋੜ ੧੩੦; ਪ੍ਰਤੀ ਸਫ਼ਾ ੧੩ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਅਤਿ ਸੁੰਦਰ ਰੰਗੀਨ ਲਕੀਰਾਂ ਵਾਲਾ; ਜਿਲਦ ਟੁੱਟਣ ਕਰ ਕੇ ਆਦਿ-ਅੰਤ ਤੇ ਵਿਚਕਾਰ ਦੇ ਕੁਝ ਪੱਤਰੇ ਗਵਾਚੇ ਹੋਏ, ਜਿਸ ਕਰ ਕੇ ਪੁਸਤਕ ਅਧੂਰੀ ਹੈ।
ਸਮਾਂ— ਸੰਮਤ ੧੯੪੦ ਬਿ. (ਮੁਤਾਬਿਕ ਸੰਨ ੧੮੮੩ ਈ.)। ਲਿਖਾਰੀ-ਨਾਮਾਲੂਮ।

ਆਰੰਭ—(ਪਹਿਲੇ ਤਿੰਨ ਪੱਤਰੇ ਗ਼ੁਮ ਹਨ)... ਨਹੀਂ ਜੀਵਣਾ... ॥੧॥
ਪਿਤਾ ਤੁਮਾਰਾ ਰਾਜਾ ਭਾਰੀ । ਜਗ ਮੈਂ ਸੂਰਬੀਰ ਬਲਕਾਰੀ ।
ਕੰਚਨ ਦੇਹ ਕਿ ਕੇਸਰ ਕਿਆਰੀ । ਛਿਨ ਮਹਿ ਮਾਟੀ ਭਈ ਨਿਕਾਰੀ ।
ਕਾਲ ਵਸ ਥੀਵਨਾ ॥੨॥... (ਪੱਤਰਾ ੪)

ਅੰਤ— ...ਕਾਸੀ ਰਾਮ ਮਾਤਾ ਪੈ ਕਹੈ । ਮਤੀ ਦੇਨ ਪੁਤ੍ਰ ਨੂੰ ਡਹੇ ।
ਤੇਰੇ ਦੁਖ ਜੋਗ ਦੇ ਸਹੇ । ਬਚਾ, ਦੇਸ ਭੇਣ ਦੇ ਕਹੇ ।
ਮੂਲ ਨਾ ਜਾਈਓ ॥੪॥੧੪॥ ਸੰਪੂਰਣੰ ॥ (ਪੱਤਰਾ ੧੫)

(ਅ) ਬਾਰਾਂ ਮਾਹਾਂ ਗੋਪੀ ਚੰਦ ਕਾ ਦੂਜਾ (ਕਾਸ਼ੀ ਰਾਮ)

ਆਰੰਭ— ਅਥ ਬਾਰਾ ਮਾਸਾ ਗੋਪੀ ਚੰਦ ਕਾ ॥ ਡਿਉਢਾ ॥
ਚੇਤ੍ਰ ਚਾਰ ਕੂੰਟ ਮੈਂ ਫਿਰਨਾ ਗੋਪੀ ਚੰਦ ਕਹੇ ਮਯਾ, ਮੈ ਬਲ ਗਯਾ ।... (ਪੱਤਰਾ ੧੫)

ਅੰਤ— ਫਗਣ ੧੨ ।
ਫਾਗਨ ਪਾ ਗਜ ਹੀਰੇ ਮੋਤੀ, ਲਾਲ ਜਵਾਹਰ ਥਾਲੀ, ਧਰ ਹਥਿ ਆਲੀ ।
ਲੈ ਕੇ ਭੀਖ ਜੁ ਚੋਪਾ ਚਲੀ, ਸੋਨੇ ਚਾਂਦੀ ਵਾਲੀ, ਚਮਕ ਨਿਰਾਲੀ ।
ਜਾਇ ਕਹਦੀ, "ਖ਼ੈਰ ਲਵੋ, ਨਾਥ ਜੀ !" ਚੋਪਾ ਹੋਇ ਸੁਆਲੀ, ਕਹਦੀ ਆਲੀ ।
ਕਾਸੀ ਰਾਮ ਕਿਸ ਮੰਦਾ ਬੋਲਿਆ, ਕਿਨ ਪਾਪਨ ਦੇਹੀ ਗਾਲੀ, ਮੁੰਦ੍ਰਾ ਡਾਲੀ ॥੧੨॥
ਇਤਿ ਬਾਰਾ ਮਾਹਾ ਗੋਪੀ ਚੰਦ ਸੰਪੂਰਨੰ ਸੁਭੰ ॥੨॥ ਸੰਮਤ ੧੯੪੦ ਸੰਨ ੧੮੮੩ ਈ. । (ਪੱਤਰਾ ੨੮)

(ੲ) ਸੀਹਰਫ਼ੀਆਂ ਪੂਰਨ ਭਗਤ (ਕ਼ਾਦਰ ਯਾਰ)

ਆਰੰਭ— (ਪਹਿਲਾ ਇਕ ਪੱਤਰਾ ਗਵਾਚਾ ਹੋਇਆ)
...ਕ ਚੰਦ ਸੋਹੇ ਕੁੰਡਲ ਕਰਨ ਸੋਹੇ, ਸੁਰ ਨਰ ਦੇਖ ਮੋਹੇ, ਤੇਰਾ ਜਸੁ ਗਾਂਵਦਾਈ ।
ਤੇਰਾ ਨਾਮ ਲੀਤਾ, ਦੁਆਰੇ ਜਸ ਕੀਤਾ, ਦਾਨ ਮੰਗ ਲੀਲਾ ਮਨ ਭਾਂਵਦਾਈ ।
ਇਕ ਦਾਸ ਕੀ ਬੇਨਤੀ ਮੰਨ ਮਾਤਾ, ਅੱਠੇ ਪਹਰ ਤੇਰਾ ਜਸ ਗਾਂਵਦਾਈ ॥
ਅਲਫ਼ ਆਇ ਸਖੀ ਸਿਆਲ ਕੋਟ ਅੰਦਰ, ਪੂਰਨ ਪੁਤ੍ਰ ਸਲਵਾਨ ਨੇ ਜਾਇਆ ਈ ।... (ਪੱਤਰਾ ੨)

ਅੰਤ— ...ਯੇ ਯਾਦਗੀਰੀ ਸਚੇ ਰਬ ਵਾਲੀ, ਜਿਨ੍ਹਾਂ ਕੀਤੀ ਹੈ ਵਿਚ ਸੰਸਾਰ ਯਾਰੋ ।
ਰਬ ਜਦ ਕਦ ਉਨ੍ਹਾਂ ਨੂੰ ਬਖਸਦਾ ਜੇ, ਹੋਏ ਏਸ ਜਹਾਨ ਥੀਂ ਪਾਰ ਯਾਰੋ ।
ਜਿਨਾ ਬੰਦਗੀ ਨਾਲ ਪਿਆਰ ਕੀਤਾ, ਤਿਨਾ ਲੀਤਾ ਜੇ ਜਨਮ ਸੁਧਾਰ ਯਾਰੋ ।
ਹਥ ਜੋੜ ਕੇ ਬੇਨਤੀ ਅਰਜ ਕਰਦਾ, ਕਿੱਸਾ ਜੋੜਿਆ ਹੈ ਕਾਦਰ ਯਾਰ ਯਾਰੋ ॥ (ਪੱਤਰਾ ੫੯)

(ਸ) ਬਾਰਾਂ ਮਾਹਾਂ ਹਕ਼ੀਕਤ ਰਾਇ (ਕਵੀ ਗੰਗਾ ਰਾਮ)

ਆਰੰਭ— ... ... ਧਾ ਨੇ ਨਾਮ ਹਕੀਕਤ ਧਰਾਂਵਦਾ ।
ਆਈ ਸਹਰ ਦੀ ਲੁਗਾਈ, ਓਨ੍ਹਾ ਦਿਤੀ ਸੀ ਵਧਾਈ,
ਬਾਗ ਮਲ ਦਿਲ ਆਈ, ਇਕ ਬਾਤ ਮੈ ਸੁਣਾਂਵਦਾ ।... (ਪੱਤਰਾ ੨)

ਅੰਤ— ਸੰਮਤ ਸਤਾਰਾ ਸੈ ਇਕਾਨਵੇ, ਸਾਹਬ ਯਹ ਵਰਤਾਈ, ਆਖ ਸੁਨਾਈ ।
ਖੋੜਸ ਦੋ ਸੈਤਾਲੀ ਸੰਮਤ, ਅਗਰੇ ਵਾਰ ਬਨਾਈ, ਕਥਾ ਚਲਾਈ ।
ਉਨੀ ਸੈ ਪੰਜੀ ਸੰਮਤ ਵਿਚ, ਜੇਠ ਪੁੰਨਿਆ ਛਾਈ, ਅਤਿ ਸੁਖਦਾਈ ।
ਅੰਮ੍ਰਿਤਸਰ ਵਿਚ ਚੌਕ ਪਾਸੀਆ, ਜਰਗਰ ਰਾਮ ਬਨਾਈ, ਸੁਨੋ ਲੁਕਾਈ ॥ (ਪੱਤਰਾ ੩੦)

(ਹ) ਬਾਰਾਂ ਮਾਹਾਂ ਦੂਜਾ (ਗੰਗਾ ਰਾਮ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾਂ ਦੂਸਰਾ ਕ੍ਰਿਤ ਕਵਿ ਗੰਗਾ ਰਾਮ ।
ਦੋਹਰਾ ॥ ਚੇਤਰ ਚਿਤ ਮੈ ਧਿਆਈਏ, ਗੁਰ ਗਨੇਸ ਗਨ ਰਾਇ ।... (ਪੱਤਰਾ ੩੧)

ਅੰਤ— ਕਹਦਾ ਗੰਗਾ ਰਾਮ ਸੁਨਿਆਰਾ । ਰਹਿੰਦਾ ਪਾਸੀਆ ਚੌਕ ਬਜਾਰਾ ।
ਸਚਾ ਰਾਮ ਨਾਮ ਕਾ ਪਿਆਰਾ । ਔਰ ਕਹਾਨੀ ਕੂੜ ਪਸਾਰਾ ।
ਮੈ ਮਨ ਜਾਚ ਹੈ ॥ ੬ ॥ (ਪੱਤਰਾ ੪੫)

(ਕ) ਸੀਹਰਫ਼ੀ ਦੂਸਰੀ ਕਾਸ਼ੀ ਰਾਮ ਕੀ

ਆਰੰਭ— ...ਅਲਫ਼ ਅਕਲ ਨਾ ਮਾਸਾ ਤੈਨੂੰ, ਅੰਗਦ ਬੋਲੀ ਲਾਵੇ, ਬਾਤ ਸੁਨਾਵੇ ।
ਮੰਘ ਨਾਦ ਜੋ ਪੁਤ੍ਰ ਤੇਰਾ, ਜਿਸ ਪਰ ਕਰਨਾ ਹੈ ਦਾਵੇ, ਪੇਸ ਨ ਜਾਵੇ ।... (ਪੱਤਰਾ ੧)

ਅੰਤ— ...ਨਦੀ ਲਹੂ ਦੀ ਵਗੇ ਬਿਹੁ ਦੀ, ਸਸਤ੍ਰ ਟੁਟ ਗਏ ਘਸ ਕੇ, ਰੁਧਿਰ ਵਿਚ ਰਸ ਕੇ ।... (ਪੱਤਰਾ ੧੧)
ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਇਹ ਸੀਹਰਫ਼ੀ ਅਧੂਰੀ ਰਹਿ ਗਈ ਹੈ।

੪੭. (ੳ) **ਬਾਰਾਂ ਮਾਹਾਂ ਖ਼ੈਰੇ ਸ਼ਾਹ ਕਾ** (ਸੀਹਰਫ਼ੀ ਕਾਨ੍ਹ ਸਿੰਘ ਰਾਧੀ ਆਦਿ ਸਮੇਤ) (ਨੰ. ੨੨੧੫, ਖ਼ਾ. ਕਾ. ਅ.)

ਲੇਖਕ— ਕਵੀ ਖ਼ੈਰੇ ਸ਼ਾਹ । ਆਕਾਰ—5¼" × 8", ਲਿਖਤ 3" × 6¾" ।

ਵੇਰਵਾ— ਪੱਤਰੇ ਬਾਰਾਂ ਮਾਹਾਂ ਖ਼ੈਰੇ ਸ਼ਾਹ ਕਾ ੧੧-੧੭, ਸਿਹਰਫ਼ੀ ਕਾਨ੍ਹ ਸਿੰਘ ਰਾਧੀ ਕੀ ੧੭-੨੨, ਸਿਹਰਫ਼ੀ ਪੀਰ ਬਖ਼ਸ਼ ਦੀ ੨੨-੨੭, ਸੀਹਰਫ਼ੀ ਕਰੀਮ ਕੀ ੨੭-੩੨; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਹਰਾ-ਪੀਲਾ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਖ਼ੂਬਸੂਰਤੀ ਲਈ ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਸਜਿਲਦ, ਪਰ ਮੁੱਢਲੇ ਪੱਤਰੇ ਗੁਮ ਹੋਣ ਕਰ ਕੇ ਅਧੂਰੀ ਹੈ ।

ਸਮਾਂ— ਪੁਸਤਕ ਅੱਸੀ ਕੁ ਵਰ੍ਹੇ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ....ਉਮੰਡ ਚਲੇ ਜਲ ਨੀਰ ।
ਜੇ ਪੀਯ ਦਰਸਨ ਆਨ ਦੇ, ਤਾ ਸੀਤਲ ਹੋਇ ਸਰੀਰ ॥ ੫ ॥... (ਪੱਤਰਾ ੧੧)

ਅੰਤ— ... ... ਕਹੈ ਖੈਰਾ ਮੇਰਟੀ ਸੁਨ ਲੈ ਬਾਰਹਿ ਮਾਸ ।
ਆਸ ਦਰਸ ਲਾਗੀ ਰਹੈ, ਜਬ ਲਗ ਘਟ ਮੈ ਸਾਸ ॥ ੪੮ ॥ ੧੨ ॥
ਇਤਿ ਸ੍ਰੀ ਬਾਰਾਂ ਮਾਹਾਂ ਖੈਰੇ ਸਾਹਿ ਜੀ ਕਾ ਸੰਪੂਰਨੰ । (ਪੱਤਰਾ ੧੭)

(ਅ) ਸੀਹਰਫ਼ੀ ਕਾਨ੍ਹ ਸਿੰਘ-ਰਾਧੀ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸਿਹਰਫੀ ਕਾਨ੍ਹ ਸਿੰਘ-ਰਾਧੀ ਕੀ ਲਿਖਜਤੇ । ਅਲਫ ਆਇ ਕੇ ਮੁਖ ਵਿਖਾਲ ਮੈਨੂੰ...
(ਪੱਤਰਾ ੧੭)

ਅੰਤ— ...ਕਾਨ੍ਹ ਸਿੰਘ ਮੈ ਯਾਰ ਗ਼ੁਲਾਮ ਤੇਰੀ, ਤੇਰੇ ਦੁਖ ਤੇ ਦਰਦ ਗਵਾਵਸਾਂ ਮੈਂ ॥ ੩੦ ॥ ਸੰਪੂਰਨੰ ।
(ਪੱਤਰਾ ੨੨)

(ੲ) ਸੀਹਰਫ਼ੀ ਪੀਰ ਬਖ਼ਸ਼ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸਿਹਰਫੀ ਪੀਰ ਬਖਸ ਕੀ ਲਿਖਜਤੇ । ਅਲਫ ਆਣ ਜਦੋਂ ਸਾਨੂੰ ਇਸਕ ਲਗਾ...
(ਪੱਤਰਾ ੨੨)

ਅੰਤ— ਪੀਰ ਬਖਸ ਨੇ ਭੀ ਗਲ ਲਾਇ ਲੀਤੀ, ਸੁਖ ਪਾਇਆ ਹੀ ਓਨ ਸੰਸਾਰ ਵਿਚੋਂ ॥ ੩੦ ॥ ਸੰਪੂਰਨੰ ।
(ਪੱਤਰਾ ੨੭)

(ਸ) ਸੀਹਰਫ਼ੀ ਕਰੀਮ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸਿਹਰਫੀ ਕਰੀਮ ਕੀ ਲਿਖਜਤੇ ।
ਅਲਫ ਇਕ ਜੋ ਹਿੰਦਣੀ ਨਜਰ ਆਈ, ਉਹ ਦੀ ਸਿਫ਼ਤ ਕੀ ਆਖ ਸੁਣਾਈਏ ਜੀ ।... (ਪੱਤਰਾ ੨੭)

ਅੰਤ— ...ਦਸਤਗੀਰ ਦੀ ਸਿਫਤ ਕਰੀਮ ਕੀਤੀ, ਖ਼ੁਲੇ ਮਤ ਵਲੋਂ ਹਾਸਲ ਪਾਈਏ ਜੀ ॥ ੩੦ ॥ (ਪੱਤਰਾ ੩੨)

੪੮. (ੳ) **ਬਾਰਾਂ ਮਾਹਾਂ ਗੁਰੂ ਨਾਨਕ ਕਾ** (ਸੀਹਰਫ਼ੀ ਭੰਗੇਰ ਨਾਥ ਸਮੇਤ) (ਨੰ. ੨੧੧, ਪੰ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ—7¼" × 5", ਲਿਖਤ 6" × 4½" ।

ਵੇਰਵਾ— ਪੱਤਰੇ ੨੬ ਤੋਂ ੨੯ ਤਕ (੪), ਸੀਹਰਫ਼ੀ ਭੰਗੇਰ ਨਾਥ ਕੀ ੬; ਪ੍ਰਤੀ ਸਫ਼ਾ ੯-੧੩ ਸਤਰਾਂ; ਕਾਗਜ਼ ਸਿੱਧਾ ਸਾਦਾ ਦੇਸੀ; ਲਿਖਤ ਬਿਲਕੁਲ ਸਾਦੀ, ਜੋ ਬੇਪਰਵਾਹੀ ਨਾਲ ਲਿਖੀ ਹੋਣ ਕਰ ਕੇ ਬੜੀ ਅਸ਼ੁੱਧ ਹੈ; ਹਾਸ਼ੀਆ ਸਾਦਾ ਦੁਪਾਸੀ ਇਕ ਇਕ ਲਕੀਰ ਵਾਲਾਂ; ਪੱਤਰੇ ਸਿਲ੍ਹੇ ਹੋਣ ਕਰ ਕੇ ਸਿਆਹੀ ਫੈਲਣ ਦੇ ਕਾਰਣ ਬਦਰੰਗ ਹੋਏ ਹੋਏ; ਪੁਸਤਕ ਖ਼ਸਤਾ

ਹਾਲਤ ਵਿਚ, ਸਾਦੀ ਜਿਲਦ ਵਾਲੀ।

ਸਮਾਂ— ੭੦-੮੦ ਸਾਲ ਪੁਰਾਣੀ ਲਿਖਤ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ।
ਕਤਕ ਪੂਰਨਮਾਸੀ ਸਿਰੀ ਗੁਰੂ ਨਾਨਕ ਜਨਮੁ ਲੀਆ।
ਕਲਿ ਜੁਗ ਵੇਦੀ ਘਰ ਕਾਲੂ, ਸਭਨ ਮਿਲਿ ਮੰਗਲ ਚਾਰ ਕੀਆ।
ਦੇਵਨ ਮਿਲ ਫੂਲਨ ਬਰਖਾਈ।
ਭਇਓ ਜਗਤ ਜੈਕਾਰ, ਪ੍ਰਗਟਿਓ ਸੰਤਨ ਸੁਖਦਾਈ।
ਕੁਲਾਹਲ ਨਰ ਨਾਰੀ ਕੀਆ।
ਕਲ ਤਾਰਨ ਭਗਵਾਨ ਵਿਸਨ ਨਾਨਕ ਅਵਤਾਰ ਲੀਆ॥ ੧॥ (ਪੱਤਰਾ ੨੬)

ਅੰਤ— ਅਸੂ ਆਦਿ ਸੁਮੇਰ, ਗੋਸਟਿ ਸਿਧਨਿ ਸਿਉ ਕੀਨੀ।
ਸਿਧ ਭਰੇ ਹੰਕਾਰ, ਗੁਰੂ ਸਭ ਸਕਤਿ ਖਿਚਿ ਲੀਨੀ।
ਸਿਧ ਤਬ ਚਰਣੀ ਆਨਿ ਪਏ।
"ਬਹੁਤ ਕ੍ਰਿਪਾ ਤੁਮ ਆਨਿ ਕਰੀ, ਮੁਹਿ ਦਰਸਨ ਆਨਿ ਦਏ।"
ਸਿਧਨ ਮਿਲ ਸਬ ਪ੍ਰਣਾਮ ਕੀਆ।
ਕਲ ਤਾਰਨ ਭਗਵਾਨ ਵਿਸਨ ਨਾਨਕ ਅਵਤਾਰ ਲੀਆ॥ ੧੨॥ (ਪੱਤਰਾ ੨੯)

(ਅ) ਸੀਹਰਫ਼ੀ ਭੰਗੇਰ ਨਾਥ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸਤਿ ਸਰੂਪ ਸ੍ਰੀ ਮਹਿਮਾ ਸਾਹ ਜੀ. ਮਹਾਕਾਲਿ ਜੀ ਸਹਾਇ।
ਅਲਿਫ ਆਇ ਸੰਭਾਲ ਸਾਵੇਲੜਾ ਤੂੰ, ਵੇਲਾ ਬੀਤਿਆ ਫੇਰ ਨਾ ਹਥਿ ਆਵੇ।
ਪਛੁਤਾਇਗਾ ਵਸ ਨਾ ਹੋਗੁ ਤੇਰੇ, ਅਗੇ ਲਖ ਚਉਰਾਸੀ ਦਾ ਧੌਫ ਖਾਵੇ।
ਅਜ ਕਲ ਦਾ ਕੁਲ ਪਰਾਹੁਣਾ ਤੂ, ਕਾਹਨੂ ਬੰਨ੍ਹਦਾ ਹੈ ਐਵੇਂ ਕੂੜ ਦਾਵੇ।
ਲਦੀ ਜਾਇ ਸੰਬੂਹ ਭੰਗੇਰ ਨਾਥਾ, ਕੋਈ ਵਿਚ ਜਹਾਨ ਨਾ ਰਹਿਣ ਪਾਵੇ॥ ੧॥ (ਪੱਤਰਾ ੧)

ਅੰਤ— ਯੇ-ਯਾਦ ਕਰ ਕੇ ਮੈਨੂ ਰਖ ਲੀਤਾ, ਕਿਸੇ ਵੇਲੇ ਦੀ ਮੰਨ ਕੇ ਅਰਜ ਕਾਈ।
ਦੁਖ ਲਖ ਚੌਰਾਸੀ ਦਾ ਦੂਰ ਕਰ ਕੇ, ਵਿਚਿ ਆਪਣੀ ਭਗਤਿ ਦੇ ਸਾਂਝ ਪਾਈ।
ਮੇਰੇ ਪਾਪਾਂ ਦੀ ਓਰ ਨਾ ਨਜਰ ਕੀਤੀ, ਦਇਆ ਧਾਰ ਕੇ ਆਪ ਹੋਇਓ ਸਹਾਈ।
ਧੰਨ ਧੰਨ ਗੋਵਿੰਦ ਭੰਗੇਰ ਨਾਥਾ, ਵਡੀ ਸਿਫ਼ਤ ਮੈਥੋਂ ਨਹੀ ਜਾਇ ਗਾਈ॥ ੩੧॥
ਦੋਹਰਾ॥
ਸੀਹਰਫੀ ਸਪੂਰਨ ਕਰੀ, ਰਚੀ ਸੁ ਮਨ ਪਰਥਾਇ।
ਮਨ ਮਸਤਾਨ ਕੇ ਬਾਲਕੇ, ਬੈਂਤਾਂ ਤੀਸ ਬਨਾਇ॥ ੩੨॥ (ਪੱਤਰਾ ੬)

ਇਸ ਸੰਗ੍ਰਹ ਵਿਚ ਇਨ੍ਹਾਂ ਰਚਨਾਵਾਂ ਤੋਂ ਬਿਨਾ ਗਰਭ ਗੀਤਾ, ਸਾਖੀ ਗੁਰੂ ਨਾਨਕ ਦੇ ਮੋਦੀ ਖ਼ਾਨੇ ਦੀ, ਸਾਖੀ ਭਾਈ ਲਾਲੂ ਦੀ, ਪੁਤਲੀਆਂ ਕੀ ਸੰਚੀ (ਅਧੂਰੀ), ਪਹਿਲੇ ਪਾਪ ਦੀ ਵਿਥਿਆ (ਸੰਨ ੧੮੬੩ ਈ: ਦੀ, ਲੁਦਿਹਾਨਾ ਮਿਸ਼ਨ ਪ੍ਰੈਸ ਦੀ ਛਪੀ ਹੋਈ ਪੁਸਤਕ), ਸਾਰ ਗੀਤਾ, ਗੁਰ ਪ੍ਰਣਾਲੀ ਤੇ ਕੁਝ ਫੁਟਕਲ ਸ਼ਬਦ, ਵੈਦਕ ਦੇ ਨੁਸਖ਼ੇ ਆਦਿ ਥਾਉਂ ਥਾਈਂ ਦਰਜ ਹਨ।

੪੯. ਬਾਰਾਂ ਮਾਹਾਂ ਦਿਆਲ ਸਿੰਘ ਜੀ ਕਾ (ਨੰ. ੭੫, ਪੰ. ਪ੍ਰੀ. ਸਿੰ.)

ਲੇਖਕ— ਕਵੀ ਦਿਆਲ ਸਿੰਘ। ਆਕਾਰ—$6\frac{1}{4}'' \times 4\frac{1}{2}''$, ਲਿਖਤ $5'' \times 3\frac{1}{2}''$।

ਵੇਰਵਾ— ਪੱਤਰੇ ੨-੧੪ (੧੩); ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਵਿਲਾਇਤੀ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੱਤਰਾ ੬ਵਾਂ ਪੁੱਠੇ ਪਾਸਿਓਂ ਖ਼ਾਲੀ ਛੱਡਿਆ ਹੋਇਆ; ਪਹਿਲਾ ਪੱਤਰਾ ਫਟਿਆ ਹੋਣ ਕਰ ਕੇ ਇਹ ਪ੍ਰਤੀ ਅਧੂਰੀ ਹੈ।

ਸਮਾਂ— ਲਿਖਤ ੫੦-੬੦ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ-ਨਾਮਾਲੂਮ।

ਆਰੰਭ— ... ਵਿਸਾਖ ਸੁਹਾਵਣਾ, ਪੀਯਾ ਬਿਨ ਰਹਿਉ ਨਾ ਜਾਇ ।
ਚੰਬਾ ਮਰੂਆ ਕੇਵੜਾ, ਅੰਬ ਫਲੇ ਰੰਗ ਲਾਇ ॥੨॥
ਚੜ੍ਹਿਆ ਮਾਹੁ ਵਿਸਾਖ ਸੁਹੇਲਾ । ਮੈਨੂੰ ਛਡ ਗਇਆ ਯਾਰ ਇਕੇਲਾ ।
ਢੂੰਢਾਂ ਕੁੰਜ ਜੰਗਲ ਬਨ ਬੇਲਾ । ਜਿਉਂ ਸਿਕਦੀ ਮਜਨੂੰ ਬਿਨ ਲੇਲਾ ।
ਪਿਆਰੀ ਪਿਆਰ ਦੀ ॥ (ਪੱਤਰਾ ੨)

ਅੰਤ— ਜਿਉ ਸੁਖ ਰਾਧਾ ਜੀ ਲੀਯੋ, ਤਿਯੋ ਸੁਖ ਦੀਜੈ ਸਿਆਮ ।
ਚਿੰਤਾ ਸਗਲ ਮਿਟਾਈਐ, ਪਾਵੈ ਸੁਖ ਬਿਸਰਾਮ ॥ ੧੨ ॥
ਬਾਰਾਂ ਮਾਹਾਂ ਦਿਆਲ ਸਿੰਘ ਜੀ ਕਾ ਸੰਪੂਰਣੰ ॥ ੧ ॥ ੧ ॥ (ਪੱਤਰਾ ੧੪)

ਇਸ ਤੋਂ ਅੱਗੇ ਇਕ ਪਹਿਲਾ ਬੰਦ ਸੀਹਰਫ਼ੀ ਪੂਰਨ ਭਗਤ ਦਾ ਕਿਸੇ ਹੋਰ ਲਿਖਾਰੀ ਦੀ ਕਲਮ ਤੋਂ ਫਿੱਕੀ ਕਾਲੀ ਸਿਆਹੀ ਨਾਲ ਲਿਖਿਆ ਹੋਇਆ ਹੈ ।

੫੦. ਬਾਰਾਂ ਮਾਹਾਂ ਸ੍ਰੀ ਰਾਮ ਚੰਦ੍ਰ ਜੀ ਕਾ (ਨੰ. ੩੮, ਪੰ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ—$9\frac{3}{4}'' \times 4\frac{1}{2}''$, ਲਿਖਤ $7'' \times 2\frac{1}{2}''$ ।
ਵੇਰਵਾ— ਪੱਤਰੇ ੨; ਪ੍ਰਤੀ ਸਫ਼ਾ ੮-੯ ਸਤਰਾਂ; ਕਾਗਜ਼ ਦੇਸੀ; ਪੱਤਰੇ ਖੁਲ੍ਹੇ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਰਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ ।
ਸਮਾਂ— ਸੰਮਤ ੧੯੦੯ ਬਿ. । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾਂ ਸ੍ਰੀ ਰਾਮ ਚੰਦ੍ਰ ਜੀ ਕਾ ਲਿਖਯਤੇ ॥ ਦੋਹਰਾ ॥
ਚੇਤ੍ਰ ਅਜੁਧਿਆ ਮੈ ਜਨਮੇ ਹੈ ਰਾਮ । ਚੰਦਨ ਸੋ ਲਿਪਵਾਏ ਸੁ ਧਾਮ ।
ਗਜ ਮੋਤੀਅਨਿ ਸੇ ਚੌਕ ਪੁਰਾਇ । ਸੋਰਨ ਕਲਸਿ ਦੀਏ ਭਰਵਾਇ ॥
ਦੀਏ ਘਟ ਮੰਦ੍ਰ ਪਠੇ ਦੋਊ ਨਾਰ, ਬੈਰਨ ਬਨ ਬਾਲਕ ਮੋਰੇ ।... (ਪੱਤਰਾ ੧)

ਅੰਤ— ਫਾਗਨ ਸੈ ਸਖੀ ਰਾਚਿਓ ਹੈ ਰੰਗ । ਚੋਆ ਚੰਦਨ ਲਗਾਉਤੀ ਮੈ ਅੰਗ ।
ਠਾਢੇ ਭਰਥ ਜੀ ਘੋਰ੍ਹ ਹੂ ਪੀਕ, ਕਿਸ ਪਰ ਛਿੜਕੂ ਬਿਨ ਰਘੁਬੀਰ ।
ਕਰੂ ਅਬ ਕੈਸੇ ਪਟੂਏ ਦੋਊ ਨਾਰ । ਬੈਰਨ ਬਨ ਬਾਲਕ ਮੋਰੇ ਪਟੂਏ ਦੋਊ ਨਾਰ ॥
ਦੋਹਾ ॥ ਫਾਗਨ ਮੈ ਸਖੀ ਰਾਚਿਓ ਹੈ ਰੰਗ । ਚੋਆ ਚੰਦਨ ਲਗਾਉਤੀ ਮੈ ਅੰਗ ।
ਪੁਰੀ ਅਜੁਧਿਆ ਬਧ ਪਰ ਧਾਮ । ਬਨੋਂ ਸੈ ਆਏ ਸ੍ਰੀ ਲਛਮਨ ਰਾਮ ।
ਇਮਿ ਲੋ ਹੈ ਕਸਲਿਆ ਪਟੂਏ ਦੋ ਨਾਰ; ਬੈਰ ਬਨ ਬਾਲਕ ਮੋਰੇ ਆਏ ॥

ਇਤਿ ਸ੍ਰੀ ਬਾਰਾਂ ਮਾਹਾਂ ਰਾਮ ਚੰਦ੍ਰ ਜੀ ਕਾ ਸੰਪੂਰਣਿ । ਮਿਤੀ ਸਾਉਣ ਬਦੀ ੧੩, ਸੰਮਤ ੧੯੦੯ ।
(ਪੱਤਰਾ ੨)

੫੧. (ੳ) ਬਾਰਾਂ ਮਾਹਾਂ ਸ੍ਰੀ ਰਾਮ ਜੀ ਕਾ (ਸੀਹਰਫ਼ੀ ਗੰਗਾ ਰਾਮ ਆਦਿ ਸਮੇਤ) (ਨੰ. ੬੨, ਪੰ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ— $6\frac{1}{2}'' \times 4''$, ਲਿਖਤ $5'' \times 2\frac{3}{4}''$ ।
ਵੇਰਵਾ— ਪੱਤਰੇ ੨੩; ਸੀਹਰਫ਼ੀ ਗੰਗਾ ਰਾਮ ਕੀ ੧੪, ਸੀਹਰਫ਼ੀ ਸਾਈਂ ਦਾਸ ਕੀ ੧੫, ਸੀਹਰਫ਼ੀਆਂ ਪੂਰਣ ਭਗਤ ਕੀਆਂ (ਕਾਦਰ ਯਾਰ) ੬੨, ਕੁੱਲ ਪੱਤਰੇ ੧੧੪; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ, ਕਿਰਮ ਖ਼ੁਰਦਾ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੌਕੋਰ ਸੁੰਦਰ ਰੰਗੀਨ ਲਕੀਰਾਂ ਵਾਲਾ; ਕਈ ਥਾਵੇਂ ਖ਼ੂਬਸੂਰਤੀ ਵਧਾਉਣ ਵਾਸਤੇ ਜੋਗੀਏ ਰੰਗ ਦੀ ਸਿਆਹੀ ਵੀ ਵਰਤੀ ਹੈ; ਜਿਲਦ ਟੁੱਟਣ ਕਰ ਕੇ ਪੱਤਰੇ ਕੁਝ ਫਟੇ ਹੋਏ, ਪਰ ਫੇਰ ਵੀ ਨੁਸਖ਼ਾ ਅੱਛੀ ਹਾਲਤ ਵਿਚ ਹੈ ।
ਸਮਾਂ— ਸਵਾ ਕੁ ਸੌ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸ੍ਰੀ ਰਾਮ ਜੀ ਸਹਾਇ । ਬਾਰਾ ਮਾਹਾਂ ਸ੍ਰੀ ਰਾਮ ਜੀ ਕਾ ॥ ਦੋਹਰਾ ॥
ਚੇਤਰ ਮਿਟ ਗਈ ਚਿਤਵਨੀ, ਫੂਲ ਰਹੀ ਬਨ ਰਾਇ ।
ਦਸਰਥ ਕਾ ਮਨ ਮਉਲਿਆ, ਰਾਮ ਸਿੰਘਾਸਨ ਪਾਇ ॥ ੧ ॥
ਦੋਹਰਾ (ਪਉੜੀ) ॥
ਚੇਤ੍ਰ ਚੰਚਲ ਚੜ੍ਹੀ ਬਹਾਰ । ਰਾਮ ਕੀ ਮਹਿਮਾ ਅਪਰ ਅਪਾਰ ।

ਹਾਲਤ ਵਿਚ, ਸਾਦੀ ਜਿਲਦ ਵਾਲੀ।

ਸਮਾਂ— ੭੦-੮੦ ਸਾਲ ਪੁਰਾਣੀ ਲਿਖਤ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ।
ਕਤਕ ਪੂਰਨਮਾਸੀ ਸਿਰੀ ਗੁਰੂ ਨਾਨਕ ਜਨਮੁ ਲੀਆ।
ਕਲਿ ਜੁਗ ਵੇਦੀ ਘਰ ਕਾਲੂ, ਸਭਨ ਮਿਲਿ ਮੰਗਲ ਚਾਰ ਕੀਆ।
ਦੇਵਨ ਮਿਲ ਫੂਲਨ ਬਰਖਾਈ।
ਭਇਓ ਜਗਤ ਜੈਕਾਰ, ਪ੍ਰਗਟਿਓ ਸੰਤਨ ਸੁਖਦਾਈ।
ਕੁਲਾਹਲ ਨਰ ਨਾਰੀ ਕੀਆ।
ਕਲ ਤਾਰਨ ਭਗਵਾਨ ਵਿਸਨ ਨਾਨਕ ਅਵਤਾਰ ਲੀਆ ॥ ੧ ॥ (ਪੱਤਰਾ ੨੬)

ਅੰਤ— ਅਸੁ ਆਇ ਸੁਮੇਰ, ਗੋਸਟਿ ਸਿਧਨਿ ਸਿਉ ਕੀਨੀ।
ਸਿਧ ਭਰੇ ਹੰਕਾਰ, ਗੁਰੂ ਸਭ ਸਕਤਿ ਖਿਚਿ ਲੀਨੀ।
ਸਿਧ ਤਬ ਚਰਣੀ ਆਣਿ ਪਏ।
"ਬਹੁਤ ਕ੍ਰਿਪਾ ਤੁਮ ਆਨਿ ਕਰੀ, ਮੁਹਿ ਦਰਸਨ ਆਨਿ ਦਏ।"
ਸਿਧਨ ਮਿਲ ਸਬ ਪ੍ਰਣਾਮ ਕੀਆ।
ਕਲ ਤਾਰਨ ਭਗਵਾਨ ਵਿਸਨ ਨਾਨਕ ਅਵਤਾਰ ਲੀਆ ॥ ੧੨ ॥ (ਪੱਤਰਾ ੨੯)

(ਅ) ਸੀਹਰਫ਼ੀ ਭੰਗੇਰ ਨਾਥ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸਤਿ ਸਰੂਪ ਸ੍ਰੀ ਮਹਿਮਾ ਸਾਹ ਜੀ, ਮਹਾਕਾਲਿ ਜੀ ਸਹਾਇ।
ਅਲਿਫ ਆਇ ਸੰਭਾਲ ਸਾਵੇਲੜਾ ਤੂੰ, ਵੇਲਾ ਬੀਤਿਆ ਫੇਰ ਨਾ ਹਥਿ ਆਵੇ।
ਪਛੁਤਾਇਗਾ ਵਸ ਨਾ ਹੋਗੁ ਤੇਰੇ, ਅਗੇ ਲਖ ਚਉਰਾਸੀ ਦਾ ਖੌਫ ਖਾਵੇ।
ਅਜ ਕਲ ਦਾ ਕੁਲ ਪਰਾਹੁਣਾ ਤੂ, ਕਾਹਨੂ ਬੰਨ੍ਹਦਾ ਹੈ ਐਵੇਂ ਕੂੜ ਦਾਵੇ।
ਲਦੀ ਜਾਇ ਸੰਬੂਹ ਭੰਗੇਰ ਨਾਥਾ, ਕੋਈ ਵਿਚ ਜਹਾਨ ਨਾ ਰਹਿਣ ਪਾਵੇ ॥ ੧ ॥ (ਪੱਤਰਾ ੧)

ਅੰਤ— ਯੇ-ਯਾਦ ਕਰ ਕੇ ਮੈਨੂੰ ਰਖ ਲੀਤਾ, ਕਿਸੇ ਵੇਲੇ ਦੀ ਮੰਨ ਕੇ ਅਰਜ ਕਾਈ।
ਦੁਖ ਲਖ ਚੌਰਾਸੀ ਦਾ ਦੂਰ ਕਰ ਕੇ, ਵਿਚਿ ਆਪਣੀ ਭਗਤਿ ਦੇ ਸਾਂਝ ਪਾਈ।
ਮੇਰੇ ਪਾਪਾਂ ਦੀ ਓਰ ਨਾ ਨਜਰ ਕੀਤੀ, ਦਇਆ ਧਾਰ ਕੇ ਆਪ ਹੋਇਓ ਸਹਾਈ।
ਧੰਨ ਧੰਨ ਗੋਵਿੰਦ ਭੰਗੇਰ ਨਾਥਾ, ਵਡੀ ਸਿਫਤ ਮੈਥੋਂ ਨਹੀ ਜਾਇ ਗਾਈ ॥ ੩੧ ॥
ਦੋਹਰਾ ॥
ਸੀਹਰਫੀ ਸਪੂਰਨ ਕਰੀ, ਰਚੀ ਸੁ ਮਨ ਪਰਥਾਇ।
ਮਨ ਮਸਤਾਨ ਕੇ ਬਾਲਕੇ, ਬੈਤਾਂ ਤੀਸ ਬਨਾਇ ॥ ੩੨ ॥ (ਪੱਤਰਾ ੬)

ਇਸ ਸੰਗ੍ਰਹਿ ਵਿਚ ਇਨ੍ਹਾਂ ਰਚਨਾਵਾਂ ਤੋਂ ਬਿਨਾ ਗਰਭ ਗੀਤਾ, ਸਾਖੀ ਗੁਰੂ ਨਾਨਕ ਦੇ ਮੋਦੀ ਖ਼ਾਨੇ ਦੀ, ਸਾਖੀ ਭਾਈ ਲਾਲੂ ਦੀ, ਪੁਤਲੀਆਂ ਕੀ ਸੰਚੀ (ਅਧੂਰੀ), ਪਹਿਲੇ ਪਾਪ ਦੀ ਵਿਥਿਆ (ਸੰਨ ੧੯੬੩ ਈ: ਦੀ, ਲੁਦਿਹਾਨਾ ਮਿਸ਼ਨ ਪ੍ਰੈਸ ਦੀ ਛਪੀ ਹੋਈ ਪੁਸਤਕ), ਸਾਰ ਗੀਤਾ, ਗੁਰ ਪ੍ਰਣਾਲੀ ਤੇ ਕੁਝ ਫੁਟਕਲ ਸ਼ਬਦ, ਵੈਦਕ ਦੇ ਨੁਸਖੇ ਆਦਿ ਥਾਉਂ ਥਾਈਂ ਦਰਜ ਹਨ।

੪੯. ਬਾਰਾਂ ਮਾਹਾਂ ਦਿਆਲ ਸਿੰਘ ਜੀ ਕਾ (ਨੰ. ੭੫, ਪ੍ਰੋ. ਪ੍ਰੀ. ਸਿੰ.)

ਲੇਖਕ— ਕਵੀ ਦਿਆਲ ਸਿੰਘ। ਆਕਾਰ—$6\frac{1}{4}'' \times 4\frac{1}{2}''$, ਲਿਖਤ $5'' \times 3\frac{1}{2}''$।

ਵੇਰਵਾ— ਪੱਤਰੇ ੨-੧੪ (੧੩); ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਵਿਲਾਇਤੀ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੱਤਰਾ ੬ਵਾਂ ਪੁੱਠੇ ਪਾਸਿਓਂ ਖ਼ਾਲੀ ਛੱਡਿਆ ਹੋਇਆ; ਪਹਿਲਾ ਪੱਤਰਾ ਫਟਿਆ ਹੋਣ ਕਰ ਕੇ ਇਹ ਪ੍ਰਤੀ ਅਧੂਰੀ ਹੈ।

ਸਮਾਂ— ਲਿਖਤ ੫੦-੬੦ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ-ਨਾਮਾਲੂਮ।

ਆਰੰਭ— ...ਵਿਸਾਖ ਸੁਹਾਵਣਾ, ਪੀਯਾ ਬਿਨ ਰਹਿਉ ਨਾ ਜਾਇ ।
ਚੰਬਾ ਮਰੂਆ ਕੇਵੜਾ, ਅੰਬ ਫਲੇ ਰੰਗ ਲਾਇ ॥੨॥
ਚੜ੍ਹਿਆ ਮਾਹੁ ਵਿਸਾਖ ਸੁਹੇਲਾ । ਮੈਨੂੰ ਛਡ ਗਇਆ ਯਾਰ ਇਕੇਲਾ ।
ਢੂੰਡਾਂ ਕੂੰਜ ਜੰਗਲ ਬਨ ਬੇਲਾ । ਜਿਉ ਸਿਕਦੀ ਮਜਨੂੰ ਬਿਨ ਲੇਲਾ ।
ਪਿਆਰੀ ਪਿਆਰ ਦੀ ॥ (ਪੱਤਰਾ ੨)

ਅੰਤ— ਜਿਉ ਸੁਖ ਰਾਧਾ ਜੀ ਲੀਯੋ, ਤਿਯੋ ਸੁਖ ਦੀਜੈ ਸਿਆਮ ।
ਚਿੰਤਾ ਸਗਲ ਮਿਟਾਈਐ, ਪਾਵੈ ਸੁਖ ਬਿਸਰਾਮ ॥ ੧੨ ॥
ਬਾਰਾਂ ਮਾਹਾਂ ਦਿਆਲ ਸਿੰਘ ਜੀ ਕਾ ਸੰਪੂਰਣੰ ॥ ੧ ॥ ੧ ॥ (ਪੱਤਰਾ ੧੪)

ਇਸ ਤੋਂ ਅੱਗੇ ਇਕ ਪਹਿਲਾ ਬੰਦ ਸੀਹਰਫ਼ੀ ਪੂਰਨ ਭਗਤ ਦਾ ਕਿਸੇ ਹੋਰ ਲਿਖਾਰੀ ਦੀ ਕਲਮ ਤੋਂ ਫਿੱਕੀ ਕਾਲੀ ਸਿਆਹੀ ਨਾਲ ਲਿਖਿਆ ਹੋਇਆ ਹੈ ।

੫੦. ਬਾਰਾਂ ਮਾਹਾਂ ਸ੍ਰੀ ਰਾਮ ਚੰਦ੍ਰ ਜੀ ਕਾ (ਨੰ. ੩੮, ਪੰ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ—9¾" × 4½", ਲਿਖਤ 7" × 2½" ।

ਵੇਰਵਾ— ਪੱਤਰੇ ੨; ਪ੍ਰਤੀ ਸਫ਼ਾ ੮-੯ ਸਤਰਾਂ; ਕਾਗਜ਼ ਦੇਸੀ; ਪੱਤਰੇ ਖੁਲ੍ਹੇ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਰਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ ।

ਸਮਾਂ— ਸੰਮਤ ੧੯੦੯ ਬਿ. । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਾਂ ਸ੍ਰੀ ਰਾਮ ਚੰਦ੍ਰ ਜੀ ਕਾ ਲਿਖਯਤੇ ॥ ਦੋਹਰਾ ॥
ਚੇਤ੍ਰ ਅਜੁਧਿਆ ਮੈ ਜਨਮੇ ਹੈ ਰਾਮ । ਚੰਦਨ ਸੋਂ ਲਿਪਵਾਏ ਸੁ ਧਾਮ ।
ਗਜ ਮੋਤੀਅਨਿ ਸੇ ਚੌਕ ਪੁਰਾਇ । ਸੋਂਰਨ ਕਲਸਿ ਦੀਏ ਭਰਵਾਇ ॥
ਦੀਏ ਘਟ ਮੰਦ੍ਰ ਪਠੇ ਦੋਊ ਨਾਰ, ਬੈਰਨ ਬਨ ਬਾਲਕ ਮੋਰੇ ।... (ਪੱਤਰਾ ੧)

ਅੰਤ— ਫਾਗਨ ਸੈ ਸਖੀ ਰਾਚਿਓ ਹੈ ਰੰਗ । ਚੋਆ ਚੰਦਨ ਲਗਾਊਤੀ ਮੈ ਅੰਗ ।
ਠਾਢੇ ਭਰਥ ਜੀ ਘੋਰ੍ਹ ਹੁ ਪੀਕ, ਕਿਸ ਪਰ ਛਿੜਕੂ ਬਿਨ ਰਘੁਬੀਰ ।
ਕਰੂ ਅਬ ਕੈਸੇ ਪਟੂਏ ਦੋਊ ਨਾਰ । ਬੈਰਨ ਬਨ ਬਾਲਕ ਮੋਰੇ ਪਟੂਏ ਦੋਊ ਨਾਰ ॥
ਦੋਹਾ ॥ ਫਾਗਨ ਮੈ ਸਖੀ ਰਾਚਿਓ ਹੈ ਰੰਗ । ਚੋਆ ਚੰਦਨ ਲਗਾਊਤੀ ਮੈ ਅੰਗ ।
ਪੁਰੀ ਅਜੁਧਿਆ ਬਧ ਪਰ ਧਾਮ । ਬਨੋਂ ਸੈ ਆਏ ਸ੍ਰੀ ਲਛਮਨ ਰਾਮ ।
ਇਮਿ ਲੇ ਹੈ ਕਸਲਿਆ ਪਟੂਏ ਦੋ ਨਾਰ; ਬੈਰ ਬਨ ਬਾਲਕ ਮੋਰੇ ਆਏ ॥

ਇਤਿ ਸ੍ਰੀ ਬਾਰਾਂ ਮਾਹਾਂ ਰਾਮ ਚੰਦ੍ਰ ਜੀ ਕਾ ਸੰਪੂਰਣਿ । ਮਿਤੀ ਸਾਉਣ ਬਦੀ ੧੩, ਸੰਮਤ ੧੯੦੯ ।
(ਪੱਤਰਾ ੨)

੫੧. (ੳ) ਬਾਰਾਂ ਮਾਹਾਂ ਸ੍ਰੀ ਰਾਮ ਜੀ ਕਾ (ਸੀਹਰਫ਼ੀ ਗੰਗਾ ਰਾਮ ਆਦਿ ਸਮੇਤ) (ਨੰ. ੬੨, ਪੰ. ਪ੍ਰੀ. ਸਿੰ.)

ਲੇਖਕ— ਨਾਮਾਲੂਮ । ਆਕਾਰ— 6½" × 4", ਲਿਖਤ 5" × 2¾" ।

ਵੇਰਵਾ— ਪੱਤਰੇ ੨੩; ਸੀਹਰਫ਼ੀ ਗੰਗਾ ਰਾਮ ਕੀ ੧੪, ਸੀਹਰਫ਼ੀ ਸਾਈਂ ਦਾਸ ਕੀ ੧੫, ਸੀਹਰਫ਼ੀਆਂ ਪੂਰਣ ਭਗਤ ਕੀਆਂ (ਕਾਦਰ ਯਾਰ) ੬੨, ਕੁੱਲ ਪੱਤਰੇ ੧੧੪; ਪ੍ਰਤੀ ਸਫ਼ਾਂ ੭ ਸਤਰਾਂ; ਕਾਗ਼ਜ਼ ਦੇਸ਼ੀ, ਕਿਰਮ ਖ਼ੁਰਦਾ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੌਕੋਰ ਸੁੰਦਰ ਰੰਗੀਨ ਲਕੀਰਾਂ ਵਾਲਾ; ਕਈ ਥਾਵੇਂ ਖ਼ੂਬਸੂਰਤੀ ਵਧਾਉਣ ਵਾਸਤੇ ਜੋਗੀਏ ਰੰਗ ਦੀ ਸਿਆਹੀ ਵੀ ਵਰਤੀ ਹੈ; ਜਿਲਦ ਟੁੱਟਣ ਕਰ ਕੇ ਪੱਤਰੇ ਕੁਝ ਫਟੇ ਹੋਏ, ਪਰ ਫੇਰ ਵੀ ਨੁਸਖ਼ਾ ਅੱਛੀ ਹਾਲਤ ਵਿਚ ਹੈ ।

ਸਮਾਂ— ਸਵਾ ਕੁ ਸੌ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸ੍ਰੀ ਰਾਮ ਜੀ ਸਹਾਇ । ਬਾਰਾ ਮਾਹਾਂ ਸ੍ਰੀ ਰਾਮ ਜੀ ਕਾ ॥ ਦੋਹਰਾ ॥
ਚੇਤਰ ਮਿਟ ਗਈ ਚਿਤਵਨੀ, ਫੂਲ ਰਹੀ ਬਨ ਰਾਇ ।
ਦਸਰਥ ਕਾ ਮਨ ਮਉਲਿਆ, ਰਾਮ ਸਿੰਘਾਸਨ ਪਾਇ ॥ ੧ ॥
ਦੋਹਰਾ (ਪਉੜੀ) ॥
ਚੇਤ੍ਰ ਚੰਚਲ ਚੜ੍ਹੀ ਬਹਾਰ । ਰਾਮ ਕੀ ਮਹਿਮਾ ਅਪਰ ਅਪਾਰ ।

ਘਰ ਦਸਰਥ ਦੇ ਲੀਆ ਅਉਤਾਰ । ਕੰਚਨ ਮੁਕਟ ਬਿਰਾਜੇ ਭਾਲ ।
ਕੁੰਡਲ ਛਕ ਰਹੇ ਕਾਨੋ ਨਾਲ । ਮਹਿਮਾ ਰਾਮ ਕੀ ।... (ਪੱਤਰਾ ੧)

ਅੰਤ— ਰਾਜੇ ਰਾਮ ਦੇ ਗਏ ਤੁਪੀਸਰ ਅਪਨੇ ਘਰ ਕਉ, ਪ੍ਰਭ ਕੀ ਆਗਿਆ ਪਾਈ ।
ਹੀਰੇ ਮੋਤੀ ਲਾਲ ਜਵਾਹਰ, ਦੇਇ ਕੁਸਲਿਆ ਮਾਈ ।
ਪੁਰ ਵਿਚ ਰਾਮ ਨ ਨਜਰੀ ਆਵੈ, ਦਾਨ ਲੈ ਜੋ ਪਾਈ ।
ਇਤਿ ਸ੍ਰੀ ਬਾਰਾਂ ਮਾਹਾਂ ਰਾਮ ਜੀ ਕਾ ਸਮਾਪਤਿ । (ਪੱਤਰਾ ੨੩)

(ਅ) ਸੀਹਰਫ਼ੀ ਗੰਗਾ ਰਾਮ ਕੀ

ਆਰੰਭ—੧ਓ ਸਤਿਗੁਰ ਪ੍ਰਸਾਦਿ । ਸੀਹਰਫੀ ਗੰਗਾ ਰਾਮ ਕੀ ।
ਅਲਫ਼ ਆਇ ਗੋਪੀ ਚੰਦ ਨਾਵਨ ਲਗਾ, ਮਾਤਾ ਬੈਠ ਮਹਲ ਦੇ ਵਿਚ ਰੋਈ ।
ਛੱਡ ਗਏ ਨੀ ਸੀਸ ਮਹਲ ਰਾਜੇ, ਜਾਂਦੀ ਵਾਰ ਨਾਂ ਲੈ ਗਇਆ ਨਾਲ ਕੋਈ ।
ਜੇਹੜੇ ਰਾਜ ਤਿਆਗ ਕੇ ਹੋਣ ਜੋਗੀ, ਉਨ੍ਹਾਂ ਮਿਲਦੀ ਹੈ ਵਿਚ ਦਰਗਾਹ ਢੋਈ ।
ਗੰਗਾ ਰਾਮ ਪੁਕਾਰਦੀ ਮੈਣਾਵੰਤੀ, ਮਨ ਭਾਂਵਦੀ ਹੈ ਕਰ ਗੱਲ ਸੋਈ ॥ ੧ ॥ (ਪੱਤਰਾ ੨੪)

ਅੰਤ— ...ਯੇ ਯਾਦ ਆਈ ਗਲ ਫੇਰ ਦਿਲ ਤੇ, ਕਈ ਬਰਸਾਂ ਪਿਛੋਂ ਰਾਜਾ ਆਇਆ ਈ ।
ਅਗੇ ਵੇਖੇ ਕੀ ਸਹਰ ਵੈਰਾਨ ਪਇਆ, ਰਾਜਾ ਆਪਣੇ ਮਹਲ ਮੈਂ ਆਇਆ ਈ ।
ਅਗੇ ਛਪੜੀ ਵਿਚ ਸੀ ਮੈਣਾਵੰਤੀ, ਉਸ ਦਿਆਂ ਚਰਨਾ ਮੇ ਸੀਸ ਨਿਵਾਇਆ ਈ ।
ਗੰਗਾ ਰਾਮ ਕਰਾਰ ਦੇ ਵੇਖ ਪੂਰਾ, ਆਇ ਮਾਈ ਨੂ ਮੁਕਤ ਪਹੁਚਾਇਆ ਈ ॥ ੩੧ ॥ (ਪੱਤਰਾ ੩੭)

(ੲ) ਸੀਹਰਫ਼ੀ ਸਾਈਂ ਦਾਸ ਕੀ

ਆਰੰਭ—੧ਓ ਸਤਿਗੁਰ ਪ੍ਰਸਾਦਿ । ਸਿਹਰਫੀ ਸਾਈਂ ਦਾਸ ਕੀ ।
ਅਲਫ ਆਇਓ ਵਾਸਤੇ ਖਟਣੇ ਦੇ, ਇਥੇ ਆਇ ਕੇ ਮੂਲ ਗਵਾਇਆ ਈ ।... (ਪੱਤਰਾ ੩੮)

ਅੰਤ— ...ਮਿਰਜੇ ਜਾਨ ਦੇ ਕੋਟ ਮੇ ਬੈਠ ਅੰਦਰ, ਧਰਮ ਸਾਲ ਬਿਖੈ ਰੰਗ ਲਾਇਆ ਈ ।
ਤੀਏ ਫਾਰਸੀ ਦੇ ਹਰਫ ਜੋੜ ਕੇ ਜੀ, ਭਲੀ ਭਾਤ ਸੋਂ ਠਾਠ ਬਨਾਇਆ ਈ ।
ਦੀਜੈ ਨਾਮ ਨੂੰ ਮਿਹਰ ਕਰ ਸਚਿਆ ਤੂੰ, ਤੇਰੇ ਦੁਆਰ ਪਰ ਮੰਗਤਾ ਆਇਆ ਈ ।
ਸਾਈਂਦਾਸ ਜੋ ਪਰੀ ਹੈ ਚੂਕ ਮੇਰੀ, ਸੋਈ ਬਖਸੀਐ ਦਹੂ ਕਰ ਸਿਰ ਨਿਆਇਆ ਈ ॥ ੩੧ ॥
ਸ੍ਰੀ ਰਾਮ ਜੀ ਸਹਾਇ ॥ ੧ ॥ (ਪੱਤਰਾ ੫੨)

(ਸ) ਸੀਹਰਫ਼ੀਆਂ ਪੂਰਣ ਭਗਤ ਦੀਆਂ (ਕ਼ਾਦਰ ਯਾਰ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਿਹਰਫੀ ਪੂਰਨ ਭਗਤ ਦੀ ਪਹਿਲੀ ।
ਦੇਵੀ ਜਾਗਦੀ ਜੋਤ ਦਾ ਜਸ ਪੜੀਏ, ਵਡੇ ਵੇਲੇ ਸੁਵੇਲੜੇ ਨ੍ਹਾਇ ਕੇ ਜੀ ।...
ਕਹੁ ਕਾਦਰਾ ਦੇਵੀ ਦੀ ਸਿਫਤ ਕਰੀਐ, ਭਾਵੇ ਵੇਖ ਲੈ ਅਖੀਆ ਜਮਾਇਕੇ ਜੀ ॥ ੧ ॥ (ਪੱਤਰਾ ੫੩)

ਅੰਤ— ...ਕਾਦਰ ਯਾਰ ਮੀਆਂ ਪੂਰਣ ਭਗਤ ਵਾਲਾ, ਤੁਸੀਂ ਸੁਨੋ ਲੋਕੋ ਕਿਸਾ ਹੋਇਆ ਪੂਰਾ ॥ ੩੦ ॥
(ਪੱਤਰਾ ੬੨)

੫੨. ਤੇਰਾਂ ਮਾਸੀਆ (ਫ਼ਾਰਸੀ ਅੱਖਰ) (ਨੰ. ੧੪੭, ਪੰ. ਪ੍ਰੀ. ਸਿੰ.)

ਲੇਖਕ— ਕਵੀ ਬਿਸ਼ਨ ਦਾਸ । ਆਕਾਰ—6″ × 9¾″ ਲਿਖਤ 4½″ × 7″ ।

ਵੇਰਵਾ—ਪੱਤਰੇ ੨: ਪ੍ਰਤੀ ਸਫ਼ਾ ੧੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਆਹੀ ਫਿੱਕੀ ਕਾਲੀ; ਦੂਜੇ ਪੱਤਰੇ ਦੇ ਹਾਸ਼ੀਏ ਉਤੇ ਕੁਝ ਨੋਟ ਲਿਖੇ ਹੋਏ, ਕਾਗਜ਼ ਕਿਰਮ ਖ਼ੁਰਦਾ ।

ਸਮਾਂ— ਸੌ ਕੁ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ ਰਾਮ ਸਹਾਈ (ਲੰਡੇ ਅੱਖਰਾਂ ਵਿਚ), ਫੇਰ ਇਸ ਤੋਂ ਅੱਗੇ ਫ਼ਾਰਸੀ ਦੀ ਹੱਥ-ਲਿਖਤ ਸ਼ੁਰੂ ਹੁੰਦੀ ਹੈ ।
ਚੇਤ—ਚੱਚਾ ਚੇਤ ਸੁਹਾਵਨਾ, ਸੁਖ ਸਬਜ਼ ਭਏ ਰੁੱਖ ।

ਪਿਆਸ ਜੁ ਲਾਗੀ ਪੀਉ ਕੀ, ਪਰਾਨ ਨੈਨ ਦੇਂਹ ਦੁੱਖ ॥ (ਪੱਤਰਾ ੧)

ਅੰਤ— ਲੱਦ—ਲਲਾ ਲੱਦ ਬੜ੍ਹਾਇ ਕੇ, ਕਿਰਪਾ ਕਰੀ ਗੁਪਾਲ ।
ਮਨ ਇੱਛਾ ਪੂਰਨ ਕਰੀ, ਸਭ ਬਿਧਿ ਕਰੀ ਨਿਹਾਲ ॥
ਲੱਦ ਆਇਆ ਸੁਨ ਸਖੀ, ਲੀਲਾ ਕਹੂੰ ਨੰਦ ਲਾਲ ਕੀ ।
ਕਾਨ ਦੇ ਕਰ ਸੁਨੋ ਯਾਰੋ, ਪੀੜ ਕਟੇਂ ਜਮ ਫੰਦ ਕੀ ।
ਜੀਵਨ ਜਗ ਮੈ ਸੁਫਲ ਉਨ ਕਾ, ਨਾਮ ਹਰਿ ਕੋ ਭਾਸਿਆ ।
ਕ੍ਰਿਪਾ ਕੋਰ ਤੂ ਕੀ ਸਹੀ ਬਨਾਇਆ, ਬਿਸ਼ਨ ਦਾਸ ਤੇ ਹਿ ਮਾਸੀਆ ॥
ਤੱਮਤ ਤਮਾਮ ਸ਼ੁਦ

(ਪੱਤਰਾ ੨)

ਇਸ ਤੋਂ ਅੱਗੇ ਇਸੇ ਪੱਤਰੇ ਪਰ ਕੁਝ ਫ਼ਾਰਸੀ ਸ਼ਿਅਰ, ਜੋ ਇਸ ਤੇਰਾਂ ਮਾਸੀਏ ਨਾਲ ਸੰਬੰਧ ਨਹੀਂ ਰਖਦੇ, ਉਲਟੇ ਟੇਢੇ ਕਰ ਕੇ ਲਿਖੇ ਹੋਏ ਹਨ ।

(ੲ) ਸੀਹਰਫ਼ੀਆਂ

੫੩. ਸੀਹਰਫ਼ੀ ਅਰਜਨ ਸਿੰਘ ਕੀ (ਨੰ. ×, ਡਾ. ਸ਼ੁ. ਸਿ. ਕੌ.)

ਲੇਖਕ— ਅਰਜਨ ਸਿੰਘ, ਕਵੀ । ਆਕਾਰ— 6″ × 4″. ਲਿਖਤ 4¾″ × 2¼″ ।

ਵੇਰਵਾ— ਪੱਤਰੇ ੧੨; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਪਤਲਾ ਸਿਆਲ ਕੋਟੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਸਾਦੀ, ਬਗ਼ੈਰ ਜਿਲਦ ।

ਸਮਾ— ਨਿਸ਼ਚਿਤ ਨਹੀਂ । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ।
ਅਲਫ਼-ਆਦਿ ਸੀ ਰਾਮ ਦਾ ਧਿਆਨ ਧਰੀਏ, ਰਘੂ ਵੰਸ ਦੇ ਨਾਥ ਕਹਾਂਵਦੇ ਜੀ ।
ਨੀਲ ਕਮਲ ਵਤ ਸਿਆਮ ਹੈ ਦੇਹ ਜਿਨ ਕਾ, ਅੰਗ ਬਹੁਤ ਕੋਮਲ ਸੋਭਾ ਪਾਂਵਦੇ ਜੀ ।
ਵਾਮ ਭਾਗ ਮੈ ਜਨਕਜਾ ਸੋਂਭਤੀ ਹੈ, ਲਖਮਨ ਸੀਸ ਤੇ ਚਮਰ ਝੁਲਾਂਵਦੇ ਜੀ ।
ਅਰਜਨ ਸਿੰਘ ਖੱਬੇ ਹੱਥ ਧਨੁਖ ਹੈ ਜੀ, ਸੱਜੇ ਹਥ ਮੈ ਬਾਨ ਭ੍ਰਮਾਂਵਦੇ ਜੀ ॥ ੧ ॥
ਬੇ-ਬਹੁਤ ਜਲਦੇ ਜੇਹੜੇ ਕਾਮ ਕਰ ਕੇ, ਓਨ੍ਹਾ ਹੇਤ ਬਿਧਾਤਾ ਨੇ ਤਾਲ ਕੀਤਾ ।
ਤੀਆ ਰੂਪ ਦੋਨੋ ਭੁਜਾ ਕਮਲ ਨਾਲਾ, ਬਦਨ ਆਬ ਕਟਾਖ ਦਾ ਜਾਲ ਕੀਤਾ ।
ਨਿੰਬੂ ਹੈਨ ਦੋਵੇ ਜੋੜੀ ਸਾਰਸੋਂ ਕੀ, ਔਰ ਅੰਗ ਸੁੰਦਰ ਪੰਖੀ ਜਾਲ ਕੀਤਾ ।
ਦੁਖ ਦੂਰ ਹੋਂਦੇ ਓਨ੍ਹਾਂ ਕਾਮੀਆਂ ਦੇ, ਏਸ ਤਾਲ ਮੈ ਜਿਨ੍ਹਾ ਇਸਨਾਨ ਕੀਤਾ ॥ ੨ ॥ (ਪੱਤਰੇ ੧-੨)

ਅੰਤ— ਹੇ ਹੋਸ ਕਰ ਸਮਝ ਤੂੰ ਵਿਚ ਦਿਲ ਦੇ, ਤੇਰੇ ਬਾਝ ਜਾਸੀ ਮੇਰੀ ਜਾਨ ਪਿਆਰੀ !
ਤੇਰੇ ਅਸਕ ਦੇ ਵਿਚ ਮੈ ਮੁਇਆ ਜਾਂਦਾ, ਏਸ ਗਲ ਨੂੰ ਕੂੜ ਨਾ ਜਾਨ ਪਿਆਰੀ !
ਜੇ ਕਰ ਮੁਖ ਤੂ ਅਜ ਦਿਖਾ ਦੇਵੇਂ, ਰਹਸੀ ਜੀਉਂਦੀ ਨੀ ਮੇਰੀ ਜਾਨ ਪਿਆਰੀ !
ਅਰਜਨ ਸਿੰਘ ਪੁਕਾਰ ਕੇ ਆਖਦਾ ਨੀ, ਸਾਰੀ ਉਮਰ ਦਾ ਬਨਾ ਗੁਲਾਮ ਪਿਆਰੀ ॥ ੨੧ ॥ (ਪੱਤਰੇ ੧੧-੧੨)

ਇਹ ਸੀਹਰਫੀ ਫ਼ਾਰਸੀ ਦੇ ਮੁਤਾਬਿਕ ੩੦ ਹਰਫ਼ਾਂ ਦੀ ਨਹੀਂ, ਸਗੋਂ ਅਰਬੀ ਦੇ ਮੁਤਾਬਿਕ ਅਲਫ, ਬੇ, ਤੇ ਸੇ, ਜੀਮ, ਹੇ, ਖ਼ੇ, ਦਾਲ, ਜ਼ਾਲ, ਰੇ, ਜ਼ੇ, ਸੀਨ, ਸ਼ੀਨ, ਸੁਆਦ, ਜ਼ੁਆਦ, ਤੋਇ, ਜ਼ੋਇ, ਐਨ, ਗ਼ੈਨ, ਫ਼ੇ, ਕਾਫ਼, ਕਾਫ਼, ਲਾਮ, ਮੀਮ, ਨੂਨ, ਵਾਉ, ਹੇ ਨਾਮੀ ੨੯ ਹਰਫਾਂ ਦੀ ਹੈ ਤੇ ਪੇ, ਤੇ, ਟੇ, ਚੇ ਆਦਿ ਫ਼ਾਰਸੀ ਹਰਫ਼ ਇਸ ਵਿਚ ਸ਼ਾਮਲ ਨਹੀਂ ਹਨ ।

੫੪. ਸੀਹਰਫ਼ੀ ਸੱਯਦ ਮੀਰਾਂ ਭੀਖ (ਫ਼ਾਰਸੀ ਅੱਖਰ) (ਨੰ. ×, ਸ਼. ਸਿ. ਅ.)

ਲੇਖਕ- ਸ਼ਾਹ ਮੀਰਾਂ ਭੀਖ । ਆਕਾਰ—5½″ × 9¼″, ਲਿਖਿਤ—5″ × 8¼″ ।

ਵੇਰਵਾ—ਸਫ਼ੇ ੭; ਪ੍ਰਤੀ ਸਫ਼ਾ ੨੦—੨੧ ਸਤਰਾਂ; ਕਾਗਜ਼ ਦੇਸੀ; ਲਿਖਤ ਸ਼ਿਕਸਤਾ, ਜੋ ਮੁਸ਼ਕਿਲ ਨਾਲ ਪੜ੍ਹੀ ਜਾਂਦੀ ਹੈ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਸਿਰ ਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ । ਇਹ ਸੀਹਰਫ਼ੀ ਚਾਰ ਹੋਰ ਪੁਸਤਕਾਂ ਫ਼ਤਿਹ-ਉਲ-ਮੁਆਰਫ਼ (ਫ਼ਾਰਸੀ), ਫ਼ਤਿਹ-ਉਲ-ਰਮਜ਼ (ਕ੍ਰਿਤ ਬਿਹਬਲ ਸ਼ਾਹ, ਹਿੰਦੀ-ਫ਼ਾਰਸੀ), ਤਨਜ਼ੀਲਾਤਿ ਖ਼ਮਸਾ ਤੇ

ਸ਼ਰਹ ਲਮਆਤ ਦੇ ਵਿਚਕਾਰ ਇਕੋ ਜਿਲਦ ਵਿਚ ਜੁੜੀ ਹੋਈ ਹੈ ।

ਸਮਾਂ— ਨਕਲ ਸੰਨ ੧੨੪੯ ਹਿ. । ਲਿਖਾਰੀ—ਕੁਤਬੁੱਦੀਨ ।

ਆਰੰਭ—...ਬਿਸਮਿੱਲਾਹਿੱਰਹਮਾਨੁੱਰਹੀਮ । ਜਿਨ ਕੀਓ ਮੁਹੰਮਦ ਮਹਾਂ ਕਰੀਮਾਂ ।
ਔਰ ਚਾਰ ਯਾਰ ਚਹੁੰ ਸੂਰੇ । ਮਹਾ ਗਿਆਨ ਉਤਮ ਬੁੱਧ ਪੂਰੇ ।...
ਅਲਫ ਹੈ ਆਦਿ ਅੰਤ ਫੁਨ ਸੋਈ । ਬਾਹਰ ਭੀਤਰ ਔਰ ਨ ਕੋਈ ।
ਅਲਫ ਰਹਾ ਹੈ ਸਰਬ ਸਮਾਇ । ਮੈਂ ਤੂੰ ਉਸ ਥੀਂ ਲਖਾ ਨ ਜਾਇ ।...
ਦੋਹਰਾ ॥ ਹੈ ਏਕੋ ਨਹੀ ਦੂਸਰਾ, ਦੂਸਰ ਕਹਨਾ ਦੋਇ ।
'ਭੀਖਾ' ਦੂਸਰ ਤੋ ਕਹੂੰ, ਜੋ ਕਹੂੰ ਦੂਸਰ ਹੋਇ ॥... (ਪੱਤਰਾ ੧)

ਅੰਤ— ਸਭ ਅੱਛਰ ਮੇਂ ਅਲਫ ਹੀ, ਅੱਛਰ ਅਲਫ ਕੇ ਮਾਹਿਂ ।
ਅਲਫ ਅਲਫ ਸਭ ਅਲਫ ਹੈ, 'ਭੀਖਾ' ਔਰ ਕੋ ਨਾਹਿ ॥...
ਅੱਛਰ ਖੋਜੈ ਬਿਕਟ ਪ੍ਰਾਨੀ । ਅੱਛਰ ਖੋਜੈ ਹੋਵੈ ਗਿਆਨੀ ।
ਅੱਛਰ ਖੋਜੈ ਬਿਰਲਾ ਕੋਇ । ਜਿਸ ਕੇ ਸਿਰ ਗੁਰ ਸਾਚਾ ਹੋਇ ।...
ਆਦੇਸ ਹੈ ਗੁਰ ਆਦਿ ਕੂੰ, ਜਾ ਕੋ ਬਾਨੀ ਨਾਮ ।
ਫੁਨਿ ਜੋ ਗੁਰ ਹੈ ਜਗਤ ਮੇਂ, ਸਬ ਕੂੰ 'ਭੀਖ' ਸਲਾਮ ॥
ਤੱਮਤ ਬਨਾਮ ਸਯਦ ਭੀਖ ਸ਼ੁਦ ਸੀਹਰਫ਼ੀ ਮੀਰਾਂ । (ਪੱਤਰਾ ੨)

ਸ਼ਾਹ ਮੀਰਾਂ ਭੀਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਤੇ ਪਿੰਡ ਸਿਉਆਨਾ (ਤਹਿਸੀਲ ਕੈਂਥਲ, ਜ਼ਿਲਾ ਕਰਨਾਲ) ਦਾ ਵਸਨੀਕ ਸੀ । ਇਸ ਦੇ ਬਜ਼ੁਰਗ ਚੂੰਕਿ ਘੁੜਾਮ (ਜ਼ਿਲਾ ਪਟਿਆਲਾ ਵਿਚ) ਰਹਿੰਦੇ ਸਨ, ਜਿਸ ਕਰ ਕੇ ਭਾਈ ਸੰਤੋਖ ਸਿੰਘ ਨੇ ਗੁਰ ਪ੍ਰਤਾਪ ਸੂਰਜ ਵਿਚ ਇਸ ਨੂੰ ਘੁੜਾਮ ਦਾ ਵਸਨੀਕ ਹੀ ਲਿਖਿਆ ਹੈ । ਇਹ ਸ੍ਰੀ ਦਸ਼ਮੇਸ਼ ਜੀ ਨੂੰ ਪਟਨੇ ਜਾ ਕੇ ਮਿਲਿਆ ਸੀ । ਖ਼ਜ਼ੀਨਹਤੁੱਲ ਅਸਫ਼ੀਆ (ਗ਼ੁਲਾਮ ਸਰਵਰ, ਲਾਹੌਰੀ) ਦੇ ਕਥਨ ਅਨੁਸਾਰ ਸ਼ਾਹ ਮੀਰਾਂ ਭੀਖ ਇਕ ਮੰਨਿਆ ਪ੍ਰਮੰਨਿਆ ਪੀਰ ਤੇ ਹਿੰਦੀ ਦਾ ਉੱਤਮ ਕਵੀ ਸੀ । ਇਸ ਦੇ ਹਿੰਦੀ ਸ਼ਿਅਰ ਸੂਫ਼ੀਆਂ ਦੀਆਂ ਮਹਫ਼ਲਾਂ ਵਿਚ ਗਾਏ ਜਾਂਦੇ ਹਨ ।

੫੫. **ਸੀਹਰਫ਼ੀ ਸੱਯਦ ਮੀਰਾਂ ਭੀਖ** (ਫ਼ਾਰਸੀ ਅੱਖਰ) (ਨੰ. ੪੭੭, ਪੰ. ਯੂ. ਚੰ.)

ਲੇਖਕ— ਸ਼ਾਹ ਮੀਰਾਂ ਭੀਖ । ਆਕਾਰ $5\frac{1}{2}'' \times 9\frac{1}{2}''$, ਲਿਖਤ $3\frac{1}{2}'' \times 7\frac{1}{2}''$ ।

ਵੇਰਵਾ—ਪੱਤਰੇ ੬; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਦੇਸੀ; ਖ਼ਤ ਨਸਤਾਲੀਕ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਛੰਦਾਂ ਦੇ ਨਾਮ ਤੇ ਹੋਰ ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਮੁਸ਼ਕਿਲ ਸ਼ਬਦਾਂ ਦੇ ਅਰਥ ਫ਼ਾਰਸੀ ਵਿਚ ਹਾਸ਼ੀਏ ਉੱਤੇ ਅੰਕਿਤ; ਕਾਗਜ਼ ਕੁਝ ਕਿਰਮ ਖ਼ੁਰਦਾ, ਜਿਸ ਕਰ ਕੇ ਕਈ ਥਾਵੀਂ ਪੱਤਰੇ ਸੁਰਾਖ਼ਦਾਰ ਹਨ ।

ਸਮਾਂ— ਸੰਨ ੧੨੧੨ ਹਿ. । ਲਿਖਾਰੀ—ਨਾਮਾਲੂਮ ।

ਆਰੰਭ— ਬਿਸਮਿੱਲਾਹਿੱਰਹਮਾਨੁੱਰਹੀਮ... ... ।
ਬਿਸਮਿੱਲਾਹ ਰਹਮਾਨ ਰਹੀਮਾ । ਜਿਨ ਕੀਓ ਮੁਹੰਮਦ ਮਹਾ ਕਰੀਮਾ ।
ਔਰ ਚਾਰ ਯਾਰ ਚਹੂੰ ਸੂਰੇ । ਮਹਾ ਗਿਆਨੀ ਉਤਮ ਬੁਧ ਪੂਰੇ ।
ਜਿਨ ਸੱਲਾਤ ਪਠੇ ਸਬ ਕੋਈ । ਸਕਲ ਸ਼੍ਰਿਸ਼ਟ ਨਿਜ ਲੋਹ ਕੋ ਹੋਈ ।
ਤਿਸ ਪਾਛੇ ਗੁਰ ਚਿਸ਼ਤ ਮਨਾਊਂ । ਤਬ ਅੱਛਰ ਕਾ ਭੇਦ ਸੁਨਾਊਂ ॥
ਸੋਰਠਾ ॥
ਸਤਿਗੁਰ ਰਾਖੀ ਲਾਜ, ਭੇਦ ਕਹਿਨ ਮੈਂ 'ਭੀਖ' ਕੇ ।
ਅਸਥਿਰ ਔਰੰਗ ਰਾਜ, ਜੋ ਆਪ ਸਕਤਿ ਸੋ ਬੋਲ ਹੂੰ ॥
ਅਲਫ ਹੈ ਆਦਿ ਅੰਤ ਪੁਨ ਸੋਈ । ਬਾਹਰੀ ਭੀਤਰ ਔਰ ਨ ਕੋਈ ।
ਅਲਫ ਰਹਾ ਹੈ ਸਰਬ ਸਮਾਇ । ਮੈਂ ਤੂੰ ਦਿਸ਼ਟਿ ਤੇ ਲਖਾ ਨ ਜਾਇ ।
ਜੋ ਮੈਂ ਤੁਝ ਕੋ ਖੋਜੇ ਪਰਾਨੀ । ਤਬ ਲਹੈ ਅਲਫ ਤਤ ਹੋਵੈ ਗਿਆਨੀ ।
ਗਿਆਨ ਦਸ਼ਾ ਜਹਿ ਦੂਜੀ ਨਾਹੀਂ । ਏਕ ਏਕ ਸਭ ਏਕੋ ਮਾਹੀਂ ॥

ਦੋਹਰਾ ॥ ਏਕੋ ਨਾਹੀਂ ਦੂਸਰਾ, ਦੂਸਰ ਕਹਨਾ ਦੋਇ ।
'ਭੀਖ' ਦੂਸਰਾ ਤੌ ਕਹੂੰ, ਜੋ ਕਹੂੰ ਦੂਸਰ ਹੋਇ ॥ (ਪੱਤਰਾ ੧)
ਦਾਲ ਜ਼ਾਲ ਕੋਈ ਯੂੰ ਕਹੇ, ਰੇ ਰਾਰਾ ਕਹੇ ਕੋਇ ।
ਭੇਖ ਭੁਲਾਏ 'ਭੀਖ' ਸਭ, ਨਿਆਰੇ ਨਿਆਰੇ ਹੋਇ ॥...
ਰਾਜਾ ਨੀਚ ਕਹਾਇਓ, ਕਹਿ ਨ ਸਕੇ ਅਬ ਕੋਇ ।
ਕਹੇ ਸੋ ਸੂਰੀ ਦੀਜੀਏ, ਕੋ ਕਹਿ ਬੈਰੀ ਹੋਇ ॥... (ਪੱਤਰਾ ੨)

ਅੰਤ— ਆਦੇਸ ਹੈ ਗੁਰ ਆਦਿ ਕੋ, ਜਾ ਕੋ ਬਾਨੀ ਨਾਮ ।
ਪੁਨਿ ਜੋ ਗੁਰ ਹੈ ਜਗਤ ਮੈਂ, ਸਭ ਕੋ 'ਭੀਖ' ਸਲਾਮ ॥
ਤੱਮਤ ਤਮਾਮ ਸ਼ੁਦ ਸੀਹਰਫ਼ੀ ਮੀਰਾਂ ਸੱਯਦ ਭੀਖ ਕੁਦਸ ਸੁਰਹ... (ਪੱਤਰਾ ੬)

ਇਸ ਤੋਂ ਅੱਗੇ ਇਸੇ ਪੱਤਰੇ ਪਰ ਇਕ ਹਿੰਦੀ ਸ਼ਿਅਰ 'ਮੀਰਾਂ ਸਾਹਿਬ ਦਾ ਡੰਕਾ' ਸਿਰ ਲੇਖ ਹੇਠ ਦਰਜ ਹੈ—

ਕਿਆ ਘਰ ਕੋਟ ਮੈਂ ਓਟ ਲੇ ਚੋਟ ਸੇ, ਪਾਂਚ ਜਨ ਜੋ ਰਾਤ ਚੋਰ ਭਾਰੇ ।
ਕਪਟ ਕਮਠ ਲੀਓ ਲਪਟ ਸਰ ਸਾਂਧਿਓ, ਤੀਰ ਤੂਫ਼ਾਨ ਘਮਸਾਨ ਭਾਰੇ ।
ਮਦਨ ਤਰਵਾਰ ਜ਼ਮ ਧਾਰ ਜਹਾਂ ਡਾਰ ਕੇ ਸਿਤਮ ਸੀਲ ਸੱਤ ਸੀਸ ਝਾਰੇ ।
ਲੋਥ ਪਰ ਲੋਥ ਸਹਤ ਪਰ ਚੌਪਟੇ, ਚੋਟ ਮਕਦੂਹ ਮਹਾ ਕਟਕ ਖਾਰੇ ।
ਰੋਕ ਕੇ ਰੂਪ ਨਿਤ ਭੋਗ ਭੋਗਤੇ ਸਭੀ, ਭਾਖ ਤੂੰ 'ਭੀਖ' ਅਬ ਕਰੋ ਵਾਰੇ ।
ਕੁਸਲ ਸੰਤੋਖ ਸੁਖ ਬਾਤ ਨਹੀਂ ਕਾਲ ਕੇ, ਕਾਲ ਜੰਜਾਲ ਜਹਾਂ ਪਕੜ ਮਾਰੇ ।...

ਏਕਣ ਹੀ ਸ਼ਾਹ ਮੀਰਾਂ ਭੀਖ ਦੇ ਕੁਝ ਹੋਰ ਦੋਹਰੇ ਜਾਂ ਟੱਪੇ ਵੀ ਸੁਣਨ ਵਿਚ ਆਉਂਦੇ ਹਨ ਜੋ ਆਮ ਤੋਰ ਤੇ ਪੇਂਡੂ ਅਤੇ ਖ਼ਾਸ ਕਰ ਕੇ ਕ਼ਵਾਲੀ ਲੋਕ ਸੂਫ਼ੀਆਂ ਦੀਆਂ ਮਹਫ਼ਲਾਂ ਵਿਚ ਗਾਇਆ ਕਰਦੇ ਹਨ, ਜਿਵੇਂ—

'ਭੀਖਾ' ਬਾਤ ਅਗੰਮ ਕੀ, ਕਹਨ ਸੁਨਨ ਕੀ ਨਾਹ ।
ਜੋ ਜਾਨੇ ਸੋ ਕਹੇ ਨਾ, ਕਹੇ ਸੋ ਜਾਨੇ ਨਾਹ ॥

੫੬. ਸੀਹਰਫ਼ੀ ਹਾਕਮ ਸਿੰਘ ਦੀ (ਸੀਹਰਫ਼ੀ ਗੁਪਾਲ ਸਿੰਘ ਆਦਿ ਸਮੇਤ) (ਨੰ. ੪੧੨, ਪੰ. ਯੂ. ਚੰ.)

ਲੇਖਕ—ਹਾਕਮ ਸਿੰਘ । ਆਕਾਰ—$6\frac{3}{4}'' \times 4\frac{3}{4}''$, ਲਿਖਤ $4\frac{3}{4}'' \times 3\frac{3}{4}''$ ।

ਵੇਰਵਾ— ਪੱਤਰੇ ਸੀਹਰਫ਼ੀ ਗੁਪਾਲ ਸਿੰਘ ੧੧੫—੨੩, ਸੀਹਰਫ਼ੀ ਮੀਰਨ ਕੀ ਪੱਤਰੇ ੧੨੪-੩੩, ਸੀਹਰਫ਼ੀ ਦਿਆਲ ਸਿੰਘ ਦੀ ਪੱਤਰੇ ੧੩੩—੪੨, ਕਾਫ਼ੀਆਂ ਸ਼ਾਹ ਹੁਸੈਨ ਆਦਿ ਦੀਆਂ ੧੪੨—੫੬, ਸੀਹਰਫ਼ੀ ਹਾਸ਼ਮ ਦੀ ੧੫੬—੬੬, ਸੀਹਰਫ਼ੀ ਹਾਕਮ ਸਿੰਘ ਦੀ ੧੬੬—੭੫, ਸੀਹਰਫ਼ੀ ਬੁਲ੍ਹੇ ਸ਼ਾਹ ਦੀ ੧੭੫- ੮੪, ਰਹਿਤ ਨਾਮਾ ਪਾਤਸ਼ਾਹੀ ੧੦, ਪੱਤਰੇ ੧੮੪—੮੯, ਸੀਹਰਫ਼ੀ ਗੋਪੀ ਚੰਦ ਕੀ (ਗੰਗਾ ਰਾਮ) ਪੱਤਰੇ ੧੯੦—੯੮; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਕਈ ਥਾਵੀਂ ਰੰਗੀਨ ਲਕੀਰਾਂ ਵਾਲਾ, ਕਈ ਥਾਵੀਂ ਸਾਦੀਆਂ ਲਕੀਰਾਂ ਵਾਲਾ ਤੇ ਕਈ ਥਾਵੀਂ ਬਿਨਾ ਲਕੀਰਾਂ ਦੇ; ਰਹਿਤ ਨਾਮੇ ਤੇ ਸੀਹਰਫ਼ੀ ਗੋਪੀ ਚੰਦ (ਗੰਗਾ ਰਾਮ) ਵਿਚ ਸਿਰ ਲੇਖ, ਛੰਦਾਂ ਦੇ ਨਾਮ, ਕੁਝ ਅੰਕ ਤੇ ਵਿਸ਼੍ਰਾਮ-ਚਿਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— (ਸ਼ੁਰੂ ਵਿਚ ਗੁਪਾਲ ਸਿੰਘ, ਮੀਰਨ ਆਦਿ ਦੀਆਂ ਸੀਹਰਫ਼ੀਆਂ ਛੱਡ ਕੇ)
ਅਲਫ਼-ਅੱਖੀਆਂ ਰੱਖੀਆਂ ਰਹਣ ਨਾਹੀਂ, ਜਿਧਰ ਜਾਂਦੀਆਂ ਮੂਲ ਨ ਮੁੜਦੀਆਂ ਨੀ ।
ਅੱਖੀ ਕਰਨ ਕਾਰੇ, ਵਡੇ ਹੈਫ਼ ਭਾਰੇ, ਜਿਸ ਵਲ ਏਹੁ ਜਾਇ ਕੇ ਜੁੜਦੀਆਂ ਨੀ ।
ਨਹੀਂ ਸੰਗਦੀਆਂ ਮਰਣ੍ਹ ਥੋਂ ਮੂਲ ਅੱਖੀਂ, ਅਖੀਂ ਇਸ਼ਕ ਦਰਿਆਉ ਮੈਂ ਲੁੜਦੀਆਂ ਨੀ ।
ਹਾਕਮ ਸਿੰਘ ਪਿਆਰੇ ਦੀਆਂ ਜ਼ੁਲਮ ਅੱਖੀ, ਹੈਂਸਿਆਰੀ ਦੀਆਂ ਅੱਖੀਆਂ ਮੁੜਦੀਆਂ ਨੀ । (ਪੱਤਰਾ ੧੬੬)

ਅੰਤ— ਯੇ-ਯਾਰ ਮਿਲਿਆ ਮੈਨੂ ਆਣ ਸਹੀਓ, ਅਖੀ ਦੇਖ ਮੈਂ ਬਹੁਤ ਨਿਹਾਲ ਹੋਈ ।
ਨਕ ਨੱਥ ਮਹਿਦੀ ਹਥੀ ਬਾਹੀਂ ਚੂੜਾ, ਪੈਨ੍ਹ ਲਾਲ ਸੋਹਾਗ ਦਾ ਲਾਲ ਹੋਈ ।
ਫੁਲਾਂ ਛੇਜ ਪਰ ਯਾਰ ਨੂ ਲਾਇ ਛਾਤੀ, ਸੁਤੀ ਖੁਸ਼ੀ ਮੈ ਖੂਬ ਖੁਸਾਲ ਹੋਈ ।
ਹਾਕਮ ਸਿੰਘ ਅਟਲ ਸੁਹਾਗ ਪਾਇਆ, ਮੈਂ ਅਟਲ ਸੁਹਾਗਣ ਨਾਲ ਹੋਈ ॥੩੦॥ (ਪੱਤਰਾ ੧੭੫)

੫੭. ਸੀਹਰਫ਼ੀ ਕਿਸ਼ਨ ਸਿੰਘ ਦੀ (ਸੀਹਰਫ਼ੀ ਗੁਪਾਲ ਸਿੰਘ ਤੇ ਬਾਰਾਂ ਮਾਹਾਂ ਸ੍ਰੀ ਰਾਮ ਚੰਦ੍ਰ ਸਮੇਤ)
(ਨੰ. ੮੧੧, ਪੰ. ਯੂ. ਚੰ.)

ਲੇਖਕ—ਗੁਪਾਲ ਸਿੰਘ । ਆਕਾਰ—5" × 4", ਲਿਖਤ 3½" × 3" ।

ਵੇਰਵਾ—ਪੱਤਰੇ ੪੯-੧੪੨; ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੱਤਰਿਆਂ ਉਤੇ ਸਿਲ੍ਹ ਚੜ੍ਹਨ ਕਰ ਕੇ ਸਿਆਹੀ ਦੇ ਧੱਬੇ ਲੱਗੇ ਹੋਏ; ਪੁਸਤਕ ਸਜਿਲਦ ਪਰ ਮੁਢਲੇ ਪੱਤਰੇ ਗਵਾਚਣ ਕਰ ਕੇ ਅਧੂਰੀ ।

ਸਮਾਂ— ਪੁਸਤਕ ਸੌ ਸਾਲ ਤੋਂ ਵੱਧ ਪੁਰਾਣੀ ਹੈ । ਲਿਖਾਰੀ—ਨਾਮਾਲੂਮ ।

ਆਰੰਭ- (ਮੁੱਢ ਵਿਚ ਅਧੂਰੀ ਸੀਹਰਫੀ ਗੁਪਾਲ ਸਿੰਘ ਦੀ, ਬਾਰਾਂ ਮਾਹਾਂ ਕੇਸ਼ਵ ਕਵੀ ਤੇ ਨੱਥ ਮੱਲ ਦਾ ਛੱਡ ਕੇ)

੧ਓ ਸਤਿਗੁਰ ਪ੍ਰਸਾਦਿ । ਕਿਸਨ ਸਿੰਘ ਦੇ ਬੈਂਤ ਹੀਰ ਵਿਚ ਆਖੇ । (ਏਥੇ ਪਹਿਲੀ ਤੁਕ ਪੜ੍ਹੀ ਨਹੀਂ ਗਈ, ਜੋ ਸਿਆਹੀ ਫੈਲਣ ਕਰ ਕੇ ਕੁਝ ਚਿੱਧ ਮਿੱਧ ਹੈ) ।
ਭਰ ਐਨਲ ਨੂਰ ਪਿਆਂਦੀਆਂ ਨੇ, ਪਰ ਜੂਸਬਾਂ ਜਿਹਾਂ ਬੇ ਜਾਲੀਏ ਨੀ । (ਪੱਤਰਾ ੧੨੯)

ਅੰਤ— ਕਿਸਨ ਸਿੰਘ ਸਿਆਲਾ ਦੇ ਵਿਚ ਡੇਰਾ, ਆਰਨ ਬ੍ਰਿਹੁ ਦਾ ਖਰਾ ਮਚਾਂਵਦਾ ਈ ॥੩੩॥
ਗੋਰ ਕੂਨੀ ਤੇ ਪੜ੍ਹਨ ਜਨਾਜੜਾ ਨੀ, ਰਲ ਕਬਰ ਦੇ ਉਪਰੇ ਢੇਈ ਮਾਈ ॥੩੪॥ (ਪੱਤਰਾ ੧੪੨)

ਕਵਿਤਾ ਇਸ ਸੀਹਰਫੀ ਦੀ ਅੱਛੀ ਹੈ, ਪਰ ਆਦਿ-ਅੰਤ ਦੀਆਂ ਤੁਕਾਂ ਏਨੀਆਂ ਸਾਫ਼ ਨਹੀਂ ਹਨ ।

੫੮. (ੳ) ਸੀਹਰਫ਼ੀ ਗੁਲਾਬ ਦਾਸ ਕੀ (ਸੀਹਰਫ਼ੀ ਸਾਂਝੀ ਆਦਿ ਸਮੇਤ) (ਨੰ. ੩, ਪੂ. ਕ. ਸਿ. ਸ੍ਰ.)

ਲੇਖਕ— ਸਾਧੂ ਗੁਲਾਬ ਦਾਸ । ਆਕਾਰ— 6½" × 8¼", ਲਿਖਤ 5½" × 7¼" ।

ਵੇਰਵਾ- ਸਫ਼ੇ ਸੀਹਰਫ਼ੀ ਗਲਾਬ ਦਾਸ ਜੀ ਕੀ ੧੧, ਸੀਹਰਫ਼ੀ ਸਾਂਝੀ (ਸਾਧੂ ਗੁਲਾਬ ਦਾਸ ਤੇ ਪੀਰੋ ਕੀ) ੧੨-੨੦, ਬਿਗਜਾਨ ਸਮੁੰਦ੍ਰ (ਸਾਧੂ ਗੁਲਾਬ ਦਾਸ) ੨੦-੬੩*, ਕਾਫ਼ੀਆਂ ਮਤਾਂ ਪੀਰੋ ਜੀ ਕੀਆਂ ੬੪-੬੯, ਦੋ ਕਾਫ਼ੀਆਂ ਗੁਲਾਬ ਦਾਸ ਕੀਆਂ ੬੯-੭੦, ਬਚਨ ਮਾਲਾ (ਗੁਲਾਬ ਦਾਸ) ੭੦-੭੮, ਥਿੱਤੀ ਪੱਟੀ (ਗੁਲਾਬ ਦਾਸ) ੭੮-੮੨, ਕਾਫ਼ੀਆਂ ਹੋਰ (ਗੁਲਾਬ ਦਾਸ) ੮੨-੮੫, ਉਪਦੇਸ਼ ਗ੍ਰੰਥ (ਗੁਲਾਬ ਦਾਸ) ੮੫-੧੩੮, ਮਾਤ੍ਰਾ ਬਾਬੇ ਗੁਲਾਬ ਦਾਸ ਜੀ ਦਾ ੧੩੮-੪੫, ਗੁਲਾਬ ਗੀਤਾ (ਗੁਲਾਬ ਦਾਸ) ੧੪੬-੨੮੦, ਨਸੀਹਤ ਨਾਮਾ (ਗੁਲਾਬ ਦਾਸ) ੨੮੦-੮੯; ਪ੍ਰਤੀ ਸਫ਼ਾ ੨੧ ਸਤਰਾਂ; ਕਾਗ਼ਜ਼ ਵਿਲਾਏਤੀ (ਕਾਪੀਆਂ ਵਾਲਾ); ਲਿਖਤ ਸਾਫ਼, ਪਰ ਕਾਫ਼ੀ ਅਸ਼ੁੱਧ ਜੋ ਕੱਚੀ ਕਾਲੀ ਸਿਆਹੀ ਨਾਲ ਲਿਖੀ ਹੋਣ ਕਰ ਕੇ ਕਈ ਥਾਵੇਂ ਸਿਲ੍ਹ ਦੇ ਕਾਰਣ ਚਿਪਕ ਜਾਣ ਤੇ ਸਫ਼ੇ ਖ਼ਰਾਬ ਹੋ ਗਏ ਹਨ, ਤੇ ਕਈ ਥਾਵੇਂ ਸਫ਼ੇ ਵੀ ਗ਼ਲਤ ਲਗੇ ਹੋਏ ਹਨ, ਜਿਵੇਂ ੩੨ ਦੀ ਥਾਂਵੇਂ ੬੨; ਇਸ ਸੰਗ੍ਰਹ ਦੀਆਂ ਰਚਨਾਵਾਂ ਬੜੀਆਂ ਦੁਰਲੱਭ ਹਨ, ਜਿਸ ਕਰ ਕੇ ਸੰਭਾਲ ਕੇ ਰੱਖਣ ਜੋਗ ਹੈ ।

ਸਮਾਂ— ਲਿਖਤ ਪੰਜਾਹ-ਸੱਠ ਵਰ੍ਹੇ ਪੁਰਾਣੀ ਜਾਪਦੀ ਹੈ। ਲਿਖਾਰੀ–ਭਾਈ ਨਥਾ ਸਿੰਘ, ਜਿਸ ਨੇ ਹਰੇਕ ਰਚਨਾ ਦੇ ਅੰਤ ਵਿਚ ਪੈਨਸਿਲ ਨਾਲ ਦਸਤਖ਼ਤ ਕੀਤੇ ਹੋਏ ਹਨ ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਸੀਹਰਫੀ ਗੁਰੂ ਗੁਲਾਬ ਦਾਸ ਜੀ ਕੀ ਲਿਖਯਤੇ ।
ਅਲਫ ਆਸਰਾ ਪੁਰਖ ਅਲੇਖ ਦਾ ਈ, ਔਰ ਕੁਲ ਫਨਾਹੂ ਵੀਚਾਰਿਆ ਮੈਂ ।... (ਸਫ਼ਾ ੧)

ਅੰਤ- ...ਬਿਹਾਰੀ ਬਜਾਜੀ ਗੁਲਾਬ ਦਾਸਾ, ਪਰਮਾਰਥੀ ਬਚਨ ਹਕਾਨੀਆਂ ਦੇ ॥੩੦॥
ਇਤਿ ਸੀਹਰਫੀ ਗੁਰੂ ਗੁਲਾਬ ਦਾਸ ਜੀ ਕੀ ਸੰਪੂਰਨੰ ਸਮਾਪਤੰ । (ਸਫ਼ੇ ੧੧-੧੨)

(ਅ) ਸੀਹਰਫ਼ੀ ਸਾਂਝੀ (ਗੁਲਾਬ ਦਾਸ ਤੇ ਪੀਰੋ ਜੀ ਕੀ)

ਆਰੰਭ—੧ਓ ਸਤਿਗੁਰ ਪ੍ਰਸਾਦਿ । ਸੀਹਰਫੀ ਸਾਂਝੀ ਲਿਖਯਤੇ ।
ਅਲਫ ਅਵਲ ਮਕਾਨ ਫਨਾਹੁ ਤੇਰਾ, ਜਿਸ ਦੇਹੀ ਕੋ ਵਿਸੇ ਭੁਗਾਉਨੀ ਹੈ ।... (ਸਫ਼ਾ ੧੨)

ਅੰਤ— ...ਨਹੀਂ ਦੇਖਿਆ ਦਿਗਰ ਖੁਦਾਇ ਪੀਰੋ, ਮਿਹਰਿ ਆਪ ਦੀ ਸਤਿਗੁਰੋ ! ਚਾਹੁਨੀਆਂ ॥੩੦॥ (ਸਫ਼ਾ ੨੦)
ਇਤਿ ਸ੍ਰੀ ਸੀਹਰਫੀ ਸਾਂਝੀ ਪੂਰੀ ਹੋਈ ।

---

*ਦਰ ਅਸਲ ਏਥੇ ੬੩ ਦੀ ਥਾਵੇਂ ੩੩ ਸਫ਼ਾ ਹੋਣਾ ਚਾਹੀਏ, ਕਿਉਂਕਿ ਲਿਖਾਰੀ ਦੀ ਗ਼ਲਤੀ ਹੋਣ ਕਰ ਕੇ ਕੁਝ ਸਫ਼ੇ ਇਸ ਲਿਖਤ ਵਿਚ ਗ਼ਲਤ ਲੱਗੇ ਹੋਏ ਹਨ ।

(ਝ) ਬਿਗਜਾਨ ਸਮੁੰਦ੍ਰ (ਗੁਲਾਬ ਦਾਸ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਬਿਗਜਾਨ ਸਮੁੰਦ੍ਰ ਗੁਲਾਬ ਦਾਸ ਜੀ ਕਾ ਲਿਖਿਯਤੇ ॥ ਦੋਹਰਾ ॥
ਪ੍ਰਤੰਤ੍ਰਿ ਵਿਦਿਆ ਗਿਆਨ ਹੈ, ਸੁਤੰਤ੍ਰਿ ਸਰੂਪ ਗਿਆਨ ।... (ਸਫ਼ਾ ੨੦)

ਅੰਤ— ...ਸੁਪਨੈ ਜੜ ਚਿਤੰਨਿ ਜਿਉ, ਸੁਪਨਿ ਹਾਰੁ ਸਭ ਕੋਇ ।
ਅਸਥਾਵਰਿ ਜੰਗਮ ਜਗਤ ਤਿਉ, ਸਰਬ ਰੂਪ ਮੈ ਸੋਇ ॥੧੦੮॥
ਇਤਿ ਸ੍ਰੀ ਬਿਗਿਆਨ ਸਮੁੰਦ੍ਰ ਗੁਰੂ ਗੁਲਾਬ ਦਾਸ ਜੀ ਕਾ ਸੰਪੂਰਨੰ ਸਮਾਪਤੰ । (ਸਫ਼ਾ ੬੩)

(ਮ) ਕਾਫ਼ੀਆਂ—ਮੱਤਾਂ ਪੀਰੋ ਜੀ ਕੀਆਂ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਕਾਫੀਆਂ ਮਤਾਂ ਪੀਰੋ ਜੀ ਕੀਆਂ ਲਿਖਿਯਤੇ ।
ਆਉ ਮਿਲੋ ਸਹੇਲੀਓ! ਰਲਿ ਮਸਲਿਤ ਕਰੀਏ । ਭਉ ਸਮੁੰਦ੍ਰ ਅਥਾਹੁ ਹੈ, ਕਹੁ ਕਿਸ ਬਿਧੁ ਤਰੀਏ ।
ਪੀਰੋ ਨਾਮੁ ਜਹਾਜੁ ਹੈ, ਗੁਰ ਖੇਵਟ ਮੇਰਾ । ਪਉਣਿ ਪ੍ਰੇਮ ਚਲਾ ਸੀ, ਪਾਰਿ ਹੋਈ ਡੇਰਾ ।... (ਸਫ਼ਾ ੬੪)

ਅੰਤ— ...ਪੀਰੋ ਖੁਦਿ ਖੁਦਾਇ ਕੀ ਹਉ ਤਾਲਬਿ ਹੋਈ । ਨਾ ਡਿਠਾ ਮੁਸਲਿਮਾਨੁ ਕੋ, ਨਾ ਹਿੰਦੂ ਕੋਈ ।
ਪੀਰ ਫਕੀਰਿ ਅਉਲੀਏ ਸਭ ਹੱਦੀ ਫਾਸੀ । ਬਿਹੱਦ ਸਾਈਂ ਗੁਲਾਬ ਦਾਸ ਹੈ, ਮੈ ਤਿਸ ਦੀ ਦਾਸੀ ॥੨੦॥
ਕਾਫੀਆਂ ਸੰਪੂਰਨੰ ਸਮਾਪਤੰ । (ਸਫ਼ਾ ੬੯)

(ਹ) ਦੋ ਕਾਫ਼ੀਆਂ (ਗੁਲਾਬ ਦਾਸ)

ਆਰੰਭ- ੧ਓ ਸਤਿਗੁਰ ਪ੍ਰਸਾਦਿ । ਕੋਈ ਬਾਤਿ ਚਲਣਿ ਦੀ ਕਰੁ ਵੋਇ, ਥਿਰਿ ਰਹਣਾ ਨਾਹੀਂ ।
ਖਾਨ ਖਵੀਨ ਤੇ ਰੰਕਿ ਅਰ ਰਾਜੇ, ਅੰਤ ਗਏ ਸਭ ਮਰ ਵੋਇ ।...
ਗੁਲਾਬ ਦਾਸੁ ਫਕੀਰੁ ਸਾਈਂ ਦਾ, ਜਿਸ ਦਾ ਬੇਲੀ ਹਰਿ ਵੋਇ ॥੧॥ (ਸਫ਼ਾ ੬੯)

ਅੰਤ— ...ਜਹਾਂ ਤਹਾਂ ਇਕੁ ਗੋਬਿੰਦੁ ਦੀਸੈ, ਸੁਤੰਤ੍ਰਿ ਨਿਸਚਾ ਕਰ ਵੋਇ ।
ਗੁਲਾਬ ਦਾਸ ਗੁਰ ਪ੍ਰਗਟਿਓ ਹਰਿ ਹਿਰਦੇ ਸੰਗਿ ਹਰਿ ਵੋਇ ॥੨॥ (ਸਫ਼ਾ ੭੦)

(ਕ) ਬਚਨ ਮਾਲਾ (ਗੁਲਾਬ ਦਾਸ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਬਚਨ ਮਾਲਾ ਬਾਵੇ ਗੁਲਾਬ ਦਾਸ ਜੀ ਕੀ ਲਿਖਿਯਤੇ ।
ਰਸਤੇ ਖੋਹਣੂ ਤ੍ਰੈ ਜਣੇ, ਤੀਨੋ ਲੈਂਦੇ ਖੋਹੁ ।
ਏਕ ਕਨਕ ਅਰ ਕਾਮਨੀ, ਤੀਜਾ ਤਨ ਕਾ ਮੋਹੁ ॥
ਭੈ ਸਮੁੰਦ੍ਰ ਜਗਤ ਹੈ, ਮਹਾਂ ਅੰਧਿ ਅਰੁ ਘੋਰਿ ।
ਗੁਲਾਬ ਦਾਸ ਭਰੋਸਾ ਨਾਮ ਕਾ, ਤਰਨਾ ਤਿਸ ਕੇ ਜੋਰ ॥੧॥
ਮਾਇਆ ਮਮਤਾ ਜਿਹ ਲਗੀ, ਤਿਨ ਕਾ ਚਿਤੁ ਖਰੋਰੁ ।
ਦਮੜੀ ਕੇ ਪਾਛੇ ਫਿਰੈ, ਗੁਰ ਪੀਰਾਂ ਕਾ ਚੋਰ ॥
ਭਲੇ ਵਲੋ ਚਿਤ ਤੰਗੁ ਹੈ, ਬੁਰਾ ਨਿਸੰਗੁ ਕਮਾਇ ।
ਗੁਲਾਬ ਦਾਸ ਪਿਠਿ ਸੁਰਗ ਕੋ, ਸਨਮੁਖ ਨਰਕੇ ਜਾਇ ॥੨॥
ਗਿਦੜ ਗੁਰੂ ਸੋ ਜਾਨੀਏ, ਲੋਭੁ ਸਿਖ ਕੋ ਦੇਇ ।
ਬਘਜਾੜ ਗੁਰੂ ਧਨਵਾਨ ਜੋ, ਤਿਸ ਕੋ ਸਿਖ ਕਰੇਇ ॥
ਸੇਰ ਗੁਰੂ ਅਚਾਹ ਹੈ, ਖਾਸ ਨ ਰਾਖੇ ਕੋਇ ।
ਗੁਲਾਬ ਦਾਸ ਸਿਖ ਸੋ ਕਰੇ, ਤਾੜ ਸਹਾਰੇ ਜੋਇ ॥੩॥ (ਸਫ਼ੇ ੭੦-੭੧)

ਅੰਤ— ...ਅੰਮ੍ਰਿਤ ਮਾਲਾ ਬਚਨ ਕੀ, ਪੀਏ ਸੋਗ ਸਭ ਜਾਹੁ ।
ਗੁਲਾਬ ਦਾਸ ਹਰਿ ਹਾਲ ਮੈ, ਮਸਤਾਨਾ ਭਉਰ ਕਿਉਂ ਰਾਹੁ ॥੪੧॥ (ਸਫ਼ਾ ੭੯)

(ਖ) ਥਿੱਤੀ ਪੱਟੀ (ਗੁਲਾਬ ਦਾਸ)

ਆਰੰਭ- ੧ਓ ਸਤਿਗੁਰ ਪ੍ਰਸਾਦਿ । ਥਿਤੀ ਪਟੀ ਲਿਖਿਯਤੇ ।

ਏਕਮ ਏਕੰਕਾਰ ਨਿਰਾਲਾ । ਬਿਰਧ ਜੋਬਨੁ ਨਹੀਂ ਹੋਵਤ ਬਾਲਾ ।
ਆਵੈ ਜਾਇ ਨ ਜਨਮੇ ਮਰੇ । ਗ੍ਰਹਿਣੁ ਤਿਆਗੁ ਨਾ ਨਿਰਭੈ ਡਰੇ ॥੧॥ (ਸਫ਼ਾ ੭੮)

ਅੰਤ– ਪੰਦ੍ਰਾ ਥਿਤਾ ਸਤਿ ਵਾਰਿ, ਅਰੁ ਰਵਿ ਮੈਂ ਭੇਦੁ ਨ ਕੋਇ ।
ਗੁਲਾਬ ਦਾਸ ਤਿਉਂ ਆਤਮਾ, ਸਰਬ ਨਿਰੰਤਰਿ ਸੋਇ ॥੩੨॥
ਇਤਿ ਥਿਤੀ ਪਟੀ ਸਪੂਰਨੰ ਸਮਾਪਤੰ । (ਸਫ਼ਾ ੮੨)

(ਗ) ਕਾਫ਼ੀਆਂ ਗੁਰੂ ਗੁਲਾਬ ਦਾਸ ਜੀ ਕੀਆਂ

ਆਰੰਭ– ਕਾਫੀਆਂ ਲਿਖਿਯਤੇ ਗੁਰੂ ਗੁਲਾਬ ਦਾਸ ਜੀ ਦੀਆਂ ।
ਪਰਮੇਸਰਿ ਜਾਮਾ ਪਹਰਿਆ, ਮਾਨਸ ਦੀ ਦੇਹੀ ।
ਏਥੇ ਰੁੜ੍ਹਿਆਂ ਠਉਰ ਨਾ, ਨਹੀਂ ਮਿਲੇ ਸਨੇਹੀ ।... (ਸਫ਼ਾ ੮੨)

ਅੰਤ– ਮੁਮੁਖੀ ਤੀਨ ਪ੍ਰਕਾਰ ਕੇ, ਉਤਮ ਮਧਮ ਅੰਧਿ ।
ਤੀਨ ਕਾਂਡ ਮੇ ਲਗ ਪੜੇ, ਛੁਟੇ ਤਿਨ ਦੀ ਬੰਧਿ ॥੯॥ (ਸਫ਼ਾ ੯)

(ਘ) ਉਪਦੇਸ਼ ਗ੍ਰੰਥ (ਗੁਲਾਬ ਦਾਸ)

ਆਰੰਭ—ੴ ਸਤਿਗੁਰ ਪ੍ਰਸਾਦਿ । ਉਪਦੇਸ਼ ਗਰੰਥ ਗੁਲਾਬ ਦਾਸ ਜੀ ਕਾ ਲਿਖਿਯਤੇ ।
ਕਬਿਤ ॥ ਬਾਰੂ ਦੀ ਸੋ ਕੰਧਿ ਜੈਸੇ, ਪੂਰਨ ਪਿਛੇ ਚੰਦੁ ਜੈਸੇ ... (ਸਫ਼ਾ ੮੫)

ਅੰਤ– ...ਪੜ੍ਹੇ ਸੁਣੇ ਇਸਿ ਗਿਰੰਥਿ ਕੋ, ਪੁਨਿ ਪੁਨਿ ਕਰੇ ਵਿਚਾਰੁ ।
ਧਰਮ ਅਰਥ ਅਰ ਕਾਮ ਕੋ, ਪਾਵੈ ਮੋਖ ਦੁਆਰੁ ॥੨੧੬॥
ਇਤਿ ਸ੍ਰੀ ਗੁਰੂ ਗੁਲਾਬ ਦਾਸ ਜੀ ਕਾ ਉਪਦੇਸ ਗਿਰੰਥ ਸਪੂਰਨੰ ਸਮਾਪਤੰ । (ਸਫ਼ਾ ੧੩੮)

(ਙ) ਮਾਤ੍ਰਾ ਬਾਬੇ ਗੁਲਾਬ ਦਾਸ ਜੀ ਕਾ

ਆਰੰਭ—ੴ ਸਤਿਗੁਰ ਪ੍ਰਸਾਦਿ । ਮਾਤ੍ਰਾ ਬਾਵੇ ਗੁਲਾਬ ਦਾਸ ਜੀ ਕਾ ਲਿਖਿਯਤੇ ।
ਓਅੰ ਗੁਰ ਗਿਆਨ ਕਾ ਸੂਰ ਚੜ੍ਹਾਇਆ ।... (ਸਫ਼ਾ ੧੩੩)

ਅੰਤ— ...ਯਹ ਮਾਤ੍ਰਾ ਵੀਚਾਰੀਏ, ਸਹਜਿ ਮੁਕਤਿ ਹੋਇ ਜਾਇ ।
ਬੰਧਨ ਸਗਲੇ ਕਾਟ ਕੇ, ਬਿਚਰੇ ਸਹਜਿ ਸੁਭਾਇ ।
ਇਤਿ ਸ੍ਰੀ ਮਾਤ੍ਰਾ ਬਾਵੇ ਗੁਲਾਬ ਦਾਸ ਕੀ ਸਪੂਰਨੰ ਸਮਾਪਤੰ ।... (ਸਫ਼ਾ ੧੪੫)

(ਚ) ਗੁਲਾਬ ਗੀਤਾ (ਗੁਲਾਬ ਦਾਸ)

ਆਰੰਭ-- ਓਅੰ ਗੁਲਾਬ ਗੀਤਾ, ਗੁਲਾਬ ਦਾਸ ਜੀ ਕੀ ਲਿਖਿਯਤੇ ।
ਗੁਲਾਬ ਗੀਤਾ ਪੜ੍ਹਨੇ ਮੇਂ ਅਸਥੂਲ ਹੈ, ਅਰੁ ਸਮਝਣੇ ਮੈ ਸੂਖਮ ਹੈ ।.. (ਸਫ਼ਾ ੧੪੬)

ਅੰਤ— ...ਗੀਤਾ ਗੁਣ ਕਾ ਨਾਮ ਹੈ, ਜਾ ਮੈ ਸਭ ਗੁਣ ਹੋਇ ।
ਗੁਲਾਬ ਦਾਸ ਗੀਤਾ ਕਹੀ, ਜਾ ਮੈ ਪਛੁ ਨ ਕੋਇ ॥
ਦੋਹਰਾ ॥ ਬਚਨ ਕਹੇ ਬਿਹਦਿ ਕੇ, ਬਿਹਦਿ ਸਮਝੇ ਕੋਇ ।
ਗੁਲਾਬ ਦਾਸ ਜੋ ਹਦਿ ਮੈ, ਤਿਸ ਕੋ ਸਮਝਿ ਨ ਹੋਇ ॥
ਇਤਿ ਸ੍ਰੀ ਗੁਲਾਬ ਗੀਤਾ ਅਸਟਮੋ ਧਿਆਇ ਸਪੂਰਨੰ ਸਮਾਪਤੰ । (ਸਫ਼ਾ ੧੮੦)

(ਛ) ਨਸੀਹਤ ਨਾਮਾ (ਗੁਲਾਬ ਦਾਸ)

ਆਰੰਭ—ੴ ਸਤਿਗੁਰ ਪ੍ਰਸਾਦਿ । ਨਸੀਹਤਿ ਨਾਮਾ ਲਿਖਿਯਤੇ
ਦੋਹਰਾ ॥ ਪਾਲੇ ਤੂ ਚਿਤ੍ਰਨਿ ਥੀ ਪਰਮਾਤਮ ਪਰਮ ਅਨੂਪ ।... (ਸਫ਼ਾ ੧੮੦)

ਅੰਤ– ...ਪਾਇਆ ਖੋਇਆ ਕੁਛ ਨਹੀ, ਅਰੁ ਆਇਆ ਗਿਆ ਨ ਕੋਇ ।
ਗੁਲਾਬ ਦਾਸ ਨਾ ਅੰਤਰਾ, ਸਰਬ ਨਿਰੰਤਰਿ ਸੋਇ ॥੨॥
ਇਤਿ ਸ੍ਰੀ ਨਸੀਹਤ ਨਾਮਾ ਬਾਵੇ ਗੁਲਾਬ ਦਾਸ ਜੀ ਕਾ ਸਮਾਪਤੰ ॥੨॥ (ਸਫ਼ੇ ੧੮੭-੮੮)

---

*ਏਥੇ ਅਸਲ ਪ੍ਰਤੀ ਵਿਚ ਸਫ਼ਾ ੧੩੮ ਦੀ ਥਾਵੇਂ ੨੩੮ ਸ਼ੁਰੂ ਹੁੰਦਾ ਹੈ, ਜੋ ਲਿਖਾਰੀ ਦੀ ਭੁੱਲ ਹੈ। ਏਕਣ ਹੀ ਇਸ ਤੋਂ ਅਗਲੇ ਸਫ਼ੇ ਵੀ ਗ਼ਲਤ ਲਿਖੇ ਹੋਏ ਹਨ ।

ਇਸ ਤੋਂ ਅੱਗੇ ੭ ਦੋਹਰੇ ਗਯਾਨ ਸੰਬੰਧੀ ਦਿੱਤੇ ਹੋਏ ਹਨ, ਜੋ ਗੁਲਾਬ ਦਾਸ ਜੀ ਦੇ ਹਨ ਜਾਂ ਕਿਸੇ ਹੋਰ ਕਵੀ ਦੇ, ਇਸ ਬਾਰੇ ਕੁਝ ਕਹਿਆ ਨਹੀਂ ਜਾ ਸਕਦਾ ।

੫੯. ਸੀਹਰਫ਼ੀ ਦੇਵਾ ਸਿੰਘ ਕੀ (ਨੰ. ੮੧, ਪ੍ਰੋ. ਪ੍ਰੀ. ਸਿੰ.)

ਲੇਖਕ— ਦੇਵਾ ਸਿੰਘ। ਆਕਾਰ—$9\frac{1}{2}'' \times 5\frac{1}{2}''$, ਲਿਖਤ—$7'' \times 3\frac{1}{2}''$ ।

ਵੇਰਵਾ— ਪੱਤਰੇ ੪; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਲਿਖਤ ਕਾਲੀ ਸਿਆਹੀ ਦੀ, ਪਰ ਉਸ ਦੇ ਹੇਠਾਂ ਕਾਗ਼ਜ਼ ਦੀ ਜ਼ਿਮੀਨ ਦਾ ਰੰਗ ੩ ਪੱਤਰਿਆਂ ਦਾ ਲਾਲ (ਪੋਚਾ ਫੇਰ ਕੇ ਕੀਤਾ ਹੋਇਆ) ਤੇ ਚੌਥੇ ਪੱਤਰੇ ਦੀ ਜ਼ਿਮੀਨ ਦਾ ਰੰਗ ਸੁਫ਼ੈਦ; ਪੱਤਰੇ ਖੁਲ੍ਹੇ।

ਸਮਾਂ— ਲਿਖਤ ਸੌ ਸਾਲਾਂ ਤੋਂ ਵੱਧ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸ੍ਰੀ ਪਰਮਾਤਮਾਯ ਨਮ: ।
ਅਲਫ—ਅੰਤ ਤੇ ਰਹਿਤ ਬਿਅੰਤ ਹਾਂ ਮੈਂ, ਨਹੀ ਦੇਸ ਤੇ ਕਾਲ ਦਾ ਭੇਦ ਲੋਕਾ !
ਵਿਭੂ ਨਿਤ ਅਖੰਡ ਅਕਾਲ ਹਾਂ ਮੈਂ ਆਤਮ ਸੁਵਨ ਵਸਤ ਪ੍ਰਛੇਦ ਲੋਕਾ !
ਸ਼ੁੱਧ ਸਚਿਦਾਨੰਦ ਅਲੇਪ ਹਾਂ ਮੈਂ, ਸਤਯ ਗਯਾਨ ਪੁਕਾਰਦਾ ਬੇਦ ਲੋਕਾ !
ਹਸਤਬਾਲ ਵਤ ਜਾਣਿਆ ਦੇਵਾ ਸਿੰਘਾ, ਦੂਰ ਕੀਤ: ਈ ਗੁਰਾਂ ਨੇ ਖੇਦ ਲੋਕਾ ! (ਪੱਤਰਾ ੧)

ਅੰਤ— ਯੇ-ਯਾਰ ਹੀ ਯਾਰ ਸਭ ਯਾਰ ਹੈ ਜੀ, ਭਿੰਨ ਯਾਰ ਤੋਂ ਕੋਈ ਨ ਰਾਮ ਲੋਕਾ !
ਕਿਤੇ ਹੋਇ ਨਪੁੰਸਕ ਗਾਨ ਕਰੇ, ਕਹੂੰ ਪੁਰਸ ਹੋਇਆ ਕਹੂੰ ਬਾਮ ਲੋਕਾ !
ਕਹੂੰ ਭੋਗ ਕਰੇ ਕਹੂੰ ਜੋਗ ਕਰੇ, ਕਹੂੰ ਬਨੋਬਾਸੀ ਕਹੂੰ ਧਾਮ ਲੋਕਾ !
ਬਿਨਾ ਬ੍ਰਹਮ ਤੋਂ ਹੋਰ ਨਾ ਦੇਵਾ ਸਿੰਘਾ, ਕਹੂੰ ਕ੍ਰਿਸਨ ਹੋਇਆ ਕਹੂੰ ਰਾਮ ਲੋਕਾ ॥੩੦॥ (ਪੱਤਰਾ ੪)

ਇਸ ਤੋਂ ਅੱਗੇ ਇਸੇ ਪੱਤਰੇ ਦੇ ਦੂਜੇ ਪਾਸੇ ਜੀਮ (ਜ) ਅੱਖਰ ਦਾ ਇਕ ਵਾਧੂ ਬੰਦ ਹੋਰ ਹੈ ਜੋ ਕਵਿ ਦੇਵਾ ਸਿੰਘ ਦੀ ਹੀ ਕ੍ਰਿਤ ਹੈ ।

੬੦. ਸੀਹਰਫ਼ੀ ਬਘੇਲ ਸਿੰਘ ਕੀ (ਨੰ. ੪੨੦, ਪੰ. ਯੂ. ਚੰ.)

ਲੇਖਕ— ਬਘੇਲ ਸਿੰਘ । ਆਕਾਰ—$50'' \times 5\frac{1}{4}''$, ਲਿਖਤ—$49'' \times 4\frac{1}{4}''$ ।

ਵੇਰਵਾ— ਸਫ਼ੇ ੨; ਪ੍ਰਤੀ ਸਫ਼ਾ ੧੩੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਬੜੀ ਅਸ਼ੁੱਧ ਹੈ; ਹਾਸ਼ੀਆ ਦੋਨੋਂ ਪਾਸੇ ਇਕ-ਇਕ ਲਾਲ ਲਕੀਰ ਵਾਲਾ; ਪੱਤਰਾ ਪਹਿਲਾ ਸਿਰੇ ਤੋਂ ਕੁਝ ਫਟਿਆ ਹੋਇਆ, ਜਿਸ ਕਰ ਕੇ ਪਹਿਲਾ ਬੰਦ ਤੇ ਦੂਜੇ ਵੰਨਿਓਂ ੩੩-੩੪ਵੇਂ ਬੰਦ ਅਧੂਰੇ ਹਨ । ਇਸ ਸੀਹਰਫ਼ੀ ਵਿਚ ਕਵੀ ਦੇ ਵੇਦਾਂਤਕ ਵਿਚਾਰਾਂ ਦਾ ਪ੍ਰਤਿਬਿੰਬ ਪੰਜਾਬੀ ਬੋਲੀ ਵਿਚ ਹੈ।

ਸਮਾਂ— ੮੦ ਕੁ ਵਰ੍ਹੇ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ—ਨਾਮਾਲੂਮ ।

ਆਰੰਭ— ... ... ਆਸ ਪੋਜਾਂਵਦਾ ਨੀ !...
...ਵਿਚ ਜਰੂਰਿ ਆਵੈ, ਹੋਰਿ ਕਿਤੇ... ਥ ਨਾ ਆਂਵਦਾ ਨੀ ।
...ਗੁਰਾਂ ਦੀ ਮਿਹਿਰ ਬਘੇਲ ਸਿੰਘਾ, ਅੰਦਰ ਆਪਣੈ ਹੀ ਨਜਰਿ ਆਂਵਦਾ ਨੀ ॥੧॥ (ਸਫ਼ਾ ੧)

ਅੰਤ— ਵੇ-ਵਾਸਤਾ... ਦਾ ਮਨ ਲੈ ਤੂੰ, ਸਦਾ ਏਕ ਅਖੰਡਿ... ਤੰਨਿ ਹੈ ਤੂ । ਸੁਧ ਬੋਧ ਸਰੂਪ... (ਸਫ਼ਾ ੨)

ਆਦਿ—ਅੰਤ ਦੇ ਪਾਠ, ਪੱਤਰੇ ਦੀਆਂ ਨੁੱਕਰਾਂ ਫਟੀਆਂ ਹੋਣ ਕਰ ਕੇ, ਨਸ਼ਟ ਹੋ ਗਏ ਹਨ, ਜੋ ਬਿਨਾ ਦੂਜੀ ਪ੍ਰਤੀ ਦੇ ਸਹੀ ਹੋਣੇ ਮੁਸ਼ਕਿਲ ਹਨ ।

੬੧. (ੳ) ਸੀਹਰਫ਼ੀ ਮੰਗਲ ਦਾਸ ਜੀ ਕੀ (ਗੁਲਾਬ ਦਾਸ ਦੀ ਉਸਤਤਿ ਆਦਿ ਸਮੇਤ) (ਨੰ. ੧, ਪ੍ਰੋ. ਕ. ਸਿੰ. ਸੂ.)

ਲੇਖਕ— ਮੰਗਲ ਦਾਸ । ਆਕਾਰ—$6\frac{1}{2}'' \times 8\frac{1}{4}$, ਲਿਖਤ $5\frac{3}{4}'' \times 7''$ ।

ਵੇਰਵਾ— ਸਫ਼ੇ ੬੩; ਪ੍ਰਤੀ ਸਫ਼ਾ ੧੭ ਸਤਰਾਂ; ਕਾਗ਼ਜ਼ ਆਮ ਕਾਪੀਆਂ ਵਾਲਾ ਦੇਸੀ; ਲਿਖਤ ਸਾਫ਼, ਪਰ ਅਣਜਾਣ ਲਿਖਾਰੀ ਦੀ ਲਿਖੀ ਹੋਣ ਕਰ ਕੇ ਬੜੀ ਅਸ਼ੁੱਧ; ਹਾਸ਼ੀਆ ਸ਼ਾਦਾ ਲਕੀਰਾਂ ਵਾਲਾ, ਲਿਖਤ ਦੀ ਸਿਆਹੀ ਕਾਲੀ, ਪਰ ਏਨੀ

ਅੱਛੀ ਨਹੀਂ ਜਿਸ ਕਰ ਕੇ ਸਿਲ੍ਹ ਚੜ੍ਹਨ ਕਰ ਕੇ ਕਈ ਥਾਵੇਂ ਚਿਪਕ ਗਈ ਹੈ; ਅੰਤਲੇ ਪੱਤਰਿਆਂ ਉਤੇ ਕੁਝ ਧੱਬੇ ਲੱਗੇ ਹੋਏ; ਹੱਥ-ਲਿਖਤ ਵੈਸੇ ਆਦਿ ਤੋਂ ਅੰਤ ਤਕ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੬੨ ਬਿ. । ਲਿਖਾਰੀ—ਨੱਥਾ ਸਿੰਘ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸ੍ਰੀ ਸਹਰਿਫੀ (ਸੀਹਰਫ਼ੀ) ਮੰਗਲ ਦਾਸ ਜੀ ਕੀ ਲਖਿਯਤੇ (ਲਿਖਤੇ) ।
ਅਲਫ ਆਦਿ ਕੇ ਕੁਲ ਵਿਚਾਰਿਆ ਮੈ... (ਸਫ਼ਾ ੧)

ਅੰਤ— ਯੇ-ਜਹਾਰ (ਜ਼ਾਹਿਰ) ਕੀਤਾ ਜਦੋਂ ਆਪ ਤਾਈਂ, ਛੁਟੇ ਅੰਗ ਤੇ ਸਾਕ ਸਬ ਮੀਤ ਜੋਈ ।
ਕਰਮ ਧਰਮ ਤੇ ਮਜਿਬ ਨਾ ਦੀਨ ਰਹਿਆ, ਬਰਨ ਸਰਨ ਦੀ ਰਹੀ ਨਾ ਰੀਤ ਕੋਈ ।
ਧਜਾਤਾ ਧਿਆਨ ਤੇ ਧੇਯ ਸਬ ਆਪ ਮਾਹੀ, ਕਿਰਿਆ ਕਰਮ ਕਰਤਾ ਨਹੀਂ ਔਰ ਦੋਈ ।
ਮੰਗਲ ਦਾਸ ਜੋ ਖਾਬ ਮੇ ਬਹੁਤ ਭਾਸੇ, ਦ੍ਰਿਸਟ ਦ੍ਰਿਜਟਾ ਦ੍ਰਿਸ ਜੋ ਆਪ ਹੋਈ ॥ ੨੯॥
ਇਤ ਸ੍ਰੀ ਸੀਹਰਫੀ ਸਪੂਰਨ ਸਮਾਪਤੰ । (ਸਫ਼ਾ ੨੨)

(ਅ) ਸਾਧੂ ਗੁਲਾਬ ਦਾਸ ਦੀ ਉਸਤਤਿ (ਮੰਗਲ ਦਾਸ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਓਅੰ ਸ੍ਰੀ ਪਟਮਾਤਮਾਇ ਨਮ: ॥ਦੋਹਰਾ॥
ਗਾਂਵਾ ਹੀਏ ਸਤਿਗੁਰੂ, ਦਾਸ ਗੁਲਾਬ ਅਪਾਰ ।
ਪ੍ਰਿਥੀ ਭਾਰ ਨਵਾਰਨੇ, ਮਾਣਸ ਦੇਹੀ ਧਾਰ ॥ ੧ ॥
ਵਾਰ ਵਾਰ ਪ੍ਰਨਾਮ ਗੁਰੁ, ਕਰਸਾਂ ਅਰਜ ਪੁਕਾਰ ।
ਚਾਤ੍ਰਿਕ ਚਾਹੇ ਬੂੰਦ ਜੋ, ਰਹਸੀ ਦਰਸ ਪਿਆਸ ॥ ੨ ॥ (ਸਫ਼ਾ ੨੨)

ਅੰਤ— ...ਮੰਗਲ ਦਾਸ ਏਕ ਦੂਈ ਦਾ ਭਾਰ ਸਰੁ ਕਰ ਹੋਲਾ ॥ ੬੧ ॥ (ਸਫ਼ਾ ੪੬)

(ੲ) ਸੀਹਰਫ਼ੀ ਮੰਗਲ ਦਾਸ ਜੀ ਕੀ (ਦੂਜੀ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਸ੍ਰੀ ਸੀਹਰਫੀ ਮੰਗਲ ਦਾਸ ਜੀ ਕੀ ਲਿਖਤੇ ।
ਅਲਫ ਆਇ ਕੇ ਵਿਚ ਜਹਾਨ ਦੇ ਜੀ, ਲਈ ਸੁਧ ਸਰੂਪ ਨਾ ਸਾਰ ਬੰਦੇ ।... (ਸਫ਼ਾ ੪੭)

ਅੰਤ— ...ਮੰਗਲ ਦਾਸ ਇਹੁ ਰਮਜ ਹੈ ਆਸਕਾਂ ਦੀ, ਜੇੜ੍ਹੇ ਸਚ ਦੀ ਰੰਗਣੇ ਰੰਗਦੇ ਜੀ ॥ ੩੦ ॥
ਇਤ ਸ੍ਰੀ ਸੀਹਰਫੀ ਸੁਆਮੀ ਮੰਗਲ ਰਾਮ ਜੀ ਕੀ ਸਪੂਰਨੰ ਸਮਾਪਤੰ । ਦਾਸ ਨਥਾ ਸਿੰਘ ਲਿਖਤੇ । ਸਮਤ ਉਨੀ ਸੈ ਵਾਹਟ ॥ ੧੯੬੨ ॥ (ਸਫ਼ਾ ੬੩)

੬੨. ਸੀਹਰਫ਼ੀਆਂ ਪੂਰਨ ਭਗਤ ਕੀਆਂ (ਨੰ. ੮੪, ਪੰ. ਯੂ. ਚੰ.)

ਲੇਖਕ— ਕਵੀ ਕ਼ਾਦਰ ਯਾਰ । ਆਕਾਰ—$4\frac{1}{2}'' \times 3\frac{1}{2}''$, ਲਿਖਤ $3\frac{1}{4}'' \times 2\frac{1}{2}''$ ।

ਵੇਰਵਾ— ਪੱਤਰੇ ੮੪; ਪ੍ਰਤੀ ਸਫ਼ਾ ੭ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਤੇ ਛੰਦਾਂ ਦੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲਾ ਪੱਤਰਾ ਦੂਹਰਾ-ਤੀਹਰਾ ਵਿੰਗਾ-ਟੇਢਾ ਰੰਗੀਨ ਹਾਸ਼ੀਆ ਰੱਖ ਕੇ ਸ਼ਿੰਗਾਰਿਆ ਹੋਇਆ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਪੂਰਣ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੦੦ ਬਿ. ਦੇ ਨੇੜੇ ਤੇੜੇ । ਲਿਖਾਰੀ— ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਿਹਰਫੀ ਪੂਰਨ ਭਗਤਿ ਲਿਖਤੇ ।
ਅਲਫ ਆਦਿ ਗਣੇਸ ਦਾ ਧਿਆਨੁ ਧਰੀਏ... ॥ ੧ ॥
ਅਲਫ ਆਇ ਸਖੀ ਸਲਕੋਟਿ ਅੰਦਰ, ਪੂਰਨ ਪੁਤ੍ਰ ਸਰਵਾਨ ਨੇ ਜਾਇਆ ਈ ।... (ਪੱਤਰੇ ੧-੨)

ਅੰਤ— ...ਕਾਦਰ ਯਾਰ ਕਿਸਾ ਪੂਰਨ ਭਗਤਿ ਵਾਲਾ, ਤੁਸੀ ਸੁਨੋ ਲੋਕੋ ਇਥੇ ਹੋਇਆ ਪੂਰਾ ॥ ੩੦ ॥
ਸਿਹਰਫੀਆ ਪੰਜ ਪੂਰੀਆ ਹੋਦੀਆਂ ਪੂਰਨ ਭਗਤਿ ਕੀਆਂ । (ਪੱਤਰਾ ੮੪)

(ਸ) ਵਾਰਾਂ ਤੇ ਜੰਗ ਨਾਮੇ

੬੩. ਪਉੜੀ ਨਾਦਰ ਦੀ (ਵਾਰ ਨਾਦਰ ਸ਼ਾਹ) (ਨੰ. ੧੯੦, ਡਾ. ਗੰ. ਸਿੰ.)

ਲੇਖਕ— ਕਵੀ ਨਜਾਬਤ ਖ਼ਾਨ, ਹਰਲ । ਸੰਪਾਦਕ— ਸ. ਕਰਮ ਸਿੰਘ, ਹਿਸਟੋਰੀਅਨ ।

ਆਕਾਰ— 6½" × 8", ਲਿਖਤ 4½" × 6" ।

ਵੇਰਵਾ— ਪੱਤਰੇ ੨੨ (ਸਫ਼ੇ ੪੪); ਪ੍ਰਤੀ ਸਫ਼ਾ ੧੩-੧੪ ਸਤਰਾਂ; ਕਾਗਜ਼ ਦੇਸੀ ਫੂਲਦਾਰ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਲਿਖਤ ਸਾਫ਼ ਤੇ ਸ਼ੁੱਧ; ਪੁਸਤਕ ਭੂਮਿਕਾ ਸਹਿਤ ਹੈ ਤੇ ਬਾਕਾਇਦਾ ਸੰਪਾਦਨ ਕੀਤੀ ਹੋਈ, ਜੋ ਕਿਸੇ ਕਾਰਣ ਕਰ ਕੇ ਛਪ ਨਹੀਂ ਸਕੀ ।

ਸਮਾਂ— ੩੫ ਕੁ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਸੰਪਾਦਕ ਖ਼ੁਦ । ਸਥਾਨ—ਨਾਮਾਲੂਮ ।

ਆਰੰਭ— "ਪੌੜੀ ਨਾਦਰ ਦੀ" ਇਹ ਪੌੜੀ ਨਜਾਬਤ ਖਾਂ ਹਰਲ ਜਾਤ ਦੇ ਜ਼ਿਮੀਂਦਾਰ ਨੇ, ਜੋ ਮਟੀਲੇ ਪਿੰਡ ਦਾ ਰੈਹਣ ਵਾਲਾ ਸੀ, ਬਣਾਈ ਸੀ; ਇਹ ਆਪ ਉਸ ਵੇਲੇ ਜੀਉਂਦਾ ਸੀ, ਜਦੋਂ ਦਾ ਇਸ ਪੌੜੀ ਵਿਚ ਹਾਲ ਹੈ।... (ਪੱਤਰਾ ੧)

੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਸਚ ਖੁਦਾਵੰਦ ਪਾਤਸਾਹ, ਸਚੇ ਕੰਮ ਤੇਰੇ ਸੁਬਹਾਨਾ ।
ਸਰਪਰ ਉਹੋ ਹੋਸੀਆ, ਜੇਹੜਾ ਲਿਖਿਯਾ ਵਿਚ ਕੁਰਾਨਾ ।
ਸਦੀ ਆਈ ਸੀ ਬਾਰ੍ਹਵੀਂ, ਵਡੇ ਫਿਕਰ ਪਏ ਖਾਨਦਾਨਾਂ ।
ਜੁਲਮ ਜਿਮੀਂ ਤੇ ਵਰਤਿਆ, ਕੂੜ ਮਕਰ ਬਹਾਨਾ ।
ਭਾਜੀ ਦਗੇ ਫਰੇਬ ਦੀ ਵਿਚ ਫਿਰੀ ਜਹਾਨਾ ।...
ਮਰਦਾ ਥੀਂ ਗਿਆ ਜਾਬਤਾ, ਗਾਲਬ ਪਿਆ ਜ਼ਨਾਨਾ ।
ਅਮੀਰਾਂ ਨਜ਼ਰਾਂ ਬਧੀਆਂ, ਕੁਰ ਜਮਾਂ ਖਜ਼ਾਨਾ ।
ਨੌਕਰ ਕੋਂਹਦੇ ਪਾਤਸ਼ਾਹ, ਉਲਟ ਗਿਆ ਜ਼ਮਾਨਾ ।
ਰੱਬਾ ਰੱਖ ਪਨਾਹ ਵਿਚ ਪਾਕ ਪਰਵਰਦਗਾਰ ਰੈਹਮਾਨਾ ॥ ੧ ॥ (ਪੱਤਰਾ ੨)

ਅੰਤ— ...ਦੌਰਾਂ ਵਾਜੇ ਫਤਹਿ ਦੇ ਸ਼ਦਜਾਨੇ ਵਾਹੇ ।
ਨਜ਼ਾਮ ਦੀਨ ਤੇ ਕਮਰ ਦੀਨ, ਛੱਟੇ ਛੁਡਵਾਏ ;
ਤੋਪਾਂ ਤੁਪਕਾਂ ਰੈਹਕਲੇ ਦਬ ਮਾਸੇ ਲਾਏ;
ਬੁਰਜ ਬਾਜੀ ਸ਼ਤਰੰਜ ਦੀ ਰੁਖ ਮਾਰ ਉਡਾਏ;
ਧੋਹ ਨਾਦਰ ਸਾਹ ਦੀ ਹਿੰਦ ਸਾਰੀ ਪਾਏ ॥ ੫੯ ॥ (ਪੱਤਰਾ ੨)
ਇਹ ਪੁਸਤਕ ਛਪ ਕੇ ਪ੍ਰਕਾਸ਼ਿਤ ਹੋ ਚੁਕੀ ਹੈ ।

੬੪. ਮਹਾ ਭਾਰਤ ਦੀ ਵਾਰ (ਨੰ. ੧੩੮, ਪ੍ਰੋ. ਪ੍ਰੀ. ਸਿੰ)

ਲੇਖਕ— ਨਾਮਾਲੂਮ । ਆਕਾਰ—4¼" × 3¼", ਲਿਖਤ 3¼" × 2" ।

ਵੇਰਵਾ— ਪੱਤਰੇ ੫੨-੧੩੯ (੮੮); ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਿਤੇ ਕਿਤੇ ਅਸ਼ੁੱਧ ਵੀ ਹੈ; ਹਾਸ਼ੀਆ ਲਾਲ ਲਕੀਰਾਂ ਵਾਲਾ; ਕਈ ਥਾਵੀਂ ਸ਼ਲੋਕਾਂ ਦੇ ਅੰਕ ਵੱਖਰੇ ਦੱਸਣ ਲਈ ਲਾਲ ਸਿਆਹੀ ਦੀ ਵਰਤੋਂ ਵੀ ਕੀਤੀ ਹੈ; ਆਦਿ-ਅੰਤ ਦੇ ਪੱਤਰੇ ਗੁਮ ਹੋਣ ਕਰ ਕੇ ਪੁਸਤਕ ਨਾ-ਮੁਕੰਮਲ ਹੈ ।

ਸਮਾਂ— ਇੱਕ ਸੌ ਸਾਲ ਤੋਂ ਵੱਧ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ... ਏ । ਐਵਡੁ ਰਾਜਾ ਹੋਰੁ ਕੋ ਐਤੁ ਨਾਹੀ ਲੋਏ ।
ਰੁਪਾ ਸੁਇਨਾ ਅੰਨਿ ਵਾਂਗੁ, ਹਥਿ ਖਿਪਾ ਬੋਏ ॥ ੪੮ ॥ (ਪੱਤਰਾ ੫੨)

ਅੰਤ— ਰਡ । ਚੀਲ ਜਿਉ ਪੰਡਵੋ ਫਉਜ ਅਪਨੀ ਕਰੀ, ਮੋਰਚੇ ਸਭਉ ਕਉ ਬਾਂਟ ਦੀਏ ।
ਕੌਰਵੋਂ ਪੰਡਵੋਂ ਦੋਊ ਕੇ ਦਲਹੁ ਨੇ, ਲਾਲ ਅਰੁ ਸਿਆਹੁ ਏ ਬਰਨ ਕੀਏ ।
ਤੋਗ ਨਗਾਰਾ ਭਲੀ ਬਿਧ ਰਾਖਿਆ, ਆਛੀ ਠਉਰ ।

ਤਹ ਰਾਜਾ ਠਾਢਾ ਭਇਆ, ਜੂਝਨ ਲਾਗੇ ਅਉਰ ॥੧੬੩ ॥

ਪਉੜੀ ॥ ਓਧਰਿ ਦੂਹਾਂ ਦਲਾਂ ਦੇ ਟੰਮਕ ਧੂਹਾਲੇ ।

ਦੁਵੈਂ ਹੀ ਦਲ ਓਹਰੇ, ਵਾਂਗ ਬਦਲ ਕਾਲੇ ।

ਝਹੇ ਸੜਾਕੀ ਤੀਰ ਪਾਨ, ਕਉਣੁ ਸੁਰਤ ਸਮਾਲੇ ।

ਸੂਰ ਚਾ ਹੋੜਨਿ ਸੂਰਿਆਂ, ਤਿਤੁ ਅਉਖੇ ਤਾਲੇ ।

ਪਹਲੇ ਦਿਹ ਚਲੇ ਘਣੇ ਲੋਹੂ ਦੀ ਨਾਲੇ ।

ਦਾਦਾ ਪੋਤਰਾ ਠਟੇ ਲੜਿ, ਘਤਿ ਵਡੇ ਚਾਲੇ ।

ਕਿਆ ਨੀਸਾਨੀ ਢਠਿਆਂ, ਕੇਸ ਜਿਨ੍ਹਾ ਕਾਲੇ ।

ਸੁਤੇ ਜਾਣੁ ਸਰਾਬ ਪੀ, ਮਾਰੂ ਮਤਿਵਾਲੇ ॥ ੧੦੭ ॥

ਰਡ ॥ ਬਜੈ ਮਾਰੂ ਤਹਾਂ ਸੂਰ ਸਰਸੇ ਭਏ, ਡਰੇ ਕਾਇਰ ਜਿਨੋਂ ਜੋਇ... (ਪੱਤਰਾ ੧੩੯)

(ਨੰ. ੧੧੪੯੨, ਮ. ਕਾ. ਪ.)

੬੫. (ੳ) ਵਾਰ ਹਕੀਕਤ ਰਾਇ (ਸੀਹਰਫ਼ੀ ਪੂਰਨ ਭਗਤ ਆਦਿ)

ਲੇਖਕ— ਕਵੀ ਅਗਰਾ । ਆਕਾਰ— $6\frac{1}{2}'' \times 5\frac{3}{4}''$, ਲਿਖਤ $4\frac{1}{2}'' \times 4\frac{1}{4}''$ ।

ਵੇਰਵਾ—ਪੱਤਰੇ ੩੪-੪੫ (੧੨), ਸੀਹਰਫ਼ੀ ਪੂਰਨ (ਕਾਦਰ ਯਾਰ) ੪੫-੭੭ (੩੩), ਜੰਗ ਨਾਮਾ (ਸ਼ਾਹ ਮੁਹੰਮਦ) ੭੭-੧੦੨, ਸੀਹਰਫ਼ੀ ਸ਼ਿਵਾਂ ਦਾ ਵਿਵਾਹ (ਨਾਗਰ ਰਾਮ) ੧੦੩-੧੦ (੮), ਸੀਹਰਫ਼ੀ ਸਾਈਂ ਦਾਸ ੧੧੧-੨੩ (੧੩), ਸੀਹਰਫ਼ੀ ਦੀਦਾਰ ਬਖ਼ਸ਼ ੧੨੩-੨੯ (੭), ਜੰਞ ਗੁਰਬਖ਼ਸ਼ ਸਿੰਘ ਦੀ ੧੨੯-੩੨ (੪), ਬਾਰਾਂ ਮਾਹਾਂ ਮੂਲ ਸਿੰਘ ਜੀ ਕਾ ੧੩੨ ਅ (ਅਧੂਰਾ), ਕੁੱਲ ਪੱਤਰੇ ੯੯; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ; ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਛੰਦ-ਅੰਕ ਤੇ ਕੁਝ ਸਿਰਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਆਦਿ-ਅੰਤ ਦੇ ਪੱਤਰੇ ਗੁੰਮ, ਜਿਸ ਕਰ ਕੇ ਇਹ ਸੰਗ੍ਰਹਿ ਅਧੂਰਾ ਹੈ ।

ਸਮਾਂ— ਨਿਸ਼ਚਿਤ ਨਹੀਂ । ਲਿਖਾਰੀ—ਨਾਮਾਲੂਮ ।

ਆਰੰਭ— ...ਫੇਰ ਜੁਲੀਖਾਂ ਤੁਹਮਤ ਦੇ ਕੇ ਬੰਦੀ ਖਾਨੇ ਪਾਇਆ ।

ਨਵਾ ਦੁਇ ਵਰਿਆ ਦਾ ਯੂਸਫ, ਭੰਨਾ ਭੁਖਾਂ ਨਾਲ ਸੁਕਾਇਆ ।

ਤਿਉ ਹੋਣੀ ਵਰਤੀ ਹਕੀਕਤ ਤੇ ਜਿਸ ਧਰਮ ਛੇਦ ਨਹੀਂ ਪਾਇਆ ॥ ੧੫੪ ॥ (ਪੱਤਰਾ ੩੪)

ਅੰਤ— ...ਵਾਰ ਸਪੂਰਨ ਧਰਮੀ ਦੀ, ਪਰ ਜੇ ਕੋਈ ਸੁਣੈ ਸੁਣਾਵੈ ।

ਸੁਣਨ ਵਾਲਿਆਂ ਧਰਮ ਸਹਾਈ, ਸੁਵਰਗ ਪਰਾਪਤਿ ਪਾਵੈ ।

ਸੁਣਾਵਨ ਵਾਲੇ ਮੁਕਤ ਪਾਵਨੀ, ਕਰ ਕਿਰਪਾ ਰਘੁਰਾਇਆ ।

ਅਗਰਾ ਸੇਠੀ ਆਜਜ ਹੈ, ਪਰ ਧਰਮ ਚਰਨ ਚਿਤ ਲਾਵੈ ॥ ੨੧੬ ॥

ਅਬ ਵਾਰ ਹਕੀਕਤਿ ਰਾਇ ਦੀ ਸਪੂਰਨ ਹੋਈ, ਧਰਮੀ ਦੀ, ਸਾਰੇ ਬੈਤਾਂ ਦਾ ਜੋੜੂ ਕੀਤਾ ॥ ੨੧੭ ॥

(ਪੱਤਰੇ ੪੪-੪੫)

(ਅ) **ਸੀਹਰਫ਼ੀਆਂ ਪੂਰਨ ਭਗਤ ਦੀਆਂ** (ਕਾਦਰ ਯਾਰ)

ਆਰੰਭ— ੧ੴ ਸਤਿਗੁਰ ਪ੍ਰਸਾਦਿ ॥ ੫ ॥ ਸੀਹਰਫੀਆਂ ਪੂਰਨ ਦੀ ਪੰਜੇ ਲਿਖਯਤੇ ।

ਅਲਫ ਆਦਿ ਗਣੇਸ ਦਾ ਧਿਆਨ ਧਰੀਏ ।...

ਅਲਫ਼ ਆਇ ਸਖੀ ਸਿਆਲ ਕੋਟ ਅੰਦਰ... (ਪੱਤਰਾ ੪੫)

ਅੰਤ— ...ਕਾਦਰ ਯਾਰ ਕਿਸਾ ਪੂਰਨ ਭਗਤ ਵਾਲਾ, ਸੁਣੋ ਯਾਰੋ ਲੋਕੋ ਏਥੇ ਹੋਇਆ ਪੂਰਾ ॥ ੧੫੦ ॥ (ਪੱਤਰਾ ੭੭)

(ੲ) **ਜੰਗ ਨਾਮਾ** (ਸ਼ਾਹ ਮੁਹੰਮਦ)

ਆਰੰਭ— ੧ੴ ਸਤਿਗੁਰ ਪ੍ਰਸਾਦਿ । ਅਬ ਜੰਗ ਲਿਖਯਤੇ ਕ੍ਰਿਤ ਸ਼ਾਹਿ ਮੁਹੰਮਦ ਦੀ ।

ਅਵਲ ਹਮਦ ਜਨਾਬ ਅਲਾਹਿ ਦੀ ਨੂੰ... (ਪੱਤਰਾ ੭੭)

ਅੰਤ— ...ਸ਼ਾਹਿ ਮੁਹੰਮਦਾ ਸਿਰਾਂ ਦੀ ਲਾਇ ਬਾਜੀ, ਨਹੀਂ ਮੌੜਦੇ ਸੂਰਮੇ ਅੰਗ ਮੀਆਂ ॥ ੧੦੫ ॥ (ਪੱਤਰਾ ੧੦੨)

(ਸ) **ਸੀਹਰਫ਼ੀ ਸ਼ਿਵਾਂ ਦਾ ਵਿਵਾਹ** (ਨਾਗਰ ਰਾਮ)

ਆਰੰਭ— ੧ੴ ਸਤਿਗੁਰ ਪ੍ਰਸਾਦਿ। ਸਿਹਰਫੀ ਸਿਵਾਂ ਦਾ ਵਿਵਾਹੁ ਲਿਖਯਤੇ ਕ੍ਰਿਤ ਨਾਗਰ ਰਾਮ ਦੀ ॥ ੧ ॥
ਅਲਫ ਆਦੀ ਨਾਥ ਕਹਾਵੇ... (ਪੱਤਰਾ ੧੦੩)

ਅੰਤ— ... ਨਾਗਰ ਰਾਮ ਫਗਵਾੜੇ ਦੇ ਵਿਚਿ ਬੈਂਤਾਂ ਕਹੇ ਬਨਾ ਕਰ, ਮਨ ਚਿਤ ਲਾ ਕਰ ॥ ੩੧ ॥
ਵਿਵਾਹੁ ਸਿਵ ਜੀ ਦਾ ਸੰਪੂਰਨ...। ਹਕੀਕਤ ਸੰਪੂਰਨ। (ਪੱਤਰਾ ੧੧੦)

ਇਸ ਤੋਂ ਅੱਗੇ ਇਸੇ ਪੱਤਰੇ ਦੇ ਦੂਜੇ ਪਾਸੇ ਕਿਸੇ ਕਵੀ ਦੇ ਕੁਝ ਫੁਟਕਲ ਛੰਦ ਹਨ।

(ਹ) **ਸੀਹਰਫ਼ੀ ਸਾਈਂ ਦਾਸ ਦੀ**

ਆਰੰਭ—੧ੴ ਸਤਿਗੁਰ ਪ੍ਰਸਾਦਿ।.. ਅਲਫ ਆਇਓ ਵਾਸਤੇ ਖਟਣੇ ਦੇ... (ਪੱਤਰਾ ੧੧੧)

ਅੰਤ— ...ਸਾਈਂ ਦਾਸ ਆਖੇ ਭਾਂਡਾ ਭੰਨ ਕੇ ਜੀ, ਘਰ ਆਪਣੇ ਨੂੰ ਉਠਿ ਆਵਨੀਗੇ ॥ ੩੦ ॥ (ਪੱਤਰਾ ੧੧੬)

(ਕ) **ਸੀਹਰਫ਼ੀ ਗੋਪੀ ਚੰਦ ਜੀ ਕੀ** (ਗੰਗਾ ਰਾਮ)

ਆਰੰਭ— ... ਅਲਫ ਆਇ ਗੋਪੀ ਚੰਦ ਨਾਵਣ ਲਗਾ...। (ਪੱਤਰਾ ੧੧੬)

ਅੰਤ— ...ਗੰਗਾ ਰਾਮ ਸੁਮੇਰ ਨੂੰ ਗਿਆ ਰਾਜਾ, ਜਾ ਕੇ ਗੋਰਖ ਨੂੰ ਅਲਖ ਜਗਾਈ ਮਾਤਾ ॥ ੩੦ ॥
(ਪੱਤਰਾ ੧੨੩)

(ਖ) **ਸੀਹਰਫ਼ੀ ਦੀਦਾਰ ਬਖ਼ਸ਼ ਦੀ**

ਆਰੰਭ—੧ੴ ਸਤਿਗੁਰ ਪ੍ਰਸਾਦਿ।... ਅਲਫ ਆਉ ਖਾਂ ਅੰਗ ਸਹੇਲੀਓ ਨੀ...। (ਪੱਤਰਾ ੧੨੩)

ਅੰਤ— ... ਰਖਾਂ ਸਿਦਕ ਈਮਾਨ ਦੀਦਾਰ ਬਖਸ਼, ਰੋਜ ਹਕ ਦਾ ਸੁਕਰ ਗੁਜਾਰਦੀ ਸਾਂ ॥ ੩੦ ॥
(ਪੱਤਰਾ ੧੨੯)

(ਗ) **ਜੰਵ ਗੁਰ ਬਖ਼ਸ਼ ਸਿੰਘ ਦੀ**

ਆਰੰਭ— ੧ੴ ਸਤਿਗੁਰ ਪ੍ਰਸਾਦਿ ॥ ੧ ॥ ਦੋਹਰਾ ॥ ਦੇਵੀ ਮਾਤਾ ਗੁਣ ਮਈ...। (ਪੱਤਰਾ ੧੨੯)

ਅੰਤ— ...ਰੁਕਮਣ ਨਾਰੁ ਗਲਿ ਮੇਂ ਮਿਲੀ, ਕਿਆ ਸੁਖ ਕਹੋ ਬਖਾਨ।
ਸੁਰਗੁ ਲੋਕ ਗਿਨਤੀ ਨਹੀਂ, ਕੋਟਿ ਬੈਕੁੰਠਹਿ ਜਾਨ ॥ ੩੨ ॥
ਜੰਞ ਸਪੂਰਨੰ। (ਪੱਤਰਾ ੧੩੨)

(ਘ) **ਬਾਰਾਂ ਮਾਹਾਂ ਮੂਲ ਸਿੰਘ ਜੀ ਕਾ**

ਆਰੰਭ— ੧ੴ ਸਤਿਗੁਰ ਪ੍ਰਸਾਦਿ। ਬਾਰਾਂ ਮਾਹਾਂ ਮੂਲ ਸਿੰਘ ਜੀ ਕਾ।
ਚੇਤ ਮਹੀਨੇ ਚੜ੍ਹੇ ਸਾਮ ਜੀ, ਮਥਰਾ ਓਰ ਸਿਧਾਰੇ। ਸਾਰੀ ਬ੍ਰਿਜ ਲੁਕਾਈ ਰੋਂਦੀ, ਬਹਿ ਬਹਿ ਜਮਨ ਕਿਨਾਰੇ।

ਅੰਤ— ਹਾਰ ਸਿੰਗਾਰਿ... (ਪੱਤਰਾ ੧੩੨)

ਇਸ ਤੋਂ ਅਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਨਹੀਂ ਮਿਲਦਾ, ਤੇ ਅੰਤਲਾ ਪਾਠ ਵੀ ਨਹੀਂ ਮਿਲਦਾ।

੬੬. (ੳ) **ਵਾਰ ਤਿਲੰਗ ਕੀ** (ਜਪੁ ਪਰਮਾਰਥ ਸਮੇਤ) (ਨੰ. ੨੨੨, ਪ੍ਰੋ. ਪ੍ਰੀ. ਸਿੰ.)

ਲੇਖਕ- ਸੋਢੀ ਮਿਹਰਵਾਨ। ਆਕਾਰ— $8\frac{1}{2}'' \times 5\frac{3}{4}''$, ਲਿਖਤ $6\frac{3}{4}'' \times 4\frac{3}{4}''$।

ਵੇਰਵਾ—ਪੱਤਰੇ ੧੧੯-੨੮ (੧੦), ਜਪੁ ਪਰਮਾਰਥ ੧੨੯-੨੦੦ (੭੨); ਪ੍ਰਤੀ ਸਫ਼ਾ ੧੨-੧੩ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਿਤੇ ਕਿਤੇ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਬਗੈਰ ਜਿਲਦ, ਜਿਸ ਕਰ ਕੇ ਖ਼ਸਤਾ ਹਾਲਤ ਵਿਚ ਹੈ ਤੇ ਆਦਿ-ਅੰਤ ਦੀਆਂ ਬਾਣੀਆਂ ਦੇ ਪੱਤਰੇ ਗੁਮ ਹਨ। ਉਹ ਆਦਿ-ਅੰਤ ਦੀਆਂ ਬਾਣੀਆਂ ਕ੍ਰਮ-ਅਨੁਸਾਰ ਇਹ ਹਨ-ਜਪੁ ਪੱਤਰਾ ੮ (ਸਿਰਫ਼ ਇਕੋ ਪੱਤਰਾ ਹੈ ਤੇ ਬਾਕੀ ਏਦੂੰ ਪਹਿਲੇ ਪੱਤਰੇ ਗੁਮ ਹਨ), ਸੋਦਰ ਰਹਿਰਾਸ ਪੱਤਰੇ ੯-੧੨, ਸੋਹਿਲਾ (ਰਾਗੁ ਗਉੜੀ ਦੀਪਕੀ ਮਹਲਾ ੧ ਤੋਂ ਗਉੜੀ ਪੂਰਬੀ ਮਹਲਾ

੫) ਪੱਤਰੇ ੧੨-੧੩, ਕਵੀ ਉਵਾਚ ਬੇਨਤੀ ਚੌਪਈ ਪਾਤਸ਼ਾਹੀ ੧੦ (ਪੁਨਿ ਰਾਛਸ ਕਾ ਕਾਟਾ ਸੀਸਾ...) ਪੱਤਰੇ ੧੪-੧੬, ਰਾਗ ਰਾਮ ਕਲੀ ਦਖਣੀ ਓਅੰਕਾਰ ਮਹਲਾ ੧, ੧੬-੨੫, ਰਾਗ ਰਾਮ ਕਲੀ ਸਿਧ ਗੋਸਟਿ ਮਹਲਾ ੧, ੨੫-੩੪, ਰਾਗ ਰਾਮਕਲੀ ਮਹਲਾ ੩ ਅਨੰਦ, ੩੪-੪੦, ਗਉੜੀ ਬਾਵਨ ਅਖਰੀ ਮਹਲਾ ੫, ੪੦-੫੩, ਗਉੜੀ ਸੁਖਮਨੀ ਮਹਲਾ ੫, ੫੩-੮੭, ਰਾਗ ਬਸੰਤ ਦੇ ੩ ਸ਼ਬਦ ਤੇ ਵਾਰ ਆਸਾ ਮਹਲਾ ੧, ੮੮-੧੦੩, ਰਾਗ ਮਲਾਰ ਕੀ ਵਾਰ ਮਹਲਾ ੧, ੧੦੪-੧੧੮, ਅੱਗੋਂ ਤਿਲੰਗ ਦੀ ਵਾਰ ਤੇ ਜਪੁ ਪਰਮਾਰਥ ਛੱਡ ਕੇ ਰਾਗ ਰਾਮਕਲੀ ਵਾਰ ਰਾਇ ਬਲਵੰਡ ਤਥਾ ਸਤੈ ਡੂਮ ਦੀ ੧੨੭-੨੮, ਬਸੰਤ ਦੀ ਵਾਰ ਮਹਲਾ ੫ ਤੇ ਕੁਝ ਫੁਟਕਲ ਸ਼ਬਦ ੨੦੧-੧੦, ਸ਼ਲੋਕ ਕਬੀਰ ਕੇ ੨੧੦-੨੧। ਇਸ ਤੋਂ ਅਗਲੇ ਪੱਤਰੇ ਗੁਮ ਹੋਣ ਕਰ ਕੇ ਕਬੀਰ ਜੀ ਕੇ ਸ਼ਲੋਕਾਂ ਦਾ ੨੧੪ ਵੇਂ ਸ਼ਲੋਕ ਤੋਂ ਅੱਗੇ ਪਾਠ ਨਹੀਂ ਮਿਲਦਾ।

ਸਮਾਂ— ਪੁਸਤਕ ਇਕ ਸੌ ਸਾਲ ਤੋਂ ਵੱਧ ਪੁਰਾਣੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ੳ ਸਤਿਗੁਰ ਪ੍ਰਸਾਦਿ। ਵਾਰ ਤਿਲੰਗਿ ਕੀ ਸਲੋਕਾਂ ਨਾਲਿ ਮਹਲਾ ੧। ਖੁਦਾਇ ਦੇ ਦੀਦਾਰਿ ਦੀ ਸਿਫਤਿ ਕੀਤੀ, ਜੋ ਕੋਈ ਪੜ੍ਹੈ, ਸੁਣੈ, ਸਿਖੈ, ਗਾਵੈ, ਚਿਤੁ ਲਾਇ ਕਰਿ, ਤਿਸੁ ਦਾ ਜਮਣੁ ਮਰਣੁ ਕਟੀਐ। ਏਥੈ ਓਥੈ ਭਲਾ ਹੋਵੈ। ਵਚਨੁ ਹੈ ਸ੍ਰੀ ਸਤਿਗੁਰੂ ਜੀ ਦਾ ॥੧॥ ਸਲੋਕੁ ॥
ਅਗਮ ਅਗੋਚਰੁ ਅਲਖੁ ਹੈ, ਰੂਪ ਨ ਲਖਿਆ ਜਾਇ।
ਜੋਤਿ ਕੇਹੀ ਦੀਦਾਰਿ ਦੀ, ਆਖੈ ਕੋਇ ਅਲਾਇ ॥੧॥
ਪਉੜੀ ॥
ਲਖਿ ਮਹਿਤਾਬਿ ਚਿਰਾਗਿ ਹੋਨਿ, ਅਫਤਾਬਿ ਮਿਸਾਲਾ।
ਕਈ ਕਰੋੜੀ ਰਖੀਅਨਿ, ਰੁਸਨਾਈ ਸਾਲਾ।
ਰਬੁ ਕਿਨੈ ਨ ਡਿਠਾ ਕਿਵਿਹਾ, ਕੁਦਰਤਿ ਕਮਾਲਾ।
ਨੂਰਿ ਮਹਿਲ ਨ ਨਜਰਿ ਪਾਇ, ਚੰਦਨ ਕੀ ਝਾਲਾ।
ਹੋਇ ਰੁਸਨਾਈ ਸਭਸਿ ਕੀ, ਜੋਤਿ ਲਾਟਿ ਗੁਲਾਲਾ।
ਰਬਾਣੇ ਦੀਦਾਰਿ ਦਾ ਦਿਸੈ ਉਜਾਲਾ ॥੧॥ (ਪੱਤਰਾ ੧੧੯)

ਅੰਤ— ...ਹਉ ਢਾਢੀ ਤੇ ਨੀਚੁ ਜਾਤਿ, ਤੁਧੁ ਗਾਇ ਨ ਜਾਣਾ।
ਇਕੁ ਤਿਲੁ ਕੀਮ ਨਿ ਜਾਪਈ, ਕਿਆ ਆਖ ਵਖਾਣਾ।
ਤੇਰੀ ਕੀਮਤਿ ਨਾ ਪਵੈ, ਕਿਉ ਤੁਧੁ ਪਛਾਣਾ।
ਪਵਨਿ ਕਬੂਲਿ ਖਸੰਮ (ਦ)ਰਿ, ਜੋਤਿ ਸ਼ਬਦਿ ਨੀਸਾਣਾ।
ਝਾਲਾਘੇ ਉਠਿ ਕਰੀ ਰਲਿਆਣ, ਦੇ ਖੈਰੁ ਸੁਜਾਣਾ।
ਜਨੁ ਨਾਨਕੁ ਦੀਜੈ ਦਰਸੁ ਦਾਨੁ, ਜਸੁ ਕਰੀ ਰਬਾਣਾ ॥੨੮॥੧॥੨॥
ਵਾਰਿ ਤਿਲੰਗਿ ਕੀ ਪੂਰਨ ਹੋਈ। (ਪੱਤਰਾ ੧੨੬)

(ਅ) ਜਪੁ ਪਰਮਾਰਥ (ਟੀਕਾਕਾਰ— ਸੋਢੀ ਮਿਹਰਵਾਨ)

ਆਰੰਭ— ੧ੳ ਸਤਿਗੁਰ ਪ੍ਰਸਾਦਿ। ਜਪੁ ਗੁਰੂ ਬਾਬੇ ਜੀ ਕਾ ਲਿਖਿਆ ਅਰਥ ਪਰਮਾਰਥ ਨਾਲਿ, ਜੋ ਕੋਈ ਇਸ ਜਪੁ ਸਾਥਿ ਪ੍ਰੀਤਿ ਕਰਿ ਕਰਿ ਲਿਖੈ, ਪ੍ਰੀਤੀ ਕਰਿ ਕਰਿ ਪੜੈ, ਸੁਣੈ ਸੁਣਾਵੈ ਸੋ ਮੁਕਤਾ ਹੋਵੈ, ਵਚਨ ਹੈ ਸ੍ਰੀ ਸਤਿਗੁਰੂ ਜੀ ਕਾ। ਅਬ ਸਾਖੀ ਚਲੀ। ਤਬ ਏਕ ਦਿਨ ਗੁਰੂ ਬਾਬਾ ਨਾਨਕ ਜੀ ਪੰਜਾਬ ਕੀ ਧਰਤੀ ਨਗਰਿ ਕਰਤਾਰ ਪੁਰ ਬੈਠਾ ਥਾ, ਤਬ ਦਰਗਾਹ ਪਰਮੇਸਰ ਜੀ ਕੀ ਬੁਲਾਇਆ। ਤਬ ਸ੍ਰੀ ਪਰਮੇਸਰ ਜੀ ਕਹਿਆ ਜਿ, "ਨਾਨਕ ਜੀ! ਏਕੁ ਜਪੁ ਸਿਮਰਣ ਕਾ ਕੀਜੀਐ।" (ਪੱਤਰਾ ੧੨੯)

ਅੰਤ— ਨਿਰੰਜਨ ਜੋ ਹੈ ਸੋ ਏਹੀ ਆਤਮਾ ਰਾਮੁ ਹੈ, ਜੋ ਘਟਿ ਘਟਿ ਵਾਸੀ ਸਰਬ ਨਿਵਾਸੀ ਰਮ ਰਹਿਆ ਹੈ ॥ ਸਲੋਕੁ ॥
ਜਤੁ ਧੀਰਜੁ ਮਤਿ ਵੇਦ ਕਰਿ, ਭਉ ਭਾਡੇ ਕਰਿ ਸਾਰਿ।
ਤਿਸ ਵਿਚਿ ਅੰਮ੍ਰਿਤੁ ਧਾਰ ਹੈ, ਸਾਚਾ ਨਾਮੁ ਅਪਾਰ।
ਜਿਸ ਨਦਰਿ ਕਰਮੁ ਤਿਨ ਕਾਰ ਹੈ, ਸਿਫਤਿ ਸਬਦੁ ਵੀਚਾਰੁ।
ਦਾਸੁ ਨਾਨਕ ਗੁਰਮੁਖੁ ਪਾਈਐ, ਸਚੀ ਭਗਤਿ ਭੰਡਾਰ ॥੧॥... (ਪੱਤਰਾ ੨੦੦)

੬੭. ਜੰਗ ਨਾਮਾ ਜਹਾਨਾਬਾਦ (ਅਧੂਰਾ) (ਨੰ. ੩੫, ਪੰ. ਪ੍ਰੀ. ਸਿੰ.)

ਲੇਖਕ— ਕਵੀ ਖ਼ਜ਼ਾਨ ਸਿੰਘ । ਆਕਾਰ–$7\frac{1}{2}'' \times 5\frac{3}{4}''$. ਲਿਖਤ $6\frac{1}{2}'' \times 5''$ ।

ਵੇਰਵਾ— ਪੱਤਰੇ ੧੮; ਪ੍ਰਤੀ ਸਫ਼ਾ ੧੪ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕਾਫ਼ੀ ਅਸ਼ੁੱਧ ਹੈ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੱਤਰੇ ਪੁਰਾਣੇ ਹੋਣ ਕਰ ਕੇ ਕਈਂ ਥਾਵਾਂ ਤੋਂ ਭੁਰੇ ਹੋਏ; ਅੰਤਲੇ ਪੱਤਰੇ ਗੁੰਮ ਹੋਣ ਕਰ ਕੇ ਪੁਸਤਕ ਅਧੂਰੀ ਹੈ ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ–ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਬ ਜੰਗ ਨਾਵਾ ਜਹਾਨਵਾਦ ਕਾ ਲਿਖਿਅਤੇ । ਸ੍ਰੀ ਅਕਾਲ ਸਹਾਇ ।
ਅਲਫ ਆਦ ਪ੍ਰਨਾਮ ਅਕਾਲ ਜੀ ਕੋ, ਕਈ ਭਾਤ ਦੇ ਰੰਗ ਰਚਾਂਵਦਾ ਈ ।
ਕਿਤੇ ਹਾਥ ਲੀਏ ਮੁਨੀ ਬੀਨ ਬੰਕੀ, ਖਿਆਲ ਓਸ ਬੇਅੰਤ ਦੇ ਗਾਂਵਦਾ ਈ ।
ਸਿਧ ਸਾਧ ਜੋਗੀ ਸਨਕਾਦ ਲੈ ਕੇ, ਸੰਭੂ ਓਸੁ ਦਾ ਨਾਮੁ ਧਿਆਂਵਦਾ ਈ ।
ਕਵੀ ਸਿੰਘ ਖਜਾਨ ਕੁਰਬਾਨ ਜਾਈਏ, ਸਾਨੂੰ ਆਸਰਾ ਓਸ ਦੇ ਨਾਂਵ ਦਾ ਈ ॥੧॥ (ਪੱਤਰਾ ੧)

ਅੰਤ— ... ਬਚਨ ਸਹਜ ਸੁਭਾਉ ਦਾ ਬੋਲ ਕੇ ਤੇ, ਓਨਾ ਲੋਕਾ (ਦਾ) ਜੀਉ ਧਰਾਇਆ ਸੀ ।
ਧਰਮ ਰਖਣੇ ਵਾਸਤੇ ਹਿੰਦੂਆਂ ਦਾ ਡੇਰਾ ਜਾਇ ਦਿਲੀ ਵਿਚ ਲਾਇਆ ਸੀ ।
ਔਰੰਗਜੇਬ ਨੂੰ ਫੇਰ ਜਾ ਖਬਰ ਹੋਈ, ਸਭਾ ਆਪਣੀ ਵਿਚ ਸਦਾਇਆ ਸੀ ।
ਕਵੀ ਸਿੰਘ ਆਖੇ ਦੀਨ ਵਿਚ ਲਿਆਵੋ, ਪਾਤਸਾਹ... (॥੮੩॥) (ਪੱਤਰਾ ੧੮)

ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਅੰਤਲਾ ਪਾਠ ਇਸ ਜੰਗ ਨਾਮੇ ਦਾ ਨਹੀਂ ਮਿਲਦਾ ।

ਇਸ ਪੁਸਤਕ ਦਾ ਅਸਲ ਨਾਮ 'ਜੰਗ ਨਾਮਾ ਦਿੱਲੀ' ਹੈ । ਵਧੀਕ ਵੇਰਵੇ ਲਈ ਦੇਖੋ, ਪੰਜਾਬੀ ਹੱਥ-ਲਿਖਤਾਂ ਦੀ ਸੂਚੀ (੧੯੬੧), ਭਾਗ ਪਹਿਲਾ, ਸਫ਼ੇ ੫੦੦–੦੧ ।

੬੮. ਜੰਗ ਨਾਮਾ ਲਾਹੌਰ (ਫ਼ਾਰਸੀ ਅੱਖਰ) (ਨੰ. ੪੬੪, ਪੰ. ਆ.)

ਲੇਖਕ— ਭਾਈ ਕਾਨ੍ਹ ਸਿੰਘ, ਬੰਗਾ । ਆਕਾਰ–$6'' \times 10\frac{1}{2}''$, ਲਿਖਤ $4\frac{3}{4}'' \times 8\frac{1}{2}''$ ।

ਵੇਰਵਾ— ਪੱਤਰੇ ੧੩; ਪ੍ਰਤੀ ਸਫ਼ਾ ੧੩ ਤੋਂ ੨੧ ਤਕ ਸਤਰਾਂ, ਕਾਗ਼ਜ਼ ਦੇਸੀ, ਕਿਰਮ ਖ਼ੁਰਦਾ, ਜਿਸ ਕਰ ਕੇ ਕਈ ਥਾਵੀਂ ਸਫ਼ਿਆਂ ਉਤੇ ਛੇਕ ਪਏ ਹੋਏ; ਲਿਖਤ ਸ਼ਿਕਸਤਾ, ਜੋ ਸਾਫ਼ ਪੜ੍ਹੀ ਜਾਂਦੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਅਸ਼ੁੱਧੀਆਂ ਹਾਸ਼ੀਏ ਉਤੇ ਸੋਧੀਆਂ ਹੋਈਆਂ; ਪੁਸਤਕ ਵੈਸੇ ਅੱਛੀ ਹਾਲਤ ਵਿਚ ਹੈ ।

ਸਮਾਂ— ਫੱਗਣ ਸੁਦੀ ੧੦, ਸੰਮਤ ੧੯੦੫ ਬਿ. । ਲਿਖਾਰੀ–ਬਸਤੀ ਰਾਮ, ਬਕਾਲ । ਸਥਾਨ–ਸਮਾਨਾ (ਪਟਿਆਲਾ) ।

ਆਰੰਭ— ਸ੍ਰੀ ਗਣੇਸ਼ਾਇ ਨਮਹ । ਬਿਸਮਿਲਾਹਿੱਰਹਮਾਨੁੱਰਹੀਮ ।
ਸਿਫ਼ਤ ਕਰੂੰ ਸਾਚਾ ਜੋ ਕਰਤਾਰ ਹੈ । ਜਿਸੇ ਲੇਖ ਲਿਖਨੇ ਕੋ ਅਖ਼ਤਿਆਰ ਹੈ ।
ਮਿਹਰਬਾਂ ਕਰੇ ਜਗਤ ਕੀ ਪਰਵਰੀ । ਨਹੀਂ ਸਾਥ ਉਸ ਕੇ ਕਿਸੂ ਸਰਵਰੀ ।
ਪਲਕ ਮੇਂ ਵੋ ਖ਼ਲਕਤ ਬਨਾ ਕਰ ਬਹੇ । ਪਲਕ ਮੈਂ ਖ਼ਿਜ਼ਾਂ ਕਰ ਇਕੇਲਾ ਰਹੇ ।
ਕਭੀ ਦੇਵਤਾ ਦੈਂਤ ਹੋ ਕਰ ਲੜੇ । ਕਭੀ ਸ਼ਹਿਨਸ਼ਾਹ ਪਾਦਸ਼ਾਹੀ ਕਰੇ ।
ਕਭੀ ਬਿਸ਼ਨ ਵ ਕਿਸ਼ਨ ਰਘੁਨਾਥ ਹੈ । ਮੁਹੰਮਦ ਪੈਗ਼ੰਬਰ ਕਰੇ ਸਾਥ ਹੈ ।
ਕਿਤੇ ਮਾਨਧਾਤਾ ਸੇ ਰਾਜਾ ਕਿਯੇ । ਬਨਾ ਕਰ ਮਿਲਾ ਬੀਚ ਮਾਟੀ ਦਿਯੇ ।... (ਪੱਤਰਾ ੧)

ਅੰਤ— ...ਉੱਨੀ ਸੈ ਕੇ ਊਪਰ ਬਿਤੇ ਦੋਇ ਸਾਲ । ਲੀਆ ਮੁਲਕ ਅੰਗਰੇਜ਼ ਐਸਾ ਕਮਾਲ ।
ਕੀਆ ਕਾਨ੍ਹ ਸਿੰਘ ਜੰਗ ਨਾਮਾ ਤਮਾਮ । ਮੈਂ ਕਰਤਾ ਹੂੰ ਸ਼ਾਇਰੋਂ ਕੋ ਸਲਾਮ ।
ਲੀਜੇ ਸ਼ਾਇਰੋ, ਭੂਲ ਮੇਰੀ ਬਖ਼ਸ਼ । ਮੈਂ ਬੇ ਇਲਮ ਹੂੰ ਫ਼ਾਰਸੀ ਸੇ ਖ਼ੁਸ਼ਕ ।*
ਅਜਬ ਦੇਸ ਦੁਆਬਾ ਮੈਂ ਬੰਗਾ ਮਕਾਂ । ਕੀਆ ਜੰਗ ਨਾਮਾ ਉਸੀ ਦਰਮਿਆਂ ।
ਕੀਆ ਜੰਗ ਨਾਮਾ ਯਹ ਤਮਾਮ ਹੈ । ਅਗਰ ਨਾ ਖ਼ਬਰ ਕਾਮ ਬੇ-ਕਾਮ ਹੈ ।
ਖ਼ਤਾ ਸਹਵ ਤਹਰੀਰ ਕੇ ਬਖਸ਼ਿਓ । ਲਿਖੀ ਮੈਂ ਗਹਿਰੀ ਕਰੀ ਜੁਸਤਜੂ ।
ਜੋ ਇਨਸਾਂ ਹੈ ਭੂਲ ਸੇਤੀ ਬਨਾ । ਜੁਰਮ ਔਰ ਖ਼ਤਾ ਮੇਰੀ ਸਭ ਬਖ਼ਸ਼ਨਾ ।

*ਪਾਠਾਂਤਰ—'ਮੈਂ ਬੇ-ਇਲਮ ਹੂੰ ਫ਼ਾਰਸੀ ਕਾ ਖ਼ੁਸ਼ਕ।'

ਤਮਾਮ ਸ਼ੁਦ ਜੰਗ ਨਾਮਾ ਲਾਹੌਰ ਮਿਨ ਤਸਨੀਫ਼ ਕਾਨ੍ਹ ਸਿੰਘ ਸ਼ਾਇਰ ਸਾਕਿਨ ਬੰਗਾ, ਬਦਸਤਖ਼ਤ ਬਸਤੀ ਰਾਮ ਬਕਾਲ ਸਾਕਿਨ ਸਾਮਾਨਾ, ਤਮਾਮ ਸ਼ੁਦ, ਤਹਰੀਰ ਬਤਾਰੀਖ਼ ਫਾਗਨ ਸੁਦੀ ਦਸਮੀ ਬਰੋਜ਼ ਯਕ ਸ਼ੰਬਾ ਸੰਮਤ ੧੯੦੫ (ਬਿ.) । (ਪੱਤਰਾ ੧੩)

ਇਸ ਪੱਤਰੇ ਦੇ ਦੂਜੇ ਵੰਨੇ ਗੰਗ ਕਵੀ ਦਾ ਘਰ ਦੀ ਫੁੱਟ ਬਾਰੇ ਇਹ ਕਬਿੱਤ ਦਰਜ ਹੈ:—

ਫੂਟ ਪਈ ਹੀਰਾ ਮੇਂ ਬਿਕਾਨੇ ਚੂਨੀ ਹਾਟ ਹਾਟ,
ਕਹੂੰ ਲੀਨੇ ਘਾਟ ਕਹੂੰ ਬਾਧ ਮੋਲ ਕੇ ਲਿਯੇ ।
ਫੂਟ ਪਈ ਲੰਕਾ ਮੇ ਬਿਭੀਖਨ ਮਿਲੇ ਰਾਮ ਜੂ ਕੋ,
ਸੰਪਤਿ ਸਮੇਤ ਚਲ ਆਸਮਾਨ ਕੋ ਗਏ ।
ਕਹੇ ਕਬਿ ਗੰਗ ਦੁਰਜੋਧਨ ਸੇ ਮਹਾਬਲੀ,
ਆਪਸ ਕੀ ਫੂਟ ਅਭਿਮਾਨ ਉਨ ਕੇ ਨਏ ।
ਫੂਟ ਪਈ ਨਰਦ ਮੇਂ ਬਾਜੀ ਉਠੀ ਚੌਪੜ ਕੀ,
ਆਪਸ ਕੀ ਫੂਟ ਕਹੋ ਕਿਨ ਕੇ ਭਲੇ ਭਏ ॥

ਤਮਾਮ ਸ਼ੁਦ ।

੬੯. ਜੰਗ ਨਾਮਾ ਲਾਹੌਰ (ਅਧੂਰਾ) (ਨੰ. ੪੬, ਪੰ. ਪ੍ਰੀ. ਸਿੰ.)

ਲੇਖਕ— ਕਾਨ੍ਹ ਸਿੰਘ, ਬੰਗਾ । ਆਕਾਰ— 6¼" × 5", ਲਿਖਤ—4½" × 3¼" ।

ਵੇਰਵਾ— ਪੱਤਰੇ ੫ ਤੋਂ ੨੭ ਤਕ (੨੩); ਪ੍ਰਤੀ ਸਫ਼ਾ ੯ ਸਤਰਾਂ, ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ (ਖ਼ੂਬਸੂਰਤ); ਆਦਿ-ਅੰਤ ਦੇ ਪੱਤਰੇ ਫਟੇ ਹੋਣ ਕਰ ਕੇ ਪੁਸਤਕ ਅਧੂਰੀ ਹੈ ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ- ...ਹੀ ਸੋ ਕੀਨਾ ਫ਼ਰਕ ।

ਖੜਕ ਸਿੰਘ ਕੋ ਤਖ਼ਤ ਬੈਠਾ ਦੀਆ । ਮੁਲਕ ਪਾਤਸ਼ਾਹੀ ਕਾ ਮਾਲਕ ਕੀਆ ।
ਬਹਿਸ਼ਤੀ ਹੂਆ ਪਾਤਸਾਹੀ ਕੋ ਕਰ । ਸੁਨੀ ਸਭ ਵਲਾਇਤ ਮੈ ਉਸ ਕੀ ਖਬਰ ।
ਅਠਾਰਾਂ ਸੈ ਊਪਰ ਛਿਆਨਵ ਹੂਆ । ਮਹਾਰਾਜ* ਕਾ ਤਬ ਚਲਾਨਾ ਹੂਆ ।... (ਪੱਤਰਾ ੫)

ਅੰਤ- ...ਹੂਆ ਤਪ ਜੋ ਐਸਾ ਅੰਗਰੇਜ਼ ਕਾ । ਨਹੀ ਸਰ ਹੈ ਆਤਾ ਉਸੈ ਤੇਜ ਕਾ ।
ਗਵਰਨਲ ਜੁ ਸਾਹਬ ਬਹਾਦਰ ਹੂਆ । ਫਤੇ ਕਾ ਨਿਸ਼ਾਨਾ ਹੈ ਸਾਦਰ ਹੂਆ ।
ਫਤੇ ਗੱਪਾ† ਸਾਹਬ ਕੀ...। (ਪੱਤਰਾ ੨੭)

ਇਸ ਤੋਂ ਅੱਗੇ ਪੱਤਰੇ ਫਟੇ ਹੋਣ ਕਰ ਕੇ ਬਾਕੀ ਅੰਤਲਾ ਪਾਠ ਨਹੀਂ ਮਿਲਦਾ । ਇਸ ਹੱਥ-ਲਿਖਤ ਵਿਚ ਬੈਤਾਂ ਦੇ ਬੰਦਾਂ ਦੇ ਕ੍ਰਮ-ਅੰਕ, ਜਿਵੇਂ ਕਿ ਗੁਰਮੁਖੀ ਦੀਆਂ ਇਸੇ ਜੰਗ ਨਾਮੇ ਦੀਆਂ ਹੋਰ ਹੱਥ ਲਿਖਤਾਂ ਵਿਚ ਮੌਜੂਦ ਹਨ, ਕਿਤੇ ਨਹੀਂ ਦਿੱਤੇ ਹੋਏ, ਇਸ ਲਈ ਬੰਦਾਂ ਦੀ ਗਿਣਤੀ ਦਾ ਥਹੁ-ਪਤਾ ਨਹੀਂ ਲਗਦਾ ।

(ਹ) ਫੁਟਕਲ ਕਾਵਿ

੭੦. ਸਫੁੱਟਕ ਕਬਿੱਤ (ਕਵਿਤਾ-ਸੰਗ੍ਰਹਿ) (ਨੰ. ੧੬, ਭਾ. ਵਿ.)

ਲੇਖਕ– ਅਨੇਕ ਕਵੀ । ਆਕਾਰ—10" × 6½", ਲਿਖਤ 7¼" × 4¾" ।

ਵੇਰਵਾ— ਪੱਤਰੇ ੪੨; ਪ੍ਰਤੀ ਸਫ਼ਾ ਸਤਰਾਂ ਦੀ ਔਸਤ ੧੪; ਕਾਗਜ਼ ਦੇਸੀ, ਕਿਰਮਾਂ ਦਾ ਖਾਧਾ ਹੋਇਆ, ਜਿਸ ਕਰ ਕੇ ਹਰੇਕ ਸਫ਼ੇ ਤੇ ਦੁਸਾਰ ਪਾਰ ਛੇਕ ਪਏ ਹੋਏ ਹਨ; ਲਿਖਤ ਪੁਰਾਣੀ, ਹਰੇਕ ਸਫ਼ੇ ਤੇ ਸੱਜੇ-ਖੱਬੇ ਡੇਢ-ਡੇਢ ਇੰਚ ਤੇ ਹੇਠਾਂ ਉੱਪਰ ਇਕ ਇਕ ਇੰਚ ਹਾਸ਼ੀਆ, ਸਫ਼ੇ ਦੇ ਦੋਹੀਂ ਪਾਸੀਂ ਡੇਢ ਡੇਢ ਇੰਚ ਹਾਸ਼ੀਆ ਛੱਡ ਕੇ ਦੋ ਦੋ ਲਾਲ ਲਕੀਰਾਂ ਤੇ ਇਕ ਕਾਲੀ ਲਕੀਰ ।

---

*ਮਹਾਰਾਜਾ ਰਣਜੀਤ ਸਿੰਘ । †ਲਾਰਡ ਹਯੂ ਗਫ਼ ।

ਸਮਾਂ— ਨਿਸ਼ਚਿਤ ਨਹੀਂ । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ ॥ ਚੋਟਕ ਕਬਿੱਤ ॥
ਚੋਟਕ ਲਗਾਇ ਲੋਟ ਪੋਟ ਕਰੀ ਨਾਹਰ ਨੈ,
ਆਨਿ ਕਹੀ ਗੁਆਲ ਵਾ ਕੇ ਰੂਪ ਸੋਭ ਭਰ ਗਯੋ ।
ਜਮ ਕੀ ਜਮਾਤ ਸੀ ਲੈ ਸੰਗ ਮੈਂ ਸੁਭਟ ਦੌਰਯੋ,
ਕੁੰਵਰ ਪ੍ਰਤਾਪ ਸਿੰਘ‡ ਕੋਪ ਓਪ ਭਰਿ ਗਯੋ ।
ਬੀਜੁਰੀ ਕੀ ਭਾਸ ਉਪਜਾਵੈ ਜੋ ਅਰਿਨਿ ਤ੍ਰਾਸ,
ਮਾਰਯੋ ਚੰਦ੍ਰਹਾਸ ਦੋਇ ਟੂਕ ਹ੍ਵੈ ਕੈ ਪਰਿ ਗਯੋ ।
ਕਾਲੀ ਮੁੰਡ ਮਾਲੀ ਕੌ ਕਹਤ ਐਸੇ ਦੇਖਲੀ ਮੈ,
ਮੇਖਲੀ ਬਨੈਗੀ ਬਜੇਤ ਛਾਲਾ ਕੋ ਬਿਗਰ ਗਯੋ ॥੧॥... (ਪੱਤਰਾ ੧)

ਅੰਤ- ...ਪੈਯੇ ਭਲੀ ਘਰੀ ਤਨ ਸੁਖ ਸਭ ਗੁਨ ਭਰੀ,
ਚੌਕੀ ਹੈ ਅਨੂਪਮਿ ਹੀ ਰੂਪ ਕੀ ਨਿਕਾਈ ਹੈ ।
ਆਛੀ ਚੁਨਿਆਈ ਕੋਯੋ ਪੇਚਨ ਸੋ ਪਾਈ ਪਜਾਰੀ,
ਜੋ ਜੋ ਮਨ ਭਾਈ ਤਜੋ ਤਜੋ ਮੂੰਡ ਹੀ ਚਢਾਈ ਹੈ ।
ਪੂਰੀ ਗਜ ਗਤਿ ਬਰਦਾਰ ਹੈ ਸਰਸ ਅਤਿ
ਉਪਮਾ ਸੁਮਤਿ ਸੈਨਾਪਤਿ ਮਨ ਆਈ ਹੈ ।
ਪ੍ਰੀਤਿ ਸੋ ਬੰਧੈ ਬਨਾਇ, ਰਾਖੈ ਛਬਿ ਥਿਰਕਾਇ
ਕਾਮ ਕੀ ਸੀ ਪਾਗ ਬਿਧਿ ਕਾਮਿਨੀ ਬਨਾਈ ਹੈ ॥੨੮੮॥ (ਪੱਤਰਾ ੪੨)
ਇਸ ਤੋਂ ਪਿਛੋਂ ਹੋਰ ਕਲਮ ਨਾਲ—
ਸੋਰਠਾ ॥ ਪਾਪਰ ਖਿਚਰੀ ਆਨ, ਕਾਚੌਰੀ ਪੂਰੀ ਦਹੀ ।
ਭਲੇ ਪਕੌਰੀ ਜਾਨ, ਤਾ ਸੰਗ ਚਾਵਲ ਕੀਜੀਏ ।

ਲਿਖ ਕੇ ਛੇਕੜ ਨਾਗਰੀ ਵਿਚ ਕੁਝ ਯਾਦਦਾਸ਼ਤਾਂ ਲਿਖੀਆਂ ਹਨ, ਜੋ ਇਸ ਪੁਸਤਕ ਨਾਲ ਸੰਬੰਧ ਨਹੀਂ ਰਖਦੀਆਂ ।

੭੧. (ੳ) **ਸਲੋਕ ਦਰਸ਼ਨ ਭਗਤ ਕੇ** (ਬੇਨਤੀ ਦਰਸ਼ਨ ਭਗਤ ਕੀ ਆਦਿ ਸਮੇਤ) (ਨੰ. ×, ਸਿ. ਰੈ. ਲਾ.)

ਲੇਖਕ-ਦਰਸ਼ਨ, ਭਗਤ । ਆਕਾਰ-$10\frac{1}{2}'' \times 7\frac{3}{4}''$, ਲਿਖਤ $8'' \times 5\frac{3}{4}''$ ।

ਵੇਰਵਾ— ਪੱਤਰੇ ੬੪੫–੫੨, ਬੇਨਤੀ ਦਰਸਨ ਭਗਤ ਜੀ ਕੀ ੬੫੨—੫੩, ਝੂਲਣੇ ਸਿੰਘੇ ਕੇ ੬੫੩-੫੬; ਪ੍ਰਤੀ ਸਫ਼ਾ ੧੬ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਦੇ ਮੁੱਢ ਵਿਚ ੬੪੪ ਪੱਤਰੇ ਸ੍ਰੀ ਗੁਰੂ ਗ੍ਰੰਥ (ਆਦਿ) ਜੀ ਦੀ ਬਾਣੀ ਦੇ ਹਨ ।

ਸਮਾਂ- ਸੰਮਤ ੧੮੬੯ ਬਿ. । ਲਿਖਾਰੀ—ਨਾਮਾਲੂਮ ।

ਆਰੰਭ- ੧ਓ ਸਤਿਗੁਰ ਪ੍ਰਸਾਦਿ । ਅਥ ਸਲੋਕ ਦਰਸਨ ਭਗਤਿ ਜੀ ਕੇ ।
ਕਿਥੋ ਆਇਓ ਜੀਵੜੇ, ਕਿਥੇ ਵੈਸੀ ਵਤ ।
ਅਖੀ ਦੇਖ ਉਘਾੜ ਤੂੰ, ਲੈ ਸਾਧਾਂ ਦੀ ਮਤਿ ।
ਖੁਦੀ ਖਰਾਬ ਕਰੇਸੀਆ, ਇਹ ਪੰਡ ਸਿਰੇ ਤੋਂ ਸਟ ।
ਹੋਇ ਨਿਮਾਣਾ ਜਗ ਰਹੁ, ਤਾਂ ਰਹੀ ਇਸੇ ਗਲ ਪਤਿ ॥੧॥ (ਪੱਤਰਾ ੬੪੫)

ਅੰਤ— ...ਭੋਗ ਜੋਗ ਕੇ ਤਲੇ ਹੈ, ਮਿਤ੍ਰ ਕਾ ਪਸਰਿਆ ਜਾਲੁ ।
ਪਸੁ ਮਤਿ ਮੂੜ੍ਹ ਨ ਫਾਸੀਐ, ਭੋਗੋ ਭੋਗ ਸੰਭਾਲ ॥੮੮॥ (ਪੱਤਰਾ ੬੫੨)

‡ਕੰਵਰ ਪ੍ਰਤਾਪ ਸਿੰਘ ਮਹਾਰਾਜਾ ਸ਼ੇਰ-ਸਿੰਘ ਵਾਲੀਏ ਪੰਜਾਬ ਦਾ ਸ਼ਾਹਜ਼ਾਦਾ ਸੀ, ਤੇ ਕਵੀ ਗੁਆਲ ਇਸ ਮਹਾਰਾਜੇ ਦਾ ਦਰਬਾਰੀ ਕਵੀ ਸੀ ।

(ਅ) ਬੇਨਤੀ ਦਰਸ਼ਨ ਭਗਤ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬੇਨਤੀ ਦਰਸਨ ਭਗਤਿ ਜੀ ਕੀ ।
ਨਮੋ ਆਦਿ ਪੁਰਸ ਰਾਮ । ਤੂੰ ਹੈ ਨਿਰਮਲ ਨਿਰਬਾਨ ।... (ਪੱਤਰਾ ੬੫੨)

ਅੰਤ— ...ਕੀਆ ਹੈਰਾਨ ਮੈ, ਤਉ ਬਿਨ ਘਟੇ ਨ ਏਹ ।
ਏਹ ਘਟੇ ਪ੍ਰਭੁ ਕਰਿ ਦਇਆ, ਅਪਨਾ ਦੇਹ ਸਨੇਹ ।
ਸੰਪੂਰਣੰ । ਸਮਾਪਤੰ । ਵਾਹਗੁਰੂ । ਵਾਹਗੁਰੂ । (ਪੱਤਰਾ ੬੫੩)

(ੲ) ਝੂਲਣੇ ਸਿੰਘੇ ਕੇ

ਆਰੰਭ— ੧ਓ ਸਤਿਗੁਰ ਪ੍ਰਸਾਦਿ ।
ਕੂੜੇ ਘਾਟ ਘੜੇ ਨਿਤ ਮਨ ਮਹਿ, ਮਰਣ ਜੀਵਣ ਕੀ ਖਬਰ ਨਹੀ ।
ਤੇ ਹਊਮੈ ਦੇ ਵਿਚ ਲਦਿਆ ਫਿਰਦਾ, ਪਾਉ ਘੜੀ ਪਲ ਸਬਰੁ ਨਹੀ ।... (ਪੱਤਰਾ ੬੫੩)

ਅੰਤ— ...ਸਿੰਘਾ ਕਉਣੁ ਬਿਅੰਤਿ ਕੋ ਅੰਤ ਪਾਵੇ, ਕਉਣ ਕਲਾ ਮੈ ਆਣ ਕੇ ਖੇਡ ਪਾਈ ॥੬॥੨੯॥ (ਪੱਤਰਾ ੬੫੬)

੭੨. ਸ੍ਰੀ ਕ੍ਰਿਸ਼ਨ-ਕ੍ਰਿਪਾਨ (ਨੰ. ੨੩੭੦, ਸਿ. ਰੈ. ਲਾ.)

ਲੇਖਕ— ਕਵੀ ਕਿਸ਼ਨ ਸਿੰਘ, ਆਰਿਫ਼ । ਆਕਾਰ—$6\frac{1}{2}'' \times 8\frac{3}{4}''$, ਲਿਖਤ $4\frac{1}{2}'' \times 7\frac{1}{4}''$ ।

ਵੇਰਵਾ— ਪੱਤਰੇ ੪੬੬; ਪ੍ਰਤੀ, ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਪਰ ਕਿਤੇ ਕਿਤੇ ਉਕਾਈਆਂ ਦੀ ਸੁਧਾਈ ਹਾਸ਼ੀਏ ਉਤੇ ਕੀਤੀ ਹੋਈ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੪੩ ਬਿ. । ਲਿਖਾਰੀ—ਲਾਲਾ ਰਾਮ ਨਾਰਾਇਣ, ਖਤ੍ਰੀ । ਸਥਾਨ—ਅਮ੍ਰਿਤਸਰ (ਪੰਜਾਬ) ।

ਆਰੰਭ—੧ ਓ ਸਤਿਗੁਰ ਪ੍ਰਸਾਦਿ । ਸ੍ਰੀ ਸਤਿਗੁਰੂ ਗੁਲਾਬ ਦਾਸਾਇ ਨਮਹ । ਅਥ ਸ੍ਰੀ ਕ੍ਰਿਸ਼ਨ ਕ੍ਰਿਪਾਨ ਗ੍ਰੰਥ ਕ੍ਰਿਤ ਕਿਸ਼ਨ ਸਿੰਘ ਆਰਫ਼ ਕਾ ਲਿਖ੍ਯਤੇ ॥ ਦੋਹਰਾ ॥
ਪਰਮ ਪੁਰਖ ਪਰਮਾਤਮਾ, ਪੂਰਨ ਪਰਮਾਨੰਦ ।
ਕਿਸਨ ਹਰੀ ਹਰਿ ਹਰਿ ਭਜੋ, ਤੂਟੇ ਜੰਮ ਕੀ ਫੰਧਿ ॥੧॥ (ਪੱਤਰਾ ੧)

ਅੰਤ— ...ਧੰਨ ਭਗਤ ਜਨ ਭਗਵਤ ਕਹੀਏ । ਧਨ ਪ੍ਰੇਮ ਪ੍ਰੇਮੀ ਧਨ ਲਹੀਏ !
ਧੰਨਿ ਧਨੀ ਧੰਨ ਧਰਮ ਵਿਚਾਰੈ । ਧੰਨ ਭੂਪ ਧਰਮੀ ਕਰ ਕਾਰੈ ।
ਕ੍ਰਿਸਨ ਹਰੀ ਧੰਨ ਬੁਧਿ ਸੁਧਰਮੀ । ਧੰਨ ਕਹੋ ਮਾਨੁਖ ਸ੍ਰੁਤ ਕਰਮੀ ॥

ਇਤਿ ਸ੍ਰੀ ਕ੍ਰਿਸਨ ਕ੍ਰਿਪਾਨ ਗ੍ਰੰਥ ਕੋ ਪੰਚਮ ਵਿਗ੍ਯਾਨ ਧਾਰਾ ਸੰਪੂਰਨੰ ਸਮਾਪਤੰ । ਸੰਮਤ ਬਿਕ੍ਰਮਜੀਤ ੧੯੪੩ ਫਾਗਨ ਦਿਨ ੨੨ । (ਪੱਤਰਾ ੪੬੬)

ਲਿਖਾਰੀ ਵਲੋਂ ਇਸੇ ਪੱਤਰੇ ਪਰ ਇਹ ਦੋਹਾ ਦੇ ਕੇ ਦਸਤਖ਼ਤ ਕੀਤੇ ਹੋਏ ਹਨ—
ਸਤਿਗੁਰ ਦਾਸ ਗੁਲਾਬ ਕੇ ਦਾਸਨ ਕਾ ਹੋਂ ਦਾਸ ।
ਰਾਮ ਨਾਰਾਇਨ ਨਾਮ ਮਮ, ਅਮ੍ਰਿਤਸਰ ਮੇ ਵਾਸ ॥
ਦਸਤਖਤ ਲਾਲਾ ਰਾਮ ਨਾਰਾਇਣ ਖਤ੍ਰੀ।

੭੩. ਕਹਿ ਮੁਕਰਨੀਆਂ ਤੇ ਪਹੇਲੀਆਂ (ਨੰ. ੭੩, ਪੰ. ਪ੍ਰੀ. ਸਿੰ.)

ਲੇਖਕ— ਕਵੀ ਖ਼ੁਸਰੋ। ਆਕਾਰ $5\frac{1}{2}'' \times 4\frac{1}{2}''$, ਲਿਖਤ $3\frac{1}{2}'' \times 3\frac{1}{2}''$ ।

ਵੇਰਵਾ— ਪੱਤਰੇ ੧੦; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਦੇਸੀ, ਪਤਲਾ; ਲਿਖਤ ਸਿੱਧੀ ਸਾਦੀ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਕਹਿ ਮੁਕਰਨੀਆਂ ਗਿਣਤੀ ਵਿਚ ੨੪ (ਦੇਖੋ, ਪੱਤਰਾ ੫) ਤੇ ਪਹਿਲੀਆਂ ਗਿਣਤੀ ਵਿਚ ੨੯ ਹਨ (ਦੇਖੋ, ਪੱਤਰਾਂ ੧੦); ਪਹਿਲਾ ਪੱਤਰਾ ਉਪਰੋਂ ਕੁਝ ਫਟਿਆ ਹੋਇਆ, ਜਿਸ ਕਰ ਕੇ ਪਹਿਲੀਆਂ ਦੋ ਸਤਰਾਂ ਕਟ ਗਈਆਂ ਹਨ ।

ਸਮਾਂ— ਪੁਸਤਕ ੭੦-੮੦ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—੧ ਓ ਸਤਿਗੁਰ ਪ੍ਰਸਾਦਿ । ਕਹਿ ਮੁਕਿਰ ਨੀ ।

ਅਰਧ ਨਿਸਾ ਸਖੀ, ਆਇਓ ਭੌਨਿ । ਸੁੰਦਰਤਾ ਬਰਨੈ ਕਹਿ ਕੌਨ ।

ਨਿਰਖਤ ਹੀ ਚਿਤ ਭਯੋ ਅਨੰਦ । ਕਸੋਂ ਸਖਿ ਸਾਜਨ ਨਾ ਸਖੀ ਚੰਦ ॥੧॥ (ਪੱਤਰਾ ੧)

ਅੰਤ— ..ਆਦਿ ਕਟੇ ਤੇ ਸਬ ਕੋ ਪਾਰੈ । ਮਧ ਕਟੇ ਤੇ ਸਭ ਕੋ ਮਾਰੈ ।

ਅੰਤ ਕਟੇ ਤੇ ਸਬ ਕੋ ਮੀਠਾ । ਸੋ ਖੁਸਰੋ ਮੈਂ ਆਂਖੋਂ ਡੀਠਾ ॥੨॥ ਕਾਜਲ ।

ਪੰਛੀ ਏਕ ਸੇਤ ਔਰ ਹਰਿਯੋ । ਨਿਸਦਿਨ... (ਪੱਤਰਾ ੧੦)

(ਨੰ. ੬੫, ਪ੍ਰੋ. ਪ੍ਰੀ ਸਿੰ.)

੭੪. **ਕਵੀ ਆਲਿਮ ਦੇ ਕਬਿੱਤ**

ਲੇਖਕ— ਕਵੀ ਆਲਿਮ । ਆਕਾਰ-5¼" × 3", ਲਿਖਤ 3¼" × 1¾" ।

ਵੇਰਵਾ- ਪੱਤਰੇ ੨ ਤੋਂ ੪੨ ਤਕ (੪੧); ਪ੍ਰਤੀ ਸਫ਼ਾ ੭ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਪਰ ਕਿਤੇ ਕਿਤੇ ਅਸ਼ੁੱਧੀਆਂ ਹਾਸ਼ੀਏ ਉਤੇ ਸੋਧੀਆਂ ਹੋਈਆਂ; ਹਾਸ਼ੀਆ ਬਗ਼ੈਰ ਲਕੀਰਾਂ ਦੇ; ਕਈ ਥਾਵੇਂ ਛੰਦਾਂ ਦੇ ਨਾਮ, ਹਿਦਸੇ ਤੇ ਸਿਰਲੇਖਾਂ ਲਈ ਲਾਲ ਸਿਆਹੀ ਵੀ ਵਰਤੀ ਹੈ; ਮੁੱਢਲਾ ਪੱਤਰਾ ਗੁਮ ਤੇ ਪੁਸਤਕ ਬਗ਼ੈਰ ਜਿਲਦ ਹੋਣ ਤੇ ਵੀ ਅੱਛੀ ਹਾਲਤ ਵਿਚ ਹੈ; ਪੱਤਰਾ ੪੧-੪੨ ਦੇ ਦਰਮਿਆਨ ਮੁਕੰਦ ਕਵੀ ਦੀ ਕਵਿਤਾ ਦਾ ਇਕ ਵਾਧੂ ਪੱਤਰਾ ਲੱਗਾ ਹੋਇਆ ।

ਸਮਾਂ— ਸੰਮਤ ੧੮੮੮ ਬਿ. । ਲਿਖਾਰੀ-ਨਾਮਾਲੂਮ ।

ਆਰੰਭ- ......ਤਿ ਹੌ ।

ਤੁਮ ਹੀ ਸਿਆਮ ਪੁਨ ਸਿਆਮ ਹੀ ਮੈ ਰਮ ਰਹੀ,
ਬਾਦ ਹੀ ਬਿਕਲ ਬਿਹਬਲ ਭਈ ਜਾਤ ਹੌਂ ॥੨॥ (ਪੱਤਰਾ ੨)

ਅੰਤ— .. ਮਾਨਸ ਕੋ ਬ...ਕਾਨ੍ਹ ਜੂ, ਕਿਤੀਕ ਬਾਤ.
ਬਾਤ ਕਹੇ ਚਿਤ੍ਰ ਹੂ ਕੀ ਬਾਲਿਕਾ ਬੁਲਾਇ ਹੌਂ ।

ਕਾਮਨਿ ਕੋਸੀਯੇ ਕੋਊ ਕੌਤਕ ਕਠਿਨ ਧੌਂ ਹੈ,
ਪਾਥਰ ਕੀ ਪੂਤਰੀ ਪੈ ਹਮਿ ਕੈ ਹਸਾਇ ਹੌਂ ।

ਕਾਲ੍ਹ ਕੀ ਗੁਆਲਿ ਨੈਕ ਮਾਨਿ ਹੈ ਨ ਮੇਰੋ ਕਹਯੌ,
ਕਾਹੇ ਕੋ ਸੁੰਦਰ ਬਾਰ ਬਦਨ ਦਿਖਾਇ ਹ ।

ਧੀਰੇ ਹੋਹੁ ਨੈਕੁ ਨਿਸਾਕਰ ਕੋ ਛਪਨ ਦੇਹੁ,
ਵਾਕੀ ਕਹਾਂ ਚਲੀ ਸੁਰ ਸੁੰਦਰੀ ਲੈ ਆਇ ਹੌਂ ॥੮੩॥

ਇਤਿ ਦੂਤੀ ਬਚਨ ਕਬਿੱਤ੍ਰ । ਇਤਿ ਆਲਮ ਕ੍ਰਿਤ ਕਬਿੱਤ ਸਮਾਪਤਾਨਿ । ਸੁਭੰ ਭੂਯਾਤ । ਸੰਮਤ ੧੮੮੮, ਮਹੀਨਾ ਮੱਘਰ ਬਦੀ ੧੦, ਲਿਖੀ ਰੋਪਰ ਸਹਿਰ ਮੈ, ਪਠੰਤੇ ਲਿਖੰਤੇ ਸਰਬ ਦੂਖ ਬਿਦਾਰਨੀ ਸ੍ਰੀ ਸ੍ਰੀ ।

(ਪੱਤਰਾ ੪੨)

ਕਵਿ ਆਲਿਮ (ਦੂਜੇ) ਦੀ ਇਸ ਕਬਿਤਾਵਲੀ ਦਾ ਅਸਲ ਨਾਉਂ 'ਆਲਿਮ ਕੇਲਿ' ਹੈ, ਜੋ ਇਕ ਵੇਰ ਨਾਗਰੀ ਅੱਖਰਾਂ ਵਿਚ ਛਪ ਕੇ ਪ੍ਰਕਾਸ਼ਿਤ ਵੀ ਹੋ ਚੁਕੀ ਹੈ ।

ਕਵਿ ਆਲਿਮ ਬਾਰੇ ਪਾਠਕਾਂ ਨੂੰ ਭੁਲੇਖਾ ਨਾ ਰਹੇ, ਇਸ ਲਈ ਏਥੇ ਦੱਸ ਦੇਣਾ ਯੋਗ ਹੈ ਕਿ ਇਸ ਨਾਮ ਦੇ ਦੋ ਕਵੀ ਹੋਏ ਹਨ—(੧) ਪਹਿਲਾ ਕਵੀ ਆਲਿਮ, ਜੋ ਮੁਗ਼ਲ ਸਮ੍ਰਾਟ ਅਕਬਰ ਦਾ ਸਮਕਾਲੀ ਤੇ ਮਾਧਵਾਨਲ ਕਾਮ ਕੰਦਲਾ ਦਾ ਲੇਖਕ ਸੀ । ਇਹ ਆਲਿਮ ਜਾਤਿ ਦਾ ਮੁਸਲਮਾਨ ਸੀ । ਤੇ (੨) ਕਵੀ ਆਲਿਮ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਸੀ, ਜਾਤਿ ਦਾ ਬ੍ਰਾਹਮਣ ਸੀ, ਪਰ ਪਿਛੋਂ ਇਕ ਲਲਾਰਨ 'ਸ਼ੇਖ਼' ਦੇ ਇਸ਼ਕ ਦੇ ਫੰਧੇ 'ਚ ਫਸ ਕੇ ਮੁਸਲਮਾਨ ਹੋ ਗਇਆ । ਆਲਿਮ ਦੇ ਇਸ ਕਬਿੱਤ-ਸੰਗ੍ਰਹ ਵਿਚ ਉਸ ਦੀ ਪ੍ਰੇਮਕਾ 'ਸ਼ੇਖ਼' ਦੇ ਕਬਿੱਤ ਵੀ ਹਨ ਜੋ ਇਸ ਕਵੀ ਵਾਂਗੂ ਹੀ ਹਿੰਦੀ ਬੋਲੀ ਦੀ ਇਕ ਅੱਛੀ ਕਵਿਤ੍ਰੀ ਸੀ ।

੭੫. **(ੳ) ਗਿਆਨ ਹੁਲਾਸ** (ਗਿਆਨ ਸੁਧਾ ਰਸ ਗ੍ਰੰਥ ਸਮੇਤ) (ਨੰ. ×, ਡਾ. ਸੁ. ਸਿੰ. ਕੋ.)

ਲੇਖਕ- ਸਾਧੂ ਸਦਾਨੰਦ । ਆਕਾਰ-5¾" × 4¼", ਲਿਖਤ 3¾" × 3" ।

ਵੇਰਵਾ—ਪੱਤਰੇ ਗਿਆਨ ਹੁਲਾਸ ਦੇ ੪੭, ਗਿਆਨ ਸੁਧਾ ਰਸ ਗ੍ਰੰਥ ੧੨੦, ਸੁੰਦਰ ਦਾਸ ਤੇ ਵਲੀ ਰਾਮ ਦੇ ਫੁਟਕਲ ਛੰਦ ੭, ਕੁੱਲ ਜੋੜ ੧੭੪; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਬੜੀ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ-ਕਾਲੀਆਂ ਲਕੀਰਾਂ ਵਾਲਾ; ਗਿਆਨ ਹੁਲਾਸ ਤੋਂ ਬਾਦ ੮ ਪੱਤਰੇ ਕਿਸੇ ਹੋਰ ਕਲਮ ਨਾਲ ਕੁਝ ਮੋਟੀ ਅਸ਼ੁੱਧ ਜਿਹੀ ਲਿਖਤ ਦੇ ਵੀ ਇਸ ਵਿਚ ਸ਼ਾਮਲ ਹਨ; ਪੁਸਤਕ ਸਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰ੍ਹਾਂ ਪੂਰਣ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੮੨ ਬਿ. । ਲਿਖਾਰੀ-ਗੰਗਾ ਦਾਸ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਇ ਨਮ: । ਸ੍ਰੀ ਗੁਰਵੇ ਨਮ: ॥੧॥ ਅਥ ਗਿਆਨ ਹੁਲਾਸ ਸਦਾਨੰਦ ਕ੍ਰਿਤ ਲਿਖਯਤੇ ।

ਸਵੈਯਾ ॥ ਓਅੰ ਸ੍ਰੀ ਹਰਿ ਬਿਸਨ ਚਿਦਾਨੰਦ ਰੂਪ, ਸਦਾ ਤਹਿ ਜਾਨ ਪ੍ਰਣਾਮ ਕਰੋ ਨਿਤ ।
ਜਗ ਹੇਤ ਉਪਾਵਨ ਦੇਵ ਅਧਿਅਖ ਤਿਥ ਪਾਲਕ ਮਾਨ ਸਦਾ ਹਿਤ ।
ਗਰੜਾਸਨਿ ਮਾਪਤਿ ਜਾਨ ਗਦਾ ਧਰ, ਏਕ ਸਦਾ ਸਮ ਰੂਪ ਸਭੀ ਮਿਤ ।
ਤਾਹਿ ਪ੍ਰਸਾਦਿ ਸੁ ਗ੍ਰੰਥਿ ਅਰੰਭ ਜੁ ਗਿਆਨ ਹੁਲਾਸ ਨਮਾਮਿ ਕਰੋ ਇਤ ॥੧॥ (ਪੱਤਰਾ ੧)

ਅੰਤ— ਯਥਾਵਿਧਿ ਗਿਆਨ ਹੁਲਾਸ ਵਖਾਨ ਸੰਖੇਪਤ ਰੂਪ ਸੁਜਾਨ ਉਚਾਰੋ ।
ਯਥਾ ਮਮ ਬੁਧ ਗੁਰੋ ਪ੍ਰਸਾਦਿ, ਤਥਾ ਸੁ ਵਖਾਨ ਵਿਸੇਖ ਸੰਭਾਰੋ ।
ਅਪਨੋ ਵਿਗਿਆਨ ਯਥਾ ਮਨ ਭਾਨ, ਤਥਾ ਸੁਗਿਆਨ ਹੁਲਾਸ ਉਚਾਰੋ ।
ਰਾਮ ਦਿਆਲ ਕ੍ਰਿਪਾਲ ਸਦਾਨੰਦ, ਤਾਸ ਪ੍ਰਸਾਦਿ ਸਦਾ ਇਕ ਸਾਰੋ ॥੧੦੬॥

ਇਤਿ ਸ੍ਰੀ ਮਤ ਪਰਮਹੰਸ ਪਰਿਵਰਾਜਕਾਚਾਰਯ ਸ੍ਰੀ ਮਤ ਰਾਮ ਦਿਆਲ ਸਿਸ ਸਦਾਨੰਦ ਵਿਦੁਖਾ ਵਿਰਚਿਤੇ ਗਿਆਨ ਹੁਲਾਸ ਆਤਮ ਤਤ੍ਵ ਵਿਚਾਰ ਨਾਮ ਸਮਾਪਤੰ । ਸੰਪੂਰਣੰ । ਸਮਾਪਤੰ ਸੁਭੰ ਸੁਭੰ ਸੁਭੰ । ਦਸਤਖਤ ਗੰਗਾ ਦਾਸ ਟਹਿਲੀਆ ਸੰਤੋ ਕਾ, ਦਾਸ ਗੁਲਾਮ ਹਰੀ । (ਪੱਤਰਾ ੪੭)

(ਅ) ਗਿਆਨ ਸੁਧਾ ਰਸ ਗ੍ਰੰਥ (ਸਦਾਨੰਦ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਇ ਨਮ: । ਸ੍ਰੀ ਗੁਰਵੇ ਨਮ: । ਸ੍ਰੀ ਸਾਰਸੂਤੀ ਨਮ: ।

ਅਦਲ ਅਜਰ ਅਜ ਬਿਮਲ, ਪਰਮਾਤਮ ਨਿਜ ਰੂਪ ।
ਸੁਧ ਅਖੰਡ ਅਕਹਿ ਅਮਰ, ਪ੍ਰਣਵੋ ਬ੍ਰਹਮ ਅਨੂਪ । . (ਪੱਤਰਾ ੧)

ਅੰਤ— ... ਪੰਚ ਅਖਰ ਕੋ ਅਰਥ ਯਹਿ, ਕਹਿਉ ਪ੍ਰਗਟ ਸੁਨ ਜਾਨ ।
ਸਦਾਨੰਦ ਸਿਖ ਵਰਨਨ ਕੀਓ, ਸ੍ਰੀ ਰਾਮ ਦਿਆਲ ਗੁਰ ਮਾਨ ॥੫੨॥

ਇਤਿ ਸ੍ਰੀ ਗਿਆਨ ਸੁਧਾ ਰਸ ਗ੍ਰੰਥੇ ਸ੍ਰੀ ਮਤ ਪਰਮਹੰਸ ਪਰਿਬਰਾਜਕਾਚਾਰਜ ਰਾਮ ਦਿਆਲ ਸਿਖ ਸਦਾਨੰਦ ਵਿਦੁਖਾ ਬਿਰਚਿਤੇ ਆਤਮ ਗਯਾਨ ਵਿਧਿ ਮੁਖ ਵਰਨਨੰ ਨਾਮ ਸਪਤਮੋ ਹੁਲਾਸੁ । ਸਮਾਪਤੰ ਸੁਭੰ । ਦਸਤ ਕਰ ਕੇ ਲਿਖੇ, ਗੰਗਾ ਦਾਸ ਟਹਿਲੀਆ ਸੰਤੋਂ ਕਾ । ਸੰਮਤਿ ੧੮੮੨ ਵਿਚ ਲਿਖੇ ਵਾਰ ਆਦਿਤ ਸੰਪੂਰਣੰ ਸਮਾਪਤੰ ਸੁਭੰ ਸੁਭੰ । (ਪੱਤਰੇ ੧੧੯-੨੦)

ਇਸ ਤੋਂ ਅੱਗੇ ੭ ਪੱਤਰਿਆਂ ਉਤੇ ਕਵੀ ਸੰਤ ਸੁੰਦਰ ਦਾਸ ਤੇ ਵਲੀ ਰਾਮ ਦੀ ਫੁਟਕਲ ਕਵਿਤਾ, ਰੇਖ਼ਤੇ ਆਦਿ ਦਰਜ ਹਨ ।

੭੬. ਗ੍ਵਾਲ ਕਵਿਤਾਵਲੀ (ਨੰ. ×, ਸ਼. ਸਿੰ. ਅ.)

ਲੇਖਕ— ਕਵੀ ਗ੍ਵਾਲ । ਆਕਾਰ—$6\frac{3}{4}'' \times 9\frac{3}{4}''$, ਲਿਖਤ $4\frac{1}{2}'' \times 8''$ ।

ਵੇਰਵਾ— ਪੱਤਰੇ ੧੨੦, ਜਿਨ੍ਹਾਂ ਵਿਚੋਂ ਮੁੱਢਲੇ ੧੩ ਪੱਤਰੇ ਤੇ ਫੇਰ ਵਿਚਕਾਰੋਂ ਕ੍ਰਮ-ਅਨੁਸਾਰ ੩੭-੪੮, ੬੧—੭੪ ਪੱਤਰੇ ਗੁਮ ਹਨ; ਪ੍ਰਤੀ ਸਫ਼ਾ ੨੫ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ; ਹਾਸ਼ੀਆ ਸਾਦਾ ਬਗੈਰ ਲਕੀਰਾਂ ਦੇ; ਸਿਰ ਲੇਖ ਛੰਦਾਂ ਦੇ ਅੰਕ ਤੇ ਵਿਸ੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਾਦੀ ਜਿਲਦ ਵਿਚ ਤੇ ਕੁਝ ਪੱਤਰੇ ਫਟੇ ਹੋਏ ਵੀ ਹਨ । ਇਸ ਪੁਸਤਕ ਦੀ ਦੂਜੀ ਪ੍ਰਤੀ ਅਜੇ ਤਕ ਕਿਤੇ ਦੇਖਣ ਵਿਚ ਨਹੀਂ ਆਈ ।

ਸਮਾਂ— ਇਕ ਸੌ ਸਾਲ ਤੋਂ ਵੱਧ ਪੁਰਾਣੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ...ਪਾਨ ਬਿੰਬ ਬਿਦ੍ਰੁਮ ਸਮਾਨ ਮਾਨ,

ਆਨ ਉਪਮਾਨ ਰਚਿ ਰੋਚ ਨਰ ਲਾਲ ਫਿਰ।

ਗ੍ਵਾਲ ਕਵਿ ਚਹੁਘਾ ਕਲੰਗਿਨ ਪੈ ਬੂਟੇ ਬੇਸ,

ਮਾਨੋ ਮੌਨ ਕੀਓ ਜਗ ਜੀਤ ਵਜੂਹ ਜਾਲ ਫਿਰ।

ਬੇਸੁਧਿ ਬਿਰੰਚਿ ਭਯੋ ਬਿਰਚਜੋ ਨਜਾਯ ਐਸੇ,

ਯਾ ਤੇ ਬਿਸਕਰਮਾ ਜੂ ਭਯੋ ਬਦਹਾਲ ਫਿਰ ॥ ੪ ॥ (ਪੱਤਰਾ ੧੩)

ਅੰਤ— ...ਕਾਹੂ ਕਹੀ ਆਨ ਸੋ ਪਰੀ ਹੈ ਧੁਨਿ ਕਾਨ ਆਨ,

ਆਵਤ ਹੈ ਕਾਨ ਤਾਨ, ਗਾਵਤ ਹੈ ਫਾਰਸੀ।

ਕਰਤ ਸਿੰਗਾਰ ਲਾਗੀ, ਖੁਸੀ ਬੇਸੁਮਾਰ ਲਾਗੀ,

ਜਾਵਕ ਲਿਲਾਰ ਲਾਗੀ ਲਾਵਨ ਅਪਾਰ ਸੀ।

ਗ੍ਵਾਲ ਕਵਿ ਕੰਠ ਪਾਯ, ਜੇਬ ਪਾਯ ਗੁਲੀ ਬੰਦ,

ਬੰਦ ਕੰਚੁਕੀ ਕੇ ਕੁਚ ਕਰਤ ਬਹਾਰ ਸੀ।

ਕਾਪਨੀ ਚਢੀ ਹੈ ਦੇਹ ਆਪਨੀ ਰਹੀ ਨ ਸੁਧਿ,

ਢਾਪਨੀ ਮੈ ਦੇਖੈ ਮੁਖ ਭੂਲ ਗਈ ਆਰਸੀ ॥ ੨੧੦ ॥ (ਪੱਤਰਾ ੧੨੦)

ਇਸ ਤੋਂ ਅੱਗੇ ਹੋਰ ਕ਼ਲਮ ਤੋਂ ਕਵੀ ਹਾਸ਼ਮ ਦਾ ਇਹ ਕਬਿੱਤ ਹੈ—

ਜੈਸੀ ਮੀਤ! ਨੀਤ ਤੈਸੀ ਹਾਸਮ ਮੁਰਾਦ ਹਤ,

ਕਰੇ ਜੋ ਦਲੇਰੀ ਤੇਰੀ ਸੰਪਤਿ ਨ ਕਮ ਕੋ।

ਬਿਨਾ ਮਕਸੂਮ ਨਾ ਮਲੂਮ ਕਿਤ ਜਾਤਿ ਦੋਰ;

ਜੈਸੇ ਉਦੇ ਭਾਨ ਨਾ ਨਿਸਾਨੀ ਰਹੇ ਤਮ ਕੀ।

ਦੇਖ ਪਰਬਾਰ ਪਰ ਬਾਰ ਬਾਰ ਭੂਲੇ ਮਤ,

ਦੌਲਤ ਪਤ ਚੇਤ ਕੇ ਨਿਵਾਰ ਘੜੀ ਗਮ ਕੀ।

ਕਮ ਕਰੇ ਜੋਈ ਸੋਈ ਕਾਮ ਕਮਨੀਯ ਕਰੇ,

ਦਾਮ ਦਮ ਕੀ ਹੈ ਜਮਾ ਬੂੰਦ ਸ਼ਬਨਮ ਕੀ ॥ ੧ ॥

ਇਸ ਕਵਿਤਾਵਲੀ ਵਿਚ ਕਵੀ ਗ੍ਵਾਲ ਨੇ ਸ. ਬੁੱਧ ਸਿੰਘ, ਅਮੀਰ ਸਿੰਘ, ਦੇਸਾ ਸਿੰਘ ਮਜੀਠੀਆ ਆਦਿ ਸਿੱਖ ਸਰਦਾਰਾਂ ਦੀ; ਜੋ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਸਨ, ਰੱਜ ਰੱਜ ਕੇ ਉਪਮਾ ਲਿਖੀ ਹੈ।

੭੭. (ੳ) **ਤਿਲ ਸ਼ਤ ਭਾਖਾ** (ਕਵਿਤਾ-ਸੰਗ੍ਰਹ ਸਮੇਤ) (ਨੰ. ×, ਸ਼. ਸਿੰ. ਅ.)

ਲੇਖਕ— ਨਾਮਾਲੂਮ। ਆਕਾਰ—$4\frac{1}{4}'' \times 3''$, ਲਿਖਤ $2\frac{1}{2}'' \times 1\frac{3}{4}''$।

ਵੇਰਵਾ— ਪੱਤਰੇ ੧੯੧ ਅ ਤੋਂ ੨੯੬ ਤਕ (੧੦੬); ਪ੍ਰਤੀ ਸਫ਼ਾ ੬-੭ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ।

ਸਮਾਂ— ੧੯ਵੀਂ ਸਦੀ ਬਿ.। ਲਿਖਾਰੀ— ਨਾਮਾਲੂਮ।

ਆਰੰਭ— ੧ੴ ਸ੍ਰੀ ਗਣੇਸਾਇ ਨਮ:। ਅਥ ਤਿਲ ਸਤ ਭਾਖਾ ਲਿਖਜਤੇ।

ਦੋ ॥ ਗੋਰੇ ਮੁਖ ਪਰ ਤਿਲ ਲਸੇ, ਤਾਹਿ ਕਰੋ ਪ੍ਰਨਾਮ।

ਮਾਨੋ ਸਸਿ ਲੈ ਅੰਕ ਮੈ, ਰਾਖਜੋ ਸਾਲਗਰਾਮ ॥ ੧ ॥ (ਪੱਤਰਾ ੧੯੧ ਅ)

ਅੰਤ— ...ਤਿਯ ਕੋ ਮੁਖ ਸੁੰਦਰ ਬਨਯੋ, ਬਿਧ ਮੈ ਲਯੋ ਪ੍ਰਕਾਰ।
ਤਿਲ ਜੁ ਬੀਚ ਕੋ ਬਿੰਦ ਹੈ, ਗਾਲੁ ਗੋਲ ਇਕ ਢਾਰ ॥ ੫੪ ॥
ਜਨ ਪਤਿ ਰਾਜ ਮਹਾਰਾਜ ਸਿਰ ਤਾਜ ਸਭ,
ਖਲਕ ਹੀ ਕੋ ਪ੍ਰਿਥੀ ਪਤਿ ਦੀਨ ਪ੍ਰਤਿ ਪਾਲ ਹੈ।
ਜਾ ਕੋ ਚਾਰੋ ਬੇਦ ਗਾਵੈ, ਜੋਗੀ ਜਨ ਧਯਾਨ ਲਾਵੈ,
ਮੁਕਤ ਹੂ ਕੋ ਧਾਮ ਪਾਵੈ, ਕਾਟੈ ਮਾਇਆ ਜੁਆਲ ਹੈ।
ਸੰਤਨ ਸਹਾਇ ਸਦਾ ਰਾਖੈ ਪੈਜ ਭਗਤ ਹੂੰ ਕੀ,
ਐਸੋ ਪ੍ਰਭੂ ਖੋਜ ਲੀਜੈ ਅੰਤਰਗਤ ਨਾਲ ਹੈ।
ਐਸੇ ਦੀਨਾ ਨਾਥ ਹੂੰ ਕੀ ਸਰਨ ਕਿਉਂ ਨ ਲੀਜੈ,
ਦੂਧ ਦੇਵੈ ਪੂਤ ਦੇਵੈ ਤਨ ਅਰੋਗ ਧਨ ਮਾਲ ਹੈ ॥ ੫੫ ॥
ਦੋਹਰਾ ॥ ਦੇਵੀ ਮਾਤਾ ਸਾਰਦਾ, ਸਰਦ ਇੰਦੁ ਸਮ ਹਾਸ।
ਬੰਦੋ ਪਦ ਪੰਕਜ ਸਦਾ, ਕਰੋ ਸੁਮਤਿ ਪ੍ਰਕਾਸ ॥ (ਪੱਤਰੇ ੧੯੮-੨੦੦)

ਇਸ ਤੋਂ ਅੱਗੇ ਪੱਤਰਾ ੨੦੦ ਦੇ ਦੂਜੇ ਪਾਸੇ ਲਿਖਾਰੀ ਵਲੋਂ ਦੋ ਦੋਹਰੇ ਦਰਜ ਹਨ—
ਉਪਮਾ ਤੁਮਰੀ ਅਧਿਕ ਹੈ, ਮੋ ਪਰ ਕਹੀ ਨ ਜਾਇ।
ਪਰ ਸੁਆਰਥ ਕੇ ਕਾਰਨੇ, ਧਰਾ ਜਨਮ ਤੁਮ ਆਇ ॥
ਪ੍ਰੀਤਿ ਜੋ ਕਰੀਏ ਏਕ ਸੋ, ਜਾ ਸੋ ਮਨ ਪਤਿਆਇ।
ਠੋਰ ਠੋਰ ਕੀ ਪ੍ਰੀਤਿ ਤੇ, ਮਤ ਕਲੰਕ ਲਗਿ ਜਾਇ ॥

(ਅ) **ਕਵਿਤਾ-ਸੰਗ੍ਰਹ** (ਕਵੀ ਭਵਾਨੀ ਦਾਸ, ਰਾਮ ਰਾਇ ਆਦਿ)

ਆਰੰਭ—ਕਬਿੱਤ ॥
ਪਦਮ ਗੁਲਾਬ ਦਾਨ ਜਾਨ ਤਾਫਤਾ ਗੁਲਾਬ ਮਾਨ,
ਕੇਸੂ ਕੀ ਬਨਾਤ ਮਾਨੋ ਚਹੂੰ ਓਰ ਛਾਯੋ ਹੈ।
ਨਾਗਰਿ ਬੇਲਿ ਕੇਚੁਕੀ ਨਰੰਗ ਸਾਹੀ ਜੁਹੀ
ਫੂਲੀ ਫੂਲਕਾਰ ਮਾਨੋ ਮਾਲ ਤੀਨ ਭਾਯੋ ਹੈ।
ਕਸੁੰਭ ਕੀ ਦੁਸਾਲਾ ਦੇਖ ਨਰਗਸ ਕੀ ਛੀਟਨ ਪੇ,
ਹਰੇ ਹਰੇ ਪਾਤ ਤੋ ਲਪੇਟ ਪਟ ਪਾਯੋ ਹੈ।
ਕੋਕਿਲਾ ਲਮੈਂ ਨਗਾਹ ਗਾਹਕ ਭਵਾਨੀ ਦਾਸ,
ਥਾਨ ਲੈ ਬਸੰਤਰੀ ਬਜਾਜ ਬਨ ਆਯੋ ਹੈ ॥ ੧ ॥ (ਪੱਤਰਾ ੨੦੧)

ਅੰਤ— ...ਮਿਲ ਆਈ ਹੈ ਖੇਲਨ ਫਾਗ ਸਖੀ,
ਤਨ ਮੈਂ ਸਭ ਸ੍ਵੇਤ ਸਿੰਗਾਰ ਕਿਯੋ।
ਕੋਈ ਕੇਸਰ ਨੀਰ ਭਰੀ ਪਿਚਕਾਰ ਸੁ,
ਮਾਰਤ ਹੈ ਭਿਗ ਜਾਤ ਹਿਯੋ।
ਕਵਿ ਤਾਰਾ ਸਿੰਘ ਲਾਲ ਗੁਲਾਲ ਲੈ ਲਾਲ ਨੇ,
ਬਾਲ ਕੇ ਭਾਲ ਮੈ ਚਾਲ ਦਿਯੋ।
ਜਿਯ ਜਾਨਤ ਹੋ ਸਸਿ ਮੰਡਲ ਮੈਂ,
ਮਾਨੋ ਮੰਗਲ ਆਨ ਪਰਵੇਸ ਕਿਯੋ ॥
(ਪੱਤਰੇ ੨੮੫-੮੬)

ਇਸ ਕਵਿਤਾ-ਸੰਗ੍ਰਹ ਵਿਚ ਕਵੀ ਭਵਾਨੀ ਦਾਸ ਤੇ ਰਾਮ ਰਾਇ ਤੋਂ ਬਿਨਾ ਕਵੀ ਅਜਯੇਸ਼, ਨਿਹਾਲ, ਗ੍ਵਾਲ, ਦੇਵੀ ਦਾਸ, ਕਾਲੀ ਦਾਸ, ਸ੍ਰੀ ਪਤਿ, ਪਦਮਾਕਰ, ਜਯ ਸਿੰਘ, ਠਾਕੁਰ, ਆਨੰਦ ਘਨ, ਤਾਰਾ ਸਿੰਘ, ਦੇਵ ਆਦਿ ਦੇ ਚੋਣਵੇਂ ਛੰਦ ਵੀ ਦਿੱਤੇ ਹੋਏ ਹਨ।

੭੮. ਦੋਹਰੇ ਅਸਫੁਟਕਲ (ਨੰ. ੮੨, ਪ੍ਰੋ. ਪ੍ਰੀ. ਸਿੰ)

ਲੇਖਕ— ਨਾਮਾਲੂਮ । ਆਕਾਰ— 6¾" × 5", ਲਿਖਤ 5" × 4" ।

ਵੇਰਵਾ— ਪੱਤਰੇ ੧੨; ਪ੍ਰਤੀ ਸਫ਼ਾ ੧੧ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ-ਸਾਦੀ, ਜੋ ਕਿਤੇ ਕਿਤੇ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਲਿਖਤ ਸੌ ਕੁ ਸਾਲ ਪੁਰਾਣੀ ਹੈ । ਲਿਖਾਰੀ-ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਅਥ ਦੋਹਰੇ ਅਸਫੁਟਕਲ ਲਿਖਯਤੇ ।
ਦੋਹਰਾ ॥ ਪ੍ਰੀਤਮ ਕੀ ਰਖਯਾ ਕਰੈ, ਸੰਕਰ ਗੌਰਿ ਗਣੇਸ . (ਪੱਤਰਾ ੧)

ਅੰਤ— ... ਸਾਜਨ ਕੇ ਦੋ ਬੋਲ ਹੈਂ, ਬਸ ਰਹੇ ਹਿਰਦੇ ਮਾਹਿ ।
ਡਰਦੀ ਪਾਨੀ ਨਾ ਪੀਂਆਂ, ਮਤਿ ਓਹੁ ਧੋਤੇ ਜਾਹਿ ॥ ੧੩੭ ॥
ਸੁਨ ਸਜਨੀ ! ਰਜਨੀ ਚਲੀ, ਤਰਫਤ ਬੀਤੇ ਜਾਮ ।
ਜਾਇ ਕਹੋ ਉਸ ਮੀਤ ਕੋ, ਕਬਿ ਆਵੇਂਗੇ ਸਯਾਮ ॥ ੧੩੮ ॥
ਮਿਤ ਕੀ ਬਾਤਿ ਅਗਾਧ ਹੈ, ਕੈਸੇ ਲਿਖੋ ਬਣਾਇ !
ਜੈਸੇ ਲਹਿਰ ਸਮੁੰਦ੍ਰ ਕੀ, ਗਿਨਤੀ ਕਰੀ ਨ ਜਾਇ ॥ ੧੩੯ ॥
ਦੋਹਰੇ ਅਸਫੁਟਕਲ ਸੰਪੂਰਣੰ। (ਪੱਤਰਾ ੧੨)

੭੯. ਦੰਪਤਿ ਵਾਕਯ ਬਿਲਾਸ (ਦੇਵ ਨਾਗਰੀ) (ਨੰ. ੨੦, ਖ਼ਾ. ਕਾ. ਪ.)

ਲੇਖਕ— ਕਵੀ ਗੁਪਾਲ । ਆਕਾਰ-6¼" × 10¼", ਲਿਖਤ 4½" × 8¼" ।

ਵੇਰਵਾ— ਪੱਤਰੇ ੧੪੮; ਪ੍ਰਤੀ ਸਫ਼ਾ ੨੨ ਸਤਰਾਂ; ਕਾਗਜ਼ ਦੇਸੀ ਕਿਰਮ ਖ਼ੁਰਦਾ, ਜਿਸ ਕਰ ਕੇ ਥਾਂ ਪਰ ਥਾਂ ਸਫ਼ਿਆਂ ਉਤੇ ਛੇਕ ਪਏ ਹੋਏ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਸਿਰਲੇਖ, ਛੰਦਾਂ ਦੇ ਨਾਮ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਰਚਨਾ ਕਾਲ : ਸੰਮਤ ੧੮੮੫ ਬਿ., ਨਕਲ : ਸੰਮਤ ੧੮੯੯ ਬਿ. । ਲਿਖਾਰੀ—ਲੇਖਕ ਖ਼ੁਦ ।

ਆਰੰਭ— ਸ੍ਰੀ ਗਣੇਸਾਯ ਨਮ: । ਅਥ ਦੰਪਤਿ ਵਾਕਯ ਬਿਲਾਸ ਗ੍ਰੰਥ ਲਿਖਯਤੇ ॥ ਕਬਿਤ ॥
ਸਾਂਮਲ ਵਰਨ ਅਰੁਨਾਈ ਅਧਰਨ ਮਾਥੇ... (ਪੱਤਰਾ ੧)

ਅੰਤ— ...ਭਜਨ ਭਾਵਨ ਭਗਤਿ ਮੈ, ਪਰਜੋ ਰਹੈ ਨਿਤ ਨਿਤਯ ॥ ੧੯ ॥

ਇਤਿ ਸ੍ਰੀ ਦੰਪਤਿ ਵਾਕਯ ਬਿਲਾਸ ਨਾਮ ਕਵਯੇ ਪ੍ਰਬੀਨ ਰਾਯ ਆਤਮਜ ਗੁਪਾਲ ਕਵਿ ਵਿਰਚਿਤਾਯਾਂ ਗ੍ਰਿਥਿ ਫਲ ਸਤੁਤਿ ਵਰਣਨ ਨਾਮ ਪੰਚਵਿੰਸੋ ਪ੍ਰਕਾਸ ॥੨੫॥

ਇਤਿ ਦੰਪਤਿ ਸੰਵਾਦ ਸਮਾਪਤ । ਸੰਮਤ ੧੮੯੯, ਕਾਰਤਿਕ ਵਦੀ ੭, ਭੌਮ, ਸੁਪੰਸਤ ਲਿਖੀ ।
(ਪੱਤਰਾ ੧੪੬)

ਇਸ ਤੋਂ ਅੱਗੇ ਇਸ ਗ੍ਰੰਥ ਦੀ ਵਿਸ਼ੇ-ਸੂਚੀ ਢਾਈ ਪੱਤਰਿਆਂ ਉਤੇ ਦਰਜ ਹੈ ਤੇ ਅੰਤ ਵਿਚ ਲਿਖਿਆ ਹੈ "ਇਤਿ ਸੂਚੀ ।" ਇਹ ਪੁਸਤਕ ਇਕ ਵੇਰ ਬੰਬਈਓਂ ਨਾਗਰੀ ਅੱਖਰਾਂ ਵਿਚ ਛਪ ਚੁਕੀ ਹੈ । ਇਸ ਵਿਚ ਪੁਰਸ਼ ਨੇ ਵੱਖ ਵੱਖ ਸੰਸਾਰਕ ਧੰਦਿਆਂ ਦਾ ਮੰਡਨ ਕੀਤਾ ਹੈ ਤੇ ਇਸਤ੍ਰੀ ਨੇ ਖੰਡਨ, ਜਿਸ ਕਰ ਕੇ ਇਸ ਦਾ ਨਾਮ "ਦੰਪਤਿ ਵਾਕਯ ਬਿਲਾਸ" ਹੈ । ਕਵਿ ਗੋਪਾਲ ਨੇ, ਜੋ ਵਿੰਦ੍ਰਾਵਨ ਦਾ ਵਸਨੀਕ ਸੀ, ਇਸ ਤੋਂ ਬਿਨਾ ਹੋਰ ੧੮ ਪੁਸਤਕਾਂ ਲਿਖੀਆਂ ਸਨ ।

੮੦. (ੳ) ਫੁਟਕਲ ਕਬਿੱਤ ਸੁੱਖਾ ਸਿੰਘ ਦੇ (ਬਾਰਾਂ ਮਾਹਾਂ ਲਾਲ ਸਿੰਘ ਆਦਿ ਸਮੇਤ) (ਨੰ. ੭੮, ਪ੍ਰੋ. ਪ੍ਰੀ. ਸਿੰ.)

ਲੇਖਕ— ਲਾਲ ਸਿੰਘ । ਆਕਾਰ— 5½" × 4¼", ਲਿਖਤ 3¾" × 2¾" ।

ਵੇਰਵਾ— ਪੱਤਰੇ ਫੁਟਕਲ ਕਬਿੱਤ ੧੫੧-੫੨, ਬਾਰਾਂ ਮਾਹਾਂ (ਲਾਲ ਸਿੰਘ) ੧੫੨-੫੯, ਸੀਹਰਫ਼ੀ ਦਿਆਲ ਸਿੰਘ ਜੀ ਕੀ ੧੫੯-੭੬, ਸੀਹਰਫ਼ੀ ਦੂਜੀ ਦਿਆਲ ਸਿੰਘ ਕੀ ੧੭੬-੯੨, ਸੀਹਰਫ਼ੀ ਹਾਸ਼ਮ ੧੯੨-੨੦੧, ਸੀਹਰਫ਼ੀ ਦੀਦਾਰ

ਸਿੰਘ ੨੦੧-੧੮, ਕਾਫ਼ੀਆਂ ਸ਼ਾਹ ਹੁਸੈਨ, ਕਬੀਰ ਆਦਿ ਦੀਆਂ ੨੧੮-੬੦; ਰੇਖ਼ਤਾ ਰਾਮ ਜੀ ਕਾ ੨੬੦-੬੩, ਬਾਰਾਂ ਮਾਹਾਂ ਗੁਰੂ ਗੋਬਿੰਦ ਸਿੰਘ ਜੀ ਕਾ ੨੬੩-੩੧੦, ਰਾਜਨੀਤਿ ਗਿਰਿਧਰ ਦਾਸ ਜੀ ਕੀ ੩੧੦-੨੦, ਕੁੱਲ ਪੱਤਰੇ ੧੭੦; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਦੀ ਜਿਲਦ ਲਹੀ ਹੋਈ; ਆਦਿ-ਅੰਤ ਦੇ ਪੱਤਰੇ ਗੁਮ, ਜਿਸ ਕਰ ਕੇ ਇਹ ਰਚਨਾ ਅਧੂਰੀ ਹੈ ।

ਸਮਾਂ— ਸੌ ਕ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ... ... ਮੋੜਦਾ ।

ਭਸੁ ਜੇਹੀ ਮਾਲਣੀ ਦੇ ਫਿਰਦਾ ਨੀ ਪਿਛੇ ਲੱਗਾ,
ਰਾਤਿ ਅਤੇ ਦੇਹੁ ਭੇਸੁ ਕੀਤਾ ਫਿਰੇ ਚੋਰ ਦਾ ।... (ਪੱਤਰਾ ੧੫੧)

ਅੰਤ— ਦੁਹਾਂ ਜਹਾਨਾਂ ਵਿਚ ਇਸ਼ਕੁ ਕਮਾਲ ਵਡਾ,
ਸੁਖਾ ਸਿੰਘ ਯਾਰ ਦੇ ਮੈਂ ਵਾਰ ਵਾਰ ਜਾਂਵਦੀ ॥ ੧੦ ॥ (ਪੱਤਰਾ ੧੫੨)

(ਅ) ਬਾਰਾਂ ਮਾਹਾਂ ਲਾਲ ਸਿੰਘ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬੈਤਾਂ ਬਾਰੇ ਮਾਹੇਂ ਕੀਆਂ ਲਿਖਯਤੇ ।
ਚੇ-ਚੀਰ ਚੁਰਾਇ ਕੈ ਚਿਤ ਲਇਆ, ਚੋਪ ਲਡੀਆ ਨਾਲ ਗੁਮਾਨੀਆਂ ਦੇ ।
ਨਹੀਂ ਜਾਣਦੀ ਕੌਣ ਗੁਨਾਹ ਹੋਇਆ, ਸਦ ਪੁਛਦੀ ਨਾਲ ਜਿਠਾਨੀਆਂ ਦੇ ।
ਚੇਤ ਮੌਲ ਕੈ ਬਾਗ ਬਹਾਰ ਹੋਏ, ਸੂਲ ਉਠਦਾ ਭੋਰ ਫੁਲਾਨੀਆਂ ਦੇ ।
ਲਾਲ ਸਿੰਘ ਮੈਂ ਸਜਾਮ ਵਿਸਾਰੀਆਂ ਨੀ, ਕਿਤੇ ਰਤਿਓ ਨਾਲ ਸੈਲਾਨੀਆਂ ਦੇ ॥ ੧ ॥ (ਪੱਤਰਾ ੧੫੩)

ਅੰਤ— ... ਫਿਰ ਫਗਣ ਮਾਸ ਸੁਲੱਖਣਾ ਹੈ ਜਦੋਂ ਆਇ ਸਿਜਾਮ ਦੀਦਾਰ ਦੇਏ ।
ਭਰ ਪੇਟ ਅੰਬੀਰ ਉਡਾਂਵਦੀ ਸਾਂ, ਮੇਰੇ ਚੌਕ ਸੁਹਾਗ ਦੇ ਪੂਰ ਹੋਏ ।
ਮਲ ਦਲ ਕੈ ਦੁਖੜੇ ਦੂਰ (ਕੀਤੇ), ਜਿਗਰ ਦਾਗ ਵਿਛੋੜੇ ਦੇ ਸਭੁ ਧੋਏ ।
ਮਿਲਿ ਸਿਜਾਮ ਦੇ ਪਾਇ ਦੀ ਖਾਕ ਹੋਈ, ਲਾਲ ਸਿੰਘ ਦੀ ਦੇਹ ਨੂੰ ਸੁਪਨ ਹੋਏ । ੧੨ ॥ (ਪੱਤਰਾ ੧੫੯)

(ੲ) ਸੀਹਰਫ਼ੀ ਦਿਆਲ ਸਿੰਘ ਜੀ ਕੀ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸਿਹਰਫ਼ੀ ਦਿਆਲ ਸਿੰਘ ਜੀ ਕੀ ਲਿਖਯਤੇ ।
ਅਲਫ ਆਉ ਤੂੰ ਯਾਰ ਮਹਬੂਬ ਮੇਰੇ, ਤੇਰੇ ਬਾਝ ਵੈਰਾਨ ਜਹਾਨ ਮੈਨੂੰ ।...... (ਪੱਤਰਾ ੧੬੦)

ਅੰਤ— ...ਦਿਆਲ ਸਿੰਘ ਪਿਆਰੇ ਕੁਝੁ ਸ਼ਕ ਨਾਹੀ, ਦਿਲ ਤੇਰਾ ਮੇਰਾ ਇਕ ਜਾਤ ਹੋਇਆ ॥ ੩੦ ॥ (ਪੱਤਰਾ ੧੭੬)

(ਸ) ਸੀਹਰਫ਼ੀ ਦੂਜੀ ਦਿਆਲ ਸਿੰਘ ਕੀ

ਆਰੰਭ—੧ਓ ਸਤਿਗੁਰ ਪ੍ਰਸਾਦਿ ।
ਅਲਫ ਆਉ ਕਰਾਰ ਨਾ ਹਾਰ ਬੰਦੇ... (ਪੱਤਰਾ ੧੭੬)

ਅੰਤ— ਯੇ-ਯਾਰ ਪੁਕਾਰਦੇ ਸਭ ਤੈਨੂੰ, ਉਤੋ ਦਿਹੁ ਲਥਾ ਅਰੁ ਰਾਤਿ ਆਈ ।
ਕੁਝ ਕਰ ਲੈ ਕੰਮ ਕਮਾਵਣਾ ਈ, ਵਿਚ ਖੇਡ ਦੇ ਉਮਰ ਗਵਾਈਆਈ ।
ਜਿਸ ਵੇਲੜੇ ਸੱਦ ਏ ਪੁਛੀਏਗਾ, ਤੈਨੂੰ ਆਵਸੈ ਗਲ ਨਾ ਕਾਈਆਈ ।
ਦਿਆਲ ਸਿੰਘ ਇਹ ਕਹਰ ਕੀ ਪਇਆ ਤੈਨੂੰ, ਬੇੜੇ ਬੜਦਿਆਂ ਬਸਤੁ ਮੁਹਾਈਆਈ ॥ ੩੦ ॥ (ਪੱਤਰਾ ੨੯੨)

(ਹ) ਸੀਹਰਫ਼ੀ ਹਾਸ਼ਮ ਦੀ (ਅਧੂਰੀ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਲਫ ਆਉ ਮਾਏ ਵੇਖੀ ਹਾਲੁ ਮੇਰਾ,
ਦਰਦਾਂ ਘੇਰਿਆ ਆਣ ਨਿਮਾਣਿਆਂ ਨੂੰ ।... (ਪੱਤਰਾ ੧੯੨)

ਅੰਤ— ... ਉਹ ਜਾਪੁ ਮੁਈਆ ਹਾਸਮੂ ਸ਼ਾਹ ਮਿਲੈ; ਹੈ ਨੀ ਹੋਤਾਂ ਦੀ ਲਾਲ ਤੇ ਸਾਨ ਮਾਏ ॥ ੧੮ ॥ (ਪੱਤਰਾ ੨੦੧)

(ਕ) ਸੀਹਰਫ਼ੀ ਦੀਦਾਰ ਸਿੰਘ ਕੀ

ਆਰੰਭ— ੧ੳ ਸਤਿਗੁਰ ਪ੍ਰਸਾਦਿ । ਅਲਫ ਆਇ ਬ੍ਰਿਹੋਂ ਸਾਨੂੰ ਜੋਰ ਕੀਤਾਂ... ... (ਪੱਤਰਾ ੨੦੧)

ਅੰਤ— ...ਦੀਦਾਰ ਸਿਘ ਪਿਆਰੇ ਨੂੰ ਦੇਸ ਕੋਹਾ, ਮੇਰੇ ਕਰਮ ਤਤੀ ਦੇ ਵਿਛੋੜਦੇ ਨੀ ॥ ੩੦ ॥ (ਪੱਤਰਾ ੨੧੮)

(ਖ) ਕਾਫ਼ੀ ਸ਼ਾਹ ਹੁਸੈਨ ਕੀਆਂ

ਆਰੰਭ— ੧ੳ ਸਤਿਗੁਰ ਪ੍ਰਸਾਦਿ । ਕਾਨੜਾ ਕਾਫੀ ।
ਲੋਕਾਂ ਸੁਣਿਆ, ਮੁਲਖਾਂ ਸੁਣਿਆ, ਹੀਰ ਦੀਵਾਨੀ ਹੋਈ ।
ਇਕ ਸੁਣਨਿ, ਮੇਰੇ ਲਖੋਂ ਸੁਣਨਗੇ, ਕੀ ਕਰੇ ਹੁਣ ਕੋਈ ।..... (ਪੱਤਰਾ ੨੧੮)

ਅੰਤ- ...ਸ਼ਾਹੁ ਸਰਫ ਮਹਦੀ ਰੰਗੁਲੀ ਲਾਈ, ਲਾਈ ਹਭ ਜਹਾਨੁ ।
ਇਕਨਾ ਨੂੰ ਰੰਗੁ ਚੜ੍ਹ ਗਇਆ, ਇਕ ਰਹਿ ਗਏ ਅਮਨ ਅਮਾਨੁ ।
ਸਾਈ ਨਾਲ ਮੈ ਰਤੀਆ, ਮੈਨੂੰ ਵਰਜ ਨ ਭੂਲੀ ।
ਮਾਏ, ਸਾਈ ਨਾਲ ਮੈ ਰਤੀਆ ॥ ੫੭ ॥ (ਪੱਤਰੇ ੨੫੯-੬੦)

(ਗ) ਰੇਖ਼ਤਾ ਰਾਮ ਜੀ ਕਾ

ਆਰੰਭ- .. ਰੇਖਤਾ ਰਾਮ ਜੀ ਕਾ । ਜਕ ਲਗ ਨਜਰ ਪੜਤਾ ਨਾਹੀ । ... (ਪੱਤਰਾ ੨੬੦)

ਅੰਤ— ...ਰਬਾ ! ਤੁਝੇ ਮੈ ਕਿਆ ਕਹੂ, ਜੀਆ ਦੀਆ ਕਹਾ ਲੇ ਕਰੋ, ਤੇਰਾ ਕੀਆ ਸਿਰ ਪਰ ਸਹੋਂ,
ਸੌਨਾ ਰਹਿਆ ਕਿਉ ਕਰ ਬਹੋਂ, ਯਹਿ ਵਿਜੋਗ ਤੇਰੇ ਖਿਆਲ ਕਾ ॥ ੧੨ ॥ ਰੇਖਤਾ ਸਪੂਰਨ । (ਪੱਤਰੇ ੨੬੨-੬੩)

(ਘ) ਬਾਰਾਂ ਮਾਹਾਂ ਗੁਰੂ ਗੋਬਿੰਦ ਸਿੰਘ ਜੀ ਕਾ

ਆਰੰਭ- ੧ੳ ਸਤਿਗੁਰ ਪ੍ਰਸਾਦਿ । ਬਾਰਾ ਮਾਹਾਂ ਗੁਰੂ ਗੋਬਿੰਦ ਸਿੰਘ ਜੀ ਕਾ ।
ਦੋਹਰਾ ॥ ਤੇਰਾ ਨਾਮ ਅਕਾਲ ਜੀ, ਜਪਾਂ ਸੁ ਹਿਤ ਚਿਤ ਲਾਇ ।
ਗਣਪਤਿ ਗੋਰਾਂ ਸਾਰਦਾ, ਜਾਂ ਤੇ ਹੋਇ ਸਹਾਇ ॥ ੧ ॥
ਦੋਹਰਾ ॥ ਚੇਤ੍ਰ ਸ੍ਰੀ ਅਕਾਲ ਜੀ, ਚੜ੍ਹੇ ਸੁਮੇਰ ਸਿਧਾਇ ।
ਤਪ ਕਰਦਾ ਗੋਬਿੰਦ ਸਿੰਘ, ਭੇਜਿਆ ਆਪ ਚੜ੍ਹਾਇ ॥
ਛੰਦ ॥ ਜਬ ਚੜ੍ਹੇ ਚੇਤ ਨਿਰਬਾਣ । ਗੋਬਿੰਦ ਸਿਘ ਫੜੀ ਦਸਤ ਕ੍ਰਿਪਾਣ ।
ਨਉਰੰਗਾ ਘਤਿਆ ਦਰਦ ਰੰਵਾਣ । ਦਿਨੋਂ ਦਿਨ ਭਈ ਤੁਰਕ ਨੂ ਹਾਣ ।
ਗੁਰੂ ਨੂ ਬਖਸ ਕੇ ਭਗਤੀ ਤਾਣ । ਤੁਰਕ ਦੇ ਖਾਲੀ ਕੀਏ ਪਲਾਣ ।
ਸਿਰੋ ਸਿਰ ਚਿਤਾਰ ਕੇ ॥ ੧ ॥ (ਪੱਤਰੇ ੨੬੩-੬੪)

ਅੰਤ— ਗੁਲਾਬ ਸਿੰਘ ਫਿਰ ਸੂਰਮਾ ਰਣ ਅੰਦਰ ਵੜਿਆ ।
ਥਾਪੀ ਲਈ ਹਜ਼ੂਰ ਦੀ, ਹਥ ਨੇਜਾ ਫੜਿਆ ।
ਮਾਰੇ ਸਭੋ ਡੋਗਰੇ, ਅਕੇਲਾ ਲੜਿਆ ।
ਇਕ ਮੂਏ ਇਕ ਘਾਇਲ ਹੋਏ, ਫਿਰ ਕੋਈ ਨਾ ਅੜਿਆ ।
ਮਾਰੋ ਮਾਰ ਪੁਕਾਰਦਾ, ਦਿਲ ਜਰਾ ਨ ਡਰਿਆ ।
ਜਬ ਆਇਆ ਹੁਕਮ ਹਜ਼ੂਰ ਦਾ ਰਣ ਅੰਦਰ ਵੜਿਆ ।
ਸਿਵ ਨੇ ਸਿਰ ਲੈ ਜੋੜਿਆ, ਸਿਰ ਮੇਰੁ ਉਸ ਕਰਿਆ ।
ਜਾਂ ਹੁਕਮ ਹੋਆ ਕਰਤਾਰ ਦਾ, ਰਾਜ ਸਿੰਘਾਂ ਕਰਿਆ ॥ ੨੬ ॥
ਵਾਹਿਗੁਰੂ ਗੋਬਿੰਦ ਸਿੰਘ ਜੀ ਕੀ ਫਤੇ । ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਦੀ ਫਤੇ । ਵਾਰ ਸਪੂਰਨੰ । (ਪੱਤਰੇ ੩੦੯-੧੦)

ਇਸ ਤੋਂ ਅੱਗੇ 'ਰਾਜਨੀਤਿ ਗਿਰਿਧਰ ਜੀ ਕੀ' ਦੇ ੧੮ ਕੁੰਡਲੀਏ ਦਰਜ ਹਨ ।

੯੧. ਰੇਖ਼ਤੇ-ਕਬਿੱਤ (ਨੰ. ੨੧, ਭਾ. ਵਿ.)

ਲੇਖਕ— ਸਾਧੂ ਵਲੀ ਰਾਮ । ਆਕਾਰ—8" × 5", ਲਿਖਤ $6\frac{1}{4}$" × $3\frac{1}{2}$" ।

ਵੇਰਵਾ— ਪੱਤਰਾ ੩੩੧ ਤੋਂ ੩੩੪ (੪); ਪ੍ਰਤੀ ਸਫ਼ਾ ੧੧ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ ।

ਸਮਾਂ— ਪੋਹ ਵਦੀ ੧੪, ਸੰਮਤ ੧੯੨੫ ਬਿ. । ਲਿਖਾਰੀ--ਹੋਤੂ ਰਾਮ, ਡੇਰਾ ਗਾਜ਼ੀ ਖ਼ਾਨ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ॥ ਰੇਖਤੇ ਕਵਿਤ ਲਿਖਤੇ ॥

ਦੁਨੀਆ ਸੌ ਦਿਲ ਸਾ ਮਿਹਰਬਾਨਗੀ ਫਰਜੰਦਾਂ ਸੌ,
ਮਿਹਰੀ ਸੌ ਮੁਹਬਤਿ, ਸਬ ਰੋਜ ਰਹਤਾ ਮਸਕੂਲ ਹੈ।
ਅਪਣੀ ਸੂਰਤਿ ਅਰੁ ਪੁਸਾਕ ਕਉ ਦੇਖਿ ਖੁਸਾਲੁ ਹੋਤਾ,
ਖਾਣੈ ਅਰੁ ਖਾਣ ਕਉ ਜਾਨਤਾ ਮਸਕੂਲੁ ਹੈ ।
ਜਿਨਹਿ ਤੂ ਪੈਦਾ ਕੀਆ ਕਿਉ ਤਿਨ ਕਉ ਬਿਸਾਰ ਦੀਆ,
ਰਹਤਾ ਗੁਮਾਨ ਸੇਤੀ ਹੋਂਵਤਾ ਫਦੂਲੁ ਹੈ ।
ਕਹਤ ਅਨੰਤ ਕਛੁ ਸਮਝਹੁ ਸੁਜਾਗ ਹੋਇ,
ਤਲਬੇਗਾ ਅਜਰਾਈਲੁ ਤਹ ਕੈਸਾ ਹੁਕਮ ਅਦੂਲ ਹੈ ॥ ੧ ॥

ਅੰਤ— ਰਾਗ ਮਾਰੂ ॥ ਅਬ ਹਮ ਸ੍ਰਵਨ ਮਧ ਬਿਰਾਜੈ ।

ਦੋ ਦਲ ਜੋੜਿ ਕਰੋ ਏਕੋ ਕਉਤਕ ਹੋ ਝੂੰਝੂ ਹਉ ਭਾਗੋ ।
ਚੀਟੀ ਹਸਤੀ ਲਖ ਚਉਰਾਸੀ, ਲਘੁ ਦੀਰਘ ਮੈ ਖੇਲੌ ।
ਉਤਪਤਿ ਪ੍ਰਲੈ ਖੇਲ ਹਮਾਰਾ, ਆਪ ਪਸਾਰ ਸਕੇਲੌ ।
ਤ੍ਰਿਭਵਨ ਸਵਾਦ ਰਸ ਭੋਗੌ, ਹਰਿ ਘਟ ਮੇਰੀ ਪੂਜਾ ।
ਨਰਕ ਸੁਰਗ ਦੋਊ ਖੇਲ ਹਮਾਰਾ, ਅਵਰ ਨਹੀਂ ਕੋ ਦੂਜਾ ।
ਸੇਸਰ ਸੂਰ ਪਵਨ ਮਹਾਵਲੀ, ਆਯ ਜਗ ਮੈਂ ਪ੍ਰਗਟਾਇਓ ।
ਕਾਨ੍ਹ ਪਦ ਤਤ ਦਰਸੀ ਕੋ ਕਹਜੌ ਪੈ ਕਹਨ ਨ ਪਾਇਓ ॥

੯੨. ਰੌਸ਼ਨ ਦਿਲ (ਫ਼ਾਰਸੀ ਅੱਖਰ) (ਨੰ. ×, ਸ਼. ਸਿੰ. ਅ.)

ਲੇਖਕ— ਮੀਆਂ ਫ਼ਰੀਦ-ਉਲ-ਹੱਕ । ਆਕਾਰ— 6" × $10\frac{1}{2}$", ਲਿਖਤ $4\frac{1}{2}$" × 8" ।

ਵੇਰਵਾ— ਪੱਤਰੇ ੧੨; ਪ੍ਰਤੀ ਸਫ਼ਾ ੨੩ ਸਤਰਾਂ; ਕਾਗਜ਼ ਦੇਸੀ; ਲਿਖਤ ਸ਼ਿਕਨਤਾ, ਜੋ ਮੁਸ਼ਕਿਲ ਨਾਲ ਪੜ੍ਹੀ ਜਾਂਦੀ ਹੈ; ਹਾਸ਼ੀਆ ਸਾਦਾ, ਬਿਨਾ ਲਕੀਰਾਂ ਦੇ; ਪੁਸਤਕ ਦੇ ਮੁੱਢ ਤਿੰਨ ਮੋਹਰਾਂ ਫ਼ਾਰਸੀ ਅੱਖਰਾਂ ਵਿਚ ਲੱਗੀਆਂ ਹੋਈਆਂ ਤੇ ਆਰੰਭ ਵਿਚ ਫ਼ਾਰਸੀ ਦੀ ਪੁਸਤਕ ਹਾਤਿਮ ਤਾਈ, ਜੋ ਲਗਭਗ ੯੪ ਪੱਤਰਿਆਂ ਦੀ ਹੈ, ਇੱਕੋ ਜਿਲਦ ਵਿਚ ਬੱਝੀ ਹੋਈ; ਕਈ ਥਾਵੀਂ ਕੁਝ ਅਸ਼ੁੱਧ ਸ਼ਬਦ ਹਾਸ਼ੀਏ ਉਤੇ ਸੋਧੇ ਹੋਏ ਅਤੇ ਮੁਸ਼ਕਿਲ ਸ਼ਬਦਾਂ ਦੇ ਅਰਥ ਹੋਰ ਕਲਮ ਨਾਲ ਲਿਖੇ ਹੋਏ ।

ਸਮਾਂ— ਸੰਮਤ ੧੭੭੭ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ਬਿਸਮਿੱਲਾਹਿੱਰਹਮਾਨੁੱਰਹੀਮ ।

ਕੀਤਾ ਸ਼ੁਰੂਅ ਕਿਤਾਬ ਨੂੰ ਪੜ੍ਹ ਕੇ ਇਸਮ ਅਲਾਹ ।
ਅੱਵਲ ਸਰ ਕੁਰਾਨ ਦਾ ਜਾਣੋ ਬਿਸਮਿੱਲਾਹ ।
ਮਾਅਨੇ ਬਿਸਮਿੱਲਾਹ ਦੇ ਸੁਣ ਤੂੰ ਕਰਾਂ ਬਿਆਨ ।
ਤਾਂ ਏਹ ਫ਼ਰਾਇਜ਼ ਹਿੰਦਵੀ ਮੌਲਾ ਕਰੇ ਅਸਾਨ ।
ਬਿਸਮ ਖ਼ੁਦਾ ਦਾ ਇਸਮ ਹੈ ਜ਼ਾਤੀ ਨਾਮ ਅਲਾਹ ।
ਹੋਰ ਸਿਫ਼ਾਤੀ ਨਾਮ ਸਬ ਰੌਸ਼ਨ ਵਾਂਗੂੰ ਮਾਹ ।
ਰੋਜ਼ੀ ਦੇਂਦਾ ਕੁੱਲ ਨੂੰ, ਹੈ ਰਹਮਾਨ ਕਦੀਮ ।
ਬਖਸ਼ਣਹਾਰਾ ਆਸੀਆਂ, ਸਤਾਰ ਗ਼ੁਫ਼ਾਰ ਰਹੀਮ ।

ਬਿਸਮਿੱਲਾ ਦੇ ਫ਼ਾਇਦੇ ਸਮਝ ਦਿਲੇ ਦੇ ਨਾਲ ।
ਪੜ੍ਹੀਏ ਖਾਂਦਿਆਂ ਪੀਂਦਿਆਂ ਹਰ ਹਰ ਲੁਕਮੇ ਨਾਲ ।. (ਪੱਤਰਾ ੧)

ਅੰਤ— ...ਕਾਰਣ ਹਿੱਕ ਸਜੂਦ ਦੇ ਸ਼ੈਤਾਂ ਥੀਆ ਖ਼ੁਆਰ ।
ਤੂੰ ਹੈ ਗ਼ਾਫ਼ਿਲ ਸਿਜਦਿਓਂ, ਕਿਆ ਧਰਿਆ ਇਤਬਾਰ ।
ਗਿਰੇ ਮੁਨਾਫ਼ਿਕ ਮਜਲਸੇ ਵਿੱਚ ਮਸੀਤੇ ਆਇ ।
ਜਿਉਂ ਕਰ ਅੰਦਰ ਪਿੰਜਰੇ ਪੰਖੀ ਕਾਹਲ ਆਇ ।
ਵੇਰਵਾ—ਪੱਤਰੇ ਕਵਿ ਪ੍ਰਿਯਾ (ਕੇਸ਼ਵ ਦਾਸ) ੧੯੪, ਰੂਪ ਦੀਪ ਪਿੰਗਲ (ਜੈ ਕ੍ਰਿਸ਼ਨ) ੧੯੫-੨੦੭, ਬਿਹਾਰੀ ਸਤਸਈ (ਬਿਹਾਰੀ ਲਾਲ) ੨੧੧-੯੬, ਜ਼ਿੰਦਗੀ ਨਾਮਾ (ਭਾਈ ਨੰਦ ਲਾਲ) ੩੦੧-੫੫, ਦੀਵਾਨਿ ਗੋਯਾ (ਭਾਈ ਨੰਦ ਲਾਲ) ੩੫੧-੪੦੨, ਛਪੈ ਰਜਬ ਕ੍ਰਿਤ ੪੦੩-੩੭, ਸੁੰਦਰ ਦਾਸ ਦੇ ਸਵੈਯੇ ੪੩੮-੫੦, ਚਣਾਕਾ ਸ਼ਾਸਤ੍ਰ ਭਾਖਾ (ਸੈਨਾਪਤਿ) ੪੫੦-੭੭, ਸੁਰ ਪਰੀਛਾ ੪੮੧-੮੭, ਬਸੰਤ ਪਚੀਸੀ (ਜੀਵ ਨਾਥ) ੪੯੧-੫੦੬, ਬ੍ਰਿੰਦ ਸਤਸੱਯਾ (ਕਵੀ ਬ੍ਰਿੰਦ) ੫੦੭-੮੯, ਬੁੱਧਿ ਪ੍ਰਕਾਸ਼ ਦਰਪਨ (ਮੱਲ ਭਾਟ) ੫੯੦-੬੬੧, ਚਿਤ੍ਰ ਬਿਲਾਸ (ਅਮ੍ਰਿਤ ਰਾਇ) ੬੬੩-੭੦੪, ਪਿੰਗਲ ਸਾਰ (ਕਵੀ ਬੁੱਧ ਸਿੰਘ) ੭੦੪-੦੬, ਛੰਦ ਰਤਨਾਵਲੀ (ਹਰਿ ਰਾਮ ਦਾਸ, ਨਿਰੰਜਨੀ) ੭੦੭-੭੪੬, ਕੁੱਲ ਪੱਤਰੇ ੭੪੬;· ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ ਕਿਰਮ ਖ਼ੁਰਦਾ ਜਿਸ ਕਰ ਕੇ ਪੱਤਰਿਆਂ ਵਿਚ ਛੇਕ ਪਏ ਹੋਏ, ਲਿਖਤ ਸਾਫ਼ ਤੇ ਸ਼ੁੱਧ; ਸਿਰ ਲੇਖ ਤੇ ਅੰਤਿਮ ਲੇਖ ਲਾਲ ਸ਼ਿਆਹੀ ਨਾਲ ਲਿਖੇ ਹੋਏ; ਕਈ ਥਾਵੀਂ ਅਸ਼ੁੱਧੀਆਂ ਹਾਸ਼ੀਏ ਉਤੇ ਦਰੁਸਤ ਕੀਤੀਆਂ ਹੋਈਆਂ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਬਗ਼ੈਰ ਜਿਲਦ ਤੇ ਕੁਝ ਖ਼ਸਤਾ ਹੋਣ ਦੇ ਬਾਵਜੂਦ ਵੀ ਅੱਛੀ ਹਾਲਤ ਵਿਚ ਹੈ।

ਸਮਾਂ— ੧੯ਵੀਂ ਸਦੀ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸ੍ਰੀ ਗਣੇਸਾਯ ਨਮ:। ਅਥ ਕਵਿ ਪ੍ਰਿਯਾ ਲਿਖਯਤੇ॥ ਦੋ॥
ਗਜਮੁਖ ਸਨਮੁਖ ਹੋਤ ਹੀ ਵਿਘਨ ਵਿਮੁਖ ਹ੍ਵੈ ਜਾਤ।... (ਪੱਤਰਾ ੧)

ਅੰਤ— ...ਇਤਿ ਸ੍ਰੀ... ਕਵਿ ਪ੍ਰਿਯਾਯਾਂ ਚਿਤ੍ਰਾਲੰਕਾਰ ਵਰਨਨੰ ਨਾਮ ਸਪਤਦਸ: ਪ੍ਰਭਾਵ: ਸੁਭ ਸੁਭਮਸਤੁ।... (ਪੱਤਰਾ ੧੯੪)

ਇਸ ਤੋਂ ਅੱਗੇ ਰੂਪ ਦੀਪ ਪਿੰਗਲ, ਬਿਹਾਰੀ ਸਤਸਈ, ਜ਼ਿੰਦਗੀ ਨਾਮਾ ਤੇ ਦੀਵਾਨ ਗੋਯਾ (ਨੰਦ ਲਾਲ), ਛਪੈ ਰੱਜਬ, ਸੁੰਦਰ ਦਾਸ ਦੇ ਸਵੈਯੇ, ਚਣਾਕਾ ਸ਼ਾਸਤ੍ਰ (ਸੈਨਾ ਪਤਿ) ਤੇ ਸੁਰ ਪਰੀਛਾ ਪੱਤਰਾ ੪੮੭ ਤਕ ਦਰਜ ਹਨ।

(ਅ) **ਬਸੰਤ ਪਚੀਸੀ** (ਜੀਵ ਨਾਥ)

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਬਸੰਤ ਪਚੀਸੀ ਲਿਖਤੇ ॥ ਸਵੈਯਾ ॥
ਜਾ ਕੀ ਕ੍ਰਿਪਾ ਗਿਰ ਲੰਘਤ ਪੰਗ ਹੂੰ, ਗੰਗ ਹੂੰ ਬੋਲਤ ਬਾਤ ਜਚੀਗੀ।... (ਪੱਤਰਾ ੪੯੧)

ਅੰਤ— ...ਲੀਜੋ ਸੁਕਵਿ ਸੁਧਾਰ ਕਰਿ, ਕਵਿਤਾਈ ਕੀ ਰੀਤ ॥ ੫੪ ॥
ਇਤ ਸ੍ਰੀ ਜੀਵ ਨਾਥ ਵਿਰਚਤਾਯੋਂ ਬਸੰਤ ਪਚੀਸੀ ਸੰਪੂਰਨੰ।... (ਪੱਤਰਾ ੫੫੬)
ਇਸ ਤੋਂ ਅੱਗੇ ੫੮੯ ਤਕ ਬ੍ਰਿੰਦ ਕਵੀ ਦੀ ਬ੍ਰਿੰਦ ਸਤਸਈ ਹੈ।

(ੲ) **ਬੁੱਧਿ ਪ੍ਰਕਾਸ਼ ਦਰਪਨ** (ਮੱਲ ਭਾਟ)

ਆਰੰਭ— ੧ਓ ਸ੍ਰੀ ਗਣੇਸਾਯ ਨਮ:। ਅਥ ਬੁਧਿ ਪ੍ਰਕਾਸ ਦਰਪਨ ॥ ਦੋਹਰਾ ॥
ਏਕ ਰਦਨ ਗਜ ਬਦਨ ਕੇ, ਗਵਰਿ ਮਾਤ ਸਿਵ ਤਾਤ।
ਲੰਬੋਦਰ ਸੁਖ ਮੁਖ ਕਿਯੇ, ਵਿਘਨ ਵਿਮੁਖ ਹ੍ਵੈ ਜਾਤ ॥ ੧ ॥ (ਪੱਤਰਾ ੫੯੦)

ਪੰਚ ਆਬ ਕੀ ਸੋਭ ਹੈ, ਸਹਰੋ ਨਾਮ ਲਹੌਰ ।
ਨਰ ਨਾਰੀ ਜਾ ਮੈ ਸਦਾ, ਦਿਪਤ ਦੇਸ ਸਿਰ ਮੌਰ ॥ ੬ ॥ (ਪੱਤਰਾ ੫੯੧)
ਸੰਮਤ ਦਸ ਅਰ ਸਾਤ ਸੈ, ਅਠਤੀ ਹੈ ਸੰਗ ਤਾਲ ।
ਬੁਧ ਪ੍ਰਕਾਸ ਦਰਪਨ ਸੁਨੋ, ਗੁਨ ਜਨ ਕਰੋ ਪ੍ਰਕਾਸ ॥ ੮ ॥ (ਪੱਤਰਾ ੫੯੨)

ਅੰਤ— ਲਛੀ ਰਾਮ ਮਥ ਗ੍ਰੰਥ ਕੋ, ਸਾਰ ਮੇਲ ਕੈ ਲੀਨ ।
ਮੱਲ ਭਾਟ ਭਾਖਾ ਕਰੀ, ਤਾ ਤੇ ਉਪਮਾ ਕੀਨ ॥ ੧੭ ।
ਦੋਹਰਾ ॥ ਕੇਕੀ ਚਾਤ੍ਰਿਕ ਅਜਾ ਕ੍ਰੁਜ, ਕੋਕਲ ਦਾਦਰ ਫੀਲ ।
ਆਦਿ ਖਰਜ ਕ੍ਰਮ ਸੋ ਲਖੋ, ਅੰਤਿ ਨਿਖਾਧ ਸੁਮੀਲ ॥ ੧ ॥
ਇਤਿ ਅਸਟਮੋ ਪ੍ਰਭਾਵ : । (ਪੱਤਰਾ ੬੬੧)

ਇਸ ਤੋਂ ਅੱਗੇ ਚਿਤ੍ਰ ਬਿਲਾਸ (ਅਮ੍ਰਿਤ ਰਾਇ), ਪਿੰਗਲ ਸਾਰ (ਬੁੱਧ ਸਿੰਘ) ਤੇ ਛੰਦ ਰਤਨਾਵਲੀ (ਹਰਿ ਰਾਮ ਦਾਸ, ਨਿਰੰਜਨੀ) ਪੱਤਰਾ ੭੪੬ ਤਕ, ਜਿਵੇਂ ਪਹਿਲਾਂ ਦੱਸਿਆ ਗਿਆ ਹੈ, ਦਰਜ ਹਨ ।

੨੫. ਕਵੀ ਪ੍ਰਿਯਾ ਸਟੀਕ (ਦੇਵ ਨਾਗਰੀ) (ਨੰ. ੩੨੬, ਭਾ. ਵਿ.)

ਲੇਖਕ— ਕਵਿ ਕੇਸ਼ਵ ਦਾਸ । ਟੀਕਾਕਾਰ—ਕਵਿ ਹਰਿ ਚਰਣ ਦਾਸ । ਆਕਾਰ—7¾" × 12¾", ਲਿਖਤ 6½" × 9½" ।

ਵੇਰਵਾ—ਪੱਤਰੇ ੧੨੦; ਪ੍ਰਤੀ ਸਫ਼ਾ ੩੧ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ, ਸਿਰ ਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਪੱਤਰੇ ਖੁਲ੍ਹੇ; ਅੰਤਲਾ ਪੱਤਰਾ ਫਟਿਆ ਹੋਇਆ ।

ਸਮਾਂ— ਸੰਮਤ ੧੯੩੮ (ਸ਼ਕ ਸੰ. ੧੭੩੩)। ਲਿਖਾਰੀ-ਅਰਜੁਨ, ਬ੍ਰਾਹਮਣ । ਸਥਾਨ—ਕ੍ਰਿਸ਼ਨ ਗੜ੍ਹ (ਰਾਜਸਥਾਨ) ।

ਆਰੰਭ— ਓਂ ਰਾਧਾ ਕ੍ਰਿਸ਼ਣ ਚਰਣ ਕਮਲੇ ਭਜੋ ਨਮ: । ਸਕਲ ਵਿਘਨ ਵਿਨਾਸ਼ਕੇ ਭਜੋ ਨਮ: ।
ਸ੍ਰੀ ਰਾਧਾ ਵਾਈਂ ਤਰਫ, ਤੁਲਸਿ ਚਰਣ ਕੰਜ ਮਾਹਿ ।... (ਪੱਤਰਾ ੧)

ਅੰਤ— ...ਹੈਂ ਤਿਨ ਕੇ ਹਮ ਗੋਤ ਮੈਂ, ਮੋਹਨ ਮੋ ਜਜਮਾਨ ॥੧੬॥

ਇਤਿ ਸ੍ਰੀ ਹਰਿ ਚਰਣ ਦਾਸ ਕ੍ਰਿਤਾਯਾਂ ਕਬਿ ਪ੍ਰਿਯਾਭਰਣਾਖਯਾਯਾਂ ਕਬਿ ਪ੍ਰਿਯਾ ਟੀਕਾਯਾਂ ਚਿਤ੍ਰ ਕਾਵ੍ਯ ਵ੍ਯਾਖ੍ਯਾਨ ਸੰਪੂਰਣਾ: । ਇਤਿ ਖੋੜਸ਼: ਪ੍ਰਭਾਵ: ॥੧੬॥ ਸੰਵਤ ੧੯੬੮ ਰਾ: ਸਾਕੇ ੧੭੩੩ ਪ੍ਰਵਹਤਮਾਨੇ ਵੈਸਾਖ ਮਾਸੇ ਕ੍ਰਿਸ਼ਣ ਪਖਛਜੇ ਤਿਥੌ ੧੦ ਗੁਰੁ ਵਾਸਰੇ ਲਿਖ੍ਯਤੇ ਬ੍ਰਾਹਮਣ ਅਰਜੁਨੇਨ ਵਾਸੀ ਤਖਛਜਕ ਪੁਰ ਕਾ, ਲਿਖੀ ਕ੍ਰਿਸ਼ਣ ਗਢ ਮਧ੍ਯੇ: ਵਾਂਚੇ ਵਿਚਾਰੇ ਤਿਨ ਸੂੰ ਹਮਾਰੀ ਜੈ ਸ੍ਰੀ ਕ੍ਰਿਸ਼ਣ । ਸ੍ਰੀਰਸਤੁ: । (ਪੱਤਰਾ ੧੨੦)

੨੬. ਕਵੀਂਦ੍ਰ ਪ੍ਰਕਾਸ਼ (ਨੰ.੪੮੦੫, ਸਿ.ਰੇ.ਲਾ.)

ਲੇਖਕ— ਸੰਤ ਨਿਹਾਲ ਸਿੰਘ, ਨਿਰਮਲੇ । ਆਕਾਰ—14½" × 13¼", ਲਿਖਤ 9½" × 9" ।

ਵੇਰਵਾ—ਪੱਤਰੇ ੪੭੦; ਪ੍ਰਤੀ ਸਫ਼ਾ ੨੪ ਸਤਰਾਂ; ਕਾਗਜ਼ ਕਸ਼ਮੀਰੀ (ਵਧੀਆ); ਲਿਖਤ ਬੜੀ ਸਾਫ਼ ਤੇ ਸ਼ੁੱਧ; ਹਾਸ਼ੀਆ ਦੂਹਰਾ (ਚੌਕੋਰ) ਰੰਗੀਨ ਲਕੀਰਾਂ ਵਾਲਾ; ਸਿਰ ਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ ਤੇ ਕਈ ਥਾਵੇਂ ਔਖੇ ਸ਼ਬਦਾਂ ਦੇ ਫੁੱਟ ਨੋਟ ਲੱਗੇ ਹੋਏ; ਪੁਸਤਕ ਸਜਿਲਦ, ਜੋ ਨਿਹਾਇਤ ਅੱਛੀ ਹਾਲਤ ਵਿਚ ਹੈ । ਸੰਤ ਨਿਹਾਲ ਸਿੰਘ ਜੀ ਆਪਣੀ ਕਵਿਤਾ ਵਿਚ ਕਈ ਵੇਰ ਆਪਣੇ ਨਾਮ ਦਾ ਪ੍ਰਯਾਯ ਵਾਚੀ "ਖੁਸ਼ੀ ਮ੍ਰਿਗਰਾਜ" ਵੀ ਵਰਤਦੇ ਸਨ ।

ਸਮਾਂ— ਸੰਮਤ ੧੯੧੫ ਬਿ. । ਲਿਖਾਰੀ—ਨਾਮਾਲੂਮ ।

ਆਰੰਭ— (ਮੁੱਢ ਵਿਚ ਚਾਰ ਪੱਤਰੇ ਤੱਤਕਰੇ ਦੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ । ਅਥ ਸ੍ਰੀ ਗੁਰੁ ਸੰਤ ਕਵੀਂਦ੍ਰ ਪ੍ਰਕਾਸ਼ ਗ੍ਰੰਥ ਭਾਈ ਨਿਹਾਲ ਸਿੰਘ ਨਿਰਮਲੇ ਕ੍ਰਿਤ ਲਿਖ੍ਯਤੇ । ਪ੍ਰਥਮ ਸ੍ਰੀ ਗੁਰੂ ਬਾਬਾ ਨਾਨਕ ਜੀ ਕ੍ਰਿਤ ਮੁਨਾਜਾਤ ਬਹਰ ਤਵੀਲ ਮਹਲਾ ੧ । ਲਾਇਕਾ ਨਸਤੁ । ਸਜਾਵਾਰ ਹੁਮਾਨਸਤੂ...
ਵਜਨ ਲੈਬਾ (ਪੱਤਰਾ ੧)

ਪ੍ਰਾਚੀਨ ਨਵੀਨ ਕਬਿਤੁ । ਤੁਹੀਂ ਮੱਛ ਕੱਛ ਮਹਾ ਮੋਹਨੀ ਬੇਰਾਹ ਧਾਰ ... (ਪੱਤਰਾ ੪)

ਅੰਤ— (ਸੰਤ ਖੁਸ਼ੀ ਸਿੰਘ ਦੀ ਮਹਿਮਾ) ਕ: ॥

ਸੀਸ ਪਰ ਬਾਧੈ ਦਸਤਾਰ ਚਾਰੁ ਚਾਤੁਰੀ ਸੋਂ, ਤੀਛਨ ਕਰਦ ਬੀਚ ਰਾਖੈ ਦੰਭ ਸ੍ਰੂੱਛ ਕੋਂ ।
ਔਰ ਅਤਿ ਉਜਲ ਬਸਨ ਓਢੈ ਉਰ ਮਾਲ, ਧਰੈ ਬਗ ਧਜਾਨ ਵਿਸੈ ਮੀਨਨ ਕੇ ਭੱਛ ਕੋਂ ।
ਸਦਾ ਅੰਗ ਸੰਗ ਸ਼ੁੱਧ ਸੱਚਿਦਾ ਆਨੰਦ ਐਸੋ, ਤਜਾਗ ਨਿਤ ਬਿਤ ਹਿਤ ਮਾਨਜੋ ਪ੍ਰਤਿ ਪੱਛ ਕੋਂ ।
ਕਾਮ ਕ੍ਰੋਧ ਲੋਭ ਮੋਹ ਜਾ ਕੇ ਮਨ ਬੀਚ ਜੋ ਪੈ, ਵਾਹਨ ਅਤਿ ਸ੍ਰੂੱਛ ਤਾ ਕੀ ਲਾਨਤ ਹੈ ਕੱਛ ਕੋਂ ॥ ੮ ॥

ਇਤਿ ਸ੍ਰੀ ਨ੍ਰਿਪੱਖ ਵਾਕ ਸੰਪੂਰਣੰ । ਅਥ ਗ੍ਰੰਥ ਕੇ ਕਰਤਾ ਸੰਤ ਖੁਸ਼ੀ ਮ੍ਰਿਗਰਾਜ ਤਿਨ ਕੇ ਚਲਾਣੇ ਕੋ ਛਪਯ ।

ਸੰਬਤ ਬਲਿ ਬਲਿ ਖੰਡ, ਸਸੀ ਤੁਮ ਨਿਸਚੇ ਜਾਨੋ ।
ਮਾਸ ਭਾਦ੍ਰਪਦ ਦਿਵਸ ਕਲਾ ਰਿਤ ਉਰ ਮੈ ਮਾਨੋ ।
ਤਾ ਦਿਨ ਏਕਮ ਤਿਥੀ, ਚੰਦ੍ਰ ਤੁਮ ਵਾਰ ਪਛਾਨੋ ।
ਪੂਰਬਾ ਭਾਦ੍ਰਪਦਾ ਨਖਜਤ੍ਰ ਧ੍ਰਿਤ ਯੋਗ ਬਖਾਨੋ ।
ਕਹਿ ਬਿਸਨ ਦਾਸ ਕਰ ਜੋਰ ਕੇ, ਨਾਮ ਦਾਨ ਵਰਤਾ ਗਏ ।
ਸ੍ਰੀ ਸੰਤ ਖੁਸੀ ਮ੍ਰਿਗਰਾਜ ਕਵਿ, ਜੋਤੀ ਜੋਤ ਸਮਾ ਗਏ ॥੧॥ (ਪੱਤਰਾ ੪੬੬)

ਇਸ ਗ੍ਰੰਥ ਵਿਚ ਕ੍ਰਮ-ਅਨੁਸਾਰ ਅੱਗੇ ਲਿਖੀਆਂ ਰਚਨਾਵਾਂ ਦਰਜ ਹਨ—

(੨੮) ਜਪੁ ਉੱਥਾਨਕਾ (ਕ੍ਰਿਤ ਮੋਹਰ ਸਿੰਘ, ਕਵੀ) ,, ੧੨੧
(੨੯) ਛਪਯ ਭੇਦਾਵਲੀ ਕ੍ਰਿਤ ਸੰਤ ਨਿਹਾਲ ਸਿੰਘ (ਸੰਮਤ ੧੯੧੮ ਬਿ.) ,, ੧੨੧
(੩੦) ਸ੍ਰੀ ਸੁਧਾਸਰੀ ਸ਼ਤਕ ਪਚੀਸਾ (ਨਿਹਾਲ ਸਿੰਘ) ,, ੧੭੧
(੩੧) ਪਰਉਪਕਾਰੀ ਸੰਤਾਂ ਕੀ ਕਵਿਤਾ ,, ੧੮੧
(੩੨) ਰਾਗੁ ਸਿਰੀ ਰਾਗ ਮਹਲਾ ੧ ਆਦਿ ਦੇ ਸ਼ਬਦ ,, ੧੮੩
(੩੩) ਸ੍ਰੀ ਮੁਹਾਰਨੀ ਕੀ ਦੋਹਾ ਭੇਦਾਵਲੀ (ਸੰਤ ਨਿਹਾਲ ਸਿੰਘ) ,, ੧੯੧
(੩੪) ਸ੍ਰੀ ਵਰਣੀ ਸਵੈਯੇ ਭੇਦਾਵਲੀ (,,) ,, ੨੧੭
(੩੫) ਸ੍ਰੀ ਸੁਧਾਸਰੀ ਕਬਿੱਤ ਭੇਦਾਵਲੀ ਪੂਰਵਾਰਧ ,, ,, ੨੨੧
(੩੬) ਸ੍ਰੀ ਸੁਧਾਸਰੀ ਕਬਿੱਤ ਭੇਦਾਵਲੀ, ਉੱਤਰਾਰਧ ,, ,, ੨੯੧
(੩੭) ਲਿੰਗ ਪੁਰਾਣ ਦੇ ਅਨੁਸਾਰ ਸ੍ਰੀ ਅਮ੍ਰਿਤਸਰ ਮਹਾਤਮ (ਸੰਸਕ੍ਰਿਤ) ,, ੩੨੩
(੩੮) ਨਵੀਨ ਵਸਤ੍ਰ ਧਾਰਨ ਵਿਧਿ ਆਦਿ (ਦ੍ਵਾਦਸ਼ ਮਸਤੀ) ,, ,, ੩੨੮
(੩੯) ਗਿਰਿਧਰ ਆਤਮਾ ਸੰਤ ਰੂਪ ਕ੍ਰਿਤ ਫੁਟਕਲ ,, ,, ੩੨੮
(੪੦) ਕਵੀਂਦ੍ਰ ਕਬਿੱਤਾਵਲੀ ਪੂਰਵਾਰਧ (ਸੰਤ ਨਿਹਾਲ ਸਿੰਘ) ,, ੩੩੧
(੪੧) ਕਵੀਂਦ੍ਰ ਕਬਿੱਤਾਵਲੀ, ਉੱਤਰਾਰਧ ,, ,, ੪੦੫
(੪੨) ਗੁਰਬਾਣੀ ਦੇ ਸ਼ਬਦ ,, ੪੫੧
(੪੩) ਨਿਰਪੱਖ ਵਾਕ (ਸੰਤ ਖ਼ੁਸ਼ੀ ਸਿੰਘ) ,, ੪੬੫

੨੭. (ੳ) **ਕ੍ਰਿਸ਼ਨ ਸਾਹਿੱਤ-ਸਿੰਧੁ** (ਸਿੰਗਾਰ ਸ਼ਤਕ ਸਮੇਤ) (ਨੰ. ×, ਸ਼. ਸਿੰ. ਅ.)

ਲੇਖਕ— ਸਾਧੂ ਅਮੀਰ ਦਾਸ, ਉਦਾਸੀ । ਆਕਾਰ—5½" × 8" ਲਿਖਤ 4" × 6¼" ।

ਵੇਰਵਾ— ਪੱਤਰੇ ਸ੍ਰੀ ਕ੍ਰਿਸ਼ਨ ਸਾਹਿਤਯ ਸਿੰਧੁ (ਅਮੀਰ ਦਾਸ) ੯੮, ਸ਼ਿੰਗਾਰ ਸ਼ਤਕ (ਬੇਦੀ ਗਣੇਸ਼ਾ ਸਿੰਘ) ੯੮-੧੦੨; ਪ੍ਰਤੀ ਸਫ਼ਾ ੨੧ ਸਤਰਾਂ; ਕਾਗ਼ਜ਼ ਪਤਲਾ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਕਠਿਨ ਸ਼ਬਦਾਂ ਦੀਆਂ ਬਾਰੀਕ ਕ਼ਲਮ ਨਾਲ ਟਿੱਪਣੀਆਂ ਦਿੱਤੀਆਂ ਹੋਈਆਂ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੯੦ ਬਿ., ਨਕਲ—ਸੰਮਤ ੧੯੧੧ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ ।

ਸ੍ਰੀ ਗਣੇਸਾਯ ਨਮ: । ਸਰਸ੍ਵਤਯੈ ਨਮ । ਸ੍ਰੀ ਗੁਰੂ ਚਰਨ ਕਮਲੇ ਭਜੇ ਨਮ: । ਸ੍ਰੀ ਯੁਗਲ ਕਿਸ਼ੋਰਾਯ ਨਮ: ।
ਗੁਰੂ ਰਾਮ ਦਾਸ ਜੀ ਰਾਧਾ ਕ੍ਰਿਸ਼ਨ

ਅਥ ਸ੍ਰੀ ਕ੍ਰਿਸ਼ਨ ਸਾਹਿਤਯ ਸਿੰਧੁ ਲਿਖਯਤੇ ॥ ਸੋਰਠਾ ॥
ਆਨਦ ਕਰਤ ਸਵਾਰ, ਰਸ ਬਰਸਾਇ ਅਨੰਤ ਗਤਿ ।
ਜਲ ਵਾ ਸਿੰਗਾਰ ਤਰਾ ਸੈ
ਜੈ ਜੈ ਸਦਾ ਤਿਹਾਰ, ਚਪਲਾ ਘਨ ਚਾਤਿਕ ਸੁਖਦ ॥ ੧ ॥ (ਪੱਤਰਾ ੧)

ਅੰਤ— ...ਸੰਬਤ ਨਭ ਗ੍ਰਹ ਬਸੁ ਸਸਿ, ਸ੍ਰਾਵਣ ਮਾਸ ਪੁਨੀਤ ।
ਗ੍ਰੰਥ ਕ੍ਰਿਸ਼ਨ ਸਾਹਿਤਯ ਕੋ, ਸਿੰਧ ਰਚਯੋ ਕਰ ਪ੍ਰੀਤ ॥ ੨੨੬ ॥
ਕਰਿ ਜੋਰੈ ਸਭ ਕਵਿਨ ਪੈਂ, ਬਿਨਤੀ ਕਰਤ ਅਮੀਰ ।
ਭੂਲ ਭੂਲ ਹ੍ਵੈ ਦਾਸ ਮੈਂ, ਤੁਮ ਬਖਸ਼ਿੰਦ ਗੰਭੀਰ ॥ ੨੨੭ ॥...
(ਸੋ:) ਕੀਜੈ ਕ੍ਰਿਪਾ ਨਿਧਾਨ, ਪੁਨ ਪੁਨ ਮਾਗੋਂ ਯਹੈ ਸੁਭ ।
ਸੰਤ ਚਰਨ ਸੁਖ ਦਾਨ, ਤਿਨ ਮੈ ਹੋਇ ਨਿਵਾਸ ਸਦੁ ॥ ੨੩੩ ॥

ਇਤਿ ਸ੍ਰੀ ਮਤਿ ਸ੍ਰੀ ਕ੍ਰਿਸਨ ਸਾਹਿਤਯ ਸਿੰਧੁ ਅਮੀਰ ਦਾਸ ਬਿਰਚਿਤੇ ਅਲੰਕਾਰ ਨਿਰਣਯ ਗ੍ਰੰਥ ਸਮਾਪਤਿ ਨਾਮ ਪੰਚਮੋ ਤਰੰਗ: ੫ । ਸੁਭੇ ਭੂਯਾਤ । (ਪੱਤਰਾ ੯੮)

(ਅ) **ਸ਼ਿੰਗਾਰ ਸ਼ਤਕ** (ਬੇਦੀ ਗਣੇਸ਼ਾ ਸਿੰਘ) ਸੰਮਤ ੧੯੧੧ ਬਿ. ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਅਥ ਸਿੰਗਾਰ ਸਤਕ ਲਿਖਯਤੇ ਕ੍ਰਿਤ ਕਵਿ ਬੇਦੀ ਸੰਭੁਜ ਮ੍ਰਿਗਿੰਦ ਜੀ ਕੀ ॥ ਦੋਹਰਾ ॥
ਗਨੇਸ਼ਾ ਸਿੰਘ

ਮੂਖਕ ਬਾਹਨ ਗਜ ਬਦਨ, ਰਦਨ ਏਕ ਅਘ ਭੰਜ ।
ਕਵਿ ਗਨੇਸ ਹਰਿ ਕੀ ਨਮੋ, ਸ੍ਰੀ ਗਣੇਸ ਪਦ ਕੰਜ ॥ ੧ ॥ (ਪੱਤਰਾ ੯੮)
ਸਿੰਘ ਕੀ

ਅੰਤ— ਪੁਰ ਬਿਲਾਸ ਕਹਿਲੂਰ ਪਤਿ, ਹੀਰਾ ਚੰਦ ਨਰੇਸ਼ ।
ਤਿਨ ਹਿਤ ਸ਼ਤਕ ਸਿੰਗਾਰ ਸੁਭ, ਰਚਯੋ ਮ੍ਰਿਗਿੰਦ ਗਨੇਸ਼ ॥ ੧ ॥
ਖਿਮਾ ਨੀਤਿ ਸੰਪਤਿ ਸੁਮਤਿ, ਬਰਨ ਸਕੇ ਨਹਿ ਬੈਨ ।
ਧਰਾ ਸੁਰੇਸ ਕੁਬੇਰ ਗੁਰ, ਲੱਜਤ ਹੈ ਪਿਖ ਨੈਨ ॥ ੨ ॥
ਤੇਜ ਸੀਲ ਸੂਰੋ ਸਖੀ, ਬਰਨਤ ਕਵੀ ਬਿਸੇਸ ।
ਰਵਿ ਸਸਿ ਪਾਰਥ ਕਰਨ ਲੇ, ਹੀਰਾ ਚੰਦ ਨਰੇਸ ॥ ੩ ॥
ਅਰਜਨ
ਦਾਨ ਧਾਰ ਖਗ ਧਾਰ ਜਹ, ਰਾਜਤਿ ਅਵਨਿ ਅਛੇਹ ।
ਇਕ ਰਸ
ਹਾਰਨ ਕਰ ਪੂਰਨ ਨਿਜੇ, ਦਿਜਨ ਦੁਜਨ ਕੇ ਗੇਹ ॥ ੪ ॥
ਭੋਜਨ ਨਾਸ ਸਤ੍ਰੂਨ ਕੇ
ਗਈ ਨਜਰ ਅਸਮਾਨ ਜਿਹ, ਪਰਤ ਨ ਥੀ ਅਸਿਮਾਨ ।
ਗਰਬ ਗੰਜਿ ਤਿਨ ਨਰਨ ਕੋ, ਕੀਨੋ ਗਰਦ ਸਮਾਨ ॥ ੫ ॥
ਬੀਨਤ ਬੇਰ ਬਿਹਾਯ ਜਹ, ਕਰਤ ਨ ਕੋ ਸਨਮਾਨ ।
ਤੇ ਕੀਨੇ ਬਿਨ ਬੇਰ ਹੀ, ਮੇਰ ਕੁਬੇਰ ਸਮਾਨ ॥ ੬ ॥
..ਸੰਬਤ ਸਿਵ ਨਿਧ ਮੇਦਨੀ, ਸਾਵਨ ਸੁਦਿ ਤਿਥਿ ਦੂਜ ।
ਗ੍ਰੰਥ ਸਮਾਪਤਿ ਯਥਾਮਤਿ, ਕੀਨ ਸਕਤਿ ਪਦ ਪੂਜ ॥ ੭ ॥ ੧੧੫ ॥

ਇਤਿ ਸ੍ਰੀ ਮਤ ਸਿੰਗਾਰ ਸਤਕ ਗ੍ਰੰਥੇ ਨਾਯਕਾ ਭੇਦ ਅਨਯੋਕਤ ਦੋਹਰੇ ਬਰਨਨੰ ਕ੍ਰਿਤ ਕਵੀ ਬੇਦੀ ਗਨੇਸ ਸਿੰਘ ਜੀ ਕੀ, ਸੁਭੰ ਭਵੇਤ ਇਦੰ । (ਪੱਤਰਾ ੧੦੨)

ਕਵੀ ਗਣੇਸ਼ਾ ਸਿੰਘ ਬੇਦੀ, ਜਿਵੇਂ ਕਿ ਉਸ ਦੇ ਇਸ ਕਥਨ ਤੋਂ ਪਤਾ ਲਗਦਾ ਹੈ, ਰਾਜਾ ਜਗਤ ਚੰਦ ਕਹਿਲੂਰ (ਬਿਲਾਸ ਪੁਰ) ਦੇ ਪੋਤ੍ਰੇ ਰਾਜਾ ਹੀਰਾ ਚੰਦ ਦਾ ਦਰਬਾਰੀ ਸੀ । ਇਹ ਰਾਜਾ ਹੀਰਾ ਚੰਦ ਆਪਣੇ ਪਿਤਾ ਰਾਜਾ ਨਰਪਤਿ ਚੰਦ ਤੋਂ ਪਿੱਛੋਂ ਸੰਨ ੧੮੮੨ ਈ. ਤਕ ਬਿਲਾਸ ਪੁਰ ਵੀ ਰਾਜ-ਗੱਦੀ ਉਤੇ ਬੈਠ ਕੇ ਹਕੂਮਤ ਕਰਦਾ ਰਿਹਾ । (ਵਧੀਕ ਵੇਰਵੇ ਲਈ ਦੇਖੋ, Hutchison's History of the Punjab Hill States, Vol. II, 1933, pp. 511-12.)

੨੮. **ਕ੍ਰਿਸ਼ਨ ਸਾਹਿੱਤ-ਸਿੰਧੁ** (ਰਾਮਾਇਣ ਚਤੁਰ ਕਬਿੱਤ ਸਹਿਤ) (ਨੰ. ੧੧੭, ਪੰ. ਯੂ. ਚੰ.)

ਲੇਖਕ— ਸਾਧੂ ਅਮੀਰ ਦਾਸ, ਉਦਾਸੀ । ਆਕਾਰ—$7\frac{1}{2}'' \times 5\frac{3}{4}''$ ਲਿਖਤ $5'' \times 3\frac{3}{4}''$ ।

ਵੇਰਵਾ—ਪੱਤਰੇ ੨੩੯; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ; ਸਿਰ ਲੇਖ, ਛੰਦਾਂ ਦੇ ਨਾਮ, ਤੇ ਕੁਝ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲਾ ਸਫ਼ਾ ਅਤਿ ਸੁੰਦਰ ਰੰਗੀਨ ਬੇਲ-ਬੂਟਿਆਂ ਨਾਲ ਸਜਿਆ ਹੋਇਆ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਰਚਨਾ ਕਾਲ: ਸੰਮਤ ੧੮੯੦ ਬਿ. ਤੇ ਨਕਲ ਦਾ ਕਾਲ: ਸੰਮਤ ੧੯੦੨ ਬਿ.। ਲਿਖਾਰੀ—ਬਿੱਲੂ ਦਾਸ । ਸਥਾਨ—ਮੱਛੀ ਹੱਟਾ, ਲਾਹੌਰ (ਪਾਕਿਸਤਾਨ) ।

ਆਰੰਭ- ੧ੴ ਸਤਿਗੁਰ ਪ੍ਰਸਾਦਿ । ਸੀ ਗਣੇਸਾਯ ਨਮ: । ਸ੍ਰੀ ਗੁਰੁ ਚਰਨ ਕਮਲੇ ਭਯੋ ਨਮ: । ਸ੍ਰੀ ਜੁਗਲ ਕਿਸੋਰਾਯ ਨਮ: ।

ਸ੍ਰੀ ਬ੍ਰਿੰਦਾ ਬਿਪੁਨਾਯ ਨਮ: । ਸ੍ਰੀ ਭਗਵਤ ਭਕਤ ਪੁੰਜਾਯ ਨਮ: ।
ਅਥ ਸ੍ਰੀ ਕ੍ਰਿਸਨ ਸਾਹਿੱਤ ਸਿੰਧੁ ਲਿਖ੍ਯਤੇ ॥ ਸੋਰਠਾ ॥
ਆਨੰਦ ਕਰਤ ਸਵਾਰ, ਰਸ ਬਰਸਾਇ ਅਨੰਤ ਗਤਿ ।
ਜੈ ਜੈ ਸਦਾ ਤਿਹਾਰਿ, ਚਪਲਾ ਘਨ ਾਤਿਕ ਸੁਖਦ ॥... (ਪੱਤਰਾ ੧)

ਅੰਤ— ...ਸੰਬਤ ਨਭ ਗ੍ਰਿਹ ਬਸੁ ਸਸੀ, ਸਾਵਨ ਮਾਸ ਪੁਨੀਤ ।
ਗ੍ਰੰਥ ਕ੍ਰਿਸਨ ਸਾਹਿੱਤ ਕੋ ਸਿੰਧ ਰਚਜੋ ਕਰਿ ਪ੍ਰੀਤ ॥ ੨੨੨ ॥
ਕਰਿ ਜੋਰੈ ਸਭ ਕਵਿਨ ਪੈ, ਬਿਨਤੀ ਕਰਤ ਅਮੀਰ ।
ਭੂਰਿ ਭੂਲ ਹ੍ਵੈ ਦਾਸ ਮੈ, ਤੁਮ ਬਖਸੰਦ ਗੰਭੀਰ ॥ ੨੨੩ ॥...

ਇਤਿ ਸ੍ਰੀ ਮਤਿ ਕ੍ਰਿਸਨ ਸਾਹਿੱਤ ਸਿੰਧੂ ਅਮੀਰ ਦਾਸ ਬਿਰਚਿਤੇ ਅਲੰਕਾਰ ਨਿਰਣਯ ਗ੍ਰੰਥ ਸਮਾਪਤੀ ਨਾਮ ਪੰਚਮੋ ਤਰੰਗ: । ਸੁਭੰ ਭੂਯਾਤ । ਸ੍ਰੀ ਕ੍ਰਿਸਨ ਜੀ । ਸ੍ਰੀ ਰਾਮ ਜੀ । ਆਗੈ ਲਿਖਾਰੀ ਲਿਖਤ ਸਮਾਪਤੀ ਕੋ ਕਬਿੱਤ ਕਰਿ ਕਹਿਤ ਹੈ ॥ ਕਬਿੱਤ ॥
ਸੰਮਤ ਅਹਿ ਰਸਨਾ ਵਜੋਮ ਨਾਥ ਅਮੀਕਰ... (ਪੱਤਰਾ ੨੪੪)

(ਅ) **ਰਾਮਾਇਣ ਚਤੁਰ ਕਬਿੱਤ** (ਕਵੀ ਬਿੱਲੂ ਦਾਸ)

ਆਰੰਭ— ੧ੳ ਸ੍ਰੀ ਰਾਮ ਚੰਦ੍ਰਾਯ ਨਮ: । ਸ੍ਰੀ ਗਣੇਸਾਯ ਨਮ: । ਸ੍ਰੀ ਸਾਰਸ੍ਵਤੀਯ ਨਮ: । ਅਥ ਚਤੁਰ ਕਬਿਤ ਰਾਮਾਇਨ ਲਿਖ੍ਯਤੇ ।
ਕਬਿੱਤ ॥ ਆਦਿ ਦਸਰਥ ਧਾਮ ਲਿਯੋ ਅਵਤਾਰ ਜਿਨ .. (ਪੱਤਰਾ ੨੪੪)

ਅੰਤ— ...ਐਸੇ ਰਾਮ ਚੰਦ ਭਵ ਫੰਦ ਕੇ ਨਿਕੰਦਹਾਰੁ,
ਤਾਸ ਪਾਦ ਕੰਜ ਪ੍ਰਤਿ ਬੰਦਨਾ ਹਮਾਰੀ ਹੈ ॥ ੪ ॥
ਦੋਹਾ ॥ ਪਠਵਤ ਨਿਤ ਪ੍ਰਤਿ ਲਾਇ ਚਿਤ, ਚਤੁਰ ਛੰਦ ਇਹ ਜੋਇ ।
ਤਿਹ ਗ੍ਰਿਹਿ ਰਘੁਬਰ ਕ੍ਰਿਪਾ ਸੋ, ਸਕਲ ਪਦਾਰਥ ਢੋਇ ॥ ੫ ॥
ਇਤਿ ਸ੍ਰੀ ਰਾਮਾਇਣ ਚਤੁਰ ਕਬਿਤੁ ਪ੍ਰਬੰਧੇ ਬਿੱਲੂ ਦਾਸ ਸਮਾਪਤਿ ॥ ੪ ॥
(ਪੱਤਰਾ ੨੩੯)

(ਨੰ. ੩੦੯, ਭਾ. ਵਿ.)

੨੯. **ਚਿਤ੍ਰ ਬਿਲਾਸ** (ਦੇਵ ਨਾਗਰੀ)

ਲੇਖਕ— ਕਵੀ ਅਮ੍ਰਿਤ ਰਾਇ । ਆਕਾਰ—$9\frac{1}{2}'' \times 5\frac{1}{2}''$, ਲਿਖਤ $7\frac{1}{2}'' \times 3\frac{1}{4}''$ ।

ਵੇਰਵਾ— ਪੱਤਰੇ ੨੨; ਪ੍ਰਤੀ ਸਫ਼ਾ ੧੦ ਸਤਰਾਂ, ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਰ ਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਬਿਨਾ ਜਿਲਦ ਤੇ ਖੁਲ੍ਹੇ ਪੱਤਰੇ; ਕਾਗਜ਼ ਕਈ ਸਫ਼ਿਆਂ ਦੇ ਭੁਰੇ ਹੋਏ ਤੇ ਮੁੱਢਲੇ ਦੋ ਪੱਤਰੇ ਫਟੇ ਹੋਏ ।

ਸਮਾਂ— ਸੰਮਤ ੧੭੩੬ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ਓਂ ਸ੍ਵਸਤਿ ਸ੍ਰੀ ਗਣੇਸ਼ਾਯ ਨਮ: । ਅਥ ਚਿਤ੍ਰ ਬਿਲਾਸ ਲਿਖ੍ਯਤੇ ॥ ਛਪੈ ॥
ਸੁੰਡਾਦੰਡ ਭੁਸੁੰਡ ਮੁੰਡ ਸਿੰਦੂਰ ਭੂਰ ਬਰ ।... (ਪੱਤਰਾ ੧)

ਅੰਤ— ਚਿਤ੍ਰ ਜਾਤ ਅਭਰਨ ਕਛੂ, ਬਰਨੀ ਅੰਮ੍ਰਿਤ ਰਾਇ ।
ਭਰੇ ਚਿਤ੍ਰ ਕੀ ਬਿਤ ਅਬਿ, ਕਹਿ ਚਤੁਰੰਗ ਬਨਾਇ ॥੧੩੨॥
ਇਤਿ ਸ੍ਰੀ ਚਿਤ੍ਰ ਬਿਲਾਸ ਕਵਿ ਅਮ੍ਰਿਤ ਰਾਇ ਕ੍ਰਿਤ ਸਮਾਪਤਮ । ਸੁਭਮਸਤੁ ਸਰਵ ਜਗਤਾਂ । (ਪੱਤਰਾ ੨੨)

੩੦. **ਜ਼ੋਰਾਵਰ ਪ੍ਰਕਾਸ਼ ਟੀਕਾ** (ਦੇਵ ਨਾਗਰੀ) (ਨੰ. ੭੦੨, ਪੰ. ਆ.)

ਲੇਖਕ— ਮਹਾਰਾਜਾ ਜ਼ੋਰਾਵਰ ਸਿੰਘ, ਬੀਕਾਨੇਰ । ਆਕਾਰ—$5\frac{3}{4}'' \times 9\frac{3}{4}''$, ਲਿਖਤ $4\frac{1}{4}'' \times 7\frac{1}{2}''$ ।

ਵੇਰਵਾ— ਪੱਤਰੇ ੨੦੬; ਪ੍ਰਤੀ ਸਫ਼ਾ ੨੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ, ਪਰ ਸਿੱਧੀ ਸਾਦੀ; ਸਿਰਲੇਖ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਸਾਦਾ ਤੀਹਰੀਆਂ-ਚੌਹਰੀਆਂ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।
੧ ੦ ਬਿ., ਲਿਖਾਰੀ—ਮਿਸ੍ਰ ਤਨ ਸੁਖ ਰਾਮ । ਸਥਾਨ—ਹ੍ਰਿਦ ।

ਆਰੰਭ— ਸ੍ਰੀ ਗਣਸ਼ਾਯ ਨਮ:। ਅਥ ਜੋਰਾਵਰ ਪ੍ਰਕਾਸ਼ ਲਿਖਜਤੇ ॥ ਕਬਿੱਤ ॥
ਪੂਜ ਮਨ ਵਾ ਕੋ ਆਦਿ ਆਨੈ ਜਗ ਜਾ ਕੌ ਨਰ... । (ਪੱਤਰਾ ੧)

ਅੰਤ— ...ਜੋਰਾਵਰ ਪ੍ਰਕਾਸ ਕੋ ਪਢੈ ਗੁਣੈ ਚਿਤ ਲਾਇ ।
ਬੁਧ ਪ੍ਰਕਾਸ ਅਰੁ ਭਕਤਿ ਨਿਜ, ਤਾਹਿ ਦੇਤ ਹਰਿ ਰਾਇ ॥੧॥

ਇਤਿ ਸ੍ਰੀ ਮਨ ਮਹਾਰਾਜ ਸ੍ਰੀ ਜੋਰਾਵਰ ਸਿੰਘ ਵਿਰਚਿਤੇ ਰਸਕ ਪ੍ਰਿਯਾ* ਵਿਵਰਣੇ ਜੋਰਾਵਰ ਪ੍ਰਕਾਸੇ ਅੰਨ ਰਸ ਬਰਣਨੰ ਨਾਮ ਖੋੜਸੋ ਬਿਲਾਸ ॥੧੬॥ ਇਤਿ ਸ੍ਰੀ ਜ਼ੋਰਾਵਰ ਪ੍ਰਕਾਸ ਸੰਪੂਰਣੰ । ਸ੍ਰੀ। ਅਥ ਸੁਭ ਸੰਵਤਸਰੇਸਮਿਨ ਸ੍ਰੀ ਨ੍ਰਿਪਤਿ ਵਿਕ੍ਰਮਾਦਿਤਜ ਰਾਜਜੇ ਸੰਵਤ ੧੯੪੦ ਤਤ੍ਰ ਵਰਸੇ ਮਾਸੋਤਮੇ ਮਾਸੇ ਜਜੇਸ਼ਟ ਮਾਸੇ ਕ੍ਰਿਸ਼ਨ ਪਖਛੇ ਪੁਨਜਸਤਿਥੋ ਅਮਾਵਨਜਾਂ ॥੩੦॥ ਵਾਰ ਭ੍ਰਿਗੁ ਦਿਨ ਲਿਖਤੰ ਮਿਸ੍ਰ ਤਨ ਸੁਖ ਰਾਮ ਹ੍ਰਿਦ ਮਧਜੇ ਪਰਮਾਣੰ । ਸੁਭੰ ਵ: । ਸ਼ੁਭੰਮਸਤੁ। ਸ੍ਰੀ ਰਾਮ ।... (ਪੱਤਰਾ ੨੦੬)

੩੧. ਸ਼੍ਰਿਹਤ ਕਵਿ ਵੱਲਭ (ਵਚਨਿਕਾ ਸਹਿਤ) (ਨੰ. ੧੨੩, ਖਾ. ਕਾ. ਪ.)

ਲੇਖਕ– ਕਵੀ ਹਰਿ ਚਰਣ ਦਾਸ। ਆਕਾਰ—6¾" × 9¾", ਲਿਖਤ 4½" × 7¼"।

ਵੇਰਵਾ– ਪੱਤਰੇ ੨੨੭; ਪ੍ਰਤੀ ਸਫ਼ਾ ੧੭ ਸਤਰਾਂ; ਕਾਗ਼ਜ਼ ਦੇਸੀ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਉੱਤੇ ਥਾਂ ਪਰ ਥਾਂ ਛੇਕ ਪਏ ਹੋਏ ਤੇ ਕਿਤਨੇ ਹੀ ਪੱਤਰੇ ਭੁਰੇ ਹੋਏ; ਲਿਖਤ ਸਾਫ਼ ਤੇ ਸ਼ੁੱਧ; ਕਠਿਨ ਸ਼ਬਦਾਂ ਦੀਆਂ ਹਾਸ਼ੀਏ ਉਤੇ ਕਈ ਥਾਵੀਂ ਹੋਰ ਕਲਮ ਨਾਲ ਟਿੱਪਣੀਆਂ ਦਿੱਤੀਆਂ ਹੋਈਆਂ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਮੁੱਢਲੇ ਦੋ ਪੱਤਰਿਆਂ ਉਤੇ ਸਿਰ ਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਹਰ ਤਰ੍ਹਾਂ ਮੁਕੰਮਲ; ਪਰ ਖ਼ਸਤਾ ਹਾਲਤ ਵਿਚ ਹੈ।

ਸਮਾਂ— ਸੰਮਤ ੧੮੩੯ ਬਿ., ਨਕਲ—ਸੰਮਤ ੧੯੩੨ ਬਿ.। ਲਿਖਾਰੀ— ਨਾਮਾਲੂਮ।

ਆਰੰਭ— ੴ ਸ੍ਰੀ ਰਾਧਾ ਕ੍ਰਿਸਨ ਬਿਜਯਤਿ ਨਮਾਮ। ਅਥ ਦੂਖਣਾਨਿ ਲਿਖਜਤੇ ॥ ਦੋਹਰਾ ॥
ਮੋਹਨ ਚਰਨ ਪਯੋਦ ਮੈਂ ਤੁਲਸੀ ਕੋ ਹੈ ਬਾਸ ।... (ਪੱਤਰਾ ੧)

ਅੰਤ— ..ਸੰਬਤ ਨੰਦ ਹੁਤਾਸਨ ਦਿੱਗਜ ਇੰਦ੍ਰ ਹੂ ਸੋਂ ਗਨਨਾ ਜੁ ਦਿਖਾਈ।
ਦੂਸਰੋ ਜੇਠ ਲਸੀ ਦਸਮੀ ਤਿਥਿ, ਪ੍ਰਾਤ ਹੀ ਸਾਵਰੋ ਪੱਛ ਨਿਕਾਈ ।
ਤੀਰ ਤੜਾਗ ਕੇ ਔ ਬੁਧਿਵਾਰ, ਬਿਕਰਮਨ ਕੀ ਗਤਿ ਲਾਯ ਲਗਾਈ ।
ਸ੍ਰੀ ਤੁਲਸੀ ਉਪਕੰਠ ਤਹਾਂ ਰਚਨਾ ਯਹਿ ਪੂਰੀ ਭਈ ਸੁਖਦਾਈ ॥੮੧॥
ਇਤਿ ਸ੍ਰੀ ਕਵਿ ਵੱਲਭ ਬਚਨਿਕਾ ਸੰਪੂਰਨੰ ॥ ਦੋਹਰਾ ॥
ਅੱਛਰ ਮਾਤ੍ਰ ਜੋ ਭੂਲੇ, ਤੁਮ ਹੀ ਲੇਹੁ ਸੁਧਾਰ।
ਹਮ ਕੋ ਦੋਸ ਨ ਦੀਜੀਏ, ਹਮ ਛਿਨ ਛਿਨ ਭੂਲਨਿਹਾਰ ॥੧॥
ਸੰਮਤੁ ੧੯੩੨ ਬੈਸਾਖ ਬਦੀ ੧੧, ਸਨਿਸ਼ਚਰ ਵਾਰ ਪ੍ਰਵਿਸਟੇ ੨੦। ਸ੍ਰੀ ਰਾਮ ...। (ਪੱਤਰੇ ੨੬–੨੭)

੩੨. ਰਸ ਸ਼ਿਰੋਮਣੀ (ਨੰ. ੫੬੯, ਸੈਂ. ਪ. ਲਾ.)

ਲੇਖਕ— ਕਵੀ ਮੁਕੰਦ ਦਾਸ। ਆਕਾਰ—8½" × 5¼", ਲਿਖਤ 5½" × 3¾"।

ਵੇਰਵਾ— ਪੱਤਰੇ ੧੮੪; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ; ਲਿਖਾਈ ਸਾਫ਼ ਤੇ ਸ਼ੁੱਧ, ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਛੰਦਾਂ ਦੇ ਨਾਮ ਤੇ ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ।

ਸਮਾਂ— ਸੰਮਤ ੧੮੪੯ ਬਿਕ੍ਰਮੀ (ਮਾਘ ਸੁਦੀ ੭)। ਲਿਖਾਰੀ–ਨਾਮਾਲੂਮ।

ਆਰੰਭ— ੴ ਸਤਿਗੁਰ ਪ੍ਰਸਾਦਿ। ਸ੍ਰੀ ਗਣੇਸਾਇ ਨਮਹ ॥ ਅਥ ਰਸ਼ ਸਿਰੋਮਣੀ ਲਿਖਜਤੇ ॥ ਪ੍ਰਿਥਮ ਮੰਗਲਾਚਰਣੰ।
ਛਪਯ ਯਥਾ ॥ ਬਰਣ ਬਿਮਲ ।...

ਅੰਤ— ਬਰਨ ਮੱਤ ਘਟਿ ਕਹੂੰ, ਉਕਤਿ ਜੁਗਤ ਬਿਨ ਸਾਧ।
ਸੁਨ ਸੁਧਾਰਿ ਲੀਜਜੇ ਸੁਕਵਿ, ਛਮਿਅਹੁ ਹਮ ਅਪਰਾਧ ॥੪੨॥

---

*ਇਹ ਪੁਸਤਕ ਕਵਿ ਕੇਸ਼ਵ ਦਾਸ ਕ੍ਰਿਤ ਰਸਿਕ ਪ੍ਰਿਯਾ ਦਾ ਟੀਕਾ ਹੈ। ਗੁਰਮੁਖੀ ਅੱਖਰਾਂ ਵਿਚ ਵੀ ਇਸ ਦੀਆਂ ਕਈ ਪੋਥੀਆਂ ਮਿਲਦੀਆਂ ਹਨ।

ਇਤਿ ਸ੍ਰੀ ਮਨ ਮਹਾਰਾਜੇਧਿਰਾਜ ਰਾਜ ਰਾਜੇਸੁਰ ਮਹਾਰਾਜ ਕਰਮ ਸਿੰਘ ਬਹਾਦੁਰ ਤਦੇਵਾਗਯੇਪ੍ਰਵ੍ਰਿਤ ਸਗਲ ਸਾਸਤ੍ਰਗਜ ਕਬਿ ਮੁਕੰਦ ਦਾਸ ਬਿਰਚਿਤੇ ਪੰਚ ਦਸ ਪ੍ਰਕਾਸ਼ਹ ॥੧੫॥ ਸੁਭੰ ਮੰਗਲੰ ਸਰਬਦਾ ਭਵਤੁ। ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ।

੩੩. **ਰਸ ਤਰੰਗਨੀ** (ਰਸ ਰਤਨਾਕਰ) (ਨੰ. ੧੨੭, ਖ਼ਾ. ਕਾ. ਪ.)

ਲੇਖਕ— ਕਵੀ ਭਾਨੁ ਦੱਤ। ਅਨੁਵਾਦਕ-ਕਵੀ ਹਿਰਦੇ ਰਾਮ। ਆਕਾਰ-7″ × 9¾″, ਲਿਖਤ 4¾″ × 7½″।

ਵੇਰਵਾ— ਪੱਤਰੇ ੯੨; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਦੇਸੀ ਕਿਰਮ ਖ਼ੁਰਦਾ ਜਿਸ ਕਰ ਕੇ ਪੱਤਰਿਆਂ ਉਤੇ ਥਾਂ ਪਰ ਥਾਂ ਛੇਕ ਪਏ ਹੋਏ; ਲਿਖਤ ਸਾਫ਼, ਸੁੰਦਰ ਪਰ ਕਈ ਥਾਵੀਂ ਅਸ਼ੁੱਧ, ਜਿਸ ਕਰ ਕੇ ਨਾਲੋਂ ਨਾਲ ਦਰੁਸਤੀਆਂ ਕੀਤੀਆਂ ਹੋਈਆਂ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ, ਤੇ ਹਾਸ਼ੀਏ ਉਤੇ ਹੋਰ ਕਲਮ ਨਾਲ ਔਖੇ ਸ਼ਬਦਾਂ ਦੇ ਫੁੱਟ ਨੋਟ ਲੱਗੇ ਹੋਏ; ਸਿਰ ਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ।

ਸਮਾਂ— ਸੰਮਤ ੧੭੩੧ ਬਿ., ਨਕਲ-ਸੰਮਤ ੧੯੨੮ ਬਿ.. ਮਾਘ ਸੁਦੀ ੧। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਸ੍ਰੀ ਗਣੇਸਾਯ ਨਮ:। ਅਥ ਰਸ ਤਰੰਗਨੀ ਲਿਖਯਤੇ ਕ੍ਰਿਤ ਕ੍ਰਵਿ ਹਿਰਦੇ ਰਾਮ ॥ ਕਬਿਤੁ ॥
ਸਿਵ ਪਰ ਸਰਸ ਸਿੰਗਾਰ ਸੋ ਸਹਿਤ ਸੋਹੈ। (ਪੱਤਰਾ ੧)

ਅੰਤ— ਸੰਬਤ ਸਤ੍ਰਹ ਸੈ ਬਰਸ, ਬੀਤੇ ਅਰੁ ਇਕਤੀਸ।
ਮਾਧਵ ਸੁਦਿ ਤਿਥਿ ਪੰਚਮੀ, ਬਾਰ ਬਰਨ ਬਾਗੀਸ ॥੫੯॥
ਭਾਨੁ ਦੱਤ ਕ੍ਰਿਤ ਸੰਸਕ੍ਰਿਤ, ਰਸ ਤਰੰਗਨੀ ਭਾਇ।
ਕ੍ਰਿਸਨ ਦਾਸ ਕੇ ਪਢਨ ਕੋ ਪੋਥੀ ਕਰੀ ਬਨਾਇ ॥੬੦॥
ਜਯੋਂ ਸਮੁੰਦ੍ਰ ਮਥ ਦੇਵਤਨਿ ਪਾਯੇ ਰਤਨ ਅਮੋਲ।
ਤਯੋਂ ਹਯਾਨਵ ਰਸ ਰਤਨ ਲਹਿ, ਮਥਿ ਤੇਰਹਿ ਕਲੋਲ ॥੬੧।
ਰਸ ਰਤਨਾਕਰ ਗ੍ਰੰਥ ਯਹਿ, ਪਢੈ ਜੁ ਨਰ ਮਨੁ ਲਾਇ।
ਤਾ ਕੋ ਹ੍ਵੈ ਹੈ ਹ੍ਰਿਦਯ ਮੈ, ਨਵ ਰਸ ਗਯਾਨ ਬਨਾਇ ॥੬੨॥
ਕਰਿ ਪ੍ਰਨਾਮ ਕਛੁ ਕਰਤਿ ਹੌ, ਬਿਨਤੀ ਬੁਧਿ ਸੋ ਲੇਖਿ।
ਜਹ ਅਸੁਧ ਤਹਿ ਸੋਧਿਯੋ, ਸਹ੍ਰਿਦਯ ਬੁਧਿ ਬਿਸੇਖਿ ॥੬੩॥

ਇਤਿ ਸ੍ਰੀ ਮਤਿ...ਸ੍ਰੀ ਰਾਮ ਕ੍ਰਿਸ਼ਨ ਮਿਸ੍ਰ ਤਨਯ ਸ੍ਰੀ ਮਿਸ੍ਰ ਮਾਧਵ ਰਾਮਾਤਮਜ ਸ੍ਰੀ ਮਿਸ੍ਰ ਹ੍ਰਿਦਯ ਰਾਮ ਬਿਰਚਿਤੇ ਰਸ ਰਤਨਾਕਰੇ ਸਮਲੰਕਾਰੇ ਚੁੰਕਬਸ ਬਰਨਨੰ ਨਾਮ ਤ੍ਰਿਯੋਦਸ: ਕਲੋਲ: ੧੩ ਸੁਭੰ ਸਮਾਪਤੰ। ਸੰਬਤੁ ੧੯੨੮ ਮਾਘ ਸਦੀ ੧ (ਪੱਤਰਾ ੯੨)

੩੪. **ਰਸ ਪ੍ਰਬੋਧ** (ਨੰ. ੨੯੦, ਭਾ. ਵਿ.)

ਲੇਖਕ— ਕਵੀ ਗੁਲਾਮ ਨਬੀ, 'ਰਸ ਲੀਨ'। ਆਕਾਰ— 6¾″ × 9½″, ਲਿਖਤ 4″ × 7¼″।

ਵੇਰਵਾ— ਪੱਤਰੇ ੧੨੨; ਪ੍ਰਤੀ ਸਫ਼ਾ ੧੬ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰ ਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਕਈ ਥਾਵੀਂ ਪੈਰ-ਟੂਕਾਂ ਵੀ ਹਾਸ਼ੀਏ ਉਤੇ ਦਿੱਤੀਆਂ ਹੋਈਆਂ ਹਨ ਜੋ ਕਿਸੇ ਹੋਰ ਕਲਮ ਦੀ ਲਿਖਤ ਹਨ।

ਸਮਾਂ— ਸੰਨ ੧੧੫੪ ਹਿ.। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਰਸ ਪ੍ਰਬੋਧ ਲਿਖਯਤੇ ॥ਦੋਹਾ॥
ਅਲਹ ਨਾਮ ਛਬਿ ਦੇਤ ਯਹ, ਗ੍ਰੰਥਨ ਕੇ ਸਿਰ ਆਇ।... (ਪੱਤਰਾ ੧)

ਅੰਤ— ਜੋ ਪਾਵਤ ਗੁਰ ਗਯਾਨ ਤੇ ਤਜ ਸਬ ਜਗ ਤੇਂ ਬਾਤ।
ਨਾਰਾਇਨ ਕੋ ਨਾਮ ਲੈ ਪਾਰਾਯਨ ਹ੍ਵੈ ਜਾਤ ॥੧੧੩੭॥
ਭਲੇ ਬੁਰੇ ਸਭ ਤੇਰੇ ਈ, ਸੁਨ ਲੀਜੈ ਯਹ ਨਾਥ।
ਰਚੇ ਆਪਨੇ ਹਾਥ ਸੋਂ, ਲਾਜ ਤਿਹਾਰੇ ਹਾਥ ॥੧੧੩੮॥
ਅਥ ਗਰੰਥ ਕੀ ਪਰਿਪੂਰਨਤਾ ਬਰਨਨੰ।

ਪੂਰਨ ਕੀਨੇ ਗ੍ਰੰਥ ਮੈ, ਲੈ ਮੁਖ ਪ੍ਰਭ ਕੋ ਨਾਮ ।
ਜਾ ਪ੍ਰਸਾਦਿ ਤੇ ਹੋਤ ਹੈ, ਸਕਲ ਜਗਤ ਕੋ ਕਾਮ ॥੧੧੩੯॥
ਸੁਧਰਜੋ ਵਰਨ ਬਿਗਾਰ ਹੈ, ਕੁਮਤਿ ਕੁ ਦੂਖਨ ਲਾਇ ।
ਠੋਰ ਠੋਰ ਲਖਿ ਰੀਝ ਹੈ, ਸੁਮਤਿ ਸਰਸ ਰਸ ਪਾਇ ॥੧੧੪੦॥
ਲਿਖਯੋ ਗ੍ਰੰਥ ਯਹ ਅਗੇ ਹੂੰ ਲੋਗਨ ਕਰ ਹਿਤ ਯੁਧ ।
ਪੈ ਅਬ ਯਾ ਸੋ ਸੋਧ ਕੈ ਤਾਹਿ ਕੀਜੀਏ ਸੁਧ ॥੧੧੪੧॥
ਗਜਾਰਹ ਸੈ ਚੌਵਨ ਸਕਲ ਹਿਜਰੀ ਸੰਵਤ ਪਾਇ ।
ਸਬ ਗਜਾਰਹ ਸੈ ਚੌਵਨਾ, ਦੋਹਾ ਰਾਖੇ ਲਾਇ ॥੧੧੪੨॥

ਇਤਿ ਸ੍ਰੀ ਹੁਸੈਨ ਵਾਸਤੀ ਬਿਲਗ੍ਰਾਮੀ ਸੈਯਦ ਬਾਕਰ ਸੁਤ ਸੈਦ ਗੁਲਾਮ ਨਬੀ ਵਿਰਚਿਤਾਯਾਂ ਰਸ ਪ੍ਰਬੋਧ ਗ੍ਰੰਥ ਸਮਾਪਤੰ ॥੧॥ (ਪੱਤਰਾ ੧੨੨)

(ਨੰ. ੩੧੧, ਭਾ. ਵਿ.)

੩੫. ਰਸ ਪ੍ਰਬੋਧ

ਲੇਖਕ— ਕਵੀ ਗੁਲਾਮ ਨਬੀ, 'ਰਸ ਲੀਨ' । ਆਕਾਰ—$7\frac{1}{4}'' \times 12''$, ਲਿਖਤ $4\frac{3}{4}'' \times 10''$ ।

ਵੇਰਵਾ— ਪੱਤਰੇ ੭੧; ਪ੍ਰਤੀ ਸਫ਼ਾ ੧੫ ਤੋਂ ੨੧ ਤਕ ਸਤਰਾਂ; ਕਾਗਜ਼ ਪੀਲਾ ਮੋਤੀਆਂ ਸਿਆਲ ਕੋਟੀ; ਲਿਖਤ ਸਿੱਧੀ ਸਾਦੀ, ਜੋ ਬੇਪਰਵਾਹੀ ਨਾਲ ਲਿਖੀ ਹੋਣ ਕਰ ਕੇ ਕਿਤਨੇ ਥਾਵੀਂ ਅਸ਼ੁੱਧ ਵੀ ਹੈ ਤੇ ਸ਼ੁੱਧੀ ਦੇ ਅੱਖਰ ਜਾਂ ਸ਼ਬਦ ਥਾਉਂ ਥਾਈਂ ਨਿਸ਼ਾਨ ਲਾ ਕੇ ਹਾਸ਼ੀਏ ਉਤੇ ਦਿੱਤੇ ਹੋਏ ਹਨ; ਹਾਸ਼ੀਆ ਲਾਲ ਲਕੀਰਾਂ ਵਾਲਾ ।

ਸਮਾਂ— ਸੰਨ ੧੧੫੪ ਹਿ., ਨਕਲ-ਸੰਮਤ ੧੯੩੪ ਬਿ. । ਲਿਖਾਰੀ-ਲਾਲ ਚੰਦ ਕਾਨੂੰਗੋ, ਬੋਹਾ ਠਾਨਾ, ਤਹਿਸੀਲ ਭੀਖੀ, ਨਿਜ਼ਾਮਤ ਬਰਨਾਲਾ (ਰਿਆਸਤ ਪਟਿਆਲਾ) ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਅਥ ਰਸ ਪ੍ਰਬੋਧ ਲਿਖਤੇ ॥ਦੋਹਾ ॥
ਅਲਹ ਨਾਮ ਛਬਿ ਦੇਤ ਹੈ, ਗ੍ਰੰਥਨ ਕੇ ਸਿਰ ਆਇ ।
ਜਿਯੋਂ ਰਾਜਨ ਕੇ ਮੁਕਟ ਤੇ, ਅਤਿ ਸੋਭਾ ਦਰਸਾਇ ॥੧॥ (ਪੱਤਰਾ ੧)

ਅੰਤ— ਗਜਾਰਹ ਸੈ ਚੌਵਨ ਸਕਲ, ਹਿਜਰੀ ਸੰਮਤ ਪਾਇ ।
ਸਬ ਗਜਾਰਾ ਸੈ ਚੌਵਨਾ ਦੋਹਾ ਰਾਖੇ ਲਜਾਇ ॥

ਇਤਿ ਸ੍ਰੀ ਹੁਸੈਨ ਬਾਸਤੀ ਬਿਲਗਰਾਮੀ ਸੈਅਦ (ਸੱਯਦ) ਬਾਕਰ ਸੁਤ ਸੈਦ ਗੁਲਾਮ ਨਬੀ ਬਿਰਚਿਤਾਯਾਂ ਰਸ ਪ੍ਰਬੋਧ ਗ੍ਰੰਥ ਸਮਾਪਤੰ ।
ਉਨੀ ਸੈ ਚੌਤੀ ਬਿਖੇ, ਫਾਗਨ ਸੁਦਿ ਸੁਖ ਪਾਇ ।
ਸੁਕਰ ਵਾਰ ਦਿਨ ਜਾਨੀਏ, ਭੂਲੋ ਦੇਹ ਬਨਾਇ ॥... (ਪੱਤਰਾ)

ਪੁਸਤਕ ਦੇ ਆਦਿ-ਅੰਤ ਕਈ ਵਾਧੂ ਯਾਦਦਾਸ਼ਤਾਂ ਵੀ ਖ਼ਾਲੀ ਪੱਤਰਿਆਂ ਉਤੇ ਲਿਖੀਆਂ ਹੋਈਆਂ ਹਨ ।

(ਨੰ. ੧੫੭, ਖ਼ਾ. ਕਾ. ਪ.)

੩੬. ਰਸ ਪ੍ਰਬੋਧ

ਲੇਖਕ—ਕਵੀ ਗੁਲਾਮ ਨਬੀ 'ਰਸ ਲੀਨ' । ਆਕਾਰ— $6\frac{1}{2}'' \times 9\frac{3}{4}''$, ਲਿਖਤ $4'' \times 7\frac{1}{2}''$ ।

ਵੇਰਵਾ— ਪੱਤਰੇ ੧੨੬; ਪ੍ਰਤੀ ਸਫ਼ਾ ੧੬ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਦੂਹਰਾ-ਤੀਹਰਾ ਰੰਗੀਨ ਲਕੀਰਾਂ ਵਾਲਾ; ਕਾਗਜ਼ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਉਤੇ ਛੇਕ ਪਏ ਹੋਏ; ਕਈ ਥਾਵੀਂ ਕੁਝ ਕਠਿਨ ਸ਼ਬਦਾਂ ਦੇ ਅਰਥ ਹਾਸ਼ੀਏ ਪਰ ਅੰਕਿਤ; ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਹਰ ਤਰਾਂ ਮੁਕੰਮਲ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਨ ੧੧੫੪ ਹਿ., ਨਕਲ: ਸੰਮਤ ੧੯੪੧ ਬਿ. । ਲਿਖਾਰੀ-ਸੁੰਦਰ ਸਿੰਘ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਰਸ ਪ੍ਰਬੋਧ ਲਿਖਤੇ ॥ ਦੋਹਾ ॥
ਅਲਹ ਨਾਮ ਛਬਿ ਦੇਤ ਯਹ, ਗ੍ਰੰਥਨ ਕੇ ਸਿਰ ਆਇ ।
ਜਯੋਂ ਰਾਜਨ ਕੀ ਮੁਕਟ ਤੈਂ, ਅਤਿ ਸੋਭਾ ਸਰਸਾਇ ॥ ੧ ॥ (ਪੱਤਰਾ ੧)

ਅੰਤ— ਗਜਾਰਹ ਸੈ ਚੋਵਨ ਸਕਲ, ਹਿਜਰੀ ਸੰਬਤ ਪਾਇ ।
ਸਬ ਗਜਾਰਹ ਸੈ ਚੋਵਨਾ, ਦੋਹਾ ਰਾਖੇ ਲਜਾਇ ॥ ੧੧੪੬ ॥

ਇਤਿ ਸ੍ਰੀ ਹੁਸੈਨ ਵਾਸਤੀ ਬਿਲਗ੍ਰਾਮੀ ਸੈਯਦ ਬਾਕਰ ਸੁਤ ਸੈਯਦ ਗੁਲਾਮ ਨਬੀ ਵਿਰਚਿਤਾਯਾ ਰਸ ਪ੍ਰਬੰਧ ਗ੍ਰੰਥ ਸਮਾਪਤ: ।

ਦੋਹਰਾ ॥ ਉਨੀ ਸੈ ਇਕਤਾਲੀਆ, ਮਾਘ ਪੂਨਜੋ ਥਿੱਤ ।
ਲਿਖਜੋ ਗ੍ਰੰਥ ਯਹ ਸੁੰਦ੍ਰ ਸਿੰਘ, ਅਤਿ ਸੁਧਾਰ ਕਰ ਚਿਤ ॥ ੧ ॥ (ਪੱਤਰਾ ੧੨੬)

੩੭. ਰਸ ਬਿਲਾਸ (ਨੰ. ੬੦, ਮੋ. ਬਾ.)

ਲੇਖਕ— ਕਵਿ ਦੇਵ । ਆਕਾਰ— 7¼" × 10", ਲਿਖਤ 5" × 7¾" ।

ਵੇਰਵਾ— ਪੱਤਰੇ ੯੪; ਪ੍ਰਤੀ ਸਫ਼ਾ ੧੮ ਸਤਰਾਂ; ਕਾਗਜ਼ ਸਿਆਲ ਕੋਟੀ; ਲਿਖਤ ਸਾਫ਼ ਤੇ ਸ਼ੁੱਧ; ਛੰਦਾਂ ਦੇ ਨਾਮ, ਅੰਕ ਤੇ ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਰੰਗੀਨ ਲਕੀਰਾਂ ਵਾਲਾ ।

ਸਮਾਂ— ਸੰਮਤ ੧੭੮੪ ਬਿ., ਨਕਲ-ਸੰਮਤ ੧੯੯੦ ਬਿ. । ਲਿਖਾਰੀ—ਰਾਮ ਸਿੰਘ, ਲਿਖਵਾਇਆ ਜਮਾਦਾਰ ਨਾਨਕ ਬਖ਼ਸ਼ ਨੇ । ਸਥਾਨ—ਪਟਿਆਲਾ ।

ਆਰੰਭ— ੧ਓ ਸ੍ਰੀ ਗਣੇਸਾਯ ਨਮਹ ॥ ਅਬ ਰਸ ਬਿਲਾਸ* ਦੇਵ ਕ੍ਰਿਤ ਲਿਖਜਤੇ ॥ ਸਵੈਯਾ ॥
ਪਾਇਨ ਨੂਪਰ ਮੰਜੁ ਬਜੈ, ਕਟਿ ਕਿੰਕਨਿ ਕੀ ਧੁਨਿ ਕੀ ਮਧੁਰਾਈ ॥...

ਅੰਤ— ਸੰਬਤੁ ਸਤ੍ਰਹ ਸੈ ਬਰਸ, ਔਰ ਚੌਰਾਸੀ ਜਾਨ ।
ਰਸ ਬਿਲਾਸ ਦਸਮੀ ਬਿਜੈ, ਪੂਰਨ ਸਕਲ ਕਲਾਨਿ ॥ ੯੪ ॥ ਜੁਮਲਾ ੪੬੮ ॥

ਇਤਿ ਸ੍ਰੀ ਭੋਗੀ ਲਾਲ ਹਿਤ ਬਾਨੀ ਦੇਵ ਪ੍ਰਕਾਸ ਅਸਟਮ ਬਿਲਾਸ ਸੰਪੂਰਣੰ ॥੮॥

ਇਸ ਤੋਂ ਪਿੱਛੋਂ ਲਿਖਾਰੀ ਨੇ ਚਾਰ ਛੰਦਾਂ ਵਿਚ ਇਸ ਗ੍ਰੰਥ ਦੇ ਨਕਲ ਕੀਤੇ ਜਾਣ ਦਾ ਵੇਰਵਾ ਦਿੱਤਾ ਹੈ ।

੩੮. ਰਸ ਬਿਲਾਸ (ਨੰ. ੭੨, ਪ੍ਰੋ. ਪ੍ਰੀ. ਸਿੰ.)

ਲੇਖਕ— ਕਵੀ ਦੇਵ । ਆਕਾਰ— 6¼" × 10¾", ਲਿਖਤ 5½" × 9½" ।

ਵੇਰਵਾ— ਪੱਤਰੇ ੧੬; ਪ੍ਰਤੀ ਸਫ਼ਾ ੩੬ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਪੁਰਾਣੇ ਢੰਗ ਦੀ, ਜੋ ਕਿਤੇ ਕਿਤੇ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪਹਿਲਾ ਪੱਤਰਾ ਨੀਚੇ ਤੋਂ ਫਟਿਆ ਹੋਇਆ ਤੇ ਬਾਕੀ ਪੱਤਰੇ ਨੁੱਕਰਾਂ ਤੋਂ ਕੁਝ ਕੁਝ ਭੁਰੇ ਹੋਏ; ਪੱਤਰੇ ਖੁਲ੍ਹੇ, ਬਿਨਾ ਜਿਲਦ ।

ਸਮਾਂ— ਸੰਮਤ ੧੭੮੪ ਬਿ. । ਲਿਖਾਰੀ— ਨਾਮਾਲੂਮ ।

ਆਰੰਭ—ਸ੍ਰੀ ਗਣੇਸਾਇ ਨਮਹ । ਅਥ ਰਸ ਬਿਲਾਸ ਦੇਵ ਕ੍ਰਿਤ ਲਿਖਜਤੇ ॥ ਦੋਹਰਾ ॥
ਪਾਇਨ ਨੂਪਰ ਮੰਜੁ ਬਜੋ, ਕਟਿ ਕਿੰਕਨਿ ਕੀ ਧੁਨਿ ਕੀ ਮਧੁਰਾਈ ।
ਸਾਵਰੇ ਅੰਗ ਸਭੈ ਪਟ ਪੀਤ ਹੀ, ਏਹੁ ਲਸੈ ਬਨ ਮਾਲ ਸੁਹਾਈ ।
ਮਾਥੇ ਕ੍ਰੀਟ ਵਡੇ ਦ੍ਰਿਗ ਚੰਚਲ, ਮੰਦ ਹਸੀ ਮੁਖ ਚੰਦ ਜੁਨ੍ਹਾਈ ।
ਜੈ ਜਗ ਮੰਦਰ ਦੀਪਕ ਸੁੰਦਰ, ਸ੍ਰੀ ਬ੍ਰਿਜ ਦੂਲਹ 'ਦੇਵ' ਸਹਾਈ ॥ ੧ ॥ (ਪੱਤਰਾ ੧)

ਅੰਤ— ਇਹ ਬਿਧ ਦਰਸਨ ਸ੍ਰਵਨ ਕਰਿ, ਸੁਮਰਿ ਬਿਧ ਹਰਿ ਰੁਦ੍ਰ ।
ਪਾਰ ਲਹਤ ਕੋ ਬਰਨ ਕੈ, ਯਾ ਸਾਹਿਤ ਸਮੁੰਦ੍ਰ ॥ ੯੦ ॥
ਅਪਨੀ ਬੁਧ ਸਮਾਨ ਮੈ, ਬਰਨ ਕਰਜੋ ਰਸ ਸਾਰ ।
ਰਸ ਬੇਲਾ ਰਸ ਰੂਪ ਨ੍ਰਿਪ, ਭੋਗੀ ਲਾਲ ਉਦਾਰ ॥ ੯੧ ॥...
ਸੰਬਤ ਸਤ੍ਰਹਿ ਸੈ ਬਰਸ, ਔਰ ਚੌਰਾਸੀ ਜਾਨ ।
ਰਸ ਬਿਲਾਸ ਦਸਮੀ ਬਿਜੈ, ਪੂਰਨ ਨਕਲ ਕਲਾਨ ॥ ੯੪ ॥

---

* ਇਹ ਪੁਸਤਕ ਦੇਵ ਨਾਗਰੀ ਅੱਖਰਾਂ ਵਿਚ ਇਕ ਵੇਰ ਛਪ ਚੁਕੀ ਹੈ ।

ਇਤਿ ਸ੍ਰੀ ਭੌਗੀ ਲਾਲ ਹਿਤ ਬਾਨੀ ਦੇਵ ਪ੍ਰਕਾਸ ਅਸਟਮ ਬਿਲਾਸ ਸੰਪੂਰਣੰ । (ਪੱਤਰਾ ੧੬)

੩੯. ਰਸ ਰਾਜ (ਨੰ. ੨੮੮, ਭਾ. ਵਿ.)

ਲੇਖਕ— ਕਵੀ ਮਤੀ ਰਾਮ । ਆਕਾਰ 7" × 9¾", ਲਿਖਤ 4" × 7" ।

ਵੇਰਵਾ—ਪੱਤਰੇ ੮੦; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰ ਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੪੦ ਬਿ. । ਲਿਖਾਰੀ— ਕਵੀ ਸੁੰਦਰ ਸਿਘ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰਸਤਿ ਸ੍ਰੀ ਗਣੇਸਾਯ ਨਮ: । ਅਥ ਰਸ ਰਾਜ ਕਵਿ ਮਤਿ ਰਾਮ ਕ੍ਰਿਤ ਲਿਖਯਤੇ ॥ ਸਵੈਯਾ ॥
ਸ੍ਰੀ ਗਣ ਨਾਯਕ ਸੁੰਡ ਕੋ ਅਗ੍ਰ ਗਹਜੋ... (ਪੱਤਰਾ ੧)

ਅੰਤ— ... ਅਨਮਿਚ ਲੋਚਨ ਬਾਲ ਵਹੁ, ਯਾਂ ਤੇ ਨੰਦ ਕੁਮਾਰ ।
ਮੀਚ ਗਈ ਜਰ ਬੀਚ ਹੀ, ਬਿਰਹਾਨਲ ਕੀ ਝਾਰ ॥ ੪੩੬ ॥...
ਸਮਝਿ ਸਮਝਿ ਸਬ ਰੀਝ ਹੈ, ਸੱਜਨ ਕਵਿ ਸੁ ਸਮਾਜ ।
ਰਸਿਕਨ ਕੇ ਰਸ ਕੋ ਕਿਯੋ, ਭਯੋ ਗ੍ਰੰਥ ਰਸ ਰਾਜ ॥ ੪੩੭ ॥

ਇਤਿ ਸ੍ਰੀ ਚਿੰਤਾਮੰਣਿ ਚੰਚਰੀਕ ਚਿੱਤ ਸੁਕਵਿ ਮਤਿ ਰਾਮ ਵਿਰਚਿਤੇ ਰਸ ਰਾਜ ਸਮਾਪਤੰ ।

ਦੋਹਰਾ । ਭਾਦਵ ਕ੍ਰਿਸਨ ਸੁ ਪੱਖ ਕੀ, ਦੂਜ ਤਿੱਥ ਪ੍ਰਬੀਨ ।
ਨਭ ਚਤੁਰਾਨਨ ਨਾਥ ਸਸਿ, ਸੰਮਤ ਲਿਹੁ ਸੁਭ ਚੀਨ ॥ ੧ ॥
ਸੋਰਠਾ ॥ ਲਿਖਵਾਯੋ ਹਿਤ ਧਾਰ, ਮਹਾ ਸਿੰਘ ਸਰਦਾਰ ਨੈ ।
ਯਹ ਰਸ ਰਾਜ ਬਿਚਾਰ, ਕਵਿ ਸੁੰਦਰ ਹਰਿ ਲਿਖ ਦਿਯੋ ॥ ੨ ॥ (ਪੱਤਰਾ ੮੦)

੪੦. ਰਸ ਰਾਜ (ਨੰ. ੨੮੯, ਭਾ. ਵਿ.)

ਲੇਖਕ— ਕਵੀ ਮਤੀ ਰਾਮ । ਆਕਾਰ—7¼" × 8¾", ਲਿਖਤ 4½" × 6½" ।

ਵੇਰਵਾ—ਪੱਤਰੇ ੬੮; ਪ੍ਰਤੀ ਸਫ਼ਾ ੧੪ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰ ਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਕਿਤੇ ਕਿਤੇ ਕੁਝ ਸ਼ਬਦਾਂ ਦੇ ਅਰਥ ਪੈਰ-ਟੂਕਾਂ ਦੀ ਸ਼ਕਲ ਵਿਚ ਕਿਸੇ ਹੋਰ ਬਾਰੀਕ ਕਲਮ ਨਾਲ ਅਸਲ ਇਬਾਰਤ ਦੇ ਨਾਲੋ ਨਾਲ ਜਾਂ ਹਾਸ਼ੀਏ ਉਤੇ ਲੱਗੇ ਹੋਏ ਹਨ; ਪੱਤਰਾ ੬੧ (ੳ) ਦੇ ਹਾਸ਼ੀਏ ਉਤੇ ਉਨਾਬੀ ਸਿਆਹੀ ਨਾਲ ਬੀਰ ਸਿੰਘ ਨਾਮੀ ਕਿਸੇ ਵਿਅਕਤੀ ਦੇ ਹਸਤਾਖਰ ਹਨ ।

ਸਮਾਂ— ਸੰਮਤ ੧੯੨੮ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰਸਤਿ ਸ੍ਰੀ ਗਣੇਸਾਯ ਨਮ: । ਅਥ ਰਸ ਰਾਜ ਕਵਿ ਮਤਿ ਰਾਮ ਕ੍ਰਿਤ ਲਿਖਯਤੇ ।
ਸਵੈਯਾ ॥ ਸ੍ਰੀ ਗਣ ਨਾਯਕ ਸੁੰਡ ਕੋ ਅਗ੍ਰ ... । (ਪੱਤਰਾ ੧)

ਅੰਤ— ...ਸਮਝਿ ਸਮਝਿ ਸਬ ਰੀਝਿ ਹੈ, ਸੱਜਨ ਕਵਿ ਜੁ ਸਮਾਜ ।
ਰਸਿਕਨ ਕੇ ਰਸ ਕੋ ਕਿਯੋ, ਭਯੋ ਗ੍ਰੰਥ ਰਸ ਰਾਜ ॥੪੩੭॥
ਇਤ ਸ੍ਰੀ ਚਿੰਤਾਮਣਿ ਚੰਚਰੀਕ ਚਿੱਤ ਸੁਕਵਿ ਮਤਿ ਰਾਮ ਵਿਰਚਿਤੇ ਰਸ ਰਾਜ ਸਮਾਪਤੰ । ਸੁਭ ਸੰਮਤ ੧੯੨੮ ਪੋਖ ਬਦੀ ੭ ਸੰਪੂਰਣੰ । (ਪੱਤਰਾ ੬੭)

ਇਸ ਤੋਂ ਅੱਗੇ ਪਤਰਾ ੬੮ ਦੇ ਦੂਜੇ ਪਾਸੇ ਲਿਖਾਰੀ ਵਲੋਂ ਇਹ ਦੋ ਦੋਹਰੇ ਹਨ ।

"ਜੋ ਦੇਖਾ ਸੋ ਲਿਖ ਦਿਯੋ, ਮਮ ਕੋ ਦੋਸ ਨ ਦੇਹ ।
ਲਗ ਕੰਨਾ ਜੋ ਰਹ ਗਯੋ, ਸੋਧ ਤੁਰਤ ਹੀ ਲੇਹ ॥
ਇਸ ਗ੍ਰੰਥ ਕੋ ਪੜ੍ਹੈ ਤੇ, ਹੋਵੇ ਚਤੁਰ ਸੁਜਾਨ ।
ਗੁਣਵਾਨ ਸਬ ਕਹਤ ਹੈਂ, ਜੋ ਹੈਂ ਰਸਿਕ ਮਹਾਨ ॥"

੪੧. ਰਸਿਕ ਪ੍ਰਿਯਾ (ਨੰ. ੫੮੪, ਸੈਂ. ਪ. ਲਾ.)

ਲੇਖਕ—ਕਵਿ ਕੇਸ਼ਵ ਦਾਸ । ਆਕਾਰ—6" × 4¼", ਲਿਖਤ 4½" × 3" ।

ਵੇਰਵਾ—ਪੱਤਰੇ ੧੪੨; ਪ੍ਰਤੀ ਸਫ਼ਾ ੯ ਸਤਰਾਂ; ਕਾਗਜ਼ ਪਤਲਾ ਸਿਆਲ ਕੋਟੀ; ਲਿਖਾਈ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਛੰਦਾਂ ਦੇ ਨਾਮ, ਅੰਕ ਤੇ ਹੋਰ ਸਿਰ ਲੇਖ ਲਾਲ ਸਿਅਹੀ ਨਾਲ ਅੰਕਿਤ; ਪੁਸਤਕ ਸਜਿਲਦ ।

ਸਮਾਂ— ਸੰਮਤ ੧੬੪੮ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸ੍ਰੀ ਗਣੇਸਾਯ ਨਮ: । ਅਥ ਰਸਿਕ ਪ੍ਰਿਯਾ ਲਿਖ੍ਯਤੇ ।।ਛੱਪੈ।।
ਏਕ ਰਦਨ ਗਜ ਬਦਨ ...

ਅੰਤ— ਬਾਢੈ ਰਤਿ ਮਤਿ ਅਤਿ ਪਢੈ, ਜਾਨੈ ਸਬ ਰਸ ਰੀਤ।
ਸ੍ਵਾਰਥ ਪਰਮਾਰਥ ਲਹੈ, ਰਸਿਕ ਪ੍ਰਿਯਾ ਕੀ ਪ੍ਰੀਤ ।।੧੬।।
ਇਤਿ ਸ੍ਰੀ ਮਨ ਮਹਾਰਾਜ ਕੁਮਾਰ ਇੰਦ੍ਰ ਜੀਤ ਬਿਰਚਿਤਾਯਾਂ ਰਸਕ ਪ੍ਰਿਯਾਂ ਰਸ ਅਨਰਸ ਬਰਨਨੰ ਨਾਮ ਖੋੜਸਮੋ ਪ੍ਰਭਾਵ ।।੧੬।।

੪੨. **ਰਸਿਕ ਪ੍ਰਿਯਾ** (ਸਚਿਤ੍ਰ) (ਨੰ. ੬੩, ਮੋ. ਬਾ.)

ਲੇਖਕ– ਕਵਿ ਕੇਸ਼ਵ ਦਾਸ। ਆਕਾਰ– $11\frac{1}{4}'' \times 13\frac{3}{4}''$ ।

ਵੇਰਵਾ—ਪੱਤਰੇ ੫੭; ਅਤਿ ਸੁੰਦਰ ਤਸਵੀਰਾਂ ੫੭; ਪ੍ਰਤਿ ਸਫ਼ਾ ੩ ਤੋਂ ੪ ਤਕ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਰ ਲੇਖ ਤੇ ਛੰਦ-ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਪਰ ਜਿਲਦ ਟੁਟੀ ਹੋਈ ।

ਸਮਾਂ— ਸੰਮਤ ੧੬੪੮ ਬਿ: । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸਤਿ ਗੁਰ ਪ੍ਰਸਾਦਿ। ੧ਓ ਸ੍ਰੀ ਗਣੇਸਾਯ ਨਮ:।
ਅਬ ਰਸਿਕ ਪ੍ਰਿਯਾ ਲਿਖ੍ਯਤੇ ।।ਛਪੈ।।
ਏਕ ਰਦਨ ਗਜ ਬਦਨ ਸਦਨ ਬੁਧ ਮਦਨ ਕਦਨ ਸੁਤ ।...

ਅੰਤ– ਪੱਤਰਾ ਨੰ ੩੮ ਤਕ ਕੇਵਲ ੬੨ ਛੰਦ ਹੀ ਲਿਖੇ ਹਨ ਤੇ ੬੨ਵੇਂ ਛੰਦ ਦੀ ਅੰਤਲੀ ਤੁਕ ਹੈ:—
ਬਾਹਿ ਗਹੀ ਹਰਿ ਐਸੇ ਕਹਯੋ ਰਸਿ, ਮੈ ਤੋ ਇਤੋ ਅਪਰਾਧ ਨ ਕੀਨੋ ।।੬੨।।
ਇਸ ਤੋਂ ਅੱਗੇ ਪਾਠ ਅਸਲ ਲਿਖਤ ਵਿਚ ਨਹੀਂ ਹੈ ਤੇ ਪੱਤਰੇ ਖਾਲੀ ਛੱਡੇ ਹੋਏ ਹਨ ਜਿਸ ਕਰ ਕੇ ਪੁਸਤਕ ਅਧੂਰੀ ਹੈ ।

੪੩. **ਰਸਿਕ ਪ੍ਰਿਯਾ** (ਨੰ. ੩੦੩, ਭਾ. ਵਿ.)

ਲੇਖਕ- ਕਵੀ ਕੇਸ਼ਵ ਦਾਸ । ਆਕਾਰ-$6'' \times 4''$, ਲਿਖਤ $4'' \times 2\frac{1}{2}''$ ।

ਵੇਰਵਾ— ਪੱਤਰੇ ੧੭੪, ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੱਤਰਾ ੩੬ ਤਕ ਸਿਰ ਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ੪ ਪੱਤਰੇ ਕੁਝ ਫਟੇ ਹੋਣ ਕਰ ਕੇ ਦੋਬਾਰਾ ਮੁਰੰਮਤ ਕੀਤੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੬੪੮ ਬਿ. ਤੇ ਨਕਲ-ਸੰਮਤ ੧੮੫੫ ਬਿ. । ਲਿਖਾਰੀ-ਨਾਮਾਲੂਮ ।

ਆਰੰਭ- ੧ਓ ਸ੍ਰੀ ਗਣੇਸਾਇ ਨਮ: । ਅਥ ਰਸਿਕ ਪ੍ਰਿਆ ਭਾਖਾ ਲਿਖਤੇ ਕ੍ਰਿਤ ਕਵਿ ਕੇਸੋ ਦਾਸ ।। ਛਪੈ ।।
ਏਕ ਰਦਨ ਗਜ ਬਦਨ ਸਦਨ... (ਪੱਤਰਾ ੧)

ਅੰਤ— ਬਾਢੈ ਰਤਿ ਮਤਿ ਅਤਿ ਪਢੈ, ਜਾਨੈ ਸਭ ਰਸ ਰੀਤ।
ਸੁਆਰਥ ਪਰਮਾਰਥ ਲਹੈ, ਰਸਿਕ ਪ੍ਰਿਯਾ ਕੀ ਪ੍ਰੀਤਿ ।।
ਇਤਿ ਸ੍ਰੀ ਮਨ ਮਹਾਰਾਜ ਕੁਮਾਰ ਇੰਦ੍ਰਜੀਤ ਬਿਰਚਤਾਯਾਂ ਰਸਿਕ ਪ੍ਰਿਯਾਯੰ ਰਸ ਅਨਰਸ ਬਰਨਨੰ ਨਾਮ ਖੋੜਸ ਪ੍ਰਭਾਇ ਸਮਾਪਤੰ ।।੧੬।। ਇਤਿ ਰਸਿਕ ਪ੍ਰਿਯਾ ਕ੍ਰਿਤ ਕਵਿ ਕੇਸੋ ਦਾਸ ਸਮਾਪਤੰ । ਸੰਮਤ ੧੮੫੫ ਮਿਤੀ ਚੇਤ੍ਰ ਸੁਦੀ, ਸੁਭੰ ਭਵੇਤਿ...
(ਪੱਤਰਾ ੧੭੪)

੪੪. **ਰਸਿਕ ਲਭਾਸ਼੍ਰਿਤ ਕਲਪਦ੍ਰੂਮ** (ਤੁਲਸੀ ਸਤਸਈ ਪਰ ਟੀਕਾ) (ਨੰ. ੩੧੬, ਭਾ. ਵਿ.)

ਲੇਖਕ— ਬੈਜ ਨਾਥ । ਆਕਾਰ-$5\frac{3}{4}'' \times 9''$, ਲਿਖਤ $4'' \times 7''$ ।

ਵੇਰਵਾ— ਪੱਤਰੇ ੨੫੩-੪੨੦; ਪ੍ਰਤੀ ਸਫ਼ਾ ੧੮ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸੁੰਦਰ ਰੰਗੀਨ ਲਕੀਰਾਂ ਵਾਲਾ; ਪੱਤਰੇ ੨੮੭ ਤਕ ਸਿਰੇ ਦੀਆਂ ਨੱਕਰਾਂ ਤੋਂ ਭੁਰੇ ਹੋਏ, ਤੇ ਪਹਿਲਾ ਪੱਤਰਾ ਕੁਝ ਫਟਿਆ ਹੋਇਆ; ਪੁਸਤਕ ਵਿਚ ਪੰਜਵਾਂ ਤੇ ਛੇਵਾਂ ਸਰਗ ਦੇ ਸਿਰ ਲੇਖ ਹੇਠ ਕੇਵਲ ਕਰਮ ਸਿੱਧਾਂਤ ਤੇ ਗਯਾਨ ਸਿੱਧਾਂਤ ਦਾ ਵਰਣਨ ਹੈ ਤੇ ਬਾਕੀ ਸਰਗ ਇਸ ਹੱਥ ਲਿਖਤੀ ਖਰੜੇ ਵਿਚ ਨਹੀਂ ਹਨ, ਜਿਸ ਕਰ ਕੇ ਪੁਸਤਕ ਅਧੂਰੀ ਹੈ।

ਸਮਾਂ— ਪੁਸਤਕ ਸਵਾ ਕੁ ਸੌ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ-ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਪੰਚਮ ਸਰਗ ਸਤਸਈ ਸ੍ਰੀ ਗੋ ਸ੍ਵਾਮੀ ਤੁਲਸੀ ਦਾਸ ਜੀ ਕੇ ਗ੍ਰਿੰਥ ਮੈ ਸੇ ਲਿਖਯਤੇ, ਜਿਸ ਮੈਂ ਕਰਮ ਸਿਧਾਂਤ ਹੈ ॥ਦੋ॥

ਨਾਮ ਸਿਆਸਿ ਅਖਰ ਵਰਣ, ਨਰਨ ਨਰਨ ਨਿਰਧਾਰ।
ਧਾਰਣ ਕਰਿ ਕਰਿ ਮੁਨ ਮਨੁਜ, ਜਰਤ ਕਰਤ ਸੁਖ ਸਾਰ ॥੧॥
ਬੰਦੋ ਸੀਤਾ ਨਾਥ ਗੁਰ, ਦਯਾ ਦ੍ਰਿਸਟਿ ਕਰਿ ਧਾਰ।
ਜਗਤ ਕੀਚਿ ਬਿਚ ਬ੍ਰਿਜਿਨਚਯ, ਬਿਛਲਤ ਲੇਹੁ ਸੰਭਾਰ ॥੨॥

ਯਾ ਸਰਗ ਬਿਖੈ ਕਰਮ ਸਿਧਾਂਤ ਬਰਣਨ ਹੈ, ਸੋ ਕਰਮ ਸਬ ਕੋ ਆਦਿ ਕਾਰਣ ਹੈ, ਸੋ ਕਰਮ ਸੁਭਾਸੁਭ ਦ੍ਵੈ ਸੋ ਜੀਵ ਰੂਪ ਪਖਯੀ ਕੇ ਪਖਯ ਹੈਂ ਜਿਨ ਕੇ ਆਧਾਰ ਜੀਵ ਕੀ ਸਦਾ ਗਤੀ ਹੈ। (ਪੱਤਰਾ ੧)

ਅੰਤ— ...ਸੰਧਯਾਰਤਿ ਬਯਾਰੁ ਕਰਵਾਵੈ। ਬਹੁਰ ਸੁਮਨ ਮੈ ਸੇਜ ਡਸਾਵੈ।
ਸੈਨ ਕਰਾਇ ਆਪੁ ਰਹਿ ਦ੍ਵਾਰੇ। ਬੈਜ ਨਾਥ ਤਨ ਮਨ ਧਨ ਵਾਰੈ ॥੮॥ ਸੁਭੰ।

ਇਤਿ ਸ੍ਰੀ ਰਸਿਕ ਲਤਾਸ੍ਰਿਤ ਕਲਪਦ੍ਰੁਮ ਸਿਯ ਬਲਭ ਪਦ ਸਰਣਾਗਤ ਬੈਜ ਨਾਥ ਵਿਰਚਿਤਾਯੰ ਸਪਤ ਸਤਕਾ ਭਾਵ ਪ੍ਰਕਾਸਿਕਾਯਾਂ ਕਰਮ ਸਿਧਾਂਤ ਪ੍ਰਕਾਸ਼ੋ ਨਾਮ ਪੰਚਮ ਪ੍ਰਭਾਵ ਸਮਾਪਤੰ ॥੫॥ (ਪੱਤਰਾ ੩੩)

ਮਮਤਾ ਮਾਤੁ ਮੋਹ ਪਿਤੁ ਛੂਟੇ, ਪਰਾਭਕਤਿ ਪਾਵਨ ਸਾ ਸੁਰਮਾ।
ਤੁਰੀਆ ਸੇਜ ਸੈਨ ਕਰੁ ਸੁੰਦਰਿ, ਬੈਜ ਨਾਥ ਪ੍ਰੀਤਮ ਭਰਿ ਗਰਮਾ ॥੫॥

ਇਤਿ ਸ੍ਰੀ ਰਸਿਕ ਲਤਾਸ੍ਰਿਤ ਕਲਪਦ੍ਰੁਮ ਸੀਯ ਬਲਭ ਪਦ ਸਰਣਾਗਤ ਵੈਦਯ ਨਾਥ ਵਿਰਚਿਤਾਯਾਂ ਸਪਤ ਸਤਕਾ ਭਾਵ ਪ੍ਰਕਾਸ਼ਕਾਯਾਂ ਗਿਆਨ ਸਿਧਾਂਤ ਯੋਗੋ ਨਾਮ ਖਸਟਮ ਪ੍ਰਭਾਵ ਸਮਾਪਤੰ ਸੁਭੰ। (ਪੱਤਰਾ ੪੨੦)

ਨੀਤੀ-ਸ਼ਾਸਤ੍ਰ

੧. ਸਾਰੁਕਤਾਵਲੀ (ਸੂਕਤਾਵਲੀ) (ਨੰ ×, ਸ਼. ਸਿੰ. ਅ.)

ਲੇਖਕ— ਨਾਮਾਲੂਮ । ਅਨੁਵਾਦਕ—ਪੰਡਿਤ ਹਰਿ ਦਯਾਲ । , ਆਕਾਰ—6½" × 4½", ਲਿਖਤ 5" × 3" ।

ਵੇਰਵਾ— ਪੱਤਰੇ ੨—੩੬; ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਦੇਸੀ; ਪੱਤਰੇ ਪੁਰਾਣੇ ਹੋਣ ਕਰ ਕੇ ਨੁੱਕਰਾਂ ਤੋਂ ਕੁਝ ਫਟੇ ਹੋਏ; ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਬਗ਼ੈਰ ਜਿਲਦ ।

ਸਮਾਂ— ਅਨੁਵਾਦ-ਕਾਲ : ਸੰਮਤ ੧੮੮੦ ਬਿ., ਨਕਲ : ਸੰਮਤ ੧੯੧੧ ਬਿ. । ਲਿਖਾਰੀ—ਨਾਮਾਲੂਮ ।

ਆਰੰਭ– ...(ਮੰ)ਗਲਾਚਰਨ ਕਹੇ ਹੈ ॥ ਛਪੈ ॥

ਧਰਮ ਸਰਬ ਸੁਖ ਖਾਨ, ਜਾਨ ਸਭ ਕੋ ਹਿਤਕਾਰੀ ।
ਧਰਮ ਧਰੈ ਬੁਧਿਮਾਨ, ਨਿਰੰਤਰਿ ਚਿਤ ਮਝਾਰੀ ।
ਧਰਮ ਸੰਤਿ ਸੁਖ ਹੇਤ, ਨਿਖਲ ਕਿਲ ਕਲਮਲ ਖੰਵਤ ।
ਤੀਨ ਦੇਵ ਕੇ ਦੇਸ, ਧਰਮ ਕਰ ਪ੍ਰਾਪਤ ਹੋਂਵਤ ।
ਦਸ ਅਸਟ ਨਰਕ ਕੁਸਟਨ ਬਿਖੈ ਧਰਮ ਬਿਮੁਖ ਨਰ ਨੀਤ ਗਮ ।
ਹੈ ਧਰਮ ਸਾਰੁ ਸੰਸਾਰੁ ਮੈ, ਤਾ ਤੇ ਧਰਮ ਨਮਾਮਿ ਮਮ ॥੭॥ (ਪੱਤਰਾ ੨)

ਅੰਤ— ਸਵੈਯਾ ॥ ਨਹਿ ਸੁਧ ਅਸੁਧ ਕੀ ਸਾਰ ਹੁਤੀ, ਮਮ ਬੁਧ ਅਸੁਧ ਹੁਤੀ ਅਘ ਧਾਮਾ ।
ਹਰਿ ਦਿਆਲ ਵਿਰੁਧ ਜੋ ਹੈ ਵਰਣਾਰਥ, ਸੁਧ ਕਰੌ ਤੁਮ ਹੇ ਕਵਿ ਸ੍ਵਾਮਾ ।
ਨਭ ਨਾਗ ਸਿਧ ਸਸਿ ਸਾਵਣ (ਸੰਮਤ), ਮੰਗਲ ਤਿਥ ਛਠੀ ਪਖ ਸਾਮਾ ।
ਚੂਹਣੀ ਪੁਰ ਮਾਹਿ ਅਰੰਭ ਕਰਜੋ, ਇਤਿ ਸ੍ਰੀ ਲਵ ਧਾਮ 'ਸਭਾ ਜਿਤ' ਨਾਮਾ ॥੨੨॥
ਦੋਹਰਾ ॥ ਨਉਮ ਸਵੈਯੇ ਸੋਰਠਿਕ, ਤ੍ਰਯ ਕਬਿਤ ਲਲਿਤੇਕ ।
ਦੋਹੇ ਪਾਂਚ ਨਰਾਜ ਦੁਇ, ਇਕੀ ਛੰਦ ਬਿਬੇਕ ॥੧॥
ਦੋਹਰਾ ॥ ਇਤ ਸ੍ਰੀ ਸਾਰੁਕਤਾਵਲੀ, ਪੰਦਰਸ ਮਿਸ੍ਰਿਤ ਪਾਠ ।
'ਸਭਾ ਜਿਤ' ਕੇ ਛੰਦ ਸਭ, ਦੋ ਸੈ ਪਾਂਡਵ ਆਠ ॥੨॥੨੫੮॥

ਸੰਮਤ ਉਨੀ ਸੈ ਗਿਯਾਰਾਂ ।੧੯੧੧ । ਪੋਹਿ ਸੁਦੀ (ਇਕਾ)ਦਸੀ ਸੁਕਿਲੁ ਪਖੇ ਸੋਮਵਾਰੇ ਦਸਖਤਿ ਕਬੂਰਾਸੇ, ਪਉਥੀ ਲਿਖੀ ਸੰਤ ਪ੍ਰਗਾਸੇ ॥ (ਪੱਤਰੇ ੩੫-੩੬)

ਸੰਸਕ੍ਰਿਤ ਵਿਚ ਇਸ ਪੁਸਤਕ ਦਾ ਨਾਮ 'ਸੂਕਤਾਵਲੀ' ਹੈ ਤੇ ਭਾਸ਼ਾ ਵਿਚ 'ਸਾਰੁਕਤਾਵਲੀ' ਅਰਥਾਤ—ਸਾਰ(ਸ੍ਰੇਸ਼ਟ) ਉਕਤਿ (ਉਕਤੀਆਂ-ਜੁਗਤੀਆਂ) ਦੀ ਅਵਲੀ (ਲੜੀ, ਭਾਵ-ਸੰਗ੍ਰਹ), ਨੀਤੀ ਪ੍ਰਧਾਨ ਉਕਤੀਆਂ-ਜੁਗਤੀਆਂ ਦਾ ਸੰਗ੍ਰਹ ਹੋਣ ਕਰ ਕੇ ਇਸ ਪੁਸਤਕ ਦਾ ਦੂਜਾ ਨਾਮ 'ਸਭਾਜਿਤ' ਵੀ ਹੈ । ਬਾਬੂ ਤੇਜਾ ਸਿੰਘ (ਸੁਰਗਵਾਸੀ) ਪੰਚ ਖੰਡ, ਭਸੌੜ (ਸੰਗਰੂਰ) ਨੇ ਲਗ ਭਗ ੪੦ ਸਾਲ ਹੋਏ ਇਸ ਪੁਸਤਕ ਦਾ ਇਕ ਸੰਸ਼ੋਧਿਤ ਸੰਸਕਰਣ 'ਬੁੱਧ ਪ੍ਰਕਾਸ਼' ਨਾਮ ਹੇਠ ਛਾਪਿਆ ਸੀ, ਜਿਸ ਵਿਚ ਉਨ੍ਹਾਂ ਨੇ ਕੁਝ ਅਦਲਾ ਬਦਲੀਆਂ ਵੀ ਕੀਤੀਆਂ ਸਨ । ਇਹ ਪੁਸਤਕ ਵੈਸੇ 'ਸਾਰੁਕਤਾਵਲੀ' ਨਾਮ ਹੇਠ ਛਪੀ ਹੋਈ ਵੀ ਮਿਲਦੀ ਹੈ ।

੨. ਸੁਨੀਤਿ ਪ੍ਰਕਾਸ਼ (ਇਖ਼ਲਾਕਿ ਮੁਹਸਨੀ) (ਨੰ. ੭੩੦,ਸੈਂ.ਪ.ਲਾ.)

ਲੇਖਕ— ਵਾਜ਼ ਹੁਸੈਨ-ਉਲ-ਕਾਸ਼ਿਫ਼ੀ । ਅਨੁਵਾਦਕ—ਕਵਿ ਦਲ ਸਿੰਘ, ਪੜ੍ਹ ਪੁੰਡਰੀਕ । ਆਕਾਰ—7" × 10",ਲਿਖਤ 4¾" × 8" ।

ਵੇਰਵਾ— ਪੱਤਰੇ ੧੦੩; ਪ੍ਰਤੀ ਸਫ਼ਾ ੧੭ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ (ਸੁੰਦਰ) ਚੌਕੋਰ ਲਕੀਰਾਂ ਵਾਲਾ; ਸਿਰ ਲੇਖ, ਛੰਦਾਂ ਦੇ ਨਾਮ, ਅੰਕ ਤੇ ਵਿਸ਼੍ਰਾਮ-ਚਿੰਨ੍ਹ ਲਾਲ ਸਿਆਹੀ ਨਾਲ ਲਿਖੇ ਹੋਏ । ਇਸ ਪੁਸਤਕ ਵਿਚ ਇਖ਼ਲਾਕੇ ਮੁਹਸਨੀ ਦੇ ਸਿਰਫ਼ ਤਿੰਨ ਬਾਬ (੪੦, ੪੧ ਤੇ ੪੨) ਹਨ, ਜਿਸ ਕਰ ਕੇ ਅਧੂਰੀ ਹੈ ।

ਸਮਾਂ— ਸੰਮਤ ੧੮੮੧ ਬਿ., ਲਿਪੀ ਕਾਲ-ਸੰਮਤ ੧੯੧੫ ਬਿ. । **ਲਿਖਾਰੀ**— ਪੰਡਿਤ ਬਾਸ ਦੇਵ । **ਸਥਾਨ**—ਪਟਿਆਲਾ ।

ਆਰੰਭ— ੧ੳ ਸਤਿਗੁਰ ਪ੍ਰਸਾਦਿ । ਅਥ ਸੁਨੀਤਿ ਪ੍ਰਕਾਸ ਲਿਖਜਤੇ । ਅਥ ਬਾਬ ਚਾਲੀਸਮੋਂ ਰਾਜਾ ਕੋ ।

ਦੋਹਰਾ ॥ ਸਤਿਗੁਰ ਗੋਬਿੰਦ ਸਿੰਘ ਪਦ, ਬਿੰਦ ਮਨੋਰਥ ਖਾਨ ।

ਰਿੱਧਿ ਸਿੱਧਿ ਨਵਿ ਨਿਧਿ ਦੈ, ਦੇਵਤ ਪਦ ਨਿਰਬਾਨ ॥੧॥ (ਪੱਤਰਾ ੧)

ਅੰਤ— ...ਸਬਦ ਅਰਥ ਕਰਿ ਅਲਪ ਪੁਨ, ਅਧਿਕ ਚੂਕ ਜਹਿ ਹੋਇ ।

ਦਯਾ ਸੁ ਅਪਨੀ ਧਾਰਿ ਚਿਤ, ਸੁਕਵਿ ਸੁਧਾਰੋ ਸੋਇ ॥੪੩॥੬੭੮॥੪੮॥੧੪॥

ਇਤਿ ਸ੍ਰੀ ਸੁਨੀਤਿ ਪ੍ਰਕਾਸ਼ੇ......ਚਤਾਲੀਸਮੋਂ ਧਿਆਇ ਸਮਾਪਤੰ ॥੪੨॥ (ਪੱਤਰਾ ੧੦੩)

ਇਸ ਤੋਂ ਅੱਗੇ ਲਿਖਾਰੀ ਵਲੋਂ ਇਕ ਚੌਪਈ ਤੇ ਇਕ ਦੋਹਰਾ ਹਨ, ਜਿਨ੍ਹਾਂ ਵਿਚ ਉਸ ਦਾ ਨਾਂ, ਥਾਂ ਤੇ ਇਸ ਪ੍ਰਤੀ ਦਾ ਲਿਪੀ-ਕਾਲ ਦਿੱਤਾ ਹੈ ।

੩. ਹਕਾਯਤਾਂ ਲੁਕਮਾਨ ਕੀਆਂ (ਨੰ. ੨੮੨, ਭਾ. ਵਿ.)

ਲੇਖਕ— ਨਾਮਾਲੂਮ । ਆਕਾਰ—$6\frac{1}{2}'' \times 10''$, ਲਿਖਤ $5\frac{1}{2}'' \times 9''$ ।

ਵੇਰਵਾ— ਪੱਤਰੇ ੩੩; ਪ੍ਰਤੀ ਸਫ਼ਾ ਕਿਤੇ ੩੮, ਫੇਰ ੨੦ ਤੇ ਕਿਤੇ ੨੩ ਸਤਰਾਂ; ਕਾਗਜ਼ ਵਿਲਾਇਤੀ; ਸਿਆਹੀ ਕਾਲੀ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਲਿਖਤ ਸਿੱਧੀ ਸਾਦੀ, ਜੋ ਕਿਤੇ ਬਾਰੀਕ ਤੇ ਕਿਤੇ ਮੋਟੀ ਹੈ ਤੇ ਕਈ ਥਾਵੇਂ ਉਰਦੂ ਦੇ ਫ਼ਿਕਰੇ ਵੀ ਹਨ; ਪੁਸਤਕ ਬਗ਼ੈਰ ਜਿਲਦ ਸਾਦੀ ਕਾਪੀ ਦੀ ਸ਼ਕਲ ਵਿਚ ਹੈ ।

ਸਮਾਂ— ਸੱਠ-ਸੱਤਰ ਸਾਲ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—੧ੳ ਸਤਿਨਾਮ । ਕਹਾਨੀਆਂ ਹਕਾਯਤ ਲੁਕਮਾਨ ਕੀਆਂ । ਖੁਲਾਸਾ ਦਫਤਰ ਹਿਕਮਤ ੧ ।

ਏਕ ਲੂਮੜੀ ਅੰਗੂਰ ਕੇ ਬਾਗ ਮੈ ਬੜ ਗਈ । ਬਹੁਤ ਯਤਨ ਕੀਆ ਪਰ ਅੰਗੂਰ ਕੇ ਗੁਛੇ ਤਕ ਹਾਥ ਨਾ ਪਹੁਚਾ ਤੋ ਬੋਲੀ : "ਬਸ ਅਬ ਜਾਨੇ ਦੋ ਅੰਗੂਰ ਤੋਂ ਖਟੇ ਹੈਂ ।

ਦਾਖੇ ਹੱਥ ਨ ਉਪੜੇ ਆਖੇ ਥੂ ਕੌੜੀ ।" ... (ਪੱਤਰਾ ੧)

ਅੰਤ— ... ਜੋ ਕੋਈ ਬਿਨਾ ਬੁਲਾਏ ਜਾਤਾ ਹੈ ਉਸ ਕਾ ਐਸਾ ਹੀ ਹਾਲ ਹੋਤਾ ਹੈ ਜੋ ਉਸ ਕੂਕਰ ਕਾ ਹੁਆ ॥੧੧੩॥ (ਪੱਤਰਾ ੩੦)

ਇਸ ਤੋਂ ਅੱਗੇ ਇਸੇ ਪੱਤਰੇ ਦੇ ਦੂਜੇ ਪਾਸੇ ਤੇ ਪੱਤਰਾ ੩੧ 'ੳ' ਪਰ ਗੁਰਬਾਣੀ ਦੀਆਂ ਚੋਣਵੀਆਂ ਤੁਕਾਂ ਦਰਜ ਹਨ ਤੇ ਫੇਰ ਪੱਤਰਾ ੩੨-੩੩ ਪਰ ਬਾਬਾ ਉਦੇ ਸਿੰਘ ਜੀ ਬੇਦੀ 'ਕਪੂਰਥਲਾ' ਦੇ ਇਕ ਵਜਾਖਜਾਨ ਦੀ ਨਕਲ ਹੈ, ਜੋ ਉਸ ਨੇ ੧੪ ਫੱਗਣ ਸੰਮਤ ੧੯੪੦ ਬਿ. ਨੂੰ ਜਾਲੰਧਰ ਸ. ਬਿਕ੍ਰਮ ਸਿੰਘ ਦੀ ਹਵੇਲੀ ਵਿਚ, ਸ੍ਰੀ ਗੁਰੂ ਸਿੰਘ ਸਭਾ ਦੇ ਇਕੱਠ ਵਿਚ, ਦਿੱਤਾ ਸੀ ।

੪. ਸੁਮਤਿ ਪ੍ਰਕਾਸ਼ (ਅਕਬਰ ਨਾਮਾ) (ਨੰ. ੨੪੩੫, ਸੈਂ. ਪ. ਲਾ.)

ਲੇਖਕ— ਅਬੁਲ ਫ਼ਜ਼ਲ । ਅਨੁਵਾਦਕ-ਕਵੀ ਰਾਮ । ਆਕਾਰ—$13\frac{1}{2}'' \times 11''$, ਲਿਖਤ $10\frac{1}{4}'' \times 8\frac{1}{2}''$ ।

ਵੇਰਵਾ— ਪੱਤਰੇ ੬੨੩; ਪ੍ਰਤੀ ਸਫ਼ਾ ੧੮ ਸਤਰਾਂ; ਕਾਗਜ਼ ਦੇਸੀ (ਸਿਆਲ ਕੋਟੀ), ਪਤਲਾ ਕਿਰਮ ਖ਼ੁਰਦਾ, ਜਿਸ ਕਰ ਕੇ ਥਾਂ ਪਰ ਥਾਂ ਸਫ਼ਿਆਂ ਉਤੇ ਆਰ-ਪਾਰ ਛੇਕ ਪਏ ਹੋਏ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਹਰ ਤਰਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੮੦ ਬਿ. । ਲਿਖਾਰੀ-ਨਾਮਾਲੂਮ । ਸਥਾਨ-ਕਪੂਰਥਲਾ (ਪੰਜਾਬ) ।

ਆਰੰਭ— ੧ੳ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਇ ਨਮ: । ਅਥ ਸੁਮਤਿ ਪ੍ਰਕਾਸ ਗ੍ਰਿੰਥ ਭਾਖਾ ਅਕਬਰ ਨਾਮੇ ਕੀ ਲਿਖਜਤੇ ।

ਮੰਗਲਾਚਰਨ ॥ ਕਬਿਤ ॥

ਉਮਾ ਸੀ ਉਮਾ ਸੀ ਉਮਾ ਅੰਗਨਿ ਕੇ ਰੰਗਨਿ ਕੀ... (ਪੱਤਰਾ ੧)

ਇਕ ਦਿਨ ਨ੍ਰਿਪ ਰਾਜਤ ਭਦ੍ਰਾਸਨ । ਕਵਿ ਬੁਧ ਸਚਿਵਨਿ ਸਭਾ ਸਦਨਿ ਸਨ ।

ਤਿਨ ਮੈ ਇਮ ਸੋਹਤ ਗੁਨ ਪੂਰੋ । ਸੁਰਨ ਕਲਤ ਸੁਰਪਤਿ ਜਨੁ ਰੂਰੋ ॥੧੯॥

ਚੁਲਿਯਾਲਾ ਛੰਦ ॥

ਵਾ ਦਿਨ ਅਕਬਰ ਸਾਹ ਕੇ ਬਾਤਨ ਬੀਚ ਪ੍ਰਸੰਗ ਚਲੇ ਨਵ ।

ਭਾਗ ਦੇਸ ਦਲ ਜੇ ਹੁਕਮ ਬਕਸਸ ਕੋਸ ਅਈਨ ਰੋਸ ਭਵ ॥੨੦॥

ਦੋਹਰਾ ॥ ਤਬ ਸਨ ਸੁਨ ਮਹਾਰਾਜ ਕੇ, ਬਢੀ ਚਾਹ ਯਹ ਚਿੱਤ ।

ਹਮ ਅਕਬਰ ਨਾਮਾ ਕਰੈਂ, ਭਾਖਾ ਰੁਚਿਰ ਕਬਿੱਤ ॥੨੧॥..
ਜਦਜਪਿ ਆਪ ਹੁਤੇ ਬਿਦਤ ਅਤਿ ਪਾਰਸੀ ਪ੍ਰਬੀਨ ।
ਤਦਜਪਿ ਔਰੁਨ ਕੇ ਨਿਮਿਤ, ਦਿਢ ਸੰਕਲਪ ਚਿਤ ਕੀਨ ॥੨੨॥...
ਰਹੇ ਕਠਿਨ ਕੀਨੇ ਕਬਿੱਤ, ਤਬ ਯਹ ਭਈ ਬਿਚਾਰ ।
ਰਚੇਂ ਸੁਗਮ ਕਰਿ ਬਚਨਿਕਾ, ਨਿਜ ਭਾਖਾ* ਮੈ ਡਾਰ ॥੨੩॥..
ਪ੍ਰਸਨ ਸਤਕ ਰਸ ਗ੍ਰੰਥ ਨਵ, ਰਚਿਤ ਹੁਤੇ ਤਿਹ ਕਾਲ ।
ਯਾ ਤੇ ਯਹ ਕਬਿ ਰਾਮ ਕੋ, ਸੌਂਪਿਓ ਕਾਮ ਭੂਆਲ ॥੨੪॥...
ਕਹੂੰ ਕਹੂੰ ਬਰ ਪਦਨਿ ਰਚ, ਨ੍ਰਿਪ ਹੂੰ ਧਰੇ ਕਬਿੱਤ ।
ਨਾਮ ਫਤੇ ਮ੍ਰਿਗਰਾਜ ਤੇ, ਸਮਝਹੁ ਕਬਿ ਦੇ ਚਿੱਤ ॥੨੫॥...
ਯਾਹਿ ਪਢੈਂ ਅਤਿ ਮਤਿ ਬਢੈ, ਹ੍ਵੈ ਦ੍ਰਿਢ ਹਰਿ ਪਦ ਆਸ ।
ਯਾ ਤੇ ਯਾ ਕੋ ਨਾਮ ਹਮ, ਰਾਖਿਓ 'ਸੁਮਤਿ ਪ੍ਰਕਾਸ' ॥੨੬॥
ਕਛੁਕ ਲਿਖੇ ਸੰਛੇਪ ਕਰਿ, ਕਛੁ ਪੂਰਨ ਕਛੁ ਤਿਆਗ ।
ਅਪਰ ਕਿਤਾਬਨਿ ਤੇ ਕਛੁਕ, ਬਨਤ ਪ੍ਰਸੰਗ ਸਭਾਗ ॥੨੭॥

ਬਚਿਨਕਾ । ਜੇੜੇ ਦਾਨਾਇ ਦੂਰਬੀਨ ਤੇਜ ਹੋਸ਼ ਹੈਨ ਉਨ੍ਹਾਂ ਨੂੰ ਏਹ ਬਾਤ ਜ਼ਾਹਰ ਹੋਵੇ ਜੋ ਅਕਬਰ ਨਾਮੇ ਦੀ ਕਿਤਾਬ ਬਡੀ ਮੁਸਕਲ ਹੈ ।......ਲੋਕਾ ਨੂੰ ਫੈਜ ਪਹੁਚਾਉਣੇ ਵਾਸਤੇ ਅਕਬਰ ਨਾਮੇ ਫਾਰਸੀ ਦੇ ਤੇ ਹਿੰਦੀ† ਵਿਚ ਪੋਥੀ ਉਲਟਾਈ ਹੈ । ਖੁਲਾਸੈ ਤਵਾਰੀਖ ਅਰੁ ਤਬਕਾਤ ਅਕਬਰੀ ਅਰੁ ਇਕਬਾਲ ਨਾਮਹਿ ਵਿਚੋਂ ਭੀ ਜੇੜ੍ਹੀਆ ਬਾਤਾ ਮੁਨਾਸਬ ਸਮਝੀਆ ਸੋ ਭੀ ਇਸ ਵਿਚ ਦਾਖਲ ਕੀਤੀਆਂ ਹੈਨ । (ਪੱਤਰਾ ੨)

ਅੰਤ— ਸੇਖ ਕਤਬ ਦੀਨ ਨੂੰ, ਜੋ ਦੋਹਤਾ ਸੇਖ ਸਲੀਮ ਫਤੇ ਪੁਰੀ ਦਾ ਅਰੁ ਕੋਕਾ, ਇਸ ਬਾਦਸਾਹ ਦਾ ਹੈ ਸਾ, ਸੋ ਉਸ ਨੂੰ ਕੁਤਬ ਦੀਨ ਖਾਂ ਦਾ ਖਿਤਾਬ ਬਖਸਿਆ । (ਪੱਤਰਾ ੬੨੨)

ਇਸ ਤੋਂ ਪਿਛੋਂ ਸ਼ਾਹ ਜਹਾਂਗੀਰ, ਸ਼ਾਹ ਜਹਾਂ, ਔਰੰਗਜ਼ੇਬ, ਬਹਾਦੁਰ ਸ਼ਾਹ, ਜਹਾਂਦਾਰ ਸ਼ਾਹ, ਫ਼ਲਕ ਸ਼ੇਰ ਬਹਾਦੁਰ ਸ਼ਾਹ, ਰਫ਼ੀਉੱਦਰਜਾਤ, ਰਫ਼ੀਉੱਦੌਲਾ, ਮੁਹੰਮਦ ਸ਼ਾਹ, ਅਹਿਮਦ ਸ਼ਾਹ, ਆਲਮਗੀਰ ਸਾਨੀ ਤੇ ਅਕਬਰ ਸਾਨੀ ਮੁਗ਼ਲ ਬਾਦਸ਼ਾਹਾਂ ਦੇ ਹਕੂਮਤ ਦੇ ਸਾਲ ਦਿੱਤੇ ਹਨ ।

(ਨੰ. ੭੨੩, ਸੈਂ. ਪ. ਲਾ.)

੫. ਹਿਤ ਉਪਦੇਸ਼ (ਨਾ-ਮੁਕੰਮਲ)

ਲੇਖਕ— ਪੰਡਿਤ ਨਾਰਾਇਣ ਸ਼ਰਮਾ । ਅਨੁਵਾਦਕ—ਕਵਿ ਤਨ ਸੁਖ, ਲਾਹੌਰੀ । ਆਕਾਰ—6½" × 5¼", ਲਿਖਤ 4½" × 3"।

ਵੇਰਵਾ- ਪੱਤਰੇ ੧੩੬; ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ,ਸਾਦਾ ਲਾਲ ਲਕੀਰਾਂ ਵਾਲ਼ਾ; ਪੁਸਤਕ ਸਜਿਲਦ, ਪਰ ਇਸ ਵਿਚ ਮਿਤ੍ਰ ਲਾਭ ਅਤੇ ਮਿਤ੍ਰ ਭੇਦ ਨਾਮੀ ਦੋ ਕਥਾਵਾਂ ਮੌਜੂਦ ਹਨ ਤੇ ਬਾਕੀ ਦੋ ਕਥਾਵਾਂ ਬਿਗ੍ਰਹ ਅਤੇ ਸੰਧੀ ਦੀਆਂ ਇਸ ਵਿਚ ਨਹੀਂ ਹਨ, ਜਿਸ ਕਰ ਕੇ ਇਹ ਖਰੜਾ ਅਧੂਰਾ ਹੈ।

ਸਮਾਂ— ਮਾਲੂਮ ਨਹੀਂ । ਲਿਖਾਰੀ—ਅਗਜਾਤ।

ਆਰੰਭ- ੧ਓ ਸਤਿਗੁਰ ਪ੍ਰਸਾਦਿ । ਅਬ ਹਿਤ ਉਤਦੇਸ਼ ਰਾਜਨੀਤਿ ਭਾਖਾ ਲਿਖਯਤੇ ।
ਚੌ ॥ ਪ੍ਰਥਮ ਅਰਾਧੌ ਏਕੰਕਾਰਾ । ਜਗਤਿ ਸਾਜਿ ਜਿਹ ਕੀਆ ਪਸਾਰਾ ।... (ਪੱਤਰਾ ੧)

ਅੰਤ— ...ਦਮਣਕ ਕਹਾ ਬੰਧ ਸੇਤੀ ਕਹਜੋ ! ਕੈਸੇ ਕਹਿ ਤੀਨੋ ਸੁਖ ਲਹਜੋ।
ਸੁਨਹੁ ਬੀਰ ਧਰਹੁ ਸਭਿ ਕਾਨ । ਆਦਿ ਅੰਤ ਸਭ ਕਰੌ ਬਖਾਨ ॥੫੫॥ (ਪੱਤਰਾ ੧੩੬)

(ਨੰ. ੩੭੦, ਭਾ. ਵਿ.)

੬. ਹਿਤੋਪਦੇਸ਼ ਭਾਖਾ

ਲੇਖਕ- ਪੰ. ਨਾਰਾਇਣ ਸ਼ਰਮਾ । ਅਨੁਵਾਦਕ—ਕਵੀ ਤਨ ਸੁਖ, ਲਾਹੌਰੀ । ਆਕਾਰ—5½" × 9¾", ਲਿਖਤ 3½" × 6½" ।

ਵੇਰਵਾ— ਪੱਤਰੇ ੧੫੧; ਪ੍ਰਤੀ ਸਫ਼ਾ ੨੩ ਸਤਰਾਂ; ਕਾਗ਼ਜ਼ ਦੇਸੀ ਕਿਰਮ ਖ਼ੁਰਦਾ, ਜਿਸ ਕਰ ਕੇ ਸਫ਼ਿਆਂ ਉਤੇ ਥਾਂ ਪਰ ਥਾਂ ਛੇਕ ਪਏ ਹੋਏ ਤੇ ਮੁੱਢ ਵਿਚੋਂ ਪੱਤਰੇ ੧ ਤੋਂ ੮੧ ਤਕ ਕਟੇ ਹੋਏ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਜਿਲਦ ਟੁੱਟਣ ਕਰ ਕੇ ਕੁਝ ਪੱਤਰੇ ਹੇਠੋਂ-ਉਤੋਂ ਜਾਂ ਪਾਸਿਆਂ ਤੋਂ ਫਟੇ ਹੋਏ ਤੇ ਪੁਸਤਕ ਖ਼ਸਤਾ ਹਾਲਤ ਵਿਚ ਹੈ ।

*ਆਪਣੀ ਭਾਖਾ, ਅਰਥਾਤ-ਪੰਜਾਬੀ ਬੋਲੀ । † ਪੰਜਾਬੀ ।

ਸਮਾਂ— ੩੦ ਜੇਠ, ਸੰਮਤ ੧੯੯੯ ਬਿ. । ਲਿਖਾਰੀ—ਭਾਈ ਮੋਹਰ ਸਿੰਘ, ਵਟਾਲੀਆ । ਸਥਾਨ—ਵਟਾਲਾ (ਗੁਰਦਾਸ ਪੁਰ) ।

ਆਰੰਭ—੧ਓ ਸਤਿਗੁਰ ਪ੍ਰਸਾਦਿ। ਅਥ ਹਿਤ ਉਪਦੇਸ ਸੁਰਜੀਤ ਰਾਜਨੀਤਿ ਭਾਖਾ ਲਿਖਤੇ ॥ ਚੌਪਈ ॥
ਪ੍ਰਥਮ ਅਰਾਧੋਂ ਏਕੰਕਾਰਾ । ਜਗਤਿ ਸਾਜ ਜਿਨ ਕੀਆ ਪਸਾਰਾ ।... (ਪੱਤਰਾ ੧)

ਅੰਤ— ...ਜੈਸੀ ਹਿਰਦੇ ਬੁਧਿ ਹੈ, ਤੈਸੋ ਕਹੋਂ ਸੁਨਾਯ ।
ਅਛਰ ਕੀ ਜਹ ਟੂਟ ਹੁਇ, ਪੜੀਅਹੁ ਗੁਨੀ ਬਨਾਇ ॥੩੩੩॥
ਇਤਿ ਸ੍ਰੀ ਹਿਤ ਉਪਦੇਸ ਸੰਪੂਰਣੇ । ਸੰਮਤ ੧੯੯੯ ਜੇਠ ਦਿਨ ੩੦ ਗਏ ਲਿਖੀ ਭਾਈ ਮੋਹਰ ਸਿੰਘ ਵਟਾਲੀਏ, ਵਿਚ ਵਟਾਲੇ ਦੇ । (ਪੱਤਰਾ ੧੫੧)

ਇਸ ਪੁਸਤਕ ਵਿਚ ਚਾਰ ਤੰਤ੍ਰ ਹਨ :—

(੧) ਮਿਤ੍ਰ ਲਾਭ ਪੱਤਰੇ ੧— ੩੬
(੨) ਮਿਤ੍ਰ ਭੇਦ ,, ੩੬— ੮੦
(੩) ਕਥਾ ਬਿਗ੍ਰਹ ਕੀ ,, ੮੦—੧੧੭
(੪) ਕਥਾ ਸੰਧੀ ਕੀ ,, ੧੧੭—੧੫੧

੭. ਕੁੰਡਲੀਏ ਗਿਰਿਧਰ ਦਾਸ ਜੀ ਕੇ (ਨੰ. ੩੦੫, ਭਾ. ਵਿ.)

ਲੇਖਕ- ਗਿਰਿਧਰ ਦਾਸ । ਆਕਾਰ—$7\frac{1}{4}'' \times 5\frac{1}{2}''$, ਲਿਖਤ $\times 6'' \times 4\frac{1}{4}''$ ।

ਵੇਰਵਾ ਪੱਤਰੇ ੩੪; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਅੰਬਰੀ ਰੰਗ ਦਾ ਵਿਲਾਇਤੀ; ਲਿਖਤ ਸਿੱਧੀ ਸਾਦੀ, ਜੋ ਕਿਤੇ ਕਿਤੇ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰਾ ੧੪ ਤਕ ਸਫ਼ੇ ਲਿਖ ਕੇ ਕੱਟੇ ਹੋਏ ।

ਸਮਾਂ— ਪੁਸਤਕ ੭੦—੮੦ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ— ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ ॥ ਕੁੰਡਲੀਏ ॥ ਪੋਲ ਨਿਕਾਸਜੈ ਜਗਤ ਕੋ ...। (ਪੱਤਰਾ ੧)

ਅੰਤ— ...ਅਸਲੀ ਬਸਤੂ ਏਕ ਹੈ, ਅਧਯਾਰੋਪਹਿ ਦੋਇ ।
ਅਪਵਾਦ ਕੀਏ ਫਿਰ ਏਕ ਹੈ, ਐਸਾ ਸਮਝੈ ਜੋਇ ।
ਐਸਾ ਸਮਝੈ ਜੋਇ, ਸੋਈ ਨਰ ਕਹੀਏ ਦਾਨਾ ।
ਨਿਜ ਸਰੂਪ ਵਿਵੇਕ ਨ ਜਿਸ ਕੋ ਭਾਸੈ ਆਨਾ ।
ਕਹਿ ਗਿਰਿਧਰ ਕਵਿ ਰਾਯ, ਤਯਾਗ ਕਰ ਮਸਲੇ ਮਸਲੀ ।
ਸੋਈ ਚੀਜ ਨਿਰੋ ? ਸ਼ੀਘਰ ਜੋ ਹੈ ਅਸਲੀ ॥੧੭੮॥ (ਪੱਤਰਾ ੩੩)
(ਅੱਗੇ ਹੋਰ ਕਲਮ ਨਾਲ)
ਕਹ ਗਿਰਿਧਰ ਕਵਿ ਰਾਇ ਆਪ ਜਬ ਬਣੈ ਨ ਗੋਰੀ ।
ਸਰਬ ਜਗਤ ਹੋਇ ਮਿਤ੍ਰ, ਫੇਰ ਕੋਈ ਰਹੇ ਨ ਬੈਰੀ ।
ਕਬਿਤ ॥ ਸਰਲ ਕੂ ਸਠ ਕਹੈ, ਬਕਤਾ ਕੂ ਢੀਠ ਕਹੈ,
ਬਿਨੋ ਕਰੇ ਵਾ ਕੂ ਕਹੈਂ ਧਨ ਕੇ ਅਧੀਨ ਹੈ ।
ਦਮੀ ਕੂ ਅਦਿਤੀ ਕਹੈ, ਛਿਮੀ ਕੂ ਅਬਲੀ ਕਹੈ,
ਮਧੁਰ ਬਚਨ ਬੋਲੇ ਵਾ ਕੂ ਕਹੈ ਦੀਨ ਹੈ ।
ਧਰਮੀ ਕੂ ਦੰਭੀ ਨਿਸਪ੍ਰੇਹੀ ਕੂ ਗੁਮਾਨੀ ਕਹੈ,
ਤ੍ਰਿਸਨਾ ਘਟਾਵੈ ਵਾ ਕੂ ਕਹੈ ਭਾਗ ਹੀਨ ਹੈ ।
ਜਹਾ ਸਾਧੂ ਗਨ ਦੇਖੈ ਤਾਹੀ ਕੂ ਲਗਾਵੈ ਦੋਸ,
ਐਸੋ ਕਛੂ ਦੁਸਟਨ ਕੋ ਹਿਰਦੋ ਮਲੀਨ ਹੈ ॥ (ਪੱਤਰਾ ੩੪)
ਇਹ ਅੰਤਲਾ ਕਬਿੱਤ ਕਵਿ ਗਿਰਿਧਰ ਦੀ ਕ੍ਰਿਤਿ ਨਹੀਂ ਜਾਪਦਾ ।

੮. ਚਣਾਕਾ ਸ਼ਾਸਤ੍ਰ ਭਾਖਾ (ਨੰ. ੭੩੬, ਸੈਂ. ਪ. ਲਾ)

ਲੇਖਕ—ਕਵਿ ਸੈਨਾਪਤਿ । ਆਕਾਰ—$6'' \times 3''$, ਲਿਖਤ $4\frac{1}{4}'' \times 2\frac{1}{4}''$ ।

ਵੇਰਵਾ— ਪੱਤਰੇ ੪੩; ਪ੍ਰਤੀ ਸਫ਼ਾ ੬ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਾਈ ਸਾਫ਼ ਤੇ ਸ਼ੁੱਧ; ਸਿਰ ਲੇਖ ਤੇ ਛੰਦਾਂ ਦੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਹਾਸ਼ੀਆ ਸਾਦਾ ਕਾਲੀਆਂ ਲਕੀਰਾਂ ਵਾਲਾ; ਪੁਸਤਕ ਸਜਿਲਦ ।

ਸਮਾਂ— ਅਠਾਰ੍ਹਵੀਂ ਸਦੀ ਬਿਕ੍ਰਮੀ ਦਾ ਮੱਧ ਕਾਲ । ਲਿਖਾਰੀ—ਨਾਮਾਲੂਮ ।

ਆਰੰਭ—੧ਓ ਸ੍ਰੀ ਗਣੇਸਾਇ ਨਮਹ । ਅਥ ਚਣਾਕਾ ਸਾਸਤ੍ਰ ਭਾਖਾ ਲਿਖਤੇ ।
ਦੋਹਰਾ ॥ ਪ੍ਰਣਤ ਹੋ ਸ੍ਰੀ ਬਿਸਨ ਕੌ, ਜੋ ਤ੍ਰਿਲੋਕ ਕੋ ਰਾਇ ।
ਚਾਣਾਕੇ ਭਾਖਾ ਕਰੌ ਜੌ ਤੁਮ ਹੋਹੁ ਸਹਾਇ ॥੧॥ (ਪੱਤਰਾ ੧)

ਅੰਤ— ...ਗੁਰ ਗੋਬਿੰਦ ਕੀ ਸਭਾ ਮੈ, ਲੇਖਕ ਪਰਮ ਸੁਜਾਨ ।
ਚਾਣਾਕੇ ਭਾਖਾ ਕਰੀ, ਕਵਿ ਸੈਨਾਪਤਿ ਨਾਮ ॥੧੧॥
ਇਤਿ ਬ੍ਰਿਧ ਚਣਾਕਾ ਭਾਖਾ ਖੋੜਸ ਧਿਆਇ ਸਮਾਪਤੇ ॥੧੬॥ ਸੁਭਮਸਤੁ ॥
ਦੋਹਰਾ ॥ ਕਵਨ ਸਰੋਵਰ ਪਾਲ ਬਿਨ, ਕਵਨ ਮੂਲ ਬਿਨ ਡਾਲ ।
ਕਵਨ ਪਖੇਰੂ ਪਰ ਬਿਨਾ, ਕਵਨ ਮੌਤ ਬਿਨ ਕਾਲ ॥
ਮਨਹੁ ਸਰੋਵਰ ਪਾਲ ਬਿਨ, ਵਿਦ ਮੂਲ ਬਿਨ ਡਾਲ ।
ਸੁਰਤ ਪਖੇਰੂ ਪਰ ਬਿਨਾ, ਨੀਂਦ ਮੌਤ ਬਿਨ ਕਾਲ ॥
ਸ੍ਰੀ ਰਾਮ ਰਾਜਾ ਤੂੰ ਹੀ ਗੋਬਿੰਦ । (ਪੱਤਰੇ ੪੨-੪੩)

ਹੱਥ-ਲਿਖਤ ਨੰ. ੭੩੮, ੭੩੯ ਦੇ ਬਸਤੇ ਵਿਚ ਇਸੇ ਚਾਣਕਜ ਨੀਤੀ ਦੇ ਦੋ ਹੋਰ ਨੁਸਖ਼ੇ ਵੀ ਹਨ, ਪਰ ਉਹ ਸਾਧਾਰਣ ਜਿਹੀ ਲਿਖਾਈ ਦੇ ਨਮੂਨੇ ਹੋਣ ਕਰ ਕੇ ਏਨੇ ਪ੍ਰਮਾਣਿਕ ਨਹੀਂ ਕਹੇ ਜਾ ਸਕਦੇ ।

੯. ਚੰਡਾਲ ਨਰ (ਸ਼ੁਭ ਅਸ਼ੁਭ ਕਰਮ ਆਦਿ) (ਨੰ. ×, ਡਾ. ਗੰ. ਸਿੰ.)

ਲੇਖਕ— ਭਾਈ ਪੰਜਾਬ ਸਿੰਘ, ਬਹਿਲੋ ਕਾ । ਆਕਾਰ—$5\frac{1}{4}'' \times 8\frac{1}{4}'$, ਲਿਖਤ $5'' \times 7\frac{1}{4}''$ ।

ਵੇਰਵਾ— ਪੱਤਰੇ ੩੨, ਪਰ ਵਿਚਕਾਰੋਂ ਪੱਤਰਾ ੪ ਤੋਂ ੨੯ ਤਕ ੨੫ ਪੱਤਰੇ ਗੁਮ; ਪ੍ਰਤੀ ਸਫ਼ਾ ੧੯ ਸਤਰਾਂ; ਕਾਗ਼ਜ਼ ਦੇਸੀ (ਮੋਟਾ) ਬਹੀਆਂ ਵਾਲਾ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ ਖੁਲ੍ਹੇ ਪੱਤਰਿਆਂ ਦੀ ।

ਸਮਾਂ— ੧੯ਵੀਂ ਸਦੀ ਬਿ. । ਲਿਖਾਰੀ— ਲੇਖਕ ਖ਼ੁਦ ।

ਆਰੰਭ— ੧ਓ ਅਥ ਚੰਡਾਲ ਨਰ ਬਰਨਨੰ ॥ ਛਪਯ ॥
ਲਖਤ ਨ ਸਤਿ ਭਗਵਾਨ, ਬਹੁਰ ਗੁਰ ਸੇਵ ਨ ਕਰਤੇ ।
ਬ੍ਰਿਧ ਭਏ ਪਿਤ ਮਾਤ, ਤਾਸ ਕੀ ਟਹਲ ਨ ਧਰਤੇ । -
ਪਤਿਬ੍ਰਤ ਹੋਵੈ ਨਾਰ, ਤਾਸ ਕੋ ਕਰੈ ਦੁਖਾਰੀ ।
ਸਦਨ ਨਾਰ ਹੈ ਦੋਇ ਏਕ ਹਿਤੁ ਰਾਖੈ ਭਾਰੀ ।
ਤਜਹ ਨਾਰ ਅਪਰਾਧ ਬਿਨੁ, ਵਹੀ ਕੰਦ ਮੂਲ ਭਖਨੁ ਕਰੈ ।
ਵਹੀ ਪ੍ਰਗਟ ਚੰਡਾਲ ਜਗ, ਕਵਿ 'ਪੰਜਾਬ ਕੇਹਰੁ' ਰਰੈ ॥੧॥ (ਪੱਤਰਾ ੧)

ਅੰਤ— ...ਹੇ ਪਿਤ ! ਤੇਰੀ ਕਹੀ ਸਾਚ ਸਭ ਜਾਨੂ ।
ਅਬ ਸਾਧਨ ਸਬ ਤੋਹ ਬਖਾਨੂ ।
ਸਾਰ ਬਾਤ ਜਗਜਾਸੀ ਕਾਰਣ ।
ਜਨ 'ਪੰਜਾਬ ਹਰਿ' ਕਰਤ ਉਚਾਰਣ ॥੧੧੭॥ (ਪੱਤਰਾ ੩੨)
ਅਥ ਸਾਧਨ ਬਰਨਨੰ ।...

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਅੰਤਲਾ ਪਾਠ ਇਸ ਹੱਥ-ਲਿਖਤ ਦਾ ਨਹੀਂ ਮਿਲਦਾ । (ਨੰ. × ਕ. ਸਿੰ. ਗੁੰ.)

੧੦. ਬੁੱਧ ਸਾਗਰ

ਲੇਖਕ- ਕਵੀ ਜਾਨ, ਕ਼ਾਯਮ ਖ਼ਾਨੀ । ਆਕਾਰ—$6\frac{3}{4}'' \times 5\frac{1}{2}''$, ਲਿਖਤ $5\frac{1}{2}'' \times 4''$ ।

ਵੇਰਵਾ—ਪੱਤਰੇ ੫+੨੬੯=੨੭੪; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ;

ਕਾਗਜ਼ ਕੁਝ ਕਿਰਮ ਖ਼ੁਰਦਾ, ਜਿਸ ਕਰ ਕੇ ਹਾਸ਼ੀਏ ਦੇ ਸੱਜੇ ਪਾਸਿਓਂ ਸਾਰੀ ਪੁਸਤਕ ਦਾ ਕੁਝ ਭਾਗ ਕੱਟਿਆ ਹੋਇਆ; ਸਿਰ ਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਰਚਨਾ ਕਾਲ: ਸੰਮਤ ੧੬੫੫ ਬਿ., ਨਕਲ ਸੰਮਤ ੧੭੭੫ ਬਿ.। ਲਿਖਾਰੀ— ਸੈਣਾ, ਮਾਨ।

ਆਰੰਭ— (ਮੁੱਢ ਵਿਚ ਤਤਕਰੇ ਦੇ ੫ ਪੱਤਰੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ ।...ਸ੍ਰੀ ਗਣੇਸਾਇ ਨਮ: । ਅਥ ਬੁਧ ਸਾਗਰ ਲਿਖ੍ਯਤੇ ।
ਕ੍ਰਿਤ ਕਵਿ ਜਾਨ ਕਾਯਮ ਖਾਨੀ ॥ ਚੌਪਈ ॥
ਲੀਜੈ ਆਦਿ ਅਗੋਚਰ ਨਾਮ । ਤੌ ਸਭ ਪੂਜੈ ਮਨਸਾ ਰਾਮ ।... (ਪੱਤਰਾ ੧)

ਅੰਤ— ...ਸੋਰਹ ਸੈ ਪੰਚਾਵਨੇ, ਸੰਬਤ ਹੋ ਦਿਨ ਭਾਨ ।
ਅਗਹਿ ਸੂਚ ਭਰਸਾਹੁਤੀ, ਗ੍ਰੰਥ ਕੀਓ ਕਵਿ ਜਾਨ ॥ ੧੦੧੮ ॥

ਇਤਿ ਸ੍ਰੀ ਬੁਧਿ ਸਾਗਰ ਗ੍ਰੰਥ ਸੰਪੂਰਨੰ । ਸੁਭਮਸਤੁ । ਲਿਖਤੰ ਸੈਣਾ ਮਾਨ ਸੰਬਤੁ ॥ ੧੭੭੫ ॥ ਪੋਥੀ ਬੁਧ ਸਾਗਰ ਗ੍ਰੰਥ ਦੀ ਸਪੂਰਨੁ ਹੋਈ। ਜੇਠ ਸੁਦੀ ਦਸਮੀ, ਛਨਿਛਰ ਵਾਰ। (ਪੱਤਰਾ ੨੬੯)

(ਨੰ. ×, ਸ਼. ਸਿ. ਅ.)

੧੧. ਮੂਰਖ ਸ਼ਤਕ

ਲੇਖਕ— ਕਵੀ ਸਾਹਿਬ ਸਿੰਘ, ਮ੍ਰਿਗਿੰਦ। ਆਕਾਰ—7″ × 4½″, ਲਿਖਤ 6″ × 4″ ।

ਵੇਰਵਾ— ਪੱਤਰੇ ੧੩; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਵਿਲਾਇਤੀ; ਹਾਸ਼ੀਆ ਚੌਕੋਰ ਰੰਗੀਨ ਲਕੀਰਾਂ ਵਾਲਾ; ਲਿਖਤ ਸਿੱਧੀ ਸਾਦੀ; ਛੰਦਾਂ ਦੇ ਨਾਮ, ਅੰਕ ਤੇ ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਿੱਧੀ ਸਾਦੀ ਕਾਪੀ ਦੀ ਸ਼ਕਲ ਵਿਚ, ਜੋ ਏਨੀ ਪੁਰਾਣੀ ਨਹੀਂ ਹੈ।

ਸਮਾਂ— ੨੦ ਵੀਂ ਸਦੀ ਬਿ.। ਲਿਖਾਰੀ—ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ। ਅਥ ਮੂਰਖ ਸ਼ਤਕ ਲਿਖ੍ਯਤੇ ਕ੍ਰਿਤ ਕਵੀ ਸਾਹਿਬ ਮ੍ਰਿਗਿੰਦ ।
ਦੋਹਰਾ ॥ ਸੁਣ ਛਿਤਿ ਪਤਿ ਯਹ ਮੂਢ ਸ਼ਤ, ਬਰਜਤ ਬਿਪਤਿ ਨਿਕੇਤ।
ਜਿਨ ਤਜ ਜਗ ਰਾਜਤ ਪ੍ਰਭਾ, ਜਿਮ ਅਦੋਖ ਮਣਿ ਸੇਤ ॥ ੧ ॥
ਜੋ ਸਮਰਥ ਹੈ ਸਰਬ ਬਿਧਿ, ਸੈਨ ਕੋਸ਼ ਬਲ ਅੰਗ।
ਤਜ ਉੱਦਮ ਸੋਵਤ ਪਰਜੋ, ਤਿਹ ਜਾਨੋ ਮਤਿ ਭੰਗ ॥ ੨ ॥
ਸੁਜਨ ਸਭਾ ਮੈਂ ਬੈਠ ਕਰਿ, ਆਪਨ ਕਰਤ ਬਖਾਨ ।
ਨਿਜ ਉਸਤਤਿ ਕਰ ਨਿੰਦ ਸਮ, ਮੂਢ ਠ ਕਰਤ ਗਿਲਾਨ ॥ ੩ ॥
ਨਖ ਸ਼ਿਖ ਬੇਸ਼ਜਾ ਬਿਖ ਭਰੀ, ਕਪਟ ਕੂੜ ਕੋ ਕੂਪ।
ਤਾ ਕੋ ਬਚਨ ਬਿਸਾਸ ਜੋ, ਸੋ ਮੂਢਨ ਸਿਰ ਭੂਪ ॥ ੪ ॥
ਜਗ ਜਸ ਬਡਿਆਈ ਚਹੈ, ਦੰਭ ਅਡੰਬਰ ਧਾਰ ।
ਯਹ ਪ੍ਰਤੀਤ ਜਾ ਕੇ ਹਿਯੇ, ਸੋ ਮੂਢਨ ਸਿਰਦਾਰ ॥ ੫ ॥ (ਪੱਤਰਾ ੧)

ਅੰਤ— ਗਈ ਬਸਤੁ ਕੀ ਚਿੰਤ ਧਰ, ਪੁਨਿ ਪੁਨਿ ਚਿਤ ਪਛੁਤਾਇ ।
ਬਸਤੁ ਮਿਲੈ ਨਹਿ, ਤਨ ਘਟੈ, ਮੂਰਖ ਹੋਤ ਹਸਾਇ ॥ ੯੯ ॥
ਹੋਨਹਾਰ ਕੀ ਪ੍ਰਬਲਤਾ, ਲਖ ਸੁਨ ਨਿਜ ਪਤਿਆਇ ।
ਪੁਨਿ ਤਾ ਕੇ ਨਿਰਵਾਰ ਮਹਿ, ਮੂਰਖ ਜਤਨ ਕਰਾਇ ॥ ੧੦੦ ॥
ਕਵਿ ਮ੍ਰਿਗਿੰਦ ਯਹਿ ਮੂਢ ਸ਼ਤ, ਕੰਠ ਕਰਹਿ ਜੋ ਧੀਰ ।
ਨਿਜ ਮੂਰਖਤਾ ਤਜ ਤੁਰਤ, ਲਹੈ ਚਤੁਰਤਾ ਬੀਰ ॥ ੧੦੧ ॥
ਇਤਿ ਸ੍ਰੀ ਮੂਰਖ ਸ਼ਤਕ ਸਮਾਪਤੰ ਸੁਭੰ । (ਪੱਤਰਾ ੧੩)

੧੨. ਰਾਜ ਨੀਤਿ

(ਨੰ. ੨੭੬, ਭਾ. ਵਿ.)

ਲੇਖਕ—ਕਵੀ ਦੇਵੀ ਦਾਸ। ਆਕਾਰ—6¼″ × 9½″; ਲਿਖਤ 4¾″ × 7¾″।

ਵੇਰਵਾ— ਪੱਤਰੇ ੧੬; ਪ੍ਰਤੀ ਸਫ਼ਾ ੧੯ ਸਤਰਾਂ; ਕਾਗਜ਼ ਦੇਸੀ; ਪੱਤਰੇ ਕੁਝ ਕਿਰਮ ਖ਼ੁਰਦਾ, ਜਿਸ ਕਰ ਕੇ ਕਈ ਥਾਵੀਂ ਛੇਕ ਪਏ ਹੋਏ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਹਾਸ਼ੀਏ ਉਤੇ ਅਤੇ ਅਸਲ ਲਿਖਤ ਦੇ ਦਰਮਿਆਨ ਬਾਰੀਕ ਕਲਮ ਨਾਲ ਕੁਝ ਅਰਥ-ਭਾਵ ਪੈਰ-ਟੂਕਾਂ ਦੀ ਤਰਾਂ ਲਿਖੇ ਹੋਏ; ਸਿਰ ਲੇਖ, ਛੰਦਾਂ ਦੇ ਨਾਮ, ਵਿਸ਼੍ਰਾਮ-ਚਿੰਨ੍ਹ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ ਤੇ ਕੁਝ ਫੁੱਟ ਨੋਟ ਵੀ ਲਾਲ ਸਿਆਹੀ ਨਾਲ ਲਿਖੇ ਹੋਏ; ਪੱਤਰੇ ੧੧ ਤੋਂ ੧੪ ਤਕ ਰੰਗੀਨ ਲਕੀਰਾਂ ਦਾਰ ਹਾਸ਼ੀਏ ਵਾਲੇ; ਪੁਸਤਕ ਬਗ਼ੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੨੧ ਬਿ.। ਲਿਖਾਰੀ— ਭਾਈ ਅਤਰ ਸਿੰਘ, ਸੰਗਰੂਰ,।

ਆਰੰਭ— ੧ਓ ਸ੍ਰੀ ਵਾਹਗੁਰੂ ਜੀ ਕੀ ਫਤੇ।
ਅਥ ਦੇਵੀ ਦਾਸ ਕ੍ਰਿਤ ਰਾਜਨੀਤ ਲਿਖ੍ਯਤੇ ॥ ਕਬਿੱਤੁ ॥
ਨੀਤ ਹੀ ਤੈ ਧਰਮ, ਧਰਮ ਤੈ ਸਕਲ ਸਿਧ ..। (ਪੱਤਰਾ ੧)

ਅੰਤ— ... ਪ੍ਰਹਿਲਾਦ ਹੇਤੁ ਜਾਨ ਨਾਥਨ ਕੇ ਬਾਂਧੇ ਆਪ, ਪਾਥਰ ਕੇ ਪੇਟ ਮੈਂ ਤੈ ਅਵਤਾਰ ਲੀਨੋਂ ਹੈ॥ ੧੧ ॥ ੭ ॥
ਇਤਿ ਸ੍ਰੀ ਦੇਵੀ ਦਾਸ ਕ੍ਰਿਤ ਰਾਜਨੀਤ ਕਬਿਤ ਸਮਾਪਤੰ ਸੁਭੰ ॥
ਦੋਹਰਾ ॥ ਸੰਮਤ ਮਹਿ ਦ੍ਵਿਜ ਜਨਮ ਗ੍ਰਹ, ਸਸਿ ਨ੍ਰਿਪ ਬਿਕ੍ਰਮ ਜਾਨ।
ਮਾਸ ਹਾੜ ਪਛ ਸੁਕਲ ਕੀ, ਏਕਮ ਲਿਖਾ ਪ੍ਰਮਾਨ ॥
(ਫੇਰ ਅੱਗੇ ਲਾਲ ਸਿਆਹੀ ਨਾਲ ਇਹੋ ਦੋਹਰਾ ਦੁਹਰਾ ਕੇ ਲਿਖਿਆ ਹੈ ਤੇ ਅੰਤ ਵਿਚ ਇਹ ਪਾਠ ਹੈ)
ਮੁਕਾਮ ਸੰਗਰੂਰ, ਹਸਤਾਖਰ ਅਤਰ ਸਿੰਘ ਗਜਾਨੀ, ਗੁਰੂ ਦੁਆਰੈ ਸ੍ਰੀ ਅਨੰਦ ਪੁਰ ਜੀ ਸਾਹਬ ਕੇ।
(ਪੱਤਰਾ ੧੬)

(ਨੰ. ੧੭੩, ਮੋ. ਬਾ.)

੧੩. ਰਾਜ ਨੀਤਿ

ਲੇਖਕ- ਕਵੀ ਦੇਵੀ ਦਾਸ। ਆਕਾਰ—6" × 3", ਲਿਖਤ $4\frac{1}{2}$" × $2\frac{1}{2}$"।

ਵੇਰਵਾ— ਪੱਤਰੇ ੩੪ ਤੋਂ ੯੬ ਤਕ; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਪਤਲਾ ਦੇਸੀ; ਲਿਖਤ ਸਾਫ਼ ਅਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾ ਵਾਲਾ; ਸਿਰ ਲੇਖ, ਕੁਝ ਤੁਕਾਂ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ।

ਸਮਾਂ— ਨਿਸ਼ਚਿਤ ਨਹੀਂ। ਲਿਖਾਰੀ— ਨਾਮਾਲੂਮ।

ਆਰੰਭ— ੧ਓ ਵਾਹੁਗੁਰੂ ਜੀ ਕੀ ਫਤੇ। ਅਥ ਰਾਜਨੀਤਿ ਕ੍ਰਿਤ ਕਵਿ ਦੇਵੀ ਦਾਸ ਲਿਖ੍ਯਤੇ ॥ ਕਬਿੱਤ ॥
ਨੀਤ ਹੀ ਤੈ ਧਰਮ ਧਰਮ ਹੀ ਤੈ ਸਬ ਸਿਧਿ...

ਅੰਤ— ...ਪ੍ਰਹਲਾਦ ਹੇਤ ਜਾਨਿ ਨਾਥਨ ਕੇ ਬਾਂਧੇ ਆਪੁ,
ਪਾਥਰ ਕੇ ਪੇਟ ਮੈਂ ਤੈ ਅਵਤਾਰੁ ਲੀਨੋਂ ਹੈ ॥ ੧੧੮ ॥
ਇਤਿ ਸ੍ਰੀ ਦੇਵੀ ਦਾਸ ਕਬਿਤੁ ਕ੍ਰਿਤ ਰਾਜਨੀਤਿ ਸੰਪੂਰਣ ਸਭੰ।

(ਨੰ. ੭੪੩, ਸੈਂ. ਪ. ਲਾ.)

੧੪. ਰਾਜ ਨੀਤਿ

ਲੇਖਕ— ਕਵੀ ਦੇਵੀ ਦਾਸ। ਆਕਾਰ—4" × 3", ਲਿਖਤ 3" × 2"।

ਵੇਰਵਾ— ਪੱਤਰੇ ੯੩; ਪ੍ਰਤੀ ਸਫ਼ਾ ੬ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਅਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਛੰਦਾਂ ਦੇ ਨਾਮ ਤੇ ਸਿਰ ਲੇਖ ਆਦਿ ਲਾਲ ਸਿਆਹੀ ਨਾਲ ਲਿਖੇ ਹੋਏ।

ਸਮਾਂ— ੧੯ਵੀਂ ਸਦੀ ਬਿਕ੍ਰਮੀ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਵਾਹਿਗੁਰੂ ਜੀ ਕੀ ਫਤੇ। ਅਥ ਰਾਜ ਨੀਤਿ ਕ੍ਰਿਤ ਕਵਿ ਦੇਵੀ ਦਾਸ ਲਿਖ੍ਯਤੇ ॥ ਕਬਿਤ ॥ ਨੀਤ ਹੀ ਤੈ ਧਰਾ ਧਰਮ...
(ਪੱਤਰਾ ੧)

ਅੰਤ— ... ਪ੍ਰਹਲਾਦ ਹੇਤ ਜਾਨਿ ਨਾਥਨ ਕੇ ਬਾਂਧੇ ਆਪੁ, ਪਾਥਰ ਕੇ ਪੇਟ ਮੈ ਤੈ ਅਵਤਾਰੁ ਲੀਨੋ ਹੈ ॥ ੧੧੮ ॥
ਇਤਿ ਸ੍ਰੀ ਦੇਵੀ ਦਾਸ ਕਬਿ ਕ੍ਰਿਤ ਰਾਜਨੀਤਿ ਸੰਪੂਰਣ ਸੁਭੰ। (ਪੱਤਰਾ ੯੨)
ਇਸ ਤੋਂ ਅਗੇ ਪੱਤਰਾ ਅੰਕ ੯੩ ਪਰ ਰਾਜਿਆਂ ਦੇ ਸਤ ਅੰਗ-ਵਜ਼ੀਰ, ਸੈਨਾ, ਦੇਸ, ਕੋਸ਼, ਦੁਰਗ (ਕਿਲ੍ਹਾ), ਮੰਤ੍ਰੀ ਅਤੇ ਮਿਤ੍ਰ ਲਿਖ ਕੇ ਏਨ੍ਹਾਂ ਦੇ ਪੁਸ਼ਟ ਹੋਣ ਦੀ ਰਾਇ ਦਿਤੀ ਹੈ।

੧੫. ਰਾਜਨੀਤਿ (ਨੰ. ×, ਡਾ. ਗੰ. ਸਿੰ.)

ਲੇਖਕ— ਲੁਕਮਾਨ, ਹਕੀਮ । ਅਨੁਵਾਦਕ—ਭਾਈ ਪੰਜਾਬ ਸਿੰਘ, ਬਹਿਲੋ ਕਾ । ਆਕਾਰ—9¼" × 5¾", ਲਿਖਤ 7" × 4" ।

ਵੇਰਵਾ—ਪੱਤਰੇ ੮; ਪ੍ਰਤੀ ਸਫ਼ਾ ੧੦—੧੨ ਸਤਰਾਂ; ਕਾਗਜ਼ ਦੇਸੀ (ਮੋਟਾ) ਬਹੀਆਂ ਵਾਲਾ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ ਜਿਸ ਕਰ ਕੇ ਉਕਾਈਆਂ ਦੀ ਸੁਧਾਈ ਨਾਲੋ ਨਾਲ ਕੁਝ ਬਾਰੀਕ ਕਲਮ ਨਾਲ ਕੀਤੀ ਹੋਈ ਹੈ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰਾਂ ਮੁਕੰਮਲ ਤੇ ਸਾਧਾਰਣ ਹਾਲਤ ਵਿਚ ਹੈ ।

ਸਮਾਂ— ੧੯ਵੀਂ ਸਦੀ ਬਿ. । ਲਿਖਾਰੀ—ਭਾਈ ਪ੍ਰਤਾਪ ਸਿੰਘ, ਖ਼ੁਦ ।

ਆਰੰਭ— ਅਥ ਰਾਜਨੀਤ । ੧ਓ ਸਤਿਗੁਰ ਪ੍ਰਸਾਦਿ । ਅਥ ਸਵਾ ਸੈ ਸਿਖ੍ਯਾ ਲੁਕਮਾਨ ਹਕੀਮ ਅਪਨੇ ਪੁੱਤ੍ਰ ਸੇ ਕਹੀ ਲਿਖ੍ਯਤੇ ।

ਸ੍ਰੀ ਸਤਿਗੁਰ ਉਪਦੇਸ ਸੰਭਾਰੋ ।ਧਰਮ ਸੀਖੀਏ ਸੁਬੁਧ ਬਿਚਾਰੋ ।
ਬਿਧ ਸੁ ਸਭੇ ਬਿਬੇਕ ਬਿਚਾਰੋ । ਤੋ ਤੁਮ ਕਾਰਜ ਸਭੇ ਸੁਧਾਰੋ ॥੧॥
ਨਿਤ ਪ੍ਰਭਾਤੇ ਸੁਭ ਪ੍ਰਨਾਮੰ । ਸਦਾ ਸਿਮਰੀਏ ਹਰਿ ਕੋ ਨਾਮੰ ।
ਧਣੀ ਕੇ ਸਾਮੰ ਧਰਮ ਮੈ ਰਹੀਏ । ਬਚਨ ਨ ਮੁਖ ਸੋ ਝੂਠੇ ਕਹੀਏ ॥੨॥ (ਪੱਤਰਾ ੧)

ਅੰਤ— ...ਨਿਜ ਸੁਤ ਹਿਤ ਕੇ ਜੋ ਕਹੀ ਰਾਜਨੀਤ ਲੁਕਮਾਨ ।
ਸੋ ਸੁਭਦਾਯਕ ਬੁੱਧ ਕੀ, ਪੂਰਨ ਭਈ ਸੁਜਾਨ ॥੧॥
ਸਭ ਤੇ ਸਾਰ ਗੋਬਿੰਦ ਕਾ ਨਾਮ । ਸਭ ਤੇ ਭਲਾ ਅਲਹ ਕਾ ਨਾਮ ।
ਈਹਾ ਸੁਖ ਆਗੇ ਬਿਸਰਾਮ । ਇਤੀ ਲੁਕਮਾਨ ਨੀਤਿ ਸੰਪੂਰਨੰ । (ਪੱਤਰਾ ੮)

੧੬. (ੳ) ਤ੍ਰਿਤੀਆ ਪ੍ਰਕਰਣ (ਕਾਫ਼ੀਆਂ ਸ਼ਾਹ ਹੁਸੈਨ ਆਦਿ ਸਮੇਤ) (ਨੰ. ੮੫, ਪੰ. ਯੂ. ਚੰ.)

ਲੇਖਕ— ਨਾਮਾਲੂਮ । ਆਕਾਰ—5" × 3¼", ਲਿਖਤ 3" × 2¼" ।

ਵੇਰਵਾ— ਪੱਤਰੇ ਤ੍ਰਿਤੀਆ ਪ੍ਰਕਰਣ ੧੩੬; ਕਾਫ਼ੀਆਂ ਸ਼ਾਹ ਹੁਸੈਨ, ਬਖ਼ਤ ਗ਼ੁਲਾਮ, ਖ਼ੁਸ਼ੀ ਤੇ ਮੁਕੀਮ ਦੀਆਂ ਪੱਤਰੇ ੧੬, ਜੋੜ ੧੫੨; ਪ੍ਰਤੀ ਸਫ਼ਾ ੮ ਸਤਰਾਂ; ਕਾਗ਼ਜ਼ ਕਸ਼ਮੀਰੀ; ਲਿਖਤ ਬੜੀ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੦੦ ਬਿ. ਦੇ ਨੇੜੇ ਤੇੜੇ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਤ੍ਰਿਤੀਏ ਪ੍ਰਕਰਣ ਕਾ ਆਦਿ ਸੁਰਗੁ । ਮਨ ਕਉ ਡੰਡੁ ਦੇਣੇ ਵਿਖੇ ਚਲੇਗਾ । ਸੋ ਇਸ ਸਰਗ ਵਿਖੇ ਦਸ ਹੁਲਾਸ ਆਵਹਿਗੇ । ਪ੍ਰਿਥਮ ਹੁਲਾਸ ਵਿਖੇ ਭਲੇ ਸੁਭਾਵ ਕੀ ਉਸਤਤਿ ਵਰਨਨਿ ਹੋਵੇਗੀ । ਤਾਂ ਤੇ ਤੂੰ ਜਾਣੁ ਜੋ ਸਾਈਂ ਅੰਬਿਆਂਇ ਕੀ ਉਸਤਤਿ ਕਰੀ ਹੈ । ਸੋ ਭਲੇ ਹੀ ਸੁਭਾਵਕ ਕਹੀ ਹੈ । (ਪੱਤਰਾ ੧)

ਅੰਤ— ਬਹੁੜਿ ਜਬ ਪੂਰਨ ਪਦ ਕਉ ਪ੍ਰਾਪਤਿ ਭਏ ਹੈ । ਤਬ ਸਮ ਭਾਵ ਵਿਖੇ ਲਗੇ ਹੈ । (ਪੱਤਰਾ ੧੩੬)

ਇਸ ਰਚਨਾ ਦਾ ਪਹਿਲਾ ਸਰਗ, ਜਿਸ ਨੂੰ ਸ਼ੁਰੂ ਵਿਚ "ਸੁਰਗੁ" ਲਿਖਿਆ ਹੈ, ਪੱਤਰਾ ੧੧੨ ਉਤੇ ਸਮਾਪਤ ਹੁੰਦਾ ਹੈ ਤੇ ਫੇਰ ਉਥੋਂ ਸਰਗ ਦੂਜਾ ਸ਼ੁਰੂ ਹੁੰਦਾ ਹੈ ।

(ਅ) ਕਾਫ਼ੀਆਂ ਸ਼ਾਹ ਹੁਸੈਨ ਆਦਿ ਦੀਆਂ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਰਾਗੁ ਤਿਲੰਗੁ ਸਾਹ ਹੁਸੈਨ ਜੀ ਕਾ ।
ਸਲੋਕੁ ॥ ਜਹਾਂ ਦੇਖੇ ਤਹਾ ਕਪਟੁ ਹੈ, ਕਹੂੰ ਨ ਪਾਇਓ ਚੈਨ ।
ਦਗਾ ਬਾਜ਼ ਸੰਸਾਰ ਤੇ, ਗੋਸ਼ਾ ਪਕਰ ਹੁਸੈਨ ॥੧॥
ਮਨ ਚਾਹੇ ਮਹਬੂਬ ਕੋ, ਤਨ ਚਾਹੇ ਸੁਖ ਚੈਨ ।
ਦੋ ਰਾਜੇ ਕੀ ਸੀਧ ਮੈ, ਕੈਸੇ ਬਨੈ ਹੁਸੈਨ ॥੨॥ (ਪੱਤਰਾ ੧)

ਅੰਤ— ...ਛੋਡਿ ਦੇਹ ਤੂੰ ਸਭ ਲੁਟਾ ਕੇ, ਭਾਈ ਬੰਦ ਤੇਰੇ ਥਿਰ ਨਹੀਂ ਮਾਪੇ । ਕਿਛੁ ਵਲ ਮੁਕੀਮੀ ਦੀ ਹੋਇ ਲੈ ॥੨॥੧॥ (ਪੱਤਰਾ ੧੬)

ਇਸਤ੍ਰੀ-ਸਿਖਯਾ

੧. ਇਸਤ੍ਰੀ ਬੋਧ ਗ੍ਰੰਥ (ਨੰ. ×, ਡਾ. ਗੰ. ਸਿੰ.)

ਲੇਖਕ— ਭਾਈ ਬਿਸ਼ਨ ਸਿੰਘ, ਗ੍ਰੰਥੀ, ਪਿੰਡ ਮਾੜੀ ਮੇਘਾ, ਜ਼ਿਲਾ ਲਾਹੌਰ । ਆਕਾਰ—5¾"× 7½", ਲਿਖਤ 4½"× 6½" ।

ਵੇਰਵਾ—ਪੱਤਰੇ ੬੦; ਪ੍ਰਤੀ ਸਫ਼ਾ ੧੪ ਸਤਰਾਂ; ਕਾਗ਼ਜ਼ ਪਤਲਾ ਖ਼ਾਕੀ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਬੜੀ ਅਸ਼ੁੱਧ ਤੇ ਪਦਛੇਦ ਤੋਂ ਰਹਿਤ ਪੁਰਾਣੇ ਢੰਗ ਦੀ ਹੈ; ਹ ਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਛਾਪਣ ਵਾਸਤੇ ਲੇਖਕ ਨੇ ਤਿਆਰ ਕਰ ਕੇ ਭਾਈ ਨੌਰੰਗ ਸਿੰਘ ਤਾਂਘੀ ਅਮ੍ਰਿਤਸਰ ਨੂੰ ਦਿੱਤੀ ਸੀ, ਜਿਸ ਕਰ ਕੇ ਟਾਈਟਲ ਪੇਜ ਵੀ ਮੁੱਢ ਵਿਚ ਲੱਗਾ ਹੋਇਆ ਹੈ, ਪਰ ਸ਼ਾਇਦ ਜ਼ਬਾਨ ਠੀਕ ਨਾ ਹੋਣ ਕਰ ਕੇ ਇਹ ਛਪ ਨਹੀਂ ਸਕੀ, ਜਿਸ ਕਰ ਕੇ ਤਾਂਘੀ ਹੋਰਾਂ ਇਹ ਖਰੜਾ ਡਾਕਟਰ ਗੰਡਾ ਸਿੰਘ ਜੀ ਨੂੰ ਸੰਨ ੧੯੩੨ ਈ. ਵਿਚ, ਜਦ ਉਹ ਖ਼ਾਲਸਾ ਕਾਲਜ ਅਮ੍ਰਿਤਸਰ ਵਿਖੇ ਸਿੱਖ ਇਤਿਹਾਸਿਕ ਖੋਜ-ਵਿਭਾਗ ਦੇ ਉੱਚ ਅਧਿਕਾਰੀ ਸਨ, ਭੇਟਾ ਕਰ ਦਿੱਤਾ । ਪੁਸਤਕ ਦੇ ਆਦਿ-ਅੰਤ ਵਿਚ ਤਾਂਘੀ ਹੋਰਾਂ ਦੇ ਆਪਣੇ ਹਸਤਾਖਰ ਹਨ । ਪੁਸਤਕ ਵੈਸੇ ਪੰਜਾਬੀ ਗੱਦ ਵਿਚ ਹੈ, ਪਰ ਹਿੰਦੀ ਮਿਸ਼੍ਰਿਤ ਹੋਣ ਕਰ ਕੇ ਮਿਲ-ਗੋਭਾ ਹੈ ।

ਸਮਾਂ— ਸੰਨ ੧੯੩੯ ਬਿ. । ਲਿਖਾਰੀ— ਲੇਖਕ ਖ਼ੁਦ ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਇਸਤ੍ਰੀ ਬੋਧ ਗ੍ਰੰਥ ਵਾਰਤਾ ਲਿਖਯਤੇ ॥ ਦੋਹਰਾ ॥

ਗੁਰ ਨਾਨਕ ਕੋ ਬੰਦਨਾ, ਔਰ ਗੁਰਨ ਸਿਰ ਨਿਆਇ ।

ਪੂਰਨ ਹੋਇ ਗ੍ਰੰਥ ਮਮ, ਜੋ ਤੁਮ ਕਰੋ ਸਹਾਇ ॥੧॥

ਆਗੇ ਪ੍ਰਸੰਗ । ਏਕ ਸਮੇ ਸ੍ਰੀ ਵਿਸਨ ਦੇਵ ਜੀ ਸੇਸ ਨਾਗ ਕੀ ਸਿਹਜਾ ਪਰ ਬਿਰਾਜਮਾਨ ਹੂਏ ਹੋਏ ਥੇ, ਤੋ ਲਛਮੀ ਆਪਨੇ ਕੁਚੋਂ ਕੇ ਸਾਥ ਚਰਨ ਚਾਂਪਤੀ ਥੀ ਅਤੀ ਪ੍ਰੇਮ ਕੇ ਸਾਥ । ਤਬ ਸ੍ਰੀ ਨਾਰਾਇਣ ਜੀ ਕਹਿਤੇ ਭਏ ਕਿ "ਹੇ ਲਖਮੀ ! ਤੈਨੇ ਮੇਰੀ ਅਤਯੰਤ ਕਰ ਕੇ ਸੇਵਾ ਔ ਪੂਜਾ ਕਰੀ ਹੈ । ਮੈਂ ਤੇਰੇ ਪਰ ਅਤੀ ਪ੍ਰਸੰਨ ਹੂ ...।

(ਪੱਤਰਾ ੧)

ਅੰਤ— ...ਇਸਤ੍ਰੀ ਕੋ ਵਾਸਤੇ ਜੋ ਕੋਈ ਸ਼ਾਸਤ੍ਰ ਪੜ੍ਹਨਾ ਵਾਜ਼ਬ ਨਹੀਂ ਹੈ ਬਿਨਾ ਇਸਤ੍ਰੀ ਬੋਧ ਗ੍ਰੰਥ ਕੇ । ਔ ਜਾਂ ਜੋ ਨਿਰਗੁਣ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਸੇ ਆਦਿ ਲੈ ਕੇ ਨਾਵੀ ਪਾਤਸਾਹੀ ਤਕ ਹੈ ਸੋ ਪੜ੍ਹੇ ਇਸਨਾਨ ਕਰ ਕੇ, ਪਰ ਮਨ ਕੇ ਵੀਚ, ਸੋ ਤਿਸ ਕੀ ਮੁਕਤ ਹੋਵੇਗੀ । ਇਤੀ ਸ੍ਰੀ ਇਸਤ੍ਰੀ ਬੋਧ ਗ੍ਰੰਥੇ ਪਤਿਬ੍ਰਤਾ ਧਰਮ ਕੇ ਫਲ ਵਰਨਨੰ ਬਿਸਨ ਸਿੰਘ ਇਤਿ ਵਿਰਚਿਤੇ ਨਾਮ ਪੰਚਮੋਂ ਅੰਕ ॥੫॥ ਬਿਸਨ ਹਰੀ ਵਾਚ ।

ਇਹ ਗ੍ਰੰਥ ਮੈਨੇ ਸਰਬ ਇਸਤ੍ਰੀਆ ਕੇ ਹੇਤ ਬਨਾਇਆ ਹੈ । ਸੋ ਬਾਰਤਕ ਇਸ ਵਾਸਤੇ ਰਖਾ ਹੈ ਜੋ ਇਸਤ੍ਰੀ ਕੀ ਮਤ ਛੰਦਾ ਬੰਦੀ ਕੋ ਨਹੀਂ ਪਹੁੰਚ ਸਕੇਗੀ, ਸੋ ਜੋ ਬੁਧ ਜਨ ਪੜ੍ਹੇ ਸੋ ਮੇਰੀ ਮੂਰਖਤਾ ਪਰ ਹਸ ਨਾ ਦੇਵੇ, ਕਿਉਂਕਿ ਮੈਨੇ ਕੁਛ ਚਤੁਰਾਈ ਤੋ ਨਹੀਂ ਕਰੀ, ਖਾਲੀ ਲਖਣ ਲਿਖੇ ਹੈ, ਸੋ ਜਾਦਾ ਨਾ ਹੋ. ਸਕੇ ਤੋ ਆਪੋ ਆਪਣੀ ਔਰਤ ਕੋ ਸੁਣਾ ਦੇਣਾ ਤੋ ਧਰਮ ਹੈ । ਇਸ ਮੈ ਆਪਣਾ ਬੀ ਲਾਭ ਹੈ ਔਰ ਉਸ ਕਾ ਭੀ ਭਲਾ ਹੈ। ਸੋ ਜੋ ਇਸਤ੍ਰੀਆਂ ਆਪ ਪੜ੍ਹ ਸਕੇ ਤਾਂ ਪੜ੍ਹੇ ਔਰ ਹੋਰਨਾ ਨੂੰ ਸੁਣਾਵੇ ਤਿਸ ਕੋ ਸੌ ਗਊ ਪੁੰਨ ਕਰਨੇ ਕਾ ਮਹਾਤਮ ਹੋਵੇਗਾ ।

ਚੌਪਈ । ਸੰਮਤ ਨਭ ਔ ਨਾਥ ਪਛਾਨੋ । ਗੁਣ ਔਰ ਨਿਧਿ ਪ੍ਰਗਟ ਤੁਮ ਮਾਨੋ ।

ਮਿਥਨ ਮਾਸ ਖਟ ਤ੍ਰੀਕ ਸੁਹਾਈ । ਦਿਨ ਰਵਿਵਾਰ ਤ੍ਰਿਤੀ ਤਿਥ ਗਾਈ ।

ਇਤਿ ਸ੍ਰੀ ਇਸਤ੍ਰੀ ਬੋਧ ਗ੍ਰੰਥ ਪਾਂਚ ਅਧਯਾਇ ਸਮਾਪਤੰ । (ਪੱਤਰਾ ੬੦)

੧੫. ਰਾਜਨੀਤਿ (ਨੰ. ×, ਡਾ. ਗੰ. ਸਿੰ.)

ਲੇਖਕ— ਲੁਕਮਾਨ, ਹਕੀਮ। ਅਨੁਵਾਦਕ—ਭਾਈ ਪੰਜਾਬ ਸਿੰਘ, ਬਹਿਲੋਂ ਕਾ। ਆਕਾਰ—9¼" × 5¾", ਲਿਖਤ 7" × 4"।

ਵੇਰਵਾ— ਪੱਤਰੇ ੮; ਪ੍ਰਤੀ ਸਫ਼ਾ ੧੦—੧੨ ਸਤਰਾਂ; ਕਾਗਜ਼ ਦੇਸੀ (ਮੋਟਾ) ਬਹੀਆਂ ਵਾਲਾ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ ਜਿਸ ਕਰ ਕੇ ਉਕਾਈਆਂ ਦੀ ਸੁਧਾਈ ਨਾਲੋਂ ਨਾਲ ਕੁਝ ਬਾਰੀਕ ਕਲਮ ਨਾਲ ਕੀਤੀ ਹੋਈ ਹੈ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਬਗ਼ੈਰ ਜਿਲਦ, ਜੋ ਆਦਿ ਤੋਂ ਅੰਤ ਤਕ ਹਰ ਤਰਾਂ ਮੁਕੰਮਲ ਤੇ ਸਾਧਾਰਣ ਹਾਲਤ ਵਿਚ ਹੈ।

ਸਮਾਂ— ੧੯ਵੀਂ ਸਦੀ ਬਿ.। ਲਿਖਾਰੀ—ਭਾਈ ਪ੍ਰਤਾਪ ਸਿੰਘ, ਖ਼ੁਦ।

ਆਰੰਭ— ਅਥ ਰਾਜਨੀਤ। ੧ਓ ਸਤਿਗੁਰ ਪ੍ਰਸਾਦਿ। ਅਥ ਸਵਾ ਸੈ ਸਿਖ੍ਯਾ ਲੁਕਮਾਨ ਹਕੀਮ ਅਪਨੇ ਪੁੱਤ੍ਰ ਸੋ ਕਹੀ ਲਿਖ੍ਯਤੇ।

ਸ੍ਰੀ ਸਤਿਗੁਰ ਉਪਦੇਸ ਸੰਭਾਰੋ। ਧਰਮ ਸੀਖੀਏ ਸੁਬੁਧ ਬਿਚਾਰੋ।
ਬਿਧ ਸੁ ਸਭੈ ਬਿਬੇਕ ਬਿਚਾਰੋ। ਤੌ ਤੁਮ ਕਾਰਜ ਸਭੈ ਸੁਧਾਰੋ ॥੧॥
ਨਿਤ ਪ੍ਰਭਾਤੇ ਸੁਭ ਪ੍ਰਨਾਮੰ। ਸਦਾ ਸਿਮਰੀਏ ਹਰਿ ਕੋ ਨਾਮੰ।
ਧਣੀ ਕੇ ਸਾਮ ਧਰਮ ਮੈ ਰਹੀਏ। ਬਚਨ ਨ ਮੁਖ ਸੋ ਝੂਠੇ ਕਹੀਏ ॥੨॥ (ਪੱਤਰਾ ੧)

ਅੰਤ— ...ਨਿਜ ਸੁਤ ਹਿਤ ਕੈ ਜੋ ਕਹੀ ਰਾਜਨੀਤ ਲੁਕਮਾਨ।
ਸੋ ਸੁਭਦਾਯਕ ਬੁੱਧ ਕੀ, ਪੂਰਨ ਭਈ ਸੁਜਾਨ ॥੧॥
ਸਭ ਤੇ ਸਾਰ ਗੋਬਿੰਦ ਕਾ ਨਾਮ। ਸਭ ਤੇ ਭਲਾ ਅਲਹ ਕਾ ਨਾਮ।
ਈਹਾ ਸੁਖ ਆਗੇ ਬਿਸਰਾਮ। ਇਤੀ ਲੁਕਮਾਨ ਨੀਤਿ ਸੰਪੂਰਨੰ। (ਪੱਤਰਾ ੮)

੧੬. (ੳ) ਤ੍ਰਿਤੀਆ ਪ੍ਰਕਰਣ (ਕਾਫ਼ੀਆਂ ਸ਼ਾਹ ਹੁਸੈਨ ਆਦਿ ਸਮੇਤ) (ਨੰ. ੮੫, ਪੰ. ਯੂ. ਚੰ.)

ਲੇਖਕ— ਨਾਮਾਲੂਮ। ਆਕਾਰ—5" × 3¼", ਲਿਖਤ 3" × 2¼"।

ਵੇਰਵਾ— ਪੱਤਰੇ ਤ੍ਰਿਤੀਆ ਪ੍ਰਕਰਣ ੧੩੬; ਕਾਫ਼ੀਆਂ ਸ਼ਾਹ ਹੁਸੈਨ, ਬਖ਼ਤ ਗ਼ੁਲਾਮ, ਖ਼ੁਸ਼ੀ ਤੇ ਮੁਕੀਮ ਦੀਆਂ ਪੱਤਰੇ ੧੬, ਜੋੜ ੧੫੨; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਬੜੀ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੯੦੦ ਬਿ. ਦੇ ਨੇੜੇ ਤੇੜੇ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਤ੍ਰਿਤੀਏ ਪ੍ਰਕਰਣ ਕਾ ਆਦਿ ਸੁਰਗੁ। ਮਨ ਕਉ ਡੰਡੁ ਦੇਣੇ ਵਿਖੇ ਚਲੇਗਾ। ਸੋ ਇਸ ਸਰਗ ਵਿਖੇ ਦਸ ਹੁਲਾਸ ਆਵਹਿਗੇ। ਪ੍ਰਿਥਮ ਹੁਲਾਸ ਵਿਖੇ ਭਲੇ ਸੁਭਾਵ ਕੀ ਉਸਤਤਿ ਵਰਨਨਿ ਹੋਵੇਗੀ। ਤਾਂ ਤੇ ਤੂੰ ਜਾਣੁ ਜੋ ਸਾਈਂ ਐਥਿਆਇ ਕੀ ਉਸਤਤਿ ਕਰੀ ਹੈ। ਸੋ ਭਲੇ ਹੀ ਸੁਭਾਵਕ ਕਹੀ ਹੈ। (ਪੱਤਰਾ ੧)

ਅੰਤ— ਬਹੁੜਿ ਜਬ ਪੂਰਨ ਪਦ ਕਉ ਪ੍ਰਾਪਤਿ ਭਏ ਹੈ। ਤਬ ਸਮ ਭਾਵ ਵਿਖੇ ਲਗੇ ਹੈ। (ਪੱਤਰਾ ੧੩੬)

ਇਸ ਰਚਨਾ ਦਾ ਪਹਿਲਾ ਸਰਗ, ਜਿਸ ਨੂੰ ਸ਼ੁਰੂ ਵਿਚ "ਸੁਰਗੁ" ਲਿਖਿਆ ਹੈ, ਪੱਤਰਾ ੧੧੨ ਉਤੇ ਸਮਾਪਤ ਹੁੰਦਾ ਹੈ ਤੇ ਫੇਰ ਉਥੋਂ ਸਰਗ ਦੂਜਾ ਸ਼ੁਰੂ ਹੁੰਦਾ ਹੈ।

(ਅ) ਕਾਫ਼ੀਆਂ ਸ਼ਾਹ ਹੁਸੈਨ ਆਦਿ ਦੀਆਂ

ਆਰੰਭ— ੧ਓ ਸਤਿਗੁਰ ਪ੍ਰਸਾਦਿ। ਰਾਗੁ ਤਿਲੰਗੁ ਸਾਹ ਹੁਸੈਨ ਜੀ ਕਾ।
ਸਲੋਕੁ ॥ ਜਹਾਂ ਦੇਖੋ ਤਹਾ ਕਪਟੁ ਹੈ, ਕਹੂੰ ਨ ਪਾਇਓ ਚੈਨ।
ਦਗਾ ਬਾਜ ਸੰਸਾਰ ਤੇ, ਗੋਸਾ ਪਕਰ ਹੁਸੈਨ ॥੧॥
ਮਨ ਚਾਹੇ ਮਹਬੂਬ ਕੋ, ਤਨ ਚਾਹੇ ਸੁਖ ਚੈਨ।
ਦੋ ਰਾਜੇ ਕੀ ਸੀਧ ਮੈ, ਕੈਸੇ ਬਨੈ ਹੁਸੈਨ ॥੨॥ (ਪੱਤਰਾ ੧)

ਅੰਤ— ...ਛੋਡਿ ਦੇਹ ਤੂੰ ਸਭ ਲੂਟਾ ਕੇ, ਭਾਈ ਬੰਦ ਤੇਰੇ ਥਿਰ ਨਹੀਂ ਮਾਪੇ। ਕਿਛੁ ਵਲ ਮੁਕੀਮੀ ਦੀ ਹੋਇ ਲੈ ॥੨॥੧॥ (ਪੱਤਰਾ ੧੬)

ਇਸਤ੍ਰੀ-ਸਿਖਯਾ

੧. ਇਸਤ੍ਰੀ ਬੋਧ ਗ੍ਰੰਥ (ਨੰ. ×, ਡਾ. ਗੰ. ਸਿੰ.)

ਲੇਖਕ— ਭਾਈ ਬਿਸ਼ਨ ਸਿੰਘ, ਗ੍ਰੰਥੀ, ਪਿੰਡ ਮਾੜੀ ਮੇਘਾ, ਜ਼ਿਲਾ ਲਾਹੌਰ। ਆਕਾਰ—5¾"× 7½", ਲਿਖਤ 4½"× 6½"।

ਵੇਰਵਾ—ਪੱਤਰੇ ੬੦; ਪ੍ਰਤੀ ਸਫ਼ਾ ੧੪ ਸਤਰਾਂ; ਕਾਗਜ਼ ਪਤਲਾ ਖ਼ਾਕੀ; ਲਿਖਤ ਸਿੱਧੀ ਸਾਦੀ, ਜੋ ਕਈ ਥਾਵੀਂ ਬੜੀ ਅਸ਼ੁੱਧ ਤੇ ਪਦਛੇਦ ਤੋਂ ਰਹਿਤ ਪੁਰਾਣੇ ਢੰਗ ਦੀ ਹੈ; ਹਾਸ਼ੀਆ ਸਾਦਾ ਬਗੈਰ ਲਕੀਰਾਂ ਦੇ; ਪੁਸਤਕ ਬਗੈਰ ਜਿਲਦ, ਜੋ ਛਾਪਣ ਵਾਸਤੇ ਲੇਖਕ ਨੇ ਤਿਆਰ ਕਰ ਕੇ ਭਾਈ ਨੌਰੰਗ ਸਿੰਘ ਤਾਂਘੀ ਅਮ੍ਰਿਤਸਰ ਨੂੰ ਦਿੱਤੀ ਸੀ, ਜਿਸ ਕਰ ਕੇ ਟਾਈਟਲ ਪੇਜ ਵੀ ਮੁੱਢ ਵਿਚ ਲੱਗਾ ਹੋਇਆ ਹੈ, ਪਰ ਸ਼ਾਇਦ ਜ਼ਬਾਨ ਠੀਕ ਨਾ ਹੋਣ ਕਰ ਕੇ ਇਹ ਛਪ ਨਹੀਂ ਸਕੀ, ਜਿਸ ਕਰ ਕੇ ਤਾਂਘੀ ਹੋਰਾਂ ਇਹ ਖਰੜਾ ਡਾਕਟਰ ਗੰਡਾ ਸਿੰਘ ਜੀ ਨੂੰ ਸੰਨ ੧੯੩੨ ਈ. ਵਿਚ, ਜਦ ਉਹ ਖ਼ਾਲਸਾ ਕਾਲਜ ਅਮ੍ਰਿਤਸਰ ਵਿਖੇ ਸਿੱਖ ਇਤਿਹਾਸਿਕ ਖੋਜ-ਵਿਭਾਗ ਦੇ ਉੱਚ ਅਧਿਕਾਰੀ ਸਨ, ਭੇਟਾ ਕਰ ਦਿੱਤਾ। ਪੁਸਤਕ ਦੇ ਆਦਿ-ਅੰਤ ਵਿਚ ਤਾਂਘੀ ਹੋਰਾਂ ਦੇ ਆਪਣੇ ਹਸਤਾਖਰ ਹਨ। ਪੁਸਤਕ ਵੈਸੇ ਪੰਜਾਬੀ ਗੱਦ ਵਿਚ ਹੈ, ਪਰ ਹਿੰਦੀ ਮਿਸ਼੍ਰਿਤ ਹੋਣ ਕਰ ਕੇ ਮਿਲ-ਗੋਭਾ ਹੈ।

ਸਮਾਂ— ਸੰਨ ੧੯੩੯ ਬਿ.। ਲਿਖਾਰੀ— ਲੇਖਕ ਖ਼ੁਦ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਇਸਤ੍ਰੀ ਬੋਧ ਗ੍ਰੰਥ ਵਾਰਤਾ ਲਿਖ੍ਯਤੇ ॥ ਦੋਹਰਾ ॥

ਗੁਰ ਨਾਨਕ ਕੋ ਬੰਦਨਾ, ਔਰ ਗੁਰਨ ਸਿਰ ਨਿਆਇ।
ਪੂਰਨ ਹੋਇ ਗ੍ਰੰਥ ਮਮ, ਜੋ ਤੁਮ ਕਰੋ ਸਹਾਇ ॥੧॥

ਆਗੇ ਪ੍ਰਸੰਗ। ਏਕ ਸਮੈ ਸ੍ਰੀ ਵਿਸਨ ਦੇਵ ਜੀ ਸੇਸ ਨਾਗ ਕੀ ਸਿਹਜਾ ਪਰ ਬਿਰਾਜਮਾਨ ਹੁਏ ਹੋਏ ਥੇ, ਤੋ ਲਛਮੀ ਆਪਨੇ ਕੁਚੋਂ ਕੇ ਸਾਥ ਚਰਨ ਚਾਂਪਤੀ ਥੀ ਅਤੀ ਪ੍ਰੇਮ ਕੇ ਸਾਥ। ਤਬ ਸ੍ਰੀ ਨਾਰਾਇਣ ਜੀ ਕਹਿਤੇ ਭਏ ਕਿ "ਹੇ ਲਖਮੀ! ਤੈਨੇ ਮੇਰੀ ਅਤਯੰਤ ਕਰ ਕੇ ਸੇਵਾ ਔ ਪੂਜਾ ਕਰੀ ਹੈ। ਮੈਂ ਤੇਰੇ ਪਰ ਅਤੀ ਪ੍ਰਸੰਨ ਹੂ ...।
(ਪੱਤਰਾ ੧)

ਅੰਤ— ...ਇਸਤ੍ਰੀ ਕੇ ਵਾਸਤੇ ਜੋ ਕੋਈ ਸ਼ਾਸਤ੍ਰ ਪੜ੍ਹਨਾ ਵਾਜਬ ਨਹੀਂ ਹੈ ਬਿਨਾ ਇਸਤ੍ਰੀ ਬੋਧ ਗ੍ਰੰਥ ਕੇ। ਔ ਜਾਂ ਜੋ ਨਿਰਗੁਣ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਸੇ ਆਦਿ ਲੇ ਕੇ ਨਾਵੀ ਪਾਤਸਾਹੀ ਤਕ ਹੈ ਸੋ ਪੜ੍ਹੇ ਇਸਨਾਨ ਕਰ ਕੇ, ਪਰ ਮਨ ਕੇ ਵੀਚ, ਸੋ ਤਿਸ ਕੀ ਮੁਕਤ ਹੋਵੇਗੀ। ਇਤੀ ਸ੍ਰੀ ਇਸਤ੍ਰੀ ਬੋਧ ਗ੍ਰੰਥੇ ਪਤਿਬ੍ਰਤਾ ਧਰਮ ਕੇ ਫਲ ਵਰਨਨੰ ਬਿਸਨ ਸਿੰਘ ਇਤਿ ਵਿਰਚਿਤੇ ਨਾਮ ਪੰਚਮੋ ਅੰਕ ॥੫॥ ਬਿਸਨ ਹਰੀ ਵਾਚ।

ਇਹ ਗ੍ਰੰਥ ਮੈਨੇ ਸਰਬ ਇਸਤ੍ਰੀਆ ਕੇ ਹੇਤ ਬਨਾਇਆ ਹੈ। ਸੋ ਬਾਰਤਕ ਇਸ ਵਾਸਤੇ ਰਖਾ ਹੈ ਜੋ ਇਸਤ੍ਰੀ ਕੀ ਮਤ ਛੰਦਾ ਬੰਦੀ ਕੋ ਨਹੀਂ ਪਹੁੰਚ ਸਕੇਗੀ, ਸੋ ਜੋ ਬੁਧ ਜਨ ਪੜ੍ਹੇ ਸੋ ਮੇਰੀ ਮੂਰਖਤਾ ਪਰ ਹਸ ਨਾ ਦੇਵੇ, ਕਿਉਂਕਿ ਮੈਨੇ ਕੁਛ ਚਤੁਰਾਈ ਤੋ ਨਹੀਂ ਕਰੀ, ਖਾਲੀ ਲਖਣ ਲਿਖੇ ਹੈ, ਸੋ ਜਾਦਾ ਨਾ ਹੋ ਸਕੇ ਤੋ ਆਪੇ ਆਪਣੀ ਔਰਤ ਕੋ ਸੁਣਾ ਦੇਣਾ ਤੋ ਧਰਮ ਹੈ। ਇਸ ਮੈ ਆਪਣਾ ਬੀ ਲਾਭ ਹੈ ਔਰ ਉਸ ਕਾ ਭੀ ਭਲਾ ਹੈ। ਸੋ ਜੋ ਇਸਤ੍ਰੀਆਂ ਆਪ ਪੜ੍ਹ ਸਕੇ ਤਾਂ ਪੜ੍ਹੇ ਔਰ ਹੋਰਨਾ ਨੂੰ ਸੁਣਾਵੇ ਤਿਸ ਕੋ ਸੌ ਗਊ ਪੁੰਨ ਕਰਨੇ ਕਾ ਮਹਾਤਮ ਹੋਵੇਗਾ।

ਚੌਪਈ। ਸੰਮਤ ਨਭ ਔ ਨਾਥ ਪਛਾਨੋ। ਗੁਣ ਔਰ ਨਿਧਿ ਪ੍ਰਗਟ ਤੁਮ ਮਾਨੋ।
ਮਿਥਨ ਮਾਸ ਖਟ ਤ੍ਰੀਕ ਸੁਹਾਈ। ਦਿਨ ਰਵਿਵਾਰ ਤ੍ਰਿਤੀ ਤਿਯ ਗਾਈ।
ਇਤਿ ਸ੍ਰੀ ਇਸਤ੍ਰੀ ਬੋਧ ਗ੍ਰੰਥ ਪਾਂਚ ਅਧਯਾਇ ਸਮਾਪਤੰ।
(ਪੱਤਰਾ ੬੦)

ਸੰਗੀਤ-ਸ਼ਾਸਤ੍ਰ

(ਨੰ. ੧੯੨੮, ਸਿ. ਰੈ. ਲਾ.)

੧. ਸੰਗੀਤ ਲੱਛਣ

ਲੇਖਕ– ਬਿਕ੍ਰਮ ਸਿੰਘ । ਆਕਾਰ—6″ × 9″, ਲਿਖਤ 4½″ × 7″ ।

ਵੇਰਵਾ–ਪੱਤਰੇ ੧੦; ਪ੍ਰਤੀ ਸਫ਼ਾ ੨੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਮੁੱਢਲੇ ਸਿਰ ਲੇਖ ਵਾਲਾ ਵਰਕਾ ਤੇ ਅੰਤਲੇ ਪੱਤਰੇ ਗੁੰਮ ਹੋਣ ਕਰ ਕੇ ਪੁਸਤਕ ਅਧੂਰੀ ਹੈ ।

ਸਮਾਂ– ਲਿਖਤ ਸੌ ਸਾਲ ਤੋਂ ਵੱਧ ਪੁਰਾਣੀ ਹੈ । ਲਿਖਾਰੀ—ਨਾਮਾਲੂਮ ।

ਆਰੰਭ– ਅਥ ਸੰਗੀਤ ਲਛਨ ॥ ਦੋਹਰਾ ॥

ਬਾਦ ਗੀਤ ਜੋ ਤਾਲ ਯੁਤ, ਸੋ ਸੰਗੀਤ ਗੁਨ ਰਾਜ ।

ਪੁਨ ਤੂਰਯ ਤ੍ਰਕਨ ਭਯ ਮਿਲ, ਭਨ ਬਿਕ੍ਰਮ ਮ੍ਰਿਗ ਰਾਜ ॥ (ਪੱਤਰਾ ੧)

ਅੰਤ— ... ਬਿਕ੍ਰਮ ਮ੍ਰਿਗਪਤਿ ਰਾਜ ਬਹੁ ਨਸਟ ਰੂਪ ਉਰ ਧਾਰ ਯਾਤੇ ਔਰਹੂ ਬਚਾਰ ਸਮਝੀਏ ॥ ਕਬਿੱਤੁ ॥... (ਪੱਤਰਾ ੧੦)

ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਪਾਠ ਇਸ ਪੁਸਤਕ ਦਾ ਨਹੀਂ ਮਿਲਦਾ ।

(ਨੰ. ੧੧੫, ਪੰ. ਯੂ. ਚੰ.)

੨. ਸ੍ਰੀ ਮਦੱਸ਼ਮ ਸਾਰ ਸੰਗੀਤ

ਲੇਖਕ– ਕਵੀ ਰਤਨ ਹਰੀ । ਆਕਾਰ—9¾″ × 6¾″, ਲਿਖਤ 6¼″ × 4½″ ।

ਵੇਰਵਾ— ਪੱਤਰੇ ੨੫੯; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸੁੰਦਰ ਰੰਗੀਨ ਲਕੀਰਾਂ ਵਾਲਾ; ਮੁੱਢਲੇ ਸਫ਼ੇ ਦਾ ਹਾਸ਼ੀਆ ਦੂਹਰਾ-ਤੀਹਰਾ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੩੦ ਬਿ. । ਲਿਖਾਰੀ—ਬੁੱਧ ਸਿੰਘ, ਜਿਸ ਨੇ ਇਹ ਪੁਸਤਕ ਭਾਈ ਰਾਮ ਸਿੰਘ ਲਾਹੌਰੀ ਦੇ ਪੜ੍ਹਨ ਵਾਸਤੇ ਲਿਖੀ ਸੀ ।

ਆਰੰਭ—੧ਓ ਸ੍ਰੀ ਰਾਮਾਯ ਨਮ: । ਅਥ ਸ੍ਰੀ ਮਦਸਮਸਾਰ ਸੰਗੀਤ ਪ੍ਰਾਰੰਭ: ॥ ਦੋਹਾ ॥

ਪਰਮ ਹੰਸ ਸ੍ਵਾਦਿਤ ਸੁਪਦ, ਸਾਰਸ ਚਿਨਜ ਕਰੰਦ ।

ਨਿਜ ਜਨ ਮਨ ਮਾਨਸ ਬਸਨ, ਬੰਦੌ ਸ੍ਰੀ ਰਘੁ ਨੰਦ ॥ ੧ ॥

ਦੋ ॥ ਦਸਮ ਸੁ ਦਰਸਕ ਦਸਮ ਕੇ, ਦਸਮ ਅਸੀਤਿ ਅਧਜਾਯ ।

ਤਿਨ ਕਰ ਸੰਗ੍ਰਹ ਸੰਗ੍ਰਹੌ, ਸਿਵ ਵਰ ਸਿਮਰਿ ਸੁਭਾਯ ॥ ੨ ॥

ਰਾਗ ਬਿਲਾਵਲ ॥

ਸੁਨਿ ਸੰਛੇਪ ਸੁ ਕਥਾ ਕ੍ਰਿਸਨ ਕੀ, ਪ੍ਰੇਮਿ ਪਰੀਛਿਤ ਰਾਜਾ ।

ਸੋ ਵਿਸਤਾਰ ਸਮੇਤ ਸ੍ਰਵਨ ਹਿਤ, ਪੁਨਿ ਪੂਛੇ ਰਿਖਿ ਰਾਜਾ ।

ਬਦੇ ਬੰਸ ਬਿਸਤਾਰ ਸਹਿਤ ਤੁਮ ਸਸੀ ਸੂਰ ਕੇ ਸ੍ਵਾਮੀ ।

ਉਭਯ ਬੰਸ ਅਵਤੰਸ ਵੇਸ ਧਰ, ਰਚਿਤ ਚਾਰੁ ਪਥ ਗਾਮੀ ॥ ੧ ॥ (ਪੱਤਰਾ ੧)

ਅੰਤ– ...ਇਹਿ ਬਿਧਿ ਬਰਨਯੋ 'ਰਤਨ ਹਰਿ', ਦਸਮ ਸਾਰ ਸੰਗੀਤ ।

ਕਹਿ ਸੁਨਿ ਲਹਿ ਬ੍ਰਜ ਰਤਨ ਹਰਿ, ਦਸਮ ਸਾਰ ਸੰਗੀਤ ॥ ੬੨ ॥

ਇਤਿ ਸ੍ਰੀ ਮਦੱਸਮੋੱਤਰਾਰਧ ਸਾਰ ਸੰਗੀਤੇ ਅਸਟੋੱਤਰਾਰਧ ਸ੍ਰੁਤਿ ਨਵਮੀ ਪਦ ਮਾਲਾ ॥ ੯ ॥

ਇਤਿ ਸ੍ਰੀ ਸ੍ਰੀ ਸੁਕ ਸ਼ਾਸਤ੍ਰ ਸਾਰ ਸੁਗੀਤ ਸੁਹਾਯੋ ।

ਪੂਰਨ ਦਸਮ ਸਕੰਧ ਭਯੋ, 'ਹਰਿ ਰਤਨ' ਕੰਠ ਹਰਿ ਗਾਯੋ ॥ ੧੦ ॥
ਦਸਮ ਸਕੰਧ ਪੂਰਨ ਭਯੋ, ਕਰੁਨਾ ਨਿਧਿ ਕਰੁਨਾ ਨਿਰਮਯੋ ।
ਸੁਭੇ ਭਵਤੁ ਪਠਤਾਂ ਲਿਖਤਾਂ ॥ ੧ ॥ ਦੋਹਾ ॥ (ਲਿਖਾਰੀ ਵਲੋਂ) —
ਸ੍ਰੀ ਗੁਰ ਰਤਨ ਹਰੀ ਕਰੀ, ਝਰੀ ਹਰੀ ਜਸ ਨੀਰ ।
ਸੋਧਯੋ ਸਾਲਿਗ੍ਰਾਮ ਸੁਭ, ਸੇਵਕ ਧਰ ਧ੍ਰੂਵ ਧੀਰ ॥ ੧ ॥
ਸੰਬਤ ਮਹਿ ਨਵ ਗੁਨ ਗਗਨ, ਪ੍ਰੌਸਯੋ ਪਖ ਕਲ ਕ੍ਰਿਸ਼ਨ । (ਪੱਤਰਾ ੨੫੯)
ਰਾਮ ਸਿੰਘ ਮਤਿ ਧੀਰ ਕੇ ਪਠਨ ਹੇਤੁ 'ਹਰਿ ਧਿਸ਼ਨ' ॥ ੨ ॥

(ਨੰ. ੪੯੦, ਪੰ. ਯੂ. ਚੰ.)

੩. ਰਾਗ ਰਤਨ ਚੰਦ੍ਰ ਕਲਾ

ਲੇਖਕ— ਕਵੀ ਬੁੱਧ ਸਿੰਘ । ਆਕਾਰ-$5\frac{1}{2}'' \times 4\frac{3}{4}''$, ਲਿਖਤ $4'' \times 3\frac{1}{2}''$ ।

ਵੇਰਵਾ— ਪੱਤਰੇ ੧੨; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਚੌਕੋਰ ਸਾਦੀਆਂ ਲਕੀਰਾਂ ਵਾਲਾ; ਪੱਤਰੇ ਕੁਝ ਦੀਮਕ ਖ਼ੁਰਦਾ ਹੋਣ ਕਰ ਕੇ ਉਪਰੋਂ ਹਾਸ਼ੀਏ ਵਲੋਂ ਕਟੇ ਹੋਏ; ਪੁਸਤਕ ਬਗ਼ੈਰ ਜਿਲਦ, ਜੋ ਸਾਧਾਰਣ ਹਾਲਤ ਵਿਚ ਹੈ ।

ਸਮਾਂ— ੧੯ਵੀਂ ਸਦੀ ਬਿ. । ਲਿਖਾਰੀ—ਨਾਮਾਲੂਮ ।

ਆਰੰਭ— (ਮੁੱਢ ਵਿਚ ਰਾਧਕਾ-ਮਾਨ ਦੇ ਕੁਝ ਪੱਤਰੇ ਛੱਡ ਕੇ) ੧ੴ ਸਤਿਗੁਰ ਪ੍ਰਸਾਦਿ । ਅਥ ਰਾਗ ਰਤਨ ਚੰਦ੍ਰ ਕਲਾ ਲਿਖਤੇ।
ਸਵੈਯਾ ॥ ਅਲ ਹੰਸ ਸੁਤਾ ਅਵ੍ਰ ਹੰਸ ਜਿਨੈ ਹਤਿ ਕੰਸ ਸੁ ਵੰਸ ਰਛ ਕਰੀ... (ਪੱਤਰਾ ੨)
ਬੁਧ ਸਿੰਘ ਮੁੰਦ ਅਨੰਦਤ ਹ੍ਵੈ, ਪੁਨਿ ਪੌਢ ਰਹੇ ਗਾਇ ਜਵੰਤੀ ॥੩੧॥੧॥

ਅੰਤ— ਇਤਿ ਸਿਰੀ ਰਾਗ ਰਤਨ ਚੰਦ੍ਰ ਕਲਾ ਕੌਤੁ ਹਲ ਸਮਾਪਤੰ । ਸੁਭੰ ਭੂਯਾਤ ॥ ਦੋਹਰਾ ॥
ਸੋਲਾ ਸਰਵਰ ਹੰਸ ਦਸ, ਅਸਟ ਕਿਰਲ ਨੌ ਮੋਰ ।
ਰਾਧਾ ਜੀ ਕੇ ਬਦਨ ਪਰ, ਏ ਤ੍ਰਿਤਾਲੀ ਚੋਰ ॥੧॥ (ਪੱਤਰੇ ੧੧-੧੨)

ਇਸ ਤੋਂ ਅੱਗੇ ਇਸ ਪੁਸਤਕ ਦੇ ਅੰਤ "ਸਰੀਰ ਵਿਚ ਕਾਮ ਦੇ ਅਸਥਾਨ" ਤੇ ਕੁਝ ਹੋਰ ਜੰਤ੍ਰ-ਮੰਤ੍ਰ ਦਿੱਤੇ ਹਨ, ਜੋ ਉਲਟੇ ਕਰ ਕੇ ਲਗਾਏ ਹੋਏ ਹਨ ।

ਵੈਦਜਕ ਤੇ ਇਲਮਿ ਤਿੱਬ

੧. ਅਨਿਕ ਪ੍ਰਕਾਰ ਗ੍ਰੰਥ (ਵੈਦਜਕ) (ਨੰ. ੨੨੧੬, ਖ਼ਾ. ਕਾ. ਅ.)

ਲੇਖਕ– ਕਵਿ ਗੁਰਮੁਖ ਸਿੰਘ । ਆਕਾਰ-6¼" × 9½", ਲਿਖਤ 4¼" × 7½" ।

ਵੇਰਵਾ– ਪੱਤਰੇ ੭੫; ਪ੍ਰਤੀ ਸਫ਼ਾ ੧੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਪੂਰਣ ਤੇ ਅੱਛੀ ਹਾਲਤ ਵਿਚ ਹੈ ।

ਸਮਾਂ– ਸੰਮਤ ੧੯੧੭ ਬਿ. । ਲਿਖਾਰੀ–ਹਰਿ ਨਾਮ, ਬ੍ਰਾਹਮਣ ।

ਆਰੰਭ– (ਮੁੱਢ ਵਿਚ ੫ ਪੱਤਰਿਆਂ ਦਾ ਤਤਕਰਾ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ । ਅਥ ਅਨਕ ਪ੍ਰਕਾਰ ਗ੍ਰੰਥ ਲਿਖਤੇ ।
ਦੋ ॥ ਗਿਰਿਧਰ ਤਨੁਜਾ ਤਨਜ ਬਰ, ਚਰਨ ਕਮਲ ਸਿਰ ਨਜਾਇ ।
ਏਕ ਰਦਨ ਗਜ ਬਦਨ ਜੋ, ਲੰਬੋਦਰ ਸਰਨਾਇ ॥੧॥
ਮਹਾ ਬਾਕ ਬਾਨੀ ਸੁਤਹਿ, ਹੇ ਗਨਪਤਿ ਗਣ ਰਾਇ !
ਰਟ ਹੋ ਅਨਕ ਪ੍ਰਕਾਰ ਕੋ, ਕਰਿਓ ਮੋਰ ਸਹਾਇ ॥੨॥ (ਪੱਤਰਾ ੧)

ਅੰਤ– ...ਆਦਿ ਅੰਤ ਅਵਤਾਰ ਇਕ, ਸੋ ਗੁਰ ਧਾਰਜੋ ਮੋਹ ।
ਸੋ ਸਹਾਇ ਹਮਰੇ ਸਦਾ, ਗ੍ਰੰਥਿ ਬਨਾਯੋ ਜੋਹ ॥੧੭॥
ਸਸਿਜ ਮ੍ਰਿਗੇਸ ਅਦੇਸ ਕਰ, ਪਢਜੋ ਜੁ ਪਿੰਗਲ ਸਾਰ ।
ਤਾ ਕੀ ਕ੍ਰਿਪਾ ਕਟਾਖ ਤੇ, ਅਨੁਭਵ ਰਚੀ ਬਿਚਾਰ ॥੧੮॥
ਰਾਮ ਦਾਸ ਗੁਰ ਧਾਮ ਤਟ, ਰਚਜੋ ਗ੍ਰੰਥ ਸੁਖ ਕਾਰ ।
ਤਿਸ ਪੜ੍ਹ ਕਰ ਮਤ ਔਰ ਕੋ, ਕਰਨ ਨ ਪਰੈ ਬਿਚਾਰ ॥੧੯॥
ਇਤਿ ਸ੍ਰੀ ਅਨਕ ਪ੍ਰਕਾਰ ਗ੍ਰੰਥ ਕ੍ਰਿਤ ਕਬਿ ਗੁਰਮੁਖ ਸਿੰਘ ਬਿਰਚਿਤਾਯਾਂ ਏਕਾਦਸੋ ਅਧਜਾਇ ॥੧੧॥ ਸੰਪੂਰਨੰ ।
ਸੁਭ ਬਿਜਯ ੧੦ ਸੰਬਤ ੧੯੧੭ ਲਿਖੀ, ਬਿਪ੍ਰ ਹਰਿ ਨਾਮ । (ਪੱਤਰਾ ੭੫)

੨. ਇੰਜਲ* ਵੈਦਕ ਸ਼ਾਸਤ੍ਰ (ਨੰ. ×, ਪੰ. ਸਾ. ਅ.)

ਲੇਖਕ– ਹਕੀਮ ਫ਼ਰਾਂਜੀਸ ਮਤੀਸ ਕਨਕ ਸੁਤ (ਅਰਥਾਤ-ਹਕੀਮ ਫ਼ਰਾਂਸਿਸ ਮੱਤੀ ਪੁਤ੍ਰ ਕਨਾਇ ਸਾਹਿਬ) ।

ਆਕਾਰ–7" × 5", ਲਿਖਤ 4½" × 3¼" ।

ਵੇਰਵਾ– ਪੱਤਰੇ ੧੩੭; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ– ਸੰਮਤ ੧੯੦੧ ਬਿ. । ਲਿਖਾਰੀ-ਨਾਮਾਲੂਮ ।

ਆਰੰਭ–੧ਓ ਸਤਿਗੁਰ ਪ੍ਰਸਾਦਿ । ਅਥ ਇੰਜਲ ਕਿਤਾਬ ਲਿਖਯਤੇ । ਪ੍ਰਿਥਮ ਕਰਿਤਾ ਨੈ ਅਯ ਦੇਵ ਗੁਰੂ ਨੈ ਨਮਸਕਾਰ ਕਰਾ । ਅਥ ਰਿਤੁ ਵਿਚਾਰ । ਚੇਤ ਵੈਸਾਖ ਜੇਠ, ਇਨ ਮੈ ਸੀਤ ਪਤਾਲ ਮੈ ਰਹੇ ਹੈ ਔਰ ਪਿਤ ਧਰਤੀ ਮੈ ਰਹੇ ਹੈ । ਵਾਇ ਆਕਾਸ ਮੈਂ ਰਹੈ ।... (ਪੱਤਰਾ ੧)

ਅੰਤ– ਤੇਲ । ਹਲੀਮ ਸੇਰ ਪਾਉ । ਪਾਣੀ ਸੇਰ ੨ । ਗੇਰ ਔਟਾਵੈ । ਤਬ ਪਾਣੀ ਪਾਉ ਤੀਨ ਰਹੈ । ਉਤਾਰ ਲੇ । ਪਾਣੀ ਗੇਰ ਦੇ ਗੋਂ ਦੂਧ ਸੇਰ ੧ ਤਾਂ ਮੈ ਫੇਰ ਔਟਾਵੈ ।... (ਪੱਤਰਾ ੧੩੬)
ਸਾਮ ਸੁਵੇਰ ਦਿਨ ੪੦ ਖਾਇ ਵਾਇ ਵਿਕਾਰ ਨਾਸੈ । ਚੋਰੰਗ ਝੋਲਾ ਗੰਠੀਆ ਚਮਕ ਵਾਇ, ਚਸੰਗ ਵਾਇ,

---

*ਸਹੀ ਨਾਮ ਐਂਜਲਸ ।

ਆਕਰ ਵਾਇ, ਪੰਚ ਵਾਇ ਨਸੈ ।... ਹੌਲ ਦਿਲ ਅਫਾਰਾ, ਅਨਪਚੈ, ਭ੍ਰਮ ਹੋਇ; ਮੰਦਾਗਨ ਨਾਸੈ, ਸਿਰ ਰੋਗ, ਮਾਥਾ ਸੂਲ, ਪ੍ਰਮੇਹ ਨਸੈ, ਮੂਤ੍ਰ ਕ੍ਰਿਛ, ਸੁਜਾਕ, ਆਮਵਾਤ, ਏਤੇ ਰੋਗ ਜਾਇ । ਖਟਾ ਵਯਾਲਾ ਮਨੈ ।

ਇਤਿ ਸ੍ਰੀ ਇੰਜਲ ਕਿਤਾਬ ਵੇਦ ਸ਼ਾਸਤ੍ਰ ਹਕੀਮ ਫਰਾਸੀਸ ਮਤੀਸ ਕਨਕ ਸੁਤ ਵਿਰੇਚਤੁਯੋ (ਵਿਰਚਿਤਾਯਾਂ) ਚਟਣੀ ਪਾਗ ਮਜੂਨ ਸਮਾਪਤੰ । ਸੰਮਤ ੧੯੦੧ । ਅਖਰ ਵਧ ਘਟ ਸੋਧ ਪੜ੍ਹਨਾ । ਸੁਭੰ... (ਪੱਤਰਾ ੧੩੭)

ਇਸ ਤੋਂ ਅੱਗੇ ਇਕ ਨੁਸਖ਼ਾ ਦਵਾਈ ਦਾ ਦਿੱਤਾ ਹੋਇਆ ਹੈ, ਜੋ ਅਗਲਾ ਪੱਤਰਾ ਫਟਣ ਕਰ ਕੇ ਅਧੂਰਾ ਰਹਿ ਗਇਆ ਹੈ ।

੩. (ੳ) **ਸ੍ਰੀ ਅੰਜੁਲ ਪੁਰਾਣ** (ਅਨੁਪਾਨ ਮੰਜਰੀ ਸਹਿਤ, ਨਾਗਰੀ ਲਿਪੀ) (ਨੰ. ੩੩੬, ਭਾ. ਵਿ.)

ਲੇਖਕ—ਹਕੀਮ ਫਰਾਂਸੀਸ ਮੱਤੀ ਦਾ ਪੁਤ੍ਰ ਕਨਾਯ ਸਾਹਿਬ । ਆਕਾਰ—$8\frac{1}{4}'' \times 6\frac{1}{4}''$, ਲਿਖਤ $7'' \times 5''$ ।

ਵੇਰਵਾ— ਪੱਤਰੇ ੧੬੨; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਲਕੀਰਾਂ ਹਾਸ਼ੀਏ ਦੀਆਂ ਤੀਹਰੀਆਂ; ਪੁਸਤਕ ਸਾਧਾਰਣ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੦੪ ਬਿ., ਸ਼ਕ ਸੰਮਤ ੧੭੬੯ । ਲਿਖਾਰੀ—ਨਾਮਾਲੂਮ । ਸਥਾਨ— ਅਲਵਰ ।

ਆਰੰਭ- ਓਂ ਸਿਧ ਸ੍ਰੀ ਗਣੇਸਾਯ ਨਮ: । ਸ੍ਰੀ ਸਰਸ੍ਵਤਿ ਭਯੋ ਨਮ: । ਸ੍ਰੀ ਰਾਮ ਜੀ ਸਤਯੇ । ਅਥ ਬੈਦ ਸ਼ਾਸਤ੍ਰ ਹਕੀਮ ਫਰਾਸੀਸ ਨਾਮ ਸੁੱਤਨ ਭਾਸ਼ਾ ਨਿਰਨਯ ਪ੍ਰਥਮ ਸਰੀਰਕ ਭੇਦ ਲਿਖਯਤੇ: । ਸ਼ਰੀਰ ਮੈ ਚਯਾਰ ਕੋ ਵਾਹੈ... (ਪੱਤਰਾ ੧)

ਅੰਤ— ਪਟੋਲ ਮਾਸੇ ੧, ਨੋਨ ਸਾਂਭਰੀ ਰੱਤੀ ੧, ਗੁੜ ਮਾਸੇ ੨, ਯੇ ਮਿਲਾਯ ਗੋਲੀ ਬਾਂਧੈ, ਖਾਯ ਦਿਨ ਸਾਤ, ਗੁੰਨ-ਅਸਤ੍ਰੀ ਕੈ ਫੂਲ ਹੋਯ, ਰੂਖੀ ਰੋਟੀ ਖਾਯ ।

ਇਤ ਸ੍ਰੀ ਅੰਜੁਲ ਪੁਰਾਣੇ ਬੈਦ ਸ਼ਾਸਤ੍ਰੇ ਹਕੀਮ ਫਰਾਸੀਸ ਮੱਤੀਸ ਸੁੱਤ ਕਨਾਯ ਸਾਹੇਬ ਬਿਰਚਿਤਾਯਾਂ ਬਿਧਿ ਨਾਮ ਰੋਗ ਨਾਸਨ ਤ੍ਰਿਦਸੋ ਧਯਾਯ ।।੧੩।।

ਇਤਿ ਸ੍ਰੀ ਅੰਜੁਲ ਪੁਰਾਣ ਗ੍ਰੰਥ ਸੰਪੂਰਣ ਸਮਾਪਤਿ । (ਪੱਤਰਾ ੧੪੮)

(ਅ) ਅਨੁਪਾਨ ਮੰਜਰੀ

ਆਰੰਭ- ਅਥ ਅਨੁਪਾਨ ਮੰਜਰੀ ਲਿਖਯਤੇ । ਪ੍ਰਥਮ ਸਰਸ੍ਵਤੀ ਕੂੰ ਨਮਸਕਾਰ ਕਰ ਕੈ ਧਾਤ ਉਪਧਾਤ ਬਿਖ ਥਾਵਰ ਜੰਗਮ ਤਿਨ ਕੈ ਬਿਕਾਰ ਨਾਸਨ ਅਰਥ ਅਨੁਪਾਨ ਮੰਜਰੀ ਕਹਤ ਹੈ । (ਪੱਤਰਾ ੧੪੮)

ਅੰਤ— ...ਮਿਸਰੀ ਮਾਸੇ ੭, ਘ੍ਰਿਤ ਤੋਲੇ ੧, ਚਾਵਲ ਤੋਲੇ ੧, ਸਹਤ ਟੰਕ ੨।।, ਭੈਂਸ ਕੌ ਗੋਬਰ ਮਾਸੇ ੫, ਗੋ ਦੂਧ ਪਾਵ ਭਰ ਮੈ ਮਿਲਾਯ ਪੀਵੇ ਦਿਨ ੩, ਸਰਬ ਬਿਖ ਦੂਰ ਹੋਇ । ਸ੍ਵਾਨ ਕਾ ਬਿਖ ਉਪਰ ਨਹੀਂ ਦੀਜੈ ।

ਇਤਿ ਸ੍ਰੀ ਅਨੁਪਾਨ ਮੰਜਰੀ ਥਾਵਰ ਜੰਗਮ ਬਿਖ ਹਰਨ ਸੰਪੂਰਣ ਸਮਾਪਤਿ ਰਾਮ । (ਪੱਤਰਾ ੧੫੩)

(ੲ) **ਰੋਗ ਨਾਸ਼ਨ ਫੁਟਕਰ ਔਖਧੀ**

ਆਰੰਭ— .. ਔਖਦ ਗਰਮੀ ਟਾਂਕੀ ਕੀ ਲੌਂਗ ਮਾਸੇ ੩, ਇਲਾਇਚੀ ਛੋਟੀ ਮਾਸੇ ੩, ਪਾਰੋ ਮਾਸੇ ੩, ਸਨਾਯ ਮਾਸੇ ੩, ਹਰੜ ਛੋਟੀ ਮਾਸ ਮਾਸੇ ੩, ਸਯਾਹ ਮਿਰਚ ਮਾਸੇ ੩, ਰਸ ਕਪੂਰ ਮਾਸੇ ੩, ਨਾਗਰ ਪਾਨ ਦੋਯ ੨, ਯੇ ਸਭ ਪੀਸ ਛਾਨ ਸਹਤ ਮੇਂ ਗੋਲੀ ਬਾਂਧੈ ਸਾਤ, ਯੇਕ ਗੋਲੀ ਪੇਡਾ ਮੈ ਧਰ ਖਾਯ । ਯੇਕ ਯੇਕ ਖਾਯ ਦਿਨ ਸਾਤ, ਗਿਹੂੰ ਖਾਯ ਔਰ ਕਛੂ ਨਹੀਂ ਖਾਯ, ਗਰਮੀ ਕੀ ਟਾਂਕੀ ਨਿਕਾਂ ਹੋਯ । (ਪੱਤਰਾ ੧੫੩)

ਅੰਤ— ਚੂਰਨ ਗਜ ਕੇਸਰ ਟੰਕ ੬ ਪੀਸ ਛਾਨ ਲੇ, ਇਕ ਬਰਨੀ ਗਊ ਕਾ ਦੂਧ ਪਾਵ ਭਰ ਮੈ ਡਾਰ ਪੀਵੈ, ਅਸਤ੍ਰੀ ਨ੍ਹਾਯ ਕੈ ਦਿਨ ਤੀਨ ਤੈਂ ਗਰਭ ਰਹੈ ।

ਇਤਿ ਸ੍ਰੀ ਰੋਗ ਨਾਸਨ ਫੁਟਕਰ ਦਵਾਈ ਸੰਪੂਰਣੰ ਸਮਾਪਤੰ, ਸੁਭ ਸੰਬਤ ੧੯੦੪ ਸ਼ਾਕੇ ੧੭੬੯ ਮਾਸੋਤਮ ਮਾਸੇ ਮਾਹ ਮਾਸੇ ਕ੍ਰਿਸ਼ਨ ਪਖੇ ਤਿਥਿ ੩ ਬਾਰ ਬਾਸਰੇ ਸ਼ੁਕ੍ਰ ਬਾਸਰੇ ਲਿਖੀ ਅਲਵਰ ਸਹਰ ਚਾਰਨਾਂ ਕੀ ਖਿੜਕੀ ਮਧਯੇ ਰਾਜ ਰਾਜੇ ਸ੍ਰੀ ਬਨੈ ਸਿੰਘ ਜੂ ਬਿਰਾਜਮਾਨ ਸਦਾ ਸੁੱਧ ਬੁੱਧ... (ਪੱਤਰਾ ੧੬੨)

੪. **ਸ਼ਾਰੰਗਧਰ ਭਾਖਾ** (ਨਾ-ਮੁਕੰਮਲ) (ਨੰ. ੧੨੦, ਭਾ. ਵਿ.)

ਲੇਖਕ—ਸ੍ਰੀ ਸ਼ਾਰੰਗਧਰ ਵੈਦਯ । ਅਨੁਵਾਦਕ— ਰਾਜਾ ਰਾਮ । ਆਕਾਰ— $7\frac{1}{2}'' \times 5\frac{1}{4}''$, ਲਿਖਤ $5\frac{1}{4}'' \times 3\frac{1}{2}''$ ।

ਵੇਰਵਾ— ਪੱਤਰੇ ੮੮— ੨੧੩ (੧੨੫); ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ ਕਿਰਮ ਖ਼ੁਰਦਾ, ਜਿਸ ਕਰ ਕੇ ਸਾਰੇ ਹੀ ਪੱਤਰੇ

ਦੋਬਾਰਾ ਮੁਰੰਮਤ ਕੀਤੇ ਹੋਏ ਹਨ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ । ਮੁੱਢਲੇ ੮੭ ਪੱਤਰੇ ਗੁਮ ਹੋਣ ਕਰ ਕੇ ਪੁਸਤਕ ਅਧੂਰੀ ਹੈ ।

ਸਮਾਂ — ਸੰਮਤ ੧੮੮੯ ਬਿ: । ਲਿਖਾਰੀ—ਨਾਮਾਲੂਮ ।

ਆਰੰਭ— ...ਸੁੰਠੀ ਇਟ ਲਹੀ ।

ਨੀਲਾ ਲਾਲ ਦ ਕਮਲ ਮੰਗਾਇ । ਦੋਨੋ ਹਲਧ ਮੁਲੱਠੀ ਲਜਾਇ ।
ਵਾ ਕਾ ਘੀ ਯਾਹੀ ਗੁਣ ਕਰੈ । ਮੋਤੀ ਬਿੰਦ ਅੰਧਰਾਤਾ ਹਰੈ ।
ਖੁਰਕ ਬਾਮਨੀ ਚਲਕਾ ਭਾਗੈ । ਅੰਧਕਾਰ ਸਭ ਰੋਗ ਤਿਆਗੈ ।... (ਪੱਤਰਾ ੮੮)
ਪੇਠਾ ਤੇਲ ਤਿਲਾ ਕੋ ਤਿਆਗੈ । ਰਾਈ ਮਾਹ ਮਘ ਨਹੀ ਲਾਗੈ ।

ਇਤਿ ਸ੍ਰੀ ਰਾਜਾ ਰਾਮ ਵਿਰਚਿਤੇ ਸਾਰੰਗਧਰ ਭਾਖਾ ਮੱਧ ਖੰਡ ਸਮਾਪਤ । ਅਥ ਤ੍ਰਿਤੀਆ ਖੰਡ ।

ਚੌਪਈ ॥ ਸਨੇਹ ਮਾਨ ਚਤੁਰ ਬਿਧਿ ਹੋਇ ।... (ਪੱਤਰਾ ੧੩੮)

ਅੰਤ— ਅਥ ਔਖਧਿ ਖਾਸੀ ਕੀ । ਕਲੌਜੀ ਮਾਸੇ ਸਤ ।੭। ਅਫੀਮ ਮਾਸੇ ।੨। ਮੁਨਕਾ ਮਾਸੇ ।੧੪। ਔਖਦ ਪੀਸ ਕੇ ਗੋਲੀ ਇਕ ਰਤੀ ਕੀ ਕਰਨੀ, ਖਾਂਸੀ ਜਾਇ । ਸਿਮਤੁ ੧੮੮੯ ਮਿਤੀ ਹਾੜ੍ਹ ਦੀ ਤੀਵੀ ।੩੦। ਦਾਰੂ ਮੁਰੀ ਦਾ । ਰਤਕਾ । ਨੀਲਾ ਥੋਥਾ । ਖਗ । ਅਫਮੇ ਕੇ ਛਟ । ਗੋ ਕੇ ਮਤ ਵਚਿ ਘੋਟ ਕੇ ਲਵੇ, ਮੋਰੀ ਚੰਗੀ ਹੋਵੈ ।* (ਪੱਤਰਾ ੨੧੩)

ਇਹ ਪੁਸਤਕ ਕਿਸੇ ਪੋਠੋਹਾਰੀ ਸੱਜਨ ਦੀ ਲਿਖਤ ਜਾਪਦੀ ਹੈ ਜਿਸ ਕਰ ਕੇ ਕਈ ਥਾਵੇਂ ਕਨੌੜੇ ਦੀ ਥਾਵੇਂ ਹੋੜੇ ਹੀ ਵਰਤੇ ਗਏ ਹਨ, ਜਿਵੇਂ—ਔਰ ਦੀ ਥਾਵੇਂ ਓਰ, ਔਖਧਿ ਦੀ ਥਾਵੇਂ ਓਖਧਿ, ਕੌੜੀ ਦੀ ਥਾਵੇਂ ਕੋੜੀ, ਚੌਦਾਂ ਦੀ ਥਾਵੇਂ ਚੋਦਾਂ, ਚੌਥਾ ਦੀ ਥਾਵੇਂ ਚੋਥਾ, ਚੌਪੜੀ ਦੀ ਥਾਵੇਂ ਚੋਪੜੀ ਆਦਿ । ਇਸੇ ਤਰਾਂ ਪੁਸਤਕ ਦੀ ਭਾਸ਼ਾ ਹਿੰਦੀ ਹੋਣ ਦੇ ਬਾਵਜੂਦ ਵੀ ਬਹੁਤੇ ਸ਼ਬਦ ਪੰਜਾਬੀ ਹੀ ਵਰਤੇ ਗਏ ਹਨ, ਜਿਵੇਂ-ਸ਼ੋਲਹ ਦੀ ਥਾਵੇਂ ਸੋਲਾਂ, ਮਧੁ (ਸ਼ਹਿਦ) ਦੀ ਥਾਵੇਂ ਮਾਖਿਓਂ, ਟਿਕਿਯਾ ਦੀ ਥਾਵੇਂ ਟਿੱਕੀ ਆਦਿ ।

੫. (ੳ) ਸੁਖ ਸੈਨ-ਰਾਮ ਬਿਨੋਦ (ਦਵਾਈਆਂ ਫੋਟਕ ਤੇ ਖੇਮ ਕੌਤੂਹਲ ਸਮੇਤ) (ਨੰ. ੨੭੪, ਭਾ. ਵਿ.)

ਲੇਖਕ— ਕਵੀ ਰਾਮ ਚੰਦ । ਅਨੁਵਾਦਕ— ਕਵੀ ਸੈਨਾਪਤਿ 'ਮਾਨ' । ਆਕਾਰ—7½" × 5½" ਲਿਖਤ 5½" × 4" ।

ਵੇਰਵਾ- ਪੱਤਰੇ ਤਤਕਰੇ ਦੇ ੧੨, ਤੇ ਮੂਲ ਪੁਸਤਕ ਦੇ ਪੱਤਰੇ ੧੫੧; ਪ੍ਰਤੀ ਸਫ਼ਾ ੧੧ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਜਿਲਦ ਟੁੱਟੀ ਹੋਈ, ਪਰ ਫੇਰ ਵੀ ਪੁਸਤਕ ਹਰਤਰ੍ਹਾਂ ਮੁਕੰਮਲ ਤੇ ਅੱਛੀ ਹਾਲਤ ਵਿਚ ਹੈ । ਸ੍ਰੀ ਗੁਰੂ ਸੋਭਾ, ਜਿਸ ਵਿਚ ਸ੍ਰੀ ਦਸ਼ਮੇਸ਼ ਜੀ ਦਾ ਜੀਵਨ ਹੈ, ਇਸੇ ਕਵੀ ਦੀ ਕਾਵਿ-ਕ੍ਰਿਤਿ ਹੈ ।

ਸਮਾਂ— ਸੰਮਤ ੧੮੭੫ ਬਿ. । ਲਿਖਾਰੀ—ਨਾਮਾਲੂਮ ।

ਆਰੰਭ- (ਮੁੱਢ ਵਿਚ ੧੨ ਪੱਤਰੇ ਛੱਡ ਕੇ) ੧ਓ ਸ੍ਰੀ ਗਣੇਸਾਯ ਨਮ: । ਅਥ ਸੁਖ ਸੈਨ ਲਿਖਯਤੇ ॥ ਦੋਹਰਾ ॥

ਗੁਰ ਗਨਪਤਿ ਬੰਦੋ ਚਰਨ, ਬਰਦਾ ਇਕ ਬਰ ਦੇਵ ।
ਬਿਘਨ ਹਰਨ ਸਬ ਸੁੱਖ ਕਰਨ, ਪੂਰਨ ਕੀਜੈ ਸੇਵ ॥੧॥...
ਬੈਦ ਗ੍ਰੰਥ ਭਾਖਾ ਕਰੋਂ, ਧਰੋਂ ਨਾਮ ਸੁਖ ਸੈਨ ।
ਸੁਭ ਅੱਛਰ ਬਾਨੀ ਬਿਮਲ; ਸੁਨਤ ਹੋਤ ਮਨ ਚੈਨ ॥੨॥...
ਨਮੋ ਧਨੰਤਰ ਬੈਦ ਪਤਿ, ਅਮੀ ਡੀਠ ਸੁਭ ਕਾਰ ।
ਦੀਜੈ ਬਰ ਸੁਖ ਸੈਨ ਕੋ, ਭਾਖਾ ਕਹੋਂ ਸੁਧਾਰ ੩॥...
ਜਯੋਂ ਰਵਿ ਕੇ ਉਦਯੋਤ ਤੇ, ਅੰਧਕਾਰ ਨ ਰਹਾਇ ।
ਤਯੋਂ ਧਨੰਤਰ ਦਰਸ ਤੇ, ਸਗਲ ਰੋਗ ਮਿਟ ਜਾਇ ॥੪॥...
ਜਗਤ ਰਾਇ ਦਿਜ ਬੈਦ ਹਿਤ, ਚੰਦ੍ਰ ਸੈਨ ਤਿਹ ਮਿਤ੍ਰ ।
ਸ਼ਹਰ ਵਜੀਰਾਬਾਦ ਮੈਂ, ਕੀਨੋ ਗ੍ਰੰਥ ਬਚਿਤ੍ਰ ॥੫॥
ਅਥ ਕਵਿ ਬੰਸ ਬਰਨਨੰ ॥ ਦੋਹਰਾ ॥
ਸੰਭੁ ਜਟਾ ਤੇ ਕਹਤ ਹੈ, ਜਾਟ ਬੰਸ ਅਵਤਾਰ ।

*ਇਹ ਪਿਛਲਾ ਵਾਕ ਬਹੁਤ ਹੀ ਅਸ਼ੁੱਧ ਤੇ ਬੇਹੂਦਾ ਹੈ ।

ਮਾਨ ਗੋਤ੍ਰ ਤਾਤੇ ਪ੍ਰਗਟਿ, ਜਾਨਤ ਸਭ ਸੰਸਾਰ ॥੬॥
ਜੌ ਬਰਨੌਂ ਯਾ ਗੋਤ੍ਰ ਕੋ, ਬਢੈ ਗ੍ਰੰਥ ਬਿਸਤਾਰ ।
ਤਾ ਤੇ ਕਵਿ ਸੰਛੇਪ ਸੌਂ, ਕੀਨੋ ਕਛੂ ਉਚਾਰ ।੭॥
ਬਾਲ ਚੰਦ ਤਿਹ ਗੋਤ੍ਰ ਮੈ, ਲੇਖਕ ਅਪਰ ਅਪਾਰ ।
ਬਾਸੀ ਸਹਰ ਲਹੌਰ ਕੇ, ਲਿਖਣਿ ਪਢਨ ਸੌਂ ਪਯਾਰ ॥੮॥...
ਚੰਦ੍ਰ ਸੈਨ ਤਾ ਕੋ ਤਨੁਜ, ਕਵਿ ਮਤਿ ਮੰਦ ਗਵਾਰ ।
ਗੁਰ ਗੁਬਿੰਦ ਕੀ ਸਭਾ ਮਹਿ, ਜਿਹ ਪਾਯੋ ਅਧਿਕਾਰ ॥੯॥...
ਤਾ ਕੋ ਬਿਦਯਾ ਗੁਰ ਮਿਲਯੋ, ਚੰਦਨ ਦੇਵੀ ਦਾਸ ।
ਕੀਓ ਆਪ ਸਮ ਨਿੰਮ੍ਰ ਤੈ, ਦੈ ਕੈ ਬੁਧ ਸੁਬਾਸ ॥੧੦॥
ਜਗਤ ਰਾਇ ਦਿਜ ਬੈਦਬਰ, ਬਸਤ ਵਜ਼ੀਰਾਬਾਦ ।
ਸੈਨਾਪਤਿ ਸੋ ਮਿਤ੍ਰਈ, ਕੀਨੀ ਪਰਮ ਸਵਾਦ ॥੧੧॥...
ਜਗਤ ਰਾਇ ਇਕ ਦਿਨ ਕਹਯੋ, ਸੈਨਾਪਤਿਹਿ ਸੁਨਾਇ ।
ਪੋਥੀ ਰਾਮ ਬਿਨੋਦ ਪੁਨਿ, ਭਾਖਾ ਦੇਹੁ ਬਨਾਇ ॥੧੨॥
ਸਮੈ ਪਾਇ ਕੈ ਸੈਨ ਕਵਿ, ਕਰੀ ਤਹਾ ਤੇ ਦੋਰ ।
ਸਹਰ ਵਜ਼ੀਰਾਬਾਦ ਮੈ, ਆਇ ਬਸਯੋ ਸੁਭ ਠੌਰ ॥੧੩॥...
ਪਦਮ ਰੰਗ ਰਿਖਿ ਜੈਨ ਮਤ, ਮਹਾਂ ਬਦ ਮਤਿ ਮੋਦ ।
ਰਾਮ ਚੰਦ ਤਿਹ ਸਿਖਯ ਨੈ, ਕੀਨੋ ਰਾਮ ਬਿਨੋਦ ॥੧੪॥
ਬੈਦ ਗ੍ਰੰਥ ਸਭ ਮਥਨ ਕੈ, ਔਖਧਿ ਸੁੰਦਰ ਬੀਨ ।
ਭਾਖਾ ਰਾਮ ਬਿਨੋਦ ਕੀ, ਸੁੰਦਰ ਪੋਥੀ ਕੀਨ ॥੧੫॥..
ਤਿਹ ਪ੍ਰਸਾਦਿ ਕਵਿ ਸੈਨ ਮਨ, ਅਤਿ ਹੀ ਉਪਜਯੋ ਚੈਨ ।
ਪਲਟੋ ਯਹ ਭਾਖਾ ਬਹੁਰ, ਧਰੋ ਨਾਮ ਸੁਖ ਸੈਨ ॥੧੬॥...
ਜਯੋਂ ਦੀਪਕ ਤੇ ਦੀਪ ਕੋ, ਬਾਹਰ ਰਖੀਐ ਐਨ ।
ਤੈਸੇ ਰਾਮ ਬਿਨੋਦ ਤੇ, ਗ੍ਰੰਥ ਕੀਓ ਸੁਖ ਸੈਨ ॥੧੭॥ (ਪੱਤਰੇ ੧-੨)

ਅੰਤ- ਔਰੁ ਸੰਤਾਨ ਹੋਵਨ ਕੋ । ਪਰਿਹਾਂ ।
ਮੁਕਤਾ ਫਲ ਅਨਬੇਧ ਸੁ ਬਿੰਦ੍ਰਮ ਆਨੀਏ ।
ਜਾਤੀਫਲ ਕੰਕੋਲ, ਖਾਂਡ੍ਰ ਸਮ ਸਾਨੀਏ ।
ਸਹਦੇਵੀ ਸਬ ਪੀਸ ਸੁ ਚੂਰਨ ਕੀਜੀਏ ।
ਰਿਤੁ ਸਨਾਨ ਕਰਿ ਰਵਿ ਸਨਮੁਖ ਹ੍ਵੈ ਪੀਜੀਏ ।
ਦਿਵਸ ਤੀਨ ਯਹ ਜਤਨੁ ਕਰੈ ਜੋ ਕਾਮਨੀ ।
ਨਿਸਚੈ ਧਰੈ ਗਰਭ ਸੁ ਬਾਝਾ ਭਾਮਨੀ ।
ਦੂਧ ਭਾਤ ਮਿਸਟਾਨ ਲੋਨੁ ਬਿਨੁ ਖਾਵਈ ।
ਗੁਰ ਗੋਬਿੰਦ ਪ੍ਰਸਾਦਿ ਪੁਤ੍ਰ ਫਲ ਪਾਵਈ ॥੧੧੦੪॥

ਇਤਿ ਦੋਹਰਾ ॥
ਬੈਦ ਗ੍ਰੰਥ ਬਹੁ ਦੇਖਿ ਕੈ, ਕਛੂ ਨ ਪਾਇਓ ਪਾਰ ।
ਦਰਬ ਜੋਗ ਕੇ ਗੁਣ ਕਛੂ, ਪ੍ਰਗਟਿ ਕਰੇ ਸੰਸਾਰ ॥੧੧੦੫॥

ਅਥ ਗ੍ਰੰਥ ਨਾਮ ॥ ਛਪਯ ॥
ਅਤ੍ਰਿ ਚਰਕ ਹਰੀਤ ਜੋਗ ਚਿੰਤਾਮਣਿ ਸੁਸ੍ਰੁਤ ।
ਸਾਰੰਗਧਰ ਨਿਦਾਨ, ਜਗ ਸਤਿ ਬ੍ਰਿੰਦ ਸਾਰ ਮਤ ।
ਸੰਨਿਪਾਤ ਕਲ ਕਾ ਮਨੋਰਮ, ਰਸ ਚਿੰਤਾਮਣਿ ।
ਮਾਰਤੰਡ ਨ੍ਰਿਪ ਔਰ ਬਾਘ ਭਟ ਛਾਰ ਪਾਣਿ ਗਣਿ ।

ਆਰਿਖ ਪੈਰਖਿ ਸਭ ਦੇਖਿ ਕੈ, ਇਨ ਕਾ ਮਤ ਮੈ ਸਭੁ ਲੀਆ ।
ਸੁਖ ਸੈਨ ਨਾਮ ਯਾ ਗ੍ਰੰਥਿ ਕੋ, ਸੈਨਾਪਤਿ ਭਾਖਾ ਕੀਆ ॥੧੧੦੬॥...
ਸਾਧਨ ਪਰ ਉਪਕਾਰ ਧਨ, ਧਰਮ ਸੋਭ ਹਿਤ ਮਾਹਿ ।
ਸਗਲ ਭਾਂਤ ਕਰਨਾ ਭਲਾ, ਅਫਲ ਚਿਕਿਤਸਾ ਨਾਹਿ ॥੧੧੦੭॥

ਇਤਿ ਸ੍ਰੀ ਸੈਨਾਪਤਿ ਮਾਨ ਮਿਸ੍ਰ ਜਗਤ ਰਾਇ ਹਿਤ ਬਿਰਚਿਤੇ ਸ੍ਰੀ ਸੈਨ ਸੁਖ ਗ੍ਰੰਥੇ... ਇਤਿ ਪੋਥੀ ਸੈਨ ਸੁਖ ਸਮਾਪਤਮਸਤੁ ਸੁਭਮਸਤੁ । ਸੁਖ ਸੈਨ ਸੰਪੂਰਨ ਹੋਇਆ ਮਹੀਨੇ ਫਗਣਿ । ਸੰਮਤ ੧੮੭੫ ਪ੍ਰਵਿਸਟਿ ੨੮, ਸੁਕਲ ਪਖੁ ਥਿਤ ੧੪ ਵਾਰੁ ਬੁਧੁ ਸੰਪੂਰਨੁ ਹੋਇਆ, ਬੈਦਕ ਹਿੰਦੀ ॥੧॥੧॥ (ਪੱਤਰੇ ੧੫੦-੫੧)

(ਅ) ਦਵਾਈਆਂ ਫੋਟਕ ਦੀਆਂ

ਆਰੰਭ— ...ਕਾਕਨਜ ਛੇ ਦਿਰਮ, ਗਿਰੀਆਂ ਖੀਰਿਆਂ ਦੀਆਂ... (ਪੱਤਰਾ ੧੫੨)

ਅੰਤ— ...ਚਣੇ ਬਰਾਬਰ ਗੋਲੀ ਬਾਂਧੈ, ਭੋਜਨ ਸੇਂ ਬਾਦ ਤੀਨ ਘੜੀ ਪੀਛੇ ਦੋ ਗੋਲੀਆਂ ਖਾਇ, ਪਾਚੁਨੁ ਹੈਂ । (ਪੱਤਰਾ ੨੦੦)

(ੲ) ਖੇਮ ਕੌਤੂਹਲ (ਲੇਖਕ-ਖੇਮ ਸ਼ਰਮਾ)

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਇ ਨਮ: । ਅਥ ਖੇਮ ਕੌਤੂਹਲ ਲਿਖ੍ਯਤੇ ॥ ਦੋਹਰਾ ॥
ਸਿਵ ਸੁਤੁ ਕਲਮਲ ਹਰਣ ਜਲ ਸਿੰਧ ਸੁਖਨ ਭਰਪੂਰ ।
ਮੋਦਕ ਪ੍ਰਿਯ ਗੁਰ ਸਰਬ ਕੇ, ਗੰਡ ਝਰਤ ਮਦ ਨੂਰ ॥੧॥ (ਪੱਤਰਾ ੨੦੧)

ਅੰਤ— ...ਸਰਬਤ ਦੇ ਉਜੀਰਣ ਨੋ, ਚਿਤ੍ਰਾ ਪਿਪਲੀ ਲੂਣੁ ਕੁਟਿ ਕੈ ਖਾਇ ਟਾਂਕ ॥੧॥ ਇਕੁ॥ ਇਤਿ ਸ੍ਰੀ ਛੇਮ ਕੌਤੂਹਲ ਕੀ ਪੋਥੀ ਭਾਖਾ ਸੰਪੂਰਨੰ ਸੁਭੰਮਸਤੁ ਸੁਭਮਸਤੁ ॥੧॥ ਖਾਵਣਿ ਵਾਲਿਆਂ ਨੋਂ ਪ੍ਰਮੇਸੁਰ ਸੇਹਤ ਬਖਸੈ । ਨਾਰਾਇਣ ਕਾ ਭਜਨ ਕਰਦੇ ਰਹਣਿ । ਖਾਣਿ ਪੀਵਣ ਕਾ ਇਹੀ ਲਾਭੁ ਹੈ । ਹਰੇ ਕ੍ਰਿਸਨੰ, ਹਰੇ ਬਿਸਨੰ । ਹਰੇ ਰਾਮ । ਪੋਥੀ ਸੰਪੂਰਨੰ । (ਪੱਤਰੇ ੨੪੨-੪੩)

ਇਸ ਤੋਂ ਅੱਗੇ ਪੱਤਰਾ ੨੫੦ ਤਕ ਕੁਝ ਫੁਟਕਲ ਨੁਸਖ਼ੇ ਦਰਜ ਹਨ ।

੬. ਚਿਕਿਤਸਾ ਸਾਰ (ਨੰ. ੩੦੮, ਭਾ. ਵਿ.)

ਲੇਖਕ— ਕਵੀ ਧੀਰਜ ਰਾਮ, ਮਿਸ੍ਰ ।, ਆਕਾਰ-6¼" × 5", ਲਿਖਤ 4½" × 3¾" ।

ਵੇਰਵਾ— ਪੱਤਰੇ ੧੫੨; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸੁੱਧ; ਹਾਸ਼ੀਆ ਲਾਲ ਲਕੀਰਾਂ ਵਾਲਾ; ਸਿਰ ਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਪੋਹ ਵਦੀ ੧੪, ਸੰਮਤ ੧੯੦੧ ਬਿ. । ਲਿਖਾਰੀ-ਨਾਮਾਲੂਮ ।

ਆਰੰਭ— (ਮੁਢ ਵਿਚ ਪੰਜ ਪੱਤਰਿਆਂ ਦੀ ਵਿਸ਼ੇ-ਸੂਚੀ ਛੱਡ ਕੇ) ੧ਓ ਸ੍ਰੀ ਗਣੇਸਾਯ ਨਮ: । ਸ੍ਰੀ ਗੁਰ ਭ੍ਯੋ ਨਮ: ।
ਸੋਰਠਾ ॥ ਕਮਲ ਨਯਨ ਸਸਿ ਭਾਲ, ਨਾਗ[1] ਬਦਨ ਇਕ ਰਦਨ[2] ਯੁਤ ।
ਬਰਦ ਬਿਰਦ ਪ੍ਰਤਿਪਾਲ, ਹਰੈ ਬਿਘਨ ਬਿਘਨਾਧਿਪਤਿ ॥੧॥
ਕਰ ਮੁਰਲੀ ਉਰਮਾਲ, ਸੁਭਟ ਮੁਕਟ ਸਿਰ ਭ੍ਰਿਕੁਟੀ ਧਨ ।
ਸਖਾ ਸੰਗ ਲੀਏ ਗ੍ਵਾਲ, ਹਰੇ ਬਿਘਨ ਘਨ ਸ੍ਯਾਮ ਜੂ ॥੨॥
ਛਪੈ ॥ ਸੂਨ੍ਯ ਚੰਦ੍ਰ ਗਜ ਚੰਦ੍ਰ, ਬਰਖ ਬਿਕ੍ਰਮ ਸੁਭ ਦਾਯਕ ।
ਜ੍ਯੇਸਟ ਸੁਦੀ ਰਵਿ ਦੂਜ, ਪੂਜ ਹਰਿ ਗੁਰ ਦਿਨ ਨਾਯਕ ।
ਪਾਇ ਗੁਬਿੰਦ ਪ੍ਰਸਾਦਿ, ਸਾਰ ਗ੍ਰੰਥਨ ਕੋ ਲੀਨੋ ।
ਨਾਮ ਚਿਕਿਤਸਾ ਸਾਰ, ਗ੍ਰੰਥ ਯਹ ਭਾਖਾ ਕੀਨੋ ।
ਕ੍ਰਿਪਾ ਰਾਮ ਦਿਜ ਲੜਕੀ, ਤਾ ਕੋ ਨੰਦਨ ਧੀਰਜ ਧਰ ।
ਕਰ੍ਯੋ ਗ੍ਰੰਥ ਭੂਲ੍ਯੋ ਕਹੂੰ, ਲਿਹੁ ਸੁਧਾਰ ਤੁਮ ਬੈਦ੍ਯ ਬਰ ॥੩॥
ਦੋ ॥ ਪਾਯ ਬ੍ਰਿਤ ਯੌ ਚਿੱਤ ਕੀ, ਕਰ੍ਯੋ ਚਿਕਿਤਸਾ ਗ੍ਰੰਥ ।

---

[1] ਹਾਥੀ । [2] ਦੰਦ ।

ਮੱਤਿ ਅਨੁਸਾਰ ਬਿਚਾਰ ਕਰ, ਲੇ ਰਿਖ ਤਾਂਤ੍ਰਿਕ ਪੰਥ ॥੪॥ (ਪੱਤਰਾ ੧)

ਅੰਤ— ...ਪਰਮ ਸਿੱਧ ਕਰੋ ਔਖਧਿ ਸਭੇ, ਜੁ ਰਾਖੀ ਹਯ ਇਸ ਗੰਥ ਮੇ ॥ ੧੨੪ ॥

ਇਤਿ ਸ੍ਰੀ ਸਾਰਸ੍ਵਤ ਦ੍ਵਿਜ ਧੀਰਜ ਰਾਮ ਕ੍ਰਿਤੇ ਗ੍ਰੰਥੇ ਚਿਕਿਤਸਾ ਸਾਰਾਖਯੇ ਮਿਸ੍ਰਕਾਧਯਾਯੋਸ਼ਟਮ: । ਸਾਲ ੧੯੦੧ ਪੋਹ ਸੁਦੀ ੧੪, ਮੰਗਲਵਾਰ ਦਿਨ । ਪੋਥੀ ਚਿਕਿਤਸਾ ਸਾਰ ਕੀ ਸੰਪੂਰਣ ਹੋਈ ਸੁਭੰ । (ਪੱਤਰਾ ੧੫੨)

੭. ਚਿਕਿਤਸਾ ਸਾਰ (ਨੰ. ੧੨੨, ਖ਼ਾ. ਕਾ. ਪ.)

ਲੇਖਕ— ਕਵੀ ਧੀਰਜ ਰਾਮ, ਮਿਸ੍ਰ । ਆਕਾਰ—$\frac{1}{2}''\times 10\frac{1}{4}''$, ਲਿਖਤ $5''\times 8\frac{3}{4}''$ ।

ਵੇਰਵਾ— ਪੱਤਰੇ ੧੦੨; ਪ੍ਰਤੀ ਸਫ਼ਾ ੧੯ ਸਤਰਾਂ; ਕਾਗ਼ਜ਼ ਦੇਸੀ, ਕਈ ਥਾਵੀਂ ਕਿਰਮ ਖ਼ੁਰਦਾ, ਜਿਸ ਕਰ ਕੇ ਪੱਤਰਿਆਂ ਉਤੇ ਛੇਕ ਪਏ ਹੋਏ; ਲਿਖਤ ਸਿੱਧੀ ਸਾਦੀ ਕਈ ਹੱਥਾਂ ਦੀ, ਜੋ ਕਾਫ਼ੀ ਅਸ਼ੁੱਧ ਵੀ ਹੈ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਸਿਰ ਲੇਖ ਗੇਰੂ ਨਾਲ ਰੰਗੇ ਹੋਏ; ਅਸ਼ੁੱਧੀਆਂ ਦੀ ਸੁਧਾਈ ਇਬਾਰਤ ਦੇ ਨਾਲੋ ਨਾਲ ਜਾਂ ਹਾਸ਼ੀਏ ਉਤੇ ਕੀਤੀ ਹੋਈ; ਕਈ ਥਾਵੀਂ ਪੁਸਤਕ ਦਾ ਹਾਸ਼ੀਆ ਘੱਟ ਹੋਣ ਕਰ ਕੇ ਕੁਝ ਲੇਖ ਜਿਲਦ ਵਿਚ ਆ ਕੇ ਕੱਟੇ ਹੋਏ; ਪੁਸਤਕ ਸਧਾਰਣ ਤੌਰ ਤੇ ਮੁਕੰਮਲ ਤੇ ਵਿਚ ਵਿਚ ਕੁਝ ਪੱਤਰੇ ਉਲਟ ਪੁਲਟ ਲੱਗੇ ਹੋਏ ।

ਸਮਾਂ— ਸੰਮਤ ੧੯੨੫ ਬਿ. । ਲਿਖਾਰੀ-ਤੁਲਸੀ ਰਾਮ ।

ਆਰੰਭ— (ਦੋ ਪੱਤਰੇ ਵਿਸ਼ੇ-ਸੂਚੀ ਦੇ ਤੇ ਅੱਠ ਪੱਤਰੇ ਵਾਧੂ ਯਾਦਦਾਸ਼ਤਾਂ ਦੇ ਛੱਡ ਕੇ) ਸ੍ਰੀ ਗਣੇਸਾਇ ਨਮੋ ॥ ਕਬਿਤ ॥
ਸ੍ਰੀ ਗਣੇਸ ਏਕ ਦੰਤ ਭਾਲ ਚੰਦ੍ਰ ਦਯਾ ਵੰਤ...। (ਪੱਤਰਾ ੧)

ਅੰਤ— ਮੰਗਲਕਾਰੀ ਕ੍ਰਿਸਨ ਕਾਨ ਹ੍ਵੈ ਜਗਪਤਿ ਪ੍ਰਜਾ ਕੋ !
ਤੁਮ ਹੀ ਮੇਟਨ ਹਾਰ ਦੁਖਤ ਕੀ ਦੇਹਿ ਰੁਜਾ ਕੋ ।
ਵੈਦਨ ਕੋ ਜਸ ਦਾਨ ਗਜਾਨ ਦੀਜੈ ਧੀਰਜ ਕੋ ।
ਪਰੋ ਰਹਜੈ ਤੁਮ ਸਰਨ, ਭਜੈ ਤੁਹਿ ਪਦ ਨੀਰਜ ਕੋ ।
ਮੰਗਲੁ ਤਹਿ ਨਿਸਚੈ ਭਇਯੋ, ਜੁ ਲਾਗਸੇ ਤੁਮਰੇ ਪੰਥ ਮੈਂ ।
ਪ੍ਰਭੁ ਸਿੱਧ ਕਰੋ ਔਖਧਿ ਸਭੈ, ਜੁ ਰਾਖੀ ਹੈ ਯਾ ਗ੍ਰੰਥ ਮੈਂ ॥ ੪੫ ॥

ਇਤਿ ਸ੍ਰੀ ਧੀਰਜ ਰਾਮ ਕ੍ਰਿਤ ਚਿਕਿਸਤਾ ਸਾਰ ਨਾਮ ਗ੍ਰੰਥ ਸਪਤਮੋ ਅਧਯਾਯ ਸੁਭੰ ਸੁਭੰ ॥੭॥

ਦੋਹਰਾ ॥ ਸੰਮਤ ਉਨੀ ਸੈ ਪਚੀਸ ਮੈ, ਬੁਧਵਾਰ ਦਿਨ ਜਾਨ ।
ਸੁਕਲ ਪੱਛ ਏਕਮ ਗਿਨੀ, ਭਾਦ੍ਰੋਂ ਮਾਸ ਬਖਾਨ ॥ ੧ ॥
ਭੂਲ ਚੂਕ ਜੋ ਹਮ ਕਰੀ, ਲੀਜੋ ਚਤੁਰ ਸੁਧਾਰ ।
ਤੁਲਸੀ ਰਾਮ ਕੇ ਦਸਤਖਤ, ਰਾਮ ਨਾਮ ਆਧਾਰ ॥ ੨ ॥... (ਪੱਤਰਾ ੧੦੨)

੮. (ੳ) ਪ੍ਰਾਣ ਸੰਗਲੀ ਵੈਦਜਕ (ਧਾਤੂ ਪ੍ਰਕਾਸ਼ ਆਦਿ ਸਮੇਤ) (ਨੰ. ੧੨੩, ਪ੍ਰੋ. ਪ੍ਰੀ. ਸਿੰ.)

ਲੇਖਕ— ਸ੍ਰੀ ਗੁਰੂ ਨਾਨਕ ਦੇਵ ਜੀ । ਆਕਾਰ—$6\frac{1}{2}''\times 9\frac{1}{2}''$, ਲਿਖਤ $4''\times 7\frac{1}{4}''$ ।

ਵੇਰਵਾ— ਪੱਤਰੇ ੭੦; ਪ੍ਰਤੀ ਸਫ਼ਾ ੧੫ ਸਤਰਾਂ; ਕਾਗਜ਼ ਦੇਸੀ; ਲਿਖਤ ਸਾਦੀ, ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਸੌ ਕੁ ਸਾਲ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ—ਨਾਮਾਲੂਮ ।

ਆਰੰਭ— ੧ੴ ਸਤਿਗੁਰ ਪ੍ਰਸਾਦਿ । ਅਥ ਪ੍ਰਾਨ ਸੰਗਲੀ ਲਿਖਯਤੇ ।

ਗੁਰ ਨਾਨਕ ਅਰ ਮਛੰਦ੍ਰ ਨਾਥ ਜ਼ੀ ਗੋਸਟਿ ਕਰਦੇ ਭਏ । ਅਬ ਕਲਪ ਕਹਿਤੇ ਭਏ । ਨਿੰਮ ਬੀਜ ਅਰ ਪਤ ਏ ਦੋਨੋ ਲਏ, ਲੈ ਕਰ ਕੇ ਮਹੀਨਾ ਭਰ ਪੀਸੇ ਸਿਰਕਾ ਪਾ ਕੇ, ਨਿਗਾ ਤੇਜ ਹੋਇਗੀ, ਬਰਸ ਦੋ ਖਾਏ ਰੋਮ ਕਾਲੇ ਹੋਨ, ਬਲ ਬਹੁਤ ਹੋਇਗਾ ਸਹੀ ।... (ਪੱਤਰਾ ੧)

ਅੰਤ— ...ਬਾਜਰਾ; ਸੂਹਿ ਦੇ ਪਤ, ਸੋਫ਼, ਗੁਲਾਬ ਦੇ ਫੂਲ, ਪਾਵਣੇ ਆਧੋ ਆਧੀ । ਹਰੜਾਂ ਦੇ ਜਲ ਨਾਲ ਨਹਾਉਣਾ । ਤਿਨ ਰੋਜ ਸਹੀ । ਪਿਛਲੀਆਂ ਚੀਜਾਂ । ਖਾਣੀਆ ਮਾਸਾ ਮਾਸਾ ਭਰ, ਤਿਉਂਕੇ ਹਫ਼ਾ ਹੋਇਗਾ ।.. (ਪੱਤਰਾ ੪੫)

(ਅ) ਧਾਤੂ ਪ੍ਰਕਾਸ਼ (ਗੁਰੂ ਨਾਨਕ)

ਆਰੰਭ—੧ਓ ਸਤਿਗੁਰ ਪ੍ਰਸਾਦਿ । ਅਥ ਧਾਤੂ ਪ੍ਰਕਾਸ਼ ਲਿਖਯਤੇ । ਧਾਤਾਂ ਵਿਚੋਂ ਧਾਤ ਵਡੀ ਕੇੜ੍ਹੀ ਹੈ ਜੀ, ਪਾਰਾ ਸਰਬ ਧਾਤਾਂ ਵਿਚੋਂ ਵਡਾ ਹੈ ਜੀ ਜਿਸ ਕਾ ਨਾਮ ਪਾਰਾ ਸਾਰਾ ਨਾ ਮਰੇ .. ਗੁਰੂ ਨਾਨਕ ਦੀ ਮਛੰਦ੍ਰ ਨਾਥ ਪ੍ਰਤੀ ਧਾਤੂ ਪ੍ਰਕਾਸ਼ ਸੁਣਾਉਂਦੇ ਭਏ ।... (ਪੱਤਰਾ ੪੫)

ਅੰਤ— ...ਡੂੰਘੀ ਨਦੀ ਕੇੜ੍ਹੀ ਹੈ ਕਾਮ ਕ੍ਰੋਧ ਆਦਿਕ ਹਨ ਜੇੜ੍ਹੇ । ਏਨਾ ਸੈ ਜੇੜ੍ਹਾ ਬਚਾ ਰਹੇ । ਜੇ ਕਰ ਇਨਾ ਮੈਂ ਡੁਬ ਗਿਆ ਤਾਂ ਤੇਰਾ ਕੋਈ ਨਹੀਂ ਬੇਲੀ ਕਹਿਣਾ ਗੁਰੂ ਨਾਨਕ ਜੀ ਕਾ । (ਪੱਤਰਾ ੫੯)

(ੲ) ਨਾੜੀ ਪਰੀਖਿਆ (ਗੁਰੂ ਨਾਨਕ)

ਆਰੰਭ—੧ਓ ਸਤਿਗੁਰ ਪ੍ਰਸਾਦਿ । ਅਥ ਨਾੜੀ ਪਰੀਖਿਆ ਲਿਖਯਤੇ । ਆਦਿ ਪਿਤ ਪੁਨ ਮਧ ਕਫ, ਅੰਤ ਪਵਣ ਪ੍ਰਧਾਣ । (ਪੱਤਰਾ ੫੯)

ਅੰਤ— ਅਥ ਮ੍ਰਿਗੀ ਕਾ ਦਾਰੂ । ਹਾਥੀ ਕੇ ਕੰਨ ਕੀ ਮਲ, ਊਠ ਕੇ ਸੁੰਢ ਕਾ ਕੀੜਾ । ਰਿੱਠੜਾ ਪਾ ਕੇ ਨਸਵਾਰ ਲਾਏ. ਪਾਵੇ ਪਾ ਕਰ ਕੇ ਨਸਵਾਰ ਲਏ । (ਪੱਤਰਾ ੬੪)

ਇਸ ਤੋਂ ਅੱਗੇ ਸਰਬਤੀ ਅਕਾਰ ਆਦਿ ਪੱਤਰਾ ੭੦ ਤਕ ਦਰਜ ਹਨ।

(ਸ) ਬਾਰਾਂ ਮਾਹਾਂ ਹੀਰਾ ਸਿੰਘ ਕਾ

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਬਾਰਾਂ ਮਾਹਿ ਲਿਖਯਤੇ । ਸੁਧ ਆਤਮਾ ਕਾ । ਨਿਰਾਲਮ ।
ਚੇਤ੍ਰ ਚੋਪ ਨ ਦਿਲ ਵਿਚ ਕੀਤਾ, ਸਾਈਂ ਦਾ ਗੁਫਾਰ ਕੁੜੇ ।... (ਪੱਤਰਾ ੧)

ਅੰਤ— ...ਜੇਗਲ ਬਸਨ ਬਲ ਰਹਿਨ, ਮੌਤ ਹੀ ਤਿਨਾ ਯਾਦ ਕੁੜੇ ।
ਹੀਰਾ ਸਿੰਘ ਕਹ ਤੂੰ ਕਰਲੈ ਭਜਨ ਗੋਬਿੰਦ ਦਾ, ਮੌਤ ਮਾਰੂ ਆਰਾਨ ਕੁੜੇ ਫਿ
ਹਾੜ੍ਹ ॥ ਹਾੜ੍ਹ ਹੱਸ ਵਿਚ ਜਿਗਰ ਨ ਕੀਤੇ, ਮੌਤ ਨਿਮਾਣੀ ਸਡ ਕੁੜੇ । ਸੰ
ਨ ਕਿਸ ਨੂੰ ਅਸਾ ਜਾਣਾ, ਨ ਕੋਈ ਸਾਨੂੰ ਚਜ ਕੁੜੇ । ਇ
ਸਚ ਝੂਠ ਸਭ ਕੋ ਆਖਣ, ਕੋਈ ਅੰਦਰ ਕੋਈ ਉਜਗ ਕੁੜੇ । ਐ... (ਪੱਤਰਾ ੨)

ਇਸ ਤੋਂ ਅੱਗੇ ਇਸ ਬਾਰਾਂ ਮਾਹੇ ਦੀ ਲਿਖਤ ਨਹੀਂ ਮਿਲਦੀ, ਜਿਸ ਕਰ ਕੇ ਇਹ ਅਧੂਰਾ ਹੈ ।

੯. ਫੁਟਕ ਵੈਦਕ ਗ੍ਰੰਥ (ਨੰ. x, ਡਾ. ਸ਼ੇ. ਸਿੰ.)

ਲੇਖਕ— ਨਾਮਾਲੂਮ । ਆਕਾਰ—$7\frac{1}{4}'' \times 12\frac{1}{4}''$, ਲਿਖਤ $6'' \times 11''$ ।

ਵੇਰਵਾ— ਪੱਤਰੇ ੭੧; ਪ੍ਰਤੀ ਸਫਾ ੨੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ ਤੇ ਸ਼ੁੱਧ, ਪਰ ਸਾਧਾਰਣ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਸਾਧਾਰਣ ਜਿਲਦ ਵਾਲੀ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਪੁਸਤਕ ੭੦-੮੦ ਵਰ੍ਹੇ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਅਥ ਫੁਟਕ ਗ੍ਰੰਥ । ਸਰਬ ਸਿਧ । ਅਥ ਹਰੜ ਨਾਮ ਰੂਪ ਗੁਣ ਖਾਣੇ ਦੀ ਬਿਧਿ ਲਿਖਤੰ ।
ਦੋ ॥ ਬਿਘਿ ਸੋਹਣ ਪੂਦਨਾ, ਅੰਮ੍ਰਿਤ ਚੇਤਕ ਜਾਨ ।
ਅਭਯਾ ਜੀ ਬਤੀਯ ਹੈ, ਹਰੜ ਸਾਤ ਬਿਧ ਜਾਨ ॥੧॥... (ਪੱਤਰਾ ੧ ੳ)
ਅਭਯਾ ਗੁਣ । ਹਰੜ ਖਾਣੀ ਵਰਸ ਦਿਨਾ । ਪਹਿਲੇ ਮਹੀਨੇ ਸੁਸਤੀ ਜਾਇ ॥੧॥ ਦੂਜੇ ਮਹੀਨੇ ਪੇਟ ਕੀ ਸਫਾਈ ਕਰੇ ॥੨॥ ਤੀਜੇ ਮਹੀਨੇ ਅਖੀ ਕੀ ਰੁਸ਼ਨਾਈ ਕਰੇ ॥੩॥ ਚੋਥੇ ਮਹੀਨੇ ਧਾਤ ਬੰਧੇਜ ਹੋਇ ॥੪॥ ਪੰਜਵੇ ਮਹੀਨੇ ਚਿਟੇ ਕੇਸ ਕਾਲੇ ਹੋਵਨ ॥੫॥... (ਪੱਤਰਾ ੧ ਅ)

ਅੰਤ— ਦਾਰੂ ਸਿਰ ਪੀੜਾ ਕਾ । ਚੰਦਨ ਬੂਰ, ਮਿਰਚਾਂ ਕਾਲੀਆਂ, ਮਘ ਪਿਪਲਾ, ਛੋਟੀਆਂ ਲੈਚੀਆਂ, ਮੁਸਕ ਕਪੂਰ, ਕਸ਼ਮੀਰੀ ਪਠਾ, ਏ ਸਭੇ ਬ੍ਰਾਬ੍ਰ ਪੀਸਣਾ । ਨਜਿਲਾ, ਸਿਰ ਪੀੜਾ, ਸਿਰ ਫਿਰਦਾ, ਅਧ ਸਿਰਾ, ਉੱਲਾਂ, ਜਿਸ ਨੂੰ ਮੂਰਛਾ ਹੋ ਤਾ ਨਤੇ ਨਾਲ ਨਸਵਾਰ ਦੇਣੀ, ਹਥੀਂ ਪੈਰੀਂ ਮਖਣੀ ਮਲਣੀ; ਚੰਗਾ ਹੋਵੈ । ਸਮਾਪਤੰ । ਰਾਮ ਰਾਮ ।
(ਪੱਤਰੇ ੭੦-੭੧)

੧੦. ਮਦਨ ਬਿਨੋਦ ਨਿਘੰਟੂ (ਨੰ. ੩੨੨, ਭਾ. ਵਿ.)

ਲੇਖਕ—ਮਦਨ ਪਾਲ । ਆਕਾਰ— $5\frac{1}{2}'' \times 8\frac{3}{4}''$, ਲਿਖਤ $4\frac{1}{2}'' \times 8''$ ।

ਵੇਰਵਾ— ਪੱਤਰੇ ੯੮; ਪ੍ਰਤੀ ਸਫ਼ਾ ੨੧ ਸਤਰਾਂ, ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਕਿਤੇ ਕਿਤੇ ਅਸ਼ੁੱਧ; ਹਾਸ਼ੀਆ ਪੱਤਰਾ ੨੦ ਤਕ ਸਾਦਾ ਲਕੀਰਾਂ ਵਾਲਾ ਤੇ ਪੱਤਰਾ ੨੧ ਤੋਂ ਅਖ਼ੀਰ ਤਕ ਰੰਗੀਨ ਲਕੀਰਾਂ ਵਾਲਾ, ਜੋ ਕਈ ਤਰ੍ਹਾਂ ਦਾ ਬਦਲਵਾਂ ਹੈ; ਕਈ ਥਾਵੇਂ ਸਿਰਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਅੱਛੀ ਹਾਲਤ ਵਿਚ ਹੈ; ਪੱਤਰਾ ਅੰਕ ੨੦ ਦੂਜੇ ਪਾਸਿਓਂ ਉਕਾ ਹੀ ਖ਼ਾਲੀ, ਜਿਸ ਪਰ ਲਿਖਾਰੀ ਨੇ ਕੁਝ ਨਹੀਂ ਲਿਖਿਆ।

ਸਮਾਂ— ਪੁਸਤਕ ੮੦-੯੦ ਸਾਲ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ੴ ਸਤਿਗੁਰ ਪ੍ਰਸਾਦਿ। ਸ੍ਰੀ ਗਣੇਸਾਏ ਨਮ:। ਸ੍ਰੀ ਧਨੰਤਰਾਏ ਨਮ:। ਸ੍ਰੀ ਗੁਰੂ ਭਗੌਏ ਨਮ:। ਅਥ ਨਿਰਘੰਟ ਭਾਖਾ ਬਾਰਤਕ ਲਿਖਤੇ। ਪ੍ਰਿਥਮ ਸਭ ਔਖਦੋਂ ਕੇ ਨਾਮੁ ਅਉਰ ਗੁਣ ਕਹੈ ਹੈਂ। ਹਰੀਤਕੀ ਨਾਮੁ। ਸਿਵਾ। ਹਰੀਤਕੀ। ਪਥਿਆ। ਚੇਤਕੀ। ਬਿਜਿਆ। ਜਪਿਆ। ਪਰੈ ਪਥਾ। ਪਰੈ ਮਥਾ। ਕਾਯਸਥਾ। ਪ੍ਰਾਣਦਾ। ਅਮ੍ਰਿਤਾ...
(ਪੱਤਰਾ ੧)

ਅੰਤ— ...ਸਰੀਰ ਮੈ ਚੰਦਨ ਆਦਿਕ ਲਗਾਵੈ। ਅਰ ਵਜਾਯਾਮ, ਅਰੁ ਮੈਥੁਨ, ਅਰੁ ਮਦ, ਅਰੁ ਗਰਮ ਚੀਜੋਂ ਕਾ ਤਯਾਗ ਕਰੈ।

ਇਤਿ ਸ੍ਰੀ ਮਦਨ ਪਾਲ ਵਿਰਚਿਤੇ ਮਦਨ ਵਿਨੋਦੇ ਨਿਰਘੰਟੇ ਮਿਸ੍ਰ ਕਵਰਗ ਤ੍ਰਿਯੰਦਸ ॥੧੩॥
ਇਤਿ ਨਿਰਘੰਟੇ ਸੰਪੂਰਨੰ ਸਮਾਪਤੰ। ਸੁਭਮਸਤੁ। (ਪੱਤਰਾ ੯੬)

ਜਾਇਫਲੁ ਸੁਪਾਰੀ। ਲਵੰਗ ਫਲ। ਯਹ ਤੀਸਰਾ ਤ੍ਰਿਫਲਾ ਹੈ। ਮਿਸ੍ਰ ਕਵਰਗ ਸਮਾਪਤੰ। (ਪੱਤਰਾ ੯੭)
ਇਸ ਤੋਂ ਅੱਗੇ ਪੱਤਰਾ ੯੮ ਪਰ ਕੁਝ ਹੋਰ ਫੁਟਕਲ ਨੁਸਖ਼ੇ ਦਰਜ ਹਨ।

(ਨੰ. ੬੧੮੬. ਵਿ. ਵੈ. ਹੀ. ਇ. ਹੋ.)

੧੧. ਰਾਮ ਵਿਨੋਦ (ਅਧੂਰਾ)

ਲੇਖਕ— ਨਾਮਾਲੂਮ। ਆਕਾਰ—$6\frac{1}{4}'' \times 8\frac{1}{2}''$, ਲਿਖਤ $5'' \times 6''$।

ਵੇਰਵਾ—ਪੱਤਰੇ ੩੩-੧੩੦; (੯੮) ਪ੍ਰਤੀ ਸਫ਼ਾ ੧੬ ਸਤਰਾਂ; ਕਾਗ਼ਜ਼ ਦੇਸੀ, ਜੋ ਕਿਰਮ ਖ਼ੁਰਦਾ ਹੋਣ ਕਰ ਕੇ ਪੱਤਰੇ ਕੁਝ ਛੇਕਦਾਰ ਹਨ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੁਸਤਕ ਅੰਤਲੇ ਪੱਤਰੇ ਗੁਮ ਹੋਣ ਕਰ ਕੇ ਅਧੂਰੀ ਤੇ ਜਿਲਦ ਟੁੱਟਣ ਕਰ ਕੇ ਖ਼ਸਤਾ ਹਾਲਤ ਵਿਚ ਹੈ।

ਸਮਾਂ— ਪੁਸਤਕ ਡੇਢ ਸੌ ਸਾਲ ਤੋਂ ਵੱਧ ਪੁਰਾਣੀ ਜਾਪਦੀ ਹੈ। ਲਿਖਾਰੀ—ਨਾਮਾਲੂਮ।

ਆਰੰਭ— (ਮੁੱਢ ਵਿਚ ਤਿੰਨ ਪੱਤਰੇ ਤਤਕਰੇ ਦੇ ਤੇ ਬਾਕੀ ਪੰਜ ਪੱਤਰੇ ਇਰਦ ਗਿਰਦ ਇਸ ਪੁਸਤਕ ਦੇ ਵਾਧੂ ਪਾਠ ਦੇ ਛੱਡ ਕੇ) ਰਾਮ ਬਿਨੋਦ। ੧ੴ ਸਤਿਗੁਰ ਪ੍ਰਸਾਦਿ। ਅਥ ਰਾਮ ਬਿਨੋਦ ਲਿਖਤੇ।
ਸਿਧ ਬੁਧਿ ਦਾਇਕ ਸਹ ਲੀਜੈ, ਗਵਰੀ ਪੁਤ੍ਰ ਗਣੇਸ।
ਬਿਘਨਿ ਬਿਡਾਰਨ ਸੁਖ ਕਰਣ, ਹਰਖ ਧਣੀ ਪ੍ਰਣਵੇਸ ॥੧॥
ਸ੍ਰੀ ਧਨੰਤਰ ਚਰਣ ਜੁਗ, ਪ੍ਰਣਮੋ ਪਰ ਆਨੰਦ।
ਰੋਗ ਨਸੇ ਜਿਹ ਨਾਮ ਤੇ, ਸਭ ਜਨ ਕੋ ਸੁਖ ਕੰਦ ॥੨॥
ਵਿਵਿਧਿ ਸਾਸਤ੍ਰ ਕੋ ਦੇਖ ਕਰਿ, ਸੁਗਮ ਕਰੋ ਅਧਿਕਾਰ।
ਰਾਮ ਬਿਨੋਦੇ ਗ੍ਰਿਥਿ ਇਹੁ, ਸਕਲ ਜੀਏ ਸੁਖਕਾਰ ॥੩॥ (ਪੱਤਰਾ ੩੩)

ਅੰਤ— ਅਥ ਬਟਨੇ ਕੀ ਬਿਧਿ।
ਹਰਧਿ ਗੋਖਰੂ ਸੌਂਠ, ਮੋਥਾ ਸਰਸੋਂ ਕਸ਼ਮੀਰੀ ਕਪੂਰ ਮਘ। ਟੰਕ ਟੰਕ ਦੋ ਸਮ ਆਣ, ਚਾਰ ਟੰਕ ਚੰਦਨ ਰਕਤ ਸਮ ਕਾਂ ਸੰਗ ਤਿਹਿ ਡਾਰ। ਨਵਲ ਚਰੋਜੀ ਟੰਕ ਦਸਿ, ਪੀਸੋਂ ਸਗਲ ਸਵਾਰ।
ਸਭੈ ਚੂਰਨ ਕਉੜੇ ਤੇਲ ਮਹਿ, ਕਰੈ ਜੇ ਬਟਨਾ ਕੋਇ!
ਮਲ ਰੂਪ ਧਰੈ ਤੌਸੇ ਤਰਨ, ਕਵਲ ਬਰਨ ਮੁਖ ਹੋਇ ॥੧॥... (ਪੱਤਰਾ ੧੨੦)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਬਾਕੀ ਪਾਠ ਇਸ ਪੁਸਤਕ ਦਾ ਨਹੀਂ ਮਿਲਦਾ।

(ਨੰ. ੪੪, ਪੰ. ਯੂ. ਚੰ.)

੧੨. ਕਰਾਬਾਦੀਨ ਯੂਨਾਨੀ

ਲੇਖਕ— ਨਾਮਾਲੂਮ। ਅਨੁਵਾਦਕ-ਨਾਮਾਲੂਮ। ਆਕਾਰ— $11'' \times 12\frac{1}{2}''$, ਲਿਖਤ $7\frac{1}{2}'' \times 10''$।

ਵੇਰਵਾ—ਪੱਤਰੇ ੬੭੨; ਪ੍ਰਤੀ ਸਫ਼ਾ ੨੩ ਸਤਰਾਂ; ਕਾਗ਼ਜ਼ ਦੇਸੀ, ਜੋ ਪੁਰਾਣਾ ਤੇ ਸ਼ਿਕਸਤਾ ਹੋਣ ਕਰ ਕੇ ਕਈ

ਥਾਵੀਂ ਪੱਤਰੇ ਚੇਪੀਆਂ ਲਾ ਕੇ ਜੋੜੇ ਹੋਏ; ਲਿਖਤ ਸਿੱਧੀ ਸਾਦੀ ਜੋ ਕਿਤੇ ਕਿਤੇ ਅਸ਼ੁੱਧ ਵੀ ਹੈ; ਸਿਆਹੀ ਕਾਲੀ, ਪਰ ਕੱਚੀ, ਜਿਸ ਕਰ ਕੇ ਕੁਝ ਸਿਲ੍ਹ ਚੜ੍ਹਨ ਤੇ ਪੱਤਰੇ ਪਰਸਪਰ ਚਿਪੇ ਹੋਏ ਹਨ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਜਿਲਦ ਸ਼ਿਕਸਤਾ; ਪੁਸਤਕ ਸਾਧਾਰਣ ਹਾਲਤ ਵਿਚ ਤੇ ਅੰਤਲੇ ਪੱਤਰੇ ਗੁੰਮ ਹੋਣ ਕਰ ਕੇ ਅਧੂਰੀ ਹੈ; ਕਈ ਥਾਵੀਂ ਲਾਲ ਸਿਆਹੀ ਵੀ ਵਰਤੀ ਹੈ ।

ਸਮਾਂ—ਸਵਾ ਕੁ ਸੌ ਸਾਲ ਪੁਰਾਣੀ ਲਿਖਤ ਜਾਪਦੀ ਹੈ। ਲਿਖਾਰੀ-ਨਾਮਾਲੂਮ ।

ਆਰੰਭ-੧ੴ ਸਤਿਗੁਰ ਪ੍ਰਸਾਦਿ । ਜਾਣੈ ਜੋ ਕਰਾਬਾਦੀਨ ਲਫਜਿ ਯੂਨਾਨੀ ਹੈ । ਉਪਰ ਦਿਵਾਇਆ ਮੁਰੱਕਬਿ ਕੇ ਬੋਲਣਾ ਕਰਤਾ ਹੈ। ਬੀਚ ਇਸ ਕਿਤਾਬ ਕੇ ਬਾਈ ਬਾਬ ਹੈ। ਬਾਬ ਪਹਿਲਾ, ਬੀਚ ਦਿਵਾਇਆ ਜਿਤ ਕੇ। ਇਸਤਰੀ ਫਲ ਛੋਟਾ ਵਾਸਤੇ ਕੁਵਤਿ ਦੇਣੇ ਦਿਮਾਗਿ ਅਰ ਸਾਫ਼ ਕਰਨੇ ਜਿਹਨਿ ਅਰ ਰੰਗ ਅਰ ਰਸਤਿਆ ਕੇ।... (ਪੱਤਰਾ ੧)

ਅੰਤ- ...ਸਬਜ ਨੀਮ ਰੰਗ। ਜਰਦੀ ਮਿਲਿਆ ਸੁਪੇਦੀ ਸਾਥ। ਮਿਲਿਆ ਹੋਇਆ ਸੁਰਖੀ ਸਾਥ ਅਰ ਕੋਈ ਚੀਜ਼ ਸਾਥ ਉਸ ਕੇ ਹੈ। ਜੋ ਬੀਚ ਅੱਗ ਕੇ ਨਹੀਂ ਜਲਤੀ ਅਰ ਉਨ ਕੋ ਮਿਖਾਤੁਸ ਸੈਤਾਨ ਕਹਤੇ ਹੈ ਅਰ ਬਾਜੇ ਸਬਜ ਅਰ ਭੂਸਲਾ ਅਰ ਜਰਦ ਮਿਲਿ ਸਿਆਹੀ... (ਪੱਤਰਾ ੬੭੨)

ਇਸ ਤੋਂ ਅਗਲੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਅੰਤਲਾ ਪਾਠ ਇਸ ਪੁਸਤਕ ਦਾ ਨਹੀਂ ਮਿਲਦਾ।

੧੩. ਕਵਿ ਤਰੰਗ (ਵੈਦਕ) (ਨੰ. ੫੮, ਪ੍ਰੋ. ਪ੍ਰੀ. ਸਿੰ.)

ਲੇਖਕ- ਕਵੀ ਸੀਤਾ ਰਾਮ, ਰੋਪੜੀ। ਆਕਾਰ— 6¼" × 4¼", ਲਿਖਤ 5¼" × 3" ।

ਵੇਰਵਾ- ਪੱਤਰੇ ਵਿਸ਼ੈ-ਸੂਚੀ ਸਮੇਤ ੬+੧੭੦=੧੭੬; ਪ੍ਰਤੀ ਸਫ਼ਾ ੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਸਿਰਲੇਖ, ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਇਸ ਤੋਂ ਬਿਨਾ ਹਾਸ਼ੀਏ ਉਤੇ ਫ਼ਾਰਸੀ ਅੱਖਰਾਂ ਵਿਚ ਥਾਂ ਪਰ ਥਾਂ ਲਾਲ ਸਿਆਹੀ ਨਾਲ ਟਿੱਪਣੀਆਂ ਲਿਖੀਆਂ ਹੋਈਆਂ; ਸ਼ੁਰੂ ਵਿਚ ਗੁਰਮੁਖੀ ਦੀ ਵਿਸ਼ੈ-ਸੂਚੀ ਤੋਂ ਬਿਨਾ ੯-੧੦ ਪੱਤਰਿਆਂ ਉਤੇ ਇਸ ਪੁਸਤਕ ਦੀ ਫ਼ਾਰਸੀ ਅੱਖਰਾਂ ਵਿਚ ਲਿਖੀ ਵਿਸ਼ੈ-ਸੂਚੀ ਵੀ ਸ਼ਾਮਲ ਹੈ; ਇਸ ਸੂਚੀ ਦੇ ਅੰਤ ਵਿਚ ੪-੫ ਪੱਤਰਿਆਂ ਉਤੇ ਗੁਰਮੁਖੀ ਅੱਖਰਾਂ ਵਿਚ ਕੁਝ ਚੋਣਵੇਂ ਨੁਸਖ਼ੇ ਵੈਦਕ ਦੇ ਲਿਖੇ ਹੋਏ ਹਨ, ਜੋ ਇਸ ਪੁਸਤਕ ਨਾਲ ਕੋਈ ਸੰਬੰਧ ਨਹੀਂ ਰਖਦੇ, ਤੇ ਫੇਰ ਗੁਰਮੁਖੀ ਦੀ ਵਿਸ਼ੈ-ਸੂਚੀ ਤੋਂ ਪਹਿਲਾਂ ਸ੍ਰੀ ਆਰ. ਐਫ਼. ਸੀ. ਡਬਲਯੂ. ਮੁਦਿਆਲ ਪਟਵਾਰੀ, ਹਲਕਾ ਬੀੜ ਬੱਜੀਆਂ, ਡਾਕਖ਼ਾਨਾ ਪਾਸਲਾ, ਤਹਿਸੀਲ ਫਿਲੌਰ (ਜਾਲੰਧਰ) ਦੀ ਮੁਹਰ ਲੱਗੀ ਹੋਈ; ਇਸੇਤਰਾਂ ਅੰਤ ਵਿਚ ਵੀ ੫-੬ ਪੱਤਰੇ ਵਾਧੂ ਨੁਸਖ਼ਿਆ ਦੇ ਸ਼ਾਮਲ ਹਨ।

ਸਮਾਂ- ਸੰਮਤ ੧੭੬੦ ਬਿ.। ਲਿਖਾਰੀ— ਨਾਮਾਲੂਮ ।

ਆਰੰਭ- (ਵਿਸ਼ੈ-ਸੂਚੀ ਦੇ ੬ ਪੱਤਰਿਆਂ ਤੋਂ ਬਾਦ) ੧ੴ ਸਤਿਗੁਰ ਪ੍ਰਸਾਦਿ ।
ਅਥ ਕਵਿ ਤਰੰਗ ਭਾਖਾ ਕ੍ਰਿਤਿ ਕਵਿ ਸੀਤਾ ਰਾਮ ਲਿਖਤੇ ॥ ਦੋਹਰਾ ॥
ਪ੍ਰਿਥਮ ਨਮੋ ਪਰਮਾਤਮਾ, ਬਹੁਰ ਸਾਰਦਾ ਮਾਇ ।
ਸਿਵ ਸੁਤ ਪਦ ਪ੍ਰਤਾਪ ਤੇ ਭਾਖਾ ਕਹੌਂ ਸੁਨਾਇ ॥ ੧ ॥
ਮਾਰਗਸਰ ਤ੍ਰਿਤਿਯ ਅਸਿਤ, ਸੋਮ ਦਿਵਸ ਸੁਭ ਵਾਰ ।
ਸੰਬਤ ਸਤ੍ਰਹ ਸੈਸ ਮੈ, ਅਵਰ ਸਾਠ ਨਿਰਧਾਰ ॥ ੨ ॥
ਦੇਖੀ ਤਬਾ ਸਹਾਬ ਕੀ, ਉਪਜਯੋ ਹੀਐ ਅਨੰਦ ।
ਅਰਥ ਪਾਰਸੀ ਕਠਿਨ ਤੇ, ਸੁਗਮ ਕਰੇ ਗੋਵਿੰਦ ॥੩॥
ਬ੍ਰਾਹਮਣ ਤ੍ਰਿਖੇ ਬੰਸ ਮੈ, ਕੇਸਵ ਸੁਤ ਕਵਿ ਰਾਮ ।
ਰੋਪੜ ਮੈ ਭਾਖਾ ਕਰੀ, ਕਵਿ ਤਰੰਗ ਧਰ ਨਾਮ ॥ ੪ ॥
ਕਵਿ 'ਸੀ ਪਤਿ' ਭਾਖਾ ਕਰੀ, ਤਰਕ ਨ ਕਰੀਓ ਕੋਇ
ਜਿਉ ਦੀਪਕ ਤੇ ਦੀਪ ਹੈ, ਘਟਿ ਉਦਜੋਤ ਨ ਹੋਇ ॥ ੫ ॥ (ਪੱਤਰਾ ੧)

ਅੰਤ- ਚੌਪਈ ॥ ਗਏ ਜੁ ਬਿਕ੍ਰਮ ਬਰਖ ਬਿਤਾਇ । ਸਤਰੇ ਸੈ ਅਉ ਸਾਠ ਗਿਨਾਇ ।
ਮਘ੍ਹ ਕ੍ਰਿਸਨ ਤ੍ਰਿਤੀ ਅਰਧਾਨ । ਸੁਭ ਨਿਛਤ੍ਰ ਭ੍ਰਿਗ ਬਾਸਰ ਜਾਨ ।
ਕਵਿ ਸੁਗਮ ਕਵਿ ਸੀਤਾ ਰਾਮ । ਬਸਟ ਹਰਨ ਹੋ ਸੁਖ ਕਾ ਧਾਮ ।

ਕਵਿ ਤਰੰਗ ਰਾਖਿਓ ਯਹ ਨਾਮ ॥ ੧੧੯੩ ॥
ਦੋਹਰਾ ॥ ਅਰਥ ਪਾਰਸੀ ਕਠਿਨ ਕੈ ਭਾਖਾ ਕਹੀ ਬਖਾਨ ।
ਤਾ ਤੇ ਛਿਮਿਓ ਸਕਲ ਕਬਿ, ਚੂਕ ਪਰੈ ਕਹੂ ਆਨ ॥ ੧੧੯੪ ॥

੧ੴ । ਅਥ ਛੰਦ ਸੰਖਿਆ ਕਥਨੰ ॥ ਚੌਪਈ ॥
ਖੰਡ ਦੀਪ ਪੁਨਿ ਦੋਹਾ ਜਾਨ । ਕਵਿ ਤਰੰਗ ਮੈ ਕਹਜੋ ਬਖਾਨ ।
ਨਾਥ ਖੰਡ ਰਾਮ ਤਊ ਪਾਈ । ਸੰਖਿਆ ਗ੍ਰੰਥ ਜੁ ਯਹੇ ਬਤਾਈ ।
ਰੋਗ ਨਿਦਾਨ ਅਉਖਧੀ ਕਹੀ । ਕਵਿ ਤਰੰਗ ਮੈ ਜਾਨਹੁ ਸਹੀ ।
ਸਮਝ ਚਿਕਿਤਸਾ ਕਰੈ ਜੁ ਕੋਇ । ਤਾ ਕੋ ਅਪਜਸ ਕਬਹੂ ਨ ਹੋਇ ॥ ੧੧੯੫ ॥
ਦੋਹਰਾ ॥ ਕਿੰਚਤ ਲੋਭ ਨ ਕੀਜੀਏ, ਧਰਮ ਅਰਥ ਪਹਿਚਾਨ ।
ਦੀਜੈ ਅਉਖਧਿ ਦਇਆ ਕਰਿ, 'ਸੀ ਪਤਿ' ਕਹਿਯੋ ਵਖਿਆਨ ॥ ੧੧੯੬ ॥

ਇਤਿ ਸ੍ਰੀ ਕਵਿ ਤਰੰਗ ਕਵਿ ਸੀਤਾ ਰਾਮ ਬਿਰਚਿਤੇ ਰੋਪੜ ਸਥਾਨੇ ਸਤਿਰੁਦ੍ਰ ਤੀਰੇ ਸੁਭਮਸਤੁ ॥ ੧੧੯੭ ॥...
(ਪੱਤਰੇ ੧੬੯-੭੦)

ਕਾਮ-ਸ਼ਾਸਤ੍ਰ

੧. ਕੋਕ ਸਾਰ ਭਾਖਾ (ਨੰ. ੬੦, ਪ੍ਰੋ. ਪ੍ਰੀ. ਸਿੰ.)

ਲੇਖਕ— ਕਵੀ ਆਨੰਦ । ਆਕਾਰ—$9\frac{1}{2}'' \times 5''$, ਲਿਖਤ $7'' \times 3\frac{1}{4}''$ ।

ਵੇਰਵਾ— ਪੱਤਰੇ ੩੧; ਪ੍ਰਤੀ ਸਫ਼ਾ ੯ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪੱਤਰਾ ੨ ਇਕ ਨੁੱਕਰ ਤੋਂ ਫਟਿਆ ਹੋਇਆ, ਜਿਸ ਕਰ ਕੇ ੧੭ ਤੋਂ ੨੦ ਤਕ ਅੰਕਾਂ ਦੇ ਛੰਦ ਪੜ੍ਹੇ ਨਹੀਂ ਜਾਂਦੇ; ਇਸ ਤੋਂ ਬਿਨਾ ਕਈ ਪੱਤਰਿਆਂ ਉਤੇ ਕੀੜਾ ਲੱਗਣ ਕਰ ਕੇ ਕੁਝ ਛੇਕ ਪਏ ਹੋਏ; ਇਨ੍ਹਾਂ ਕਮੀਆਂ ਦੇ ਬਾਵਜੂਦ ਵੀ ਬਾਕੀ ਪੁਸਤਕ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੯੦੮ ਬਿ. । ਲਿਖਾਰੀ—ਨਾਮਾਲੂਮ ।

ਆਰੰਭ—੧ੴ ਸਤਿਗੁਰ ਪ੍ਰਸਾਦਿ । ਸ੍ਰੀ ਗਣੇਸਾਏ ਨਮਹ । ਅਥ ਕੋਕ ਸਾਰ ਭਾਖਾ ਅਨੰਦ ਸ੍ਰੀ ਕ੍ਰਿਤਿ ਲਿਖਤੇ ।

ਦੋਹਰਾ ॥ ਲਲਿਤ ਸੁਮਨ ਧਨ ਅਲਿ ਪਨਚ, ਤਰ ਛਬਿ ਅਭਿਨਵ ਕੰਦ ।
ਮਧੁ ਚਿਤ੍ਰ ਹਿਤ ਚਿਤ ਰਤਿ ਰਮਨ, ਜੈ ਜੈ ਮਦੈਨ ਅਨੰਦ ॥ ੧ ॥
ਬਰਨ ਕਾਮ ਅਭਿਰਾਮ ਛਬਿ, ਬਰਨੋ ਭਾਮਿਨਿ ਭੋਗ ।
ਸਕਲ ਕੋਕ ਦਧਿ ਮਥਨ ਕੈ, ਰਚਿਯੋ ਸਾਰ ਸੁ ਜੋਗੁ ॥ ੨ ॥
ਭਗਤਿ ਏਕ ਭਗਵੰਤ ਕੀ, ਭੋਗ ਸੁ ਭਾਮਨ ਭੋਗੁ ।
ਵਹ ਸੰਕਟ ਮੈ ਦੁਖ ਹਰਨ, ਵਹਿ ਸੁਖ ਕਰਨ ਪ੍ਰਯੋਗੁ ॥ ੩ ॥
ਮਨੁਸ਼ ਰੂਪ ਧਰਿ ਉਤਰਜੋ, ਤੀਨ ਬਾਤ ਕੋ ਜੋਗੁ ।
ਦਰਬ ਉਪਾਵਨ ਹਰਿ ਭਜਨ, ਅਰੁ ਭਾਮਿਨਿ ਕੋ ਭੋਗ ॥ ੪ ॥
ਬਿਨ ਪਿੰਗੁਲ ਛੰਦਾ ਰਚਹਿ, ਅਰੁ ਗੀਤਾ ਬਿਨੁ ਗਯਾਨੁ ।
ਕੋਕ ਪੜ੍ਹੇ ਬਿਨੁ ਰਤਿ ਕਰਹਿ, ਸੇ ਨਰ ਤੁਛ ਸਮਾਨ ॥ ੫ ॥ (ਪੱਤਰਾ ੧)

ਅੰਤ— ਦੋਹਰਾ ॥ ਖੰਡ ਚਤੁਰਦਸ ਅਤਿ ਸਰਸ, ਰਚੇ ਸੁ ਬਹੁਬਿਧਿ ਛੰਦ ।
ਪੜ੍ਹਤ ਚੜ੍ਹਤ ਚਿਤ ਚੌਪ ਅਤਿ, ਬਾਢਤ ਅਧਿਕ ਅਨੰਦ ॥ ੨ ॥

ਇਤਿ ਕੋਕ ਸਾਰ ਭਾਖਾ ਅਨੰਦ ਕ੍ਰਿਤਿ ਚਤੁਰ ਦਸਮ ਖੰਡ ਸਮਾਪਤ ਸੁਭਮਸਤ ।

ਸੰਮਤ ੧੯੦੮ ਪੋਥੀ ਸਪੂਰਨ ॥ ਦੋਹਰਾ ॥
ਮਾਘ ਮਹੀਨਾ ਸੁਭ ਅਦਿਤ, ਬਿਤ ਦੁਆਦਸ ਜਾਨ ।
ਮੰਗਲ ਦਿਵਸੇ ਸਮ ਲਿਖਾ, ਪੂਰਨ ਭਯਾ ਪੁਰਾਨ ॥

ਮਸਤੰ ਸੁਭਮਸਤੁ । ਸੰਮਤ ਅਠਾਰਾਂ ਸੈ ਅਠਤ੍ਰਾ ਪ੍ਰਬਿਜਟਾ ਦੁਆਦਸ ਮਾਨ । (ਪੱਤਰੇ ੩੦-੩੧)

ਇਸ ਤੋਂ ਅੱਗੇ ਪੰਜ ਪੱਤਰੇ ਵੈਦਕ ਦੇ ਫੁਟਕਲ ਕਵਿਤਾ ਮਈ ਨੁਸਖ਼ਿਆਂ ਦੇ ਹਨ, ਜੋ ਇਸ ਪੁਸਤਕ ਨਾਲ ਸੰਬੰਧ ਨਹੀਂ ਰਖਦੇ ।

੨. ਪੰਚ ਸਾਯਕ ਭਾਖਾ (ਨਾ-ਮੁਕੰਮਲ) (ਨੰ. ੫੧੨, ਪੰ. ਯੂ. ਚੰ.)

ਲੇਖਕ— ਨਾਮਾਲੂਮ । ਆਕਾਰ-$4\frac{1}{2}'' \times 7\frac{1}{2}''$, ਲਿਖਤ $3'' \times 5''$ ।

ਵੇਰਵਾ— ਪੱਤਰੇ ੨-੮੮ (੮੭); ਪ੍ਰਤੀ ਸਫ਼ਾ ੧੫ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰਲੇਖ ਆਦਿ ਲਈ ਕਈ ਥਾਵੇਂ ਲਾਲ ਸਿਆਹੀ ਵੀ ਵਰਤੀ ਹੈ; ਪੁਸਤਕ ਬਗ਼ੈਰ ਜਿਲਦ; ਆਦਿ-ਅੰਤ ਦੇ ਪੱਤਰੇ ਗੁਮ ਹੋਣ ਕਰ ਕੇ ਇਹ ਨੁਸਖ਼ਾ ਨਾ-ਮੁਕੰਮਲ ਹੈ ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ—..ਕਾਮਦੇਵ ਜੀ ਸਭ ਰਸਾਂ ਕੇ ਸਾਰ ਹੈ। ਬਹੁਰਿ ਕੈਸੇ ਹੈ ਕਾਮ ਦੇਵ ਜੀ, ਬਸੇ ਘਰੈ ਮੈ ਬਾਸਾ ਹੈ ਜਿਨ ਕਾ । ਬਹੁਰਿ ਕੈਸੇ ਹੈ ਕਾਮਦੇਵ ਜੀ ਬਡੇ ਧਨਵਾਨ ਜਿਸ ਕੋ ਸੇਵਤੇ ਹੈ। ਬਹੁਰਿ ਕੈਸੇ ਹੈ ਕਾਮਦੇਵ ਜੀ ਰਿਖੀਸਰ ਮੁਨੀਸਰ ਤਪੀਸਰ ਜਿਸ ਤੇ ਪੜੇ ਡਰਤੇ ਹੈ ।... (ਪੱਤਰਾ ੨)

ਅੰਤ— ...ਏਹ ਮਹਾ ਮੋਹਨੀ ਮੰਤ੍ਰ ਹੈ । ਏਸ ਕੇ ਸਮ ਹੋਰੁ ਕੋਈ ਨਾਹੀ ਐਸਾ ਸੰਸਾਰ ਮੋ । ਚਾਮੁੰਡਾ ਕਾ ਧਿਆਨ ਕਰੇ । ਕੈਸੀ ਹੈ ਚਾਮੁੰਡਾ, ਦਾੜ੍ਹਾ ਜਿਸ ਕੀਆਂ ਭੈ ਆਨ... (ਪੱਤਰਾ ੮੮)

੩. ਮਦਨ ਚੰਦ੍ਰੋਦਯ (ਨੰ. ×, ਪੰ. ਯੂ. ਚੰ.)

ਲੇਖਕ— ਕਵੀ ਬੁੱਧ ਸਿੰਘ, ਸ਼ਸ਼ਿਜ ਮ੍ਰਿਗਿੰਦ । ਆਕਾਰ—6" × 4½", ਲਿਖਤ 4" × 2¾" ।

ਵੇਰਵਾ— ਪੱਤਰੇ ੧੧੧; ਪ੍ਰਤੀ ਸਫ਼ਾ ੭ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਕਾਗਜ਼ ਕੁਝ ਕਿਰਮ ਖੁਰਦਾ, ਜਿਸ ਕਰ ਕੇ ਪੱਤਰਿਆਂ ਉਤੇ ਛੇਕ ਪਏ ਹੋਏ; ਪੁਸਤਕ ਸਾਦੀ ਸਜਿਲਦ, ਜੋ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੪੭ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸ੍ਰੀ ਕ੍ਰਿਸਨਾਇ ਨਮ: । ਅਥ ਮਦਨ ਚੰਦ੍ਰੋਦਯ ਲਿਖ੍ਯਤੇ ॥ ਕਬਿਤ ॥

ਲਲਿਤ ਸੁਮਨ ਧਨ, ਅਲਿਨ ਪਨਚ ਭਨ,
ਬਿਹਰਤ ਉਪਵਨ ਸੁਖਮਾ ਸਮਾਜ ਜੂ ।
ਰਤਨ ਜਟਤ ਸੁਘਟਤ ਹੂ ਮੁਕਟ ਸੀਸ,
ਕਟਿ ਪੈ ਨਿਖੰਗ ਪੰਚ ਬਾਨਨ ਬਿਰਾਜ ਜੂ ।
ਸਕਲ ਸਿੰਗਾਰ ਸੁਖ ਸਾਰ ਮਧ ਹਿਤਕਾਰ,
ਪਰਮਲ ਸੁਧਾਰ ਤਰਨਾਈ ਤਰ ਬਾਜ ਜੂ ।
ਕਮਲਾ ਅਨੰਦ ਸੁਖ ਨੰਦ ਨੰਦ ਨੰਦ ਨੰਦ,
ਜੈ ਜੈ ਸੰਬਰਾਰਿ ਬੀਰ ਜੈ ਜੈ ਰਿਤੁ ਰਾਜ ਜੂ ॥੧॥
ਸੰਮਤ ਮਨਿ ਅਜ ਮੁਖ ਭੁਜਗ, ਗਨਪਤਿ ਰਦਨ ਸੁਦੇਸ ।
ਸੁਧਾ ਸਰੋਵਰ ਤਟ ਕਹਿਓ, ਕ੍ਰਿਤ ਕਵਿ ਸਸਿਜ ਮ੍ਰਿਗੇਸ ॥੪॥ (ਪੱਤਰੇ ੧-੨)

ਅੰਤ— ...ਦਸ ਦਾਣੇ ਉਨਾਬ ਦੇ, ਰੈਨ ਭੇਵ ਦਿਨ ਪੀਯ ।
ਮਿਸਟੀ ਸੋ ਅਚੀਯੇ ਜਬੈ, ਕੰਠ ਗ੍ਰਹਣ ਹਤ ਬੀਯ ॥
ਖੁਸਕੀ ਕੋਲ ਬਿਕਾਰ ਜੋ, ਔਸਟਿ ਪੀਰ ਸੁ ਹਾਨ ।
ਜਥਾ ਬਿਹੀ ਕੋ ਬੀਜ ਸੋ ਪੀਅਤ ਇਸੇ ਕੋ ਮਾਨ ॥੧੯੮॥
ਇਤਿ ਸ੍ਰੀ ਮਦਨ ਚੰਦ੍ਰੋਤੈ ਤੰਤ੍ਰ ਬੈਦਕ ਸਾਰੇ ਚਤੁਰਥੋ ਪ੍ਰਕਰਨ ਸਮਾਪਤੰ ਸੁਭੰ ਭਵੇਤ ।— (ਪੱਤਰਾ ੧੧੧)

ਸ਼ਾਲਿਹੋਤ੍ਰ (ਪਸ਼ੂ ਚਿਕਿਤਸਾ)

੧. (ੳ) ਅਸ਼੍ਵ ਚਿਕਿਤਸਾ (ਪੋਥੀ ਸ਼ਾਲਿਹੋਤ੍ਰ ਕੀ ਸਮੇਤ) (ਨੰ. ੨੬, ਪ੍ਰ੍ਰੋ. ਪ੍ਰੀ. ਸਿ.)

ਲੇਖਕ—ਪੁਰਸ਼ੋਤਮ । ਆਕਾਰ—$7\frac{3}{4}'' \times 5\frac{1}{4}''$, ਲਿਖਤ $5\frac{3}{4}'' \times 3\frac{1}{4}''$ ।

ਵੇਰਵਾ—ਪੱਤਰੇ ੧੩-੬੨ (੫੦), ਪੋਥੀ ਸਲੋਤ੍ਰ ਕੀ ਪੱਤਰੇ ੬੨-੧੦੯ (੪੭), ਕੁੱਲ ਜੋੜ ੯੮; ਪ੍ਰਤੀ ਸਫ਼ਾ ੯ ਸਤਰਾਂ, ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਕਈ ਥਾਵੀਂ ਪੱਤਰੇ ਗਿੱਲੇ ਹੋਣ ਕਰ ਕੇ ਸਿਆਹੀ ਚਿਪਕਣ ਤੇ ਲਿਖਤ ਖ਼ਰਾਬ ਹੋ ਗਈ ਹੈ; ਆਦਿ-ਅੰਤ ਦੇ ਪੱਤਰੇ ਗੁੰਮ ਹੋਣ ਕਰ ਕੇ ਪੁਸਤਕ ਨਾ-ਮੁਕੰਮਲ ।

ਸਮਾਂ— ਸੰਮਤ ੧੮੫੧ ਬਿ. । ਲਿਖਾਰੀ— ਨਾਮਾਲੂਮ ।

ਆਰੰਭ— ...ਥਾ । ਕਉੜਿ ਚਿਰਾਇਤਾ । ਇੰਦ੍ਰ ਜਉ । ਦੇਵਦਾਰੁ । ਦੰਸ ਮੂਲੁ । ਸੁੰਡਿ । ਗਜ ਪਿਪਲੀ । ਕਾੜ੍ਹਾ ਕਰਿ ਕੈ ਪਾਂਣਾ । ਸੰਨਿਪਾਤ ਜੁਰੁ ਤੰਦ੍ਰਾ ਮੋਹ ਪਰਲਾਪੁ ਕਫੁ ਕਾਸੁ ਸੁਆਸੁ ਇਤਨੇ ਰੋਗ ਜਾਇ ॥੨੮॥ (ਪੱਤਰਾ ੧੩)

ਅੰਤ— ...ਊਚੈਸ੍ਰਵ ਕੀ ਦੇਖ ਕਰਿ, ਪੂਜਾ ਕਰਿ ਬਿਧਿ ਜਾਨ ।
ਤਾ ਪਾਛੇ ਕਰਿ ਹੋਮ ਕੌ, ਬਾਧ ਤੁਰੰਗ ਤਹਾਂ ਆਨ ।੧੦॥
ਇਤਿ ਸ੍ਰੀ ਸਾਲਹੋਤ੍ਰੇ ਅਸ੍ਵ ਚਿਕਿਤਸਤੇ ਪੁਰਖੋਤਮ ਕ੍ਰਿਤੇ ਭਾਖਾ ਪੰਚਦਸੋ ਧਯਾਯ ॥੧੫॥ ਸੰਪੂਰਣ ਸਮਤ ੧੮੫੧ ਮਾਘ ਬਦੀ ਖਸਟੀ ਸੰਪੂਰਣੰ । (ਪੱਤਰਾ ੬੨)

(ਅ) **ਪੋਥੀ ਸਲੋਤ੍ਰ ਕੀ** (ਲੇਖਕ—ਨਾਮਾਲੂਮ)

ਆਰੰਭ—੧ਓ ਸਤਿਗੁਰ ਪ੍ਰਸਾਦਿ । ਪੋਥੀ ਸਲੋਤਰ ਕੇ, ਪਛਾਨਣਾ ਘੋੜਿਆ ਕਾ, ਐਬ ਸੌਂਬੰਧੀ ਉਮਰ ਕਾ, ਜਾਤਿ ਕਾ, ਰੋਗ ਕਾ, ਸੋ ਦਸ ਭਾਂਤ ਕਾ ਹੈ । ਭਾਂਤਿ ਪਹਿਲੀ ਪੈਦਾ ਹੋਣੇ ਘੋੜੇ ਕੀ । ਭਾਂਤਿ ਦੂਸਰੀ ਘੋੜੀ ਕੇ ਸੂਣੇ ਕੀ ।...
ਭਾਂਤਿ ਪਹਿਲੀ ਹੈ ਪੈਦਾ ਹੋਣਾ ਘੋੜੀ ਕਾ । ਏਕ ਬ੍ਰਾਹਮਨ ਥਾ, ਨਾਮ ਉਸ ਕਾ ਅਸਪਤਿ ਥਾ । ਅਗਨ ਹੋਤ੍ਰੀ ਥਾ ।... (ਪੱਤਰਾ ੬੨)

ਅੰਤ— ਇਲਾਜ ਨਾਗਨੀ ਭੌਰੀ ਦੂਰ ਕਰਨੇ ਕਾ । ੨ ਪੈਸੇ ਪਾਰਾ ।੧੦ ਪੈਸੇ ਸਿਆਹੁ ਭੰਗਰਾ ਹਰਿਆ, ਏ ਵਸਤੂ ਕੌਰੀ ਤਾਉੜੀ ਵਿਚਿ ਪਾਵੈ, ਲਿਪੈ, ਮੂਹ ਬੰਦ ਕਰੈ, ਏਰਨੇ ਗੋਹੇ ਕੀ ਆਵੀ ਵਿਚਿ ਆਂਚ ਦੇ । ਨੰਗਾ ਹੋਇ ਕੈ ਅਗਨ ਲਾਵੈ ਪਰਛਾਵਾ ਰਖਿਕੈ । ਗੋਹੇ ਟੋਕਰੇ ਦੋਇ ਤੋਲ ਮਣ, ਅਗਲੇ ਦਿਨ ਫੇਰ ਕਢੈ, ਫੇਰਿ ਉਸ ਕੀ ਰਾਖ ਰਖ ਛਡੈ, ਜੇਹੀ ਜਿਥੇ ਨਾਗਨੀ ਭੌਰੀ ਅਸੁਭ ਹੋਵੈ ਉਥੇ ਰਾਖ ਲਾਵੈ । ਫੇਰਿ ਬਾਲ ਜਿਥੇ ਜੰਮਨਗੇ । ਦਾਰੂ ਦਾਗ ਕਰ ਲੈਣੇ ਕਾ ॥੧॥ (ਪੱਤਰਾ ੧੦੯)
ਇਸ ਤੋਂ ਅੱਗੇ ਪੱਤਰੇ ਗੁੰਮ ਹੋਣ ਕਰ ਕੇ ਬਾਕੀ ਅਗਲਾ ਪਾਠ ਨਹੀਂ ਮਿਲਦਾ ।

੨. **ਹਵਾਲ ਘੋੜਿਆਂ ਕਾ** (ਨੰ. ੮੪, ਪ੍ਰ੍ਰੋ. ਪ੍ਰੀ. ਸਿ.)

ਲੇਖਕ—ਪੁੰਨੂ ਖ਼ਾਨ । ਆਕਾਰ—$5\frac{1}{2}'' \times 9''$, ਲਿਖਤ $4'' \times 7''$ ।

ਵੇਰਵਾ— ਪੱਤਰੇ ੨੮; ਪ੍ਰਤੀ ਸਫ਼ਾ ੧੭ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼, ਪਰ ਕਈ ਥਾਵੀਂ ਅਸ਼ੁੱਧ, ਜਿਸ ਕਰ ਕੇ ਹਾਸ਼ੀਏ ਉਤੇ ਸੁਧਾਈ ਕੀਤੀ ਹੋਈ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਕਾਗ਼ਜ਼ ਕਿਰਮ ਖ਼ੁਰਦਾ, ਜਿਸ ਕਰ ਕੇ ਕਈ ਥਾਵੀਂ ਪੱਤਰਿਆਂ ਉਤੇ ਵੱਡੇ ਵੱਡੇ ਛੇਕ ਪਏ ਹੋਏ; ਪੱਤਰੇ ਖੁਲ੍ਹੇ, ਬਗ਼ੈਰ ਜਿਲਦ; ਲਿਖਤ ਭਾਵੇਂ ਸਮੁੱਚੇ ਤੌਰ ਤੇ ਇਕੋ ਹੱਥ ਦੀ ਹੈ, ਪਰ ਕਈ ਥਾਵੇਂ ਹੋਰ ਹੱਥ ਦੀ ਕੁਝ ਝਲਕ ਪੈਂਦੀ ਹੈ ।

ਸਮਾਂ— ੮੦ ਕੁ ਸਾਲ ਪੁਰਾਣੀ ਲਿਖਤ ਹੈ । ਲਿਖਾਰੀ— ਨਾਮਾਲੂਮ ।

ਆਰੰਭ—੧ਓ ਸਤਿਗੁਰ ਪ੍ਰਸਾਦਿ । ਅਗਰ ਕੋਈ ਹੈ ਦੰਦਾਂਗੀਰ ਘੋੜਾ । ਤੋ ਵਹੁ ਘੋੜੋਂ ਮੈ ਹੈ ਬੇ ਪੀਰ ਘੋੜਾ । ਕਰੂੰ ਪੈਛਾਨ ਕਿਆ ਮੈ ਉਸ ਕੀ ਮਰਕੂਮ । ਵਹ ਖ਼ੁਦ ਹੋ ਜਾਇਗਾ ਇਸ ਕਦਮ ਮੈ ਮਾਲੂਮ ।... (ਪੱਤਰਾ ੧)

ਅੰਤ— ...ਵਿਯਾ ਇਕ ਚਾਰ ਤੋਲੇ ਘੀ ਕੋ ਭਿਗਲਾਇ (ਪਿਘਲਾਯ) ।

ਮਿਲਾ ਇਤਨਾ ਹੀ ਉਸ ਮੇ ਸਹਤ ਹੱਛਾ ।
ਫਿਰ ਉਸ ਮੋਂ ਕਾਇਫਲ ਕਦਰੇ ਮਿਲਾ ਦੇ ।
ਉਸੇ ਤੂ ਏਕ ਨਥਨੀ ਸੇ ਪਿਲਾ ਦੇ ।
ਫਿਰ ਉਤਨਾ ਔਰ ਕਰ ਜਲਦੀ ਸੇ ਤਿਆਰ ।
ਪਿਲਾ ਦੇ ਦੂਸਰੀ ਨਥਨੀ ਸੇ ਇਯਾਰ ।
ਇਉ ਹੀ ਦੋ ਚਾਰ ਦਿਨ ਤੂ ਦੇ ਕਰ ਕਰ ਗੋਰ ।
ਨ ਹੋਇ ਹਛਾ ਤੂ ਫਿਰ ਕਰ ਔਰ ।
ਖੜਾ ਨੁਸਖਾ ਇਹ, ਐ ਯਾਰ ਜਾਨੀ !
ਕਿ ਪ੍ਰਨੂ ਖਾਂ ਕੀ ਹੈਗੀ ਇਹ ਨਿਸਾਨੀ । (ਪੱਤਰਾ ੨੮)

(ਨੰ. ੨੨, ਪ੍ਰੋ. ਪ੍ਰੀ. ਸਿ.)

੩. ਪੋਥੀ ਸਲੋਤਰ ਕੀ

ਲੇਖਕ— ਨਾਮਾਲੂਮ । ਆਕਾਰ— 6" × 5¼", ਲਿਖਤ 4" × 4" ।

ਵੇਰਵਾ- ਪੱਤਰਾ ੮+ ੬੭ = ੭੫; ਪ੍ਰਤੀ ਸਫ਼ਾ ੧੦ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਲਿਖਤ ਸਿੱਧੀ ਸਾਦੀ, ਪਰ ਸਾਫ਼ ਤੇ ਸ਼ੁੱਧ ।

ਸਮਾਂ— ਸੰਮਤ ੧੯੯੬ ਬਿ. । ਲਿਖਾਰੀ—ਨਾਮਾਲੂਮ ।

ਆਰੰਭ— (ਮੁੱਢ ਵਿਚ ੮ ਪੱਤਰੇ ਤੱਤਕਰੇ ਦੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ ।

ਪੋਥੀ ਸਲੋਤਰ ਕੀ, ਪਛਾਨਣਾ ਘੋੜਿਆ ਕਾ, ਐਬ ਸਬਾਬ ਕਾ, ਉਮਰ ਜਾਤ ਕਾ, ਰੋਗ ਕਾ ਸੋ ਦਸ ਭਾਂਤ ਕਾ ਹੈ । ਭਾਂਤ ਪਹਲੀ ਪੈਦਾ ਹੋਣਾ ਘੋੜੇ ਕਾ । ਭਾਤ ਦੂਸਰੀ ਘੋੜੀ ਕੇ ਸੂਆਏ ਕੀ ।...

ਭਾਂਤ ਪਹਲੀ ਪੈਦਾ ਹੋਣਾ ਘੋੜੇ ਘੋੜੀ ਕਾ । ਏਕ ਬ੍ਰਾਹਮਣ ਥਾ, ਅਗਨ ਹੋਤ੍ਰੀ ਥਾ । ਅਗਨ ਹੋਤ੍ਰ ਤੇ ਧੂਆਂ ਨਿਕਲ ਕੇ ਜੁ ਅਖੀਆ ਮਰਿ ਪੜਤਾ ਥਾ, ਤਿਸ ਤੇ ਆਂਸੂ ਚਲੀ । ਤਿਸ ਤੇ ਘੋੜੀ ਹੋਤੀ (ਭਈ) । ਦਾਹਣੀ ਆਂਖ ਕੀ ਆਂਸੂ ਤੇ ਘੋੜਾ । ਪੁਤ੍ਰ ਜੋ ਉਸ ਬ੍ਰਾਹਮਣ ਕਾ ਥਾ, ਨਾਉ ਉਸ ਕਾ ਸਾਲ ਹੋਤ੍ਰ ਥਾ । ਤਿਨ ਆਪਣੇ ਪੁਤ੍ਰ ਜੋਗ ਕਹਾ, "ਇਕ ਪੋਥੀ ਘੋੜਿਆ ਕੀ ਕਰੋ ਜਿਸ ਤੇ ਗੁਣ ਅਵਗੁਣ ਅਰ ਰੋਗ ਜਾਣਿਆ ਜਾਇ ।" ਤਿਸ ਨੇ ਇਹੁ ਪੋਥੀ ਕਰੀ । ਆਪਣਾ ਹੀ ਨਾਉ ਰਖਿਆ ।... (ਪੱਤਰੇ ੧–੨)

ਅੰਤ— ...ਅਰ ਜੋ ਘੋੜਾ ਬਹੁਤੁ ਮੋਟਾ ਹੋਇ ਅਰ ਸਾਥਿ ਘੋੜਿਆ ਕੇ ਮਿਲਾਪੁ ਰਾਖੈ, ਕਿਸੀ ਨਾਲਿ ਲੜੈ ਨਾਹੀਂ ਅਰ ਜਦ ਸੋਵੈ ਪੈਰ ਲੰਬੇ ਕਰ ਸੋਵੇ । ਉਸ ਘੋੜੇ ਕੀ ਤਸੀਰ ਸਰਦੀ ਕੀ ਹੈ । ਪੋਥੀ ਸਪੂਰਨ ਹੋਈ ਸਲੋਤ੍ਰ ਕੀ । ਜੋ ਕੋਈ ਇਸ ਨੋ ਪੜ੍ਹੈ ਤੋ ਘੋੜੇ ਦਾ ਇਲਾਜੁ ਕਰੇ, ਸਿਧ ਹੋਵੈ ।

ਸੰਮਤ ੧੯੯੬ ਪੋਥੀ ਸੰਪੂਰਨ ਹੋਈ ॥ ੧ ॥ (ਪੱਤਰਾ ੬੭)

ਸ਼ਸਤ੍ਰ-ਕਲਾ

(ਨੰ. ੮੫, ਪ੍ਰੋ. ਪ੍ਰੀ. ਸਿੰ,)

੧. ਬੰਦੂਕ ਕੀ ਜ਼ਰੂਰੀ ਕਵਾਇਦ

ਲੇਖਕ—ਨਾਮਾਲੂਮ। ਆਕਾਰ— $5\frac{1}{2}'' \times 9''$, ਲਿਖਤ $4'' \times 7''$।

ਵੇਰਵਾ— ਪੱਤਰੇ ੧੦; ਪ੍ਰਤੀ ਸਫ਼ਾ ੧੨ ਤੋਂ ੨੯ ਦੇ ਦਰਮਿਆਨ ਸਤਰਾਂ; ਕਾਗਜ਼ ਦੇਸੀ, ਖ਼ਾਕੀ ਪਤਲਾ; ਲਿਖਤ ਸਾਧਾਰਣ, ਜੋ ਸਾਫ਼ ਤੇ ਸ਼ੁੱਧ ਹੈ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਕਈ ਥਾਵੀਂ ਬੰਦੂਕ ਦੇ ਪੁਰਜ਼ਿਆਂ ਦੇ ਅੰਗਰੇਜ਼ੀ ਤੇ ਹਿੰਦੁਸਤਾਨੀ ਨਾਮ, ਬੰਦੂਕ ਖੋਲ੍ਹਣ ਤੇ ਭਰਨ ਦੇ ਤਰੀਕੇ, ਨਿਸ਼ਾਨਾ ਬਾਜ਼ੀ ਆਦਿ ਕ੍ਵਾਇਦ ਦੀਆਂ ਗੱਲਾਂ ਨਕਸ਼ੇ ਦੇ ਦੇ ਕੇ ਦੱਸੀਆਂ ਹੋਈਆਂ ਹਨ; ਇਹ ਹੱਥ-ਲਿਖਿਤ ਕਿਸੇ ਫ਼ੌਜੀ ਮੈਨੂਅਲ ਦਾ ਅਨੁਵਾਦ ਜਾਪਦੀ ਹੈ।

ਸਮਾਂ— ੭੦-੮੦ ਸਾਲ ਪੁਰਾਣੀ ਲਿਖਤ ਹੈ। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਬੰਦੂਕ ਕੀ ਜ਼ਰੂਰੀ ਕਵਾਇਦ। ਸੈਕਸ਼ਨ ੧ ਕੇਅਰ ਆਫ਼ ਆਰਮਜ਼ ਏਡ ਏਮਯੁਨਿਸ਼ਨ। ਇਸ ਕੇ ਸਿਖਲਾਨੇ ਕਾ ਯਹ ਮਤਲਬ ਹੈ ਕਿ ਸਿਪਾਹੀ ਰੈਫਲ ਯਾ ਕਾਰਬੈਨ ਕੇ ਜੁਦੇ ੨ ਹਿੱਸੇ ਜਾਨ ਲੇਵੇ...। (ਪੱਤਰਾ ੧)

ਅੰਤ— ...੧੬੦ ਮਾਰਟਿਨੀ ਹੇਨਰੀ ਰੈਫਲ ਸੇ ਜਬ ਸਾਮਨੇ ਸੇ ਨਿਸਾਨਾ ਜਾਤਾ ਹੋਗਾ। ਤਬ ਸਿਸਤ ੧੦੦ ਔਰ ੫੦੦ ਗਜ ਕੇ ਦਰਮਯਾਨ ਕੈਸੀ ਲੇਨਾ ਉਸ ਕਾ ਟੇਵਲ (ਟੇਬਲ)। (ਇਸ ਤੋਂ ਅੱਗੇ ਨਕਸ਼ਾ ਦਿੱਤਾ ਹੈ) (ਪੱਤਰਾ ੧੦)

ਜੋਤਿਸ਼ ਸ਼ਾਸਤ੍ਰ

(ਨੰ. ੨੯੮, ਭਾ. ਵਿ.)

੧. ਅਂਗ ਫੁਰਕਣੀ

ਲੇਖਕ ਕਵੀ ਬੁੱਧ ਸਿੰਘ, ਸ਼ਸ਼ਿਜ ਮ੍ਰਿਗਿੰਦ। ਆਕਾਰ—$6\frac{3}{4}'' \times 5''$, ਲਿਖਤ $4\frac{1}{2}'' \times 3\frac{1}{4}''$ ।

ਵੇਰਵਾ—ਪੱਤਰੇ ੧੨; ਪ੍ਰਤੀ ਸਫ਼ਾ ੯ ਸਤਰਾਂ; ਕਾਗਜ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਰੰਗੀਨ ਲਕੀਰਾਂ ਵਾਲਾ; ਪੱਤਰੇ ਸਾਰੀ ਹੀ ਹੱਥ ਲਿਖਤ ਦੇ ਭਿੱਜਣ-ਸਿੱਜਣ ਕਰ ਕੇ ਕੁਝ ਫ਼ਟੇ ਹੋਏ ਤੇ ਧੱਬੇਦਾਰ ਹਨ।

ਸਮਾਂ— ਪੁਸਤਕ ਸੌ ਕੁ ਸਾਲ ਪੁਰਾਣੀ ਜਾਪਦੀ ਹੈ । ਲਿਖਾਰੀ—ਤਾਰਾ ਸਿੰਘ ।

ਆਰਭ— ੧ੳ ਸਤਿਗੁਰ ਪ੍ਰਸਾਦਿ । ਸ੍ਰੀ ਵਾਹਗੁਰੂ ਜੀ ਕੀ ਫਤੇ।
ਅਥ ਅੰਗ ਫੁਰਕਣੀ ਲਿਖਯਤੇ ।
ਅਮਲ ਕਮਲ ਪਦ ਸਸਿ ਬਦਨ, ਸਦਨ ਬੁੱਧ ਸੁਖ ਬ੍ਰਿੰਦ ।
ਮੋਹਨ ਮੂਰਤਿ ਮੁਕਤਦਾ, ਗੋਬਿੰਦ ਸਿੰਘ ਸੁਰਿੰਦ ॥ ੧ ॥
ਸੋਰਠਾ ॥ ਅੰਗ ਫੁਰਕਣੀ ਨਾਮ, ਬਰਨੌਂ ਗੁਰ ਪ੍ਰਤਾਪ ਪਦ ।
ਪਠਹੁ ਸਕਲ ਗੁਨ ਧਾਮ, ਪ੍ਰਗਟ ਬਤਾਵਤ ਫਲਨ ਕੋ ॥ ੨ ॥ (ਪੱਤਰਾ ੧)

ਅੰਤ— ਦੁਗਨੀ ਘਟਕਾ ਨਿਸਾ ਪਛਾਨ । ਤਿਨ ਕੇ ਸਾਥ ਮਿਲਾਵੋ ਆਨ ।
ਫਲ ਅਫਲਹਿ ਸਮਝੋ ਗੁਨਵਾਨ । ਸਸਿਜ ਮ੍ਰਿਗਾਧਿਪ ਕਰਹਿ ਬਖਾਨ ॥ ੪੨ ॥
ਇਤ ਸ੍ਰੀ ਅੰਕ ਫੁਰਕਣੀ ਸਮਾਪਤੰ । ਸੁਭਮਸਤੁ । (ਪੱਤਰਾ ੧੨)

ਇਸ ਤੋਂ ਅੱਗੇ ਇਸੇ ਪੱਤਰੇ ਉੱਤੇ ਲਿਖਾਰੀ ਵਲੋਂ ਇਸ ਪੁਸਤਕ ਦੇ ਨਕਲ ਕਰਨ ਬਾਰੇ ਇਹ ਦੋਹਰੇ ਲਿਖੇ ਹੋਏ ਹਨ—

ਅੰਕ ਫੁਰਕਣੀ ਲਿਖੀ ਹੈ, ਠਾਕੁਰ ਸਿੰਘ ਕੇ ਭਾਇ ।
ਉਡਤ ਮ੍ਰਿਗੇਂਦ ਲਿਖ ਤਾਹਿ ਦਈ, ਪੜੀਅਹੁ ਮਨ ਚਿਤ ਲਾਇ ॥ ੧ ॥
ਠਾਕੁਰ ਸਿੰਘ ਰੂਪ ਠਾਕੁਰੈ, ਵਿਦਿਆ ਚਤੁਰ ਪ੍ਰਬੀਨ ।
ਕਰਤ ਟਹਲ ਸੰਤ ਸਾਧ ਕੀ, ਮਨ ਤਨ ਹੋਇ ਅਧੀਨ ।
ਅੰਕ ਫੁਰਕਣੀ ਕੋ ਵਿਚਾਰ ਕੈ, ਕਰਿ ਹੈ ਕਾਰਜੁ ਜੋਇ ।
ਸਪਤਿ ਸਪਤਿ ਕਰਿ ਕਹਿਤ ਹੌ, ਤਿਸੁ ਨਰੁ ਦੁਖ ਨਹੀਂ ਹੋਇ ॥ ੩ ॥...
ਅੰਕ ਫੁਰਕਣੀ ਪਹਿਲੇ ਪੜ੍ਹੈ, ਪਾਛੈ ਕਰੈ ਜੋ ਕਾਜ ।
ਪਾਤਿਸਾਹ ਹੋਇ ਯਾ ਵਜੀਰ ਹੋਇ, ਨਿਸਚੈ ਪਾਵੈ ਰਾਜ ॥ ੪ ॥

੨. ਸਾਮੁਦ੍ਰਿਕ ਭਾਖਾ (ਨੰ. ×, ਸ਼. ਸਿੰ. ਅ.)

ਲੇਖਕ— ਪੰਡਿਤ ਪਦਮ ਰੰਗ । ਆਕਾਰ—$6\frac{1}{2}'' \times 4\frac{1}{2}''$, ਲਿਖਤ $4\frac{1}{2}'' \times 4''$ ।

ਵੇਰਵਾ—ਪੱਤਰੇ ੧੭; ਪ੍ਰਤੀ ਸਫ਼ਾ ੧੦ ਸਤਰਾਂ; ਕਾਗ਼ਜ਼ ਦੇਸੀ, ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਲਕੀਰਾਂ ਵਾਲਾ; ਸਿਰ ਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਬਗ਼ੈਰ ਜਿਲਦ, ਜੋ ਸਾਧਾਰਣ ਹਾਲਤ ਵਿਚ ਹੈ ।

ਸਮਾਂ— ਅੱਸੀ ਕੁ ਵਰ੍ਹੇ ਪੁਰਾਣੀ ਲਿਖਤ ਜਾਪਦੀ ਹੈ । ਲਿਖਾਰੀ—ਨਾਮਾਲੂਮ ।

ਆਰੰਭ— ੧ੳ ਸਤਿਗੁਰ ਪ੍ਰਸਾਦਿ । ਅਥ ਸਾਮੁਦ੍ਰਿਕ ਭਾਖਾ ਲਿਖਯਤੇ ॥ ਦੋਹਰਾ ॥
ਸਰਸੁਤਿ ਸਿਮਰੋ ਚਿਤ (ਮੈ), ਸਰਸ ਬਚਨ ਦਾਤਾਰ ।
ਨਰ ਨਾਰੀ ਲਛਨ ਕਹੋ, ਸਾਮੁਦ੍ਰਿਕ ਅਨਸਾਰ ॥ ੧ ॥

ਯਾ ਸਾਮੁਦ੍ਰਿਕ ਗ੍ਰੰਥ ਮੈ, ਅਗਮ ਨਿਗਮ ਕੀ ਬਾਤ ।
ਇਹ ਜਾਨੇ ਤੇ ਹੋਤ ਨਰ, ਜਗਤ ਮਾਹਿ ਬਿਖਯਾਤ ॥ ੨ ॥
ਆਦਿ-ਅੰਤ ਨਰ ਨਾਰਿ ਕੇ, ਸੁਖ ਦੁਖ ਬਾਤ ਸਰੂਪ ।
ਕਹੋ ਅਨਿਕ ਪਰਕਾਰ ਕੇ ਸੁਨਹੁ ਬਿਬੇਕ ਅਨੂਪ ॥ ੩ ॥
ਅਥ ਪੁਰਖ ਲਛਨ ਬਰਨਨ । ਸੀਸ ਲਛਨ ॥ ਦੋਹਾ ॥
ਪ੍ਰਥਮ ਪੁਰਖ ਲਛਨ ਕਹੋ, ਸਿਖ ਤੇ ਨਖ ਪਰਜੰਤ ।
ਛਤ੍ਰ ਕੁੰਭ ਸਮ ਸੀਸ ਜਿਹ, ਸੋ ਧਰਨੀ ਕੋ ਕੰਤ ॥ ੪ ॥
ਗਿਰਦ ਕਟੋਰੇ ਸਾਰਖਾ, ਚਿਕਨ ਸਯਾਮ ਘਨ ਕੇਸ ।
ਸੁਖ ਭੋਗੀ ਚਿਰ ਆਯੁ ਧਨ, ਕਬਹੂ ਨ ਲਹੈ ਕਲੇਸ ॥ ੫ ॥ (ਪੱਤਰਾ ੧)

ਅੰਤ— ... ਔਰ ਗਛ (?) ਸਭ ਤਾਰਿਕਾ, ਸੁਰ ਨਰ ਗਛਤ ਦਿਨਿੰ (ਦ੍ਰ) ।
ਤਿਨ ਕੇ ਨਾਇਕ ਇੰਦ੍ਰ ਸਮ, ਸ੍ਰੀ ਜਿਨ ਸਿੰਘ ਸੁਰਿੰਦ੍ਰ ॥ ੧ ॥
ਤਾਸੁ ਸਿਖਯ ਗੁਣਵਾਨ ਗੁਰ ਤਪ ਜਪ ਸਾਧਕ ਵਾਨ ।
ਪਦਮ ਕੀਰਤਕ ਪੁੰਨਵਾਨ, ਮਾਨੈ ਸਗਲ ਜਹਾਨ ॥ ੧ ॥
ਪੰਡਿਤ ਪ੍ਰਵਰ ਸੁਜਾਨ ਗੁਰ, ਸਗਲ ਕਲਾ ਸੁਰ ਗਯਾਨ ।
ਪਦਮ ਰੰਗ ਮੁਨਿਵਰ ਭਲੇ, ਨਮੈ ਰਾਇ ਰਾਜਾਨ ॥ ੧ ॥
ਤਾਸੁ ਸਿਖਯ ਨਿਜ ਹਰਖ ਸੇ, ਨਰ ਲਛਨ ਕਹਿ ਏਹ ।
ਨਾਰੀ ਲਛਨ ਅਬ ਸੁਨੋ, ਰਾਮ ਚੰਦ ਕਹਿ ਤੇਹ ॥ ੧੧੭

ਇਤ ਸ੍ਰੀ ਪੰਡਿਤ ਪ੍ਰਵਰ ਪਦਮ ਰੰਗ ਬਿਰਚਿਤੇ ਸਾਮੁਦ੍ਰਿਕ ਸਾਸਤ੍ਰ ਪੁਰ(ਖ) ਲਛਨ ਨਖਾਂਤਸਾਦਿ ਬਰਨਨੋ ਨਾਮ ਪ੍ਰਥਮ ਸਮੁਦੇਸ ॥ ੧ ॥ (ਪੱਤਰਾ ੧੭)

ਇਹ ਪੁਸਤਕ, ਜਿਵੇਂ ਕਿ ਇਸ ਦੇ ਅੰਤਲੇ ਸ਼ਬਦਾਂ ਤੋਂ ਪਤਾ ਲਗਦਾ ਹੈ, ਇਸ ਦਾ ਕੇਵਲ ਪਹਿਲਾ ਸਮੁੱਦੇਸ਼ ਹੋਣ ਕਰ ਕੇ ਅਧੂਰੀ ਹੈ ਤੇ ਅੱਗੇ ਹੋਰ ਸਮੁੱਦੇਸ਼ ਇਸ ਪੁਸਤਕ ਦੇ ਨਹੀਂ ਹਨ ।

੩. ਦੁਘੜੀਆ ਮਹੂਰਤ (ਨੰ. ੨੦੪, ਮੋ. ਬਾ.)

ਲੇਖਕ—ਉਮਾ ਦਾਸ । ਆਕਾਰ 7″ × 4¼″, ਲਿਖਤ 5¼″ × 2½″ ।

ਵੇਰਵਾ— ਪੱਤਰੇ ੨੯; ਪ੍ਰਤੀ ਸਫ਼ਾ ੫ ਸਤਰਾਂ; ਕਾਗਜ਼ ਕਸ਼ਮੀਰੀ; ਲਿਖਤ ਸਾਫ਼ ਤੇ ਸ਼ੁੱਧ, ਹਾਸ਼ੀਆ ਸੁਨਹਿਰੀ ਦੂਹਰਾ, ਜੋ ਅਤੀ ਸੁੰਦਰ ਹੈ; ਸਿਰ ਲੇਖ ਤੇ ਛੰਦਾਂ ਦੇ ਨਾਮ ਲਾਲ ਸਿਆਹੀ ਨਾਲ ਅੰਕਿਤ ।

ਸਮਾਂ— ਸੰਮਤ ੧੯੦੨, ਮਿਤੀ ਹਾੜ੍ਹ ਵਦੀ ੫ । ਲਿਖਾਰੀ— ਭਾਈ ਰਾਮ ਸਿੰਘ ।

ਆਰੰਭ—੧ਓ ਸਤਿਗੁਰ ਪ੍ਰਸਾਦਿ ॥ ਅਥ ਦੁਘੜੀਆ ਮੁਹੂਰਤਿ ਲਿਖਯਤੇ ॥ ਦੋਹਰਾ ॥
ਉਮਾ ਉਮਾਪਤਿ ਕੋ ਨਮੋ, ਪੂਜ ਉਮਾਸੁਤ ਆਦਿ ।
ਉਮਾਦਾਸ ਭਾਖਾ ਰਚਤਿ, ਬਿਬ ਘੜੀਆ ਅਬਿਬਾਦ ॥ ੧ ॥

ਅੰਤ— (ਇਕ ਯੰਤ੍ਰ)
ਇਹ ਪੁਸਤਿਕਾ ਅਜੇ ਤਕ ਛਪੀ ਨਹੀਂ ਹੈ।

੪. ਮੇਘ ਮਾਲਾ (ਨੰ. ੩੪੪, ਭਾ. ਵਿ.)

ਲੇਖਕ—ਮੁਨੀ ਮੇਘ ਰਾਜ । ਆਕਾਰ— 4½″ × 6½″, ਲਿਖਤ 3″ × 5″ ।

ਵੇਰਵਾ— ਪੱਤਰੇ ੧੦੭; ਪ੍ਰਤੀ ਸਫ਼ਾ ੧੨ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰ ਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਹਰ ਤਰ੍ਹਾਂ ਪੂਰਨ ਤੇ ਅੱਛੀ ਹਾਲਤ ਵਿਚ ਹੈ ।

ਸਮਾਂ— ਸੰਮਤ ੧੮੧੭ ਬਿ. । ਲਿਖਾਰੀ—ਨਾਮਾਲੂਮ ।

ਆਰੰਭ— ੧ਓ ਸਤਿਗੁਰ ਪ੍ਰਸਾਦਿ । ਸੁਅਸਤ ਸ੍ਰੀ ਗਣੇਸਾਇ ਨਮ: ।

ਅਥ ਮੇਘ ਮਾਲਾ ਲਿਖਯਤੇ ॥ ਦੋਹਰਾ ॥
ਪਰਮ ਪੁਰਖ ਘਟ ਘਟ ਰਮਜੋ, ਜੋਤ ਰੂਪ ਭਗਵਾਨ ।
ਸਕਲ ਰਿਧਿ ਸੁਖ ਚੈਨ ਪ੍ਰਭੁ, ਨਿਮਤ ਮੇਘ ਧਰ ਧਿਆਨ ॥ ੧ ॥
ਬਾਹਨ ਜਾ ਕੋ ਹੰਸ ਸਿਤ, ਔਰ ਸਿੰਘ, ਸਿਵ ਤੀਅ ।
ਸਿਵਾ ਭਵਾਨੀ ਸਾਰਦਾ, ਸਕਲ ਏਕ, ਨਹਿ ਬੀਅ ॥ ੨ ॥
ਚਰਨ ਨਿਮੋ ਜੁਗ ਤਾਸ ਕੇ, ਅਗਮ ਬਾਨੀ ਬਰ ਦਾਇ।
ਤਿਸ ਪ੍ਰਸਾਦਿ ਇਸ ਗ੍ਰੰਥ ਕੋ ਰਚੋਂ ਸਕਲ ਸੁਖ ਪਾਇ ॥ ੩ ॥ (ਪੱਤਰਾ ੧)

ਅੰਤ— ਦ੍ਰਿੜ ਪਦਾ ਛੰਦ ॥
ਸ੍ਰੀ ਜਟਮਲ ਮੁਨੀਸ ਜੀ, ਸਭ ਸਾਧਨ ਰਾਜਾ ।
ਪਰਮਾਨੰਦ ਸੁਸੀਲ ਹੈ, ਗ੍ਰਿੰਥਨ ਗੁਨ ਸਮ੍ਰਪਾਜਾ ।
ਸਿਖ ਭਇਓ ਸਦਾਨੰਦ ਤਿਸੈ ਤੇ ਉਪਮਾ ਭਾਰੀ ।
ਚੌਦਾ ਵਿਦਿਆ ਜੁਗਤ ਸੋਇ ਆਗਜਾ ਗੁਰ ਕਾਰੀ ॥ ੬੧ ॥

ਚੌਪਈ ॥
ਤਾਹਿ ਸਿਖ ਨਾਰਾਇਨ ਨਾਮਾ । ਗੁਨ ਸੋਭਾ ਕੀ ਦੀਸੇ ਠਾਮਾ ।
ਤਾ ਕੋ ਸਿਖ ਭਯੋ ਜੁ ਨਰੋਤਮ । ਬਿਨੈਵੰਤ ਅਗਜਾਨ ਭਗਜੇ ਤਮ ॥ ੬੨ ॥
ਤਾ ਸੇਵਾ ਮਹਿ ਮਯਾ ਜੁ ਰਾਮ । ਕ੍ਰਿਪਾਵੰਤ ਵਿਦਿਆ ਅਭਿਰਾਮ ।
ਤਿਨ ਕੀ ਦਯਾ ਭਈ ਮੁਝ ਊਪਰ । ਉਪਜਜੋ ਗਜਾਨ ਸਹੀ ਮੁਝ ਹੀਉ ਪਰ ॥੬੩॥
ਅੜਿਲ ਛੰਦੁ ॥
ਤਾਤੇ ਮੇਘ ਮਾਲ ਇਹੁ ਕੀਨੀ । ਜੋ ਗੁਰ ਕੇ ਮੁਖ ਤੇ ਸੁਨ ਲੀਨੀ ।
ਇਸ ਕੋ ਪੜੇ ਸੁ ਸੋਭਾ ਪਾਵੈ । ਸੋ ਜਗ ਮਹਿ ਪੰਡਿਤ ਕਹਲਾਵੈ ॥ ੬੪ ॥
ਰਸਾਵਲ ਛੰਦ ॥
ਮੁਨਿ ਸਸਿ ਵਸੁ ਕੋ ਜਾਨ, ਮਹੀ ਸੰਵਤ ਇਹੁ ਆਖਤ ।
ਕਾਤਕ ਸੁਦ ਗੁਰਵਾਰ, ਮਾਨ ਪੰਚਮ ਤਿਥਿ ਭਾਖਤ ।
ਉਤਰਾਖਾੜ ਨਿਛਤ੍ਰ ਦਿਵਸ ਮਹਿ ਏਕਇ ਕੀਜਤ ।
ਜੋ ਘਟ ਅਖਰ ਹੋਇ, ਤਾਹਿ ਕਵਿ ਸੁਧ ਕਰ ਲੀਜਤ ॥ ੬੫ ॥
ਲੀਲਾਵਤੀ ਛੰਦੁ ॥
ਦੇਸ ਜਲੰਧਰ ਸੋਭੈ ਸੁੰਦਰ, ਨਾਮੁ ਦੁਆਬਾ ਠੌਰ ਕਹਿਓ ।
ਸੁਭ ਦਾਨ ਪੁੰਨ ਕੀ ਠੌਰ ਇਹੀ ਹੈ, ਮਾਨੋ ਸੁਰ ਪੁਰ ਆਨ ਰਹਿਓ ।
ਪੰਡਿਤ ਨਰ ਸੋਭੈਂ ਕਵਿਤਾ ਭਾਰੀ, ਗੀਤ ਵਜੰਤ੍ਰ ਰੰਜ ਸੀਓ ।
ਗ੍ਰਿਹ ਗ੍ਰਿਹ ਮੰਗਲ ਚਾਰ ਜੁ ਹੋਵਹਿ, ਤਾ ਮਹਿ ਪੁਰ ਇਕ ਇਹੁ ਵਸਿਓ ॥ ੬੬ ॥
ਦੋਹਰਾ ॥
ਸਗਲ ਸਿਧ ਕਰ ਸੋਭ ਹੈ, ਫਗਵਾੜਾ ਸੁਭ ਥਾਨ ।
ਤਹਾ ਮੇਘ ਕਵਿਤਾ ਕਰੀ, ਆਛੀ ਬਿਧ ਮਨ ਆਨ ॥ ੬੭ ॥
ਚੂਹੜ ਮੱਲ ਜੋ ਚੋਧਰੀ, ਫਗਵਾੜੇ ਕੋ ਰਾਇ ।
ਚਤਰ ਸੈਨ ਕਰ ਸੋਭ ਹੈ, ਜਿਉ ਉਡਗਣ ਸਸਿ ਥਾਇ ॥ ੬੮ ॥...

ਗੀਤਕਾ ਛੰਦੁ ॥
ਕਰ ਸਰਬ ਛੰਦ ਮਿਲਾਇ ਇਕਠਾ, ਕਹੀ ਸੰਖਿਆ ਜਾਸ ਕੀ ।
ਦੁਆ ਤ੍ਰਿੰਸ ਅਖਰ ਇ ਹਸਾਬੈ, ਆਠ ਸੈ ਉਨਚਾਸ ਕੀ ।
ਇਹੁ ਛੰਦ ਖਟ ਸਤ ਅਰ ਉਨਤੀ ਸੈ, ਕਹੀ ਕਵਿ ਇਹੁ ਭਾਸ ਕੀ ।
ਸੋ ਜਾਨ ਸੰਖਿਆ ਦੋਇ ਜਾ ਤੈ, ਮੇਘ ਮਾਲ ਬਿਲਾਸ ਕੀ ॥ ੭੧ ॥

ਦੋਹਰਾ ॥
ਕਵਿ ਜਨ ਕਵਿਤਾ ਕੋ ਸਦਾ, ਦਿਨ ਦਿਨ ਹੋਇ ਆਨੰਦ।
ਵਸੋ ਗ੍ਰਿੰਥ ਜਗ ਚਿਰ ਲਗੇ, ਜਬ ਲਗ ਰਵਿ ਤਿਥਿ ਚੰਦ ॥ ੭੨ ॥
ਇਤਿ ਸ੍ਰੀ ਮੇਘ ਮਾਲਾ ਮੁਨਿ ਮੇਘ ਰਾਜ ਵਿਰਚਿਤੇ ਸਗੁਨ ਵਿਚਾਰ ਵਰਨਨੋ ਨਾਮ ਚਤੁਰਥੋ ਦੁਆਰ ਸਮਾਪਤੰ ॥ ੪ ॥
(ਪੱਤਰੇ ੧੦੪-੦੭)

(ਨੰ. ੧੨੬, ਖ਼ਾ. ਕਾ. ਪ.)

੫. ਮੇਘ ਮਾਲਾ

ਲੇਖਕ— ਮੁਨੀ ਮੇਘ ਰਾਜ। ਆਕਾਰ—6¼″ × 9¼″, ਲਿਖਤ 4¾″ × 7½″।

ਵੇਰਵਾ— ਪੱਤਰੇ ੪੬; ਪ੍ਰਤੀ ਸਫ਼ਾ ੧੮ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰ ਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਆਦਿ-ਅੰਤ ਵਿਚ ਕੁਝ ਵਾਧੂ ਪੱਤਰਿਆਂ ਉਤੇ ਹੋਰ ਕਲਮ ਨਾਲ ਕਈ ਤਰਾਂ ਦੀਆਂ ਯਾਦਦਾਸ਼ਤਾਂ ਲਿਖੀਆਂ ਹੋਈਆਂ; ਪੁਸ਼ਤਕ ਬਗੈਰ ਜਿਲਦ, ਜੋ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੮੧੭ ਬਿ.। ਲਿਖਾਰੀ—ਨਾਮਾਲੂਮ।

ਆਰੰਭ—(ਮੁੱਢਲਾ ਇਕ ਵਾਧੂ ਪੱਤਰਾ ਤਤਕਰੇ ਦਾ ਤੇ ਅੱਗੇ ਦੋ ਵਾਧੂ ਪੱਤਰੇ ਫੁਟਕਲ ਸੂਚਨਾ ਦੇ ਛੱਡ ਕੇ) ੧ਓ ਸਤਿਗੁਰ ਪ੍ਰਸਾਦਿ। ਅਥ ਮੇਘ ਮਾਲਾ ਲਿਖਯਤੇ ॥ ਦੋਹਰਾ ॥ ਪਰਮ ਪੁਰਖ ਘਟਿ ਘਟਿ ਰਮਜੋ...। (ਪੱਤਰਾ ੧)

ਅੰਤ— ...ਰਵਿ ਦਿਨ ਅਤਿ ਮੰਦੀ ਕਹੀ, ਸਨਿ ਸੁਕ੍ਰ ਕੁਝ ਰੋਗੁ।
ਸਸਿ ਗੁਰ ਬੁਧ ਵਾਰੇ ਪਰੇ, ਤਉ ਹੋਵੈ ਬਹੁ ਭੋਗੁ ॥੧੪੪॥
ਇਤਿ ਸ੍ਰੀ ਮੇਘ ਮਾਲਾ ਮੁਨਿ ਮੇਘ ਰਾਜ ਵਿਰਚਿਤੇ ਸਗੁਨ ਨਾਮ ਚਤੁਰਥੋ ਅਧਿਕਾਰ ਸਮ੍ਪੂਰਨੰ। ਮੇਘ ਮਾਲਾ ਸਪੂਰਨ। ਹੋਈ। (ਪੱਤਰਾ ੪੬)

(ਨੰ. ੪੧, ਪ੍ਰੋ. ਪ੍ਰੀ. ਸਿੰ.)

੬. ਮੇਘ ਮਾਲਾ

ਲੇਖਕ— ਮੁਨੀ ਮੇਘ ਰਾਜ। ਆਕਾਰ—9½″ × 5½″, ਲਿਖਤ 7½″ × 4¼″।

ਵੇਰਵਾ— ਪੱਤਰੇ ੪੪, ਪ੍ਰਤੀ ਸਫ਼ਾ ੧੪ ਸਤਰਾਂ; ਕਾਗਜ਼ ਦੇਸੀ; ਲਿਖਤ ਸਿੱਧੀ ਸਾਦੀ, ਜੋ ਕੁਝ ਅਸ਼ੁੱਧ ਵੀ ਹੈ, ਹਾਸ਼ੀਆ ਸਾਦਾ ਬਿਨਾ ਲਕੀਰਾਂ ਦੇ; ਪਿਛਲੇ ਪੱਤਰੇ ਦੀਮਕ ਦੇ ਚੱਟੇ ਹੋਏ।

ਸਮਾਂ— ਸੰਮਤ ੧੮੧੭ ਬਿ., ਨਕਲ: ਸੰਮਤ ੧੯੧੭ ਬਿ.। ਲਿਖਾਰੀ—ਭਾਈ ਰੂਪ ਸਿੰਘ, ਸਾਹਿਬਜ਼ਾਦਾ।
ਸਥਾਨ—ਆਨੰਦ ਪੁਰ (ਹੁਸ਼ਿਆਰ ਪੁਰ)।

ਆਰੰਭ— ੧ਓ ਸਤਿਗੁਰ ਪ੍ਰਸਾਦਿ। ਅਥ ਮੇਘ ਮਾਲਾ ਲਿਖਯਤੇ ॥ ਦੋਹਰਾ ॥
ਪਰਮ ਪੁਰਖ ਘਟ ਘਟ ਰਮਜੋ, ਜੋਤ ਰੂਪ ਭਗਵਾਨ।... (ਪੱਤਰਾ ੧)

ਅੰਤ— ...ਸਾਤ ਵਾਰ ਪੂਰਨ ਭਏ, ਸੁਨੋ ਸੰਤ ਜਨ ਕੋਇ।
ਇਹ ਲੱਛਨ ਹੈਂ ਸਾਲ ਕੇ, ਜੋ ਭ੍ਰਿਗੁ ਕੇ ਦਿਨ ਹੋਇ ॥੫੯॥
ਪੋਥੀ ਸੰਪੂਰਨ ਹੋਈ। ਸੰਮਤ ੧੯੧੭ ਮਾਘ (ਪ੍ਰਵਿਸ਼ਟਾ) ੧ ਸ਼ੁਕਰਵਾਰ ਪੋਖ ਅਮਾਵਸ, ਸ੍ਰੀ ਆਨੰਦਪੁਰ ਸਾਹਿਬਜ਼ਾਦੇ ਰੂਪ ਸਿੰਘ ਲਿਖੀ ਸੁਭਮਸਤੁ। ਸ੍ਰੀ ਰਾਮਾਯ ਨਮ: ਸ਼੍ਰੋਂ ਸ਼੍ਰੀ ਸ਼੍ਰੋਂ ਸ਼੍ਰਾਂ ਉ੍ਰੀ ਉ੍ਰ ਆ ਆ... (ਪੱਤਰਾ ੪੪)

(ਨੰ. ੧੦੯, ਪੰ. ਯੂ. ਚੰ.)

੭. ਮੇਘ ਮਾਲਾ

ਲੇਖਕ— ਮੁਨੀ ਮੇਘ ਰਾਜ। ਆਕਾਰ—4¾″ × 6½″, ਲਿਖਤ 2¾″ × 5″।

ਵੇਰਵਾ— ਪੱਤਰੇ ੧੦੪; ਪ੍ਰਤੀ ਸਫ਼ਾ ੧੩ ਸਤਰਾਂ; ਕਾਗਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਰੰਗੀਨ ਲਕੀਰਾਂ ਵਾਲਾ; ਸਿਰ ਲੇਖ, ਛੰਦਾਂ ਦੇ ਨਾਮ ਤੇ ਅੰਕ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਜਿਲਦ, ਜੋ ਸਾਧਾਰਣ ਤੌਰ ਤੇ ਅੱਛੀ ਹਾਲਤ ਵਿਚ ਹੈ।

ਸਮਾਂ— ਸੰਮਤ ੧੮੧੭ ਬਿ.। ਲਿਖਾਰੀ—ਨਾਮਾਲੂਮ।

ਆਰੰਭ— ੧ਓ ਸੁਸਤਿ ਸ੍ਰੀ ਗਣੇਸਾਯ ਨਮ:। ਅਥ ਮੇਘ ਮਾਲਾ ਲਿਖਯਤੇ ॥ ਦੋਹਰਾ ॥

ਪਰਮ ਪੁਰਖ ਘਟਿ ਘਟਿ ਰਮਜੋ ।... (ਪੱਤਰਾ ੧)

ਅੰਤ– ਯਹਿ ਮੇਘ ਮਾਲ ਪ੍ਰਕਾਸ ਕੀਨੋ, ਸਰਬਿ ਜੋਤਿਕ ਤਾਸ ਕੀ ।
ਸੰਮਤ ਸਰਿ ਸਭ ਜਾਨੀਏ, ਦਸ ਅਸਟਿ ਸੈ ਉਣੰਜਾਸ ਕੀ ।*
ਇਹ ਛੰਦ ਬੰਦ ਸੁ ਕਰੀ ਭਾਖਿਆ, ਕਹੀ ਕਵਿ ਇਹ ਭਾਸ ਕੀ ।
ਸੁਘਰਿ ਸੰਖਿਆ ਕਰ ਸੋਊ ਜਾਨੈ, ਮੇਘ ਮਾਲ ਵਿਲਾਸ ਕੀ ॥੧੭੦॥
ਦੋ॥ ਕਵਿ ਜਨ ਬਕਤਾ ਕੇ ਸਦਾ, ਦਿਨਸੋ ਇਆ ਆਨੰਦ ।
ਬਸੋ ਗ੍ਰਿੰਥ ਜੁਗ ਚਾਰਿ ਲਗ, ਜੌ ਲੌ ਸੂਰਜ ਚੰਦ ॥੧੭੧॥

ਇਤਿ ਸ੍ਰੀ ਮੇਘ ਮਾਲਾ ਮੁਨਿ ਮੇਘ ਰਾਜ ਰਿਖ ਵਿਰਚਿਤੇ ਸਗੁਨ ਨਾਮ ਪੰਚਮੋ ਧਿਆਇ ਸਮਾਪਤੰ ॥੫॥ ਮੇਘ ਮਾਲਾ ਜੋਤਕਿ ਗ੍ਰਿੰਥ ਸਪੂਰਨ ਭਇਆ । (ਪੱਤਰੇ ੮੯-੯੦)

ਇਸ ਤੋਂ ਅੱਗੇ ਪੱਤਰਾ ੯੦ ਤੋਂ ੧੦੪ ਤਕ ਆਰਜਾ ਘਰ ਪਾਵਨ ਕੇ ਜੋਗਨੀ ਵਿਚਾਰ, ਪ੍ਰਸ਼ਨਾਵਲੀ ਤੇ ਹੋੜਾ ਚਕ੍ਰ (ਜੋਤਿਸ਼ ਗ੍ਰੰਥ) ਦਰਜ ਹਨ ।

* ਏਥੇ ਇਹ ਪਾਠ ਠੀਕ ਨਹੀਂ ਹੈ। (ਦੇਖੋ, ਪਿੱਛੇ ਕ੍ਰਮ-ਅੰਕ ੪ ਹੇਠ ਮੇਘ ਮਾਲਾ, ਛੰਦ-ਅੰਕ ੭੧ ਦਾ ਪਾਠ) ਇਸੇ ਕਰ ਕੇ ਇਸ ਤੋਂ ਬਣਨ ਵਾਲਾ ਸੰਮਤ ੧੮੪੯ ਬਿ. ਏਥੇ ਠੀਕ ਨਹੀਂ ਹੈ ।

ਮੰਤ੍ਰ-ਸ਼ਾਸਤ੍ਰ

੧. ਪੋਥੀ ਬੀਰ ਰੁਜੂ ਕਰਨੇ ਕੀ (ਮੰਤ੍ਰ-ਸੰਗ੍ਰਹਿ) (ਨੰ. ×, ਸ਼. ਸਿੰ. ਅ.)

ਲੇਖਕ– ਨਾਮਾਲੂਮ। ਆਕਾਰ–$6\frac{3}{4}'' \times 4\frac{3}{4}''$, ਲਿਖਤ $5\frac{1}{2}'' \times 4''$।

ਵੇਰਵਾ– ਪੱਤਰੇ ੪੧, ਜਿਨ੍ਹਾਂ ਵਿਚੋਂ ੬, ੧੦, ੨੧, ੩੩, ੩੪, ੩੭, ੩੯, ੪੦ ਅੰਕਾਂ ਦੇ ੮ ਪੱਤਰੇ ਗੁਮ ਤੇ ੩੧ ਅੰਕ ਦਾ ਇਕ ਪੱਤਰਾ ਵਾਧੂ; ਪ੍ਰਤੀ ਸਫ਼ਾ ੧੨ ਸਤਰਾਂ; ਕਾਗ਼ਜ਼ ਦੇਸੀ; ਲਿਖਤ ਸਾਫ਼ ਤੇ ਸ਼ੁੱਧ; ਹਾਸ਼ੀਆ ਸਾਦਾ ਬਗ਼ੈਰ ਲਕੀਰਾਂ ਦੇ; ਪੱਤਰੇ ਜਿਲਦ ਟੁੱਟਣ ਕਰ ਕੇ ਕੁਝ ਨੁੱਕਰਾਂ ਤੋਂ ਫਟੇ ਹੋਏ ਤੇ ਸਿਲ੍ਹ ਚੜ੍ਹਨ ਕਰ ਕੇ ਕਈ ਥਾਵੀਂ ਕੁਝ ਸਫ਼ੇ ਮੱਧਮ ਤੇ ਧੱਬੇਦਾਰ; ਸਿਰ ਲੇਖ ਲਾਲ ਸਿਆਹੀ ਨਾਲ ਲਿਖੇ ਹੋਏ; ਪੁਸਤਕ ਸਾਧਾਰਣ ਹਾਲਤ ਵਿਚ ਹੈ ਤੇ ਕੁੱਲ ਮੰਤ੍ਰਾਂ ਦੀ ਗਿਣਤੀ, ਜੋ ਇਸ ਪੁਸਤਕ ਵਿਚ ਦਿੱਤੇ ਹੋਏ ਹਨ, ੭੭ ਹੈ।

ਸਮਾਂ—ਪੁਸਤਕ ਸੌ ਕੁ ਵਰ੍ਹਾ ਪੁਰਾਣੀ ਜਾਪਦੀ ਹੈ। ਲਿਖਾਰੀ–ਨਾਮਾਲੂਮ।

ਆਰੰਭ— ਅਥ ਪੋਥੀ ਬੀਰ ਰੁਜੂ ਕਰਨੇ ਕੀ ਲਿਖਜਤੇ। ਹਨੂੰ। ੧ਓ ਸ੍ਰੀ ਗਣੇਸਾਇ ਨਮ। ਬਾਣੀ ਮਹਾਦੇਵ ਭੋਲੇ ਜੀ ਕੀ, ਮੰਤ੍ਰ ਜੰਤ੍ਰ ਸਿਵ ਕੇ, ਮੰਤ੍ਰ ਰਖਯਾ ਦਾ।
ਓਅੰਕਾਰ ਚੰਡੀ ਤੂੰ ਪ੍ਰਚੰਡੀ। ਆਵਤ ਮੁਸ਼ਟ ਕਰੇ ਨਉ ਖੰਡੀ।
ਆਗਮ ਕੀ ਆਗਮ ਝੇਰ। ਪੱਛਮ ਕੀ ਪੱਛਮ ਝੇਰ।
ਝੇਰ ਝੇਰ ਪਗ ਉਡੀ ਮਾਰ। ਡਾਢੀ ਰਾਖ ਬਰੇਡੀ ਰਾਖ। ਘਰ ਕੇ ਚਾਰੋ ਕੋਨੇ ਰਾਖ।
ਖਾਟ ਖਾਟ ਕੇ ਪਾਏ ਰਾਖ। ਭੂਸਰੇ ਕੂਕਰੇ ਰਾਖ।
ਗੁਰੂ ਰਾਖ ਗੁਰ ਭਾਈ ਰਾਖ। ਚੇਲਾ ਰਾਖ ਤੇ ਚਾਟੀ ਰਾਖ।
ਡਿਸਟ ਕਰੰਤਾ ਡਿਸਟ ਰਾਖ। ਮੁਸਟ ਕਰੰਤਾ ਮੁਸਟ ਰਾਖ।
ਡਿਸਟ ਕਰੇ ਮੁਸਟ ਕਰੇ ਸੋ ਮਰੇ। ਉਲਟ ਬੇਦ ਤਹਾਂ ਕਾ ਤਹਾਂ ਪਰ ਪੜੇ।
ਮੇਰਾ ਵੈਰੀ ਦੁਸਮਨ ਮਾਤਾ ਤੇਰਾ ਭਖ। ਪਸਲੀ ਤੋੜ ਕਲੇਜਾ ਚਖੁ।
ਦੇਖੋ, ਚੰਡੀ ਮਾਤਾ! ਤੇਰੀ ਸਕਤ। ਤੇਰੇ ਮੰਤ੍ਰ ਕੀ ਸਕਤ।
ਕਹਤ ਮੰਤ੍ਰ ਸੁਨਤ ਬਡੀ ਬੇਰ। ਨਉ ਨਾੜੀ ਬਹਤ੍ਰ ਕੋਠੜੀਆ।
ਦਸੋ ਦੁਆਰ ਸਮੇਤ ਧਰਤੀ ਉਲਟ ਡਾਰਿ। ਗੁਰ ਕੀ ਸਕਤ ਹਮਾਰੀ ਭਗਤ।
ਫੁਰਹੋ ਮੰਤ੍ਰ ਈਸਰ ਮਹਾਦੇਵ ਤੇਰੀ ਬਾਚਾ ਸਿਉ ਚਲੇ।
ਮਹੀਨੇ ਕੇ ਮਹੀਨੇ ਕੜਾਹੀ ਕਰੇ ਐਤਵਾਰ ਨੂੰ। ਜਾਪ ਕੜਾਹੀ ਕਰਤੀ ਵੇਰੀ ਕਰੇ ਤਾ ਮੰਤ੍ਰ ਅਮਲ ਮੈ ਆਵੇ। ਜਾ ਕੋਈ ਚੋਟ ਕਰੇ ਤਾ ਇਸ ਮੰਤ੍ਰ ਨੂੰ ਪੜ੍ਹੇ ਤਾਂ ਚੋਟ ਲਗੈ ਨਾਹੀ ॥੧॥ (ਪੱਤਰਾ ੧)

ਅੰਤ— ...ਕਿਸੇ ਨੂੰ ਪੋਲੇ ਮਾਰਨ ਦਾ ਮੰਤ੍ਰ। ਅਲ ਸੰਮਸ ਵਲੀ... ਹਾਜਰ ਸਾਹਬ ਦੇਤ ਰਚਾਗੈ ਬਰ ਕਹਾਰ। ਗੁਰ ਕੀ ਸਕਤ ਹਮਾਰੀ ਭਗਤ। ਫੁਰਹੋ ਮੰਤ੍ਰ ਈਸਰ ਮਹਾਦੇਵ ਤੇਰੀ ਬਾਚਾ ਸਿਉ ਚਲੇ। ਪਚੀ ਹਜਾਰ ਜਾਪ ਕਰੇ। ਦੀਵਾ ਮਿਠੇ ਤੇਲ ਕਾ ਬਾਲੇ, ਮਿਟੀ ਕਾ ਚੋਕਾ ਪਾਵੇ। ਫੁਲ ਹਮੀਰ ਸੰਧੂਰ ਅ... (ਪੱਤਰਾ ੪੧)

ਇਸ ਤੋਂ ਅੱਗੇ ਪੱਤਰੇ ਗੁਮ ਹੋਣ ਕਰ ਕੇ ਇਸ ਪੁਸਤਕ ਦਾ ਬਾਕੀ ਪਾਠ ਨਹੀਂ ਮਿਲਦਾ।

ਪੁਸਤਕ-ਸੂਚੀ

(ਖ)

(ਗ)

(ਨ)

(ਪ)

ਲੇਖਕ-ਸੂਚੀ

(ਭਾਗ ਪਹਿਲਾ ਤੇ ਦੂਜਾ)

(ੳ)

(ਅ)

(ਭ)